# ਨਰਕਕੁੰਡ ਵਿੱਚ ਵਾਸਾ



ਜਗਦੀਸ਼ ਚੰਦਰ

# ਨਰਕਕੁੰਡ ਵਿੱਚ ਵਾਸਾ

## ਜਗਦੀਸ਼ ਚੰਦਰ

ਅਨੁਵਾਦ : **ਜਗਦੀਸ਼ ਬਿਨਿੰਗ**

**ਦਸਤਕ ਪ੍ਰਕਾਸ਼ਨ, ਲੁਧਿਆਣਾ**

ਅਨੁਵਾਦ : **ਜਗਦੀਸ਼ ਬਿਨਿੰਗ**

ਟਾਈਟਲ ਕਵਰ : ਤਜਿੰਦਰ

ਇਹ ਛਾਪ— ਫਰਵਰੀ , 2018

ਪ੍ਰਕਾਸ਼ਕ : **ਦਸਤਕ ਪ੍ਰਕਾਸ਼ਨ, ਲੁਧਿਆਣਾ**

ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807.
ਈਮੇਲ : janchetnapb@gmail.com

ਛਾਪਕ : ਆਰਨਾ ਪ੍ਰਿੰਟਿੰਗ ਪ੍ਰੈੱਸ, ਫੋਕਲ ਪੁਆਂਇੰਟ, ਪਟਿਆਲਾ

**ਕੀਮਤ** : 230 **ਰੁਪਏ**

'ਲੁਕਮਾਨ ਅਲੀ' ਦੇ ਰਚਨਾਕਾਰ ਅਤੇ
ਪਿਆਰੇ ਮਿੱਤਰ ਸੌਮਿਤ੍ਰ ਮੋਹਨ ਨੂੰ

## ਇੱਕ

ਬੱਸ ਅੱਡੇ 'ਤੇ ਇਕਦਮ ਹਲਚੱਲ ਸ਼ੁਰੂ ਹੋ ਗਈ। ਇੱਕੋ ਸਮੇਂ ਬਹੁਤ ਸਾਰੀਆਂ ਅਵਾਜ਼ਾਂ ਆਉਣ ਲੱਗੀਆਂ ਅਤੇ ਆਪਸ ਵਿਚ ਰਲ਼ਗੱਡ ਹੋ ਕੇ ਬੇਪਛਾਣ ਰੌਲੇ ਵਿਚ ਗੁਆਚ ਗਈਆਂ।

ਅੰਬ ਦੇ ਇਕ ਵੱਡੇ ਤੇ ਬੁੱਢੇ ਦਰੱਖਤ ਦੀ ਸੰਘਣੀ ਛਾਂ ਥੱਲੇ ਹਰੇ ਤੇ ਪੀਲ਼ੇ ਪੱਤਿਆਂ ਉਤੇ ਲੰਮੇ ਪਏ ਪਏ ਹੀ ਕਾਲ਼ੀ ਨੇ ਕੂਹਣੀ ਦੇ ਸਹਾਰੇ ਗਰਦਣ ਉੱਪਰ ਚੁੱਕੀ ਅਤੇ ਅੱਡੇ 'ਤੇ ਪੈਂਦੇ ਰੌਲੇ ਨੂੰ ਸੁਣਨ ਤੇ ਸਮਝਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੇ ਕੰਨਾਂ ਵਿਚ ਜਦ ਟਰੰਕ ਅਤੇ ਬਿਸਤਰੇ ਦੇ ਸ਼ਬਦ ਪਏ ਤਾਂ ਉਹ ਚੁਕੰਨਾ ਹੋ ਗਿਆ। ਉਸ ਨੇ ਅੰਦਾਜ਼ਾ ਲਾਇਆ ਕਿ ਬੱਸ ਵਿਚ ਜਾਂ ਤਾਂ ਜਨੇਤ ਆਈ ਹੈ ਜਾਂ ਫਿਰ ਡੇਰੇ ਵਾਲੇ ਸੰਤ ਦੇ ਸ਼ਰਧਾਲੂਆਂ ਦੀ ਟੋਲੀ ਆਈ ਹੈ।

ਅੱਡੇ ਵੱਲ ਨੂੰ ਆਉਂਦਾ ਕਾਲ਼ੀ ਸੋਚਣ ਲੱਗਾ, ਟੋਲੀ ਹੋਈ ਤਾਂ ਬੱਸ ਤੋਂ ਸਮਾਨ ਉਤਾਰ ਕੇ ਉਹ ਵੀ ਚਾਰ ਪੈਸੇ ਕਮਾ ਲਵੇਗਾ ਅਤੇ ਦੋ ਡੰਗ ਦੇ ਗੁਜ਼ਾਰੇ ਤੋਂ ਬੇਫਿਕਰ ਹੋ ਜਾਵੇਗਾ। ਪਰ ਗਿਆਨੋ ਅਤੇ ਪਿੰਡ ਦਾ ਖਿਆਲ ਆਉਂਦਿਆਂ ਹੀ ਉਸ ਦਾ ਹੌਸਲਾ ਢਹਿ ਗਿਆ। ਉਹ ਫਿਰ ਦਰੱਖਤ ਦੇ ਥੱਲੇ ਆ ਬੈਠਾ। ਉਸ ਨੇ ਆਪਣਾ ਮੂੰਹ ਬਾਹਾਂ ਵਿਚ ਲੁਕੋ ਲਿਆ। ਗਿਆਨੋ ਉਹਦੇ ਬਾਰੇ ਕੀ ਸੋਚਦੀ ਹੋਵੇਗੀ ? ਔਖੇ ਵੇਲੇ ਗਿਆਨੋ ਦਾ ਸਾਥ ਨਾ ਦੇਣ ਕਰਕੇ ਉਸ ਨੂੰ ਬਹੁਤ ਸ਼ਰਮ ਮਹਿਸੂਸ ਹੋਣ ਲੱਗੀ।

ਇਹ ਯਾਦ ਆਉਂਦਿਆਂ ਹੀ ਕਾਲ਼ੀ ਦਾ ਦਮ ਘੁੱਟਣ ਲੱਗਾ ਕਿ ਗਿਆਨੋ ਦੇ ਗਰਭ ਦੀ ਖਬਰ ਇਕ ਨਾ ਇਕ ਦਿਨ ਸਾਰੇ ਪਿੰਡ ਵਿਚ ਫੈਲ ਜਾਵੇਗੀ ਅਤੇ ਉਸ ਦੇ ਮੱਥੇ 'ਤੇ ਪਾਪ ਦਾ ਦਾਗ ਸੂਰਜ ਵਾਂਗ ਚਮਕਣ ਲੱਗ ਪਵੇਗਾ।

ਕਾਲ਼ੀ ਬਹੁਤ ਜ਼ਿਆਦਾ ਪਰੇਸ਼ਾਨ ਹੋ ਗਿਆ ਅਤੇ ਉਸ ਨੇ ਢਿੱਡ ਭਾਰ ਲੰਮਾ ਪੈ ਕੇ ਆਪਣਾ ਮੂੰਹ ਗਿੱਲੀ ਮਿੱਟੀ ਅਤੇ ਸੜੇ ਪੱਤਿਆਂ ਵਿਚ ਲੁਕੋ ਲਿਆ। ਉਸ ਨੂੰ ਇਸ ਗੱਲ ਦਾ ਸ਼ਿੱਦਤ ਨਾਲ਼ ਅਹਿਸਾਸ ਹੋਇਆ ਕਿ ਪੂਰੇ ਪਿੰਡ ਵਿਚ ਇੱਕ ਵੀ ਅਜੇਹਾ ਆਦਮੀ ਨਹੀਂ ਹੈ ਜਿਸ ਨੂੰ ਉਹ ਆਪਣਾ ਮਦਦਗਾਰ ਅਤੇ ਸਹੀ ਸਮਝ ਸਕੇ। ਮੁਹੱਲੇ ਦੇ ਦੋਸਤਾਂ ਅਤੇ ਪਿੰਡ ਦੇ ਮਦਦਗਾਰਾਂ ਦੀਆਂ ਸ਼ਕਲਾਂ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮ ਗਈਆਂ ਪਰ ਉਸ ਦੇ ਦਿਲ ਦਿਮਾਗ 'ਤੇ ਹਨੇਰਾ ਛਾਇਆ ਰਿਹਾ।

ਕਾਲ਼ੀ ਦੀ ਸੋਚ ਦਾ ਸਿਲਸਿਲਾ ਡਾਕਟਰ ਬਿਸ਼ਨਦਾਸ 'ਤੇ ਅਟਕ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਪਿੰਡ ਵਿਚ ਇੱਕ ਉਹ ਹੀ ਅਜੇਹਾ ਆਦਮੀ ਹੈ ਜੋ ਉਸ ਦੀ ਸਥਿਤੀ ਨੂੰ ਸਮਝਦਾ ਹੈ ਪਰ ਜੋ ਇਲਾਜ ਉਸ ਨੇ ਦੱਸਿਆ ਸੀ, ਉਹ ਉਸ ਦੇ ਵੱਸੋਂ ਬਾਹਰ ਹੈ। ਗਿਆਨੋ ਨੂੰ ਪਿੰਡ ਤੋਂ ਦੂਰ ਲੈ ਕੇ ਜਾਣ ਬਾਰੇ ਕਾਲ਼ੀ ਜਿੰਨਾ ਜ਼ਿਆਦਾ ਸੋਚਦਾ ਉਨਾ ਹੀ ਜ਼ਿਆਦਾ ਆਪਣੇ ਆਪ ਨੂੰ ਇਸ ਮਾਮਲੇ ਦੇ ਅਸਮਰੱਥ ਸਮਝਦਾ।

ਆਪਣੇ ਹੀ ਖਿਆਲਾਂ 'ਚ ਗੁਆਚਾ ਕਾਲ਼ੀ ਪਹਿਲਾਂ ਤਾਂ ਅੱਕ ਗਿਆ ਅਤੇ ਫਿਰ

ਜ਼ਮੀਨ 'ਤੇ ਲੰਮਾ ਪਿਆ-ਪਿਆ ਉਂਘਲਾਉਣ ਲੱਗਾ। ਸੁੱਤ-ਉਨੀਂਦੇ ਵਿਚ ਹੀ ਉਹ ਪਿੰਡ ਪਹੁੰਚ ਗਿਆ। ਉਹਨੂੰ ਦੇਖ ਕੇ ਪਿੰਡ ਦੇ ਆਦਮੀ, ਔਰਤਾਂ ਅਤੇ ਨਿਆਣਿਆਂ ਦੀਆਂ ਅੱਖਾਂ ਵਿਚ ਖ਼ੂਨ ਉੱਤਰ ਆਇਆ ਅਤੇ ਜੋ ਵੀ ਉਨ੍ਹਾਂ ਦੇ ਹੱਥ ਲੱਗਾ, ਉਹੀ ਚੱਕ ਕੇ ਸਾਰੇ ਉਸ ਦੇ ਪਿਛੇ ਦੌੜੇ ਜਿਵੇਂ ਉਸ ਦਾ ਬੂੰਦ-ਬੂੰਦ ਖ਼ੂਨ ਨਿਚੋੜ ਲੈਣਾ ਚਾਹੁੰਦੇ ਹੋਣ।

ਕਾਲ਼ੀ ਹੜਬੜਾ ਕੇ ਜਾਗਿਆ ਅਤੇ ਡਰਿਆ ਹੋਇਆ ਆਪਣੇ ਹੀ ਮੁੜ੍ਹਕੇ ਨਾਲ਼ ਭਿੱਜ ਗਿਆ। ਅੰਬ ਦੇ ਦਰੱਖਤ ਦੇ ਪੱਤਿਆਂ ਵਿਚੋਂ ਕਿਰ ਕੇ ਆਉਂਦੀਆਂ ਕਿਰਨਾਂ ਵਿਚ ਉਸ ਦੀਆਂ ਅੱਖਾਂ ਚੁੰਧਿਆ ਗਈਆਂ। ਉਸ ਨੇ ਰੌਸ਼ਨੀ ਵਲੋਂ ਮੂੰਹ ਦੂਜੇ ਪਾਸੇ ਫੇਰ ਲਿਆ। ਉਹ ਘਬਰਾ ਗਿਆ ਤੇ ਉਹਨੂੰ ਲੱਗਾ ਜਿੱਦਾਂ ਨ੍ਹੇਰਾ ਉਸ ਨੂੰ ਖਾਣ ਨੂੰ ਪੈਂਦਾ ਹੋਵੇ ਤੇ ਰੌਸ਼ਨੀ ਉਸ ਦੀ ਹੋਂਦ ਨੂੰ ਚੀਰਦੀ ਹੋਵੇ। ਉਸ ਨੂੰ ਅਲਫ਼ ਨੰਗਾ ਅਤੇ ਬੇਪਰਦ ਕਰਦੀ ਹੋਵੇ।

ਸਿਖਰ ਦੁਪਿਹਰੇ ਦੇਖਿਆ ਸੁਫ਼ਨਾ ਕਾਲ਼ੀ ਦੇ ਦਿਮਾਗ ਵਿਚ ਫੋੜੇ ਵਾਂਗ ਬੈਠ ਗਿਆ ਅਤੇ ਪਲ-ਪਲ ਰਿਸਣ ਲੱਗਾ। ਉਸ ਤੋਂ ਛੁਟਕਾਰਾ ਪਾਉਣ ਲਈ ਉਹ ਅੰਬਾਂ ਦੇ ਬਾਗ ਵਿਚੋਂ ਨਿਕਲ ਕੇ ਰੇਲਵੇ ਫਾਟਕ ਦੇ ਨੇੜੇ ਇੱਟਾਂ ਦੇ ਪੁਰਾਣੇ ਵੀਰਾਨ ਭੱਠੇ ਵਿਚ ਆ ਬੈਠਾ। ਭੱਠੇ ਦੀ ਸੁਰਖ਼-ਸੁਰਮਈ ਕੰਧ ਦਾ ਸਹਾਰਾ ਲੈ ਕੇ ਉਹ ਇੱਕ ਵਾਰ ਫਿਰ ਗਿਆਨੋ ਬਾਰੇ ਸੋਚਣ ਲੱਗਾ। ਉਸ ਨੂੰ ਧਰਤੀ, ਅਕਾਸ਼ ਅਤੇ ਪਤਾਲ ਵਿੱਚ ਕਿਤੇ ਵੀ ਅਜੇਹੀ ਜਗ੍ਹਾ ਨਜ਼ਰ ਨਹੀਂ ਸੀ ਆ ਰਹੀ ਜਿਸ ਨੂੰ ਉਹ ਆਪਣੀ ਕਹਿ ਸਕੇ ਅਤੇ ਨਿਸ਼ਚਿੰਤ ਹੋ ਕੇ ਗਿਆਨੋ ਨੂੰ ਅਰਾਮ ਅਤੇ ਚੈਨ ਨਾਲ਼ ਬਿਠਾ ਸਕੇ।

ਬਹੁਤ ਹੀ ਜ਼ਿਆਦਾ ਨਿਰਾਸ਼ ਹੋਇਆ ਉਹ ਭੱਠੇ ਤੋਂ ਵੀ ਬਾਹਰ ਆ ਗਿਆ। ਉਸ ਦੇ ਹੱਥ-ਮੂੰਹ ਅਤੇ ਲੱਤਾਂ ਸੁਰਖ਼-ਸੁਰਮਈ ਮਿੱਟੀ ਨਾਲ਼ ਲਿਬੜੀਆਂ ਹੋਈਆਂ ਸਨ। ਉਹ ਭੱਠੇ ਦੇ ਪਿੱਛੇ ਖੇਤਾਂ ਵਿੱਚ ਹਲ਼ਟ ਵੱਲ ਨੂੰ ਤੁਰ ਪਿਆ। ਹਲ਼ਟ ਖੜ੍ਹਾ ਸੀ। ਨਾਲ਼ ਹੀ ਕੱਚੇ ਕੋਠੇ ਦੇ ਟੁੱਟੇ ਬੂਹੇ ਤੇ ਜਿੰਦਾ ਲਟਕ ਰਿਹਾ ਸੀ। ਪਸ਼ੂਆਂ ਦੀਆਂ ਖੁਰਲੀਆਂ ਵੀ ਖਾਲੀ ਪਈਆਂ ਸਨ। ਉਸ ਨੇ ਅੰਦਾਜ਼ਾ ਲਾਇਆ ਕਿ ਖੇਤ ਦਾ ਮਾਲਕ ਆਪਣੇ ਡੰਗਰ-ਮਾਲ ਨਾਲ਼ ਸ਼ਾਇਦ ਪਿੰਡ ਚਲੇ ਗਿਆ ਹੈ ਅਤੇ ਉਸ ਦੇ ਛੇਤੀ ਮੁੜ ਕੇ ਆਉਣ ਦੀ ਸੰਭਾਵਨਾ ਵੀ ਨਹੀਂ ਲਗਦੀ।

ਕਾਲ਼ੀ ਨੇ ਗਾਧੀ ਨੂੰ ਹਿਲਾ-ਜੁਲਾ ਕੇ ਹਲਟ ਦਾ ਜਾਇਜ਼ਾ ਲਿਆ ਅਤੇ ਫਿਰ ਗਾਧੀ ਦੇ ਸਿਰੇ ਨਾਲ਼ ਚਾਦਰ ਬੰਨ ਕੇ ਉਸ ਨੂੰ ਖਿੱਚਣ ਲੱਗਾ। ਜਦ ਟਿੰਡਾਂ ਵਿਚੋਂ ਪਾਣੀ ਚੁਬੱਚੇ ਵਿਚ ਡਿੱਗ ਕੇ ਆੜ ਵਿਚ ਵਗਣ ਲੱਗਾ ਤਾਂ ਉਸ ਨੇ ਦੌੜ ਕੇ ਹੱਥ-ਮੂੰਹ ਧੋ ਲਏ। ਵਾਰ-ਵਾਰ ਏਦਾਂ ਕਰ ਕੇ ਉਹਨੇ ਭੱਠੇ ਦੀ ਸੁਰਖ਼ ਮਿੱਟੀ ਆਪਣੇ ਸਰੀਰ ਤੋਂ ਪੂਰੀ ਤਰ੍ਹਾਂ ਧੋ ਲਈ ਅਤੇ ਰੱਜ ਕੇ ਪਾਣੀ ਪੀਤਾ।

ਉਸ ਦਾ ਮਨ ਹੁਣ ਕਿਸੇ ਹੱਦ ਤੱਕ ਸ਼ਾਂਤ ਹੋ ਗਿਆ ਸੀ। ਨਿਰਾਸ਼ਾ ਅਤੇ ਪਰੇਸ਼ਾਨੀ ਵੀ ਕੁਛ ਘੱਟ ਗਈ ਸੀ। ਉਹ ਹਲਟ ਦੇ ਨੇੜੇ ਹੀ ਸ਼ਹਿਤੂਤ ਦੇ ਦਰੱਖਤ ਥੱਲੇ ਖੇਤ ਦੀ ਵੱਟ 'ਤੇ ਬੈਠ ਗਿਆ। ਕਾਲ਼ੀ ਨੂੰ ਇਕ ਵਾਰ ਫਿਰ ਊਂਘ ਆ ਗਈ ਅਤੇ ਉਸ ਨੇ ਸੁਫ਼ਨੇ ਵਿਚ ਦੇਖਿਆ ਕਿ ਉਹ ਬੱਚੇ ਨੂੰ ਗੋਦ ਵਿਚ ਲਈ ਘਰ ਦੇ ਖੁੱਲੇ ਵਿਹੜੇ ਵਿਚ ਬੈਠਾ ਹੈ। ਰਸੋਈ ਵਿਚ ਬੈਠੀ ਗਿਆਨੋ ਬੱਚੇ ਅਤੇ ਕਾਲ਼ੀ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ਼ ਦੇਖ ਕੇ ਮੁਸਕਰਾ ਰਹੀ ਹੈ।

ਉਹ ਆਪਣੇ ਥਾਂ ਤੋਂ ਉਠ ਕੇ ਕਾਲ਼ੀ ਦੇ ਕੋਲ ਆ ਜਾਂਦੀ ਹੈ ਅਤੇ ਬੱਚੇ ਦਾ ਚੇਹਰਾ ਉਸ ਦੇ ਚੇਹਰੇ ਦੇ ਬਰਾਬਰ ਕਰਦੀ ਹੈ ਹੂ-ਬਹੂ ਤੇਰੇ ਹੀ ਨੈਣ-ਨਕਸ਼ ਹਨ। ... ਉਹੋ ਜਿਹਾ ਫਿੰਨਾ ਨੱਕ ਅਤੇ ਮੋਟੇ-ਮੋਟੇ ਬੁੱਲ। ਗਿਆਨੋ ਜ਼ੋਰ ਨਾਲ਼ ਹੱਸਦੀ ਹੈ।

"ਤੇਰਾ ਵੀ ਤਾਂ ਬਰਾਬਰ ਦਾ ਹਿੱਸਾ ਹੈ ... ਅੱਖਾਂ ਅਤੇ ਮੱਥਾ ਬਿਲਕੁਲ ਤੇਰਾ ਹੈ। ... ਦੋਵਾਂ ਦਾ ਬਹੁਤ ਵਧੀਆ ਮੇਲ਼ ਹੈ।" ਕਾਲ਼ੀ ਵੀ ਹੱਸਦਾ ਹੈ।

ਆਪਣੇ ਹੀ ਹਾਸੇ ਤੋਂ ਡਰ ਕੇ ਕਾਲ਼ੀ ਬੌਂਖਲਾ ਕੇ ਜਾਗ ਜਾਂਦਾ ਹੈ। ਨੇੜੇ ਹੀ ਬੰਨ੍ਹੇ 'ਤੇ ਕੀੜੀਆਂ ਦੀ ਕਤਾਰ ਨੂੰ ਮੂੰਹ ਵਿਚ ਅਨਾਜ ਦੇ ਬਰੀਕ ਟੁਕੜੇ ਲੈ ਕੇ ਛੋਟੀ ਜਿਹੀ ਮੋਰੀ ਵਿਚ ਵੜਦੀਆਂ ਨੂੰ ਦੇਖਣ ਲੱਗਦਾ ਹੈ। ਸ਼ਹਿਤੂਤ ਦੀਆਂ ਟਾਹਣੀਆਂ ਵਿਚ ਇਕ ਚਿੜੇ ਅਤੇ ਚਿੜੀ ਨੂੰ ਕਲੋਲ ਕਰਦੇ ਅਤੇ ਆਪਣੇ ਬੱਚਿਆਂ ਨੂੰ ਦਾਣੇ ਖਿਲਾਉਂਦੇ ਦੇਖ ਕੇ ਉਹ ਵਿਆਕੁਲ ਹੋ ਜਾਂਦਾ ਹੈ। ਉਹ ਸੁੰਨ ਹੋ ਜਾਂਦਾ ਹੈ ਕਿ ਉਸ ਤੋਂ ਤਾਂ ਜੀਵ-ਜੰਤੂ ਹੀ ਚੰਗੇ ਹਨ ਜਿਨ੍ਹਾਂ ਦਾ ਆਪਣਾ ਘਰ ਹੈ, ਪਰਿਵਾਰ ਹੈ ਅਤੇ ਚੈਨ ਹੈ।

ਇਸ ਸੋਚ ਵਿਚ ਡੁੱਬਿਆ ਕਾਲ਼ੀ ਇੱਕ ਵਾਰ ਫਿਰ ਭੱਠੇ ਵੱਲ ਨੂੰ ਤੁਰ ਪਿਆ। ਮੁੜ-ਮੁੜ ਕੇ ਉਸ ਦੇ ਮਨ ਵਿਚ ਖਿਆਲ ਆ ਰਿਹਾ ਸੀ ਕਿ ਉਸ ਨੂੰ ਮੌਤ ਕਿਉਂ ਨਹੀਂ ਆ ਜਾਂਦੀ। ਉਸ ਨੇ ਕਈ ਰਾਤਾਂ ਅਜੇਹੇ ਥਾਈਂ ਗੁਜ਼ਾਰੀਆਂ ਸਨ ਜਿਥੇ ਬਿੱਛੂ-ਸੱਪ ਵੀ ਹੋ ਸਕਦੇ ਸਨ ਪਰ ਉਸ ਨੂੰ ਕੁਛ ਨਹੀਂ ਹੋਇਆ ਸੀ। ਉਸ ਨੂੰ ਕੀੜੀ ਤੱਕ ਵੀ ਨਹੀਂ ਲੜੀ ਸੀ।

ਗਿਆਨੋ ਦੀ ਹਾਲਤ, ਆਪਣੀ ਬੇਬਸੀ, ਪਿੰਡ ਵਾਲਿਆਂ ਦੀ ਬੇਰੁਖੀ ਅਤੇ ਵਿਰੋਧ ਨੇ ਉਹਦੇ ਅੰਦਰ ਜੀਣ ਦੀ ਇੱਛਾ ਨੂੰ ਬਿਲਕੁਲ ਖਤਮ ਕਰ ਦਿੱਤਾ। ਕਾਲ਼ੀ ਨੇ ਸੋਚਿਆ ਕਿ ਉਸ ਦੀ ਖੁਸ਼ੀ ਵਿਚ ਹੱਸਣ ਵਾਲਾ ਕੋਈ ਨਹੀਂ ਹੈ ਅਤੇ ਗਮੀਂ ਵਿਚ ਕਿਸੇ ਦੇ ਰੋਣ ਦੀ ਵੀ ਕੋਈ ਉਮੀਦ ਨਹੀਂ। ਉਸ ਦਾ ਜੀਣਾ-ਮਰਨਾ ਜੇ ਸਿਰਫ਼ ਉਹਦੇ ਲਈ ਹੀ ਰਹਿ ਗਿਆ ਹੈ ਤਾਂ ਉਹ ਕਿਉਂ ਨਾ ਗੱਡੀ ਥੱਲੇ ਆ ਕੇ ਆਪਣੀ ਜਾਨ ਦੇ ਦੇਵੇ ਅਤੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਲਵੇ।

ਉਸ ਨੇ ਫੈਸਲਾ ਕਰ ਲਿਆ ਕਿ ਉਹ ਮੁਕੇਰੀਆਂ ਤੋਂ ਜਲੰਧਰ ਜਾਣ ਵਾਲ਼ੀ ਆਖਰੀ ਗੱਡੀ ਥੱਲੇ ਸਿਰ ਦੇ ਦੇਵੇਗਾ। ਇਸ ਦੇ ਨਾਲ਼ ਹੀ ਇਸ ਜਹਾਨ ਤੋਂ ਉਸ ਦੀ ਕਹਾਣੀ ਖਤਮ ਹੋ ਜਾਵੇਗੀ ਅਤੇ ਅਗਲੀ ਦੁਨੀਆਂ ਵਿਚ ਉਹ ਨਵੇਂ ਸਿਰੇ ਤੋਂ ਆਪਣਾ ਜੀਵਨ ਸ਼ੁਰੂ ਕਰ ਸਕੇਗਾ।

ਕਾਲ਼ੀ ਸੋਚਣ ਲੱਗਾ ਕਿ ਉਸ ਦੀ ਮੌਤ ਦੀ ਖਬਰ ਕਿਸੇ ਨਾ ਕਿਸੇ ਤਰ੍ਹਾਂ ਪਿੰਡ ਵਿਚ ਵੀ ਪਹੁੰਚ ਜਾਵੇਗੀ। ਸ਼ਾਇਦ ਨਾ ਵੀ ਪਹੁੰਚੇ। ਇਹ ਖਿਆਲ ਆਉਂਦਿਆਂ ਹੀ ਕਾਲ਼ੀ ਉਦਾਸ ਹੋ ਗਿਆ। ਉਹ ਆਪਣੀ ਮੌਤ ਬਾਰੇ ਪਿੰਡ ਵਾਲ਼ਿਆਂ ਦੀ ਪ੍ਰਤੀਕਿਰਿਆ ਬਾਰੇ ਕਲਪਨਾ ਕਰਨ ਲੱਗਾ। ਲੋਕ ਤਾਂ ਖੁਸ਼ ਹੋਣਗੇ ਪਰ ਗਿਆਨੋ ਉਹਦੇ ਬਾਰੇ ਕੀ ਸੋਚੇਗੀ। ਉਹਨੂੰ ਤਾਂ ਕੇਵਲ ਇਕ ਮੇਰਾ ਹੀ ਸਹਾਰਾ ਹੈ। ਇਹ ਸੋਚਦਿਆਂ ਹੀ ਕਾਲ਼ੀ ਨੂੰ ਬਹੁਤ ਜ਼ਿਆਦਾ ਸ਼ਰਮ ਮਹਿਸੂਸ ਹੋਈ। ਉਹ ਗਿਆਨੋ ਲਈ ਕਿਸ ਤਰ੍ਹਾਂ ਦਾ ਸਹਾਰਾ ਹੈ ਕਿ ਵਾਅਦਾ ਕਰਕੇ ਵੀ ਉਸ ਨੂੰ ਮਿਲਣ ਨਹੀਂ ਗਿਆ। ਉਹ ਅੱਧੀ ਰਾਤ ਤੋਂ ਲੈ ਕੇ ਤੜਕੇ ਤੱਕ ਕੰਡਿਆਲੀਆਂ ਝਾੜੀਆਂ

ਵਿਚ ਬੈਠੀ ਇਸ ਉਮੀਦ ’ਤੇ ਉਸ ਦੀ ਉਡੀਕ ਕਰਦੀ ਰਹੀ ਹੋਵੇਗੀ ਕਿ ਉਹ ਉਸ ਦੇ ਸਾਰੇ ਦੁੱਖ-ਦਰਦ ਦੂਰ ਕਰ ਦੇਵੇਗਾ ਅਤੇ ਉਸ ਨੂੰ ਉੱਡਣਖਟੋਲੇ ਵਿਚ ਬਿਠਾ ਕੇ ਦੁਸ਼ਮਣਾਂ ਦੀਆਂ ਨਜ਼ਰਾਂ ਤੋਂ ਬਹੁਤ ਦੂਰ ਸਤਵੇਂ ਅਕਾਸ਼ ਵਿਚ ਲੈ ਜਾਵੇਗਾ। ਕਾਲ਼ੀ ਤੜਫ਼ ਉਠਿਆ ਕਿ ਉਹ ਬਹੁਤ ਵੱਡਾ ਕਾਇਰ ਅਤੇ ਵਿਸ਼ਵਾਸਘਾਤੀ ਹੈ ਅਤੇ ਇਹੋ ਜਿਹੀ ਬਿਪਤਾ ਵਿੱਚ ਗਿਆਨੋ ਨੂੰ ਬਿਲਕੁਲ ਇਕੱਲੀ ਛੱਡ ਆਇਆ ਹੈ।

ਜਦ ਰੇਲਗੱਡੀ ਨੇ ਬਾਹਰਲੇ ਸਿਗਨਲ ਦੇ ਨੇੜੇ ਪਹੁੰਚ ਕੇ ਜ਼ੋਰਦਾਰ ਸੀਟੀ ਮਾਰੀ ਤਾਂ ਕਾਲ਼ੀ ਖੇਤ ਦੀ ਵੱਟ ਤੋਂ ਉੱਠ ਕੇ ਫ਼ਸਲ ਨੂੰ ਪੈਰਾਂ ਥੱਲੇ ਮਿੱਧਦਾ ਹੋਇਆ ਰੇਲ ਦੀ ਪੱਟੜੀ ਵੱਲ ਨੂੰ ਦੌੜਨ ਲੱਗਾ। ਉਹ ਵਾਰ ਵਾਰ ਪਿੱਛੇ ਮੁੜ ਕੇ ਦੇਖਦਾ। ਗੱਡੀ ਨੂੰ ਬਹੁਤ ਨੇੜੇ ਦੇਖ ਕੇ ਉਹ ਪੱਟੜੀ ਦੇ ਵਿਚਕਾਰ ਹੋ ਕੇ ਤੁਰਨ ਲੱਗਾ। ਉਸ ਦੇ ਦਿਲ-ਦਿਮਾਗ ’ਤੇ ਹਨੇਰਾ ਛਾ ਗਿਆ ਸੀ ਅਤੇ ਨਾ ਹੀ ਮਨ ਵਿਚ ਕੋਈ ਇੱਛਾ ਸੀ।

ਸਟੇਸ਼ਨ ਦੇ ਪੂਰਬ ਵੱਲ ਫ਼ਾਟਕ ਪਾਰ ਕਰਨ ਬਾਅਦ, ਰੇਲ-ਪੱਟੜੀ ਵਿਚੋਂ ਇੱਕ ਹੋਰ ਪੱਟੜੀ ਨਿਕਲਦੀ ਸੀ। ਕਾਲ਼ੀ ਛਾਲ ਮਾਰ ਕੇ ਦੂਸਰੀ ਪੱਟੜੀ ਵਿਚ ਆ ਗਿਆ ਕਿਉਂਕਿ ਸ਼ਾਮ ਦੀ ਗੱਡੀ ਅਕਸਰ ਇਸ ਪੱਟੜੀ ਤੋਂ ਆਇਆ ਕਰਦੀ ਸੀ।

ਗੱਡੀ ਦਾ ਕਾਲ਼ਾ ਕਲੂਟਾ ਇੰਜਣ, ਜ਼ੋਰ-ਜ਼ੋਰ ਨਾਲ਼ ਸੀਟੀਆਂ ਮਾਰਦਾ, ਚਿਮਨੀ ਵਿਚੋਂ ਕਾਲ਼ਾ ਧੂੰਆਂ ਅਤੇ ਥੱਲਿਉਂ ਚਿੱਟੀ ਭਾਫ਼ ਛੱਡਦਾ ਹੋਇਆ ਗੱਡੀ ਦੇ ਤਿੰਨ ਡੱਬਿਆਂ ਨੂੰ ਆਪਣੇ ਪਿੱਛੇ ਖਿੱਚੀ ਆਉਂਦਾ, ਦਨਦਨਾਉਂਦਾ ਕਾਲ਼ੀ ਦੇ ਉੱਪਰ ਨੂੰ ਚੜ੍ਹਿਆ ਆ ਰਿਹਾ ਸੀ। ਉਸ ਨੇ ਅੱਖਾਂ ਬੰਦ ਕਰ ਲਈਆਂ। ਗੱਡੀ ਚੀਕਦੀ-ਚਿਲਾਉਂਦੀ ਅਤੇ ਉਸ ਦੇ ਸਰੀਰ ਨੂੰ ਭਾਫ ਨਾਲ਼ ਭਿਉਂਦੀ ਹੋਈ ਸਟੇਸ਼ਨ ਵੱਲ ਨੂੰ ਚਲੇ ਗਈ।

ਕਾਲ਼ੀ ਨੇ ਅੱਖਾਂ ਖੋਲੀਆਂ ਤਾਂ ਗੱਡੀ ਪਲੇਟਫਾਰਮ ਤੇ ਹੌਲ਼ੀ-ਹੌਲ਼ੀ ਖੜ੍ਹ ਗਈ ਸੀ ਅਤੇ ਛੁੱਕ-ਛੁੱਕ ਦੀ ਥਾਂ ਛਾਂ-ਛਾਂ ਦੀ ਅਵਾਜ਼ ਆਉਣ ਲੱਗ ਪਈ ਸੀ। ਰੇਲ ਪੱਟੜੀ ਦੇ ਵਿਚਾਲੇ ਖੜ੍ਹਾ ਉਹ ਗੱਡੀ ਵੱਲ ਬੇਯਕੀਨੀ ਨਾਲ਼ ਦੇਖਣ ਲੱਗਾ। ਉਸ ਨੂੰ ਮਹਿਸੂਸ ਹੋਇਆ ਕਿ ਗੱਡੀ ਨੇ ਵੀ ਉਸ ਨਾਲ਼ ਵਿਸ਼ਵਾਸਘਾਤ ਕੀਤਾ ਹੈ।

ਇੰਜਣ ਪਾਣੀ ਭਰ ਕੇ ਇਕ ਵਾਰ ਫਿਰ ਗੱਡੀ ਨਾਲ਼ ਆ ਜੁੜਿਆ ਸੀ। ਚਿਮਨੀ ਵਿਚੋਂ ਧੂੰਏਂ ਦੇ ਕਾਲ਼ੇ ਬੱਦਲ ਵਲ਼ ਖਾਂਦੇ ਹੋਏ ਅਸਮਾਨ ਵੱਲ ਨੂੰ ਉਠ ਰਹੇ ਸਨ। ਭਾਫ਼ ਦੀ ਛਾਂ-ਛਾਂ ਵੀ ਵੱਧ ਗਈ ਸੀ।

ਇੰਜਣ ਨੇ ਜ਼ੋਰ ਦੀ ਸੀਟੀ ਵਜਾਈ ਤੇ ਨਾਲ਼ ਹੀ ਭਕ-ਭਕ ਕਰਦਾ ਹੋਇਆ ਧਕਾਧੱਕ ਧੂੰਆਂ ਛੱਡਣ ਲੱਗਾ। ਭਾਫ਼ ਦੀ ਜ਼ੋਰਦਾਰ ਛੂੰ-ਛੜੱਪ ਦੀ ਅਵਾਜ਼ ਦੇ ਨਾਲ਼ ਹੀ ਗੱਡੀ ਹਿਚਕੋਲੇ ਖਾਂਦੀ ਹੋਈ ਤੁਰ ਪਈ ਤਾਂ ਕਾਲ਼ੀ ਦਾ ਦਿਲ-ਦਿਮਾਗ ਵੀ ਰੌਸ਼ਨ ਹੋ ਉਠਿਆ। ਉਸ ਦੇ ਮਨ ਵਿਚ ਜੀਣ ਦੀ ਇੱਛਾ ਇੰਜਣ ਦੀ ਸੀਟੀ ਦੀ ਅਵਾਜ਼ ਵਾਂਗ ਉੱਭਰੀ ਅਤੇ ਉਹ ਰਫ਼ਤਾਰ ਫ਼ੜ ਰਹੀ ਗੱਡੀ ਦੇ ਪਿੱਛੇ ਦੌੜਨ ਲੱਗਿਆ।

ਆਖਰੀ ਡੱਬਾ ਪਾਣੀ ਦੇ ਵੱਡੇ ਪੰਪ ਦੇ ਪਿੱਛੇ ਹੀ ਸੀ ਕਿ ਕਾਲ਼ੀ ਨੇ ਉਸ ਦੇ ਪਿਛਲੇ ਦਰਵਾਜ਼ੇ ਦੇ ਡੰਡੇ ਨੂੰ ਫ਼ੜ ਲਿਆ ਅਤੇ ਡੱਬੇ ਦੇ ਨਾਲ਼-ਨਾਲ਼ ਦੌੜਣ ਲੱਗਾ। ਛਾਲ ਮਾਰ ਕੇ

ਪਾਏਦਾਨ ਤੇ ਪੈਰ ਰੱਖਣ ਦੀ ਕੋਸ਼ਿਸ਼ ਕਰਦਿਆਂ ਉਹ ਇੱਕ-ਦੋ ਵਾਰ ਲੜਖੜਾ ਗਿਆ ਅਤੇ ਪੱਟੜੀ ਦੇ ਨਾਲ਼ ਪਏ ਪੱਥਰਾਂ ਨਾਲ਼ ਘਿਸਰਨ ਤੋਂ ਵਾਲ਼-ਵਾਲ਼ ਬਚਿਆ। ਅੰਤ ਵਿਚ ਉਸ ਨੇ ਪੈਰ ਪਾਏਦਾਨ ਤੇ ਰੱਖ ਹੀ ਲਿਆ ਅਤੇ ਡੰਡੇ ਨੂੰ ਦੋਨਾਂ ਹੱਥਾਂ ਨਾਲ਼ ਘੁੱਟ ਕੇ ਫੜ ਲਿਆ। ਖਿੜਕੀ ਤੋਂ ਬਾਹਰ ਝਾਕ ਰਹੇ ਇੱਕ ਆਦਮੀ ਦੇ ਰੌਲ਼ਾ ਪਾਉਣ ਕਰਕੇ ਦੋ ਨੌਜਵਾਨਾਂ ਨੇ ਕਾਲ਼ੀ ਨੂੰ ਉੱਪਰ ਖਿੱਚ ਲਿਆ।

"ਭਾਈ, ਜੇ ਲੜ-ਝਗੜ ਕੇ ਘਰੋਂ ਆਇਆਂ, ਅਤੇ ਮਰਨਾ ਆਂ ਤਾਂ ਸਿੱਧੀ ਤਰ੍ਹਾਂ ਮਰ। ਹੋਰਨਾਂ ਲਈ ਕਿਉਂ ਮੁਸੀਬਤ ਖੜ੍ਹੀ ਕਰਨੀ ਚਾਹੁੰਨਾ ਏਂ।" ਇਕ ਬਜ਼ੁਰਗ ਨੇ ਕਾਲ਼ੀ ਨੂੰ ਤਾੜਨਾ ਕੀਤੀ।

"ਬਿਨ੍ਹਾਂ ਟਿਕਟ ਸਫ਼ਰ ਕਰ ਰਿਹਾ ਹੋਣਾ।" ਦੂਜੇ ਆਦਮੀ ਨੇ ਬੇਯਕੀਨੀ ਨਾਲ਼ ਕਾਲ਼ੀ ਵੱਲ ਦੇਖਿਆ, "ਤਾਂ ਹੀ ਤਾਂ ਦੌੜ ਕੇ ਗੱਡੀ ਫੜੀ ਹੈ।"

"ਚਲੋ ਛੱਡੋ ਇਹਨੂੰ। ਪਹਿਲਾਂ ਹੀ ਬਹੁਤ ਪਰੇਸ਼ਾਨ ਲੱਗ ਰਿਹਾ ਹੈ," ਤੀਜੇ ਮੁਸਾਫਰ ਨੇ ਗੱਲ ਮੁਕਾਈ।

ਡੱਬੇ ਦੇ ਸਾਰੇ ਮੁਸਾਫਰ ਇਕ ਵਾਰ ਫਿਰ ਆਪਣੇ ਆਪ ਵਿਚ ਸੁੰਗੜ ਗਏ। ਕਾਲ਼ੀ ਦਰਵਾਜ਼ੇ ਦੇ ਪਿਛੇ ਜਿਹੇ ਹੋ ਕੇ ਫਰਸ਼ ਤੇ ਹੀ ਬੈਠ ਗਿਆ। ਉਸ ਨੂੰ ਬੁਰੀ ਤਰ੍ਹਾਂ ਸਾਹ ਚੜ੍ਹਿਆ ਹੋਇਆ ਸੀ ਅਤੇ ਉਹ ਆਪਣੇ ਹੋਸ਼-ਹਵਾਸ 'ਤੇ ਵੀ ਪੂਰੀ ਤਰ੍ਹਾਂ ਕਾਬੂ ਨਹੀਂ ਸੀ ਪਾ ਰਿਹਾ।

ਫਾਟਕ ਪਾਰ ਕਰਨ ਬਾਅਦ ਇੰਜਣ ਅਗਲੇ ਸਟੇਸ਼ਨ ਨੂੰ ਗੱਡੀ ਦੇ ਆਉਣ ਬਾਰੇ ਸੂਚਿਤ ਕਰਨ ਲਈ ਜ਼ੋਰ-ਜ਼ੋਰ ਨਾਲ਼ ਸੀਟੀਆਂ ਮਾਰਨ ਲੱਗਾ ਤਾਂ ਕਾਲ਼ੀ ਨੂੰ ਇਕਦਮ ਖਿਆਲ ਆਇਆ ਕਿ ਚੋਲਾਂਗ ਸਟੇਸ਼ਨ ਆਉਣ ਹੀ ਵਾਲ਼ਾ ਹੈ। ਉਸ ਨੂੰ ਇੱਕ ਵਾਰ ਫਿਰ ਡਰ ਨੇ ਘੇਰ ਲਿਆ ਕਿਉਂਕਿ ਉਸ ਦੇ ਪਿੰਡ ਦੇ ਲੋਕ ਗੱਡੀ ਰਾਹੀਂ ਸਫ਼ਰ ਕਰਨ ਲਈ ਅਕਸਰ ਇਸ ਹੀ ਸਟੇਸ਼ਨ 'ਤੇ ਆਉਂਦੇ ਹਨ।

ਕਾਲ਼ੀ ਫੁਰਤੀ ਨਾਲ਼ ਉਪਰਲੀ ਸੀਟ 'ਤੇ ਜਾ ਬੈਠਾ। ਫਿਰ ਉਹ ਲੰਮਾ ਲੈ ਗਿਆ ਅਤੇ ਸਿਰ-ਮੂੰਹ ਚਾਦਰ ਨਾਲ਼ ਲਪੇਟ ਲਿਆ। ਪਰ ਪਲੇਟਫਾਰਮ ਦੀ ਚਹਿਲ-ਪਹਿਲ 'ਤੇ ਨਜ਼ਰ ਰੱਖਣ ਲਈ ਉਸ ਨੇ ਚਾਦਰ ਵਿਚ ਛੋਟਾ ਜਿਹਾ ਝਰੋਖਾ ਬਣਾ ਲਿਆ ਸੀ।

ਚੋਲਾਂਗ ਦਾ ਸਟੇਸ਼ਨ ਨੇੜੇ ਆਉਣ ਤੇ ਗੱਡੀ ਦੀ ਰਫ਼ਤਾਰ ਘੱਟ ਗਈ ਅਤੇ ਇੰਜਣ ਨੇ ਜ਼ੋਰਦਾਰ ਲੰਮੀ ਸੀਟੀ ਮਾਰੀ। ਫਿਰ ਕਰਚ ... ਕਰਚ ... ਕਰੀਹ ... ਕਰੀਹ ਦੀਆਂ ਅਵਾਜ਼ਾਂ ਕਰਦੀ ਹੋਈ ਗੱਡੀ ਖੜ੍ਹ ਗਈ।

ਕਾਲ਼ੀ ਚਾਦਰ ਦੇ ਝਰੋਖੇ ਵਿਚੋਂ ਸਵਾਰੀਆਂ ਦੇ ਰੌਲੇ ਤੇ ਭੱਗਦੜ ਨੂੰ ਦੇਖਦਾ ਰਿਹਾ। ਉਸ ਦੀ ਨਿਗਾਹ ਸਟੇਸ਼ਨ ਦੇ ਪਾਰ ਕੱਚੀ ਸੜਕ ਦੇ ਕਿਨਾਰੇ ਝੌਂਪੜੀ ਵਰਗੀਆਂ ਦੁਕਾਨਾਂ ਵੱਲ ਚਲੇ ਗਈ। ਉਨਾਂ ਤੋਂ ਪਰ੍ਹੇ ਦਰੱਖਤਾਂ ਵਿਚ ਘਿਰਿਆ ਇੱਕ ਪਿੰਡ ਸੀ। ਉਸ ਤੋਂ ਇੱਕ ਕੋਹ ਦੇ ਫਾਸਲੇ ਤੇ ਦੂਸਰਾ ਅਤੇ ਲੱਗਭੱਗ ਇੱਕ ਕੋਹ ਹੋਰ ਅੱਗੇ ਪੂਰਬ ਵੱਲ ਉਸ ਦਾ ਪਿੰਡ ਸੀ।

ਕਾਲ਼ੀ ਨੂੰ ਯਾਦ ਆਇਆ ਕਿ ਤਕਰੀਬਨ ਦੋ ਸਾਲ ਪਹਿਲਾਂ ਉਹ ਜਲੰਧਰ ਤੋਂ ਮੁਕੇਰੀਆਂ ਜਾਣ ਵਾਲੀ ਪਹਿਲੀ ਗੱਡੀ ਰਾਹੀਂ ਇਸ ਹੀ ਸਟੇਸ਼ਨ 'ਤੇ ਉਤਰਿਆ ਸੀ। ਉਸ

ਵੇਲੇ ਉਹਦੇ ਮਨ ਵਿਚ ਪਿੰਡ ਲਈ ਕਿੰਨੀ ਚਾਹ ਸੀ, ਬੜੇ-ਬੜੇ ਅਰਮਾਨ ਸਨ, ਬਹੁਤ ਉਤਸ਼ਾਹ ਅਤੇ ਲਾਲਸਾ ਸੀ। ਪਰ ਅੱਜ ਉਹ ਦਿਨ ਦੀ ਆਖਰੀ ਗੱਡੀ ਰਾਹੀਂ ਇਸ ਹੀ ਸਟੇਸ਼ਨ ਤੋਂ ਚੋਰਾਂ ਵਾਂਗ ਜਾ ਰਿਹਾ ਹੈ ਜਿਵੇਂ ਸਾਰਾ ਇਲਾਕਾ ਉਹਦਾ ਦੁਸ਼ਮਣ ਬਣ ਗਿਆ ਹੋਵੇ ਅਤੇ ਹਰ ਆਦਮੀ ਸਰਗਰਮੀ ਨਾਲ਼ ਉਸ ਦੀ ਹੀ ਤਲਾਸ਼ ਕਰ ਰਿਹਾ ਹੋਵੇ।

ਸਟੇਸ਼ਨ ਵੱਲ ਨੂੰ ਪੂਰਬ ਤੋਂ ਆਉਣ ਵਾਲੀ ਪੱਗਡੰਡੀ ਉਤੇ ਕੁੱਝ ਲੋਕਾਂ ਨੂੰ ਗੱਡੀ ਵੱਲ ਦੌੜੇ ਆਉਂਦੇ ਦੇਖ ਕੇ ਕਾਲ਼ੀ ਘਬਰਾ ਗਿਆ। ਉਸ ਨੇ ਮੂੰਹ ਦੂਸਰੇ ਪਾਸੇ ਮੋੜ ਲਿਆ ਅਤੇ ਚਾਦਰ ਸਿਰ ’ਤੇ ਤਾਣ ਲਈ।

ਇੱਕ ਲੰਮੀ ਅਤੇ ਇੱਕ ਛੋਟੀ ਸੀਟੀ ਦੇ ਬਾਅਦ ਗੱਡੀ ਚੱਲ ਪਈ। ਸਟੇਸ਼ਨ ਦੀ ਇਮਾਰਤ, ਲੈਂਪਪੋਸਟ ਅਤੇ ਬੈਂਚ ਹੌਲ਼ੀ-ਹੌਲ਼ੀ ਉਸ ਦੀਆਂ ਅੱਖਾਂ ਦੇ ਅੱਗਿਉਂ ਖਿਸਕਦੇ ਹੋਏ ਪਿੱਛੇ ਰਹਿ ਗਏ। ਜਦ ਗੱਡੀ ਇੱਕ ਵਾਰ ਫਿਰ ਖੁੱਲੇ ਖੇਤਾਂ ਕੋਲੋਂ ਦੌੜਣ ਲੱਗੀ ਤਾਂ ਕਾਲ਼ੀ ਨੇ ਸੁੱਖ ਦਾ ਸਾਹ ਲਿਆ ਅਤੇ ਚਾਦਰ ਵਿਚੋਂ ਅੱਖਾਂ ਦੇ ਮੋਹਰੇ ਝਰੋਖਾ ਬਣਾ ਕੇ ਉਹ ਥੱਲੇ ਵਾਲੀਆਂ ਸੀਟਾਂ ਤੇ ਬੈਠੀਆਂ ਸਵਾਰੀਆਂ ਦੀਆਂ ਗੱਲਾਂ ਸੁਣਨ ਲੱਗਾ।

ਡੁੱਬਦੇ ਸੂਰਜ ਦੀਆਂ ਕਿਰਨਾਂ ਦੀ ਠੰਡਕ ਅਤੇ ਲੰਮੀਆਂ ਪਰਛਾਈਆਂ ਵਿਚ ਕੰਬਦੇ ਖੇਤ ਪਿੱਛੇ ਨੂੰ ਦੌੜੇ ਜਾ ਰਹੇ ਸਨ। ਕਾਲ਼ੀ ਨੂੰ ਮਹਿਸੂਸ ਹੋਣ ਲੱਗਾ ਕਿ ਉਸ ਦੀ ਬੀਤੀ ਜ਼ਿੰਦਗੀ ਅਤੇ ਸੁੱਖ-ਦੁੱਖ ਵੀ ਪਿੱਛੇ ਰਹਿ ਗਏ ਹਨ ਅਤੇ ਉਹ ਬਹੁਤ ਤੇਜ਼ੀ ਨਾਲ਼ ਉਹਨਾਂ ਤੋਂ ਦੂਰ ਜਾ ਰਿਹਾ ਹੈ। ਇਹ ਸੋਚ ਕੇ ਉਸ ਨੂੰ ਚੈਨ ਜਿਹਾ ਮਹਿਸੂਸ ਹੋਇਆ।

ਜਲੰਧਰ ਤੋਂ ਤਿੰਨ ਸਟੇਸ਼ਨ ਪਹਿਲਾਂ ਸੂਰਜ ਡੁੱਬ ਗਿਆ ਅਤੇ ਪਿੱਛੇ ਨੂੰ ਦੌੜੇ ਜਾਂਦੇ ਖੇਤ ਵੀ ਹਨੇਰੇ ਵਿਚ ਗੁਆਚ ਗਏ। ਕਾਲ਼ੀ ਨੇ ਆਪਣੇ ਭਵਿੱਖ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਵੀ ਉਸ ਨੂੰ ਡੂੰਘੇ ਹਨੇਰੇ ਦੀ ਤਰ੍ਹਾਂ ਹੀ ਲੱਗਾ। ਉਸ ਨੇ ਨਿਰਾਸ਼ ਹੋ ਕੇ ਇੱਕ ਵਾਰ ਫਿਰ ਮੂੰਹ ’ਤੇ ਚਾਦਰ ਲੈ ਲਈ।

ਬਿਜਲੀ ਦੀ ਮੱਧਮ ਰੌਸ਼ਨੀ ਡੱਬੇ ਅੰਦਰ ਮੋਟੇ-ਮੋਟੇ ਘਸਮੈਲੇ ਧੱਬੇ ਬਣ ਕੇ ਫੈਲ ਗਈ ਸੀ। ਖਿੜਕੀਆਂ ਵਿਚੋਂ ਛਿਣ ਕੇ ਆਉਂਦੀ ਰੌਸ਼ਨੀ ਦੇ ਧੱਬੇ ਥੱਲੇ, ਪੱਟੜੀ ’ਤੇ ਪੈਂਦੇ ਹੋਏ ਗੱਡੀ ਦੇ ਨਾਲ਼ ਦੌੜ ਰਹੇ ਸਨ। ਸਾਰੇ ਵਾਤਾਵਰਣ ’ਤੇ ਇੰਜਣ ਦੀ ਛੁੱਕ-ਛੁੱਕ ਅਤੇ ਡੱਬੇ ਦੇ ਪਹੀਆਂ ਦੀ ਗੜਗੜਾਹਟ ਛਾਈ ਹੋਈ ਸੀ।

ਗੱਡੀ ਜਦੋਂ ਜਲੰਧਰ ਤੋਂ ਇੱਕ ਸਟੇਸ਼ਨ ਹੀ ਦੂਰ ਰਹਿ ਗਈ ਤਾਂ ਕਾਲ਼ੀ ਨੂੰ ਇੱਕ ਵਾਰ ਫੇਰ ਘਬਰਾਹਟ ਮਹਿਸੂਸ ਹੋਣ ਲੱਗੀ। ਉਹ ਜਲੰਧਰ ਸ਼ਹਿਰ ਬਾਰੇ ਸੋਚਣ ਲੱਗਾ। ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਉਹ ਆਪਣੇ ਦਿਮਾਗ ’ਚ ਸ਼ਹਿਰ ਦੀ ਕੋਈ ਰੂਪ-ਰੇਖਾ ਤੇ ਨਕਸ਼ਾ ਨਾ ਬਣਾ ਸਕਿਆ।

ਹੁਣ ਉਹਨੂੰ ਪਿੰਡ ਦੇ ਡਰ ਨਾਲੋਂ ਸ਼ਹਿਰ ਦਾ ਭੈ ਖਾਣ ਲੱਗਾ। ਉਹਨੇ ਸੋਚਿਆ ਕਿ ਸ਼ਾਇਦ ਇਹ ਸ਼ਹਿਰ ਵੀ ਬਹੁਤ ਬੜਾ ਹੋਣਾ ਹੈ। ਉਹਦੇ ਵਿਚ ਕਈ ਪਿੰਡ ਅਸਾਨੀ ਨਾਲ਼ ਸਮਾ ਸਕਦੇ ਹੋਣੇਗੇ। ਉਥੇ ਛੋਟੇ ਛੋਟੇ ਘਰ ਤੇ ਝੌਂਪੜੀਆਂ ਤੋਂ ਬਿਨਾਂ ਆਲੀਸ਼ਾਨ ਮਕਾਨ, ਬਹੁਤ ਬੜੀਆਂ ਖੁੱਲੀਆਂ ਕੋਠੀਆਂ, ਮਹੱਲ ਤੇ ਹਵੇਲੀਆਂ ਵੀ ਹੋਣਗੀਆਂ। ਸ਼ਹਿਰ ਆਦਮੀਆਂ

ਨਾਲ਼ ਖਚਾਖਚ ਭਰਿਆ ਹੋਵੇਗਾ ਜਿਥੇ ਤੁਰਦੇ ਸਮੇਂ ਲੋਕਾਂ ਦਾ ਮੋਢੇ ਨਾਲ਼ ਮੋਢਾ ਖਹਿੰਦਾ ਹੋਵੇਗਾ। ਪਰ ਇਹ ਚੇਤਾ ਆਉਂਦੇ ਹੀ ਉਹ ਬਹੁਤ ਉਦਾਸ ਹੋ ਗਿਆ ਕਿ ਐਨੇ ਵੱਡੇ ਸ਼ਹਿਰ ’ਚ ਉਹਦੀ ਜਾਣ ਪਹਿਚਾਣ ਵਾਲਾ ਇੱਕ ਵੀ ਬੰਦਾ ਨਹੀਂ ਹੈ।

ਕਾਲ਼ੀ ਨੂੰ ਲੱਗਾ ਕਿ ਹਨੇਰੇ ’ਚ ਗੁਆਚੇ ਪੰਛੀ ਵਾਂਗ ਉਹ ਵੀ ਸ਼ਹਿਰ ’ਚ ਭਟਕਦਾ ਫਿਰੇਗਾ ਤੇ ਲੋਅ ਹੋਣ ਤੋਂ ਪਹਿਲਾਂ ਹੀ ਕਿਸੇ ਕੰਧ ਵਿਚ ਵੱਜ ਕੇ ਜਾਂ ਥੱਕ ਕੇ ਦਮ ਤੋੜ ਦੇਵੇਗਾ।

ਜਦ ਸਵਾਰੀਆਂ ਆਪਣਾ ਆਪਣਾ ਸਮਾਨ ਸੰਭਾਲਣ ਲੱਗੀਆਂ ਤਾਂ ਉਹਨੇ ਸੁਣਿਆਂ ਕਿ ਵੱਡਾ ਸਟੇਸ਼ਨ ਆਉਣ ਹੀ ਵਾਲ਼ਾ ਹੈ। ਕਾਲ਼ੀ ਵੀ ਉਪਰਲੀ ਸੀਟ ਤੋਂ ਥੱਲੇ ਆ ਗਿਆ ਤੇ ਤਾਕੀ ’ਚੋਂ ਸਿਰ ਬਾਹਰ ਕੱਢ ਕੇ ਦੂਰ ਤੱਕ ਫੈਲੀਆਂ ਤੇ ਟਿਮਟਮਾਉਂਦੀਆ ਰੌਸ਼ਨੀਆਂ ਨੂੰ ਧਿਆਨ ਨਾਲ਼ ਦੇਖਣ ਲੱਗਾ।

ਜਿਉਂ ਜਿਉਂ ਸ਼ਹਿਰ ਨੇੜੇ ਆ ਰਿਹਾ ਸੀ ਕਾਲ਼ੀ ਦੇ ਮਨ ’ਚ ਉਹਦੇ ਲਈ ਦਿਲਚਸਪੀ ਤੇ ਇੱਛਾ ਅਤੇ ਜ਼ਿੰਦਗੀ ਲਈ ਉਤਸ਼ਾਹ ਵੱਧ ਰਿਹਾ ਸੀ।

ਬਾਹਰਲਾ ਸਿਗਨਲ ਲੰਘ ਕੇ ਇੰਜਣ ਜ਼ੋਰ ਜ਼ੋਰ ਨਾਲ਼ ਸੀਟੀਆਂ ਮਾਰਨ ਲੱਗਾ। ਯਾਤਰੀ ਆਪਣਾ ਸਮਾਨ ਚੁੱਕ ਕੇ ਦਰਵਾਜ਼ੇ ਕੋਲ ਇਕੱਠੇ ਹੋ ਗਏ ਤਾਂ ਕਿ ਗੱਡੀ ਤੋਂ ਉੱਤਰ ਕੇ ਛੇਤੀ ਤੋਂ ਛੇਤੀ ਘਰ ਪਹੁੰਚ ਸਕਣ। ਕਾਲ਼ੀ ਵੀ ਆਪਣੀ ਚਾਦਰ ਫੜੀ ਉਨ੍ਹਾਂ ਨਾਲ਼ ਖੜ੍ਹਾ ਹੋ ਗਿਆ ਤੇ ਹਰ ਪਲ ਸ਼ਹਿਰ ਦੇ ਨੇੜੇ ਆ ਰਹੇ ਸ਼ੋਰ ਤੇ ਰੌਸ਼ਨੀਆਂ ਨੂੰ ਧਿਆਨ ਨਾਲ਼ ਸੁਣਨ ਤੇ ਦੇਖਣ ਲੱਗਾ।

ਗੱਡੀ ਪਲੇਟਫਾਰਮ ਤੇ ਖੜ੍ਹੀ ਹੋਈ ਤਾਂ ਡੱਬਿਆਂ ਤੋਂ ਬਾਹਰ ਨਿਕਲ਼ਣ ਲਈ ਸਵਾਰੀਆਂ ਦਾ ਜੋਸ਼ ਹੱਦ ਤੱਕ ਜਾ ਪਹੁੰਚਾ ਤੇ ਉਹ ਇੱਕ ਦੂਜੇ ਵਿਚ ਵੱਜਦੇ ਹੋਏ ਬੋਰੀ ਦੇ ਮੂੰਹ ਚੋਂ ਡਿੱਗਦੇ ਹੋਏ ਆਲੂਆਂ ਦੀ ਤਰ੍ਹਾਂ ਪਲੇਟਫਾਰਮ ’ਤੇ ਖਿਲਰ ਗਏ। ਸਾਰੇ ਮੁਸਾਫਰ ਕਾਹਲ਼ੀ ਕਾਹਲ਼ੀ ਸਟੇਸ਼ਨ ਵੱਲ ਜਾ ਰਹੇ ਸਨ ਤਾਂ ਕਿ ਛੇਤੀ ਛੇਤੀ ਆਪਣੇ ਆਪਣੇ ਠਿਕਾਣੇ ਪਹੁੰਚ ਸਕਣ।

ਪਲੇਟਫਾਰਮ ’ਤੇ ਖੜ੍ਹੇ ਕਾਲ਼ੀ ਨੇ ਜਦ ਆਪਣੀ ਮੰਜ਼ਿਲ ਬਾਰੇ ਸੋਚਿਆ ਤਾਂ ਉਸ ਨੂੰ ਝੁਣਝੁਣੀ ਆ ਗਈ। ਉਹ ਪਿੰਡ ਦੇ ਆਪਣੇ ਅਧੂਰੇ ਜਿਹੇ ਘਰ ਤੋਂ ਬਿਨ੍ਹਾਂ ਹੋਰ ਕੁਸ਼ ਨਾ ਸੋਚ ਸਕਿਆ।

ਇਹ ਚੇਤਾ ਆਉਂਦਿਆਂ ਹੀ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਕਿ ਉਹਦੇ ਕੋਲ਼ ਤਾਂ ਗੱਡੀ ਦਾ ਟਿਕਟ ਵੀ ਨਹੀਂ ਹੈ, ਫੜਿਆ ਗਿਆ ਤਾਂ ਉਹਦੀ ਪੁੱਛ ਪੜਤਾਲ ਹੋਵੇਗੀ। ਉਹ ਉਸ ਦਾ ਅਤਾ ਪਤਾ ਪੁੱਛਣਗੇ। ਸਭ ਕੁੱਝ ਭੁੱਲ ਕੇ ਉਹ ਇਸ ਉਲਝਣ ’ਚ ਪੂਰੀ ਤਰ੍ਹਾਂ ਫਸ ਗਿਆ ਕਿ ਉਹ ਸਟੇਸ਼ਨ ਤੋਂ ਬਾਹਰ ਕਿਵੇਂ ਨਿਕਲੇਗਾ।

ਜਦ ਉਹਦੀ ਸਮਝ ਵਿਚ ਕੁੱਝ ਨਾ ਆਇਆ ਤਾਂ ਉਹ ਮੁੜ ਗੱਡੀ ਦੇ ਡੱਬੇ ’ਚ ਵੜ ਗਿਆ ਜਿਵੇਂ ਉਹਨੇ ਅਜੇ ਅੱਗੇ ਹੋਰ ਸਫਰ ਕਰਨਾ ਹੋਵੇ। ਪਰ ਗੱਡੀ ਦੇ ਬਾਹਰ ਹੱਥ ’ਚ ਝਾੜੂ ਤੇ ਡੱਬੇ ਫੜੀ ਸਫਾਈ ਕਰਨ ਵਾਲਿਆਂ ਨੂੰ ਦੇਖ ਕੇ ਕਾਲ਼ੀ ਦੇ ਹੱਥ ਪੈਰ ਫੁੱਲ ਗਏ ਤੇ ਉਹ

ਦੂਜੇ ਦਰਵਾਜ਼ੇ ਰਾਹੀਂ ਨਿਕਲ਼ ਕੇ ਉਨ੍ਹਾਂ ਤੋਂ ਦੂਰ ਚਲਾ ਗਿਆ।

ਪਲੇਟਫਾਰਮ ਤਕਰੀਬਨ ਖਾਲੀ ਹੋ ਗਿਆ ਸੀ। ਮੁਕੇਰੀਆਂ ਤੋਂ ਆਉਣ ਵਾਲੀ ਗੱਡੀ ਦੀਆਂ ਸਵਾਰੀਆਂ ਪੁਲ਼ ਪਾਰ ਕਰਕੇ ਸਟੇਸ਼ਨ ਤੋਂ ਬਾਹਰ ਜਾ ਰਹੀਆਂ ਸਨ। ਪਰ ਦੂਜੇ ਪਲੇਟਫਾਰਮ ਤੇ ਦਿੱਲੀ ਜਾਣ ਵਾਲੀ ਗੱਡੀ ਦੇ ਮੁਸਾਫਰਾਂ ਕਰਕੇ ਕਾਫੀ ਭੀੜ ਸੀ। ਕਾਲ਼ੀ ਨੂੰ ਯਾਦ ਆਇਆ ਕਿ ਕਈ ਸਾਲ ਪਹਿਲਾਂ ਉਹਨੇ ਵੀ ਦਿੱਲੀ ਜਾਣ ਨੂੰ ਗੱਡੀ ਇਥੋਂ ਹੀ ਫੜੀ ਸੀ।

ਖਾਲੀ ਪਲੇਟਫਾਰਮ ’ਤੇ ਕਾਲ਼ੀ ਨੂੰ ਸਾਮ੍ਹਣਿਉਂ ਪੁਲਸ ਦਾ ਹਵਾਲਦਾਰ ਤੇ ਨਾਲ਼ ਦੋ ਸਿਪਾਹੀ ਆਉਂਦੇ ਦਿਸੇ। ਉਹਨੂੰ ਲੱਗਾ ਕਿ ਉਹ ਸ਼ਾਇਦ ਉਹਦੇ ਵੱਲ ਹੀ ਆ ਰਹੇ ਹਨ। ਕਾਲ਼ੀ ਦੀ ਡਰ ਨਾਲ਼ ਘਿੱਗੀ ਬੱਝ ਗਈ ਤੇ ਸਾਰੇ ਸਰੀਰ ਵਿਚ ਕੰਬਣੀ ਛਿੜ ਗਈ। ਆਉਣ ਵਾਲੇ ਖਤਰੇ ਨੂੰ ਮਹਿਸੂਸ ਕਰਦਿਆਂ ਉਹਦੇ ਸੁੰਨ ਹੋਏ ਸਰੀਰ ’ਚ ਇਕਦਮ ਫੁਰਤੀ ਆ ਗਈ ਤੇ ਸੁੰਨ ਹੋਇਆ ਦਿਮਾਗ ਵੀ ਕੰਮ ਕਰਨ ਲੱਗਾ।

ਉਹਨੇ ਕਾਹਲ਼ੀ ਜਿਹੇ ਚਾਰੇ ਪਾਸੇ ਦੇਖਿਆ ਤਾਂ ਕਿ ਹਨੇਰੇ ਵਿਚ ਕਿਤੇ ਲੁਕ ਜਾਵੇ ਪਰ ਪੂਰੇ ਪਲੇਟਫਾਰਮ ’ਤੇ ਕਿਤੇ ਬਹੁਤ ਤੇਜ਼ ਤੇ ਕਿਤੇ ਮੱਧਮ ਜਿਹੀ ਰੋਸ਼ਨੀ ਫੈਲੀ ਹੋਈ ਸੀ। ਕਾਲ਼ੀ ਦੂਜੇ ਪਾਸੇ ਨੂੰ ਤੁਰਨ ਲੱਗਾ ਤੇ ਅਰਾਮ ਨਾਲ਼ ਟਹਿਲਦਾ ਹੋਇਆ ਪਲੇਟਫਾਰਮ ਦੇ ਕੰਢੇ ਤੱਕ ਪਹੁੰਚ ਗਿਆ। ਉਹਨੇ ਪਿਛੇ ਮੁੜ ਕੇ ਦੇਖਿਆ। ਪੁਲਸ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਕਾਲ਼ੀ ਨੇ ਸੁੱਖ ਦਾ ਸਾਹ ਲਿਆ ਤੇ ਚਾਰੇ ਪਾਸੇ ਦੇਖ ਕੇ ਸੋਚਣ ਲੱਗਾ ਕਿ ਹੁਣ ਕਿਥੇ ਜਾਵੇ।

ਉਹਨੇ ਨਜ਼ਰ ਘੁਮਾ ਕੇ ਯਾਰਡ ਵੱਲ ਦੇਖਿਆ। ਥੋੜ੍ਹੀ ਦੂਰ ਬੁੱਢੇ ਹਾਥੀ ਵਰਗਾ ਇੰਜ਼ਣ ਖੜ੍ਹਾ ਸੀ। ਉਹ ਥੋੜ੍ਹੇ ਥੋੜ੍ਹੇ ਚਿਰ ਬਾਅਦ ਸੀਟੀ ਮਾਰਦਾ ਤੇ ਬਹੁਤ ਸਾਰੀ ਭਾਫ ਛੱਡਣ ਪਿਛੋਂ ਸ਼ਾਂਤ ਹੋ ਜਾਂਦਾ।

ਇੰਜ਼ਣ ਦੀ ਮੱਧਮ ਰੋਸ਼ਨੀ ਸਾਰੇ ਯਾਰਡ ’ਚ ਫੈਲੀ ਹੋਈ ਸੀ। ਉਹ ਖਾਲੀ ਯਾਰਡ ਦੇ ਪਾਰ ਦੇਖਣ ਲੱਗਾ। ਗੜਗੜਾਹਟ ਦੀਆਂ ਅਵਾਜ਼ਾਂ ਆ ਰਹੀਆਂ ਸਨ ਜਿਵੇਂ ਬਹੁਤ ਸਾਰੀਆਂ ਆਟਾ ਪੀਹਣ ਵਾਲੀਆਂ ਚੱਕੀਆਂ ਚੱਲ ਰਹੀਆਂ ਹੋਣ। ਉਹਦੇ ਸੱਜੇ ਪਾਸੇ ਕਾਫੀ ਦੂਰ ਕਈ ਬਹੁਤ ਬੜੇ ਬੜੇ ਤੇ ਗੋਲ਼ ਗੋਲ਼ ਉਚੇ ਢੋਲ ਖੜ੍ਹੇ ਸਨ । ਕਾਲ਼ੀ ਉਨਾਂ ਨੂੰ ਹੈਰਾਨੀ ਨਾਲ਼ ਦੇਖ ਰਿਹਾ ਸੀ ਕਿ ਦੋ ਆਦਮੀ ਉਹਦੇ ਕੋਲ ਦੀ ਕਾਹਲ਼ੀ ਨਾਲ਼ ਲੰਘੇ ਤੇ ਪਲੇਟਫਾਰਮ ਤੋਂ ਯਾਰਡ ’ਚ ਉਤਰ ਕੇ ਰੇਲ ਦੀਆਂ ਪਟੜੀਆਂ ਪਾਰ ਕਰਕੇ ਅਗਾਂਹ ਚਲੇ ਗਏ। ਉਨ੍ਹਾਂ ਦੇ ਸਿਰ ਤੇ ਵੱਡੀਆਂ ਵੱਡੀਆਂ ਬੋਰੀਆਂ ਤੇ ਹੱਥਾਂ ’ਚ ਬੜੇ ਬੜੇ ਝੋਲੇ ਸਨ।

ਕਾਲ਼ੀ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਿਆ। ਉਹ ਬੰਦੇ ਰੇਲ ਦੀਆਂ ਲਾਇਨਾਂ ਲੰਘ ਕੇ ਇਕ ਕੱਚੀ ਸੜਕ ’ਤੇ ਜਾ ਕੇ ਖੱਬੇ ਪਾਸੇ ਮੁੜ ਗਏ। ਕਾਲ਼ੀ ਵੀ ਥੋੜ੍ਹਾ ਫਾਸਲਾ ਰੱਖ ਕੇ ਉਨਾਂ ਦਾ ਪਿੱਛਾ ਕਰਦਾ ਰਿਹਾ। ਲਾਇਨ ਪਾਰ ਕਰਨ ਤੋਂ ਬਾਅਦ ਉਹਨੂੰ ਬਹੁਤ ਚੈਨ ਮਹਿਸੂਸ ਹੋਇਆ। ਉਹਨੇ ਲੰਮਾ ਸਾਰਾ ਸਾਹ ਛੱਡਿਆ। ਸਰੀਰਕ ਤੇ ਮਾਨਸਿਕ ਤਨਾਅ ਬਹੁਤ ਹੱਦ ਤੱਕ ਘੱਟ ਜਾਣ ਕਰਕੇ ਉਹ ਹੁਣ ਖੁੱਲ ਕੇ ਤੁਰਨ ਲੱਗਾ ਤੇ ਆਪਣੇ ਆਪ ਨੂੰ ਹੌਸਲਾ ਦੇਣ ਲਈ ਲੰਮਾ ਸਾਹ ਛੱਡ ਕੇ ਹੌਲ਼ੀ ਜਿਹੀ ਖੰਘ ਵੀ ਲੈਂਦਾ।

ਕੱਚਾ ਰਾਹ ਪੱਕੀ ਸੜਕ ਵਿਚ ਜਾ ਮਿਲ਼ਿਆ। ਸੜਕ ਦੇ ਇਕ ਪਾਸੇ ਕੋਈ ਸੌ ਸੌ ਗਜ਼ ਦੀ ਦੂਰੀ ਤੇ ਖੜੇ ਖੰਬਿਆਂ 'ਤੇ ਬਿਜਲੀ ਦੇ ਬਲਬ ਜਗ ਰਹੇ ਸਨ ਤੇ ਕਾਲ਼ੀ ਸੜਕ ਉਤੇ ਭੂਰੀ ਜਿਹੀ ਰੌਸ਼ਨੀ ਫੈਲੀ ਹੋਈ ਸੀ।

ਥੋੜ੍ਹੀ ਹੀ ਦੇਰ ਬਾਅਦ ਦੋਮੋਰੀਆ ਪੁਲ਼ ਆ ਗਿਆ। ਪੁਲ਼ ਦੇ ਥੱਲੇ ਦੀ ਉਹ ਵੀ ਉਨਾਂ ਲੋਕਾਂ ਦੇ ਮਗਰ ਮਗਰ ਸੱਜੇ ਪਾਸੇ ਮੁੜ ਗਿਆ। ਕਾਲ਼ੀ ਨੂੰ ਜਲੰਧਰ ਸ਼ਹਿਰ ਦੇ ਜੁਗਰਾਫੀਏ ਤੇ ਸੜਕਾਂ-ਥਾਵਾਂ ਦੀ ਕੋਈ ਜਾਣਕਾਰੀ ਨਹੀਂ ਸੀ। ਉਹ ਇਸ ਅੰਦਾਜ਼ੇ ਨਾਲ਼ ਚਲ ਰਿਹਾ ਸੀ ਕਿ ਸਟੇਸ਼ਨ ਦੇ ਨੇੜੇ ਤੇੜੇ ਪਹੁੰਚ ਜਾਵੇਗਾ।

ਦੋਨੋ ਆਦਮੀ ਇੱਕ ਤਿੰਨ-ਰਾਹੇ ਤੋਂ ਸੱਜੇ ਪਾਸੇ ਨੂੰ ਮੁੜ ਗਏ। ਇਹ ਇੱਕ ਬਜ਼ਾਰ ਸੀ। ਸੜਕ ਦੇ ਦੋਨੀਂ ਪਾਸੀਂ ਦੁਕਾਨਾਂ ਅਜੇ ਖੁੱਲੀਆਂ ਸੀ ਤੇ ਬਜ਼ਾਰ ਵਿਚ ਕਾਫੀ ਰੌਣਕ ਸੀ। ਕਾਲ਼ੀ ਮੋੜ 'ਤੇ ਖੜ੍ਹ ਗਿਆ ਤੇ ਦੋਨਾਂ ਆਦਮੀਆਂ ਨੂੰ ਬਜ਼ਾਰ ਵਿਚ ਅੱਗੇ ਜਾਂਦੇ ਦੇਖਦਾ ਰਿਹਾ। ਆਪਣੀ ਵੱਲ ਕਾਹਲ਼ੀ ਨਾਲ਼ ਆਉਂਦੇ ਤਾਂਗੇ ਤੋਂ ਬੇਖਬਰ ਕਾਲ਼ੀ ਧਿਆਨ ਤੇ ਹੈਰਾਨੀ ਨਾਲ਼ ਬਜ਼ਾਰ ਵਿਚ ਦੂਰ ਦੂਰ ਤੱਕ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ।

"ਭਾਈ, ਬਚ ਮੋੜ ਤੋਂ," ਤਾਂਗੇ ਵਾਲੇ ਨੇ ਜ਼ੋਰ ਨਾਲ਼ ਹਾਕ ਮਾਰੀ ਤਾਂ ਉਹ ਚੌਂਕ ਗਿਆ ਤੇ ਦੌੜ ਕੇ ਕੰਧ ਨਾਲ਼ ਜਾ ਲੱਗਾ।

"ਇਕ ਸਵਾਰੀ ਟੇਸ਼ਨ ਤੱਕ।" ਤਾਂਗੇ ਵਾਲੇ ਨੇ ਕਾਲ਼ੀ ਵੱਲ ਮੁੜਕੇ ਦੇਖਦਿਆਂ ਕਿਹਾ। ਪਰ ਕਾਲ਼ੀ ਵਲੋਂ ਕੋਈ ਹੁੰਗਾਰਾ ਨਾ ਆਉਣ 'ਤੇ ਤਾਂਗਾ ਟਪ-ਟਪ ਦੀ ਅਵਾਜ਼ ਕਰਦਾ ਉਹਦੇ ਕੋਲੋਂ ਕਾਹਲ਼ੀ ਨਾਲ਼ ਲੰਘ ਗਿਆ।

ਕਾਲ਼ੀ ਨੇ ਅੰਦਾਜ਼ਾ ਲਾਇਆ ਕਿ ਰੇਲਵੇ ਸਟੇਸ਼ਨ ਖੱਬੇ ਪਾਸੇ ਵੱਲ ਹੋਣਾ ਚਾਹੀਦਾ। ਉਹ ਉੱਚੀ ਕੰਧ ਦੇ ਨਾਲ਼ ਨਾਲ਼ ਉੱਧਰ ਨੂੰ ਤੁਰਨ ਲੱਗਾ ਜਿਧਰ ਨੂੰ ਤਾਂਗਾ ਗਿਆ ਸੀ। ਅਜੇ ਉਹ ਸਟੇਸ਼ਨ ਤੋਂ ਕਾਫੀ ਦੂਰ ਹੀ ਸੀ ਕਿ ਇਕ ਇੰਜ਼ਨ ਕੰਧ ਦੇ ਦੂਜੇ ਪਾਸੇ ਆ ਕੇ ਰੁਕਿਆ ਤੇ ਕੁੱਝ ਪਲਾਂ ਮਗਰੋਂ ਸੀਟੀ ਮਾਰਦਾ ਤੇ ਭਾਫ ਛੱਡਦਾ ਪਿਛੇ ਨੂੰ ਮੁੜ ਗਿਆ।

ਇਹ ਦੇਖ ਕੇ ਕਾਲ਼ੀ ਦਾ ਅੰਦਾਜ਼ਾ ਯਕੀਨ 'ਚ ਬਦਲ ਗਿਆ ਕਿ ਉਹ ਰੇਲਵੇ ਸਟੇਸ਼ਨ ਵੱਲ ਹੀ ਜਾ ਰਿਹਾ ਹੈ। ਉਹ ਇਸ ਤਰ੍ਹਾਂ ਤੁਰਨ ਲੱਗਾ ਜਿਵੇਂ ਆਪਣੇ ਘਰ ਨੂੰ ਜਾ ਰਿਹਾ ਹੋਵੇ।

ਇਸ ਸ਼ਹਿਰ ਵਿਚ ਰੇਲਵੇ ਸਟੇਸ਼ਨ ਤੋਂ ਬਿਨਾਂ ਕਾਲ਼ੀ ਕਿਸੇ ਵੀ ਅਜਿਹੀ ਥਾਂ ਬਾਰੇ ਸੋਚ ਨਹੀਂ ਸੀ ਸਕਦਾ ਜਿਥੇ ਰਾਤ ਭਰ ਲਈ ਆਸਰਾ ਤੇ ਅਰਾਮ ਮਿਲ ਸਕੇ।

ਰੇਲਵੇ ਰੋਡ 'ਤੇ ਸਟੇਸ਼ਨ ਦੇ ਨੇੜੇ ਢਾਬਿਆਂ ਦੀ ਕਤਾਰ ਤੇ ਉਥੋਂ ਦਾਲ ਸਬਜ਼ੀ ਦੇ ਤੁੜਕੇ ਦੀ ਖੁਸ਼ਬੋ ਨਾਸਾਂ ਨੂੰ ਚੜ੍ਹਦੀ ਤੇ ਉਹਦਾ ਅਨੰਦ ਲੈਂਦਾ ਹੋਇਆ ਕਾਲ਼ੀ ਸਟੇਸ਼ਨ ਵੱਲ ਇਦਾਂ ਤੁਰਿਆ ਜਾ ਰਿਹਾ ਸੀ ਜਿਵੇਂ ਆਪਣੇ ਜੱਦੀ ਪੁਸ਼ਤੀ ਘਰ ਨੂੰ ਜਾ ਰਿਹਾ ਹੋਵੇ।

ਰੇਲਵੇ ਸਟੇਸ਼ਨ ਦੇ ਬਾਹਰ ਖੜੇ ਤਾਂਗੇ, ਕੋਚਵਾਨ, ਕੁਲੀ, ਸਵਾਰੀਆਂ ਅਤੇ ਉਨਾਂ ਦਾ ਪਿੱਛਾ ਕਰਦੇ ਹੋਏ ਭਿਖਾਰੀ ਤੇ ਭਿਖਾਰਨਾਂ ਤੋਂ ਬਚਦਾ ਬਚਦਾ ਉਹ ਤੀਜੇ ਦਰਜੇ ਦੇ ਅਰਾਮਘਰ 'ਚ ਪਹੁੰਚ ਗਿਆ। ਉਥੇ ਬਹੁਤ ਸਾਰੇ ਲੋਕ ਥੱਲੇ ਕਪੜੇ ਵਿਛਾ ਕੇ ਤੇ ਕਈ ਬੈਂਚਾਂ

ਤੇ ਲੰਮੇ ਪਏ ਸਨ। ਕਾਲ਼ੀ ਨੇ ਇੱਧਰ ਉੱਧਰ ਦੇਖਿਆ ਤੇ ਇੱਕ ਕੋਨੇ 'ਚ ਖਾਲੀ ਥਾਂ ਦੇਖ ਕੇ ਉਸ ਨੇ ਸੁੱਖ ਦਾ ਸਾਹ ਲਿਆ। ਉਹਨੇ ਜੇਬ 'ਚ ਪਈ ਆਪਣੀ ਪੂੰਜੀ ਨੂੰ ਟੋਹਿਆ। ਕਪੜੇ ਵਿਚ ਬੰਨ੍ਹੇ ਸਿਕਿਆਂ ਦੇ ਚੌਰਸ ਤੇ ਗੋਲ ਕਿਨਾਰਿਆਂ ਨੂੰ ਮਜਬੂਤੀ ਨਾਲ਼ ਟੋਹ ਕੇ ਮਹਿਸੂਸ ਕੀਤਾ ਤੇ ਮਨ ਹੀ ਮਨ 'ਚ ਹਿਸਾਬ ਲਾਇਆ। ਉਹਦੇ ਕੋਲ ਕੁੱਲ ਇੱਕ ਰੁਪਿਆ ਤੇ ਦੋ ਆਨੇ ਸਨ।

ਕੋਨੇ ਦੀ ਇਕ ਬੈਂਚ ਤੋਂ ਇਕ ਆਦਮੀ ਉੱਠ ਕੇ ਚਲਾ ਗਿਆ ਤਾਂ ਕਾਲ਼ੀ ਨੇ ਉਹਦੇ ਇੱਕ ਪਾਸੇ ਡੇਰਾ ਜਮਾਂ ਲਿਆ। ਉਹ ਸੋਚਣ ਲੱਗਾ ਸਟੇਸ਼ਨ ਦੇ ਬਾਹਰ ਢਾਬੇ 'ਤੇ ਖਾਣਾ ਖਾਵੇ ਜਾਂ ਫਿਰ ਇਥੇ ਹੀ ਕੁਲਚੇ-ਛੋਲਿਆਂ ਨਾਲ਼ ਗੁਜ਼ਾਰਾ ਕਰ ਲਵੇ। ਉਹ ਕੁੱਝ ਚਿਰ ਆਪਣੇ ਆਪ ਨਾਲ਼ ਹੀ ਇਸ ਬਾਰੇ ਸਲਾਹ ਮਸ਼ਵਰਾ ਕਰਦਾ ਰਿਹਾ। ਬਹੁਤ ਸੋਚ ਵਿਚਾਰ ਤੋਂ ਬਾਅਦ ਕਾਲ਼ੀ ਨੇ ਫੈਸਲਾ ਕੀਤਾ ਕਿ ਉਥੇ ਹੀ ਕੁਲਚੇ-ਛੋਲੇ ਖਾ ਕੇ ਢਿੱਡ ਭਰ ਲਵੇ, ਕਿਉਂਕਿ ਇਨਾਂ ਪੈਸਿਆਂ ਨਾਲ਼ ਵੱਧ ਤੋਂ ਵੱਧ ਸਮਾਂ ਕੱਢਣਾ ਚਾਹੀਦਾ ਹੈ।

ਕੁਲਚੇ-ਛੋਲਿਆਂ ਵਾਲਾ ਵੀ ਆਪਣੀ ਛਾਬੜੀ ਕਾਨਿਆਂ ਦੀਆਂ ਤਿੰਨ ਥੰਮੀਆਂ 'ਤੇ ਰੱਖੀ ਸੁਸਤ ਜਿਹਾ ਖੜ੍ਹਾ ਸੀ। ਕਾਲ਼ੀ ਨੂੰ ਆਪਣੀ ਵੱਲ ਦੇਖਦਾ ਦੇਖ ਕੇ ਕੁਲਚੇ ਵਾਲੇ ਨੇ ਹੋਕਾ ਦਿਤਾ-"ਗਰਮ ਛੋਲੇ-ਭਟੂਰੇ ... ਗਰਮ ਗਰਮ ਛੋਲੇ-ਕੁਲਚੇ ... ਕਾਬਲੀ ਚਨੇ ... ਕਰਾਰੇ ... ਮਸਾਲੇਦਾਰ।"

ਕਾਲ਼ੀ ਝਟਪਟ ਛਾਬੜੀ ਵਾਲ਼ੇ ਦੇ ਕੋਲ਼ ਚਲਾ ਗਿਆ। ਉਹ ਬੜੇ ਧਿਆਨ ਨਾਲ਼ ਵੱਡੀ ਸਾਰੀ ਪਰਾਤ ਦੇ ਇਕ ਖੂੰਜੇ 'ਚ ਛੋਟੀ ਜਿਹੀ ਢੇਰੀ ਨੂੰ ਦੇਖਣ ਲੱਗਾ। ਉਹਦੇ ਉਤੇ ਹਰੀ ਮਿਰਚ, ਟਮਾਟਰ ਦੇ ਟੁਕੜੇ ਤੇ ਹਰੇ ਧਨੀਏ ਦੇ ਪੱਤੇ ਰੱਖੇ ਹੋਏ ਸਨ। ਪਰਾਤ ਨੂੰ ਇੱਕ ਛੋਟੀ ਜਿਹੀ ਅੰਗੀਠੀ 'ਤੇ ਟਿਕਾਇਆ ਹੋਇਆ ਸੀ ਤਾਂ ਕਿ ਛੋਲੇ ਗਰਮ ਰਹਿਣ। ਪਰਾਤ ਦੇ ਕੋਲ ਇੱਕ ਹੋਰ ਛੋਟੀ ਅੰਗੀਠੀ ਸੀ ਜਿਸ 'ਤੇ ਛੋਟਾ ਜਿਹਾ ਤਵਾ ਰੱਖਿਆ ਹੋਇਆ ਸੀ।

ਪਰਾਤ 'ਚ ਸਜਾਈਆਂ ਸਾਰੀਆਂ ਚੀਜ਼ਾਂ ਨੂੰ ਕਾਲ਼ੀ ਨੇ ਧਿਆਨ ਨਾਲ਼ ਪਰਖਿਆ। ਉਹਨੇ ਦੇਖਿਆ ਕਿ ਭਟੂਰਾ ਕੁਲਚੇ ਤੋਂ ਜ਼ਿਆਦਾ ਮੋਟਾ ਹੈ। ਉਹਨੇ ਭਟੂਰੇ ਵੱਲ ਇਸ਼ਾਰਾ ਕੀਤਾ, "ਇਹ ਕਿੰਨੇ ਦਾ ਹੈ ?"

"ਆਨੇ ਦੇ ਦੋ।" ਛਾਬੜੀ ਵਾਲ਼ੇ ਨੇ ਇੱਕਦਮ ਜਵਾਬ ਦਿੱਤਾ ਤੇ ਭਟੂਰਾ ਚੁੱਕਣ ਲਈ ਹੱਥ ਵਧਾਇਆ।

"ਤੇ ਇਹ ?" ਕਾਲ਼ੀ ਨੇ ਕੁਲਚੇ ਵੱਲ ਇਸ਼ਾਰਾ ਕੀਤਾ। "ਇਹ ਵੀ ਆਨੇ ਦੇ ਦੋ ?"

"ਤੇ ਛੋਲੇ ?"

"ਮੁਫਤ।"

"ਤਾਂ ਇੱਕ ਇਹ ਦੇ ਦੇ ਤੇ ਇੱਕ ਆਹ।" ਕਾਲ਼ੀ ਨੇ ਭਟੂਰੇ ਤੇ ਕੁਲਚੇ ਵੱਲ ਵਾਰੀ ਵਾਰੀ ਇਸ਼ਾਰਾ ਕੀਤਾ।

ਛਾਬੜੀ ਵਾਲ਼ੇ ਨੇ ਕਾਗਜ਼ ਦੇ ਟੁਕੜੇ 'ਤੇ ਇੱਕ ਕੁਲਚਾ ਤੇ ਇੱਕ ਭਟੂਰਾ ਅਤੇ ਪੱਤੇ ਦੇ ਡੂਨੇ 'ਚ ਛੋਲੇ ਪਾ ਦਿਤੇ।

ਕਾਲ਼ੀ ਨੇ ਦੋ-ਦੋ ਕਰਕੇ ਚਾਰ ਕੁਲਚੇ ਤੇ ਭਟੂਰੇ ਖਾਧੇ। ਉਹਨੇ ਪੈਸੇ ਦਿੱਤੇ ਤੇ ਨਲ਼ਕੇ

ਤੋਂ ਢਿੱਡ ਭਰ ਕੇ ਪਾਣੀ ਪੀ ਕੇ ਡਕਾਰ ਮਾਰਦਾ ਚਾਹ ਦੀ ਰੇਡੀ ਕੋਲ ਆ ਖੜ੍ਹਾ ਹੋਇਆ। ਉਥੇ ਇਕ ਲੰਬੀ ਬੋਦੀ ਵਾਲਾ ਤਿਲਕਧਾਰੀ ਪੰਡਿਤ ਵੀ ਚਾਹ ਦੀ ਖਾਹਿਸ਼ ਪੂਰੀ ਕਰਨ ਲਈ ਪਹਿਲਾਂ ਹੀ ਖੜ੍ਹਾ ਸੀ। ਉਹਨੂੰ ਦੇਖ ਕੇ ਕਾਲ਼ੀ ਸਹਿਮ ਗਿਆ ਕਿਉਂਕਿ ਉਹਨੂੰ ਆਪਣੇ ਪਿੰਡ ਦੇ ਪੰਡਿਤ ਸੰਤਰਾਮ ਦਾ ਚੇਤਾ ਆ ਗਿਆ। ਚਾਹ ਲਈ ਕਹਿ ਕੇ ਉਹ ਥੋੜ੍ਹਾ ਪਿੱਛੇ ਹਟ ਗਿਆ। ਚਾਹ ਵਾਲ਼ੇ ਨੇ ਦੋ ਕੱਪ ਚਾਹ ਬਣਾਈ ਤੇ ਇੱਕ ਇੱਕ ਕੱਪ ਪੰਡਿਤ ਤੇ ਕਾਲ਼ੀ ਨੂੰ ਫੜਾ ਦਿੱਤੇ।

ਪੰਡਿਤ ਨੇ ਚਾਹ ਦਾ ਇੱਕ ਘੁੱਟ ਭਰਿਆ ਤੇ ਭੈੜਾ ਜਿਹਾ ਮੂੰਹ ਬਣਾ ਲਿਆ, "ਮਿੱਠਾ ਥੋੜ੍ਹਾ ਆ। ਸ਼ੱਕਰ ਦੇ ਦੋ ਚਮਚੇ ਹੋਰ ਪਾ ਦੇ।"

ਪੰਡਿਤ ਦੀ ਰੀਸੇ ਕਾਲ਼ੀ ਨੇ ਵੀ ਆਪਣਾ ਕੱਪ ਮੋਹਰੇ ਕਰ ਦਿਤਾ ਤੇ ਸ਼ੱਕਰ ਦਾ ਚਮਚਾ ਪੁਆ ਕੇ ਚਾਹ ਨੂੰ ਹਿਲਾਉਂਦਾ ਪਿਛੇ ਹਟ ਗਿਆ। ਉਹ ਪੂਰਾ ਅਨੰਦ ਲੈਣ ਲਈ ਚਾਹ ਦਾ ਘੁੱਟ ਅੰਦਰ ਲੰਘਾਉਂਦਾ ਸੜੂਪ-ਸੜੂਪ ਦੀ ਅਵਾਜ਼ ਕੱਢਦਾ ਹੋਇਆ ਚੋਰੀ ਛਿਪੇ ਪੰਡਿਤ ਵੱਲ ਦੇਖਣ ਲੱਗਾ।

ਕਾਲ਼ੀ ਅਜੇ ਚਾਹ ਪੀ ਹੀ ਰਿਹਾ ਸੀ ਕਿ ਦੂਰੋਂ ਇੰਜਣ ਦੀ ਸੀਟੀ ਸੁਣਾਈ ਦਿੱਤੀ। ਇੰਜਣ ਦੀ ਅਵਾਜ਼ ਨੇੜੇ ਆ ਰਹੀ ਸੀ। ਨਾਲ਼ ਹੀ ਗੱਡੀ ਦੀ ਗੜਗੜਾਹਟ ਤੇ ਧਮਕ ਉੱਚੀ ਹੋਣ ਲੱਗੀ।

ਤੀਜੇ ਦਰਜੇ ਦੇ ਮੁਸਾਫਰਖਾਨੇ ਦੇ ਦੋਨਾਂ ਦਰਵਾਜ਼ਿਆਂ ਵਿਚ ਨੀਲੀਆਂ ਤੇ ਲਾਲ ਕਮੀਜ਼ਾਂ ਪਾਈ ਕੁਲੀ ਸਿਗਰਟ ਦਾ ਆਖਰੀ ਸੂਟਾ ਲਾ ਕੇ ਉਨਾਂ ਨੂੰ ਪੈਰਾਂ ਥੱਲੇ ਕੁਚਲਦੇ ਹੋਏ ਪਲੇਟਫਾਰਮ ਵੱਲ ਨੂੰ ਦੌੜ ਰਹੇ ਸਨ।

ਕਾਲ਼ੀ ਵੀ ਬੜੇ ਗੇਟ ਦੇ ਨੇੜੇ ਚਲਾ ਗਿਆ। ਪਰ ਚਿੱਟੀ ਵਰਦੀ ਪਾਈ ਦੋ ਬਾਬੂਆਂ ਨੂੰ ਆਉਂਦੇ ਦੇਖ ਕੇ ਉਹ ਡਰ ਕੇ ਪਿੱਛੇ ਹਟ ਗਿਆ।

ਕੁੱਝ ਹੀ ਪਲਾਂ 'ਚ ਸੀਟੀਆਂ ਮਾਰਦੀ ਹੋਈ ਡਾਕਗੱਡੀ ਸਟੇਸ਼ਨ 'ਤੇ ਆ ਗਈ। ਚਮਕਦੇ ਡੱਬੇ ਗੇਟ ਦੇ ਮੋਹਰਿਉਂ ਨਿਕਲ ਗਏ ਤੇ ਚੀਂ ... ਚੀਂ ਦੀ ਅਵਾਜ਼ ਕਰਦੇ ਖੜ੍ਹ ਗਏ।

ਪਲੇਟਫਾਰਮ 'ਤੇ ਬਹੁਤ ਹੀ ਸ਼ੋਰ ਮਚ ਗਿਆ। ਇੱਕੋ ਵਾਰ ਬਹੁਤ ਸਾਰੀਆਂ ਅਵਾਜ਼ਾਂ ਆਉਣ ਲੱਗੀਆਂ। ਕੁੱਝ ਹੀ ਸਮੇਂ 'ਚ ਸਮਾਨ ਨਾਲ਼ ਲੱਦੀਆਂ ਸਵਾਰੀਆਂ ਬੜੇ ਗੇਟ ਤੋਂ ਮੁਸਾਫਰ ਖਾਨੇ 'ਚ ਦਾਖਲ ਹੋਣ ਲੱਗੀਆਂ। ਤਾਂਗਿਆਂ ਵਾਲੇ ਸਵਾਰੀਆਂ ਨੂੰ ਘੇਰਨ ਲੱਗੇ, "ਲਾਲਾ ਜੀ ਕਿੱਥੇ ਜਾਣਾ ਹੈ। ਬਾਬੂ ਜੀ ਪੇਸ਼ਾਵਰੀ ਤਾਂਗਾ ਹੈ।" ਤਾਂਗੇ ਵਾਲਾ ਇੱਕ ਹੀ ਸਾਹ 'ਚ ਇੰਨੀਆਂ ਸੜਕਾਂ, ਮੁਹੱਲੇ ਤੇ ਬਜ਼ਾਰਾਂ ਦੇ ਨਾਂ ਲੈ ਗਿਆ ਕਿ ਸਮਝਣਾ ਵੀ ਔਖਾ ਸੀ। ਕਈ ਸਵਾਰੀਆਂ ਕਿਰਾਏ ਦਾ ਮੁੱਲ ਕਰਦੀਆਂ ਬਹਿਸ ਕਰਨ ਲੱਗ ਪਈਆਂ।

ਸਵਾਰੀਆਂ ਨੂੰ ਲੈ ਕੇ ਤਾਂਗਿਆਂ ਵਾਲੇ ਆਪਸ ਵਿਚ ਵੀ ਲੜ ਪੈਂਦੇ। ਇੱਕ ਤਾਂਗੇ ਵਾਲਾ ਦੋ ਸਵਾਰੀਆਂ ਦਾ ਸਮਾਨ ਆਪਣੇ ਤਾਂਗੇ 'ਚ ਰੱਖਣ ਲੱਗਾ ਤਾਂ ਦੂਜੇ ਤਾਂਗੇ ਵਾਲ਼ੇ ਨੇ ਉਹਦਾ ਲੜ ਫੜਦਿਆਂ ਰੋਹਬ ਨਾਲ਼ ਪੁੱਛਿਆ, "ਕਿੱਥੇ ਲਿਜਾ ਰਿਹਾਂ ਇਨਾਂ ਦਾ ਸਮਾਨ ?" "ਕਿਉਂ ਤੂੰ ਇਨ੍ਹਾਂ ਦਾ ਮਾਮਾ ਲਗਦਾ ?" ਪਹਿਲੇ ਤਾਂਗੇ ਵਾਲੇ ਨੇ ਆਪਣਾ ਲੜ ਛੁੜਾਉਂਦਿਆਂ

ਉਹਦਾ ਹੱਥ ਝਟਕ ਦਿਤਾ।

"ਮਾਮਾ ਲਗਦਾ ਹੋਊਂਗਾ ਤੂੰ। ਇਨ੍ਹਾਂ ਨਾਲ਼ ਪਹਿਲਾਂ ਮੈਂ ਗੱਲ ਕੀਤੀ ਆ।" ਦੂਜੇ ਤਾਂਗੇ ਵਾਲੇ ਨੇ ਜ਼ਬਰਦਸਤੀ ਉਨ੍ਹਾਂ ਦਾ ਸਮਾਨ ਚੁੱਕ ਲਿਆ।

ਹੌਲ਼ੀ ਹੌਲ਼ੀ ਸਵਾਰੀਆਂ ਨਾਲ਼ ਲੱਦੇ ਤਾਂਗੇ ਸਟੇਸ਼ਨ ਦੇ ਵਿਹੜੇ 'ਚੋਂ ਬਾਹਰ ਨਿਕਲਣ ਲੱਗੇ। ਡਾਕਗੱਡੀ ਵੀ ਪਲੇਟਫਾਰਮ ਤੋਂ ਖਿਸਕਦੀ ਹੋਈ ਤੁਰਨ ਲੱਗੀ ਅਤੇ ਉਹਦੀ ਗੜਗੜਾਹਟ ਤੇ ਧਮਕ ਥੋੜ੍ਹੇ ਪਲਾਂ ਵਿਚ ਘੱਟ ਕੇ ਖਮੋਸ਼ੀ 'ਚ ਡੁੱਬ ਗਈ।

ਮੁਸਾਫਰ ਖਾਨੇ 'ਚ ਭੀੜ ਵੱਧਦੀ ਦੇਖ ਕੇ ਕਾਲ਼ੀ ਨੇ ਚਾਹ ਦਾ ਆਖਰੀ ਘੁੱਟ ਕਾਹਲ਼ੀ ਨਾਲ਼ ਭਰਿਆ ਤੇ ਖਾਲੀ ਕੱਪ ਚਾਹ ਵਾਲੇ ਦੇ ਪੈਰਾਂ ਕੋਲ ਰੱਖ ਕੇ ਬੈਂਚ 'ਤੇ ਜਾ ਬੈਠਾ। ਇੱਕ ਆਦਮੀ ਨੂੰ ਬੈਂਚ ਵੱਲ ਆਉਂਦਾ ਦੇਖ ਕੇ ਕਾਲ਼ੀ ਚੌੜਾ ਹੋ ਕੇ ਬੈਠ ਗਿਆ ਤੇ ਪਿੱਠ ਪਿੱਛੇ ਨੂੰ ਹੋ ਕੇ ਫੱਟੇ ਨਾਲ਼ ਟਿਕਾ ਲਈ। ਬੈਂਚ ਤੇ ਆਪਣਾ ਕਬਜ਼ਾ ਜਮਾਉਂਣ ਲਈ ਉਹਨੇ ਲੱਤਾਂ ਅੱਧੀਆਂ ਕੁ ਪਸਾਰ ਕੇ ਉੱਪਰ ਚਾਦਰ ਲੈ ਲਈ।

ਪਲੇਟਫਾਰਮ ਤੋਂ ਮੰਗਦੇ ਹੋਏ ਮੰਗਤੇ ਤੇ ਮੰਗਤੀਆਂ ਮੁਸਾਫਰਖਾਨੇ 'ਚ ਆ ਵੜੇ। ਉਨ੍ਹਾਂ 'ਚ ਬੁੜੇ, ਬੁੜੀਆਂ, ਜਵਾਨ ਤੇ ਬੱਚੇ ਵੀ ਸਨ।

ਉਹ ਵੱਖਰੇ ਵੱਖਰੇ ਟੋਲੇ ਬਣਾ ਕੇ ਦਿਨ ਭਰ ਦੀ ਕਮਾਈ ਦਾ ਹਿਸਾਬ ਕਰਨ ਲੱਗੇ। ਉਹ ਕਦੀ ਕਦੀ ਆਪਸ ਵਿਚ ਲੜ ਪੈਂਦੇ ਤੇ ਬਹਿਸ ਕਰਨ ਲੱਗ ਜਾਂਦੇ।

ਕੁੱਝ ਬੁੱਢੇ ਮੰਗਤੇ ਤੇ ਮੰਗਤੀਆਂ ਨੇ ਆਪਣੀਆਂ ਮੈਲੀਆਂ ਕੁਚੈਲੀਆਂ ਤੇ ਪੁਰਾਣੀਆਂ ਪਾਟੀਆਂ ਹੋਈਆਂ ਚਾਦਰਾਂ ਕੱਢ ਕੇ ਵਿਛਾ ਲਈਆਂ ਤਾਂ ਕਿ ਤੜਕੇ ਆਉਣ ਜਾਣ ਵਾਲ਼ੀਆ ਗੱਡੀਆਂ ਵਿਚ ਵੀ ਭੀਖ ਮੰਗ ਸਕਣ। ਸੌਣ ਤੋਂ ਪਹਿਲਾਂ ਉਨ੍ਹਾਂ ਨੇ ਪੈਸਿਆਂ ਦੀਆਂ ਗੁੱਥਲੀਆਂ ਨੂੰ ਚੰਗੀ ਤਰ੍ਹਾਂ ਟੋਹ ਕੇ ਦੇਖਿਆ। ਜਨਾਨੀਆਂ ਨੇ ਆਪਣੀਆਂ ਆਪਣੀਆਂ ਗੁੱਥਲੀਆਂ ਨੇਫਿਆਂ ਨਾਲ਼ ਬੰਨ੍ਹ ਲਈਆਂ ਤੇ ਆਦਮੀਆਂ ਨੇ ਪਾਟੇ ਹੋਏ ਕੁੜਤਿਆਂ ਦੀਆਂ ਅੰਦਰਲੀਆਂ ਜੇਬਾਂ ਨਾਲ਼ ਬਕਸੂਏ ਲਾ ਕੇ ਬੰਨ ਲਈਆਂ।

ਕੁੱਝ ਨੌਜੁਆਨ ਮੰਗਤੇ ਇੱਕ ਕੋਨੇ ਵਿਚ ਬੈਠੇ ਤਾਸ਼ ਲੈ ਕੇ ਜੂਆ ਖੇਡਣ ਲੱਗੇ ਤੇ ਕੁੱਝ ਸਟੇਸ਼ਨ ਦੇ ਬਾਹਰ ਰੇਲਵੇ ਰੋਡ 'ਤੇ ਠੇਕਾ ਸ਼ਰਾਬ ਦੇਸੀ ਵੱਲ ਨੂੰ ਤੁਰ ਪਏ।

ਮੁਟਿਆਰ ਮੰਗਤੀਆਂ ਨੇ ਆਪਣੀਆਂ ਚਾਦਰਾਂ ਬਜ਼ੁਰਗ ਮੰਗਤੀਆਂ ਦੇ ਵਿਚਾਲੇ ਵਿਛਾ ਲਈਆਂ ਤੇ ਆਪਸ ਵਿਚ ਹੌਲੀ ਹੌਲੀ ਗੱਲਾਂ ਕਰਨ ਲੱਗੀਆਂ। ਕਦੀ ਕਦੀ ਉਹ ਆਪਣੇ ਮੂੰਹਾਂ 'ਤੇ ਹੱਥ ਰੱਖ ਕੇ ਆਪਣੇ ਹਾਸੇ ਨੂੰ ਰੋਕਦੀਆਂ ਇੱਕ ਦੂਜੀ ਨਾਲ਼ ਚੁੰਬੜ ਜਾਂਦੀਆਂ।

ਕਾਲ਼ੀ ਅਜੇ ਨਿਸਚਿੰਤ ਹੋ ਕੇ ਬੈਂਚ 'ਤੇ ਲੰਮਾ ਪਿਆ ਹੀ ਸੀ ਕਿ ਪਲੇਟਫਾਰਮ ਤੇ ਮੁਸਾਫਰ ਖਾਨੇ ਵਿਚ ਵੱਡੇ ਗੇਟ ਰਾਹੀਂ ਦੋ ਸਿਪਾਹੀ ਤੇ ਹਵਾਲਦਾਰ ਦਾਖਲ ਹੋਏ। ਹਵਾਲਦਾਰ ਕੋਲ਼ ਗਜ਼ ਭਰ ਲੰਮੀ ਬੈਂਤ ਦੀ ਸੋਟੀ ਤੇ ਸਿਪਾਹੀਆ ਨੇ ਲਾਠੀਆਂ ਫੜੀਆਂ ਹੋਈਆਂ ਸਨ। ਹਵਾਲਦਾਰ ਦੇ ਨਾਲ਼ ਇੱਕ ਆਦਮੀ ਹੋਰ ਵੀ ਸੀ। ਉਹਦੇ ਇੱਕ ਹੱਥ ਵਿਚ ਛੋਟਾ ਜਿਹਾ ਟਰੰਕ ਤੇ ਕੱਛ 'ਚ ਝੋਲ਼ਾ ਸੀ।

ਹਵਾਲਦਾਰ ਨੇ ਮੁਸਾਫਰ ਖਾਨੇ ਵਿਚ ਚਾਰੇ ਪਾਸੇ ਦੇਖਿਆ। ਸਾਰੀਆਂ ਬੈਚਾਂ ਭਰੀਆਂ

ਪਈਆਂ ਸਨ। ਫਰਸ਼ ਤੇ ਲੋਕ ਸੁੱਤੇ ਪਏ ਸਨ ਤੇ ਕੁੱਝ ਬੈਠੇ ਗੱਪਾਂ ਮਾਰ ਰਹੇ ਸਨ।

"ਇਹ ਮੁਸਾਫਰ ਖਾਨਾ ਹੈ ਜਾਂ ਸਰਾਂ ?" ਹਵਾਲਦਾਰ ਰਾਤ ਨੂੰ ਉਥੇ ਇੰਨੀ ਭੀੜ ਦੇਖ ਕੇ ਖਿੱਝ ਗਿਆ। ਉਹ ਇੱਕ ਬੈਂਚ ਕੋਲ ਗਿਆ ਤੇ ਉਸ ਤੇ ਲੰਮੇ ਪਏ ਆਦਮੀ ਨੂੰ ਡੰਡੇ ਨਾਲ਼ ਹਿਲਾ ਕੇ ਉਠਾ ਦਿਤਾ। " ਇਥੇ ਕਿਉ ਪਿਆ ਆਂ ?"

"ਸਵੇਰੇ ਤੜਕੇ ਦੀ ਗੱਡੀ ਲੈਣੀ ਹੈ, ਹੁਸ਼ਿਆਰਪੁਰ ਜਾਣ ਲਈ।"

"ਗੱਡੀ ਤੜਕੇ ਨੂੰ ਲੈਣੀ ਆਂ ਤੇ ਡੇਰਾ ਹੁਣੇ ਲਾ ਕੇ ਬਹਿ ਗਿਆ ?"

"ਅੰਮ੍ਰਿਤਸਰ ਤੋਂ ਆਇਆਂ।ਐਸ ਵੇਲੇ ਹੁਸ਼ਿਆਰਪੁਰ ਨੂੰ ਕੋਈ ਗੱਡੀ ਨਹੀਂ ਜਾਂਦੀ।"

"ਟਿਕਟ ਕਿੱਥੇ ਆ ?" ਹਵਾਲਦਾਰ ਨੇ ਰੋਹਬ ਨਾਲ਼ ਪੁੱਛਿਆ।

"ਟਿਕਟ ਹੈ।" ਸਵਾਰੀ ਨੇ ਜੇਬ 'ਚੋਂ ਰੁਮਾਲ ਕੱਢਿਆ ਤੇ ਗੰਢ ਖੋਲ ਕੇ ਉਸ ਵਿਚੋਂ ਟਿਕਟ ਕੱਢ ਕੇ ਹਵਾਲਦਾਰ ਨੂੰ ਫੜਾ ਦਿਤਾ।

ਹਵਾਲਦਾਰ ਨੇ ਟਿਕਟ ਦੇਖ ਕੇ ਸਵਾਰੀ ਨੂੰ ਮੋੜ ਦਿੱਤਾ ਤੇ ਸਿਪਾਹੀਆਂ ਵੱਲ ਨੂੰ ਚਲੇ ਗਿਆ। "ਮੁਸਾਫਰਖਾਨੇ 'ਚ ਹਰ ਆਦਮੀ ਦਾ ਟਿਕਟ ਚੈੱਕ ਕਰੋ।"

ਸਿਪਾਹੀ ਬੈਂਚਾਂ ਉੱਪਰ ਪਏ ਤੇ ਬੈਠੇ ਲੋਕਾਂ ਵੱਲ ਨੂੰ ਚਲੇ ਗਏ। ਉਨ੍ਹਾਂ ਨੂੰ ਦੇਖ ਕੇ ਕਾਲ਼ੀ ਘਬਰਾ ਗਿਆ। ਹਵਾਲਦਾਰ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹਦਾ ਮੂੰਹ ਪੀਲ਼ਾ ਹੋ ਗਿਆ ਤੇ ਉਹ ਹੌਲੀ ਜਿਹੇ ਚਾਦਰ ਲਪੇਟ ਕੇ ਬੈਂਚ ਦੇ ਇੱਕ ਪਾਸੇ ਨੂੰ ਸਰਕ ਗਿਆ।

"ਟਿਕਟ ਦਿਖਾਉ ?" ਹਵਾਲਦਾਰ ਦੀ ਕੜਕਦੀ ਅਵਾਜ਼ ਸੁਣ ਕੇ ਕਾਲ਼ੀ ਦੀ ਘਿੱਗੀ ਬੱਝ ਗਈ ਤੇ ਉਹਨੇ ਹੱਥ ਜੋੜ ਕੇ ਨਾਂਹ 'ਚ ਸਿਰ ਹਿਲਾਇਆ।

"ਮੁਸਾਫਰਖਾਨਾ ਤੇਰੇ ਨਾਨਕਿਆਂ ਦਾ ਘਰ ਆ। ਚੱਲ ਦੌੜ ਇੱਥੋਂ।" ਹਵਾਲਦਾਰ ਨੇ ਆਪਣਾ ਡੰਡਾ ਕਾਲ਼ੀ ਵੱਲ ਨੂੰ ਘੁਮਾਇਆ।

ਕਾਲ਼ੀ ਚਾਦਰ ਸੰਭਾਲਦਾ ਦੌੜ ਗਿਆ ਤੇ ਹਵਾਲਦਾਰ ਨੇ ਸਿਪਾਹੀਆਂ ਨੂੰ ਹਾਕ ਮਾਰੀ, ਜਿਹਦੇ ਕੋਲ਼ ਟਿਕਟ ਨਹੀਂ ਉਹਨੂੰ ਧੱਕੇ ਦੇ ਕੇ ਬਾਹਰ ਕੱਢ ਦਿਉ।"

ਫੇਰ ਉਹਨੇ ਆਪਣੇ ਨਾਲ਼ ਆਏ ਆਦਮੀ ਵੱਲ ਦੇਖਿਆ ਤੇ ਕਿਹਾ, "ਆਪਣਾ ਸਮਾਨ ਰੱਖ ਤੇ ਪੂਰੇ ਬੈਂਚ ਨੂੰ ਸੰਭਾਲ ਲੈ। ਲੱਤਾਂ ਪਸਾਰ ਕੇ ਚੰਗੀ ਤਰ੍ਹਾਂ ਨੀਂਦ ਪੂਰੀ ਕਰ।" ਹਵਾਲਦਾਰ ਮੁੱਛਾਂ ਨੂੰ ਉਂਗਲੀਆਂ ਨਾਲ਼ ਵੱਟ ਦੇਣ ਲੱਗਾ।

"ਬਹੁਤ ਬਹੁਤ ਧੰਨਵਾਦ।" ਆਦਮੀ ਨੇ ਆਪਣੇ ਹੱਥ ਤੇ ਕੱਛ ਵਾਲਾ ਸਮਾਨ ਬੈਂਚ 'ਤੇ ਟਿਕਾ ਦਿੱਤਾ ਤੇ ਆਪ ਚਾਹ ਵਾਲੀ ਰੇਡੀ ਵੱਲ ਨੂੰ ਤੁਰ ਪਿਆ।

"ਨਿੱਕੇ, ਚਾਹ ਸੁਹਣੀ ਬਣਾਈ।ਮੇਰਾ ਪੁਰਾਣਾ ਦੋਸਤ ਹੈ।" ਹਵਾਲਦਾਰ ਨੇ ਆਪਣੇ ਸਾਥੀ ਵੱਲ ਇਸ਼ਾਰਾ ਕੀਤਾ, "ਇਹਨੂੰ ਸ਼ਿਕਾਇਤ ਨਾ ਹੋਵੇ ਕਿ ਹਵਾਲਦਾਰੀ ਦੇ ਬਾਵਜੂਦ ਵੀ ਕੱਚੀ ਚਾਹ ਪਿਲਾਈ ਆ।"

"ਬਾਦਸ਼ਾਹੋ, ਕੀ ਗੱਲ ਕਰਦੇ ਆਂ।" ਹਵਾਲਦਾਰ ਦੇ ਆਦਮੀ ਨੇ ਹੱਸਦਿਆਂ ਕਿਹਾ, "ਜਦ ਸੌਣ ਲਈ ਸਾਰਾ ਬੈਂਚ ਦੇ ਦਿੱਤਾ ਤਾਂ ਚਾਹ ਕਿੱਦਾਂ ਘਟੀਆ ਹੋ ਸਕਦੀ ਆ ?"

"ਯਾਰ, ਤੂੰ ਇਕ ਵਾਰ ਕਹਿ ਕੇ ਤਾਂ ਦੇਖ। ਸਾਰਾ ਮੁਸਾਫਰ ਖਾਨਾ ਖਾਲੀ ਕਰਾ

ਦੇਵਾਂਗਾ।" ਹਵਾਲਦਾਰ ਨੇ ਆਪਣੇ ਸੱਜੇ ਮੋਢੇ 'ਤੇ ਲੱਗੇ ਤਿੰਨ ਫੀਤਿਆਂ ਵੱਲ ਇਸ਼ਾਰਾ ਕੀਤਾ।

"ਬਾਦਸ਼ਾਹੋ, ਮਾਲਕ ਆਂ ਤੁਸੀਂ, ਮਾਲਕ।" ਹਵਾਲਦਾਰ ਦੇ ਸਾਥੀ ਨੇ ਸਿਫਤ ਕਰਦਿਆਂ ਮੁਸਕਰਾਇਆ।

ਚਾਹ ਪੀ ਕੇ ਹਵਾਲਦਾਰ ਨੇ ਸਿਪਾਹੀਆ ਨਾਲ਼ ਮੁਸਾਫਰ ਖਾਨੇ ਦਾ ਚੱਕਰ ਲਾਇਆ। ਇਕ ਕੋਨੇ 'ਚ ਜੂਆ ਖੇਲ ਰਹੇ ਨੌਜੁਆਨ ਮੰਗਤੇ ਆਪਣੇ ਪੱਤੇ ਕੱਠੇ ਕਰਕੇ ਹੌਲ਼ੀ ਜਿਹੇ ਖਿਸਕਣ ਲੱਗੇ ਸੀ। ਪਰ ਹਵਾਲਦਾਰ ਨੇ ਉਨ੍ਹਾਂ ਨੂੰ ਦੇਖ ਲਿਆ। ਉਹਨੇ ਆਪਣਾ ਡੰਡਾ ਹਵਾ 'ਚ ਘੁਮਾਂਉਦਿਆਂ ਸਿਪਾਹੀਆਂ ਨੂੰ ਹੁਕਮ ਦਿੱਤਾ, "ਫੜੋ ਸਾਲ਼ਿਆਂ ਨੂੰ, ਮੁਸਾਫਰ ਖਾਨੇ ਨੂੰ ਜੂਆ ਘਰ ਬਣਾ ਰੱਖਿਆ ਇਹਨਾਂ ਨੇ।" ਸਿਪਾਹੀਆਂ ਨੇ ਅਗਾਂਹ ਹੋ ਕੇ ਫਰਸ਼ 'ਤੇ ਲਾਠੀਆਂ ਮਾਰੀਆਂ ਤਾਂ ਮੰਗਤੇ ਦੌੜ ਕੇ ਹਨੇਰੇ 'ਚ ਲੁਕ ਗਏ।

ਬੁੱਢੇ ਮੰਗਤੇ ਤੇ ਮੰਗਤੀਆਂ ਆਪਣਾ ਨੰਗੇਜ਼ ਢਕਣ ਲਈ ਮੈਲ਼ੀਆਂ ਤੇ ਪਾਟੀਆਂ ਪੁਰਾਣੀਆਂ ਚਾਦਰਾਂ ਆਪਣੇ ਦੁਆਲੇ ਲਪੇਟਣ ਲੱਗੇ। ਜੁਆਨ ਮੰਗਤੀਆਂ ਆਪਣੇ ਸਰੀਰਾਂ ਨੂੰ ਇਕੱਠਾ ਕਰਕੇ ਸੁੰਗੜ ਗਈਆਂ।

"ਤੁਸੀਂ ਇਥੇ ਕੀ ਕਰਦੇ ਆਂ। ਦੌੜੋ ਇੱਥੋਂ ?" ਹਵਾਲਦਾਰ ਨੇ ਮੰਗਤਿਆਂ ਵੱਲ ਨੂੰ ਡੰਡਾ ਘੁਮਾਇਆ।

"ਸਰਕਾਰ ਲੱਕ ਸਿੱਧਾ ਕਰ ਰਹੇ ਹਾਂ।" ਸਭ ਤੋਂ ਜ਼ਿਆਦਾ ਬੁੱਢੇ ਮੰਗਤੇ ਨੇ ਲੇਲੜੀਆਂ ਲੈਂਦੇ ਹੋਏ ਹੱਥ ਜੋੜੇ।

"ਕਿਉਂ ? ਸਾਰਾ ਦਿਨ ਕੱਸੀ ਚਲਾਉਦੇ ਰਹੇ ਆਂ, ਜਿਹੜੀ ਥਕਾਵਟ ਹੋ ਗਈ। ਲੱਕ ਆਕੜ ਗਿਆ ਇਨ੍ਹਾਂ ਦਾ। ...ਉੱਠੋ ਇੱਥੋਂ। ਸਾਲੇ ਦਿਨ ਨੂੰ ਮੰਗਦੇ ਫਿਰਦੇ ਆ ਰਾਤ ਨੂੰ ਚੋਰੀਆਂ ਕਰਦੇ ਆ, ਡਾਕੇ ਮਾਰਦੇ ਆ।" ਹਵਾਲਦਾਰ ਨੇ ਦੰਦ ਪੀਹਦਿਆਂ ਕਿਹਾ।

"ਸਰਕਾਰ, ਡਾਕੇ-ਚੋਰੀਆਂ ਕਰਨ ਜੋਗੇ ਹੁੰਦੇ ਤਾਂ ਸਾਰਿਆਂ ਮੋਹਰੇ ਹੱਥ ਕਿਉਂ ਅੱਡਦੇ ਸਭ ਦਾ ਭਲਾ ਕਿਉਂ ਮੰਗਦੇ।"

"ਬਕਬਾਸ ਬੰਦ ਕਰ।" ਹਵਾਲਦਾਰ ਨੇ ਜ਼ੋਰ ਨਾਲ਼ ਡੰਡਾ ਘੁਮਾਇਆ।

ਫਿਰ ਉਹਨੇ ਇਕ ਜੁਆਨ ਮੰਗਤੀ ਨੂੰ ਖੁੱਚ ਖੁਰਕਦਿਆਂ ਦੇਖਿਆ ਤੇ ਬੁੱਲਾਂ ਉਤੇ ਜੀਭ ਫੇਰਦਾ ਹੋਇਆ ਭੜਕਿਆ। "ਇਹਨੂੰ ਦੇਖ, ਇਹਦੇ ਲੋੜ ਤੋਂ ਜ਼ਿਆਦਾ ਹੀ ਖਾਜ ਹੁੰਦੀ ਆ।"

ਹਵਾਲਦਾਰ ਨੇ ਦੋਨਾਂ ਸਿਪਾਹੀਆਂ ਨੂੰ ਹਾਕ ਮਾਰੀ, ਇਨ੍ਹਾਂ ਨੂੰ ਕੱਢੋ ਇੱਥੋਂ। ਜਦੋਂ ਦਾ ਇਨ੍ਹਾਂ ਨੇ ਮੁਸਾਫਰ ਖਾਨੇ ਨੂੰ ਆਪਣਾ ਰੈਣ-ਬਸੇਰਾ ਬਣਾਇਆ ਹੈ, ਥਾਣੇ ਵਿਚ ਚੋਰੀ ਦੀਆਂ ਵਾਰਦਾਤਾਂ 'ਚ ਬਹੁਤ ਵਾਧਾ ਹੋ ਗਿਆ ਹੈ।"

ਦੋਨੋ ਸਿਪਾਹੀ ਝਿੜਕੇ ਮਾਰਦੇ ਮੰਗਤੇ ਤੇ ਮੰਗਤੀਆਂ ਦੇ ਕਪੜੇ ਖਿੱਚਣ ਲੱਗੇ ਤਾਂ ਮੰਗਤੇ ਉਠ ਕੇ ਤੁਰ ਪਏ। "ਕਹਿਰ ਮਾਲਿਕ ਦਾ।" ਇੱਕ ਬੁੱਢੇ ਮੰਗਤੇ ਨੇ ਹਵਾਲਦਾਰ ਵੱਲ ਹੱਥ ਕਰਕੇ ਕਿਹਾ। "ਸਰਕਾਰ ਮਰੇ ਨੂੰ ਮਾਰ ਕੇ ਕਾਹਦੀ ਬਹਾਦਰੀ। ਅਸੀਂ ਤਾਂ ਪਹਿਲਾਂ ਹੀ ਮਰੇ

ਹੋਏ ਹਾਂ।"

ਮੰਗਤੇ ਤੇ ਮੰਗਤੀਆਂ ਬੁੜ ਬੁੜ ਕਰਦੇ ਮੁਸਾਫਰ ਖਾਨੇ ਤੋਂ ਬਾਹਰ ਨਿਕਲ ਕੇ ਬਾਹਰਲੀ ਕੰਧ ਦੇ ਕੋਲ ਖੜ੍ਹ ਗਏ। "ਬੈਠ ਜਾਉ ਇਥੇ।"

"ਇਥੇ ਬਾਹਰ ਹੀ ?" ਇੱਕ ਮੁਟਿਆਰ ਮੰਗਤੀ ਨੇ ਕਿਹਾ।

"ਇਨ੍ਹਾਂ ਨੂੰ ਜਾ ਲੈਣ ਦਿਉ। ਫੇਰ ਅੰਦਰ ਚਲੇ ਜਾਵਾਂਗੇ।"

ਸਟੇਸ਼ਨ ਦੇ ਸਾਹਮਣੇ ਵਾਲੀ ਥਾਂ ਖਾਲੀ ਹੋ ਗਈ ਸੀ। ਤਾਂਗਿਆਂ ਦੀ ਟਾਪ, ਘੁੰਗਰੂਆਂ ਦੀ ਛਣਛਣਾਹਟ ਤੇ ਛੈਂਟੇ ਦੀ ਛਾਂ ... ਛਾਂ ... ਦੀ ਅਵਾਜ਼ਾਂ ਦੂਰ ਚਲੇ ਗਇਆਂ ਸਨ। ਕੁਲੀ ਵੀ ਆਪਣੀ ਦਿਨ ਭਰ ਦੀ ਕਮਾਈ ਸੰਭਾਲ ਕੇ ਆਪਣੇ ਆਪਣੇ ਘਰਾਂ ਨੂੰ ਜਾ ਰਹੇ ਸਨ।

ਗੱਡੀ ਤੇ ਮੁਸਾਫਰਾਂ ਦੇ ਜਾਣ ਤੋਂ ਬਾਅਦ ਰੇਲਵੇ ਸਟੇਸ਼ਨ ਬਿਲਕੁਲ ਸੁੰਨਸਾਨ ਹੋ ਗਿਆ ਸੀ। ਸਾਹਮਣੇ ਤੋਂ ਕਈ ਕੁੱਤੇ ਆਏ ਤੇ ਪੂਛ ਚੱਕੀ, ਹੌਂਕਦੇ ਹੋਏ ਪਲੇਟਫਾਰਮ ਵੱਲ ਚਲੇ ਗਏ। ਸਟੇਸ਼ਨ ਦੇ ਸੱਜੇ ਪਾਸੇ ਬੱਸ ਅੱਡੇ ਕੋਲ਼ ਦੀਆਂ ਦੁਕਾਨਾਂ ਵੀ ਬੰਦ ਹੋ ਰਹੀਆਂ ਸਨ।

ਸੜਕ ਦੀ ਰੌਣਕ ਵੀ ਘੱਟ ਗਈ ਤਾਂ ਕਾਲ਼ੀ ਵੀ ਆਪਣੀ ਜਗ੍ਹਾ ਤੋਂ ਹਿਲਿਆ। ਉਹਦੇ ਕਦਮ ਮੁਸਾਫਰ ਖਾਨੇ ਵੱਲ ਵਧਣ ਲੱਗੇ ਪਰ ਉਹ ਉਹਨੀਂ ਪੈਰੀਂ ਹੀ ਮੁੜ ਆਇਆ ਕਿਉਂਕਿ ਸਿਪਾਹੀਆਂ ਨਾਲ਼ ਨਵਾਂ ਹਵਾਲਦਾਰ ਉਥੇ ਬੈਠਾ ਚਾਹ ਪੀ ਰਿਹਾ ਸੀ।

ਕਾਲ਼ੀ ਬੱਸ ਅੱਡੇ ਵੱਲ ਆ ਗਿਆ। ਹੌਲ਼ੀ ਹੌਲ਼ੀ ਪੈਰ ਚੁੱਕਦਾ ਉਹ ਬੰਦ ਦੁਕਾਨਾਂ ਦੇ ਨੇੜੇ ਆ ਗਿਆ। ਦੁਕਾਨਾਂ ਦੇ ਸਾਹਮਣੇ ਪਈਆਂ ਬੈਚਾਂ ਖਾਲੀ ਸਨ। ਕਾਲ਼ੀ ਨੇ ਰਾਤ ਉਨਾਂ ਬੈਚਾਂ 'ਤੇ ਸੌਂ ਕੇ ਗੁਜ਼ਾਰਨ ਬਾਰੇ ਸੋਚਿਆ।

ਉਹ ਅਜੇ ਬੈਂਚ ਤੋਂ ਥੋੜ੍ਹੀ ਦੂਰ ਹੀ ਗਿਆ ਸੀ ਕਿ ਠੰਡੀ ਹੋ ਰਹੀ ਭੱਠੀ ਲਾਗਿਉ ਇਕ ਕੁੱਤਾ ਨਿਕਲਿਆ ਤੇ ਟੱਪ ਟੱਪ ਕੇ ਉਹਨੂੰ ਭੌਂਕਣ ਲੱਗਾ। ਪਲ ਕੁ ਪਿਛੋਂ ਕਈ ਹੋਰ ਕੁੱਤੇ ਭੌਂਕਦੇ ਹੋਏ ਆ ਗਏ ਤੇ ਕਾਲ਼ੀ ਦੁਆਲੇ ਘੁਮੇਰੇ ਕੱਢਣ ਲੱਗੇ।

ਕੁੱਤਿਆਂ ਤੋਂ ਬਚਦਾ ਬਚਾਂਦਾ ਕਾਲ਼ੀ ਦੁਕਾਨਾਂ ਕੋਲੋਂ ਬੱਸ ਅੱਡੇ ਵੱਲ ਆ ਗਿਆ। ਉਹਨੇ ਸੋਚਿਆ ਕਿ ਸ਼ਹਿਰ ਦਾ ਕੁੱਤਾ ਤਾਂ ਕੁੱਤੇ ਦਾ ਮਦਦਗਾਰ ਹੈ ਪਰ ਆਦਮੀ ਨਹੀਂ।

ਆਪਣੇ ਇਕੱਲੇਪਣ ਕਰਕੇ ਕਾਲ਼ੀ ਉਦਾਸ ਹੋ ਗਿਆ ਤੇ ਬੱਸ ਅੱਡੇ ਦੇ ਖਾਲੀ ਬਰਾਂਡੇ ਦੇ ਇਕ ਕੋਨੇ ਵਿਚ ਚਾਦਰ ਵਿਛਾ ਕੇ ਲੰਮਾ ਪੈ ਗਿਆ ਤੇ ਆਉਣ ਵਾਲੀ ਸਵੇਰ ਬਾਰੇ ਸੋਚਣ ਲੱਗਾ।

## ਦੋ

ਰੇਲਵੇ ਸਟੇਸ਼ਨ 'ਤੇ ਤੜਕੇ ਦੀਆਂ ਗੱਡੀਆਂ ਦੇ ਰੌਲ਼ੇ ਕਰਕੇ ਕਾਲ਼ੀ ਦੀ ਅੱਖ ਸੁਵੱਖਤੇ ਖੁੱਲ ਗਈ। ਕਈਆਂ ਦਿਨਾਂ ਦੀ ਥਕਾਵਟ ਤੇ ਦਿਮਾਗੀ ਪਰੇਸ਼ਾਨੀ ਤੋਂ ਬਾਅਦ ਉਹ ਆਪਣੇ ਆਪ ਨੂੰ ਕਿਸੇ ਹੱਦ ਤੱਕ ਹਲਕਾ ਤੇ ਤੰਦਰੁਸਤ ਮਹਿਸੂਸ ਕਰ ਰਿਹਾ ਸੀ। ਜਦ ਉਹਨੂੰ ਅੱਡੇ ਦੇ ਪਿਛਵਾੜੇ ਵਲੋਂ ਕੁੱਝ ਅਵਾਜ਼ਾਂ ਸੁਣਾਈ ਦਿੱਤੀਆਂ ਤਾਂ ਉਹ ਘਬਰਾ ਗਿਆ ਤੇ ਦੱਬੇ

ਪੈਰੀਂ ਸੜਕ ਦੇ ਕੰਢੇ ਆ ਕੇ ਖੜ੍ਹ ਗਿਆ।

ਥੋੜ੍ਹੇ ਹੀ ਸਮੇਂ ਬਾਅਦ ਅੱਡੇ ਦੇ ਪਿਛਵਾੜਿਉਂ ਚਾਰ ਆਦਮੀ ਗੱਲਾਂ ਕਰਦੇ ਹੋਏ ਅੰਦਰਲੇ ਦਰਵਾਜ਼ੇ ਰਾਹੀਂ ਬਾਹਰ ਖੁੱਲੇ ਵਿਹੜੇ ਵਿਚ ਆ ਗਏ। ਉਨ੍ਹਾਂ ਨੇ ਇੱਕ ਕੋਨੇ ਵਿਚ ਪਈਆਂ ਖਾਲੀ ਬੋਤਲਾਂ ਚੁੱਕੀਆਂ ਤੇ ਨਲ਼ਕੇ ਤੋਂ ਪਾਣੀ ਨਾਲ਼ ਭਰ ਕੇ ਰੇਲਵੇ ਸਟੇਸ਼ਨ ਦੀ ਬਾਹਰਲੀ ਕੰਧ ਦੇ ਨਾਲ਼ ਤੁਰਦੇ ਹੋਏ ਰੇਲਵੇ ਰੋਡ ਵੱਲ ਚਲੇ ਗਏ। ਪਰ ਕੁੱਝ ਲੋਕ ਖਾਲੀ ਹੱਥੀਂ ਹੀ ਬੱਸ ਅੱਡੇ ਦੀ ਪਿਛਲੀ ਛੋਟੀ ਕੰਧ ਟੱਪ ਕੇ ਢਲਾਨ ਵਿਚ ਉੱਤਰ ਗਏ।

ਕਾਲ਼ੀ ਵੀ ਕੰਧ ਟੱਪ ਕੇ ਉਨ੍ਹਾਂ ਦੇ ਪਿੱਛੇ ਪਿੱਛੇ ਤੁਰਨ ਲੱਗਾ। ਉਹ ਛੇਤੀ ਹੀ ਖੁੱਲੀ ਜਗ੍ਹਾ 'ਚ ਪਹੁੰਚ ਗਿਆ। ਉਥੇ ਸੈਂਕੜੇ ਹੀ ਲੋਕ ਜੰਗਲ-ਪਾਣੀ ਬੈਠੇ ਸਨ। ਕਾਲ਼ੀ ਵੀ ਬਚਦਾ ਬਚਦਾ ਹੌਲ਼ੀ ਜਿਹੇ ਇੱਕ ਖਾਲੀ ਥਾਂ ਜਾ ਬੈਠਾ। ਉਥੋਂ ਉਠ ਕੇ ਉਹ ਛੱਪੜ ਵੱਲ ਨੂੰ ਚਲਾ ਗਿਆ।

ਉਹ ਆਪਣੇ ਆਪ ਨੂੰ ਹੋਰ ਵੀ ਹਲਕਾ ਮਹਿਸੂਸ ਕਰਨ ਲੱਗਾ ਕਿਉਂਕਿ ਇੱਕ ਅਣਜਾਣ ਜਗ੍ਹਾ 'ਚ ਸਵੇਰ ਦੀ ਇੱਕ ਬਹੁਤ ਵੱਡੀ ਜ਼ਰੂਰਤ ਅਸਾਨੀ ਨਾਲ਼ ਪੂਰੀ ਹੋ ਗਈ ਸੀ। ਉਹ ਕੰਧ ਟੱਪ ਕੇ ਅੱਡੇ ਦੇ ਅੰਦਰ ਆ ਗਿਆ। ਦੋ ਬੱਸਾਂ ਖੁੱਲੇ ਵਿਹੜੇ ਵਿਚ ਖੜੀਆਂ ਸਨ। ਡਰਾਈਵਰ ਇੰਜ਼ਨ ਨੂੰ ਸਟਾਰਟ ਕਰਨ ਲੱਗੇ ਹੋਏ ਸਨ ਜਦ ਕਿ ਕਲੀਨਰ ਕਪੜੇ ਨਾਲ਼ ਬੱਸ ਨੂੰ ਬਾਹਰੋਂ ਝਾੜ ਪੂੰਝ ਰਹੇ ਸਨ।

ਬੱਸ ਅੱਡੇ ਦੇ ਨਾਲ਼ ਰੇਲਵੇ ਰੋਡ 'ਤੇ ਹਲਵਾਈਆਂ ਦੀਆਂ ਦੁਕਾਨਾਂ 'ਤੇ ਅੰਗੀਠੀਆਂ ਬੱਲ ਰਹੀਆਂ ਸਨ ਤੇ ਸਫਾਈ ਦੇ ਬਾਅਦ ਸਮਾਨ ਨੂੰ ਚੰਗੀ ਤਰ੍ਹਾਂ ਟਿਕਾਇਆ ਜਾ ਰਿਹਾ ਸੀ।

ਬੱਸਾਂ ਦੀ ਸਫਾਈ ਤੋਂ ਬਾਅਦ ਡਰਾਈਵਰ ਤੇ ਕਲੀਨਰ ਦੁਕਾਨਾਂ ਵਿਚ ਜਾ ਬੈਠੇ ਤਾਂ ਆਪਣੇ ਚਾਰੇ ਪਾਸੇ ਦੇਖਦਾ ਹੋਇਆ ਕਾਲ਼ੀ ਨਲ਼ਕੇ ਵੱਲ ਇਦਾਂ ਜਾਣ ਲੱਗਾ ਜਿਵੇਂ ਚੋਰੀ ਕਰਨ ਜਾ ਰਿਹਾ ਹੋਵੇ। ਉਹਦਾ ਜੀਅ ਕੀਤਾ ਕਿ ਉਹ ਨਹਾ ਲਵੇ ਤਾਂ ਜੋ ਸਰੀਰ ਹੋਰ ਵੀ ਹਲਕਾ ਹੋ ਜਾਵੇ। ਲੇਕਿਨ ਉਹਨੇ ਇਰਾਦਾ ਬਦਲ ਲਿਆ ਕਿ ਪਤਾ ਨਹੀਂ ਜੇ ਬਾਹਰ ਦੇ ਲੋਕਾਂ ਨੂੰ ਬੱਸ ਅੱਡੇ ਦੇ ਨਲਕੇ 'ਤੇ ਨਾਉਣ ਧੋਣ ਦੀ ਇਜਾਜ਼ਤ ਹੈ ਜਾਂ ਨਹੀਂ।

ਮੂੰਹ ਹੱਥ ਧੋ ਕਾਲ਼ੀ ਖਾਲੀ ਬੱਸਾਂ ਦੇ ਕੋਲ ਆ ਗਿਆ। ਉਧੇੜ ਉਮਰ ਦਾ ਆਦਮੀ ਜ਼ੋਰ ਜ਼ੋਰ ਚਿਲਾਅ ਰਿਹਾ ਸੀ। "ਚੱਲ ਬਈ, ਲੁਧਿਆਣਾ, ਫਗਵਾੜਾ, ਗੁਰਾਇਆਂ, ਫਿਲੌਰ।"

ਫੇਰ ਉਹ ਦੂਜੀ ਲਾਰੀ ਦਾ ਬੋਨਟ ਥਪਥਪਾਉਂਦਾ ਹੋਇਆ ਹੋਕਾ ਦਿੰਦਾ-"ਚੱਲ ਬਈ, ਚਹੇੜੂ, ਫਗਵਾੜਾ, ਬਹਿਰਾਮ, ਬੰਗਾ, ਨਵਾਂ ਸ਼ਹਿਰ।"

ਉਹ ਅਵਾਜ਼ ਬਦਲ ਬਦਲ ਕੇ ਤੇ ਥਾਵਾਂ ਦੇ ਨਾਂ ਅੱਗੇ ਪਿੱਛੇ ਕਰਕੇ ਵਾਰ ਵਾਰ ਬੋਲ ਰਿਹਾ ਸੀ। "ਸ਼ਿੰਗਾਰਿਆ, ਜ਼ੋਰ ਨਾਲ਼ ਸਾਫ ਅਵਾਜ਼ ਦੇ। ਪਾਟੇ ਹੋਏ ਢੋਲ ਵਾਂਗ ਕਿਉਂ ਬਾਂ-ਬਾਂ ਕਰ ਰਿਹਾ ?" ਬੱਸ ਦੇ ਕਲੀਨਰ ਗਿਆਨ ਨੇ ਹੱਸਦਿਆਂ ਕਿਹਾ।

"ਕੀ ਕਰਾਂ ਭਾਅ, ਸੰਘ ਬੈਠ ਗਿਆ। ਕੱਲ੍ਹ ਕੱਚੀ ਸੜਕ 'ਤੇ ਲਾਰੀ 'ਚ ਚਲਾ ਗਿਆ। ਸੰਘ ਵਿਚ ਧੂੜ ਭਰ ਗਈ ਹੈ।" ਸ਼ਿੰਗਾਰੇ ਨੇ ਖੰਘ ਕੇ ਸੰਘ ਸਾਫ ਕਰਨ ਦਾ ਯਤਨ ਕੀਤਾ।

"ਤਾਂ ਰਾਤ ਨੂੰ ਸ਼ਰਾਬ ਨਾਲ਼ ਗਰਾਰੇ ਕਰ ਲੈਂਦਾ। ਇਸ ਕੰਮ ਲਈ ਤਾਂ ਪਾਈਆ ਕੁ ਹੀ ਬਥੇਰੀ ਸੀ। ਸੰਘ ਵੀ ਸਾਫ ਹੋ ਜਾਂਦਾ ਤੇ ਨੀਂਦ ਵੀ ਵਧੀਆ ਆਉਂਦੀ।" ਗਿਆਨ ਮਿਨ੍ਹਾ ਜਿਹਾ ਹੱਸਿਆ।

"ਭਾ ਜੀ ਬਹੁਤ ਮਹਿੰਗਾ ਇਲਾਜ ਦੱਸ ਰਹੇ ਹੋ। ਐਸ ਕੰਮ ਨਾਲ਼ ਢਿੱਡ ਭਰ ਕੇ ਰੋਟੀ ਤਾਂ ਮਿਲਦੀ ਨਹੀਂ, ਐਨਾ ਮਹਿੰਗਾ ਇਲਾਜ ਕਿਵੇਂ ਕਰੀਏ ?" ਸ਼ਿੰਗਾਰਾ ਬੱਸਾਂ ਦੇ ਦੁਆਲੇ ਗੇੜੇ ਕੱਢਦਾ ਹੋਇਆ ਅਵਾਜ਼ ਦੇ ਰਿਹਾ ਸੀ।

"ਉਏ ਹੋਕੇ ਦਿਆ ਪੁੱਤਰਾ, ਬਾਹਰ ਸੜਕ 'ਤੇ ਜਾ ਕੇ ਅਵਾਜ਼ ਦੇ। ਅੱਡੇ ਦੇ ਅੰਦਰ ਤਾਂ ਅੰਨੇ ਤੇ ਬੋਲ਼ੇ ਨੂੰ ਵੀ ਪਤਾ ਲੱਗ ਜਾਊ ਕਿ ਜਲੰਧਰ-ਲੁਧਿਆਣਾ ਤੇ ਜਲੰਧਰ-ਨਵਾਂ ਸ਼ਹਿਰ ਦੀਆਂ ਲਾਰੀਆਂ ਤਿਆਰ ਆ।" ਮੋਟੇ ਜਿਹੇ ਡਰਾਈਵਰ ਸੰਤਾ ਸਿੰਘ ਨੇ ਸ਼ਿੰਗਾਰੇ ਨੂੰ ਪਿਆਰ ਨਾਲ਼ ਝਿੜਕਿਆ।

ਸ਼ਿਗਾਰਾ ਹੱਸਦਾ ਹੋਇਆ ਸੜਕ ਵੱਲ ਨੂੰ ਤੁਰ ਪਿਆ। ਉਹਨੇ ਖੱਬੇ ਹੱਥ ਦੇ ਅੰਗੂਠੇ ਨੂੰ ਗੱਲ੍ਹ 'ਤੇ ਟਿਕਾ ਚਾਰੇ ਉਂਗਲੀਆਂ ਮੂੰਹ ਦੇ ਪਾਸੇ ਨਾਲ਼ ਜੋੜ ਕੇ ਉੱਚੀ ਉੱਚੀ ਹੋਕਾ ਦੇਣ ਲੱਗਾ, "ਚੱਲ ਲੁਧਿਆਣਾ ... ਲੁਧਿਆਣਾ, ਫਗਵਾੜਾ-ਫਗਵਾੜਾ ... ਬੰਗਾ ... ਬੰਗਾ ... ਫਿਲੌਰ-ਗੁਰਾਇਆਂ ... ਨਵਾਂ ਸ਼ਹਿਰ ... ਨਵਾਂ ਸ਼ਹਿਰ। ਡਾਕ ਗੱਡੀਆਂ ਜਾਣ ਹੀ ਵਾਲੀਆਂ ਹਨ।"

ਸ਼ਿੰਗਾਰੇ ਦੀ ਪਾਟੀ ਅਵਾਜ਼ ਨੂੰ ਸੁਣ ਕੇ ਸੰਤਾ ਸਿੰਘ ਜ਼ੋਰ ਜ਼ੋਰ ਦੀ ਹੱਸਣ ਲੱਗਾ। ਉਹਦੀਆਂ ਖੁੱਚਾਂ 'ਤੇ ਢਿਲਕੇ ਢਿੱਡ ਵਿਚ ਹੱਸਣ ਕਰਕੇ ਲਹਿਰਾਂ ਜਿਹੀਆਂ ਉਠ ਰਹੀਆਂ ਸਨ। ਕੁੱਝ ਸਵਾਰੀਆਂ ਨੂੰ ਅੱਡੇ ਵਿਚ ਵੜਦਿਆਂ ਦੇਖ ਕੇ ਸੰਤਾ ਸਿੰਘ ਤੇ ਗਿਆਨ ਬੈਂਚ ਤੋਂ ਉਠ ਕੇ ਆਪਣੀ ਬੱਸ ਕੋਲ਼ ਆ ਗਏ। ਗਿਆਨ ਗੱਡੀ ਦੇ ਪਿਛਲੇ ਬੂਹੇ ਕੋਲ਼ ਖੜ੍ਹ ਗਿਆ ਜਦੋਂ ਕਿ ਸੰਤਾ ਸਿੰਘ ਨੇ ਆਪਣੀ ਸੀਟ ਸੰਭਾਲ ਲਈ। ਉਹਨੇ ਹਿਲ ਜੁਲ ਕੇ ਆਪਣੇ ਢਿੱਡ ਨੂੰ ਸਟੇਰਿੰਗ ਵੀਲ੍ਹ ਤੇ ਸੀਟ ਦੇ ਵਿਚਾਲੇ ਖਾਲੀ ਜਗ੍ਹਾ ਵਿੱਚ ਚੰਗੀ ਤਰ੍ਹਾਂ ਟਿਕਾਇਆ। ਇਸ ਤਰ੍ਹਾਂ ਕਰਦਿਆਂ ਉਸ ਦਾ ਸਾਹ ਫੁੱਲ ਗਿਆ। ਸਾਹ ਨੂੰ ਠੀਕ ਕਰਨ ਲਈ ਉਹ ਖੰਘਣ ਲੱਗਾ। ਸੰਤਾ ਸਿੰਘ ਦੇ ਢਿੱਡ ਸੰਭਾਲਣ ਦੇ ਤਰੀਕੇ ਨੂੰ ਗਿਆਨ ਬੜੇ ਧਿਆਨ ਨਾਲ਼ ਦੇਖ ਰਿਹਾ ਸੀ। ਸ਼ਿੰਗਾਰੇ ਨੂੰ ਵੀ ਹੋਕਾ ਦੇਣ ਦਾ ਚੇਤਾ ਭੁੱਲ ਗਿਆ। ਉਹਦੇ ਵੱਲ ਝੁਕ ਕੇ ਗਿਆਨ ਬੁੜਬੜਾਇਆ, ਤਾਏ ਦੇ ਢਿੱਡ 'ਚ ਜੇ ਬੱਚੇ ਹੋਏ ਤਾਂ ਅੱਧੀ ਦਰਜਨ ਤੋਂ ਘੱਟ ਨਹੀਂ ਹੋਣੇ।"

"ਤੇ ਜੇ ਗੰਦ ਭਰਿਆ ਹੋਇਆ ਤਾਂ ਘੱਟ ਤੋਂ ਘੱਟ ਅੱਧੇ ਸ਼ਹਿਰ ਦਾ ਜ਼ਰੂਰ ਹੋਵੇਗਾ।" ਸ਼ਿੰਗਾਰਾ ਖੀਂ ਖੀਂ ਕਰਕੇ ਹੱਸਿਆ।

"ਤੇ ਜੇ ਸ਼ਰਾਬ ਹੋਈ ਤਾਂ ਪੰਜ ਸੱਤ ਡਰੱਮ ਅਸਾਨੀ ਨਾਲ਼ ਨਿਕਲ ਆਉਣਗੇ।" ਗਿਆਨ ਖੁੱਲ ਕੇ ਹੱਸਿਆ।

ਸੰਤਾ ਸਿੰਘ ਨੂੰ ਪਤਾ ਸੀ ਕਿ ਉਹ ਉਹਦੀ ਗੋਗੜ ਦਾ ਮਜ਼ਾਕ ਉਡਾ ਰਹੇ ਹਨ। ਗਰਦਨ ਘੁਮਾ ਕੇ ਗੁੱਸੇ ਭਰੀਆਂ ਅੱਖਾਂ ਨਾਲ਼ ਦੋਨਾਂ ਵੱਲ ਦੇਖਦਾ ਉਹ ਦੰਦ ਪੀਹਣ ਲੱਗਾ, "ਕੀ ਹੋਕਾ ਤੁਹਾਡਾ ਪਿਉ ਦੇਉਗਾ ? ਸਾਲੇ ਇਦਾਂ ਖੀਂ ਖੀਂ ਕਰਦੇ ਆ ਜਿਵੇਂ ਨਕਲਾਂ ਦੇਖ ਰਹੇ

ਹੋਣ।"

ਸ਼ਿੰਗਾਰੇ ਨੇ ਹਾਸੇ ਨੂੰ ਰੋਕਣ ਲਈ ਮੂੰਹ 'ਤੇ ਹੱਥ ਰੱਖ ਲਿਆ ਤੇ ਹੌਲ਼ੀ ਜਿਹੇ ਉਥੋਂ ਖਿਸਕ ਗਏ ਅਤੇ ਅਲੱਗ ਅਲੱਗ ਪਾਸੇ ਜਾ ਕੇ ਉੱਚੀ ਉੱਚੀ ਹੋਕਾ ਦੇਣ ਲੱਗੇ। "ਭਾਈ, ਲੁਧਿਆਣਾ, ਫਗਵਾੜਾ, ਗੋਰਾਇਆਂ, ਫਿਲੌਰ, ਬਹਿਰਾਮ, ਬੰਗਾ, ਨਵਾਂ ਸ਼ਹਿਰ ... ਨਵਾਂ ਸ਼ਹਿਰ, ਲੁਧਿਆਣਾ। ਗੱਡੀਆਂ ਤਿਆਰ ਹਨ।"

ਬੱਸਾਂ ਨੂੰ ਤਿਆਰ ਦੇਖ ਕੇ ਸੜਕ 'ਤੇ ਜਾਂਦੀਆਂ ਦੋ ਮੰਗਤੀਆਂ ਅੱਡੇ ਵਿਚ ਆ ਗਈਆਂ। ਗਿਆਨ ਦੇ ਮੋਹਰੇ ਹੱਥ ਫੈਲਾ ਗਿੜਗਿੜਾ ਕੇ ਭੀਖ ਮੰਗਣ ਲੱਗੀਆਂ।

"ਸ਼ਿੰਗਾਰਿਆ ਇਨ੍ਹਾਂ ਦਾ ਹਾਲ ਦੇਖ।" ਗਿਆਨ ਨੇ ਮੰਗਤੀਆਂ ਵੱਲ ਇਸ਼ਾਰਾ ਕਰਕੇ ਕਿਹਾ, "ਸਵੇਰ ਤੋਂ ਕਿਸੇ ਸਵਾਰੀ ਦਾ ਮੂੰਹ ਨਹੀਂ ਦੇਖਿਆ। ਅਜੇ ਇੱਕ ਵੀ ਟਿਕਟ ਨਹੀਂ ਕੱਟੀ ਤੇ ਇਹ ਸਵੇਰੇ ਸਵੇਰੇ ਆ ਧਮਕੀਆਂ।"

"ਰੱਬ ਭਾਗ ਲਾਵੇ। ਵੇਹੜੇ ਹਸਦੇ ਵਸਦੇ ਰਹਿਣ।" ਮੰਗਤੀਆਂ ਨੇ ਆਪਣੀ ਰੱਟ ਜਾਰੀ ਰੱਖੀ।

"ਜਾਉ, ਬੱਸਾਂ ਦਾ ਮਾਲਿਕ ਮੋਹਰੇ ਬੈਠਾ ਆ। ਡਰਾਈਵਰ ਦੀ ਸੀਟ 'ਤੇ। ਉਹਦੇ ਕੋਲੋਂ ਮੰਗੋ। ਮਨ 'ਚ ਦਇਆ ਆ ਗਈ ਤਾਂ ਝੋਲ਼ੀ ਭਰ ਦੇਊਗਾ।" ਸ਼ਿੰਗਾਰੇ ਨੇ ਸੰਤਾ ਸਿੰਘ ਵੱਲ ਇਸ਼ਾਰਾ ਕੀਤਾ।

ਮੰਗਤੀਆਂ ਸੰਤਾ ਸਿੰਘ ਦੀ ਸੀਟ ਕੋਲ ਜਾ ਕੇ ਭੀਖ ਮੰਗਣ ਲੱਗੀਆਂ। ਸੰਤਾ ਸਿੰਘ ਦੀ ਉਮਰ ਦੇ ਹਿਸਾਬ ਨਾਲ਼ ਉਨ੍ਹਾਂ ਨੇ ਅਸੀਸਾਂ ਵੀ ਬਦਲ ਦਿੱਤੀਆਂ, "ਸਰਦਾਰਾ ਤੂੰ ਬਾਰਾਂ ਪੋਤਿਆਂ ਦਾ ਮੂੰਹ ਚੁੰਮੇਂ। ਲਾਰੀਆਂ ਚਲਦੀਆਂ ਰਹਿਣ। ਰੱਬ ਰੱਜ ਕੇ ਭਾਗ ਲਾਵੇ। ਬਸ, ਚਾਹ ਜੋਗੇ ਪੈਸੇ ਦੇ ਦੇ।"

ਸੰਤਾ ਸਿੰਘ ਨੇ ਪਹਿਲਾਂ ਤਾ ਮੰਗਤੀਆਂ ਨੂੰ ਅਣਦੇਖਾ ਕਰਨ ਲਈ ਮੂੰਹ ਦੂਜੇ ਪਾਸੇ ਫੇਰ ਲਿਆ। ਪਰ ਜਦ ਉਹ ਅਸੀਸਾਂ ਦੇ ਨਾਲ਼ ਨਾਲ਼ ਖਿੜਕੀਆਂ ਤੇ ਹੱਥ ਮਾਰਨ ਲੱਗੀਆਂ ਤਾਂ ਸੰਤਾ ਸਿੰਘ ਨੇ ਗੁੱਸੇ ਨਾਲ਼ ਉਨ੍ਹਾਂ ਵੱਲ ਦੇਖਿਆ, "ਦੌੜੋ ਇਥੋਂ। ਮੁਸ਼ਟੰਡੀਆਂ ਕਿਤੋਂ ਦੀਆਂ।"

ਪਰ ਜਦੋਂ ਮੰਗਤੀਆਂ ਬਹਿਸ ਕਰਨ 'ਤੇ ਉੱਤਰ ਆਈਆਂ ਤਾਂ ਸੰਤਾ ਸਿੰਘ ਨੇ ਧਮਕੀ ਦਿੱਤੀ, "ਭਲਮਾਣਸੀ ਨਾਲ਼ ਜਾਂਦੀਆਂ ਜਾਂ ਚੱਕਾਂ ਹੈਂਡਲ ?" "ਸਰਦਾਰਾ ਖੈਰ ਨਾ ਦੇ। ਮਿੱਠਾ ਤਾਂ ਬੋਲ। ਬੋਹਣੀ ਦਾ ਟਾਈਮ ਆ।" ਇਕ ਮੰਗਤੀ ਨੇ ਸੰਤਾ ਸਿੰਘ ਵੱਲ ਜ਼ੋਰ ਜ਼ੋਰ ਨਾਲ਼ ਹੱਥ ਲਹਿਰਾਇਆ 'ਤੇ ਦੂਜੀ ਮੰਗਤੀ ਦੀ ਬਾਂਹ ਫੜ੍ਹ ਲਾਰੀ ਵੱਲ ਗੁੱਸੇ ਨਾਲ਼ ਦੇਖਿਆ, "ਚੱਲ ਟੇਸ਼ਨ 'ਤੇ ਹੀ ਚਲਦੇ ਹਾਂ। ਸਵੇਰੇ ਸਵੇਰੇ ਕਜੂੰਸ ਦੇ ਮੱਥੇ ਲੱਗੇ ਆਂ। ਰੱਬ ਖੈਰ ਕਰੇ।"

ਸੰਤਾ ਸਿੰਘ ਮੰਗਤੀਆਂ ਵੱਲ ਦੇਖਦਾ ਰਿਹਾ। ਜਦੋਂ ਉਹ ਅੱਡੇ ਤੋਂ ਬਾਹਰ ਨਿਕਲ਼ ਗਈਆਂ ਤਾਂ ਉਹ ਦੋਨੋਂ ਹੱਥ ਸਟੇਰਿੰਗ ਵੀਲ੍ਹ 'ਤੇ ਟਿਕਾ ਕੇ ਅਰਾਮ ਨਾਲ਼ ਬੈਠ ਗਿਆ।

ਸ਼ਿੰਗਾਰਾ ਤੇ ਗਿਆਨ ਹੋਕਾ ਦਿੰਦੇ ਦਿੰਦੇ ਥੱਕ ਕੇ ਚੁੱਪ ਹੋ ਗਏ। ਸ਼ਿੰਗਾਰੇ ਨੇ ਚਾਰੇ ਪਾਸੇ ਦੇਖ ਕੇ ਗਿਆਨ ਨੂੰ ਪੁੱਛਿਆ "ਰਾਤੀਂ ਮਜ਼ਦੂਰਾਂ ਵਿਚੋਂ ਅੱਡੇ 'ਤੇ ਕੌਣ ਰਿਹਾ ਸੀ ?"

"ਸੋਮਾ ਸੀ।"

"ਉਹ ਤਾਂ ਸਵੇਰ ਦਾ ਦਿਸਿਆ ਹੀ ਨਹੀਂ। ਕਿੱਥੇ ਮਰ ਗਿਆ ?"

"ਸਵੇਰੇ ਤਾਂ ਇੱਥੇ ਸੀ। ਜੰਗਲ- ਪਾਣੀ ਸਾਡੇ ਨਾਲ਼ ਹੀ ਗਿਆ ਸੀ।"

ਸੋਮੇ ਨੂੰ ਕੰਧ ਟੱਪ ਕੇ ਅੱਡੇ 'ਚ ਆਉਂਦਾ ਦੇਖ ਕੇ ਗਿਆਨ ਨੇ ਉਹਦੀ ਵੱਲ ਇਸ਼ਾਰਾ ਕੀਤਾ, "ਲੈ, ਤੂੰ ਚੇਤੇ ਕਰ ਰਿਹਾ ਸੀ। ਸੋਮਾ ਆ ਗਿਆ।"

"ਕਿੱਥੇ ਚਲੇ ਗਿਆ ਸੀ ਤੂੰ ?" ਸ਼ਿੰਗਾਰੇ ਨੇ ਰੋਅਬ ਨਾਲ਼ ਪੁੱਛਿਆ।

"ਯਾਰਾ, ਪਿੰਡ ਦੇ ਦੁਕਾਨਦਾਰ ਦਾ ਮੰਡੀ ਦੇ ਲਾਲੇ ਲਈ ਜਰੂਰੀ ਸਨੇਹਾ ਸੀ। ਉਹ ਦੇਣ ਗਿਆ ਸੀ।"

"ਸਮਾਨ ਵਾਲ਼ੀ ਸਵਾਰੀ ਆ ਜਾਂਦੀ ਤਾਂ ਲਾਰੀ ਦੀ ਛੱਤ 'ਤੇ ਸਮਾਨ ਕੌਣ ਚੜਾਉਂਦਾ ?" ਸ਼ਿੰਗਾਰੇ ਦਾ ਲਹਿਜਾ ਸਖ਼ਤ ਹੋ ਗਿਆ।

"ਯਾਰਾ, ਪਹਿਲੀਆਂ ਲਾਰੀਆਂ ਵਿਚ ਭਾਰੇ ਸਮਾਨ ਵਾਲੀ ਸਵਾਰੀਆਂ ਘੱਟ ਹੀ ਹੁੰਦੀ ਆ। ਵੈਸੇ ਵੀ ਮੈਂ ਮੰਡੀ ਤੱਕ ਫੇਰਾ ਹੀ ਪਾਇਆ। ਲਾਲੇ ਦੇ ਘਰ ਚਾਹ-ਲੱਸੀ ਵੀ ਨਹੀਂ ਪੀਤੀ।" ਸੋਮਾ ਹੱਥ ਰਗੜ ਕੇ ਮੁਸਕਰਾਇਆ।

"ਨਹੀਂ, ਲਾਲਾ ਤਾਂ ਤੈਨੂੰ ਦੇਸੀ ਘਿਉ ਤੇ ਕੇਸਰ-ਕਸਤੂਰੀ ਪਾ ਕੇ ਬੂਰੀ ਮੱਝ ਦਾ ਦੁੱਧ ਪਿਆਉਂਦਾ।" ਸ਼ਿੰਗਾਰੇ ਨੇ ਨਫ਼ਰਤ ਨਾਲ਼ ਸਿਰ ਝਟਕਿਆ। "ਚਲ ਹੋਕਾ ਦੇ। ਅਸੀਂ ਬੋਲ-ਬੋਲ ਕੇ ਥੱਕ ਗਏ ਆਂ।"

ਸੋਮੇ ਨੇ ਸਿਰ 'ਤੇ ਲਪੇਟਿਆ ਸਾਫਾ ਖੋਲ੍ਹ ਕੇ ਕੱਛ 'ਚ ਦੇ ਲਿਆ ਤੇ ਸੜਕ ਦੇ ਕਿਨਾਰੇ ਖੜ੍ਹ ਕੇ ਜ਼ੋਰ ਜ਼ੋਰ ਨਾਲ਼ ਲੁਧਿਆਣਾ, ਫਗਵਾੜਾ, ਨਵਾਂ ਸ਼ਹਿਰ ਦਾ ਹੋਕਾ ਦੇਣ ਲੱਗਾ। ਬਾਅਦ ਵਿਚ ਸ਼ਿੰਗਾਰਾ ਤੇ ਗਿਆਨ ਵੀ ਉਹਦੇ ਨਾਲ਼ ਰਲ਼ ਗਏ।

ਦਿੱਲੀ, ਹੁਸ਼ਿਆਰਪੁਰ, ਅੰਮਿਤਸਰ ਤੋਂ ਗੱਡੀਆਂ ਆ ਜਾਣ ਦੇ ਬਾਅਦ ਬੱਸ ਅੱਡੇ 'ਤੇ ਰੌਣਕ ਵੱਧਣ ਲੱਗੀ। ਇੱਕ-ਇੱਕ, ਦੋ-ਦੋ ਕਰਕੇ ਸਵਾਰੀਆਂ ਦੋਨਾਂ ਬੱਸਾਂ 'ਚ ਬੈਠ ਰਹੀਆਂ ਸਨ। ਸ਼ਿੰਗਾਰਾ, ਗਿਆਨ ਤੇ ਸੋਮੇ ਦੀਆਂ ਹਾਕਾਂ ਵੀ ਉੱਚੀ ਹੋਣ ਲੱਗੀਆਂ। ਸੋਮਾ ਸਮਾਨ ਨਾਲ਼ ਲੱਦੀਆਂ ਸਵਾਰੀਆਂ ਆਉਣ 'ਤੇ ਹੋਕਾ ਲਾਉਣਾ ਬੰਦ ਕਰਕੇ ਉਨ੍ਹਾਂ ਦੇ ਕੋਲ਼ ਚਲਾ ਜਾਂਦਾ।

ਕਾਲ਼ੀ ਨੂੰ ਲੱਗਾ ਕਿ ਉਹਨੂੰ ਬੱਸ ਅੱਡੇ 'ਤੇ ਵੀ ਕੰਮ ਮਿਲ਼ ਸਕਦਾ ਹੈ। ਪਰ ਇਹ ਖਿਆਲ ਆਉਂਦੇ ਹੀ ਉਹ ਡਰ ਗਿਆ ਕਿ ਜੇ ਪਿੰਡ ਤੋਂ ਆਏ ਕਿਸੇ ਬੰਦੇ ਨੇ ਉਹਨੂੰ ਇਥੇ ਦੇਖ ਲਿਆ ਤਾਂ ਉਹਦਾ ਪੋਲ ਖੁੱਲ ਜਾਵੇਗਾ। ਉਹ ਨਿਰਾਸ਼ ਹੋ ਬਹੁਤ ਪਿਛੇ ਹੱਟ ਗਿਆ ਤੇ ਕੰਧ ਨਾਲ਼ ਢਾਸਣਾ ਲਾ ਕੇ ਸੋਚਾਂ 'ਚ ਡੁੱਬ ਗਿਆ।

ਮਨ 'ਚ ਇਹ ਖਿਆਲ ਆਉਂਦੇ ਹੀ ਕਾਲ਼ੀ ਨੂੰ ਕੁੱਝ ਢਾਰਸ ਮਿਲ਼ੀ ਕਿ ਪਿੰਡ ਦੇ ਲੋਕ ਇੰਨੀ ਦੂਰ ਇਸ ਸ਼ਹਿਰ ਤੱਕ ਕਿਥੇ ਸਫਰ ਕਰਦੇ ਆ। ਉਹ ਤਾਂ ਨੇੜੇ ਤੇੜੇ ਦੇ ਪਿੰਡਾਂ ਤੱਕ ਹੀ ਰਿਸ਼ਤੇਦਾਰਾਂ ਦੇ ਕੋਲ਼ ਆਉਂਦੇ ਜਾਂਦੇ ਆ। ਥਾਣੇ-ਕਚਹਿਰੀ 'ਚ ਕੰਮ ਹੋਵੇ ਤਾਂ ਟਾਂਡਾਉੜਮੁੜ, ਦਸੂਹਾ ਜਾਂ ਜ਼ਿਆਦਾ ਤੋਂ ਜ਼ਿਆਦਾ ਹੁਸ਼ਿਆਰਪੁਰ ਤੱਕ ਚਲੇ ਜਾਣਗੇ। ਹਾਂ

ਪਿੰਡ ਦਾ ਲਾਲਾ ਕਦੇ-ਕਦੇ ਸ਼ਾਇਦ ਇਥੇ ਸੌਦਾ ਲੈਣ ਮੰਡੀ 'ਚ ਆਉਂਦਾ ਜਾਂਦਾ ਹੋਵੇਗਾ। ਬਹੁਤ ਸਾਰੇ ਲੋਕਾਂ ਨੇ ਜਲੰਧਰ ਦੇਖਣਾ ਤਾਂ ਦੂਰ ਦੀ ਗੱਲ, ਸ਼ਾਇਦ ਇਸ ਦਾ ਨਾਂ ਵੀ ਨਾ ਸੁਣਿਆ ਹੋਵੇ। ਕਾਲ਼ੀ ਦੀਵਾਰ ਤੋਂ ਹੱਟ ਕੇ ਇਕ ਵਾਰ ਫੇਰ ਬੱਸਾਂ ਦੇ ਦੁਆਲੇ ਫਿਰਨ ਲੱਗਾ।

ਬੱਸਾਂ 'ਚ ਕਾਫੀ ਸਵਾਰੀਆਂ ਬੈਠ ਚੁੱਕੀਆਂ ਸਨ। ਗਿਆਨ ਨੇ ਸੂਰਜ ਵੱਲ ਦੇਖ ਕੇ ਸੰਤਾ ਸਿੰਘ ਨੂੰ ਅਵਾਜ਼ ਮਾਰੀ, "ਤਾਇਆ ਦੱਬ ਦੇ ਕਿੱਲੀ। ਟਾਇਮ ਹੋ ਗਿਆ। ਅਜੇ ਕਚਹਿਰੀ ਤੇ ਫਾਟਕ ਤੋਂ ਵੀ ਸਵਾਰੀਆਂ ਚੁੱਕਣੀਆਂ।

ਸੰਤਾ ਸਿੰਘ ਨੇ ਬੱਸ ਸਟਾਰਟ ਕਰ ਦਿੱਤੀ। ਗਿਆਨ ਬੱਸ ਦੀ ਪਿਛਲੀ ਖੁੱਲੀ ਖਿੜਕੀ ਦੇ ਡੰਡੇ 'ਤੇ ਖੜ੍ਹਾ ਹੋ ਕੇ ਜ਼ੋਰ ਜ਼ੋਰ ਦੀ ਹੋਕਾ ਦੇਣ ਲੱਗਾ।

ਥੋੜ੍ਹੇ ਜਿਹੇ ਫਰਕ ਨਾਲ਼ ਦੋਨੋ ਬੱਸਾਂ ਕਾਲ਼ਾ ਤੇ ਮੁਸ਼ਕ ਮਾਰਦਾ ਧੂੰਆਂ ਛੱਡਦੀਆਂ, ਲੜਖੜਾਉਂਦੀਆਂ ਹੋਈਆਂ ਬਾਹਰ ਨਿਕਲ਼ ਗਈਆਂ।

ਅੱਡੇ ਵਿਚ ਖਿਲਰੇ ਹੋਏ ਲੋਕ ਘੱਟਣ ਲੱਗੇ। ਆਪਾ-ਧਾਪੀ ਤੇ ਰੌਲ਼ਾ ਖਤਮ ਹੋਣ ਨਾਲ਼ ਮਾਹੋਲ ਇਕ ਵਾਰ ਫਿਰ ਸ਼ਾਂਤ ਹੋ ਗਿਆ।

ਸ਼ਿੰਗਾਰਾ ਤੇ ਸੋਮਾ ਵੀ ਇਕ ਚਾਹ ਦੀ ਦੁਕਾਨ ਦੇ ਬੈਂਚ 'ਤੇ ਬੈਠ ਕੇ ਸਿਗਰਟ ਪੀਂਦੇ ਇੱਧਰ ਉੱਧਰ ਦੀਆਂ ਗੱਲਾਂ ਕਰਨ ਲੱਗੇ।

ਕਾਲ਼ੀ ਵੀ ਟਹਿਲਦਾ-ਟਹਿਲਦਾ ਉਨ੍ਹਾਂ ਦੇ ਨੇੜੇ ਚਲਾ ਗਿਆ ਤੇ ਕੁੱਝ ਦੂਰ ਖੜ੍ਹਾ ਹੋ ਕੇ ਉਨਾਂ ਦੀਆਂ ਗੱਲਾਂ ਧਿਆਨ ਨਾਲ਼ ਸੁਣਨ ਲੱਗਾ। ਉਹਨੇ ਸੋਚਿਆ ਕਿ ਅੱਡੇ 'ਚ ਮਜ਼ਦੂਰੀ ਜਾਂ ਕੋਈ ਹੋਰ ਛੋਟਾ-ਮੋਟਾ ਕੰਮ ਲੱਭਣ ਲਈ ਉਨ੍ਹਾਂ ਨਾਲ਼ ਗੱਲ ਕਰੇ। ਉਹ ਹੌਸਲਾ ਕਰਕੇ ਉਨਾਂ ਦੇ ਬਹੁਤ ਨੇੜੇ ਜਾ ਖੜ੍ਹਾ ਹੋਇਆ ਪਰ ਉਹ ਉਹਦੀ ਮੌਜੂਦਗੀ ਤੋਂ ਬੇਪਰਵਾਹ ਆਪਣੀਆਂ ਗੱਲਾਂ 'ਚ ਮਸਤ ਰਹੇ।

ਜਦ ਲੁਧਿਆਣੇ ਤੋਂ ਆਉਣ ਵਾਲੀ ਬੱਸ ਅੱਡੇ ਵਿਚ ਵੜੀ ਤਾਂ ਸੋਮਾ ਸਾਫੇ ਨੂੰ ਸਿਰ 'ਤੇ ਲਪੇਟਦਾ ਹੋਇਆ ਬੱਸ ਵੱਲ ਨੂੰ ਦੌੜ ਪਿਆ। ਸ਼ਿੰਗਾਰਾ ਅਰਾਮ ਕਰਨ ਦੇ ਲਈ ਖਾਲੀ ਬੈਂਚ 'ਤੇ ਲੰਮਾ ਪੈ ਗਿਆ। ਫੇਰ ਉਹ ਵੀ ਇਕ ਦਮ ਉਠ ਕੇ ਬੱਸ ਵੱਲ ਨੂੰ ਤੁਰ ਪਿਆ।

ਡਰਾਈਵਰ ਨੇ ਖਿੜਕੀ ਖੋਲ੍ਹ ਕੇ ਥੱਲੇ ਛਾਲ ਮਾਰੀ। "ਬਾਬਿਉ, ਸੱਤ ਸ੍ਰੀ ਅਕਾਲ।"

"ਸੱਤ ਸ੍ਰੀ ਅਕਾਲ। ਕੀ ਹਾਲ ਹੈ ਤੇਰਾ ਸ਼ਿੰਗਾਰਿਆ ?"

"ਬਾਬਿਉ, ਠੀਕ ਹੈ। ਵਾਹਿਗੁਰੂ ਦੀ ਫੁਲ ਮੇਹਰ ਆ।" ਸ਼ਿੰਗਾਰੇ ਨੇ ਸੂਰਜ ਦੀ ਉਚਾਈ ਦਾ ਅੰਦਾਜ਼ਾ ਲਾਉਂਦਿਆਂ ਹੋਇਆਂ ਪੁੱਛਿਆ, "ਬਾਬਿਉ, ਅੱਜ ਲਾਰੀ ਲੇਟ ਨਈਂ ਆਈ ?"

"ਹਾਂ, ਨਕੋਦਰ ਰੇਲ ਲਾਈਨ ਵਾਲਾ ਫਾਟਕ ਬੰਦ ਸੀ।" ਡਰਾਈਵਰ ਮਿਲਖਾ ਸਿੰਘ ਨੇ ਮੈਲੇ ਹੱਥਾਂ ਨੂੰ ਰਗੜਦਿਆਂ ਕਲੀਨਰ ਨੂੰ ਹਾਕ ਮਾਰੀ, "ਉਏ ਮੁਖਤਿਆਰੇ, ਜਾ ਦੌੜ ਕੇ ਵਰਕਸ਼ਾਪ ਤੋਂ ਪਿਆਰੂ ਮਕੈਨਿਕ ਨੂੰ ਲੈ ਕੇ ਆ। ਗੱਡੀ ਦਾ ਇੰਜਣ ਖੜਖੜ ਕਰਦਾ ਆ। ਉਹਨੂੰ ਕਹਿ ਬੋਨਟ ਚੱਕ ਕੇ ਇਕ ਵਾਰ ਚੈੱਕ ਕਰੇ।"

"ਬਾਬਿਉ, ਮੈਂ ਜੋ ਹਾਂ ਇਨਾਂ ਕੰਮਾਂ ਲਈ। ਮੁਖਤਿਆਰੇ ਨੇ ਤਾਂ ਅਜੇ ਅੱਡਾ

ਇੰਨਚਾਰਜ ਨੂੰ ਫੇਰੇ ਦਾ ਹਿਸਾਬ ਕਿਤਾਬ ਵੀ ਦੇਣਾ ਹੋਣਾ ਹੈ।" ਸ਼ਿੰਗਾਰਾ ਵਰਕਸ਼ਾਪ ਨੂੰ ਜਾਣ ਲੱਗਾ।

"ਓਏ, ਤੂੰ ਐਨਾ ਮੋਹਤਬਰ ਨਾ ਬਣ। ਮੁਖਤਿਆਰੇ ਨੂੰ ਹੀ ਜਾਣ ਦੇ। ਉਦਾਂ ਵੀ ਅਸੀਂ ਆਪਣਾ ਹਿਸਾਬ ਕਿਤਾਬ ਅਖੀਰਲੇ ਫੇਰੇ ਤੋਂ ਬਾਅਦ ਲੁਧਿਆਣੇ ਜਾ ਕੇ ਹੀ ਦਿੰਦੇ ਹਾਂ।" ਮਿਲਖਾ ਸਿੰਘ ਨੇ ਸ਼ਿੰਗਾਰੇ ਨੂੰ ਰੋਕ ਕੇ ਇਕ ਵਾਰ ਫਿਰ ਮੁਖਤਿਆਰ ਸਿੰਘ ਨੂੰ ਹਾਕ ਮਾਰੀ।

ਮਿਲਖਾ ਸਿੰਘ ਨੂੰ ਆਪਣੇ ਗੰਦੇ ਹੱਥ ਦਾੜ੍ਹੀ 'ਤੇ ਫੇਰਦਿਆਂ ਦੇਖ ਮੁਖਤਿਆਰ ਸਿੰਘ ਹੱਸਣ ਲੱਗ ਪਿਆ, "ਚਾਚਾ, ਦਾੜ੍ਹੀ ਕਾਲ਼ੀ ਕਰਨੇ ਦਾ ਇੰਨਾ ਸ਼ੌਕ ਹੈ ਤਾਂ ਖਜਾਬ ਲਾਇਆ ਕਰ। ਇੰਜਣ ਦੀ ਕਾਲਕ ਤੋਂ ਇਹ ਕੰਮ ਕਿਉਂ ਲੈ ਰਿਹਾ।"

"ਓਏ ਦਾੜ੍ਹੀ ਦੇ ਪੁੱਤਰਾ, ਦੌੜ ਕੇ ਵਰਕਸ਼ਾਪ ਤੋਂ ਪਿਆਰੂ ਮਕੈਨਿਕ ਨੂੰ ਸੱਦ ਕੇ ਲਿਆ। ਇੰਜਣ ਖੜਖੜ ਕਰਦਾ ਆ। ਉਹ ਨੂੰ ਕਹਿ ਕਿ ਆ ਕੇ ਦੇਖ ਜਾਵੇ ਤੇ ਅਗਲੇ ਫੇਰੇ ਤੋਂ ਪਹਿਲਾਂ ਇਹਨੂੰ ਠੀਕ ਕਰ ਦੇਵੇ।"

ਮੁਖਤਿਆਰ ਦੇ ਨਾਲ਼ ਸ਼ਿੰਗਾਰਾ ਵੀ ਵਰਕਸ਼ਾਪ ਨੂੰ ਚਲਾ ਗਿਆ। ਮਿਲਖਾ ਸਿੰਘ ਇੱਧਰ ਉੱਧਰ ਦੇਖਦਾ ਹੋਇਆ ਦਫਤਰ ਵਿਚ ਵੜ ਗਿਆ।

ਸਵਾਰੀਆਂ ਦੇ ਨਾਲ਼ ਨਾਲ਼ ਬੱਸ ਤੋਂ ਬਰਕਤ ਤੇ ਤੋਖਾ ਵੀ ਉਤਰੇ। ਸੋਮੇ ਨੂੰ ਬੱਸ ਦੇ ਪਿਛੇ ਲੱਗੀ ਪੌੜੀ ਵੱਲ ਜਾਂਦੇ ਦੇਖ ਕੇ ਬਰਕਤ ਨੇ ਉਹਨੂੰ ਹਾਕ ਮਾਰੀ, "ਸੋਮੇ ਰਹਿਣ ਦੇ। ਛੱਤ ਖਾਲੀ ਆ। ਭਾਰੇ ਸਮਾਨ ਵਾਲੀ ਸਵਾਰੀਆਂ ਸਦਰ ਥਾਨੇ ਤੇ ਕਚਹਿਰੀ ਚੌਂਕ ਵਿਚ ਉਤਰ ਗਈਆਂ ਸੀ। ਲਾਡੋਵਾਲੀ 'ਤੇ ਨਕੋਦਰ ਦੀਆਂ ਸਵਾਰੀਆਂ ਸੀ। ਅਸੀਂ ਚਾਰ ਆਨੇ ਕਮਾ ਲਿਆਏ ਹਾਂ।"

ਸੋਮਾ ਬਰਕਤ ਤੇ ਤੋਖੇ ਦੇ ਕੋਲ ਆ ਗਿਆ।

"ਤਿਕਾਲਾਂ ਦੇ ਆਖਰੀ ਫੇਰੇ ਕਿਦਾਂ ਰਹੇ ?" ਬਰਕਤ ਨੇ ਜੇਬ 'ਚ ਪਾਈਆਂ ਚਾਰ ਚੁਆਨੀਆਂ ਨੂੰ ਖੜਖੜਾਉਂਦਿਆਂ ਪੁੱਛਿਆ, "ਬਸ ਇਦਾਂ ਸਮਝ ਕਿ ਰਾਤ ਦੀ ਰੋਟੀ ਦੇ ਪੈਸੇ ਵੀ ਮੁਸ਼ਕਲ ਨਾਲ਼ ਹੀ ਬਣੇ ਆ। ਢਿੱਡ ਘੁੱਟ ਕੇ ਹੀ ਖਾਣਾ ਖਾਧਾ।" ਸੋਮਾ ਕੁਛ ਨਿਰਾਸ਼ ਜਿਹਾ ਸੀ।

"ਕੋਈ ਗੱਲ ਨਹੀਂ। ਦੁਪਿਹਰ ਨੂੰ ਢਿੱਡ ਭਰ ਕੇ ਖਾ ਲਈਂ। ਮੈਂ ਦੋ ਰੋਟੀਆਂ ਵਾਧੂ ਲੈ ਕੇ ਆਇਆਂ।" ਤੋਖੇ ਨੇ ਪੋਟਲੀ 'ਚ ਬੰਨ੍ਹੀਆਂ ਰੋਟੀਆਂ ਵੱਲ ਇਸ਼ਾਰਾ ਕਰਕੇ ਕਿਹਾ, "ਜਾ ਇਨ੍ਹਾਂ ਨੂੰ ਬਰਾਂਡੇ ਦੇ ਝਰੋਖੇ 'ਚ ਰੱਖ ਦੇ।"

"ਲੈ ਯਾਰਾ, ਮੇਰੀ ਪੋਟਲੀ ਵੀ ਲੈ ਜਾ।" ਬਰਕਤ ਨੇ ਕੁੜਤੇ ਦੀ ਬੜੀ ਜੇਬ ਵਿਚੋਂ ਇਕ ਪੋਟਲੀ ਕੱਢ ਕੇ ਸੋਮੇ ਦੇ ਹੱਥ ਫੜਾ ਦਿੱਤੀ।

ਸੋਮੇ ਨੇ ਪੋਟਲੀਆਂ ਫੜ ਕੇ ਉਨ੍ਹਾਂ ਨੂੰ ਸੁੰਘਿਆ, "ਬਰਕਤੇ, ਲਗਦਾ ਆ ਅੱਜ ਤਾਂ ਗਲਗਲ ਦਾ ਅਚਾਰ ਲਿਆਇਆਂ।"

"ਨਾਲ਼ ਗੁੜ ਵੀ ਆ।" ਬਰਕਤ ਭਰਵੱਟੇ ਚੜ੍ਹਾ ਕੇ ਮੁਸਕਰਾਇਆ।

ਉਹ ਗੱਲਾਂ ਕਰਨ 'ਚ ਰੁਝੇ ਹੋਏ ਸਨ ਕਿ ਨਵਾਂ ਸ਼ਹਿਰ ਤੋਂ ਪਹਿਲੀ ਬੱਸ ਰੌਲ਼ਾ ਪਾਂਉਦੀ ਤੇ ਡਿੱਕੋਡੋਲੇ ਖਾਂਦੀ ਹੋਈ ਅੱਡੇ 'ਚ ਆ ਦਾਖਲ ਹੋਈ। ਬੱਸ ਦੀ ਛੱਤ 'ਤੇ ਖੜ੍ਹੇ ਮਨਸੁੱਖ ਨੇ ਬਰਕਤ ਤੇ ਤੋਖੇ ਨੂੰ ਦੇਖ ਕੇ ਛੱਤ 'ਤੇ ਪਏ ਸਮਾਨ ਵੱਲ ਇਸ਼ਾਰਾ ਕਰਕੇ ਜ਼ੋਰ ਜ਼ੋਰ ਨਾਲ਼ ਹੱਥ ਹਿਲਾਇਆ।

ਬਰਕਤ ਤੇ ਤੋਖਾ ਕਾਹਲ਼ੀ ਕਾਹਲ਼ੀ ਬੱਸ ਵੱਲ ਨੂੰ ਤੁਰਨ ਲੱਗੇ ਤਾਂ ਸੋਮਾ ਰੋਟੀਆਂ ਦੀਆਂ ਪੋਟਲੀਆਂ ਹੱਥ 'ਚ ਫੜੀ ਉਨ੍ਹਾਂ ਵੱਲ ਧਿਆਨ ਨਾਲ਼ ਦੇਖਦਾ ਰਿਹਾ। ਇੱਕ ਕੋਨੇ 'ਚ ਖੜ੍ਹਾ ਕਾਲ਼ੀ ਵੀ ਉਨ੍ਹਾਂ ਦੀਆਂ ਹਰਕਤਾਂ ਨੂੰ ਬੜੇ ਧਿਆਨ ਨਾਲ਼ ਦੇਖ ਰਿਹਾ ਸੀ।

ਮਨਸੁੱਖ ਛੱਤ ਤੋਂ ਸਮਾਨ ਚੁੱਕ ਕੇ ਵਾਰੀ ਵਾਰੀ ਬਰਕਤ ਤੇ ਤੋਖੇ ਨੂੰ ਫੜਾਉਂਦਾ ਰਿਹਾ ਤੇ ਉਹ ਉਸ ਨੂੰ ਮਾਲਕ ਦੇ ਕਹੇ ਮੁਤਾਬਕ ਟਿਕਾਉਂਦੇ ਰਹੇ।

ਕੰਮ ਤੋਂ ਵਿਹਲੇ ਹੋ ਕੇ ਉਹ ਸੋਮੇ ਦੇ ਕੋਲ ਆ ਗਏ। ਉਹਨੇ ਪੂਰੀ ਬਤੀਸੀ ਖੋਲ ਕੇ ਮਨਸੁੱਖ ਦਾ ਸਵਾਗਤ ਕੀਤਾ, "ਮੇਰਾ ਖਾਣਾ ਲਿਆਏ ਆਂ ?"

"ਯਾਰਾ ਕਿਦਾਂ ਭੁੱਲ ਸਕਦਾ ਹਾਂ। ਮੈਨੂੰ ਪਤਾ ਸੀ ਕਿ ਤੇਰੇ ਢਿੱਡ ਵਿਚ ਚੂਹੇ ਦੌੜ ਰਹੇ ਹੋਣਗੇ। ਦੋ ਮੋਟੀਆਂ ਸਾਰੀਆਂ ਰੋਟੀਆਂ ਲੈ ਕੇ ਆਇਆਂ ਅੰਬ ਦੇ ਅਚਾਰ ਨਾਲ਼।" ਮਨਸੁੱਖ ਨੇ ਆਪਣੀ ਪੋਟਲੀ ਵੀ ਸੋਮੇ ਨੂੰ ਫੜਾ ਦਿੱਤੀ।

ਸੋਮੇ ਨੇ ਪੋਟਲੀ ਨੂੰ ਸੱਜੇ ਹੱਥ ਨਾਲ਼ ਹਾੜਿਆ, "ਸੱਚਮੁਚ ਭਾਰੀ ਹੈ।"

"ਇਹ ਬੱਸ ਤਾਂ ਚੰਗੀ ਰਹੀ।" ਬਰਕਤ ਨੇ ਮੁੱਠ ਖੋਲ੍ਹ ਕੇ ਪੈਸਿਆਂ ਦਾ ਹਿਸਾਬ ਕੀਤਾ।

"ਛੇ ਆਨੇ ਮਿਲੇ ਹੋਣਗੇ।" ਮਨਸੁੱਖ ਨੇ ਅੰਦਾਜ਼ਾ ਲਾਇਆ।

"ਨਾ, ਪੰਜ ਆਨੇ ਤੇ ਇਕ ਟਕਾ। ਇੱਕ ਨਗ ਹੌਲ਼ਾ ਹੀ ਸੀ।" ਬਰਕਤ ਨੇ ਕਿਹਾ।

"ਚਲੋ, ਜੋ ਬਟਿਆ, ਸੋ ਖੱਟਿਆ।" ਤੋਖਾ ਸਤੁੰਸ਼ਟ ਹੋ ਮੁਸਕਰਾਇਆ, "ਹਰੇਕ ਬੱਸ ਦਾ ਫੇਰਾ ਇਦਾਂ ਹੀ ਲੱਗੇ ਤਾਂ ਮਜ਼ਾ ਆ ਜਾਵੇ।"

ਉਹ ਚਾਰੇ ਬਰਾਂਡੇ ਵਿਚ ਜਾ ਬੈਠੇ। ਸੋਮੇ ਨੇ ਮਨਸੁੱਖ ਦੀ ਪੋਟਲੀ 'ਚੋਂ ਦੋ ਵੱਖਰੀਆਂ ਲਪੇਟੀਆਂ ਹੋਈਆਂ ਰੋਟੀਆਂ ਕੱਢ ਲਈਆਂ ਤੇ ਪੋਟਲੀ ਦੁਆਰਾ ਬੰਨ੍ਹ ਕੇ ਬਾਕੀ ਪੋਟਲੀਆਂ ਦੇ ਨਾਲ਼ ਟਿਕਾ ਦਿੱਤੀ। ਰੋਟੀਆਂ ਦੀਆਂ ਤੈਹਾਂ ਖੋਲ੍ਹ ਕੇ ਉਸ ਨੇ ਅਚਾਰ ਨੂੰ ਸੁੰਘਿਆ। ਫੇਰ ਆਪਣੇ ਸਾਥੀਆਂ ਵੱਲ ਦੇਖਿਆ, "ਆਓ ਸੱਜਣੋ। ਇੱਕ ਇੱਕ ਬੁਰਕੀ ਹੋ ਜਾਏ।"

"ਨਾ ਭਾਈ, ਤੂੰ ਮਜ਼ਾ ਲੈ। ਅਸੀਂ ਤਾਂ ਦੁਪਿਹਰ ਤੱਕ ਠੀਕ ਹਾਂ, ਪਿੰਡ ਤੋਂ ਢਿੱਡ ਭਰ ਕੇ ਤੁਰੇ ਸੀ।" ਬਰਕਤ ਨੇ ਸੱਜਾ ਹੱਥ ਥੋੜ੍ਹਾ ਉਪਰ ਨੂੰ ਚੱਕਿਆ। ਫੇਰ ਉਹਨੇ ਆਪਣੇ ਸਾਥੀਆਂ ਵੱਲ ਧਿਆਨ ਨਾਲ਼ ਦੇਖਿਆ, "ਸੋਚ ਰਿਹਾ ਹਾਂ ਕਿ ਅਗਲੇ ਮਹੀਨੇ ਮੈਂ ਪਿੰਡ ਹੀ ਰਹਾਂ। ਅੱਡਾ ਤੁਸੀਂ ਤਿੰਨੇ ਸੰਭਾਲ ਲਿਓ।

"ਕਿਓ, ਠੀਕ-ਠਾਕ ਤਾਂ ਹੈਂ ?" ਸੋਮੇ ਨੇ ਚਿੰਤਾ ਜਿਹੀ ਨਾਲ਼ ਪੁੱਛਿਆ।

"ਹਾਂ, ਵੈਸੇ ਤਾਂ ਠੀਕ-ਠਾਕ ਹੀ ਆਂ। ਕਣਕ ਦੀ ਬਿਜਾਈ ਦੇ ਦਿਨ ਆ ਰਹੇ ਆ। ਸੋਚਦਾ ਆਂ ਕਿ ਪਿੰਡ ਕਿਸੇ ਜ਼ਿਮੀਦਾਰ ਦੇ ਨਾਲ਼ ਕੰਮ ਕਰਕੇ ਮਣ, ਡੇਢ ਮਣ ਦਾਣੇ ਮਿਲ਼

ਗਏ ਤਾਂ ਘਰ ਅੰਨ-ਪਾਣੀ ਦੀ ਸੌਖ ਹੋ ਜਾਊਗੀ।" ਬਰਕਤ ਸੋਚਾਂ 'ਚ ਡੁੱਬਿਆ ਹੋਇਆ ਸੀ।

"ਗੱਲ ਤਾਂ ਤੇਰੀ ਠੀਕ ਆ।" ਸੋਮੇ ਨੇ ਸਹਿਮਤੀ 'ਚ ਸਿਰ ਹਿਲਾਇਆ।

"ਇਹ ਕੰਮ ਤਾਂ ਅਸੀਂ ਸਾਰੇ ਕਰਾਂਗੇ ਹੀ। ਪਿਤਾ ਪੁਰਖੀ ਪੇਸ਼ਾ ਤਾਂ ਇਹੀ ਹੈ। ਸੋਮੇ ਨੇ ਬੁਰਕੀ ਸੰਘ ਤੋਂ ਕਾਹਲ਼ੀ ਨਾਲ਼ ਥੱਲੇ ਕਰਦਿਆਂ ਕਿਹਾ।

"ਤਾਂ ਫੇਰ ਅੱਡਾ ਬਾਹਰ ਦੇ ਮਜ਼ਦੂਰ ਸਾਂਭ ਲੈਣਗੇ। ਸਾਰੇ ਇੱਕੋ ਟਾਇਮ ਕਿਦਾਂ ਜਾ ਸਕਦੇ ਆਂ ?" ਬਰਕਤ ਨੇ ਉਨ੍ਹਾਂ ਨੂੰ ਸਮਝਾਇਆ, "ਇਦਾਂ ਕਰਦੇ ਆਂ ਕਿ ਦੋ ਜਣੇ ਹੁਣ ਬਿਜਾਈ 'ਤੇ ਜਾ ਆਈਏ। ਬਾਕੀ ਗੰਨੇ ਦੀ ਪਿੜਾਈ ਦੇ ਮੌਕੇ ਪਿੰਡ 'ਚ ਕੰਮ ਕਰ ਲੈਣਗੇ। ਅਨਾਜ ਨਾ ਸਹੀ, ਗੁੜ-ਸ਼ਕਰ ਮਿਲ ਜਾਊਗਾ।"

ਬਰਕਤ ਦੀ ਸਲਾਹ ਸੁਣ ਕੇ ਉਹ ਸੋਚਾਂ 'ਚ ਪੈ ਗਏ।

ਉਨ੍ਹਾਂ ਦੀ ਗੱਲ ਬਾਤ ਸੁਣ ਕੇ ਕਾਲ਼ੀ ਦੇ ਕੰਨ ਖੜ੍ਹੇ ਹੋ ਗਏ। ਉਹ ਇੱਧਰ ਉੱਧਰ ਝਾਕਦਾ ਉਨ੍ਹਾਂ ਦੇ ਦੁਆਲੇ ਘੁਮੇਰੇ ਕੱਢਣ ਲੱਗਾ। ਉਹਨੇ ਸੋਚਿਆ ਜੇ ਅੱਡੇ 'ਤੇ ਕੰਮ ਬਣ ਜਾਵੇ ਤਾਂ ਉਹ ਦੀਆਂ ਸਾਰੀਆ ਮੁਸ਼ਕਲਾਂ ਹੱਲ ਹੋ ਜਾਣ। ਅਜੇ ਖੁੱਲੇ ਦਿਨ ਆ। ਰਾਤ ਨੂੰ ਬਹੁਤੀ ਠੰਡ ਵੀ ਨਹੀਂ ਹੁੰਦੀ। ਉਹ ਬਰਾਂਡੇ 'ਚ ਸੌਂ ਸਕਦਾ ਹੈ। ਰੋਟੀ-ਪਾਣੀ ਨਾਲ਼ ਦੇ ਢਾਬੇ ਤੋਂ ਮਿਲ਼ ਜਾਇਆ ਕਰਨੀ ਹੈ। ਜੰਗਲ-ਪਾਣੀ ਲਈ ਕੰਧ ਟੱਪਣ ਦੀ ਹੀ ਲੋੜ ਹੈ।

ਕਾਲ਼ੀ ਦੇ ਦਿਮਾਗ ਵਿਚ ਆਪਣੇ ਭਵਿੱਖ ਬਾਰੇ ਇਕ ਨਕਸ਼ਾ ਬਣਨ ਲੱਗਾ। ਉਹ ਅੱਡੇ ਦੇ ਮਜ਼ਦੂਰਾਂ ਨਾਲ਼ ਇਸ ਬਾਰੇ ਗੱਲ ਕਰਨੀ ਚਾਹੁੰਦਾ ਸੀ ਪਰ ਉਹਦਾ ਹੌਸਲਾ ਹੀ ਨਹੀਂ ਪਿਆ।

ਬਰਕਤ ਨੇ ਆਪਣੇ ਸਾਥੀਆਂ ਵੱਲ ਵੇਖਿਆ। ਉਨ੍ਹਾਂ ਨੂੰ ਦੁਚਿੱਤੀ ਜਿਹੀ 'ਚ ਦੇਖ ਉਹ ਉਠ ਖੜ੍ਹਿਆ, "ਅਜੇ ਬੱਸਾਂ ਆਉਣ 'ਚ ਟਾਇਮ ਹੈ। ਆਉ ਅੱਡਾ ਇੰਨਚਾਰਜ ਨਾਲ਼ ਸਲਾਹ ਕਰ ਲੈਂਦੇ ਆਂ। ਆਖਰੀ ਫੈਸਲਾ ਤਾਂ ਉਹ ਹੀ ਕਰੂਗਾ।"

ਉਹ ਅੱਡਾ ਇੰਨਚਾਰਜ ਮੀਤ ਸਿੰਘ ਦੇ ਕਮਰੇ ਵੱਲ ਨੂੰ ਤੁਰ ਪਏ। ਉਹ ਐਨਕ ਲਾਈ ਅਖ਼ਬਾਰ 'ਤੇ ਝੁੱਕਿਆ ਹੋਇਆ ਸੀ ਤੇ ਇੰਝ ਬੁੜਬੁੜਾ ਰਿਹਾ ਸੀ ਜਿਵੇਂ ਅਖਬਾਰ ਵਿਚ ਛਪੇ ਇੱਕ-ਇੱਕ ਅੱਖਰ ਨੂੰ ਜੋੜ ਕੇ ਪੜ੍ਹ ਰਿਹਾ ਹੋਵੇ। ਉਹ ਚੁੱਪਚਾਪ ਖੜ੍ਹੇ ਉਹਦੀ ਵੱਲ ਦੇਖਦੇ ਰਹੇ। ਫੇਰ ਅੱਖਾਂ ਹੀ ਅੱਖਾਂ ਵਿਚ ਇੱਕ-ਦੂਸਰੇ ਨੂੰ ਇਸ਼ਾਰੇ ਕਰਨ ਲੱਗੇ। ਅੰਤ 'ਚ ਉਨ੍ਹਾਂ ਵਿਚੋਂ ਸਭ ਤੋਂ ਪੁਰਾਣਾ ਅੱਡਾ ਮਜ਼ਦੂਰ ਬਰਕਤ ਬੋਲਿਆ, "ਉਸਤਾਦ ਜੀ, ਸੱਤ ਸ੍ਰੀ ਅਕਾਲ।"

ਮੀਤ ਸਿੰਘ ਨੇ ਮੋਢਿਆਂ ਸਮੇਤ ਧੜ ਉੱਪਰ ਨੂੰ ਚੱਕਿਆ ਤੇ ਐਨਕ ਦੇ ਸ਼ੀਸ਼ਿਆਂ ਵਿਚੋਂ ਹੀ ਉਨ੍ਹਾਂ ਵੱਲ ਦੇਖਦੇ ਹੋਏ ਪੁੱਛਿਆ, "ਕੀ ਹੋ ਗਿਆ ਜੋ ਟੋਲਾ ਬਣਾ ਕੇ ਮੇਰੇ ਕਮਰੇ 'ਚ ਧੁੱਸ ਦਿੰਦੇ ਆ ਵੜੇ ਆਂ ?"

"ਉਸਤਾਦ ਜੀ, ਇਕ ਸਲਾਹ ਕਰਨੀ ਸੀ।" ਬਰਕਤ ਨੇ ਹੱਥ ਜੋੜ ਕੇ ਕਿਹਾ।

"ਮੇਰੇ ਸਿਰ 'ਤੇ ਚੜ੍ਹ ਕੇ ਖੜ੍ਹੇ ਆ ਜਿਵੇਂ ਮੇਰਾ ਸਿਰ ਪਾੜਨਾ ਹੋਵੇ।" ਮੀਤ ਸਿੰਘ ਨੇ ਅਖਬਾਰ 'ਤੇ ਦੋਨੋ ਬਾਂਹਾਂ ਖਿਲਾਰ ਕੇ ਉਨ੍ਹਾਂ ਵੱਲ ਘੂਰ ਕੇ ਦੇਖਿਆ।

"ਉਸਤਾਦ ਜੀ, ਤੁਸੀਂ ਇਹ ਕੀ ਕਹਿ ਰਹੇ ਹੋ।" ਬਰਕਤ ਨੇ ਆਪਣੇ ਦੋਨੋ ਹੱਥ

ਮੀਤ ਸਿੰਘ ਦੇ ਗੋਡਿਆਂ 'ਤੇ ਰੱਖ ਦਿਤੇ। "ਤੁਸੀਂ ਓਦਾਂ ਹੀ ਸਾਡੇ ਸਿਰ 'ਤੇ ਸੌ ਛਿੱਤਰ ਮਾਰ ਲਵੋ। ਐਨਾ ਵੱਡਾ ਪਾਪ ਸਾਡੇ 'ਤੇ ਕਿਉਂ ਚੜਾਉਂਦੇ ਹੋ ?"

"ਬੋਲੋ, ਕੀ ਗੱਲ ਆ ? ਮੇਰੇ ਕਮਰੇ 'ਤੇ ਚੜ੍ਹਾਈ ਕਿਉ ਕੀਤੀ ਆ ?" ਮੀਤ ਸਿੰਘ ਨੇ ਧੜ ਦਾ ਸਾਰਾ ਭਾਰ ਕੁਰਸੀ ਦੇ ਪਿੱਛੇ ਨੂੰ ਪਾ ਦਿੱਤਾ।

"ਉਸਤਾਦ ਜੀ, ਤੁਸੀਂ ਤਾਂ ਜਾਣਦੇ ਹੀ ਹੋ ਕਿ ਫਸਲ ਦੀ ਬਿਜਾਈ ਦੇ ਦਿਨ ਨੇੜੇ ਆ ਰਹੇ ਹਨ। ਅਸੀਂ ਸੋਚ ਰਹੇ ਸੀ ਸਾਡੇ ਵਿਚੋਂ ਦੋ ਜਣੇ ਆਪਣੇ-ਆਪਣੇ ਪਿੰਡ ਜਾ ਕੇ ਜ਼ਿਮੀਦਾਰਾਂ ਨਾਲ਼ ਫਸਲ ਦੀ ਬਿਜਾਈ ਕਰ ਲਈਏ। ਅਨਾਜ ਮਿਲ਼ਣ ਨਾਲ਼ ਥੋੜ੍ਹਾ ਸੁਖਾਲਾ ਹੋ ਜਾਉਗਾ।"

"ਹੂੰ।" ਮੀਤ ਸਿੰਘ ਸੋਚ ਵਿਚ ਡੁੱਬ ਗਿਆ। ਫਿਰ ਅੱਗੇ ਨੂੰ ਝੁੱਕਦੇ ਹੋਏ ਨੇ ਹੱਥ ਇੰਨੇ ਜ਼ੋਰ ਨਾਲ਼ ਚੱਕੇ ਕਿ ਉਨ੍ਹਾਂ ਵਿਚ ਅਖਬਾਰ ਵੀ ਪੂਰੀ ਤਰ੍ਹਾਂ ਇਕੱਠਾ ਹੋ ਗਿਆ।

"ਬਹੁਤ ਸਿਆਣੇ ਬਣਦੇ ਆਂ। ਲਗਦਾ ਹੈ ਕਿ ਭਾਰ ਚੁੱਕ ਚੁੱਕ ਕੇ ਤੁਹਾਡਾ ਦਿਮਾਗ ਪਿਚਕ ਗਿਆ ਹੈ," ਮੀਤ ਸਿੰਘ ਨੇ ਝਿੜਕਿਆ, ਫਿਰ ਉਨ੍ਹਾਂ ਨੂੰ ਸਮਝਾਇਆ। "ਮੂਰਖੋ ... ਤੁਸੀਂ ਫਸਲ ਦੀ ਬਿਜਾਈ ਲਈ ਪਿੰਡ ਜਾਣਾ ਚਾਹੁੰਦੇ ਹੋ। ਉੱਧਰੋਂ ਨਿਰਾਤੇ ਆ ਰਹੇ ਹਨ। ਜਵਾਲਾ ਜੀ, ਚਿੰਤਪੂਰਨੀ ਜਾਣ ਵਾਲੇ ਭਗਤਾਂ ਦੀ ਭੀੜ ਲੱਗ ਜਾਣੀ ਹੈ। ਚਾਰ ਪੈਸੇ ਕਮਾਉਣ ਦੇ ਇਹੀ ਤਾਂ ਦਿਨ ਹਨ।"

"ਹਾਂ, ਉਸਤਾਦ ਜੀ, ਅਸੀਂ ਇਹ ਤਾਂ ਸੋਚਿਆ ਹੀ ਨਹੀਂ।" ਬਰਕਤ ਖਸਿਆਨਾ ਜਿਹਾ ਹੋ ਗਿਆ।

"ਭਾਈ, ਆਪਣਾ ਪੜ੍ਹਿਆ-ਲਿਖਿਆ ਚੰਗੀ ਤਰ੍ਹਾਂ ਵਿਚਾਰ ਲਵੋ। ਅੱਡੇ 'ਤੇ ਮਜ਼ਦੂਰ ਤਾਂ ਰੱਖਣੇ ਹੀ ਪੈਣਗੇ ... ਸਵਾਰੀਆਂ ਦੀ ਸਹੂਲਤ ਤੇ ਆਪਣੀ ਜ਼ਰੂਰਤ ਦੇ ਲਈ। ... ਤੁਸੀਂ ਇਕ ਵਾਰ ਅੱਡਾ ਛੱਡ ਦਿਤਾ ਤਾਂ ਦੁਬਾਰਾ ਨਹੀਂ ਮਿਲ਼ੇਗਾ।" ਮੀਤ ਸਿੰਘ ਨੇ ਅਖ਼ਬਾਰ ਨੂੰ ਖੋਲ੍ਹਦੇ ਹੋਏ ਚਿਤਾਵਨੀ ਦਿੱਤੀ।

"ਠੀਕ ਹੈ ਉਸਤਾਦ ਜੀ। ਨਹੀਂ ਜਾਵਾਂਗੇ।"ਬਰਕਤ ਨੇ ਸਿਰ ਝੁਕਾ ਲਿਆ।

ਉਹ ਕਮਰੇ ਤੋਂ ਬਾਹਰ ਜਾਣ ਲਈ ਮੁੜੇ ਤਾਂ ਮੀਤ ਸਿੰਘ ਨੇ ਉਨ੍ਹਾਂ ਨੂੰ ਰੋਕ ਲਿਆ। "ਮੁੰਡਿਉ, ਤੁਹਾਨੂੰ ਪਤਾ ਹੀ ਹੈ ਕਿ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਸੰਤਰਾ ਹੀ ਲੈ ਲੋ, ਡੇਢ ਰੁਪਏ ਤੋਂ ਦੋ ਰੁਪਏ ਦਾ ਹੋ ਗਿਆ ਹੈ। ਠੇਕੇਦਾਰਾਂ ਨੇ ਇੱਕੋ ਵਾਰ ਅੱਠ ਆਨੇ ਦੀ ਕੀਮਤ ਵਧਾ ਦਿੱਤੀ ਹੈ। ਤੁਸੀਂ ਵੀ ਹੁਣ ਮਜ਼ਦੂਰ ਅੱਡਾ ਫੀ ਛੇ ਆਨੇ ਦੀ ਬਜਾਏ ਅੱਠ ਆਨੇ ਰੋਜ਼ਾਨਾ ਦਿਆ ਕਰੋ।"

"ਉਸਤਾਦ ਜੀ, ਸਾਡੀ ਮਜ਼ਦੂਰੀ ਦਾ ਰੇਟ ਤਾਂ ਪੁਰਾਣਾ ਹੀ ਹੈ।" ਸੋਮੇ ਨੇ ਕਿਹਾ।

"ਤੁਸੀਂ ਇਥੇ ਕਿੰਨੇ ਰੇਟ 'ਚ ਕੰਮ ਕਰਦੇ ਹੋ ? ... ਮੈਨੂੰ ਨਾ ਦੱਸੋ।" ਮੀਤ ਸਿੰਘ ਦਾ ਲਹਿਜਾ ਸਖ਼ਤ ਹੋ ਗਿਆ। "ਚਾਹ ... ਰੋਟੀ, ਦੁੱਧ ਸਭ ਦਾ ਭਾਅ ਵੱਧ ਗਿਆ ਹੈ। ਪਹਿਲੀ ਤਰੀਕ ਤੋਂ ਬੱਸ ਦਾ ਕਿਰਾਇਆ ਵੀ ਵੱਧ ਰਿਹਾ ਹੈ। ਤੁਸੀਂ ਵੀ ਆਪਣਾ ਰੇਟ ਵਧਾ ਦਿਉ। ਇਸ ਤਰ੍ਹਾਂ ਅੱਡਾ ਫ਼ੀਸ ਆਪਣੇ ਆਪ ਵੱਧ ਜਾਏਗੀ।

"ਉਸਤਾਦ ਜੀ, ਸੌਦੇ ਨੇ ਬਾਰਾ ਨਹੀਂ ਖਾਣਾ। ਸਵੇਰ ਦੀਆਂ ਦੋ ਬੱਸਾਂ ਆਈਆਂ ਤੇ ਦੋ ਬੱਸਾਂ ਗਈਆਂ ਹਨ, ਪਰ ਸਿਰਫ ਸੋਮੇ ਨੇ ਚਾਰ ਆਨੇ ਕਮਾਏ ਆ। ਅਸੀਂ ਤਾਂ ਚਾਹ-ਪਾਣੀ ਤੋਂ ਵੀ ਬੇਜ਼ਾਰ ਬੈਠੇ ਹਾਂ।" ਜੇਬ 'ਤੇ ਹੱਥ ਰੱਖ ਕੇ ਬਰਕਤ ਗਿੜਗੜਾਇਆ।

"ਉਸਤਾਦ ਜੀ, ਫਿਰ ਇਸ ਕੰਮ 'ਚ ਬੱਧੀ ਆਮਦਨ ਵੀ ਨਹੀਂ ਹੈ। ਮੀਂਹ-ਹਨੇਰੀ ਆ ਜਾਵੇ, ਗਰਮੀ-ਸਰਦੀ ਵੱਧ ਜਾਵੇ ਤਾਂ ਸਵਾਰੀਆਂ ਘਰ ਤੋਂ ਬਾਹਰ ਨਿਕਲ਼ਣਾ ਬੰਦ ਕਰ ਦਿੰਦੀਆਂ ਹਨ ਤੇ ਸਾਡਾ ਕੰਮ ਮੰਦਾ ਪੈ ਜਾਂਦਾ ਹੈ।"

"ਮੰਦੇ ਦਿਆ ਪੁੱਤਰਾ, ਮੇਲੇ-ਠੇਲੇ 'ਤੇ ਕਮਾਈ ਵੀ ਤਾਂ ਤੁਸੀਂ ਕਰਦੇ ਆਂ। ਜਦ ਸਵਾਰੀਆਂ ਸਮਾਨ ਬੱਸ ਦੀ ਛੱਤ ਤੋਂ ਉਤਾਰਨ 'ਤੇ ਚੜਾਉਣ ਲਈ ਕਤਾਰ ਬੰਨ ਕੇ ਖੜ੍ਹੀਆਂ ਹੁੰਦੀਆਂ ਹਨ। ਉਦੋਂ ਵੀਹ ਆਦਮੀਆਂ ਦਾ ਕੰਮ ਤੁਸੀਂ ਚਾਰ ਜਣੇ ਕਰਦੇ ਆਂ ਤੇ ਦਸ ਗੁਣਾ ਕਮਾਈ ਕਰਦੇ ਹੋ। ਅਗਰ ਕਦੀ ਇਕ ਆਦਮੀ ਦਾ ਕੰਮ ਚਾਰ ਜਣਿਆਂ ਨੂੰ ਕਰਨਾ ਪੈ ਜਾਏ ਤਾਂ ਮੌਤ ਕਿਉਂ ਪੈਂਦੀ ਆ। ਕੰਮ ਧੰਦੇ ਵਿਚ ਮੰਦਾ ਜਾਂ ਤੇਜ਼ੀ ਤਾਂ ਆਉਂਦੀ ਜਾਂਦੀ ਹੀ ਰਹਿੰਦੀ ਹੈ। ... ਸੋਚ ਲਉ ਵਿਚਾਰ ਲਉ ... ਅਗਰ ਤੁਹਾਨੂੰ ਮੰਜ਼ੂਰ ਨਹੀਂ ਤਾਂ ਮੈਂ ਦੋ ਮਜ਼ਦੂਰ ਹੋਰ ਰੱਖ ਲਵਾਂਗਾ। ਮੈਂ ਆਪਣਾ ਘਰ ਵੀ ਤਾਂ ਦੇਖਣਾ ਹੈ।" ਮੀਤ ਸਿੰਘ ਫੇਰ ਅਖ਼ਬਾਰ 'ਤੇ ਝੁਕ ਗਿਆ।

ਕੋਈ ਜਵਾਬ ਦਿੱਤੇ ਬਿਨਾਂ ਬਰਕਤ, ਸੋਮਾ ਤੇ ਉਨਾਂ ਦੇ ਦੋਨੋ ਸਾਥੀ ਬਾਹਰ ਜਾਣ ਲਈ ਮੁੜੇ ਤਾਂ ਮੀਤ ਸਿੰਘ ਨੇ ਉਨਾਂ ਨੂੰ ਇਕ ਵਾਰ ਫਿਰ ਰੋਕ ਕੇ ਆਪਣਾ ਫੈਸਲਾ ਸੁਣਾ ਦਿੱਤਾ, "ਤੁਹਾਡੀ ਅੱਡਾ ਫੀਸ ਮੈਂ ਸੰਤਰੇ ਦੇ ਅਧੀਏ ਦੀ ਕੀਮਤ ਨਾਲ਼ ਬੰਨ ਦਿੱਤੀ ਹੈ। ਉਹਦੀ ਕੀਮਤ ਵਧੇਗੀ ਤਾਂ ਅੱਡਾ ਫ਼ੀਸ ਵੀ ਵਧਾ ਦੇਵਾਂਗਾ। ਅਗਰ ਘੱਟ ਗਈ ਤਾਂ ਅੱਡਾ ਫ਼ੀਸ ਵੀ ਘਟਾ ਦੇਵਾਂਗਾ।"

"ਉਸਤਾਦ ਜੀ, ਇਦਾਂ ਲਗਦਾ ਕਿ ਸਵੇਰੇ ਸਵੇਰੇ ਹੀ ਨਸ਼ੇ 'ਚ ਗੁੱਟ ਹੋ ਗਏ ਹੋ।" ਬਰਕਤ ਹੱਥ ਰਗੜਦਾ ਹੋਇਆ ਮੁਸਕਰਾਇਆ।

"ਗੁੱਟ ਦਿਆ ਪੁੱਤਰਾ, ਅਜੇ ਤਾਂ ਮੈਂ ਲੱਸੀ ਵੀ ਨਹੀਂ ਪੀਤੀ। ਗੁੱਟ ਕਿਦਾਂ ਹੋ ਗਿਆ। ਜਾ ਦੌੜ ਕੇ ਮਕੰਦੇ ਹਲਵਾਈ ਦੀ ਦੁਕਾਨ ਤੋਂ ਮਿੱਠੀ ਲੱਸੀ ਦਾ ਗਲਾਸ ਲੈ ਕੇ ਆ। ਥੋੜ੍ਹਾ ਪਰ੍ਹੇ ਸਤਨਾਮੇ ਤੋਂ ਤਿੰਨ ਸੰਤਰੇ ਵੀ ਲੈਂਦਾ ਆਈਂ ਸਵੇਰ ਦੇ ਹੀ ਖੱਟੇ ਡਕਾਰ ਆਉਂਦੇ ਆ। ਲਗਦਾ ਹੈ ਢਿੱਡ 'ਚ ਤੇਜ਼ਾਬੀ ਮਾਦਾ ਵੱਧ ਗਿਆ ਹੈ।" ਮੀਤ ਸਿੰਘ ਨੇ ਦੋਹਾਂ ਹੱਥਾਂ ਨਾਲ਼ ਢਿੱਡ ਨੂੰ ਘੁੱਟਿਆ।

"ਉਸਤਾਦ ਜੀ ਪੈਸੇ ?" ਬਰਕਤ ਨੇ ਉਹਦੀ ਵੱਲ ਖੁੱਲਾ ਤੇ ਖਾਲੀ ਹੱਥ ਵਧਾ ਦਿੱਤਾ।

ਮੀਤ ਸਿੰਘ ਨੇ ਘੂਰ ਕੇ ਉਹਦੀ ਵੱਲ ਦੇਖਿਆ ਤਾਂ ਬਰਕਤ ਬੋਲਿਆ, "ਉਸਤਾਦ ਜੀ ਦੱਸਿਆ ਤਾਂ ਹੈ ਕਿ ਸਵੇਰ ਦੀਆਂ ਦੋ ਲਾਰੀਆਂ ਆਈਆਂ ਤੇ ਦੋ ਗਈਆਂ ਹਨ। ਕੁਲ ਮਿਲਾ ਕੇ ਚਾਰ ਆਨੇ ਦੀ ਕਮਾਈ ਹੋਈ ਹੈ। ... ਕਦੀ ਕਦੀ ਤਾਂ ਇਦਾਂ ਦਾ ਮਨਹੂਸ ਦਿਨ ਹੁੰਦਾ ਹੈ ਕਿ ਲਾਰੀ ਤੋਂ ਭੁੱਖੀਆਂ ਨੰਗੀਆਂ ਸਵਾਰੀਆਂ ਹੀ ਉਤਰਦੀਆਂ ਹਨ। ਸਮਾਨ ਤਾਂ ਕੀ ਉਨ੍ਹਾਂ ਦੇ ਤਨ 'ਤੇ ਪੂਰੇ ਕਪੜੇ ਵੀ ਨਹੀਂ ਹੁੰਦੇ।"

"ਟਰੰਕਾਂ, ਬਿਸਤਰਿਆਂ ਤੇ ਵੱਡੀਆਂ ਵੱਡੀਆਂ ਗੱਠੜੀਆਂ ਨਾਲ਼ ਲੱਦੀਆਂ ਸਵਾਰੀਆਂ ਵੀ ਤਾਂ ਇਸੇ ਅੱਡੇ 'ਤੇ ਉਤਰਦੀਆਂ।" ਮੀਤ ਸਿੰਘ ਨੇ ਬਰਕਤ ਨੂੰ ਝਿੜਕਿਆ, "ਜਾ, ਦੌੜ ਕੇ ਲੱਸੀ ਤੇ ਸੰਤਰੇ ਲੈ ਆ। ਉਹਨੂੰ ਦੱਸ ਦੇਵੀਂ ਕਿ ਅੱਡਾ ਇੰਨਚਾਰਜ ਨੇ ਮੰਗਵਾਏ ਆ। ਉਹ ਪੈਸੇ ਨਹੀਂ ਮੰਗੇਗਾ। ਛੇਤੀ ਦੌੜ ਜਾ। ਦੋਨਾਂ ਬੱਸਾਂ ਦੇ ਜਾਣ ਦਾ ਟਾਇਮ ਹੋ ਰਿਹਾ ਹੈ। ਅੱਗੇ-ਪਿਛੇ ਹੀ ਤੁਰ ਪੈਣੀਆਂ।"

ਬਰਕਤ ਤੇ ਉਹਦੇ ਸਾਥੀ ਮੀਤ ਸਿੰਘ ਦੇ ਕਮਰੇ ਤੋਂ ਬਾਹਰ ਆ ਗਏ। ਬਰਕਤ ਹਲਵਾਈ ਦੀ ਦੁਕਾਨ ਨੂੰ ਚਲਾ ਗਿਆ ਅਤੇ ਸੋਮਾ, ਤੋਖਾ ਤੇ ਮਨਸੁੱਖ ਬਾਹਰ ਖੁੱਲੀ ਜਗ੍ਹਾ 'ਚ ਆ ਖੜੇ ਹੋਏ। ਨਵਾਂ ਸ਼ਹਿਰ-ਬੰਗਿਆਂ ਨੂੰ ਜਾਣ ਵਾਲੀ ਬੱਸ ਲੱਗ ਗਈ ਸੀ ਅਤੇ ਉਸਦਾ ਡਰਾਈਵਰ ਤੇ ਕਲੀਨਰ ਬੋਨਟ ਦੇ ਕੋਲ਼ ਖੜ੍ਹੇ ਸਨ। ਸੋਮਾ ਤੇ ਉਹਦੇ ਸਾਥੀ ਵੀ ਉਨ੍ਹਾਂ ਦੇ ਕੋਲ ਚਲੇ ਗਏ।

"ਮਨਸੁੱਖ, ਇਸ ਬੱਸ 'ਤੇ ਤੂੰ ਅਤੇ ਤੋਖਾ ਆਪਣੀ ਕਿਸਮਤ ਅਜ਼ਮਾ ਲਉ। ਲੁਧਿਆਣਾ 'ਤੇ ਨਵਾਂਸ਼ਹਿਰ-ਬੰਗਿਆਂ ਤੋਂ ਆਉਣ ਵਾਲੀਆਂ ਲਾਰੀਆਂ ਮੈਂ 'ਤੇ ਬਰਕਤ ਦੇਖ ਲਵਾਂਗੇ।" ਸੋਮੇ ਨੇ ਸਲਾਹ ਦਿੱਤੀ।

ਮਨਸੁੱਖ, ਤੇ ਤੋਖੇ ਨੂੰ ਬੱਸ ਵੱਲ ਆਉਂਦਿਆਂ ਦੇਖ ਕੇ ਡਰਾਈਵਰ ਸਰਵਣ ਸਿੰਘ ਤੇ ਕਲੀਨਰ ਫੁੰਮਣਰਾਮ ਥੋੜ੍ਹਾ ਪਰ੍ਹੇ ਚਲੇ ਗਏ। ਸਰਵਣ ਸਿੰਘ ਵੱਲ ਨੂੰ ਮੂਧਾ ਹੋ ਕੇ ਫੁੰਮਣਰਾਮ ਨੇ ਬੁੜਬੁੜ ਕੀਤੀ "ਸੁਣਿਆ ਹੈ ਨਵਾਂ ਕਲੀਨਰ ਕੁਲਦੀਪ ਚੰਦ ਪੰਡਿਤ ਜੀ ਦਾ ਰਿਸ਼ਤੇਦਾਰ ਆ।"

"ਸੁਣਿਆ ਤਾਂ ਮੈਂ ਵੀ ਆਂ। ਠੀਕ ਹੀ ਹੋਣਾ। ਪੰਡਿਤ ਇਕੱਲਾ ਕੰਪਨੀ 'ਚ ਛੇ ਆਨਿਆਂ ਦਾ ਹਿੱਸੇਦਾਰ ਆ। ਇਸ ਲਈ ਬੰਦੇ ਜ਼ਿਆਦਾ ਉਹਦੇ ਹੀ ਭਰਤੀ ਹੋਣਗੇ। ਦੂਜੇ ਨੰਬਰ ਤੇ ਵਰਿਆਮ ਸਿੰਘ ਹੈ। ਉਹ ਕੰਪਨੀ 'ਚ ਚਾਰ ਆਨੇ ਦਾ ਮਾਲਿਕ ਹੈ।"

"ਇਹ ਦੋਨੋ ਤਾਂ ਕੰਪਨੀ ਨੂੰ ਖਾ ਜਾਣਗੇ। ... ਮੁਨਾਫਾ ਹਰ ਸਾਲ ਘੱਟਦਾ ਜਾ ਰਿਹਾ।" ਫੁੰਮਣਰਾਮ ਨੇ ਚਿੰਤਾ ਜ਼ਾਹਿਰ ਕੀਤੀ।

"ਤੂੰ ਕਿੰਨਾ ... ਦੋ ਪੈਸੇ ਦਾ ਮਾਲਿਕ ਆਂ ?" ਸਰਵਣ ਸਿੰਘ ਨੇ ਪੁੱਛਿਆ।

"ਨਹੀਂ, ਡੇਢ ਪੈਸੇ ਦਾ।" ਫੁੰਮਣਰਾਮ ਨੇ ਕਿਹਾ।

"ਮੈਂ ਇਕ ਪੈਸੇ ਦਾ ਮਾਲਿਕ ਹਾਂ। ... ਇੰਨਾ ਸ਼ੁਕਰ ਕਰ ਕਿ ਨੌਕਰੀ ਲੱਗੀ ਹੋਈ ਆ। ਆਪਣਾ ਰੋਟੀ-ਪਾਣੀ ਦਾ ਖਰਚ ਲਾਰੀ ਤੋਂ ਕੱਢ ਲੈਂਦੇ ਆਂ। ਰਾਤ ਨੂੰ ਮੂੰਹ ਵੀ ਕੌੜਾ ਕਰ ਲਈ ਦਾ ਆ। ਪੂਰੀ ਤਨਖਾਹ ਘਰ ਲੈ ਜਾਈਦੀ ਆ। ਉਤੋਂ ਸਾਲ ਬਾਅਦ ਥੋੜ੍ਹਾ ਬਹੁਤਾ ਡਿਵੀਡੰਡ ਵੀ ਮਿਲ਼ ਜਾਂਦਾ ਹੈ। ਹੋਰ ਤੂੰ ਕੀ ਚਾਹੁੰਦਾ ਆਂ ? ਕੀ ਤੇਰੇ ਨਾਂ ਦੇ ਨਾਲ਼ ਨਾਲ਼ ਤੇਰੇ ਸਿਰ 'ਤੇ ਵੀ ਫੁੰਮਣ ਬੰਨ੍ਹ ਦਿਤੇ ਜਾਣ ?" ਉਤੇਜਿਤ ਹੋ ਕੇ ਸਰਵਣ ਸਿੰਘ ਨੇ ਫੁੰਮਣਰਾਮ ਦੇ ਮੋਢੇ ਤੇ ਜ਼ੋਰ ਨਾਲ਼ ਹੱਥ ਮਾਰਿਆ।

"ਭਰਾਵਾ, ਤੇਰੀਆਂ ਸਾਰੀਆਂ ਗੱਲਾਂ ਠੀਕ ਆ। ਆਪਣਾ ਹਿਸਾਬ-ਕਿਤਾਬ ਤਾਂ ਠੀਕ-ਠਾਕ ਹੈ ਹੀ। ਪਰ ਮੇਰਾ ਭਤੀਜਾ ਅਠਾਰਾਂ ਸਾਲਾਂ ਦਾ ਹੋ ਗਿਆ ਹੈ। ਅੱਠ ਜਮਾਤਾਂ ਵੀ

ਪਾਸ ਕਰ ਲਈਆਂ ਹਨ। ਉਹਦੇ ਬਾਰੇ ਮੈਂ ਸੋਚ ਰਿਹਾ ਸੀ ਕਿ ਜੇ ਕੰਪਨੀ ਵਿਚ ਪਰਚੀਆਂ ਕੱਟਣ ਜਾਂ ਕਲੀਨਰ ਦੀ ਨੌਕਰੀ ਮਿਲ ਜਾਵੇ ਤਾਂ ਚਿੰਤਾ ਦੂਰ ਹੋ ਜਾਵੇ।" ਫੁੰਮਣਰਾਮ ਡੂੰਘੀ ਸੋਚ ਵਿਚ ਡੁੱਬ ਗਿਆ, "ਜਵਾਨ ਲੜਕਾ ਅਵਾਰਾ ਨਹੀਂ ਫਿਰਨਾ ਚਾਹੀਦਾ।"

"ਤੇਰਾ ਭਰਾ ਕੀ ਕੰਮ ਕਰਦਾ ?"

"ਪਿੰਡ ਵਿਚ ਛੋਟੀ ਜਿਹੀ ਕਰਿਆਨੇ ਦੀ ਹੱਟੀ।"

"ਤਾਂ ਮੁੰਡੇ ਨੂੰ ਹੁਣ ਹੱਟੀ 'ਤੇ ਬਿਠਾ ਦਿਉ।" ਸਰਵਣ ਸਿੰਘ ਨੇ ਸੁਝਾਅ ਦਿੱਤਾ।

"ਦੁਕਾਨ ਦੋ ਆਦਮੀਆਂ ਦਾ ਭਾਰ ਨਹੀਂ ਉਠਾ ਸਕਦੀ। ਵੈਸੇ ਵੀ ਮੇਰਾ ਭਤੀਜਾ ਫੇਰੇ-ਤੋਰੇ ਦਾ ਸ਼ੁਕੀਨ ਹੈ।"

"ਤਾਂ ਫੇਰ ਪੰਡਿਤ ਜੀ ਜਾਂ ਵਰਿਆਮ ਸਿੰਘ ਨਾਲ਼ ਗੱਲ ਕਰ ਲਾ।"

"ਉਹ ਕਿਥੇ ਮੰਨਣ ਲੱਗੇ ਆ। ਉਨ੍ਹਾਂ ਦੀ ਆਪਣੀ ਰਿਸ਼ਤੇਦਾਰੀ ਬੜੀ ਲੰਬੀ ਚੌੜੀ ਆ।" ਫੁੰਮਣਰਾਮ ਮਾਯੂਸ ਹੋ ਗਿਆ।

"ਫੁੰਮਣਾ ਤੇਰਾ ਕੰਮ ਬਣ ਸਕਦਾ ਆ।" ਸਰਵਣ ਸਿੰਘ ਨੇ ਭਰਵੱਟੇ ਚੜ੍ਹਾ ਕੇ ਵਿਸ਼ਵਾਸ ਨਾਲ਼ ਕਿਹਾ।

"ਕਿਦਾਂ ?" ਫੁੰਮਣਰਾਮ ਹੈਰਾਨੀ ਨਾਲ਼ ਸਰਵਣ ਸਿੰਘ ਵੱਲ ਦੇਖਣ ਲੱਗਾ।

"ਕੰਪਨੀ ਵਿਚ ਤਿੰਨ ਆਨੇ ਦਾ ਇੱਕ ਹੋਰ ਹਿੱਸੇਦਾਰ ਵੀ ਆ।"

"ਕੌਣ ?"

"ਪੰਡੋਰੀ ਦਾ ਮਹੰਤ ਸੰਤੋਖ ਸਿੰਘ । ਬਹੁਤ ਘੱਟ ਲੋਕਾਂ ਨੂੰ ਪਤਾ ਹੈ ਇਸ ਗੱਲ ਦਾ। ਹਰ ਸਾਲ ਵਿਸਾਖੀ ਤੇ ਦੀਵਾਲੀ ਨੂੰ ਉਹਦੇ ਡੇਰੇ 'ਤੇ ਭੰਡਾਰਾ ਹੁੰਦਾ ਆ। ਕੰਪਨੀ ਦੀਆਂ ਸਾਰੀਆਂ ਲਾਰੀਆਂ ਸੰਗਤਾਂ ਨੂੰ ਮੁਫਤ ਢੋਂਦੀਆਂ ਹਨ। ... ਉਹ ਕਹਿ ਦੇਵੇ ਤਾਂ ਤੇਰੇ ਭਤੀਜੇ ਦਾ ਖੜ੍ਹੇ ਪੈਰ ਕੰਮ ਬਣ ਸਕਦਾ ਹੈ। ਸਿੱਧਾ ਇੰਸਪੈਕਟਰ ਲੱਗ ਸਕਦਾ। ਵੈਸੇ ਵੀ ਮਹੰਤ ਦਿਆਲੂ ਆਦਮੀ ਆ। ਔਰਤ ਜ਼ਾਤ ਦੀ ਗੱਲ ਨੂੰ ਝੱਟ ਮੰਨ ਲੈਂਦਾ ਹੈ।" ਸਰਵਣ ਸਿੰਘ ਅੱਖ ਦਬਾ ਕੇ ਹੱਸਿਆ।

"ਚਲੋ, ਕੋਸ਼ਿਸ਼ ਕਰਕੇ ਦੇਖਾਂਗੇ। ਪੰਡੋਰੀ ਵੈਸੇ ਵੀ ਮੇਰੇ ਪਿੰਡ ਦੇ ਨੇੜੇ ਹੀ ਹੈ। ਜ਼ਿਆਦਾ ਤੋਂ ਜ਼ਿਆਦਾ ਦੋ ਕੋਹ ਹੋਊਗਾ ... ਪਗਡੰਡੀ ਰਾਹੀਂ। ... ਸੜਕ ਵੱਲ ਦੀ ਅੱਠ-ਦਸ ਕੋਹ ਪੈ ਜਾਂਦਾ। ਪਹਿਲਾਂ ਬਹਿਰਾਮ ਜਾਓ ਫੇਰ ਨੰਗਲ ਤੇ ਉਥੋਂ ਪੰਡੋਰੀ।"

"ਸੇਵਾ ਕਰੋ ਡੇਰੇ 'ਤੇ। ... ਮਹੰਤ ਖੁਸ਼ ਹੋ ਗਿਆ ਤਾਂ ਕੰਮ ਜ਼ਰੂਰ ਬਣ ਜਾਊਗਾ। ਉਹ ਔਰਤਾਂ ਨੂੰ ਮੁੰਡੇ ਵੀ ਦਿੰਦਾ ਆ। ਤੇਰਾ ਤਾਂ ਕੰਮ ਹੀ ਬਹੁਤ ਛੋਟਾ ਹੈ।" ਸਰਵਣ ਸਿੰਘ ਇਕ ਵਾਰ ਫਿਰ ਹੱਸਿਆ।

"ਕਰਕੇ ਦੇਖਦਾ ਆਂ।" ਫੁੰਮਣਰਾਮ ਨੇ ਹਾਂ ਵਿਚ ਸਿਰ ਹਿਲਾਇਆ।

"ਜ਼ਰੂਰ ਕਰ। ... ਇਸ ਕੰਪਨੀ ਵਿਚ ਜੇ ਕੁੱਤਾ ਵੀ ਭਰਤੀ ਕਰਨਾ ਹੋਵੇ ਤਾਂ ਉਹ ਜਾਂ ਤਾਂ ਕੰਪਨੀ ਦੇ ਕਿਸੇ ਬੜੇ ਹਿੱਸੇਦਾਰ ਦਾ ਆਪਣਾ ਹੋਵੇਗਾ, ਜਾਂ ਫਿਰ ਉਹਦੇ ਗਲ਼ੀ ਗੁਆਂਢ ਤੋਂ ਤਾਂ ਜ਼ਰੂਰ ਹੀ ਹੋਣਾ ਚਾਹੀਦਾ।" ਸਰਵਣ ਸਿੰਘ ਨੇ ਖਿਝ ਕੇ ਸਿਰ ਝਟਕਿਆ।

ਫਿਰ ਉਹ ਚਾਰੇ ਪਾਸੇ ਦੇਖਣ ਲੱਗਾ, "ਸ਼ਿੰਗਾਰਾ ਕਿਥੇ ਮਰ ਗਿਆ। ਘੱਟੋ ਘੱਟ ਹੋਕਾ ਤਾਂ ਦੇਵੇ ਕਿ ਨਵਾਂ ਸ਼ਹਿਰ-ਬੰਗਿਆਂ ਦੀ ਲਾਰੀ ਲੱਗ ਗਈ ਹੈ।"

"ਕਿਤੇ ਇੱਥੇ ਹੀ ਹੋਣਾ। ਮੈਂ ਦੇਖਦਾ ਆਂ।" ਫੁੰਮਣਰਾਮ ਟਿਕਟਾਂ ਦੀ ਫੱਟੀ ਨੂੰ ਛਾਤੀ ਨਾਲ਼ ਲਾ ਕੇ ਤੇ ਝੋਲੇ ਨੂੰ ਗੁੱਟ ਦੁਆਲੇ ਲਪੇਟ ਕੇ ਦੁਕਾਨਾਂ ਵੱਲ ਨੂੰ ਤੁਰ ਪਿਆ।

ਬਰਕਤ ਇੱਕ ਹੱਥ ਵਿਚ ਲੱਸੀ ਦਾ ਗਲਾਸ ਤੇ ਦੂਜੇ ਹੱਥ ਵਿਚ ਸੰਤਰਿਆਂ ਦਾ ਲਿਫ਼ਾਫਾ ਲਈ ਜਦ ਸਰਵਣ ਸਿੰਘ ਦੇ ਕੋਲੋਂ ਲੰਘਿਆ ਤਾਂ ਉਸ ਨੇ ਉਹ ਨੂੰ ਰੋਕ ਲਿਆ, "ਕਿਹਦਾ ਸਮਾਨ ਆ ?"

ਬਰਕਤ ਨੇ ਭਰਵੱਟੇ ਉੱਪਰ ਨੂੰ ਚੜ੍ਹਾ ਕੇ ਅੱਡਾ ਇੰਨਚਾਰਜ ਦੇ ਕਮਰੇ ਵੱਲ ਇਸ਼ਾਰਾ ਕੀਤਾ। ਸਰਵਣ ਸਿੰਘ ਹੱਸ ਪਿਆ। "ਰੋਟੀ-ਪਾਣੀ, ਖਾਦ-ਖ਼ੁਰਾਕ ਅੱਡੇ ਦੀਆਂ ਦੁਕਾਨਾਂ ਦੇ ਜ਼ਿੰਮੇ ਆ। ਸਾਲ਼ਾ, ਮੁਫ਼ਤ ਦਾ ਮਾਲ ਖਾ-ਖਾ ਕੇ ਮੋਟਾ ਹੋਈ ਜਾਂਦਾ। ਹੋਵੇ ਵੀ ਕਿਉਂ ਨਾ। ਕੰਪਨੀ ਵਿਚ ਦੋ ਆਨੇ ਦਾ ਮਾਲਕ ਜੋ ਹੈ।"

"ਬੜੇ ਲੋਕਾਂ ਦੇ ਬੜੇ ਕੰਮ। ਗਰੀਬ ਆਦਮੀ ਕੀ ਕਹਿ ਸਕਦਾ।" ਬਰਕਤ ਨੇ ਆਪਣਾ ਸਿਰ ਝਟਕਿਆ ਤੇ ਲੱਸੀ ਦੇ ਬੜੇ ਸਾਰੇ ਗਲਾਸ ਨੂੰ ਘੁੱਟ ਕੇ ਫੜਦਿਆਂ ਮੀਤ ਸਿੰਘ ਦੇ ਕਮਰੇ ਵੱਲ ਨੂੰ ਚਲਾ ਗਿਆ।

ਥੋੜ੍ਹੀ ਹੀ ਦੇਰ ਬਾਅਦ ਲੁਧਿਆਣੇ ਤੋਂ ਵੀ ਬੱਸ ਆ ਗਈ। ਕੁਛ ਸਮੇਂ ਲਈ ਅੱਡੇ 'ਤੇ ਫੇਰ ਰੌਣਕ ਹੋ ਗਈ। ਮਜ਼ਦੂਰਾਂ ਦੇ ਨਾਲ਼-ਨਾਲ਼ ਤਾਂਗੇ ਵਾਲੇ ਵੀ ਸਵਾਰੀਆਂ ਨੂੰ ਘੇਰੀ ਖੜ੍ਹੇ ਸਨ ਤੇ ਜ਼ੋਰ ਜ਼ੋਰ ਦੀ ਹੋਕਾ ਦੇ ਰਹੇ ਸਨ-"ਅੱਡਾ ਹੁਸ਼ਿਆਰਪੁਰ, ਟਾਂਡਾ ਅੱਡਾ ... ਮਾਈ ਹੀਰਾਂ ਗੇਟ" ...

"ਚੱਲ ਕਚਹਿਰੀ, ਅੱਡਾ ਅੰਮ੍ਰਿਤਸਰ ... ਨਕੋਦਰ ਅੱਡਾ ... ਪੱਕਾ ਬਾਗ ... ਚਹਾਰ ਬਾਗ ... ਸੈਦਾਂ ਗੇਟ ... ਫਗਵਾੜਾ ਗੇਟ।"

ਮੰਗਤੇ ਤੇ ਮੰਗਤੀਆਂ ਵੀ ਸਵਾਰੀਆਂ ਨੂੰ ਘੇਰਨੇ ਦੀ ਕੋਸ਼ਿਸ਼ ਕਰ ਰਹੇ ਸਨ।

ਜਦ ਸਵਾਰੀਆਂ ਅੱਡੇ ਤੋਂ ਬਾਹਰ ਚਲੇ ਗਈਆਂ ਤਾਂ ਉਥੇ ਇੱਕ ਵਾਰ ਫਿਰ ਖਮੋਸ਼ੀ ਛਾ ਗਈ। ਮਨਸੁੱਖ ਤੇ ਤੋਖਾ ਜੇਬ 'ਚ ਪਾਏ ਪੈਸਿਆਂ ਨੂੰ ਗਿਣਦੇ ਹੋਏ ਬਰਕਤ ਤੇ ਸੋਮੇ ਦੇ ਕੋਲ਼ ਚਲੇ ਗਏ। ਉਹ ਬਰਾਂਡੇ ਦੇ ਦੋ ਥੰਮਾਂ ਦੇ ਨਾਲ਼ ਆਹਮੋ ਸਾਹਮਣੇ ਖੜ੍ਹੇ ਬੀੜੀ ਪੀ ਰਹੇ ਸਨ।

"ਸੋਮੇ, ਆਪਾਂ ਰਲ਼ ਕੇ ਇੱਕ ਹੁੱਕਾ ਬਣਾ ਲੈਂਦੇ ਆਂ। ਬੀੜੀ ਨਾਲ਼ ਬੁੱਲ੍ਹ ਜਲ ਜਾਂਦੇ ਹਨ। ਬਰਕਤ ਨੇ ਸੁਝਾਅ ਦਿੱਤਾ, "ਦੂਜਾ ਸਸਤਾ ਵੀ ਪਊਗਾ।"

"ਛੱਡ ਯਾਰ, ਕਦੀ ਪਾਣੀ ਬਦਲ ਕੇ ਹੁੱਕਾ ਤਾਜ਼ਾ ਕਰੋ ਤੇ ਕਦੀ ਚਿਲਮ ਭਰੋ। ਬੀੜੀ ਹੀ ਠੀਕ ਆ।" ਸੋਮੇ ਨੇ ਨਾਂਹ ਵਿਚ ਸਿਰ ਹਿਲਾਇਆ।

ਬਰਕਤ ਨੇ ਕੋਈ ਜਵਾਬ ਨਾ ਦਿੱਤਾ ਤੇ ਸੋਮੇ ਨੂੰ ਛੱਡ ਤੋਖੇ ਤੇ ਮਨਸੁੱਖ ਵੱਲ ਦੇਖਣ ਲੱਗਾ। ਜਦ ਉਹ ਨੇੜੇ ਆ ਗਏ ਤਾਂ ਬਰਕਤ ਨੇ ਹੈਰਾਨੀ ਨਾਲ਼ ਪੁੱਛਿਆ, "ਕੁੱਝ ਮਿਲਿਆ ਜਾਂ ਬੱਸ ਵਿਚ ਮੰਗਤੇ ਹੀ ਭਰੇ ਹੋਏ ਸੀ ?"

"ਮੇਰਾ ਤਾਂ ਠੀਕ ਹੀ ਹੈ ...।" ਤੋਖੇ ਨੇ ਜੇਬ ਵਿਚੋਂ ਦਸ ਆਨੇ ਕੱਢਦਿਆਂ ਕਿਹਾ,

"ਮੇਰੀ ਲਾਰੀ 'ਚ ਤਾਂ ਇੱਕ ਕਾਲਜੀਏਟ ਬੈਠਾ ਸੀ। ਪਿੰਡ ਵਿਚ ਪਿਉ ਨੂੰ ਮਿਲ਼ ਕੇ ਆਇਆ ਹੋਣਾ। ਟਰੰਕ, ਬਿਸਤਰਾ ਬੱਸ ਦੀ ਛੱਤ ਤੋਂ ਉਤਾਰਨ 'ਤੇ ਤਾਂਗੇ ਵਿਚ ਰੱਖਣੇ ਦੇ ਦਸ ਆਨੇ ਦੇ ਗਿਆ। ਬਾਂਰਾਂ ਆਨੇ ਮੰਗਦਾ ਤਾਂ ਸ਼ਾਇਦ ਉਹਨੇ ਉਹ ਵੀ ਦੇ ਦੇਣੇ ਸਨ।"

"ਮੈਨੂੰ ਤਾਂ ਛੇ ਹੀ ਆਨੇ ਮਿਲ਼ੇ ਆ। ਆੜ੍ਹਤੀ ਦੀਆਂ ਬੋਰੀਆਂ ਲਾਹੀਆਂ ਸਨ। ਨਗ ਮਗਰ ਦੋ ਪੈਸੇ ਦੇ ਹਿਸਾਬ ਨਾਲ਼ ਤਿੰਨ ਆਨੇ ਬਣਦੇ ਸੀ। ਉਹ ਦੁਆਨੀ ਦੇ ਕੇ ਹੀ ਟਿੱਬਣਾ ਚਾਹੁੰਦਾ ਸੀ। ਪਰ ਮੈਂ ਵੀ ਅੜ ਗਿਆ। ਮਜ਼ਦੂਰੀ ਤਾਂ ਤਿੰਨ ਆਨੇ ਦੇ ਦਿੱਤੀ ਪਰ ਬੁੜ ਬੁੜ ਕਰਦਾ ਰਿਹਾ ਕਿ ਸ਼ਹਿਰ ਵਿਚ ਲੁੱਟ ਮਚੀ ਹੋਈ ਹੈ।"

ਤੋਖੇ ਤੇ ਮਨਸੁੱਖ ਨੇ ਆਪਣੇ ਆਪਣੇ ਪੈਸੇ ਗਿਣ ਕੇ ਬਰਕਤ ਨੂੰ ਦੇ ਦਿੱਤੇ। ਉਸ ਨੇ ਹੁਣ ਤੱਕ ਦੀ ਉਸ ਦਿਨ ਦੀ ਕਮਾਈ ਨੂੰ ਧਿਆਨ ਨਾਲ਼ ਗਿਣਿਆ ਤੇ ਪੈਸਿਆਂ ਨੂੰ ਕਮੀਜ਼ ਦੇ ਥੱਲੇ ਪਤੂਹੀ ਦੀ ਅੰਦਰਲੀ ਜੇਬ ਵਿਚ ਰੱਖਦਾ ਹੋਇਆ ਸੂਰਜ ਵੱਲ ਦੇਖਣ ਲੱਗਾ, "ਪੌਣੇ ਦੋ ਰੁਪਏ ਹੀ ਬਣੇ ਹਨ। ... ਕੋਈ ਗੱਲ ਨਹੀਂ। ਅਜੇ ਘੱਟ ਤੋਂ ਘੱਟ ਅੱਠ-ਦਸ ਬੱਸਾਂ ਜਾਣਗੀਆਂ ਤੇ ਇੰਨੀਆਂ ਕੁ ਹੀ ਆਉਣਗੀਆਂ। ਅੰਮ੍ਰਿਤਸਰ, ਮੁਕੇਰੀਆਂ, ਨਕੋਦਰ-ਲੋਹੀਆਂ 'ਤੇ ਦਿੱਲੀ ਦੀ ਪਸੰਜਰ ਗੱਡੀਆਂ ਵੀ ਤਾਂ ਆਉਣੀਆਂ ਹਨ।"

ਉਹ ਕੁੱਝ ਪਲ ਚੁੱਪ ਬੈਠੇ ਰਹੇ। ਫਿਰ ਮਨਸੁੱਖ ਨੇ ਉਨ੍ਹਾਂ ਵੱਲ ਦੇਖਿਆ, "ਆਉ, ਖਾਣਾ ਖਾ ਲਈਏ।"

"ਯਾਰ, ਦਿਨ ਅਜੇ ਪੂਰੀ ਤਰ੍ਹਾਂ ਚੜ੍ਹਿਆ ਨਹੀਂ ਤੇ ਤੈਨੂੰ ਭੁੱਖ ਸਤਾਉਣ ਵੀ ਲੱਗ ਗਈ। ਕੀ ਤੂੰ ਘਰ ਤੋਂ ਭੁੱਖਾ ਹੀ ਤੁਰ ਪਿਆ ਸੀ ?" ਬਰਕਤ ਨੇ ਖਿੱਝ ਕੇ ਪੁੱਛਿਆ। ਫਿਰ ਉਸ ਨੇ ਬਰਾਂਡੇ ਵਿਚ ਲੱਗੇ ਗੰਦੇ ਜਿਹੇ ਟਾਈਮ ਪੀਸ ਵੱਲ ਦੇਖਿਆ, "ਅਜੇ ਤਾਂ ਗਿਆਰਾਂ ਵੀ ਨਹੀਂ ਵੱਜੇ ਤੇ ਇਹਦਾ ਢਿੱਡ ਭੁੱਖ ਨਾਲ਼ ਸੁੰਗੜਨ ਲੱਗਾ ਹੋਇਆ ਹੈ।"

"ਮੈਂ ਤਾਂ ਸੋਚਿਆ ਕਿ ਵਿਹਲੇ ਹੀ ਬੈਠੇ ਹਾਂ, ਖਾਣਾ ਹੀ ਖਾ ਲੈਂਦੇ ਹਾਂ।" ਮਨਸੁੱਖ ਖਸਿਆਨਾ ਜਿਹਾ ਹੋ ਗਿਆ।

"ਵਿਹਲੇ ਕਿਉਂ ਬੈਠਣਾ ਹੈ ?" ਸੋਮਾ ਜੇਬ ਵਿਚੋਂ ਤਾਸ਼ ਕੱਢ ਕੇ ਪੱਤੇ ਫੈਂਟਣ ਲੱਗਾ। "ਕੀ ਖੇਲਣਾ ? ... ਭਾਬੀ ?"

"ਛੱਡ ਯਾਰ। ਭਾਬੀ ਤਾਂ ਨਿਆਣਿਆਂ ਦੀ ਖੇਡ ਆ।" ਤੋਖੇ ਨੇ ਇਤਰਾਜ਼ ਕੀਤਾ।

"ਪਰ ਠੋਕਾ ਦੇ ਕੇ ਮਜ਼ਾ ਬਹੁਤ ਆਉਂਦਾ ...।" ਸੋਮਾ ਖੁਸ਼ ਹੋ ਗਿਆ। "ਕੋਟਪੀਸ ਖੇਲ ਲਵੋ।" ਮਨਸੁੱਖ ਨੇ ਸਲਾਹ ਦਿੱਤੀ।

"ਨਹੀਂ ਯਾਰੋ, ਸੀਪ ਖੇਲਦੇ ਹਾਂ। ਥੋੜ੍ਹੀ ਦਿਮਾਗੀ ਕਸਰਤ ਵੀ ਹੋਣੀ ਚਾਹੀਦੀ ਹੈ।" ਬਰਕਤ ਨੇ ਫੈਸਲਾ ਸੁਣਾਇਆ।

"ਪਹਿਲਾਂ ਪੀਸ ਕੱਢੋ।"

ਪੀਸ ਵੀ ਕੱਢਦੇ ਆਂ। ... ਤੋਖੇ, ਤੂੰ ਤੇ ਮਨਸੁੱਖ ਆੜੀ ... ਮੈਂ ਤਾਂ ਸੋਮਾ।"

ਬਰਕਤ ਨੇ ਸੋਮੇ ਤੋਂ ਤਾਸ਼ ਲੈ ਕੇ ਪੱਤਿਆਂ ਨੂੰ ਕਾਹਲ਼ੀ ਨਾਲ਼ ਫੈਂਟਦੇ ਹੋਏ ਕਿਹਾ, ਜਿਸ ਨੂੰ ਹੁਕਮ ਦਾ ਗੁਲਾਮ ਆਇਆ, ਉਹ ਪੀਹੂਗਾ।" ਬਰਕਤ ਸਾਰਿਆਂ ਦੇ ਸਾਹਮਣੇ

ਇੱਕ-ਇੱਕ ਪੱਤਾ ਸਿੱਧਾ ਕਰਕੇ ਸਿੱਟਦਾ ਰਿਹਾ। ਸਾਰਿਆਂ ਤੋਂ ਪਹਿਲਾਂ ਗ਼ੁਲਾਮ ਉਹਦੇ ਹੀ ਹਿੱਸੇ ਆਇਆ।

ਉਹ ਤਾਸ਼ ਖੇਲਣ ਵਿਚ ਮਗਨ ਹੋ ਗਏ ਤਾਂ ਕਾਲ਼ੀ ਵੀ ਹੌਲ਼ੀ ਹੌਲ਼ੀ ਉਨ੍ਹਾਂ ਦੇ ਨੇੜੇ ਆ ਗਿਆ ਤੇ ਖੇਲ ਦੇਖਣ ਲੱਗਾ। ਜਦ ਕਿਸੇ ਦਾ ਕੋਈ ਪੱਤਾ ਪੱਕਾ ਹੋ ਜਾਂਦਾ ਤਾਂ ਉਹ ਉਸ ਨੂੰ ਜ਼ੋਰ ਨਾਲ਼ ਸਿੱਟਦਾ ਹੋਇਆ ਜੇਤੂ ਅਵਾਜ਼ ਕੱਢਦਾ। ਕਾਲ਼ੀ ਵੀ ਹੌਲ਼ੀ ਹੌਲ਼ੀ ਖੇਲ ਵਿਚ ਪੂਰੀ ਤਰ੍ਹਾਂ ਖੁੱਭ ਗਿਆ ਤੇ ਆਪਣੇ ਸਾਰੇ ਦੁੱਖ-ਦਰਦ ਭੁੱਲ ਗਿਆ।

ਤਾਸ਼ ਦੀ ਬਾਜ਼ੀ ਆਪਣੇ ਜੋਬਨ 'ਤੇ ਸੀ ਕਿ ਲਾਰੀ ਦੀ ਅਵਾਜ਼ ਸੁਣਾਈ ਦੇਣ ਲੱਗੀ। ਸਾਰਿਆਂ ਨੇ ਚੌਕੰਨੇ ਹੋ ਵਾਰੀ ਵਾਰੀ ਗੇਟ ਵੱਲ ਦੇਖਿਆ ਪਰ ਅਗਲੇ ਹੀ ਪਲ ਉਹ ਇੱਕ ਵਾਰ ਫਿਰ ਖੇਲ ਵਿਚ ਰੁੱਝ ਗਏ।

ਜਦ ਹਚਕੋਲੇ ਖਾਂਦੀ ਹੋਈ ਬੱਸ ਵਿਹੜੇ ਵਿਚ ਆਈ ਤਾਂ ਬਰਕਤ ਨੇ ਆਪਣੇ ਪੱਤਿਆਂ ਨੂੰ ਦੋਨਾਂ ਹੱਥਾਂ ਵਿੱਚ ਘੁੱਟਦਿਆਂ ਪੁੱਛਿਆ, "ਕਿਹਦੀ ਵਾਰੀ ਆ ?"

"ਮੇਰੀ ...।" ਮਨਸੁੱਖ ਨੇ ਕਿਹਾ।

"ਤਾਸ਼ ਦੀ ਨਹੀਂ। ... ਬੱਸ ਦੇਖਣੇ ਦੀ।"

"ਕਨੂੰਨ ਦੇ ਹਿਸਾਬ ਤਾਂ ਤੇਰੀ ਤੇ ਮਨਸੁੱਖ ਦੀ ਹੋਣੀ ਚਾਹੀਦੀ ਹੈ।"

"ਉਹ ਕਿਉਂ ... ਅਸੀਂ ਨਵੇਂ ਸ਼ਹਿਰ ਜਾਣ ਵਾਲੀ ਬੱਸ ਦੇਖੀ ਤਾਂ ਸੀ। ਦੋ ਸਵਾਰੀਆਂ ਦਾ ਸਮਾਨ ਚੜ੍ਹਾ ਕੇ ਚਾਰ ਆਨੇ ਵੀ ਲਏ ਸੀ।" ਬਰਕਤ ਨੇ ਕਿਹਾ।

"ਫੇਰ ਮੇਰੀ ਤੇ ਤੋਖੇ ਦੀ ਹੋਊਗੀ।" ਸੋਮੇ ਨੇ ਹੱਥ ਦੇ ਪੱਤਿਆਂ ਨੂੰ ਧਿਆਨ ਨਾਲ਼ ਦੇਖਦੇ ਹੋਏ ਡੂੰਘੀ ਸੋਚ 'ਚ ਡੁੱਬੀ ਅਵਾਜ਼ ਵਿਚ ਕਿਹਾ।

"ਜਾਓ, ਪਹਿਲਾਂ ਬੱਸ ਦੇਖ ਆਉ।" ਬਰਕਤ ਨੇ ਆਪਣੇ ਹੱਥ ਦੇ ਪੱਤੇ ਉਲ਼ਟੇ ਕਰਕੇ ਫਰਸ਼ ਤੇ ਰੱਖ ਦਿੱਤੇ।

"ਬਸ, ਬਾਜ਼ੀ ਵੀ ਜ਼ਿਆਦਾ ਤੋ ਜ਼ਿਆਦਾ ਦੋ-ਤਿੰਨ ਹੱਥ ਹੀ ਰਹਿ ਗਈ ਹੈ। ਫਿਰ ਬੱਸ ਹੀ ਦੇਖਣੀ ਆ।" ਸੋਮੇ ਨੇ ਆਪਣੇ ਹੱਥ ਵਿਚ ਭਾਰੇ ਪੱਤੇ ਦੇਖ ਕੇ ਖੁਸ਼ ਹੁੰਦਿਆ ਕਿਹਾ।

"ਤਦ ਤੱਕ ਸਵਾਰੀਆਂ ਆਪਣੇ-ਆਪਣੇ ਘਰ ਪਹੁੰਚ ਜਾਣਗੀਆਂ।" ਬਹੁਤ ਸਾਰਾ ਧੂੰਆਂ ਛੱਡਣ ਤੋਂ ਬਾਅਦ ਖੜ੍ਹਨ ਤੇ ਫਿਰ ਡਰਾਈਵਰ ਨੂੰ ਆਪਣੀ ਸੀਟ ਤੋਂ ਛਾਲ ਮਾਰ ਕੇ ਥੱਲੇ ਉਤਰਦਿਆਂ ਦੇਖ ਕੇ ਬਰਕਤ ਨੇ ਫੈਸਲਾਕੁੰਨ ਅਵਾਜ਼ ਵਿਚ ਕਿਹਾ।

"ਤੁਸੀਂ ਤਾਸ਼ ਖੇਲੋ। ਜੇ ਬੱਸ ਦੀ ਛੱਤ 'ਤੇ ਸਵਾਰੀ ਦਾ ਸਮਾਨ ਹੋਇਆ ਤਾਂ ਮੈਂ ਥੱਲੇ ਲਾਹ ਦੇਵਾਂਗਾ।" ਕਾਲ਼ੀ ਨੇ ਪੇਸ਼ਕਸ਼ ਕੀਤੀ।

ਬਰਕਤ ਤੇ ਹੋਰ ਕਈਆਂ ਨੇ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ ਤੇ ਇਕਦਮ ਉਨ੍ਹਾਂ ਦੇ ਤੇਵਰ ਬਦਲ ਗਏ।

"ਬੱਲਿਆ, ਤੂੰ ਆਪਣਾ ਕੰਮ ਕਰ।" ਬਰਕਤ ਨੇ ਕਾਲ਼ੀ ਵੱਲ ਘੂਰ ਕੇ ਦੇਖਿਆ। "ਉਏ ਸੋਮੇ, ਤੋਖੇ, ਦੌੜੋ ਇੱਥੋਂ। ਬਾਜ਼ੀ ਇੱਥੇ ਹੀ ਛੱਡ ਦਿਉ।" ਬਰਕਤ ਨੇ ਬਾਂਹ ਤੋਂ ਫੜ ਕੇ ਉਨ੍ਹਾਂ ਨੂੰ ਉਠਾ ਦਿੱਤਾ।

"ਮਗਰੋਂ ਸਾਡੇ ਪੱਤੇ ਨਾ ਦੇਖਿਉ। ਬਹੁਤ ਵਧੀਆ ਬਾਜ਼ੀ ਆ।" ਸੋਮਾ ਤੇ ਤੋਖਾ ਪੱਤੇ ਫਰਸ਼ 'ਤੇ ਮੂਧੇ ਰੱਖ ਕੇ ਮੋਢਿਆਂ ਤੋਂ ਸਾਫੇ ਚੱਕ, ਸਿਰ 'ਤੇ ਲਪੇਟਦੇ ਹੋਏ ਬੱਸ ਵੱਲ ਨੂੰ ਦੌੜ ਗਏ।

ਕਾਲ਼ੀ ਨੇ ਉਨ੍ਹਾਂ ਦੀ ਗੱਲਬਾਤ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਉਨ੍ਹਾਂ ਦਾ ਲੀਡਰ ਬਰਕਤ ਹੈ। ਉਹ ਬਰਕਤ ਦੇ ਨੇੜੇ ਬੈਠ ਗਿਆ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ਼ ਬੋਲਿਆ, "ਤੁਹਾਡੀ ਤਾਂ ਇਥੇ ਸਾਰੇ ਗੱਲ ਮੰਨਦੇ ਹਨ। ਮੈਂ ਬਿਲਕੁਲ ਬੇਆਸਰਾ ਤੇ ਬੇਕਾਰ ਹਾਂ। ਮੈਨੂੰ ਵੀ ਅੱਡੇ ਤੇ ਕੋਈ ਮਾੜਾ ਮੋਟਾ ਕੰਮ ਦੁਆ ਦੇਵੇਂ ਤਾਂ ਤੇਰੇ ਆਸਰੇ ਮੇਰਾ ਵੀ ਗੁਜ਼ਾਰਾ ਹੋ ਜਾਊਗਾ।"

ਬਰਕਤ ਨੇ ਬਹੁਤ ਧਿਆਨ ਨਾਲ਼ ਕਾਲ਼ੀ ਨੂੰ ਸਿਰ ਤੋਂ ਪੈਰਾਂ ਤੱਕ ਕਈ ਵਾਰ ਦੇਖਿਆ ਜਿਵੇਂ ਨਜ਼ਰਾਂ ਹੀ ਨਜ਼ਰਾਂ ਵਿਚ ਉਸ ਨੂੰ ਤੋਲ ਰਿਹਾ ਹੋਵੇ। ਫਿਰ ਅੱਖਾਂ ਫੇਰ ਲਈਆਂ, "ਭਾਈ ਕੌਣ ਹੈ ਤੂੰ, ਕਿਹੜੇ ਪਿੰਡ ਦਾ ਆਂ। ਕਿਥੇ ਰਹਿੰਦਾ ?"

"ਹੁਣ ਤਾਂ ਮੇਰਾ ਕੋਈ ਪਿੰਡ ਨਹੀਂ ਹੈ। ਇੰਨੀ ਵੱਡੀ ਦੁਨੀਆਂ 'ਚ ਮੈਂ ਬਿਲਕੁਲ ਇਕੱਲਾ ਹਾਂ। ਨਾ ਕੋਈ ਅੱਗੇ ਹੈ ਨਾ ਪਿਛੇ। ਨਾ ਘਰ ਨਾ ਘਾਟ। ਲੈ ਦੇ ਕੇ ਇੱਕ ਚਾਚੀ ਸੀ, ਉਹ ਵੀ ...।" ਗੱਚ ਭਰ ਜਾਣ ਦੇ ਕਾਰਨ ਕਾਲ਼ੀ ਅੱਗੇ ਕੁੱਝ ਨਾ ਕਹਿ ਸਕਿਆ ਤੇ ਸਿਰ ਉਪਰ ਅਸਮਾਨ ਵੱਲ ਨੂੰ ਚੁੱਕ ਲਿਆ। ਉਹਨੇ ਗਿਲ੍ਹੀਆਂ ਅੱਖਾਂ ਨੂੰ ਹਥੇਲੀ ਨਾਲ਼ ਪੂੰਝਿਆ ਤੇ ਭਰੜਾਈ ਅਵਾਜ਼ ਵਿਚ ਬੋਲਿਆ, "ਚੌਧਰੀਆਂ ਨੇ ਪਿੰਡ ਚੋਂ ਕੱਢ ਦਿੱਤਾ ਹੈ। ਜੇ ਹਠ ਕਰਕੇ ਮੈਂ ਰਹਿ ਵੀ ਜਾਂਦਾ ਤਾਂ ਉਨ੍ਹਾਂ ਨੇ ਮੈਨੂੰ ਜਾਨੋਂ ਮਾਰ ਦੇਣਾ ਸੀ।

ਕਾਲ਼ੀ ਦੀ ਗੱਲ ਸੁਣ ਕੇ ਬਰਕਤ ਸੋਚਾਂ ਵਿਚ ਪੈ ਗਿਆ ਜਿਵੇਂ ਉਹਨੂੰ ਕੋਈ ਆਪਣਾ ਪੁਰਾਣਾ ਦੁੱਖ ਦਰਦ ਯਾਦ ਆ ਗਿਆ ਹੋਵੇ। ਫਿਰ ਉਹ ਗੰਭੀਰ ਹੋ ਸਿਰ ਹਿਲਾਉਣ ਲੱਗਾ, "ਪਿੰਡ ਛੱਡ ਕੇ ਸ਼ਹਿਰ ਉਹੀ ਆਦਮੀ ਆਉਂਦਾ ਜਿਹਦਾ ਪਿੰਡ ਵਿਚ ਰਹਿਣਾ ਮੁਸ਼ਕਲ ਹੋ ਜਾਵੇ। ਕੋਈ ਆਸ-ਮੁਰਾਦ ਨਾ ਰਹੇ। ਪੈਰਾਂ ਥੱਲੇ ਦੀ ਜ਼ਮੀਨ ਵੀ ਵੱਢਣ ਲੱਗੇ।"

ਬਰਕਤ ਤੋਂ ਥੋੜ੍ਹੀ ਜਿਹੀ ਹਮਦਰਦੀ ਪਾ ਕੇ ਕਾਲ਼ੀ ਨੂੰ ਥੋੜ੍ਹਾ ਜਿਹਾ ਹੌਂਸਲਾ ਹੋਇਆ ਤੇ ਉਹ ਦੋਨਾਂ ਹੱਥਾਂ ਨਾਲ਼ ਅੱਖਾਂ ਪੂੰਝ ਕੇ ਬਰਕਤ ਵੱਲ ਦੇਖਣ ਲੱਗਾ। ਬਰਕਤ ਨੇ ਉਹਦੀ ਨੀਅਤ ਤਾੜ ਕੇ ਹੌਲ਼ੀ ਜਿਹੇ ਕਿਹਾ, "ਐਸ ਅੱਡੇ 'ਤੇ ਤਾਂ ਕੋਈ ਗੁੰਜਾਇਸ਼ ਨਹੀਂ ਹੈ। ਇਥੇ ਤਾਂ ਕੰਪਨੀ ਦੇ ਮਾਲਿਕਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਹੀ ਕੰਮ ਜਾਂ ਨੌਕਰੀ ਮਿਲ਼ਦੀ ਹੈ। ਅਸੀਂ ਵੀ ਅੱਡਾ ਫ਼ੀਸ ਦੇ ਕੇ ਕੰਮ ਕਰਦੇ ਹਾਂ। ਸਾਰਾ ਦਿਨ ਭਾਰ ਢੋਹ ਕੇ ਵੀ ਕਈ ਵਾਰ ਦਿਨ ਵਿਚ ਬਾਰਾਂ ਆਨੇ ਜਾਂ ਇੱਕ ਰੁਪਇਆ ਬਣਦਾ ਹੈ। ਸਮਾਨ ਵਾਲੀਆਂ ਜ਼ਿਆਦਾ ਸਵਾਰੀਆਂ ਆ ਜਾਣ ਤਾਂ ਡੇਢ ਦੋ ਰੁਪਏ ਵੀ ਮਿਲ਼ ਜਾਂਦੇ ਹਨ। ਇਹ ਤੋਂ ਜ਼ਿਆਦਾ ਨਹੀਂ।"

ਬਰਕਤ ਦੀ ਗੱਲ ਸੁਣ ਕੇ ਕਾਲ਼ੀ ਖਮੋਸ਼ ਹੋ ਗਿਆ। ਉਹਦੀਆਂ ਅੱਖਾਂ ਵਿਚ ਇੱਕ ਵਾਰ ਫਿਰ ਹੰਝੂ ਛਲਕ ਆਏ ਤੇ ਸੰਘ 'ਚ ਅਟਕੀ ਚੀਕ ਨੂੰ ਉਹਨੇ ਬਹੁਤ ਹੀ ਮੁਸ਼ਕਲ ਨਾਲ਼ ਬੁੱਲਾਂ ਤੇ ਆਉਣ ਤੋਂ ਰੋਕਿਆ।

"ਪਿੰਡ ਤੋਂ ਕਦੋਂ ਆਇਆਂ ?"

"ਕੱਲ ਰਾਤ।"

"ਰਾਤ ਕਿਥੇ ਕੱਟੀ ?"

"ਪਹਿਲਾਂ ਮੁਸਾਫ਼ਰਖਾਨੇ ਵਿਚ ਸੁੱਤਾ, ਉਥੋਂ ਪੁਲੀਸ ਹਵਾਲਦਾਰ ਨੇ ਕੱਢ ਦਿੱਤਾ। ਅੱਡੇ ਦੇ ਬਾਹਰ ਦੁਕਾਨਾਂ ਦੇ ਸਾਹਮਣੇ ਪਈ ਬੈਂਚ ਤੇ ਸੌਣ ਗਿਆ ਤਾਂ ਕੁੱਤੇ ਪਿਛੇ ਪੈ ਗਏ। ਉਥੋਂ ਅੱਡੇ 'ਤੇ ਆ ਗਿਆ ਤੇ ਇੱਕ ਹਨੇਰੇ ਕੋਨੇ ਵਿਚ ਜ਼ਮੀਨ ਤੇ ਸੌਂ ਕੇ ਰਾਤ ਕੱਟੀ।" ਕਾਲ਼ੀ ਨੇ ਦੱਸਿਆ।

"ਹੂੰ ...।" ਬਰਕਤ ਨੇ ਸਿਰ ਹਿਲਾਇਆ, ਇਥੇ ਅੱਡੇ 'ਤੇ ਤਾਂ ਕੋਈ ਕੰਮ ਨਹੀਂ ਮਿਲ਼ਣਾ। ਨੇੜੇ ਹੀ ਬਰਫ਼ ਦਾ ਇੱਕ ਕਾਰਖਾਨਾ ਹੈ। ਸਾਹਮਣੇ ਸੜਕ 'ਤੇ ਖੱਬੇ ਨੂੰ ਮੁੜ ਕੇ ਸੜਕ ਸਿੱਧੀ ਬਰਫ਼ ਦੇ ਕਾਰਖਾਨੇ ਵੱਲ ਨੂੰ ਜਾਂਦੀ ਹੈ। ਉਹਨੂੰ ਪੁਰਾਣੀ ਰੇਲਵੇ ਰੋਡ ਵੀ ਕਹਿੰਦੇ ਹਨ। ਦੋਮੋਰੀਆ ਪੁਲ ਦੇ ਬਿਲਕੁਲ ਸਾਹਮਣੇ ਹੈ ਕਾਰਖਾਨਾ।"

"ਮੈਂ ਉਹ ਜਗ੍ਹਾ ਦੇਖੀ ਹੈ। ਰਾਤ ਨੂੰ ਗੱਡੀ ਤੋਂ ਉੱਤਰ ਕੇ ਦੋਮੋਰੀਆ ਪੁੱਲ ਦੇ ਥੱਲੇ ਦੀ ਲੰਘ ਕੇ ਹੀ ਰੇਲਵੇ ਸਟੇਸ਼ਨ ਤੋਂ ਬਾਹਰ ਆਇਆ ਸੀ।" ਕਾਲ਼ੀ ਨੇ ਦੱਸਿਆ।

"ਬਰਫ਼ ਕਾਰਖਾਨੇ ਦੇ ਕੋਲ ਕਈ ਮਾਲ ਗੋਦਾਮ ਤੇ ਅੱਗੇ ਸੜਕ ਉਤੇ ਇਮਾਰਤੀ ਲੱਕੜੀ ਦੇ ਬਹੁਤ ਸਾਰੇ ਸਟਾਲ ਵੀ ਹਨ। ਬਰਫ਼ ਕਾਰਖਾਨੇ ਦੇ ਬਾਹਰ ਰੋਜ਼ ਸਵੇਰ ਨੂੰ ਮਜ਼ਦੂਰਾਂ ਦੀ ਮੰਡੀ ਲਗਦੀ ਹੈ। ਕੰਮ ਤੇ ਹੁਨਰ ਦੇ ਅਨੁਸਾਰ ਲੋੜਵੰਦ ਦਿਹਾੜੀ 'ਤੇ ਮਜ਼ਦੂਰ ਲੈ ਜਾਂਦੇ ਹਨ। ... ਅੱਜ ਤਾਂ ਲੇਟ ਹੋ ਗਏ। ... ਅੱਧੀ ਦਿਹਾੜੀ ਹੋਣ ਵਾਲੀ ਹੈ। ਕੱਲ ਸਵੇਰੇ ਸੂਰਜ ਚੜ੍ਹਨ ਨਾਲ਼ ਉਥੇ ਚਲਾ ਜਾਂਈ। ਉਥੇ ਰਾਜਗੀਰ ਵੀ ਆਉਂਦੇ ਹਨ। ਇੱਟਾਂ-ਗਾਰਾ ਫੜਾਉਣ ਲਈ ਉਨ੍ਹਾਂ ਨੂੰ ਵੀ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ। ਕਿਸਮਤ ਚੰਗੀ ਹੋਵੇ ਤਾਂ ਥੋੜ੍ਹਾ ਬਹੁਤਾ ਕੰਮ ਮਿਲ਼ ਹੀ ਜਾਂਦਾ ਹੈ। ਬਰਕਤ ਨੇ ਵਿਸਥਾਰ ਨਾਲ਼ ਦੱਸਿਆ।

ਕਾਲ਼ੀ ਦਾ ਦਿਲ ਕਰਦਾ ਸੀ ਕਿ ਉਹ ਬਰਕਤ ਨੂੰ ਦੱਸੇ ਕਿ ਰਾਜਗੀਰਾਂ ਨਾਲ਼ ਕੰਮ ਕਰਨ ਦਾ ਉਸਦਾ ਥੋੜ੍ਹਾ-ਬਹੁਤਾ ਤਜਰਬਾ ਹੈ। ਆਪਣਾ ਮਕਾਨ ਬਣਾਉਣ ਸਮੇਂ ਉਹ ਰਾਜਗੀਰਾਂ ਨੂੰ ਇੱਟਾਂ ਗਾਰਾ ਆਪਣੇ ਹੱਥਾਂ ਨਾਲ਼ ਫੜਾਉਂਦਾ ਰਿਹਾ ਸੀ। ਪਰ ਉਹਨੇ ਆਪਣੀ ਇਸ ਖਾਹਿਸ਼ ਨੂੰ ਕੁਚਲ ਦਿੱਤਾ ਕਿਉਂਕਿ ਇਸ ਹਾਲ ਵਿਚ ਰਹਿੰਦਿਆਂ ਹੋਏ ਪੱਕਾ ਮਕਾਨ ਬਣਾਉਣ ਦੀ ਗੱਲ ਕਰਨੀ ਬਹੁਤ ਬੜਾ ਮਜ਼ਾਕ ਲੱਗੇਗਾ।

ਇੰਨੀ ਦੇਰ ਨੂੰ ਸੋਮਾ ਤੇ ਤੋਖਾ ਬੱਸ ਦਾ ਕੰਮ ਭੁਗਤਾ ਕੇ ਤੇ ਬਰਕਤ ਕੰਧ ਦੇ ਦੂਜੇ ਪਾਸੇ ਤੋਂ ਮੁੜ ਆਏ। ਸੋਮੇ ਤੇ ਤੋਖੇ ਨੂੰ ਦੇਖ ਬਰਕਤ ਨੇ ਪੁੱਛਿਆ, "ਹਾਂ ਬਈ, ਕਿਦਾਂ ਰਿਹਾ ?"

"ਬੱਸ ਵਿਚ ਕੰਜਰ ਤੇ ਬਾਜੇਵਾਲੇ ਭਰੇ ਹੋਏ ਸਨ। ਵਿਆਹ ਦਾ ਕੰਮ ਭੁਗਤਾ ਕੇ ਆਏ ਸਨ। ਦੋ ਭਰਾਵਾਂ ਦਾ ਥੋੜ੍ਹਾ ਸਮਾਨ ਬੱਸ ਦੀ ਛੱਤ 'ਤੇ ਰੱਖਿਆ ਹੋਇਆ ਸੀ। ਉਹ ਉਨ੍ਹਾਂ ਨੇ ਆਪਣੇ ਆਪ ਹੀ ਉਤਾਰ ਲਿਆ।" ਸਾਲ਼ੀ ਬੱਸ ਵੀ ਖਾਲੀ ਗਈ ਤੇ ਇੰਨੀ ਵਧੀਆ ਬਾਜ਼ੀ ਵੀ ਵਿਚ ਹੀ ਖਰਾਬ ਹੋ ਗਈ।" ਸੋਮਾ ਬਹੁਤ ਖਿਝਿਆ ਹੋਇਆ ਸੀ।

"ਫ਼ਿਕਰ ਨਾ ਕਰ। ਜੋ ਕਰਮਾਂ ਵਿਚ ਲਿਖਿਆ ਹੈ, ਉਹੀ ਮਿਲੇਗਾ।" ਬਰਕਤ ਨੇ ਦਿਲਾਸਾ ਦਿੱਤਾ। ਫਿਰ ਸੂਰਜ ਵੱਲ ਦੇਖ ਕੇ ਬਰਾਂਡੇ ਵਿਚ ਲੱਗੀ ਬੜੀ ਸਾਰੀ ਘੜੀ ਵੱਲ ਨਿਗਾਹ ਮਾਰੀ। ਛੋਟੀ ਸੂਈ ਨੂੰ ਬਿਲਕੁਲ ਸਿੱਧੀ ਦੇਖ ਕੇ ਉਹ ਸੋਚਾਂ ਵਿਚ ਪੈ ਗਿਆ। ਕਾਲ਼ੀ

ਨੂੰ ਬਰਕਤ ਦੇ ਕੋਲ ਬੈਠਾ ਤੇ ਗੱਲਾਂ ਕਰਦੇ ਦੇਖ ਸੋਮੇ, ਤੋਖੇ ਤੇ ਮਨਸੁੱਖ ਨੇ ਅਨੁਮਾਨ ਲਾਇਆ ਕਿ ਸ਼ਾਇਦ ਉਹਨੂੰ ਆਪਣੇ ਪਿੰਡ ਦਾ ਜਾਂ ਜਾਣ-ਪਹਿਚਾਣ ਦਾ ਆਦਮੀ ਮਿਲ਼ ਗਿਆ ਹੈ।

ਮੀਤ ਸਿੰਘ ਨੂੰ ਆਪਣੇ ਕਮਰੇ ਵਿਚੋਂ ਨਿਕਲ਼ਦਾ ਦੇਖ ਕੇ ਉਹ ਹੈਰਾਨ ਹੋ ਗਏ ਤੇ ਉਹਦੇ ਵੱਲ ਦੇਖਣ ਲੱਗੇ। ਉਨ੍ਹਾਂ ਸਾਰਿਆਂ ਵਿਚੋਂ ਸਿਰਫ਼ ਬਰਕਤ ਦੀ ਹੀ ਮੀਤ ਸਿੰਘ ਨਾਲ਼ ਜਰਾ ਖੁੱਲੀ ਗੱਲ ਬਾਤ ਸੀ ਕਿਉਂਕਿ ਉਹ ਉਹਦੇ ਨਾਨਕਿਆਂ ਦੇ ਪਿੰਡ ਦਾ ਸੀ ਤੇ ਬਚਪਨ ਵਿਚ ਮੀਤ ਸਿੰਘ ਕਈ ਸਾਲ ਉਥੇ ਰਿਹਾ ਸੀ। ਬਰਕਤ ਨੂੰ ਅੱਡੇ 'ਤੇ ਕੰਮ ਵੀ ਮੀਤ ਸਿੰਘ ਨੇ ਹੀ ਦੁਆਇਆ ਸੀ।

ਮੀਤ ਸਿੰਘ ਹੌਲ਼ੀ ਹੌਲ਼ੀ ਪੈਰ ਚੁੱਕਦਾ ਸੜਕ ਵੱਲ ਨੂੰ ਜਾ ਰਿਹਾ ਸੀ। ਇਹ ਦੇਖ ਕੇ ਬਰਕਤ ਉਠ ਖੜ੍ਹਾ ਹੋਇਆ ਤੇ ਕਪੜੇ ਝਾੜਦਿਆਂ ਪੁੱਛਿਆ, "ਉਸਤਾਦ ਜੀ, ਕਿੱਥੇ ਚੱਲੇ ?"

"ਆਦਮੀ ਕਿਸੇ ਕੰਮ ਲਈ ਬਾਹਰ ਨਿਕਲ਼ੇ ਤਾਂ ਇਸ ਤਰ੍ਹਾਂ ਨਹੀਂ ਟੋਕੀਦਾ। ਬਦਸ਼ਗਨ ਹੁੰਦਾ ਹੈ।" ਮੀਤ ਸਿੰਘ ਨੇ ਬਰਕਤ ਨੂੰ ਝਿੜਕਿਆ।

"ਚਾਚਾ, ਮੈਂ ਤਾਂ ਇਸ ਲਈ ਪੁੱਛਿਆ ਸੀ ਕਿ ਕੋਈ ਸੇਵਾ ਹੋਵੇ, ਚਾਹ-ਪਾਣੀ ਲਿਆਉਣਾ ਹੋਵੇ ਤਾਂ ਮੈਂ ਲਿਆ ਦਿੰਦਾ। ਤੁਸੀਂ ਕਿਉਂ ਤਕਲੀਫ਼ ਕਰਦੇ ਹੋ।" ਬਰਕਤ ਅੱਗੇ ਹੋ ਕੇ ਮੀਤ ਸਿੰਘ ਦੇ ਗੋਡਿਆਂ ਵੱਲ ਨੂੰ ਝੁਕ ਗਿਆ।

" ਬਸ-ਬਸ ਪਰ੍ਹੇ ਰਹਿ।" ਮੀਤ ਸਿੰਘ ਨੇ ਪਿਛੇ ਹੱਟਦਿਆਂ ਉਸ ਨੂੰ ਪਿਆਰ ਨਾਲ਼ ਝਿੜਕਿਆ, "ਸੇਵਾ ਕੋਈ ਨਹੀਂ ਹੈ। ਮੈਂ ਮੁਕੰਦੇ ਦੇ ਹੋਟਲ ਤੇ ਖਾਣਾ ਖਾਣ ਜਾ ਰਿਹਾ ਹਾਂ।

"ਤੁਸੀਂ ਉਥੇ ਹਿਲਦੀਆਂ ਤੇ ਟੁੱਟੀਆਂ ਹੋਈਆਂ ਬੈਚਾਂ ਤੇ ਬੈਠੋਂਗੇ, ਮੱਖੀਆਂ ਦੇ ਵਿਚ ? ਤੁਸੀਂ ਜੋ ਮੰਗਵਾਣਾ ਹੈ ਮੈਨੂੰ ਦੱਸ ਦਿਉ। ਮੈਂ ਦਫ਼ਤਰ ਵਿਚ ਹੀ ਲਿਆ ਦਿੰਦਾ ਹਾਂ।" ਬਰਕਤ ਨੇ ਬਹੁਤ ਹੀ ਗਰਮਜੋਸ਼ੀ ਨਾਲ਼ ਕਿਹਾ।

"ਨਹੀਂ, ਮੈਂ ਉਥੇ ਜਾਊਂਗਾ। ਮੁਕੰਦਾ ਬਹੁਤ ਹੁਸ਼ਿਆਰ ਤੇ ਚਲਾਕ ਆਦਮੀ ਹੈ। ਅੱਡੇ ਦਾ ਵਿਉਪਾਰੀ ਹੈ ਨਾ। ਉੱਡਦੇ ਪੰਛੀਆਂ ਦੇ ਪਰ ਗਿਣ ਲੈਂਦਾ ਹੈ 'ਤੇ ਬੰਦ ਮੁੱਠੀ ਵਿਚੋਂ ਪੈਸੇ ਕੱਢ ਲੈਂਦਾ ਹੈ। ਉਹ ਮੇਰੇ ਦੇਖਦੇ-ਦੇਖਦੇ ਮੇਰੀਆਂ ਅੱਖਾਂ ਦੇ ਸਾਹਮਣੇ ਹੇਰਾਫੇਰੀ ਕਰ ਲੈਂਦਾ ਹੈ। ਤੁੜਕਾ ਦੇਸੀ ਘਿਓ ਦੀ ਬਜਾਏ ਵਲਾਇਤੀ ਘਿਓ ਦਾ ਲਾ ਦਿੰਦਾ ਹੈ। ਅੱਧੇ ਪਾਈਆ ਦਹੀਂ ਨੂੰ ਵਧਾ ਕੇ ਪਾਈਆ ਬਣਾ ਦਿੰਦਾ ਹੈ। ਮੇਰੀ ਗੈਰਹਾਜ਼ਰੀ ਵਿਚ ਤਾਂ ਪਤਾ ਨਹੀਂ ਕੀ ਕੁਸ਼ ਕਰੂਗਾ।" ਮੀਤ ਸਿੰਘ ਹੱਥ ਹਿਲਾਉਂਦਾ ਅਗਾਂਹ ਤੁਰ ਪਿਆ, "ਤੁਹਾਡੇ ਜ਼ਿੰਮੇ ਬਸ ਇਕ ਹੀ ਸੇਵਾ ਹੈ। ਸੰਤਰੇ ਦਾ ਅਧੀਆ ਸੂਰਜ ਛਿਪਣੇ ਤੋਂ ਪਹਿਲਾਂ ਮਿਲ਼ ਜਾਣਾ ਚਾਹੀਦਾ ਹੈ।"

ਬਰਕਤ ਤੇ ਉਹਦੇ ਸਾਥੀ ਮੀਤ ਸਿੰਘ ਨੂੰ ਜਾਂਦੇ ਹੋਏ ਦੇਖਦੇ ਰਹੇ। ਉਹ ਪਲੇ ਹੋਏ ਬੁੱਢੇ ਸਾਂਨ੍ਹ ਦੀ ਤਰ੍ਹਾਂ ਪੈਰ ਘਸੀਟਦਾ ਹੋਇਆ ਤੁਰ ਰਿਹਾ ਸੀ। ਬਰਕਤ ਆਪਣੇ ਸਾਥੀਆਂ ਵੱਲ ਨੂੰ ਮੁੜ ਪਿਆ, "ਯਾਰੋ, ਲਾਰੀ ਆਉਣ ਵਿਚ ਅਜੇ ਦੇਰ ਹੈ। ਆਓ, ਆਪਾਂ ਵੀ ਰੋਟੀ ਖਾ ਲਈਏ।"

"ਖਾ ਲੈਂਦੇ ਆਂ।" ਮਨਸੁੱਖ ਨੇ ਟੱਪ ਕੇ ਝਰੋਖੇ ਵਿਚ ਛਿਪਾ ਕੇ ਰੱਖੀਆਂ ਰੋਟੀਆਂ

ਦੀਆਂ ਪੋਟਲੀਆਂ ਚੁੱਕ ਲਈਆਂ। "ਮੇਰੇ ਲਈ ਰੋਟੀ ਲਿਆਏ ਹੋ ਨਾ ?" ਸੋਮੇ ਨੇ ਪੁੱਛਿਆ।

"ਪੱਕੀ, ਤੇਰਾ ਬਰਾਬਰ ਦਾ ਹਿੱਸਾ ਹੈ।" ਬਰਕਤ ਨੇ ਉਹਨੂੰ ਭਰੋਸਾ ਦੁਆਇਆ। ਫਿਰ ਕਾਲ਼ੀ ਵੱਲ ਮੂੰਹ ਕਰਕੇ ਪੁੱਛਿਆ, "ਸੱਜਣਾ, ਤੂੰ ਰੋਟੀ ਖਾ ਲਈ ਹੈ ਜਾਂ ਨਹੀਂ ?"

"ਮੈਂ ਖਾ ਲਊਂਗਾ।" ਕਾਲ਼ੀ ਨੇ ਛੇਤੀ ਛੇਤੀ ਕਿਹਾ ਜਿਵੇਂ ਅਚਾਨਕ ਫੜਿਆ ਗਿਆ ਹੋਵੇ।

"ਮੈਂ ਪੁੱਛਿਆ ਕਿ ਤੂੰ ਰੋਟੀ ਖਾ ਲਈ ਹੈ ਜਾਂ ਨਹੀਂ ?" ਪਰ ਕਾਲ਼ੀ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਉਸ ਨੇ ਆਪਣੇ ਸਾਥੀਆਂ ਨੂੰ ਪੁੱਛਿਆ "ਕਿੰਨੀਆਂ ਰੋਟੀਆਂ ਲਿਆਂਦੀਆਂ ਅੱਜ ?"

"ਉਨੀਆਂ ਹੀ ਜਿੰਨੀਆਂ ਰੋਜ਼ ਲਿਆਉਂਦੇ ਹਾਂ। ਸੋਮੇ ਦੇ ਹਿੱਸੇ ਦੀਆਂ ਵੀ ਲਿਆਏ ਹਾਂ। ਨਾਲ਼ ਗੁੜ ਤੇ ਅਚਾਰ ਵੀ ਹੈ।" ਤੋਖੇ ਨੇ ਕਿਹਾ।

"ਹੂੰ।" ਬਰਕਤ ਸੋਚ ਵਿਚ ਪੈ ਗਿਆ, "ਸੋਮੇ, ਯਾਰ ਤੂੰ ਥੋੜ੍ਹੀ ਹਿੰਮਤ ਕਰ।"

"ਕੀ ?"

"ਦੌੜ ਕੇ ਢਾਬੇ ਤੋਂ ਚਾਰ ਰੋਟੀਆਂ ਤੇ ਮੁਫ਼ਤ ਦੀ ਦਾਲ, ਪਿਆਜ਼ ਚਟਨੀ, ਜੋ ਵੀ ਮਿਲ਼ਦਾ ਹੈ, ਲੈ ਆ।" ਬਰਕਤ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ, ਇਹ ਨੇ ਵੀ ਰੋਟੀ ਖਾਣੀ ਹੈ।"

ਸੋਮੇ ਨੇ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ। "ਦਾਲ਼ ਨੂੰ ਤੁੜਕਾ ਵੀ ਲੁਆ ਲਵਾਂ ?"

ਨਹੀਂ, ਤੁੜਕਾ ਰਹਿਣ ਦੇ। ਉਦਾਂ ਹੀ ਚੱਲੂਗੀ।" ਬਰਕਤ ਨੇ ਨਾਂਹ ਕਰ ਦਿੱਤੀ।

ਬਰਕਤ ਦੀ ਗੱਲ ਤੋਂ ਸੋਮੇ ਨੇ ਅੰਦਾਜ਼ਾ ਲਾ ਲਿਆ ਕਿ ਕਾਲ਼ੀ ਉਹਦਾ ਨੇੜੇ ਦਾ ਰਿਸ਼ਤੇਦਾਰ ਨਹੀਂ ਹੈ। ਨਹੀਂ ਤਾਂ ਉਹ ਇਹਦੀ ਪੂਰੀ ਤਰ੍ਹਾਂ ਖਾਤਿਰ ਕਰਦਾ। ਯਾਰ ਦੋਸਤ ਵੀ ਮਲੂਮ ਨਹੀਂ ਹੁੰਦਾ ਕਿਉਂਕਿ ਦੋਨਾਂ ਵਿਚ ਕੋਈ ਬੇਤਕੁਲਫ਼ੀ ਨਹੀਂ ਹੈ। ਸੋਮੇ ਨੇ ਸੋਚਿਆ ਕਿ ਸ਼ਾਇਦ ਉਹ ਬਰਕਤ ਦਾ ਕੋਈ ਦੂਰ ਦੇ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲੇ ਤੋਂ ਪਤਾ ਲੈ ਕੇ ਇਹਨੂੰ ਅੱਡੇ 'ਤੇ ਮਿਲ਼ਣ ਆ ਗਿਆ ਹੋਣਾ। ਬਾਹਰੋਂ ਆਏ ਆਦਮੀ ਨੂੰ ਰੋਟੀ-ਪਾਣੀ ਪੁੱਛਣ ਦਾ ਫਰਜ਼ ਤਾਂ ਬਣਦਾ ਹੀ ਹੈ।

ਬਰਕਤ ਤੋਂ ਪੈਸੇ ਲੈ ਸੋਮਾਂ ਕੁੱਝ ਕਦਮ ਤੁਰ ਕੇ ਰੁਕ ਗਿਆ ਤੇ ਕਾਲ਼ੀ ਵੱਲ ਦੇਖਣ ਲੱਗਾ ਜਿਵੇਂ ਰੋਟੀ ਲਿਆਉਣ ਤੋਂ ਪਹਿਲਾਂ ਉਹਦੇ ਬਾਰੇ ਆਪਣੇ ਸ਼ੰਕੇ ਪੂਰੀ ਤਰ੍ਹਾਂ ਦੂਰ ਕਰ ਲੈਣਾ ਚਾਹੁੰਦਾ ਹੋਵੇ। ਇਹ ਦੇਖ ਕੇ ਬਰਕਤ ਵੀ ਉਹਦੇ ਕੋਲ਼ ਚਲਾ ਗਿਆ 'ਤੇ ਉਹ ਦੋਵੇਂ ਹੌਲ਼ੀ ਹੌਲ਼ੀ ਗੱਲਾਂ ਕਰਦੇ ਹੋਏ ਸੜਕ ਵੱਲ ਨੂੰ ਤੁਰ ਪਏ।

"ਇਹ ਤੇਰਾ ਰਿਸ਼ਤੇਦਾਰ ਜਾਂ ਯਾਰ ਦੋਸਤ ਤਾਂ ਲਗਦਾ ਨਹੀਂ ?" ਸੋਮੇ ਨੇ ਅੱਖ ਨਾਲ਼ ਸੋਮੇ ਵੱਲ ਇਸ਼ਾਰਾ ਕੀਤਾ।

"ਯਾਰਾ, ਦੋਸਤ-ਯਾਰ ਕੁਛ ਵੀ ਨਹੀਂ ਹੈ। ਆਪਣੇ ਵਾਂਗ ਪਿੰਡੋਂ ਗਰੀਬੀ ਤੋਂ ਘਬਰਾ ਕੇ ਸ਼ਹਿਰ ਦੌੜ ਆਇਆ ਹੈ। ਦੱਸਦਾ ਸੀ ਕੱਲ ਹੀ ਇੱਥੇ ਪਹੁੰਚਾ ਹੈ। ਰਾਤ ਵੀ ਇਥੇ

ਅੱਡੇ 'ਤੇ ਹੀ ਕੱਟੀ ਹੈ।"

"ਕਿੱਥੇ ਦਾ ਰਹਿਣ ਵਾਲਾ ਹੈ ?"

"ਟਾਂਡਾਉੜਮੁੜ ਦੇ ਨੇੜੇ ਕੋਈ ਪਿੰਡ ਦੱਸ ਰਿਹਾ ਸੀ।"

"ਕਾਫੀ ਦੂਰ ਤੋਂ ਆਇਆ ਹੈ। ਟਾਂਡਾਉੜਮੁੜ ਮੈਂ ਵੀ ਇਕ ਵਾਰ ਗਿਆ ਸੀ। ਇਥੋਂ ਘੱਟੋ-ਘੱਟ ਵੀਹ-ਪੰਝੀ ਕੋਹ ਹੋਣਾ ਹੈ। ... ਉਹ ਤੋਂ ਅੱਗੇ ਪਿੰਡ ਪਤਾ ਨਹੀਂ ਹੋਰ ਕਿੰਨੀ ਦੂਰ ਹੋਵੇਗਾ।" ਸੋਮੇ ਨੇ ਹੈਰਾਨੀ ਨਾਲ਼ ਬੁੱਲ ਘੁੱਟ ਲਏ।

ਬਰਕਤ ਇਕ ਵਾਰ ਫਿਰ ਸੋਚਾਂ ਵਿਚ ਡੁੱਬ ਗਿਆ ਜਿਵੇਂ ਕੋਈ ਪੁਰਾਣਾ ਜ਼ਖਮ ਇਕਦਮ ਹਰਾ ਹੋ ਗਿਆ ਹੋਵੇ। ਉਹ ਆਪਣੇ ਬੀਤੇ ਬਾਰੇ ਸੋਚਣ ਲੱਗਾ, "ਇਕ ਰਾਤ ਵਿਚ ਹੀ ਪਿੰਡ ਤੋਂ ਦੌੜ ਕੇ ਇਸ ਸ਼ਹਿਰ ਵਿਚ ਆਇਆ ਸੀ ਪਰ ਭੁੱਖ-ਪਿਆਸ ਤੋਂ ਤੰਗ ਆ ਕੇ ਦੋ ਦਿਨਾਂ ਬਾਅਦ ਹੀ ਪਿੰਡ ਮੁੜ ਗਿਆ ਸੀ।"

"ਖੁਸ਼ੀ ਨਾਲ਼ ਤਾਂ ਸ਼ਹਿਰ ਕੋਈ ਵੀ ਨਹੀਂ ਆਉਂਦਾ। ਤੰਗੀ-ਤੁਰਸ਼ੀ ਹੀ ਪਿੰਡ ਛੱਡਣ ਲਈ ਮਜਬੂਰ ਕਰਦੀ ਹੈ" ਸੋਮਾ ਬੋਲਿਆ, "ਅਸੀਂ ਤਾਂ ਅਜੇ ਤੱਕ ਪਿੰਡ ਤੇ ਸ਼ਹਿਰ ਦੇ ਵਿਚਾਲੇ ਲਟਕ ਰਹੇ ਹਾਂ। ਕੰਮ ਸ਼ਹਿਰ ਵਿਚ ਕਰਦੇ ਹਾਂ ... ਸੌਂਦੇ ਪਿੰਡ ਵਿਚ ਹਾਂ।"

"ਉਸਤਾਦ ਜੀ ਦੀ ਕਿਰਪਾ ਬਣੀ ਰਹੇ। ਆਖਰੀ ਬੱਸ ਵਿਚ ਘਰ ਤਾਂ ਪਹੁੰਚ ਜਾਂਦੇ ਹਾਂ।"

"ਯਾਰ ਪੱਕੀ ਆਮਦਨ ਬਣ ਜਾਵੇ ਤਾਂ ਮੈਂ ਇੱਥੇ ਹੀ ਠਿਕਾਣਾ ਬਣਾ ਲੈਣਾ ਹੈ।" ਬਰਕਤ ਨੇ ਲੰਬਾ ਸਾਹ ਛੱਡਿਆ।

ਸੋਮੇ ਦੇ ਮੁੱੜਣ ਤੋਂ ਪਹਿਲਾਂ ਤੋਖਾ ਤਿੰਨ ਖਾਲੀ ਬੋਤਲਾਂ ਨਲ਼ਕੇ ਤੋਂ ਪਾਣੀ ਦੀਆਂ ਭਰ ਲਿਆਇਆ। ਉਹਨੇ ਇਕ ਸਾਫਾ ਜ਼ਮੀਨ ਤੇ ਵਿਛਾ ਲਿਆ ਤੇ ਆਪਣੀ ਪੋਟਲੀ ਖੋਲ੍ਹ ਕੇ ਰੋਟੀਆਂ ਕੱਢ ਲਈਆਂ। ਸਾਰਿਆਂ ਕੋਲ ਰੁੱਖੀ ਸੁੱਖੀ ਰੋਟੀ ਹੀ ਸੀ ਅਤੇ ਨਾਲ਼ ਗੁੜ ਦੀ ਭੇਲੀ ਦਾ ਟੁਕੜਾ 'ਤੇ ਅੰਬ ਜਾਂ ਗਲਗਲ ਦਾ ਅਚਾਰ ਸੀ। ਬਰਕਤ ਨੇ ਸਾਰੀਆਂ ਪੋਟਲੀਆ ਤੋਂ ਇੱਕ-ਇੱਕ ਰੋਟੀ ਚੁੱਕ ਕੇ ਕਾਲ਼ੀ ਨੂੰ ਦੇ ਦਿੱਤੀਆਂ ਤੇ ਢਾਬੇ ਤੋਂ ਲਿਆਂਦੀਆਂ ਰੋਟੀਆਂ ਉਸੇ ਤਰ੍ਹਾਂ ਇੱਕ ਪੋਟਲੀ 'ਚ ਰੱਖ ਦਿੱਤੀਆਂ। ਬਰਕਤ ਨੇ ਰੋਟੀ ਦਾ ਟੁਕੜਾ ਤੋੜ ਕੇ ਦਾਲ਼ ਸਾਰਿਆਂ ਵਿੱਚ ਬਰਾਬਰ ਵੰਡ ਦਿੱਤੀ। ਬਰਕਤ 'ਤੇ ਉਹਦੇ ਸਾਥੀ ਇਕੱਠੇ ਰੋਟੀ ਖਾਣ ਲੱਗੇ ਤੇ ਕਾਲ਼ੀ ਥੋੜ੍ਹੀ ਦੂਰ ਹੱਟ ਕੇ ਬੈਠ ਗਿਆ।

ਦੋ ਦਿਨਾਂ ਤੋਂ ਕਾਲ਼ੀ ਨੇ ਚੰਗੀ ਤਰ੍ਹਾਂ ਖਾਣਾ ਨਹੀਂ ਸੀ ਖਾਧਾ। ਹੱਥ ਵਿਚ ਰੋਟੀ ਦੇਖ ਕੇ ਉਹਦੀ ਭੁੱਖ ਚਮਕ ਪਈ ਤੇ ਮੂੰਹ ਵਿਚ ਪਾਣੀ ਆ ਗਿਆ। ਆਪਣੇ-ਆਪ ਨੂੰ ਬਹੁਤ ਰੋਕਣੇ ਦੇ ਬਾਵਜੂਦ ਵੀ ਉਹ ਬਹੁਤ ਕਾਹਲ਼ੀ-ਕਾਹਲ਼ੀ ਖਾਣਾ ਖਾ ਰਿਹਾ ਸੀ। ਬਰਕਤ ਨੇ ਆਪਣੇ ਹਿੱਸੇ ਦੀ ਵੀ ਅੱਧੀ ਰੋਟੀ ਕਾਲ਼ੀ ਨੂੰ ਦੇ ਦਿੱਤੀ ਕਿਉਂਕਿ ਉਹ ਆਪਣੀ ਆਖਿਰੀ ਰੋਟੀ ਵੀ ਅੱਧੀ ਤੋਂ ਜ਼ਿਆਦਾ ਖਾ ਚੁੱਕਾ ਸੀ ਜਦ ਕਿ ਬਾਕੀਆਂ ਨੇ ਅਜੇ ਦੋ-ਦੋ ਰੋਟੀਆਂ ਹੀ ਖਾਧੀਆਂ ਸਨ।

"ਰਹਿਣ ਦੇ ਭਾ ਜੀ, ਮੇਰਾ ਢਿੱਡ ਭਰ ਗਿਆ ਹੈ।" ਕਾਲ਼ੀ ਨੇ ਇਨਕਾਰ ਵਿਚ ਸਿਰ

ਹਿਲਾਇਆ।

"ਖਾ ਲਾ, ਤੈਨੂੰ ਭੁੱਖ ਲੱਗੀ ਹੋਈ ਹੈ। ਅੰਨ-ਪਾਣੀ ਨੂੰ ਨਾਂਹ ਨਹੀਂ ਕਰੀ ਦੀ। ਪਤਾ ਨਹੀਂ ਫੇਰ ਕਦੋਂ ਮਿਲੇਗਾ।" ਬਰਕਤ ਨੇ ਰੋਟੀ ਕਾਲ਼ੀ ਦੇ ਹੱਥ ਵਿਚ ਦੇ ਦਿੱਤੀ।

ਬਾਕੀਆਂ ਨੇ ਵੀ ਆਪਣੇ-ਆਪਣੇ ਹਿੱਸੇ ਦੀ ਅੱਧੀ-ਅੱਧੀ ਰੋਟੀ ਕਾਲ਼ੀ ਨੂੰ ਦੇ ਦਿੱਤੀ। ਪੰਜ ਰੋਟੀਆਂ ਖਾ ਕੇ ਕਾਲ਼ੀ ਨੂੰ ਲੱਗਾ ਉਹਦਾ ਪੇਟ ਖਾਲੀ ਨਹੀਂ ਹੈ। ਇਨ੍ਹਾਂ ਲੋਕਾਂ ਦਾ ਵਤੀਰਾ ਦੇਖ ਕੇ ਉਸ ਨੂੰ ਗਿਆਨੋ ਦੀ ਯਾਦ ਆ ਗਈ। ਪਰ ਉਸ ਨੇ ਜ਼ੋਰ ਦੀ ਸਿਰ ਝਟਕ ਕੇ ਉਸ ਨੂੰ ਸਿਰ 'ਚੋ ਕੱਢ ਦਿੱਤਾ ਕਿ ਕਿਤੇ ਉਹ ਫੜਿਆ ਨਾ ਜਾਵੇ ਤੇ ਗਿਆਨੋ ਦੀ ਗੱਲ ਸੁਣ ਕੇ ਇਹ ਦਿਆਲੂ ਲੋਕ ਉਸ ਨੂੰ ਧੱਕੇ ਮਾਰ-ਮਾਰ ਇਥੋਂ ਨੱਠਾ ਨਾ ਦੇਣ।

ਰੋਟੀ ਖਾਣ ਤੋਂ ਬਾਅਦ ਉਨ੍ਹਾਂ ਨੇ ਪਾਣੀ ਪੀਤਾ। ਫੇਰ ਨਲ਼ਕੇ 'ਤੇ ਜਾ ਕੇ ਹੱਥ ਧੋਤੇ ਤੇ ਡੱਕੇ ਨਾਲ਼ ਦੰਦ ਖੁਰਚਣ ਲੱਗੇ। ਬਰਕਤ ਨੇ ਕਾਲ਼ੀ ਵੱਲ ਮੁੜਦਿਆਂ ਕਿਹਾ, "ਦੇਖ ਮਿੱਤਰਾ, ... ਜਿਵੇਂ ਮੈਂ ਤੈਨੂੰ ਦੱਸ ਹੀ ਚੁੱਕਿਆਂ ਹਾਂ ਅੱਡੇ 'ਤੇ ਤੇਰੇ ਲਈ ਕੋਈ ਕੰਮ ਨਹੀਂ ਹੈ। ਜੇ ਥੋੜ੍ਹੀ ਜਿਹੀ ਵੀ ਗੁੰਜ਼ਾਇਸ਼ ਹੁੰਦੀ ਤਾਂ ਮੈਂ ਉਸਤਾਦ ਕੋਲ ਤੇਰੇ ਲਈ ਜ਼ਰੂਰ ਫਰਮਾਇਸ਼ ਕਰਦਾ। ਤੂੰ ਹੁਣੇ ਜਾ ਕੇ ਬਰਫ਼ ਦਾ ਕਾਰਖਾਨਾ ਦੇਖ ਆ। ਸਵੇਰੇ ਸੂਰਜ ਨਿਕਲ਼ਦਿਆਂ ਹੀ ਉਥੇ ਪਹੁੰਚ ਜਾਈਂ। ਰੱਬ ਸਭ ਦਾ ਰਾਖਾ ਹੈ। ਕੰਮ ਦਾ ਕੋਈ ਨਾ ਕੋਈ ਵਸੀਲਾ ਨਿਕਲ਼ ਹੀ ਆਊਗਾ। ... ਸ਼ਹਿਰ ਦੇਖਣ ਨੂੰ ਤਾਂ ਸੁਹਣਾ ਹੈ, ਪਰ ਇੱਟਾਂ-ਪੱਥਰ ਤੇ ਲੋਹੇ-ਸੀਮੈਂਟ ਦਾ ਹੁੰਦਾ ਹੈ। ਇਥੇ ਪ੍ਰਾਹੁਣੇ ਲਈ ਰੋਟੀ ਵੀ ਤਿਆਰ ਹੁੰਦੀ ਹੈ 'ਤੇ ਗੱਡੀ ਵੀ। ਪਰ ਦੋਨਾਂ ਵਿਚੋਂ ਸਿਰਫ਼ ਇੱਕ ਹੀ ਮਿਲ਼ਦੀ ਹੈ। ਅਕਸਰ ਇਦਾਂ ਹੁੰਦਾ ਹੈ ਕਿ ਇੱਕ ਵੀ ਨਹੀਂ ਮਿਲ਼ਦੀ।"

ਕਾਲ਼ੀ ਨੂੰ ਆਪਣੀ ਗੱਲ ਧਿਆਨ ਨਾਲ਼ ਸੁਣਦਾ ਦੇਖ ਬਰਕਤ ਨੇ ਕਿਹਾ, "ਬਰਫ਼ ਦਾ ਕਾਰਖਾਨਾ ਦੇਖਣ ਤੋਂ ਬਾਅਦ ਜੇ ਤੇਰੇ ਗੋਡਿਆਂ 'ਚ ਦਮ ਹੋਇਆ ਤਾਂ ਸ਼ਹਿਰ ਦੇਖ ਲੈਣਾ। " ਬਰਕਤ ਸੋਚ ਵਿਚ ਡੁੱਬ ਗਿਆ। ਫਿਰ ਪੁੱਛਿਆ, "ਤੇਰਾ ਰਾਤ ਨੂੰ ਰਹਿਣ ਦਾ ਕੋਈ ਇੰਤਜ਼ਾਮ ਹੈ ?"

ਕਾਲ਼ੀ ਨੇ ਨਾਂਹ ਵਿਚ ਸਿਰ ਹਿਲਾਇਆ ਤਾਂ ਬਰਕਤ ਨੇ ਆਪਣੇ ਸਾਥੀਆਂ ਨੂੰ ਪੁੱਛਿਆ, "ਅੱਜ ਰਾਤ ਨੂੰ ਅੱਡੇ 'ਤੇ ਕਿਹਨੇ ਰਹਿਣਾ ਹੈ ?"

"ਮੈਂ।" ਤੋਖੇ ਨੇ ਕਿਹਾ।

"ਯਾਰ, ਯਾਰ ਇਹਨੂੰ ਵੀ ਆਪਣੇ ਨਾਲ਼ ਰੱਖ ਲਈਂ ?" ਬਰਕਤ ਨੇ ਸੁਝਾਅ ਦਿੱਤਾ।

"ਜੇ ਕਿਸੇ ਡਰਾਈਵਰ-ਕਲੀਨਰ ਨੇ ਇਤਰਾਜ਼ ਕੀਤਾ ਤਾਂ ?"

"ਕਹਿ ਦੇਈਂ ਉਸਤਾਦ ਜੀ ਦਾ ਆਦਮੀ ਹੈ। ਪਿੰਡ ਤੋਂ ਆਇਆ ਹੈ।" ਬਰਕਤ ਅੱਖ ਮਾਰ ਕੇ ਹੱਸਿਆ।

"ਠੀਕ ਹੈ।" ਤੋਖੇ ਨੇ ਵੀ ਜਵਾਬ ਵਿਚ ਅੱਖ ਮਾਰ ਦਿੱਤੀ।

ਬਰਕਤ ਨੇ ਕਾਲ਼ੀ ਵੱਲ ਦੇਖਿਆ, "ਭਾ ਜੀ, ਜਾਓ, ਜਾ ਕੇ ਸ਼ਹਿਰ ਦੇਖੋ। ਜਦ ਥੱਕ ਗਏ ਤਾਂ ਮੁੜ ਕੇ ਇਥੇ ਆ ਜਾਣਾ। ਤੋਖੇ ਦੇ ਕੋਲ। ਕੱਲ ਬਾਰੇ ਕੱਲ ਨੂੰ ਦੇਖਾਂਗੇ। ਪਹਿਲਾਂ ਅੱਜ ਦੀ ਨਬੇੜੀਏ।"

ਕਾਲ਼ੀ ਆਪਣਾ ਅਹਿਸਾਸ ਪ੍ਰਗਟ ਕਰਨ ਲਈ ਬਰਕਤ ਦੇ ਗੋਡਿਆਂ ਵੱਲ ਝੁੱਕ ਗਿਆ। ਪਰ ਬਰਕਤ ਨੇ ਵਿੱਚੋਂ ਹੀ ਰੋਕ ਦਿੱਤਾ, "ਇਹਦੀ ਲੋੜ ਨਹੀਂ ਹੈ। ਅਸੀਂ ਵੀ ਤਕਰੀਬਨ ਇੱਥੇ ਇਸ ਤਰ੍ਹਾਂ ਹੀ ਆਏ ਸੀ ਤੇ ਹੁਣ ਤੱਕ ਵਿਚੇ ਲਟਕ ਰਹੇ ਹਾਂ, ਇਸ ਲਈ ਤੇਰੀ ਬਹੁਤੀ ਮਦਦ ਨਹੀਂ ਕਰ ਸਕਦੇ। ਕੋਸ਼ਿਸ਼ ਕਰ ਕੇ ਦੇਖ ਲੈ। ਰੱਬ ਜੀ ਭਲੀ ਕਰਨਗੇ। ਜਿੰਨਾ ਚਿਰ ਸ਼ਹਿਰ 'ਚ ਹੈਂ, ਮਿਲਦਾ ਰਹੀਂ।"

ਕਾਲ਼ੀ ਨੇ ਵਾਰੀ-ਵਾਰੀ ਸਾਰਿਆਂ ਨੂੰ ਹੱਥ ਜੋੜੇ ਤੇ ਉਨ੍ਹਾਂ ਦੇ ਅਹਿਸਾਨ ਦੇ ਅਹਿਸਾਸ ਨੂੰ ਰੀੜ੍ਹ ਦੀ ਹੱਡੀ ਤੱਕ ਮਹਿਸੂਸ ਕਰਦਾ ਹੋਇਆ ਅੱਡੇ ਤੋਂ ਬਾਹਰ ਆ ਗਿਆ।

## ਤਿੰਨ

ਤਾਂਗੇ, ਰੇੜੇ, ਰੇੜ੍ਹੀਆਂ, ਸਾਈਕਲਾਂ ਤੇ ਇੱਕਾ-ਦੁੱਕਾ ਮੋਟਰਸਾਈਕਲਾਂ ਵਗੈਰਾ ਤੋਂ ਬਚਦਾ-ਬਚਾਂਦਾ ਕਾਲ਼ੀ ਪੁਰਾਣੀ ਰੇਲਵੇ ਰੋਡ ਦੇ ਨੇੜੇ ਬਰਫਖਾਨੇ ਦੀ ਬਗਲ ਵਾਲ਼ੇ ਮੈਦਾਨ ਵਿੱਚ ਪਹੁੰਚ ਗਿਆ। ਉਹਨੇ ਚਾਰੇ ਪਾਸੇ ਨਜ਼ਰ ਘੁਮਾ ਕੇ ਸਾਰੇ ਆਲ਼ੇ ਦੁਆਲ਼ੇ ਦਾ ਮੁਆਇਨਾਂ ਕਰਨ ਦੀ ਕੋਸ਼ਿਸ਼ ਕੀਤੀ।

ਫਿਰ ਉਹ ਬਰਫ ਕਾਰਖਾਨੇ ਦੇ ਇੱਕ ਪਾਸੇ ਪਏ ਪਾਇਪਾਂ ਦੇ ਢੇਰ ਉੱਤੇ ਲਗਾਤਾਰ ਡਿੱਗਦੇ ਪਾਣੀ ਨੂੰ ਧਿਆਨ ਨਾਲ਼ ਦੇਖਣ ਲੱਗਾ। ਇਸ ਨਜ਼ਾਰੇ ਤੋਂ ਰੋਮਾਂਚਿਕ ਹੋ ਕੇ ਕਾਲ਼ੀ ਕਾਰਖਾਨੇ ਦੀ ਬਾਹਰਲੀ ਕੰਧ ਦੇ ਹੋਰ ਵੀ ਨੇੜੇ ਚਲਾ ਗਿਆ। ਉੱਥੇ ਇੱਕ ਅਜੀਬ ਜਿਹਾ ਮੁਸ਼ਕ ਫੈਲਿਆ ਹੋਇਆ ਸੀ। ਉਹਨੂੰ ਲੱਗਾ ਕਿ ਇਸ ਮੁਸ਼ਕ ਨਾਲ਼ ਉਸ ਦੀਆਂ ਨਾਸਾਂ ਬਿਲਕੁੱਲ ਖੁੱਲ੍ਹ ਗਈਆਂ ਹਨ। ਫਿਰ ਉਹਨੂੰ ਇੱਕ ਜ਼ੋਰ ਦੀ ਛਿੱਕ ਆਈ 'ਤੇ ਉਹ ਉਸ ਮੁਸ਼ਕ ਤੋਂ ਬਚਣ ਲਈ ਛੇਤੀ-ਛੇਤੀ ਤੁਰਦਾ ਹੋਇਆ ਮਾਲਗੁਦਾਮਾਂ ਵੱਲ ਨੂੰ ਚਲਾ ਗਿਆ।

ਗੁਦਾਮਾਂ ਦੇ ਨੇੜੇ ਬਰਫ ਕਾਰਖਾਨੇ ਦਾ ਮੁਸ਼ਕ ਤਾਂ ਘੱਟ ਗਿਆ ਪਰ ਉਹਦੀ ਥਾਂ ਇੱਕ ਹੋਰ ਮੁਸ਼ਕ ਨੇ ਲੈ ਲਈ ਜਿਸਦੀ ਪਹਿਚਾਣ ਕਰਨੀ ਕਾਲ਼ੀ ਦੇ ਵੱਸ ਦੀ ਗੱਲ ਨਹੀਂ ਸੀ। ਕਾਲ਼ੀ ਨੂੰ ਲੱਗਾ ਕਿ ਇਹ ਇੱਕ ਮੁਸ਼ਕ ਦੀ ਥਾਂ ਕਈ ਤਰ੍ਹਾਂ ਦੇ ਮੁਸ਼ਕਾਂ ਦਾ ਮਿਸ਼ਰਣ ਜਿਹਾ ਹੈ। ਗੁਦਾਮਾਂ ਵਿੱਚ ਕਿਸੇ 'ਚ ਸਿਰਫ ਹਲ਼ਦੀ ਦੀਆ ਬੋਰੀਆਂ ਹੀ ਸਨ 'ਤੇ ਕਿਸੇ ਵਿੱਚ ਲਾਲ ਮਿਰਚ ਦੀਆ ਬੋਰੀਆਂ ਸਨ। ਕਿਤੇ ਕੱਪੜੇ ਧੋਣ ਵਾਲ਼ੇ ਸਾਬਣ ਦੀਆਂ ਪੇਟੀਆਂ ਰੱਖੀਆਂ ਸਨ ਤੇ ਕਿਸੇ ਗੁਦਾਮ ਵਿੱਚ ਨਸਵਾਰ ਦਾ ਭੰਡਾਰ ਭਰਿਆ ਪਿਆ ਸੀ। ਕੁੱਝ ਗੁਦਾਮਾਂ ਵਿੱਚੋਂ ਮਾਲ ਕੱਢ ਕੇ ਰੇੜ੍ਹੇ ਤੇ ਰੇੜ੍ਹੀਆਂ ਉੱਤੇ ਲੱਦਿਆ ਜਾ ਰਿਹਾ ਸੀ ਤਾਂ ਦੂਜਿਆਂ 'ਚ ਮਾਲ ਭਰਨ ਲਈ ਟਰੱਕ ਤੇ ਰੇੜ੍ਹੇ ਖਾਲੀ ਕੀਤੇ ਜਾ ਰਹੇ ਸਨ। ਸਿਰ 'ਤੇ ਕੱਪੜਾ ਬੰਨ੍ਹੀਂ ਅਤੇ ਪਿੱਠ ਤੇ ਬੋਰੀਆਂ ਲਪੇਟੀ ਕਈ ਮਜ਼ਦੂਰ ਢੋਆ-ਢੁਆਈ ਵਿੱਚ ਰੁੱਝੇ ਹੋਏ ਸਨ।

ਕਾਲ਼ੀ ਸਾਰੀ ਕਾਰਵਾਈ ਨੂੰ ਬੜੇ ਧਿਆਨ ਨਾਲ਼ ਦੇਖ ਰਿਹਾ ਸੀ ਤਾਂ ਕਿ ਉਹ ਇਸ ਕੰਮ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰ ਸਕੇ। ਉਹ ਕਾਫੀ ਦੇਰ ਤੱਕ ਗੁਦਾਮਾਂ ਦੇ ਨੇੜੇ ਇਸ ਆਸ ਵਿੱਚ ਘੁੰਮਦਾ ਰਿਹਾ ਕਿ ਸ਼ਾਇਦ ਉਹਨੂੰ ਵੀ ਅਵਾਜ਼ ਮਾਰ ਕੇ ਕੰਮ ਲਈ ਬੁਲਾ ਲਿਆ ਜਾਵੇ। ਪਰ ਜਦ ਉਹਦੀ ਵੱਲ ਕਿਸੇ ਨੇ ਅੱਖ ਚੁੱਕ ਕੇ ਵੀ ਨਾ ਦੇਖਿਆ ਤਾਂ ਉਹ

ਨਿਰਾਸ਼ ਹੋ ਕੇ ਪਿੱਛੇ ਹਟ ਗਿਆ ਤੇ ਕਾਰਖਾਨੇ ਦੇ ਨੇੜਿਉਂ ਹੁੰਦਾ ਹੋਇਆ ਪੁਰਾਣੀ ਰੇਲਵੇ ਰੋਡ 'ਤੇ ਪਹੁੰਚ ਗਿਆ।

ਸੜਕ ਦੇ ਕੰਢੇ ਖੜ੍ਹਾ ਉਹ ਕੁੱਝ ਸਮੇਂ ਲਈ ਆਉਂਦੇ ਜਾਂਦੇ ਵਾਹਣਾਂ ਤੇ ਲੋਕਾਂ ਨੂੰ ਨਿਹਾਰਦਾ ਰਿਹਾ। ਜਦ ਸ਼ਹਿਰੀ ਮੁੰਡਿਆਂ ਦਾ ਇੱਕ ਟੋਲਾ ਹੱਸਦਾ-ਖੇਲਦਾ ਆਪਸ ਵਿੱਚ ਟਕਰਾਂਦਾ ਤੇ ਠੱਠਾ-ਮਜ਼ਾਕ ਕਰਦਾ ਉਹਦੇ ਕੋਲ਼ ਦੀ ਲੰਘਿਆ ਤਾਂ ਉਹ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਿਆ। ਪੁਰਾਣੀ ਰੇਲਵੇ ਰੋਡ ਤੇ ਥੋੜ੍ਹਾ ਅੱਗੇ ਜਾ ਕੇ ਖੱਬੇ ਪਾਸੇ ਇੱਕ ਬਹੁਤ ਵੱਡਾ ਛੱਪੜ ਸੀ। ਉਹਦੇ ਤਿੰਨੀਂ ਪਾਸੀਂ ਉਚਾਈ ਤੇ ਚੁਬਾਰੇ ਵਾਲ਼ੇ ਮਕਾਨ ਸਨ। ਦੂਰ ਤੋਂ ਇਦਾਂ ਲਗਦਾ ਸੀ ਜਿਵੇਂ ਇਹ ਮਕਾਨ ਇੱਕ ਦੂਸਰੇ 'ਚ ਫਸੇ ਹੋਏ ਖੜ੍ਹੇ ਹੋਣ।

ਮਕਾਨਾਂ ਤੋਂ ਹਟ ਕੇ ਕਾਲ਼ੀ ਦਾ ਧਿਆਨ ਵੱਡੀਆਂ ਵੱਡੀਆਂ ਆਰਾ ਮਸ਼ੀਨਾਂ ਵੱਲ ਗਿਆ ਜਿਹੜੀਆਂ ਲੱਕੜੀ ਦੀਆਂ ਵੱਡੀਆਂ ਵੱਡੀਆਂ ਤੇ ਮੋਟੀਆਂ-ਮੋਟੀਆਂ ਗੇਲੀਆਂ ਨੂੰ ਇੰਝ ਚੀਰ ਰਹੀਆਂ ਸਨ ਜਿਵੇਂ ਛੁਰੀ ਉਬਲੇ ਹੋਏ ਆਲੂ ਜਾਂ ਸ਼ਕਰਕੰਦੀ ਨੂੰ ਕੱਟ ਰਹੀ ਹੋਵੇ। ਕਾਲ਼ੀ ਡਰਦਾ ਮਾਰਿਆ ਆਰਾ ਮਸ਼ੀਨਾਂ ਦੀ ਚਾਲ ਤੋਂ ਵੀ ਤੇਜ਼ ਸੜਕ ਦੇ ਦੂਜੇ ਪਾਸੇ ਚਲਾ ਗਿਆ। ਆਰਿਆਂ ਦੀ ਸ਼ਾਂ... ਸ਼ਾਂ ਦੀ ਤਿੱਖੀ ਅਵਾਜ਼ ਤੋਂ ਡਰ ਕੇ ਉਹ ਹੋਰ ਵੀ ਪਿੱਛੇ ਹਟ ਗਿਆ। ਆਰੇ 'ਤੇ ਕੰਮ ਕਰ ਰਹੇ ਲੋਕਾਂ ਦੇ ਚਿਹਰੇ, ਸਿਰ ਦੇ ਵਾਲ਼ ਤੇ ਸਰੀਰ ਲੱਕੜ ਦੇ ਬੂਰੇ ਨਾਲ਼ ਪੂਰੀ ਤਰ੍ਹਾਂ ਭਰੇ ਪਏ ਸਨ। ਆਰੇ 'ਤੇ ਬਹੁਤ ਫੁਰਤੀ ਨਾਲ਼ ਕੰਮ ਕਰਦੇ ਲੋਕਾਂ ਨੂੰ ਦੇਖ ਕੇ ਕਾਲ਼ੀ ਸੋਚਣ ਲੱਗਾ ਕਿ ਉਹ ਕਿੰਨੇ ਸੁਲਝੇ ਹੋਏ ਕਾਰੀਗਰ ਹਨ। ਥੋੜ੍ਹੀ ਜਿਹੀ ਗਲਤੀ ਹੋਣ ਨਾਲ਼ ਹੀ ਉਹ ਵੀ ਲਕੜੀ ਵਾਂਗ ਚੀਰੇ ਜਾ ਸਕਦੇ ਹਨ।

ਆਰਾ ਮਸ਼ੀਨਾਂ ਤੇ ਇਮਾਰਤੀ ਲੱਕੜੀ ਦੀਆਂ ਦੁਕਾਨਾਂ ਤੇ ਟਾਲ਼ਾਂ ਵਲ ਝਾਕਦਾ ਹੋਇਆ ਕਾਲ਼ੀ ਅੱਡਾ ਹੁਸ਼ਿਆਰਪੁਰ ਪਹੁੰਚ ਗਿਆ। ਇਸ ਇਲਾਕੇ ਵਿੱਚ ਬਹੁਤ ਰੌਣਕ ਸੀ। ਇਨ੍ਹਾਂ ਵਿੱਚ ਜ਼ਿਆਦਾ ਦੁਕਾਨਾਂ ਕਿਤਾਬਾਂ ਦੀਆਂ ਸਨ।

ਕਾਲ਼ੀ ਅੱਡੇ ਵਿੱਚ ਜਾ ਵੜਿਆ। ਇਹ ਲੁਧਿਆਣਾ-ਨਵਾਂਸ਼ਹਿਰ ਦੇ ਅੱਡੇ ਤੋਂ ਛੋਟਾ ਸੀ ਤੇ ਇੱਥੇ ਬੱਸਾਂ ਵੀ ਥੋੜ੍ਹੀਆਂ ਸਨ। ਲਾਰੀ 'ਤੇ ਸਮਾਨ ਲੱਦਣ ਜਾਂ ਉੱਤਾਰਣ ਲਈ ਦੋ ਹੀ ਮਜ਼ਦੂਰ ਸਨ। ਪਰ ਅੱਡੇ ਦੇ ਆਲ਼ੇ ਦੁਆਲ਼ੇ ਦੁਕਾਨਾਂ 'ਤੇ ਬਹੁਤ ਰੌਣਕ ਸੀ।

ਹੁਸ਼ਿਆਰਪੁਰ ਅੱਡੇ ਦਾ ਚੱਕਰ ਲਾ ਕੇ ਕਾਲ਼ੀ ਬਾਹਰ ਆ ਗਿਆ। ਉਹ ਚਾਰੇ ਪਾਸੇ ਦੇਖਦਾ ਹੋਇਆ ਵਾਪਸ ਆਉਣ ਲਈ ਪਹਿਲਾਂ ਵਾਲ਼ੇ ਰਾਹ ਹੀ ਪੈ ਗਿਆ। ਹੁਣ ਉਸ ਨੂੰ ਯਕੀਨ ਜਿਹਾ ਹੋ ਗਿਆ ਸੀ ਕਿਉਂਕਿ ਇਹ ਰਾਹ ਉਸ ਦਾ ਦੇਖਿਆ ਹੋਇਆ ਸੀ।

ਛੱਪੜ ਦੇ ਕਿਨਾਰੇ ਪਹੁੰਚ ਕੇ ਕਾਲ਼ੀ ਰੁਕ ਗਿਆ। ਫੇਰ ਹੌਲ਼ੀ-ਹੌਲ਼ੀ ਪੈਰ ਚੁੱਕਦਾ ਉਹ ਉਸ ਦੇ ਕੰਢੇ ਜਾ ਪਹੁੰਚਾ। ਸੂਰਜ ਦੀਆਂ ਕਿਰਨਾਂ ਦੇ ਪ੍ਰਛਾਵੇਂ ਨਾਲ਼ ਪਾਣੀ ਵਿੱਚ ਵੀ ਇੱਕ ਸੂਰਜ ਚਮਕ ਰਿਹਾ ਸੀ। ਕਾਲ਼ੀ ਛੱਪੜ ਵਿੱਚ ਬਣ ਰਹੇ ਬੜੇ ਬੜੇ ਦਾਇਰਿਆਂ ਨੂੰ ਦੇਖਦਾ ਰਿਹਾ। ਉਸ ਨੇ ਇਸ ਛੱਪੜ ਦਾ ਆਪਣੇ ਪਿੰਡ ਦੇ ਛੱਪੜ ਨਾਲ਼ ਮੁਕਾਬਲਾ ਕੀਤਾ ਤਾਂ ਉਹ ਹੈਰਾਨ ਰਹਿ ਗਿਆ। ਪਿੰਡ ਦੇ ਛੱਪੜ ਦੇ ਮੁਕਾਬਲੇ 'ਚ ਤਾਂ ਇਹ ਛੱਪੜ ਕਈ ਗੁਣਾ ਵੱਡਾ ਹੈ। ਕਾਲ਼ੀ ਨੇ ਸੋਚਿਆ ਕਿ ਉਸ ਦੇ ਪਿੰਡ ਦਾ ਛੱਪੜ 'ਚ ਜ਼ਿਆਦਾ ਤੋਂ ਜ਼ਿਆਦਾ ਇੱਕ

ਮੱਝ ਜਿੰਨਾਂ ਡੂੰਘਾ ਪਾਣੀ ਹੋਊਗਾ। ਪਰ ਇਸ ਛੱਪੜ ਵਿੱਚ ਜ਼ਿਆਦਾ ਨਹੀਂ ਤਾਂ ਦੋ ਹਾਥੀਆਂ ਜਿੰਨਾ ਡੂੰਘਾ ਪਾਣੀ ਤਾਂ ਜ਼ਰੂਰ ਹੋਵੇਗਾ।

ਕਾਲ਼ੀ ਛੱਪੜ ਦੇ ਤਿੰਨੀ ਪਾਸੀਂ ਫੈਲੀ ਹੋਈ ਅਬਾਦੀ ਨੂੰ ਦੇਖਣ ਲੱਗਾ। ਇਹਨਾਂ ਮੁਹੱਲਿਆਂ ਤੋਂ ਕਈ ਨਾਲ਼ੀਆਂ ਇਸ ਛੱਪੜ ਵਿੱਚ ਆ ਕੇ ਪੈ ਰਹੀਆਂ ਸਨ। ਅਤੇ ਕਈ ਤੰਗ ਜਿਹੀਆਂ ਗਲੀਆਂ ਆ ਕੇ ਛੱਪੜ ਦੇ ਕੰਢਿਆਂ ਨਾਲ਼ ਮਿਲ਼ਦੀਆਂ ਸਨ। ਛੱਪੜ ਦੇ ਪਾਣੀ ਵਿੱਚ ਉੱਚੀਆਂ ਇਮਾਰਤਾਂ ਦੇ ਪ੍ਰਛਾਵੇਂ ਦੇਖ ਕੇ ਕਾਲ਼ੀ ਨੂੰ ਮਹਿਸੂਸ ਹੋਇਆ ਕਿ ਪਾਣੀ ਦੇ ਅੰਦਰ ਵੀ ਇੱਕ ਸ਼ਹਿਰ ਵੱਸਿਆ ਹੋਇਆ ਹੈ। ਉੱਚੇ ਟਿੱਬਿਆਂ ਤੇ ਵਸੀਆਂ ਅਬਾਦੀਆਂ ਨੂੰ ਦੇਖ ਕੇ ਕਾਲ਼ੀ ਨੂੰ ਆਪਣੇ ਪਿੰਡ ਤੋਂ ਦਿੱਸਣ ਵਾਲ਼ੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਯਾਦ ਆ ਗਈ ਜੋ ਬਹੁਤ ਹੀ ਉੱਚੀਆਂ ਤੇ ਦੂਰ ਤੱਕ ਫੈਲੀਆਂ ਹੋਈਆਂ ਸਨ। ਉਹਨੇ ਸੋਚਿਆ ਪਿੰਡ ਦੇ ਮੁਕਾਬਲੇ ਸ਼ਹਿਰ ਕਿੰਨਾ ਵੱਡਾ ਹੈ, ਇੱਥੇ ਕੰਮ ਧੰਦੇ ਵੀ ਕਿੰਨੇ ਜ਼ਿਆਦਾ ਹਨ। ਪਰ ਇੱਥੇ ਜ਼ਮੀਨ ਪਿੰਡ ਦੇ ਮੁਕਾਬਲੇ ਕਿੰਨੀ ਤੰਗ ਹੈ।

ਬਰਫ ਕਾਰਖਾਨੇ ’ਤੇ ਗੁਦਾਮਾਂ ਦੇ ਸਾਹਮਣੇ ਇੱਕ ਵਾਰ ਫਿਰ ਕਾਲ਼ੀ ਕਾਫੀ ਦੇਰ ਤੱਕ ਖੜ੍ਹਾ ਰਿਹਾ ਜਿਵੇਂ ਉਨ੍ਹਾਂ ਵਿੱਚ ਆਪਣਾ ਭਵਿੱਖ ਤਲਾਸ਼ ਕਰ ਰਿਹਾ ਹੋਵੇ। ਇਨ੍ਹਾਂ ਨੂੰ ਦੇਖ ਕੇ ਉਹ ਆਉਣ ਵਾਲ਼ੇ ਕੱਲ ਦੀ ਕਲਪਣਾ ਕਰਨ ਲੱਗਾ ਅਤੇ ਇਹ ਸੋਚ ਕੇ ਖੁਸ਼ ਹੋ ਗਿਆ ਕਿ ਰੱਬ ਦਾ ਦੂਤ ਇੱਕ ਦਿਆਲੂ ਤੇ ਕਿਰਪਾਲੂ ਵਿਅਕਤੀ ਦੇ ਰੂਪ ਵਿੱਚ ਕੱਲ ਸਵੇਰੇ ਉੱਥੇ ਆਵੇਗਾ ਅਤੇ ਉਹਨੂੰ ਪਛਾਣ ਕੇ ਆਪਣੇ ਨਾਲ਼ ਲੈ ਜਾਵੇਗਾ ਤੇ ਉਸ ਦੇ ਸਭ ਫਿਕਰ ਤੇ ਔਕੜਾਂ ਨੂੰ ਦੂਰ ਕਰ ਦੇਵੇਗਾ। ਪਰ ਅਗਲੇ ਹੀ ਪਲ ਇਹ ਖਿਆਲ ਆਉਂਦੇ ਹੀ ਕਾਲ਼ੀ ਦਾ ਦਿਲ ਡੁੱਬਣ ਲੱਗਾ ਕਿ ਹੋ ਸਕਦਾ ਹੈ ਇਸ ਅਣਜਾਣ ਸ਼ਹਿਰ ’ਚ ਭੀੜ ਵਿੱਚ ਖੜ੍ਹਾ ਹੋ ਕੇ ਵੀ ਅੰਤ ਨੂੰ ਉਹ ਆਪਣੇ ਆਪ ਨੂੰ ਇਕੱਲਾ ਹੀ ਪਾਵੇ।

ਇਸ ਖਿਆਲ ਤੋਂ ਭੈ-ਭੀਤ ਹੋ ਕੇ ਕਾਲ਼ੀ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਿਆ। ਉਹ ਨਵੀਂ ਰੇਲਵੇ ਰੋਡ ’ਤੇ ਪੁਰਾਣੀ ਰੇਲਵੇ ਰੋਡ ਦੇ ਤਿਕੋਨੇ ਚੌਂਕ ’ਤੇ ਰੁਕ ਗਿਆ। ਸੂਰਜ ਵੱਲ ਦੇਖ ਕੇ ਉਸ ਨੇ ਸਮੇਂ ਦਾ ਅੰਦਾਜ਼ਾ ਲਾਇਆ ਅਤੇ ਨਵੀਂ ਰੇਲਵੇ ਰੋਡ ਵੱਲ ਨੂੰ ਤੁਰਨ ਲੱਗਾ ਤਾਂ ਕਿ ਇਸ ਬਜ਼ਾਰ ਨੂੰ ਵੀ ਅੱਜ ਹੀ ਦੇਖ ਲਵੇ ਤੇ ਸ਼ਹਿਰ ਦੀ ਥੋੜ੍ਹੀ ਬਹੁਤੀ ਜਾਣ ਪਹਿਚਾਣ ਕਰ ਸਕੇ।

ਕਾਲ਼ੀ ਨੇ ਮੋੜ ਮੁੜਿਆ ਤਾਂ ਉਹਦੇ ਕੰਨਾਂ ਵਿੱਚ ਇੱਕ ਤੇਜ਼ ਪਰ ਸੁਰੀਲੀ ਅਵਾਜ਼ ਘੁਲਣ ਲੱਗੀ। ਨੇੜੇ ਹੀ ਦੋ ਥਾਵਾਂ ’ਤੇ ਲੋਕਾਂ ਦੀ ਭੀੜ ਨੂੰ ਦੇਖ ਕੇ ਉਹ ਘਬਰਾ ਗਿਆ ਕਿ ਸ਼ਾਇਦ ਉੱਥੇ ਲੜਾਈ ਹੋ ਰਹੀ ਹੋਵੇ। ਉਹ ਜਿਥੇ ਸੀ ਉੱਥੇ ਹੀ ਖੜ੍ਹ ਗਿਆ। ਪਰ ਫਿਰ ਇਹ ਸੋਚ ਕੇ ਉੱਧਰ ਨੂੰ ਤੁਰ ਪਿਆ ਕਿ ਮਧੁਰ ਸੰਗੀਤ ਤੇ ਲੜਾਈ ਦਾ ਆਪਸ ਵਿੱਚ ਕੋਈ ਮੇਲ਼ ਨਹੀਂ ਹੈ।

ਪਹਿਲੀ ਭੀੜ ਕੋਲ਼ ਪਹੁੰਚ ਕੇ ਕਾਲ਼ੀ ਨੇ ਦੇਖਿਆ ਕਿ ਲੋਕ ਛੋਟੀ ਜਿਹੀ ਖਿੜਕੀ ਕੋਲ਼ ਪਹੁੰਚਣ ਲਈ ਧੱਕਮ-ਧੱਕਾ ਹੋ ਰਹੇ ਹਨ। ਉਹਨੂੰ ਯਾਦ ਆਇਆ ਕਿ ਇਹ ਸਿਨੇਮਾ ਘਰ ਹੈ। ਜਦ ਉਹ ਕਾਨਪੁਰ ਵਿੱਚ ਸੀ ਤਾਂ ਉਹਨੇ ਵੀ ਦੋ ਵਾਰ ਸਿਨੇਮਾ ਦੇਖਿਆ ਸੀ। ਉਸ ਨੇ

ਦਿਮਾਗ 'ਤੇ ਜ਼ੋਰ ਦੇ ਕੇ ਸੋਚਿਆ ਕਿ ਇੱਕ ਫਿਲਮ ਦਾ ਨਾਂ 'ਆਸਮਾਨ ਕਾ ਚਾਂਦ' ਸੀ ਤੇ ਦੂਸਰੀ ਦਾ ਨਾਂ 'ਛਿੰਨ ਬੰਨਾਕੀ ਬਬਲਾ ਬੂ' ਸੀ ਅਤੇ ਇਸ ਫਿਲਮ ਦੇ ਹੀਰੋ ਦੇ ਬੁੱਲ ਹੱਥ ਦੇ ਅਗੂੰਠੇ ਜਿੰਨੇ ਮੋਟੇ ਸਨ।

ਕਾਲ਼ੀ ਸੜਕ ਦੇ ਦੂਜੇ ਕੰਢੇ ਜਾ ਖੜ੍ਹਾ ਹੋਇਆ। ਉੱਥੇ ਲਾਊਡਸਪੀਕਰ ਤੋਂ ਗੀਤ ਤੇ ਸੰਗੀਤ ਦੀ ਅਵਾਜ਼ ਸਿੱਧੀ ਉਸ ਦੇ ਕੰਨਾਂ ਨਾਲ਼ ਟਕਰਾ ਰਹੀ ਸੀ। ਅਵਾਜ਼ ਇੰਨੀ ਉੱਚੀ ਸੀ ਕਿ ਉਸ ਨੂੰ ਲੱਗਾ ਕਿ ਜੇ ਉਹ ਉੱਥੇ ਥੋੜ੍ਹੀ ਦੇਰ ਹੋਰ ਖੜ੍ਹਾ ਰਿਹਾ ਤਾ ਉਹਦੇ ਕੰਨਾਂ ਦੇ ਪਰਦੇ ਪਾਟ ਜਾਣਗੇ। ਉਸ ਨੇ ਇੱਕ ਪਲ ਸਿਨੇਮਾ ਘਰ ਦੇ ਮੋਹਰੇ ਲੱਗੇ ਵੱਡੇ-ਵੱਡੇ ਪੋਸਟਰਾਂ ਵੱਲ ਦੇਖਿਆ। ਪੋਸਟਰਾਂ ਤੇ ਬਣੀ ਕੁੜੀ ਦੀ ਤਸਵੀਰ ਦੇਖ ਕੇ ਉਸ ਨੂੰ ਗਿਆਨੋ ਦੀ ਯਾਦ ਆ ਗਈ। ਉਹ ਇੱਕ ਦਮ ਘਬਰਾ ਗਿਆ ਅਤੇ ਉਸ ਯਾਦ ਨੂੰ ਦਿਮਾਗ ਵਿੱਚੋਂ ਝਟਕਦਾ ਹੋਇਆ ਅਗਾਂਹ ਤੁਰ ਪਿਆ।

ਅਗਲੇ ਸਿਨੇਮਾ ਘਰ ਮੋਹਰੇ ਲੱਗੀ ਭੀੜ ਵਿੱਚ ਉਹਨੇ ਕੋਈ ਦਿਲਚਸਪੀ ਨਾ ਲਈ ਤੇ ਉਹ ਲੋਕਾਂ ਤੋਂ ਬਚਦਾ ਹੋਇਆ ਚੌਂਕ ਵਿੱਚ ਜਾ ਖੜ੍ਹਾ ਹੋਇਆ। ਇੱਥੇ ਅੰਗ੍ਰੇਜ਼ੀ ਸ਼ਰਾਬ ਦਾ ਠੇਕਾ ਸੀ। ਉੱਥੇ ਖੁੱਲ੍ਹੀਆਂ ਅਲਮਾਰੀਆਂ ਵਿੱਚ ਬਹੁਤ ਸਾਰੀਆ ਵੱਖਰੀ ਵੱਖਰੀ ਕਿਸਮ ਦੀਆਂ ਖੂਬਸੂਰਤ ਬੋਤਲਾਂ ਰੱਖੀਆਂ ਹੋਈਆਂ ਸਨ। ਉਹ ਹੈਰਾਨੀ ਵਿੱਚ ਡੁੱਬਾ ਬੋਤਲਾਂ ਵੱਲ ਦੇਖਦਾ ਹੋਇਆ ਉਨ੍ਹਾਂ ਲੋਕਾਂ ਬਾਰੇ ਸੋਚਣ ਲੱਗਾ ਜੋ ਇਨ੍ਹਾਂ ਨੂੰ ਪੀਂਦੇ ਹੋਣਗੇ। ਉਹਦਾ ਮੂੰਹ ਕੜਵਾਹਟ ਨਾਲ਼ ਭਰ ਗਿਆ ਅਤੇ ਉਸ ਨੇ ਸ਼ਰਾਬ ਦੀ ਦੁਕਾਨ ਤੋਂ ਅੱਖਾਂ ਫੇਰ ਲਈਆਂ। ਉਹ ਆਪਣੇ ਸੱਜੇ ਪਾਸੇ ਦੇਖਣ ਲੱਗਾ ਜਿੱਥੇ ਦੁਕਾਨਾਂ ਦੇ ਸਾਹਮਣੇ ਲੋਹੇ ਦੀ ਚਾਦਰ ਦੀਆਂ ਛੋਟੀਆਂ-ਵੱਡੀਆ ਪੇਟੀਆਂ, ਕਈ ਪ੍ਰਕਾਰ ਦੇ ਟਰੰਕ ਤੇ ਕਨੱਸਤਰ ਵਗੈਰਾ ਪਏ ਸਨ। ਕਾਲ਼ੀ ਨੇ ਇਸ ਬਜ਼ਾਰ ਵਿੱਚ ਦੂਰ ਤੱਕ ਦੇਖਿਆ। ਬਜ਼ਾਰ ਕਾਫੀ ਲੰਬਾ ਸੀ ਅਤੇ ਦੂਰ ਇੱਕ ਤੰਗ ਗਲੀ ਵਿੱਚ ਖਤਮ ਹੋ ਜਾਂਦਾ ਸੀ।

ਚੌਂਕ ਪਾਰ ਕਰਕੇ ਉਹ ਅੱਗੇ ਤੁਰ ਪਿਆ। ਇੱਕ ਬਿਲਡਿੰਗ ਦੇ ਸਾਹਮਣੇ ਰਾਈਫਲ ਫੜੀ ਇੱਕ ਸਿਪਾਹੀ ਨੂੰ ਖੜ੍ਹਾ ਦੇਖ ਕੇ ਉਹ ਘਬਰਾ ਗਿਆ ਤੇ ਕੁੱਤੇ ਵਾਂਗ ਕੰਨ ਦਬਾ ਕੇ ਤੇ ਸਰੀਰ ਨੂੰ 'ਕੱਠਾ ਕਰਕੇ ਦੱਬੇ ਪੈਰੀਂ ਚੁੱਪ ਕਰਕੇ ਅੱਗੇ ਲੰਘ ਗਿਆ। ਕੁੱਝ ਦੂਰ ਜਾ ਕੇ ਉਹਨੇ ਪਿੱਛੇ ਮੁੜ ਕੇ ਦੇਖਿਆ। ਸਿਹਾਹੀ ਮੋੜ ਦੇ ਉਹਲੇ ਹੋਣ ਕਰਕੇ ਦਿਖਾਈ ਨਹੀਂ ਦੇ ਰਿਹਾ ਸੀ। ਕਾਲ਼ੀ ਨੇ ਸੁੱਖ ਦਾ ਸਾਹ ਲਿਆ। ਇਹ ਸੋਚ ਕੇ ਉਹ ਫਿਰ ਡਰ ਗਿਆ ਕਿ ਪੁਲੀਸ ਤਾਂ ਆਦਮੀ ਨੂੰ ਪਤਾਲ 'ਚ ਵੀ ਲੱਭ ਲੈਂਦੀ ਹੈ।

ਕਾਹਲ਼ੀ-ਕਾਹਲ਼ੀ ਸਾਹ ਲੈਂਦਾ ਉਹ ਤੰਗ ਬਜ਼ਾਰ ਵਿੱਚ ਤਰ੍ਹਾਂ ਤਰ੍ਹਾਂ ਦੇ ਮੁਸ਼ਕਾਂ ਤੋਂ ਨੱਕ ਘੁੱਟਦਾ ਹੋਇਆ ਦੂਜੇ ਚੌਂਕ ਵਿੱਚ ਪਹੁੰਚ ਗਿਆ। ਉੱਥੇ ਨੇੜੇ ਹੀ ਇੱਕ ਛਾਪਾਖਾਨਾ ਸੀ। ਛਾਪੇਖਾਨੇ ਦੀਆਂ ਮਸ਼ੀਨਾਂ ਦੀ ਗਰੜ-ਗਰੜ ਕਰਦੀ ਅਵਾਜ਼ ਉਸ ਨੂੰ ਸਾਫ ਸੁਣਾਈ ਦੇ ਰਹੀ ਸੀ। ਉਹਨੂੰ ਯਾਦ ਆਇਆ ਕਿ ਕਾਨਪੁਰ ਵਿੱਚ ਵੀ ਇੱਕ ਬਹੁਤ ਬੜਾ ਛਾਪਾਖਾਨਾ ਦਿਨ ਰਾਤ ਚਲਦਾ ਰਹਿੰਦਾ ਸੀ। ਕਾਲ਼ੀ ਨੂੰ ਖਿਆਲ ਆਇਆ ਕਿ ਉਸ ਨੂੰ ਛਾਪਖਾਨੇ ਵਿੱਚ ਵੀ ਨੌਕਰੀ ਮਿਲ਼ ਸਕਦੀ ਹੈ। ਹੱਥ-ਮੂੰਹ ਜ਼ਰੂਰ ਕਾਲ਼ੇ ਹੋ ਜਾਂਦੇ ਹਨ ਪਰ ਕੰਮ ਮਾੜਾ ਨਹੀਂ।

ਛਾਪੇਖਾਨੇ ਦੇ ਦਫਤਰ ਤੋਂ ਸਾਈਕਲ ’ਤੇ ਆਉਂਦੇ ਇੱਕ ਸਿਪਾਹੀ ਨੂੰ ਦੇਖ ਕੇ ਕਾਲ਼ੀ ਉੱਥੋਂ ਵੀ ਤੁਰ ਪਿਆ ’ਤੇ ਇੱਕ ਚੌੜੀ ਸੜਕ ’ਤੇ ਪਹੁੰਚਦਿਆਂ ਹੀ ਕਾਹਲ਼ੀ ਕਾਹਲ਼ੀ ਤੁਰਨ ਲੱਗਾ।

ਉਹ ਇੱਕ ਹੋਰ ਚੌਂਕ ਵਿੱਚ ਪਹੁੰਚਿਆ। ਉੱਥੇ ਸੜਕਾਂ ਬਹੁਤ ਚੌੜੀਆਂ ਸਨ। ਚੌਂਕ ਦੇ ਸੱਜੇ ਪਾਸੇ ਜਾਣ ਵਾਲ਼ੀ ਸੜਕ ਦੇ ਇੱਕ ਪਾਸੇ ਵੱਡੀਆਂ ਵੱਡੀਆਂ ਦੁਕਾਨਾਂ ਸਨ ਤੇ ਦੂਜੇ ਪਾਸੇ ਲਾਲ ਰੰਗ ਦੀ ਕੰਧ ਸੀ। ਇਹ ਕੰਧ ਦੂਜੀ ਸੜਕ ਦੇ ਵੀ ਇੱਕ ਪਾਸੇ ਤੱਕ ਘੁੰਮੀ ਹੋਈ ਸੀ ਤੇ ਉਹਦੇ ਸਾਹਮਣੇ ਇੱਕ ਬਾਗ ਸੀ। ਲਾਲ ਕੰਧ ਦੇ ਪਿੱਛੇ ਕਾਫੀ ਦੂਰੀ ’ਤੇ ਇੱਕ ਬਹੁਤ ਵੱਡੀ ਕੋਠੀ ਸੀ। ਜਿਸ ਦੇ ਬਹੁਤ ਹੀ ਵੱਡੇ ਸਾਰੇ ਵਿਹੜੇ ਵਿੱਚ ਬਾਰਾਂਦਰੀ ਸੀ ਅਤੇ ਕੋਠੀ ਦੇ ਖੁੱਲੇ ਬਰਾਂਡੇ ਵਿੱਚ ਸਦਰ ਦਰਵਾਜ਼ੇ ਦੇ ਬਿਲਕੁਲ ਸਾਮ੍ਹਣੇ ਬਹੁਤ ਬੜੇ ਗੋਲ਼ ਹੌਜ ਵਿੱਚ ਉੱਚਾ ਸਾਰਾ ਫੁਆਰਾ ਬਣਾਇਆ ਹੋਇਆ ਸੀ।

ਕੋਠੀ ਦੇ ਏਡੇ ਆਕਾਰ ਤੋਂ ਡਰ ਕੇ ਕਾਲ਼ੀ ਹੈਰਾਨ ਹੋ ਗਿਆ। ਉਹ ਅੰਦਾਜ਼ਾ ਲਾਉਣ ਲੱਗਾ ਕਿ ਇਸ ਕੋਠੀ ਵਿੱਚ ਕਿੰਨੇ ਆਦਮੀ ਰਹਿੰਦੇ ਹੋਣਗੇ। ਪਰ ਕੋਠੀ ਤੋਂ ਅਗਾਂਹ ਪੀਲੇ ਰੰਗ ਦੇ ਮਹੱਲ ਨੂੰ ਦੇਖ ਕੇ ਜਿਵੇਂ ਉਸ ਦਾ ਸਾਹ ਰੁਕ ਗਿਆ ਹੋਵੇ। ਉਸ ਮਹੱਲ ਦੀਆਂ ਖਿੜਕੀਆਂ ਪਿੰਡ ਦੇ ਬੜੇ ਤੋਂ ਬੜੇ ਦਰਵਾਜ਼ੇ ਤੋਂ ਵੀ ਲੰਬੀਆਂ ਤੇ ਚੌੜੀਆਂ ਸਨ। ਆਪਣੀ ਕੱਚੀ-ਪੱਕੀ ਜਿਹੀ ਕੋਠੜੀ ਦਾ ਚੇਤਾ ਆਉਣ ’ਤੇ ਕਾਲ਼ੀ ਦੇ ਦਿਲ ਨੂੰ ਗੁਦਗੁਦੀ ਹੋਣ ਲੱਗੀ ਤੇ ਉਸ ਦਾ ਕਲੇਜਾ ਮੂੰਹ ਨੂੰ ਆਉਣ ਲੱਗਾ। ਉਹ ਇਕਦਮ ਉਦਾਸ ਹੋ ਗਿਆ। ਉਦਾਸੀ ਤੋਂ ਬਚਣ ਲਈ ਉਹ ਇੱਕ ਵਾਰ ਫਿਰ ਲਾਲ ਕੋਠੀ ਤੇ ਮਹੱਲ ਵਰਗੀ ਇਮਾਰਤ ਵੱਲ ਦੇਖਣ ਲੱਗਾ। ਉਹਨੂੰ ਲੱਗਾ ਕਿ ਸ਼ਾਇਦ ਇਹ ਉਹ ਹੀ ਸਵਰਗ ਹੈ ਜਿਸ ਬਾਰੇ ਇੱਕ ਵਾਰ ਉਸਨੇ ਪੰਡਤ ਸੰਤਰਾਮ ਨੂੰ ਕੁੱਝ ਔਰਤਾਂ ਨੂੰ ਦੱਸਦਿਆਂ ਸੁਣਿਆ ਸੀ। ਕੋਠੀ ਦੇ ਬਾਗ ਵਿੱਚ ਜਦ ਦੋ ਮੁਟਿਆਰਾਂ ਸੈਰ ਕਰਨ ਲਈ ਨਿਕਲੀਆਂ ਤਾਂ ਕਾਲ਼ੀ ਨੂੰ ਯਕੀਨ ਹੋ ਗਿਆ ਕਿ ਸ਼ਾਇਦ ਇਹ ਹੀ ਜਗ੍ਹਾ ਇਸ ਧਰਤੀ ਦਾ ਸਵਰਗ ਹੈ। ਉਹ ਇੱਕ ਵਾਰ ਫਿਰ ਕੋਠੀ ਅਤੇ ਮਹੱਲ ਵਿੱਚ ਰਹਿਣ ਵਾਲਿਆਂ ਬਾਰੇ ਸੋਚਣ ਲੱਗਾ। ਪਰ ਜਦ ਅੰਦਾਜ਼ਾ ਉਸ ਦੀ ਸੋਚ ਦੇ ਘੇਰੇ ਵਿੱਚ ਨਾ ਆਇਆ ਤਾਂ ਕਾਲ਼ੀ ਨੇ ਕੋਠੀ ਤੇ ਮਹੱਲ ਵੱਲ ਪਿੱਠ ਕਰ ਲਈ ਅਤੇ ਸਾਮ੍ਹਣੇ ਕੰਪਨੀ ਬਾਗ ਦੇ ਬੜੇ ਦਰਵਾਜ਼ੇ ਵੱਲ ਨੂੰ ਚਲੇ ਗਿਆ।

ਬਾਗ ਦੇ ਅੰਦਰ ਸੜਕ ਦੇ ਦੋਨੋਂ ਪਾਸੀਂ ਚਾਟ, ਕੁਲਫੀ ਅਤੇ ਖਾਣ-ਪੀਣ ਦੀਆਂ ਕਈ ਰੇੜ੍ਹੀਆਂ ਖੜ੍ਹੀਆਂ ਸਨ। ਉਨ੍ਹਾਂ ਦੇ ਸਾਹਮਣੇ ਕੁੱਝ ਔਰਤਾਂ, ਬੱਚੇ ਤੇ ਮਰਦ ਚਾਟ ਤੇ ਕੁਲਫੀ ਖਾ ਰਹੇ ਸਨ। ਕਾਲ਼ੀ ਮੁੜ ਕੇ ਫੇਰ ਬਾਗ ਵਿੱਚ ਜਾ ਵੜਿਆ।

ਬਾਗ ਕਾਫੀ ਖੁੱਲਾ ਸੀ ਅਤੇ ਇਸ ਨੂੰ ਛੋਟੇ ਬੂਟਿਆਂ ਦੀ ਵਾੜ ਕਰਕੇ ਕਈ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਇੱਕ ਹਿੱਸੇ ਵਿੱਚ ਕੁੱਝ ਨਿਆਣੇ ਫੁੱਟਬਾਲ ਤੇ ਕੁੱਝ ਗੁੱਲੀਡੰਡਾ ਖੇਲ ਰਹੇ ਸਨ, ਜਦੋਂ ਕਿ ਕੋਨਿਆਂ ਵਿੱਚ ਕਈ ਨਿਆਣੇ ਇਕੱਠੇ ਬੈਠੇ ਬੰਟੇ ਖੇਲ੍ਹਣ ਵਿੱਚ ਮਸਤ ਸਨ। ਦੂਜੇ ਪਾਰਕ ਵਿੱਚ ਕਈ ਲੋਕ ਛੋਟੀਆਂ ਛੋਟੀਆਂ ਟੋਲੀਆਂ ਵਿੱਚ ਤਾਸ਼ ਦਾ ਅਨੰਦ ਮਾਣ ਰਹੇ ਸਨ। ਉਨ੍ਹਾਂ ਤੋਂ ਅਗਾਂਹ ਕਈ ਬੁੜ੍ਹੇ ਬੈਠੇ ਜਾਂ ਲੰਮੇ ਪਏ ਹੋਏ ਉੱਚੀ ਅਵਾਜ਼ ’ਚ

ਚੁਗਲੀਆਂ ਕਰਦੇ ਹੋਏ ਦੁਨੀਆ ਤੇ ਸਰਕਾਰ ਨੂੰ ਨਿੰਦਦੇ ਆਪਸ ਵਿੱਚ ਲੜ ਪੈਂਦੇ ਸਨ।

ਕਾਲ਼ੀ ਨੂੰ ਬਾਗ ਦਾ ਮਾਹੌਲ ਚੰਗਾ ਲੱਗਾ। ਉਹਨੂੰ ਲੱਗਾ ਕਿ ਸ਼ਹਿਰ ਵਿੱਚ ਘੱਟ ਤੋਂ ਘੱਟ ਇੱਕ ਥਾਂ ਤਾਂ ਅਜਿਹਾ ਹੈ ਜਿਥੇ ਸਾਰੇ ਲੋਕ ਅਜ਼ਾਦੀ ਨਾਲ਼ ਫਿਰ ਤੁਰ ਤੇ ਮੌਜ-ਮੇਲਾ ਕਰ ਸਕਦੇ ਹਨ। ਉਹ ਵੱਖਰੇ-ਵੱਖਰੇ ਪਾਰਕਾਂ ਵਿੱਚ ਘੁੰਮਦਾ ਹੋਇਆ ਬਾਗ ਦੇ ਵਿੱਚੋਂ-ਵਿਚੀਂ ਬੋਹੜ ਦੇ ਵੱਡੇ ਸਾਰੇ ਦਰੱਖਤ ਦੇ ਥੱਲੇ ਆ ਗਿਆ। ਇਹਦੀਆਂ ਜੜ੍ਹਾਂ ਦੇ ਦੁਆਲ਼ੇ ਬੜ੍ਹਾ ਸਾਰਾ ਗੋਲ਼ ਪੱਕਾ ਥੜ੍ਹਾ ਬਣਾਇਆ ਹੋਇਆ ਸੀ। ਸੁੱਖ ਦਾ ਸਾਹ ਲੈਂਦਾਂ ਹੋਇਆ ਉਹ ਥੜ੍ਹੇ 'ਤੇ ਬੈਠ ਗਿਆ ਪਰ ਦਰੱਖਤ ਦੇ ਤਣੇ ਅਤੇ ਕਿਤੇ-ਕਿਤੇ ਥੜ੍ਹੇ ਉੱਥੇ ਕਾਲ਼ੇ ਤੇ ਲਾਲ ਰੰਗ ਦੇ ਕੀੜਿਆਂ ਨੂੰ ਦੇਖ ਕੇ ਉਹ ਉੱਥੋਂ ਉੱਠ ਗਿਆ।

ਪਾਰਕ ਵਿੱਚ ਹੌਲ਼ੀ ਹੌਲ਼ੀ ਟਹਿਲਦਿਆਂ ਕਾਲ਼ੀ ਇੱਕ ਸੁੰਨੇ ਥਾਂ ਪਹੁੰਚ ਗਿਆ। ਉਹਨੂੰ ਥੋੜ੍ਹਾ ਥਕੇਵਾਂ ਮਹਿਸੂਸ ਹੋਣ ਲੱਗਾ। ਉਹ ਥੋੜ੍ਹਾ ਟੇਡਾ ਹੋ ਕੇ ਲੱਤਾਂ ਦੀਆਂ ਪਿੰਨੀਆਂ ਘੁੱਟਣ ਲੱਗਾ। ਉਹਨੂੰ ਅਰਾਮ ਮਹਿਸੂਸ ਹੋਇਆ। ਉਹਨੇ ਚਾਦਰ ਸਿਰ ਦੇ ਥੱਲੇ ਰੱਖ ਕੇ ਸਿਰਹਾਣਾ ਬਣਾ ਲਿਆ। ਫੇਰ ਉਹ ਥਕੇਵਾਂ ਦੂਰ ਕਰਨ ਲਈ ਸੌਂ ਗਿਆ।

ਕਾਲ਼ੀ ਦੀ ਅੱਖ ਖੁੱਲ੍ਹੀ ਤਾਂ ਸੂਰਜ ਸਾਹਮਣੀ ਵੱਡੀ ਸਾਰੀ ਇਮਾਰਤ ਦੀ ਛੱਤ ਦੇ ਜੰਗਲਿਆਂ ਦੇ ਝਰੋਖਿਆਂ ਵਿਚੀਂ ਝਾਕ ਰਿਹਾ ਸੀ। ਧੁੱਪ ਕਾਫੀ ਫਿੱਕੀ ਜਿਹੀ ਹੋ ਗਈ ਸੀ ਅਤੇ ਬਾਗ ਦੇ ਬੜੇ ਹਿੱਸਿਆਂ ਵਿੱਚ ਲਾਲ ਕੋਠੀ 'ਤੇ ਮਹੱਲ ਜਿੰਨੇ ਵੱਡੇ ਪਰਛਾਵੇਂ ਆ ਗਏ ਸਨ।

ਕਾਲ਼ੀ ਨੇ ਚਾਦਰ ਨੂੰ ਚੰਗੀ ਤਰ੍ਹਾਂ ਝਾੜਿਆ। ਫੇਰ ਉਹਦੀ ਤਹਿ ਲਾਕੇ ਮੋਢੇ ਉੱਥੇ ਰੱਖਦਾ ਹੋਇਆ ਵੱਡੇ ਗੇਟ ਵੱਲ ਨੂੰ ਤੁਰ ਪਿਆ। ਭੀੜੀਆਂ ਤੇ ਹਨੇਰੀਆਂ ਗਲ਼ੀਆਂ ਵਿੱਚ ਰਹਿਣ ਵਾਲ਼ੇ ਕਈ ਲੋਕ ਖੁੱਲ੍ਹੀ ਹਵਾ ਵਿੱਚ ਸਾਹ ਲੈਣ ਲਈ ਆਪਣੇ ਪਰਿਵਾਰਾਂ ਦੇ ਨਾਲ਼ ਬਾਗ ਵਿੱਚ ਇਕੱਠੇ ਹੋ ਰਹੇ ਸਨ। ਚਾਟ ਤੇ ਖਾਣ-ਪੀਣ ਵਾਲ਼ੀਆਂ ਰੇੜ੍ਹੀਆਂ ਦੇ ਦੁਆਲ਼ੇ ਭੀੜ ਪਹਿਲਾਂ ਹੀ ਇੰਨੀ ਸੀ ਜਿਵੇਂ ਪਾਰਕ ਵਿੱਚ ਲੋਕਾਂ ਦਾ ਟਿੱਡੀ-ਦੱਲ ਉੱਤਰ ਆਇਆ ਹੋਵੇ।

ਬਜ਼ਾਰਾਂ ਵਿੱਚ ਵੀ ਭੀੜ ਵੱਧ ਗਈ ਸੀ। ਸਿਨਮੇ ਵਿੱਚ ਇੱਕ ਸ਼ੋਅ ਖਤਮ ਹੋਣ ਤੇ ਨਵਾਂ ਸ਼ੋਅ ਸ਼ੁਰੂ ਹੋਣ ਕਰਕੇ ਨਵੀਂ ਰੇਲਵੇ ਰੋਡ ਲੋਕਾਂ ਨਾਲ਼ ਭਰੀ ਪਈ ਸੀ ਤੇ ਸਾਰੀ ਸੜਕ 'ਤੇ ਮੇਲਾ ਜਿਹਾ ਲੱਗਾ ਹੋਇਆ ਸੀ। ਸਾਈਕਲਾਂ ਦੀਆਂ ਘੰਟੀਆਂ ਦੀ ਟਰਨ ... ਟਰਨ, ਤਾਂਗਿਆਂ ਦੀ ਟੱਪ-ਟੱਪ ਅਤੇ ਇੱਕਾ-ਦੁੱਕਾ ਮੋਟਰਾਂ ਦੀ ਪੌਂ ... ਪੌਂ ਆਲ਼ੇ ਦੁਆਲ਼ੇ ਨੂੰ ਖਰੋਚ ਰਹੀ ਸੀ। ਕਾਲ਼ੀ ਭੀੜ ਤੋਂ ਬਚਦਾ ਕਾਹਲ਼ੀ-ਕਾਹਲ਼ੀ ਲੁਧਿਆਣੇ ਦੇ ਬੱਸ ਅੱਡੇ ਵੱਲ ਨੂੰ ਦੌੜਿਆ ਜਾ ਰਿਹਾ ਸੀ ਜਿਵੇਂ ਉਸ ਨੇ ਆਖਰੀ ਬੱਸ ਫੜਨੀ ਹੋਵੇ।

ਉਹ ਅੱਡੇ 'ਤੇ ਪਹੁੰਚਿਆ ਤਾਂ ਲੁਧਿਆਣੇ ਨੂੰ ਜਾਣ ਵਾਲ਼ੀ ਆਖਰੀ ਬੱਸ ਤੁਰ ਪਈ ਸੀ ਤੇ ਨਵੇਂ ਸ਼ਹਿਰ ਨੂੰ ਜਾਣ ਵਾਲ਼ੀ ਲਾਰੀ ਵੀ ਤਿਆਰ ਸੀ। ਸ਼ਿੰਗਾਰਾ ਸੜਕ 'ਤੇ ਖੜ੍ਹਾ ਰੇਲਵੇ ਸਟੇਸ਼ਨ ਵੱਲ ਮੂੰਹ ਕਰਕੇ ਉੱਚੀ ਉੱਚੀ ਹੋਕਾ ਦੇ ਰਿਹਾ ਸੀ, "ਆ ਜਾਓ ... ਆ ਜਾਓ ... ਨਵਾਂ ਸ਼ਹਿਰ, ਬੰਗੇ ਤੇ ਫਗਵਾੜੇ ਜਾਣ ਵਾਲ਼ੇ। ਲਾਰੀ ਤਿਆਰ ਹੈ।"

ਬੱਸ ਦਾ ਡਰਾਈਵਰ ਵੀ ਵਾਰ-ਵਾਰ ਹਾਰਨ ਵਜਾਉਂਦਾ 'ਤੇ ਗੱਡੀ ਨਿਊਟਰਲ ਵਿੱਚ ਰੱਖ ਕੇ ਕਿੱਲੀ ਦਬਾ ਦਿੰਦਾ। ਬੱਸ ਦਾ ਇੰਜ਼ਣ ਬਹੁਤ ਜ਼ੋਰ ਨਾਲ਼ ਧੂੰਆਂ ਛੱਡਦਾ ਹੋਇਆ

ਰੌਲ਼ਾ ਪਾਉਂਦਾ ਜੋ ਕਿ ਦੂਰ ਦੂਰ ਤੱਕ ਸੁਣਾਈ ਦਿੰਦਾ।

ਸ਼ਿੰਗਾਰਾ ਸੜਕ ਤੋਂ ਡਰਾਈਵਰ ਦੀ ਖਿੜਕੀ ਕੋਲ਼ ਆ ਗਿਆ। "ਉਸਤਾਦ, ਬੱਸ ਪਹਿਲੇ ਟੇਸ਼ਣ 'ਤੇ ਲੈ ਚਲੋ, ਉਹਤੋਂ ਬਾਅਦ ਕਚਹਿਰੀ ਦੇ ਬਾਹਰ ਰਾਹ ਵਿੱਚ ਸਵਾਰੀ ਹੱਥ ਦੇਵੇ ਤਾਂ ਚੁੱਕ ਲਵਾਂਗੇ। ਹੁਣ ਇੱਥੇ ਰੁਕਣ ਦਾ ਤਾਂ ਕੋਈ ਫਾਇਦਾ ਨਹੀਂ।"

"ਠੀਕ ਹੈ। ਬਹਿ ਜਾ ਬੱਸ 'ਚ।" ਡਰਾਈਵਰ ਨੇ ਗੇਅਰ ਬਦਲਦਿਆਂ ਕਿਹਾ।

"ਮੈਂ ਮੋਹਰਲੇ ਪਾਸੇ ਡੰਡੇ 'ਤੇ ਖੜ੍ਹਾ ਹੋ ਕੇ ਹੋਕਾ ਦਿੰਦਾ ਹਾਂ।" ਸ਼ਿੰਗਾਰਾ ਬੱਸ ਦੇ ਮੋਹਰਲੇ ਦਰਵਾਜੇ ਵੱਲ ਨੂੰ ਦੌੜ ਪਿਆ।

ਬੱਸ ਹੌਲ਼ੀ ਹੌਲ਼ੀ ਅੱਡੇ ਤੋਂ ਬਾਹਰ ਨਿਕਲ਼ੀ। ਬੱਸ ਦੇ ਦਰਵਾਜੇ 'ਚ ਖੜ੍ਹਾ ਸ਼ਿੰਗਾਰਾ ਲਗਾਤਾਰ ਹੋਕਾ ਲਾ ਰਿਹਾ ਸੀ, "ਨਵਾਂ ਸ਼ਹਿਰ–ਬੰਗਾ ... ਫਗਵਾੜਾ ਆਖਰੀ ਬੱਸ ਜਾ ਰਹੀ ਹੈ। ਜੋ ਰਹਿ ਗਿਆ ਉਹ ਰਾਤ ਪੁਲਸ ਹਵਾਲ਼ਾਤ ਵਿੱਚ ਕੱਢੂ, ਜੋ ਬਹਿ ਗਿਆ ਉਹ ਆਪਣੀ ਮਾਂ, ਭੈਣ ਜਾਂ ਘਰਵਾਲੀ ਦਾ ਬਣਿਆ ਹੋਇਆ ਖਾਣਾ ਖਾਏਗਾ।"

ਨਵੇਂ ਸ਼ਹਿਰ ਦੀ ਬੱਸ ਜਾਣ ਬਾਅਦ ਅੱਡਾ ਬਿਲਕੁਲ ਖਾਲੀ ਹੋ ਗਿਆ ਸੀ। ਕਾਲ਼ੀ ਨੇ ਚਾਰੇ ਪਾਸੇ ਦੇਖਿਆ ਪਰ ਉਸ ਨੂੰ ਕੋਈ ਵੀ ਨਾ ਦਿਸਿਆ। ਉਹਨੂੰ ਫਿਕਰ ਹੋਣ ਲੱਗਿਆ ਕਿਉਂਕਿ ਇਸ ਸ਼ਹਿਰ ਵਿੱਚ ਉਹ ਕੇਵਲ ਚਾਰ ਆਦਮੀਆਂ ਨੂੰ ਹੀ ਪਹਿਚਾਣਦਾ ਸੀ ਅਤੇ ਉਨ੍ਹਾਂ ਦੇ ਥੋੜ੍ਹੇ ਜਿਹੇ ਸਹਾਰੇ ਕਰਕੇ ਉਹਦੇ ਮਨ ਵਿੱਚ ਆਤਮ–ਵਿਸ਼ਵਾਸ ਪੈਦਾ ਹੋਇਆ ਸੀ। ਭਵਿੱਖ ਦੇ ਬਾਰੇ ਕੁੱਝ ਆਸ ਬੱਝੀ ਸੀ।

ਉਹ ਬੇਚੈਨ ਹੋ ਕੇ ਚਾਰੇ ਪਾਸੇ ਦੇਖ ਰਿਹਾ ਸੀ ਕਿ ਉਸ ਨੂੰ ਪਿਛਿਉਂ ਕਿਸੇ ਦੀ ਅਵਾਜ਼ ਸੁਣਾਈ ਦਿੱਤੀ, "ਸੁਣਾ ਸੱਜਣਾ, ਘੁੰਮ ਫਿਰ ਆਇਆਂ। ਕਰ ਲਈ ਸ਼ਹਿਰ ਦੀ ਸੈਰ ?"

ਕਾਲ਼ੀ ਨੇ ਚੌਂਕ ਕੇ ਇਕਦਮ ਪਿੱਛੇ ਮੁੜ ਕੇ ਦੇਖਿਆ। ਮਨਸੁੱਖ ਨੂੰ ਦੇਖ ਕੇ ਕਾਲ਼ੀ ਨੇ ਸੁੱਖ ਦਾ ਸਾਹ ਲਿਆ। "ਅੱਡਾ ਖਾਲੀ ਦੇਖ ਕੇ ਮੈਂ ਤਾਂ ਘਬਰਾ ਹੀ ਗਿਆ ਸੀ।"

"ਰਾਤ ਨੂੰ ਅੱਡੇ ਦੀ ਰੌਣਕ ਛੱਤ 'ਤੇ ਚਲੇ ਜਾਂਦੀ ਹੈ। ਅੱਡਾ ਇੰਨਚਾਰਜ ਤੇ ਕੁੱਝ ਰਿਸ਼ਤੇਦਾਰ ਡਰਾਈਵਰ–ਕਲੀਨਰ ਦਿਨ ਭਰ ਦੀ ਕਮਾਈ ਸਾਂਝੀ ਕਰਦੇ ਹਨ।" ਮਨਸੁੱਖ ਸੱਜੇ ਹੱਥ ਦਾ ਅਗੂੰਠਾ ਮੂੰਹ ਨਾਲ਼ ਲਾ ਕੇ ਹੱਸਿਆ, "ਉੱਥੇ ਬੋਤਲਾਂ ਖੋਲ੍ਹ ਕੇ ਬੈਠੇ ਆ। ਉਨ੍ਹਾਂ ਨੂੰ ਪਾਣੀ ਦੇਣ ਗਿਆ ਸੀ।"

ਜਵਾਬ ਵਿੱਚ ਕਾਲੀ ਵੀ ਹੱਸ ਪਿਆ, "ਬਾਕੀ ਸੱਜਣ ਕਿੱਥੇ ਗਏ ਹਨ ?"

"ਸਾਰੇ ਆਪੋ–ਆਪਣੇ ਘਰਾਂ ਨੂੰ ਚਲੇ ਗਏ ਹਨ। ਬਰਕਤ ਦਾ ਪਿੰਡ ਛਾਉਣੀ ਤੋਂ ਗਾਹਾਂ ਹੈ। ਆਹ ਜਿਹੜੀ ਬੱਸ ਹੁਣੇ ਗਈ ਆ, ਉਸ ਵਿੱਚ ਗਿਆ ਹੈ। ਬੱਸ ਤੋਂ ਉੱਤਰ ਕੇ ਅੱਧਾ ਕੋਹ ਤੁਰਨਾ ਪੈਂਦਾ ਹੈ। ... ਤੋਖਾ ਤੇ ਸੋਮਾ ਇਹਤੋਂ ਪਹਿਲਾਂ ਲੁਧਿਆਣੇ ਵਾਲ਼ੀ ਬੱਸ ਵਿੱਚ ਗਏ ਹਨ। ਉਨ੍ਹਾਂ ਦੇ ਪਿੰਡ ਫਗਵਾੜੇ ਤੋਂ ਥੋੜ੍ਹਾ ਅੱਗੇ ਹਨ।" ਮਨਸੁੱਖ ਨੇ ਗੱਲ ਤੋਰੀ ਰੱਖੀ, "ਮੇਰਾ ਪਿੰਡ ਫਗਵਾੜੇ ਦੇ ਕੋਲ਼ ਹੈ। ਕੱਲ ਨੂੰ ਮੈਂ ਵੀ ਨਵੇਂ ਸ਼ਹਿਰ ਵਾਲ਼ੀ ਆਖਰੀ ਬੱਸ ਲੈ ਕੇ ਜਾਉਂਗਾ। ਤੂੰ ਕਿੱਥੇ ਕਿੱਥੇ ਘੁੰਮ ਆਇਆਂ ਹੈਂ ?"

"ਮੈਂ ਇੱਥੋਂ ਸਿੱਧਾ ਪਹਿਲਾਂ ਬਰਫ਼ਖਾਨਾ, ਮਾਲਗੁਦਾਮ, ਫਿਰ ਆਰਾ ਮਸ਼ੀਨਾਂ ਦੇ ਬਜ਼ਾਰ ਤੋਂ ਪਰ੍ਹੇ ਦੂਜੇ ਬੱਸ ਅੱਡੇ 'ਤੇ ਚਲੇ ਗਿਆ ਸੀ," ਕਾਲ਼ੀ ਨੇ ਦੱਸਿਆ। "ਉੱਥੇ ਹੁਸ਼ਿਆਰਪੁਰ ਦਾ ਅੱਡਾ ਹੈ ...। ਹੋਰ ਅੱਗੇ ਜਾਂਦਾ ਤਾਂ ਟਾਂਡਾ ਰੋੜ੍ਹ 'ਤੇ ਪਹੁੰਚ ਜਾਣਾ ਸੀ।"

ਟਾਂਡੇ ਦਾ ਨਾਂ ਸੁਣ ਕੇ ਕਾਲ਼ੀ ਦਾ ਮੂੰਹ ਉੱਤਰ ਗਿਆ ਤੇ ਉਹ ਘਬਰਾ ਗਿਆ। ਉਹਨੂੰ ਲੱਗਾ ਕਿ ਹੁਣ ਮਨਸੁੱਖ ਉਹਦੇ ਪਿੰਡ ਦਾ ਜ਼ਿਕਰ ਕਰੇਗਾ ਤੇ ਫਿਰ ਉਹਦੀ ਰਾਮ ਕਹਾਣੀ ਉਹਨੂੰ ਹੀ ਸੁਣਾਏਗਾ।"

"ਹੋਰ ਕਿੱਥੇ-ਕਿੱਥੇ ਗਿਆ ?" ਮਨਸੁੱਖ ਨੇ ਦਿਲਚਸਪੀ ਲੈਂਦਿਆਂ ਪੁੱਛਿਆ।

ਇਹ ਸੁਣ ਕੇ ਕਾਲ਼ੀ ਦੀ ਘਬਰਾਹਟ ਦੂਰ ਹੋ ਗਈ ਤੇ ਉਸ ਤੇ ਪੂਰੀ ਸਹਿਜ ਹੋਣ ਲਈ ਉਹ ਸੋਚਾਂ ਵਿੱਚ ਡੁੱਬ ਗਿਆ। ਫਿਰ ਸਿਰ ਹਿਲਾਉਂਦਾ ਹੋਇਆ ਹੌਲ਼ੀ ਜਿਹੇ ਬੋਲਿਆ, "ਉਸ ਬਜ਼ਾਰ ਵਿੱਚ ਵੀ ਗਿਆ ਜਿਥੇ ਦੋ ਸਿਨਮਾ ਘਰ ਹਨ।"

"ਅੱਛਾ, ਨਵੀਂ ਰੇਲਵੇ ਰੋਡ ... ਉੱਥੇ ਰਾਇਲ ਟਾਕੀ ਤੇ ਹਰੀ ਪੈਲੇਸ ਸਿਨਮਾ ਹੈ।" ਮਨਸੁੱਖ ਨੇ ਦੱਸਿਆ।

"ਨਾਂ ਦਾ ਤਾਂ ਮੈਨੂੰ ਪਤਾ ਨਹੀਂ ...। ਕਾਲ਼ੀ ਬੋਲਿਆ, "ਉੱਥੋਂ ਮੈਂ ਅੱਗੇ ਚਲੇ ਗਿਆ। ... ਇੱਕ ਚੌਂਕ ਵਿੱਚ ਪਹੁੰਚ ਗਿਆ। ਫਿਰ ਹੋਰ ਅੱਗੇ ... ਤੰਗ ਜਿਹੇ ਬਜ਼ਾਰ ਵਿੱਚ।"

"ਉਹਦਾ ਨਾਂ ਫਗਵਾੜਾ ਗੇਟ ਹੈ।" ਮਨਸੁੱਖ ਸ਼ਹਿਰ ਬਾਰੇ ਆਪਣੀ ਜਾਣਕਾਰੀ 'ਤੇ ਬਹੁਤ ਖੁਸ਼ ਸੀ।

"ਇਸ ਚੌਂਕ ਤੋਂ ਅੱਗੇ ਜਾ ਕੇ ਇੱਕ ਪਾਸੇ ਬਹੁਤ ਹੀ ਬੜੀ ਲਾਲ ਰੰਗ ਦੀ ਕੋਠੀ ਤੇ ਉਹਦੇ ਬਗਲ ਵਿੱਚ ਇੱਕ ਮਹੱਲ ਵਰਗੀ ਵੱਡੀ ਸਾਰੀ ਇਮਾਰਤ ਸੀ।" ਕਾਲ਼ੀ ਇਨ੍ਹਾਂ ਇਮਾਰਤਾਂ ਦੇ ਅਕਾਰ ਤੋਂ ਅਜੇ ਤੱਕ ਡਰਿਆ ਹੋਇਆ ਸੀ।

"ਦੁਨੀਆਂ ਵਿੱਚ ਬੜੇ ਤੋਂ ਬੜੇ ਲੋਕ ਹਨ।" ਮਨਸੁੱਖ ਨੇ ਬੜੇ ਸੁਚੱਜੇ ਤਰੀਕੇ ਨਾਲ਼ ਕਿਹਾ। "ਕੰਪਨੀ ਬਾਗ ਵੀ ਦੇਖਿਆ ਕਿ ਨਹੀਂ ?"

"ਦੇਖਿਆ। ਲਾਲ ਕੋਠੀ ਦੇ ਸਾਮ੍ਹਣੇ ਜਿਹੜਾ ਬਾਗ ਹੈ।" ਖੁਸ਼ੀ ਨਾਲ਼ ਕਾਲ਼ੀ ਚਹਿਕ ਪਿਆ।

"ਹਾਂ, ਉਹੀ। ਜਦ ਕਦੀ ਮੌਕਾ ਮਿਲੇ ਤਾਂ ਮੈਂ ਵੀ ਥਕਾਵਟ ਲਾਹੁਣ ਲਈ ਉੱਥੇ ਹੀ ਜਾਂਦਾ ਹਾਂ। "

ਰੇਲਵੇ ਰੋਡ ਤੋਂ ਅੱਡੇ ਵੱਲ ਮੁੜਦੀ ਹੋਈ ਬੱਸ ਨੂੰ ਦੇਖ ਕੇ ਮਨਸੁੱਖ ਨੇ ਆਪਣੀ ਗੱਲਬਾਤ ਵਿਚੇ ਛੱਡ ਦਿੱਤੀ ਤੇ ਕਾਹਲ਼ੀ ਨਾਲ਼ ਬੱਸ ਵੱਲ ਨੂੰ ਚਲੇ ਗਿਆ। ਸਭ ਤੋਂ ਪਹਿਲਾਂ ਬੱਸ ਵਿੱਚੋਂ ਦੋ ਮੁੰਡੇ ਉੱਤਰੇ। ਉਨ੍ਹਾਂ ਨੇ ਬਹੁਤ ਸੁਹਣੇ ਕੱਪੜੇ ਪਾਏ ਹੋਏ ਸਨ। ਉਹ ਬਹੁਤ ਖੁਸ਼ ਤੇ ਚਾਅ 'ਚ ਸਨ। ਇੱਕ ਨੇ ਚਾਰੇ ਪਾਸੇ ਦੇਖ ਕੇ ਉੱਚੀ ਅਵਾਜ਼ ਵਿੱਚ ਹਾਕ ਮਾਰੀ, "ਕੁਲੀ।"

ਮਨਸੁੱਖ ਦੌੜ ਕੇ ਉਨ੍ਹਾਂ ਮੁੰਡਿਆਂ ਦੇ ਕੋਲ਼ ਚਲਾ ਗਿਆ, "ਹਾਂ, ਬਾਬੂ ਜੀ।"

"ਉਪਰੋਂ ਸਮਾਨ ਲਾਹ ...।" ਫਿਰ ਉਸ ਨੂੰ ਇਕੱਲਾ ਦੇਖ ਕੇ ਉਹ ਦੁਚਿੱਤੀ ਵਿੱਚ ਪੈ ਗਿਆ, "ਤੇਰੇ ਨਾਲ਼ ਕੋਈ ਹੋਰ ਆਦਮੀ ਨਹੀਂ ਹੈ ?"

"ਆਦਮੀਆਂ ਦਾ ਕੋਈ ਘਾਟਾ ਨਹੀਂ ਹੈ ?" ਮਨਸੁੱਖ ਨੇ ਕਾਲ਼ੀ ਨੂੰ ਇਸ਼ਾਰਾ ਕੀਤਾ।

"ਪਰਵੇਸ਼, ਤੂੰ ਦੌੜ ਕੇ ਤਾਂਗਾ ਲੈ ਆ। ਉਦੋਂ ਤੱਕ ਮੈਂ ਸਮਾਨ ਲੁਹਾਉਂਦਾ ਹਾਂ।" ਇੰਦਰਜੀਤ ਨੇ ਕਿਹਾ। ਫਿਰ ਉਹ ਮਨਸੁੱਖ ਵੱਲ ਨੂੰ ਮੁੜ ਪਿਆ, "ਦੇਖਦੇ ਕੀ ਆਂ ? ਛੇਤੀ ਸਮਾਨ ਲਾਹੋ।"

"ਕਿਹੜਾ ਕਿਹੜਾ ਸਮਾਨ ਹੈ ?"

"ਸਾਰਾ ਸਮਾਨ ਆਪਣਾ ਹੀ ਹੈ।" ਇੰਦਰਜੀਤ ਨੇ ਛੱਤ ਵੱਲ ਇਸ਼ਾਰਾ ਕੀਤਾ।

ਮਨਸੁੱਖ ਬੱਸ ਦੀ ਛੱਤ ਉੱਪਰ ਜਾ ਚੜ੍ਹਿਆ ਅਤੇ ਇੱਕ ਇੱਕ ਕਰਕੇ ਟਰੰਕ ਥੱਲੇ ਲਟਕਾਉਂਦਾ ਰਿਹਾ। ਕਾਲ਼ੀ ਫੜ-ਫੜ ਕੇ ਥੱਲੇ ਥੋੜ੍ਹੇ ਫਾਸਲੇ ਤੇ ਟਿਕਾਉਂਦਾ ਰਿਹਾ। ਪੂਰਾ ਸਮਾਨ ਉੱਤਾਰ ਕੇ ਮਨਸੁੱਖ ਥੱਲੇ ਆ ਗਿਆ, "ਕੁੱਲ ਕਿੰਨੇ ਨਗ ਹਨ ?"

"ਮੈਂ ਤਾਂ ਗਿਣੇ ਹੀ ਨਹੀਂ।" ਕਾਲ਼ੀ ਨੇ ਥੋੜ੍ਹਾ ਪ੍ਰੇਸ਼ਾਨ ਹੋ ਕੇ ਕਿਹਾ, ਜਿਵੇਂ ਉਹਦੇ ਕੋਲ਼ੋਂ ਕੋਈ ਬਹੁਤ ਬੜੀ ਗਲਤੀ ਹੋ ਗਈ ਹੋਵੇ।

"ਕੋਈ ਗੱਲ ਨਹੀਂ।" ਮਨਸੁੱਖ ਨੇ ਛੇਤੀ-ਛੇਤੀ ਨਗ ਗਿਣੇ ਤੇ ਇੰਦਰਜੀਤ ਦੇ ਕੋਲ਼ ਆ ਗਿਆ, "ਕੁੱਲ ਸੋਲ੍ਹਾਂ ਨਗ ਹਨ। ਤੁਸੀਂ ਆਪ ਗਿਣ ਲਉ।"

"ਠੀਕ ਹੈ। ਐਨੇ ਹੀ ਹੋਣਗੇ।" ਇੰਦਰਜੀਤ ਨੇ ਉਹਦੇ ਵੱਲ ਕੋਈ ਖਾਸ ਧਿਆਨ ਦਿੱਤੇ ਬਿਨਾਂ ਕਿਹਾ, "ਸਮਾਨ ਤਾਂਗਿਆਂ ਤੇ ਲੱਦਣਾ ਹੈ।"

"ਇਸ ਕੰਮ ਦੇ ਪੈਸੇ ਵੱਖਰੇ ਲਵਾਂਗੇ। ਸਾਡਾ ਕੰਮ ਤਾਂ ਸਮਾਨ ਬੱਸ ਦੀ ਛੱਤ ਤੋਂ ਥੱਲੇ ਲਾਹੁਣਾ ਹੀ ਹੈ। ਮਨਸੁੱਖ ਨੇ ਗੱਲ ਸਪਸ਼ਟ ਕੀਤੀ।

"ਘਬਰਾਉਂਦਾ ਕਿਉਂ ਆਂ। ਤੇਰਾ ਦਿਲ ਖੁਸ਼ ਕਰਕੇ ਜਾਵਾਂਗੇ। ਮੁੰਡੇ ਦਾ ਵਿਆਹ ਕਰਕੇ ਆ ਰਹੇ ਹਾਂ ਕੋਈ ਮਜ਼ਾਕ ਨਹੀਂ ਹੈ।"

"ਜਨਾਬ, ਕੋਈ ਗੱਲ ਨਹੀਂ। ਖੁਸ਼ੀ ਦਾ ਮੌਕਾ ਹੈ। ਤੁਹਾਡੀ ਹੀ ਮੇਹਰਬਾਨੀ ਹੈ।" ਮਨਸੁੱਖ ਨੇ ਹੱਥ ਜੋੜ ਦਿੱਤੇ।

ਤਾਂਗੇ ਆ ਗਏ ਤਾਂ ਕਾਲ਼ੀ ਤੇ ਮਨਸੁੱਖ ਨੇ ਰਲ ਕੇ ਸਮਾਨ ਉਨ੍ਹਾਂ 'ਤੇ ਚੜ੍ਹਾ ਦਿੱਤਾ।

"ਸਾਬ, ਆਪਣਾ ਸਮਾਨ ਦੇਖ ਲਓ।" ਮਨਸੁੱਖ ਨੇ ਤਾਂਗਿਆਂ ਵਿੱਚ ਲੱਦੇ ਸਮਾਨ ਵੱਲ ਇਸ਼ਾਰਾ ਕੀਤਾ।

ਇੰਦਰਜੀਤ ਨੇ ਸਮਾਨ ਚੈੱਕ ਕੀਤਾ ਤੇ ਜੇਬ ਵਿੱਚੋਂ ਬਟੂਆ ਕੱਢਿਆ। ਬੋਲ, "ਕਿੰਨੇ ਪੈਸੇ ਹੋਏ" ?"

"ਸਾਬ ਜੀ, ਹਿਸਾਬ ਦੇ ਮੁਤਾਬਿਕ ਤਾਂ ਤਿੰਨ ਰੁਪਏ ਬਣਦੇ ਹਨ ਪਰ ਖੁਸ਼ੀ ਦਾ ਮੌਕਾ ਹੈ, ਆਪ ਜੋ ਮਰਜ਼ੀ ਦੇ ਦਿਉ।" ਮਨਸੁੱਖ ਨੇ ਖੁਸ਼ਾਮਦ ਕੀਤੀ।

ਮਨਸੁੱਖ ਜਾਣ-ਬੁੱਝ ਕੇ ਇੰਦਰਜੀਤ ਨੂੰ ਪਰ੍ਹੇ ਲੈ ਗਿਆ ਤਾਂ ਕਿ ਕਾਲ਼ੀ ਨੂੰ ਪਤਾ ਨਾ ਲੱਗੇ ਕਿ ਉਹਨੇ ਕਿੰਨੇ ਪੈਸੇ ਲਏ ਹਨ। ਇੰਦਰਜੀਤ ਨੇ ਆਪਣੇ ਬਟੂਏ ਵਿੱਚੋਂ ਇੱਕ-ਇੱਕ ਰੁਪਏ ਦੇ ਚਾਰ ਨੋਟ ਕੱਢ ਕੇ ਮਨਸੁੱਖ ਦੇ ਹੱਥ ਤੇ ਰੱਖ ਦਿੱਤੇ, "ਕਿਉਂ ਠੀਕ ਹੈ ?"

"ਜਨਾਬ, ਤੁਸੀਂ ਮਾਲਿਕ ਹੋ।" ਮਨਸੁੱਖ ਨੇ ਜ਼ੋਰ ਨਾਲ਼ ਮੁੱਠੀ ਘੁੱਟਦਿਆਂ ਬੇਨਤੀ

ਕੀਤੀ।

ਮਨਸੁੱਖ ਨੇ ਬੱਸ ਦਾ ਚੱਕਰ ਲਾਇਆ ਪਰ ਡਰਾਈਵਰ ਤੇ ਕਲੀਨਰ ਦੋਵਾਂ ਵਿੱਚੋਂ ਉਹਨੂੰ ਕੋਈ ਵੀ ਨਾ ਮਿਲ਼ਿਆ। ਫਿਰ ਪਰਗਟ ਸਿੰਘ ਡਰਾਈਵਰ ਨੂੰ ਨਲ਼ਕੇ ਵੱਲ ਆਉਂਦਾ ਦੇਖ ਕੇ ਉਹ ਖ਼ੁਸ਼ ਹੋ ਗਿਆ, "ਕਿਉਂ ਉਸਤਾਦ ਜੀ, ਆਖਰੀ ਟੈਮ ਤਾਂ ਹੁਣੇ ਜਾਊਗਾ ?"

"ਕਿਉਂ ਜਾਊਗਾ ?" ਪਰਗਟ ਸਿੰਘ ਖਿੱਝ ਗਿਆ।

"ਸਾਰੇ ਬਾਬੇ ਉੱਪਰ ਬੈਠੇ ਹਨ।" ਮਨਸੁੱਖ ਛੱਤ ਵੱਲ ਇਸ਼ਾਰਾ ਕਰਕੇ ਸ਼ਰਾਰਤ ਨਾਲ਼ ਹੱਸਿਆ।

"ਕੌਣ ... ਕੌਣ ਹਨ ?"

"ਸਾਰੇ ਉੱਪਰ ਹੀ ਹਨ। ਅੱਗੇ ਤੁਸੀਂ ਅੰਦਾਜ਼ਾ ਲਾ ਲਓ।"

"ਚੰਗਾ ਆ, ਅਸੀਂ ਵੀ ਬੱਸ ਪਿੰਡ ਲੈ ਜਾਵਾਂਗੇ ਤੇ ਰਾਤ ਅਰਾਮ ਨਾਲ਼ ਕੱਟਾਂਗੇ।" ਪਰਗਟ ਸਿੰਘ ਨੇ ਸਿਰ ਝਟਕਿਆ ਤੇ ਕਲੀਨਰ ਨੂੰ ਹਾਕਾਂ ਮਾਰਦਾ ਮੁਕੰਦੇ ਦੀ ਦੁਕਾਨ ਵੱਲ ਨੂੰ ਚਲੇ ਗਿਆ।

"ਓਏ ਮਨਸੁੱਖੇ ... ਮਨਸੁੱਖੇ ਓਏ," ਛੱਤ ਤੋਂ ਅਵਾਜ਼ ਆਈ।

ਮਨਸੁੱਖ ਪੌੜੀਆਂ ਵੱਲ ਨੂੰ ਦੌੜਿਆ ਤੇ ਪਹਿਲੇ ਡੰਡੇ 'ਤੇ ਹੀ ਖੜ੍ਹਾ ਹੋ ਕੇ ਉੱਚੀ ਅਵਾਜ਼ ਵਿੱਚ ਪੁੱਛਿਆ, "ਹਾਂ ਜੀ। ਉਸਤਾਦ ਜੀ।"

"ਨਵੇਂ ਸ਼ਹਿਰ ਦਾ ਆਖਰੀ ਟੈਮ ਆ ਗਿਆ ?"

"ਆ ਗਿਆ, ਉਸਤਾਦ ਜੀ।"

"ਡਰਾਈਵਰ ਕੌਣ ਹੈ ?"

"ਪਰਗਟ ਸਿੰਘ ਹੈ। ਉਸਤਾਦ ਜੀ।"

"ਉਹਨੂੰ ਕਹਿ ਦੇ ਕਿ ਫਗਵਾੜੇ 'ਤੇ ਬੰਗਿਆਂ ਦਾ ਆਖਰੀ ਟੈਮ ਚੁੱਕ ਲਵੇ।"

"ਉਸਤਾਦ ਜੀ, ਪਹਿਲਾਂ ਹੀ ਕਹਿ ਦਿੱਤਾ ਹੈ। ਉਹ ਮੁਕੰਦੇ ਦੀ ਦੁਕਾਨ ਤੇ ਚਾਹ ਪੀਣ ਗਿਆ ਹੈ।" ਮਨਸੁੱਖ ਨੇ ਦੱਸਿਆ।

"ਠੀਕ ਹੈ। ਤੂੰ ਉੱਪਰ ਆ ਕੇ ਗਲਾਸ, ਬਾਲਟੀ ਤੇ ਨਿੱਕਾ-ਮੋਟਾ ਸਮਾਨ ਚੁੱਕ ਲਾ। ਹੁਣ ਕੰਮ ਮੁੱਕਣ ਹੀ ਵਾਲ਼ਾ ਹੈ।"

"ਉਸਤਾਦ ਜੀ, ਤੁਹਾਡੇ ਥੱਲੇ ਉੱਤਰਦਿਆਂ ਹੀ ਸਭ ਕੁਛ ਚੁੱਕ ਲਵਾਂਗਾ। ਮੈਂ ਰਾਤ ਇੱਥੇ ਅੱਡੇ 'ਤੇ ਹੀ ਰਹਿਣਾ ਹੈ। ਸਾਰੇ ਆਖਰੀ ਟੈਮ ਦੇਖਣ ਦੀ ਮੇਰੀ ਹੀ ਵਾਰੀ ਹੈ ਅੱਜ।" ਮਨਸੁੱਖ ਜੇਬ ਵਿੱਚ ਪਾਏ ਰੁਪਏ-ਰੁਪਏ ਦੇ ਚਾਰ ਨੋਟਾਂ ਕਰਕੇ ਖ਼ੁਸ਼ ਹੋਇਆ ਪਿਆ ਸੀ।

ਥੋੜ੍ਹੇ ਚਿਰ ਬਾਅਦ ਪਰਗਟ ਸਿੰਘ ਤੇ ਕੁਲਦੀਪ ਚਾਹ ਪੀ ਕੇ ਆ ਗਏ। "ਓਏ ਮਨਸੁੱਖੇ, ਸ਼ਿੰਗਾਰਾ ਤਾਂ ਨਵੇਂ ਸ਼ਹਿਰ ਵਾਲ਼ੀ ਬੱਸ ਨਾਲ਼ ਹੀ ਚਲੇ ਗਿਆ ਹੋਣਾ ?" ਪਰਗਟ ਸਿੰਘ ਨੇ ਪੁੱਛਿਆ।

"ਹਾਂ ਉਸਤਾਦ।"

"ਫਿਰ ਤੂੰ ਹੀ ਹੋਕਾ ਦੇ ਦੇ ਫਗਵਾੜੇ, ਬਹਿਰਾਮ ਤੇ ਬੰਗਿਆਂ ਦਾ।"

"ਉਸਤਾਦ, ਅੱਡਾ ਇੰਨਚਾਰਜ ਤੋਂ ਪੁੱਛ ਲਉ। ਆਖਰੀ ਟੈਮ ਕਿੱਥੋਂ ਦਾ ਬਣਾਉਣਾ ਹੈ ?" ਮਨਸੁੱਖ ਨੇ ਸਲਾਹ ਦਿੱਤੀ।

"ਉਏ ਤੂੰ ਚੁੱਪ ਰਹਿ। ਮੈਂ ਤੇ ਕੁਲਦੀਪ ਵੀ ਤਾਂ ਕੰਪਨੀ ਦੇ ਹਿੱਸੇਦਾਰ ਹਾਂ। ਜਾ, ਤੂੰ ਹੋਕਾ ਦੇ ... ਸੜਕ ਉਪਰ।" ਪਰਗਟ ਨੇ ਜ਼ੋਰ ਨਾਲ਼ ਕਿਹਾ।

ਫਗਵਾੜਾ, ਬਹਿਰਾਮ ਤੇ ਬੰਗਿਆ ਦਾ ਹੋਕਾ ਦਿੰਦਾ ਮਨਸੁੱਖ ਸੜਕ 'ਤੇ ਆ ਗਿਆ। ਉਹ ਵਾਰੀ-ਵਾਰੀ ਸੱਜੇ ਤੇ ਖੱਬੇ ਮੂੰਹ ਘੁਮਾ ਕੇ ਹੋਕਾ ਦਿੰਦਾ ਰਿਹਾ।

"ਤੈਨੂੰ ਪੱਕਾ ਪਤਾ ਕਿ ਲਾਰੀ ਜਾ ਰਹੀ ਹੈ ਫਗਵਾੜੇ ਨੂੰ ? ਆਖਰੀ ਟੈਮ ਦੀ ਲਾਰੀ ਤਾਂ ਬਹੁਤ ਪਹਿਲਾਂ ਨਿਕਲ਼ ਜਾਂਦੀ ਹੈ।" ਸਮਾਨ ਨਾਲ਼ ਲੱਦੀ ਇੱਕ ਸਵਾਰੀ ਨੇ ਆਪਣੀ ਗੱਲ ਦੀ ਪੁਸ਼ਟੀ ਕਰਨੀ ਚਾਹੀ।

"ਲਾਲਾ ਜੀ, ਪੱਕੀ ਜਾ ਰਹੀ ਹੈ। ਤੁਸੀਂ ਬੈਠੋ ਬੱਸ ਵਿੱਚ।" ਮਨਸੁੱਖ ਨੇ ਵਿਸ਼ਵਾਸ ਦੁਆਇਆ ਅਤੇ ਜਲਦੀ ਨਾਲ਼ ਇੱਕ ਵਾਰ ਹੋਰ ਹੋਕਾ ਲਾ ਕੇ ਸਮਾਨ ਨਾਲ਼ ਭਰੇ ਤਾਂਗੇ ਦੇ ਨਾਲ਼ ਹੀ ਬੱਸ ਕੋਲ਼ ਆ ਗਿਆ।

ਮਨਸੁੱਖ ਨੇ ਕਾਲ਼ੀ ਦੀ ਮਦਦ ਨਾਲ਼ ਸਮਾਨ ਬੱਸ ਦੀ ਛੱਤ 'ਤੇ ਚੜ੍ਹਾ ਦਿੱਤਾ ਤੇ ਅੱਠ ਆਨੇ ਹੋਰ ਕਮਾ ਲਏ। ਉਹ ਅਜੇ ਹੋਕਾ ਦੇ ਹੀ ਰਿਹਾ ਸੀ ਕਿ ਅੱਡਾ ਇੰਨਚਾਰਜ ਅਤੇ ਕੰਪਨੀ ਦੇ ਚਾਰ ਹੋਰ ਹਿੱਸੇਦਾਰ ਛੱਤ ਤੋਂ ਥੱਲੇ ਆ ਗਏ। ਉਹ ਸਾਰੇ ਕੰਪਨੀ ਦੇ ਡਰਾਈਵਰ, ਮਕੈਨਿਕ, ਇੰਨਸਪੈਕਟਰ ਵਗੈਰਾ ਸਨ। ਉਹ ਬੱਸ ਦੇ ਕੋਲ਼ ਆ ਖੜ੍ਹੇ ਹੋਏ। ਪਰਗਟ ਸਿੰਘ ਨੂੰ ਦੇਖ ਕੇ ਮੀਤ ਸਿੰਘ ਨੇ ਪੁੱਛਿਆ, "ਸੁਣਾ ਬੱਲਿਆ, ਕੀ ਹਾਲ ਹੈ ਤੇਰਾ ?"

"ਠੀਕ ਹਾਂ ਉਸਤਾਦ ਜੀ। ਜਿਹੜੀ ਦਿਹਾੜੀ ਨਿਕਲ਼ ਜਾਵੇ, ਉਹੀ ਭਲੀ।" ਪਰਗਟ ਸਿੰਘ ਨੇ ਹੱਥ ਅਕਾਸ਼ ਵੱਲ ਚੁੱਕ ਲਏ।

"ਕੀ ਗੱਲ ਆ ? ਇੰਨੀ ਛੋਟੀ ਉਮਰ ਵਿੱਚ ਹੀ ਬੁੜ੍ਹਿਆਂ ਵਰਗੀਆਂ ਗੱਲਾਂ ਕਰਨ ਲੱਗ ਗਿਆਂ। ਤੇਰੇ ਤਾਂ ਖੇਲਣ ਮਲਣੇ ਦੇ ਦਿਨ ਨੇ ਅਜੇ।" ਮੀਤ ਸਿੰਘ ਹੱਸ ਪਿਆ।

"ਇਹਦੇ ਮੋਢਿਆਂ 'ਤੇ ਤਾਂ ਬਹੁਤ ਭਾਰ ਹੈ। ਸਿਰ 'ਤੇ ਬਾਪ ਦਾ ਸਾਇਆ ਨਹੀਂ ਰਿਹਾ। ਛੋਟੇ ਛੋਟੇ ਨਿਆਣੇ ਛੱਡ ਕੇ ਆਪ ਰੱਬ ਨੂੰ ਪਿਆਰਾ ਹੋ ਗਿਆ। ਘਰ ਵਿੱਚ ਇਹ ਹੀ ਸਾਰਿਆਂ ਤੋਂ ਬੜਾ ਹੈ। ਦੋ ਭੈਣਾਂ ਦਾ ਵਿਆਹ ਕੀਤਾ ਇਹਨੇ। ਤਿੰਨ ਅਜੇ ਘਰ ਕੁਆਰੀਆਂ ਬੈਠੀਆਂ ਹਨ।" ਹੁਣ ਤੂੰ ਆਪ ਹੀ ਅੰਦਾਜ਼ਾ ਲਾ ਲੈ। ਚੈਕਰ ਨਸੀਬ ਸਿੰਘ ਨੇ ਮੀਤ ਸਿੰਘ ਨੂੰ ਦੱਸਿਆ।

ਬਹੁਤੇ ਲੋਕ ਖਮੋਸ਼ ਸਨ ਪਰ ਮੀਤ ਸਿੰਘ ਦਾ ਨਸ਼ਾ ਖਿੜ ਗਿਆ ਸੀ। ਉਹ ਲਗਾਤਾਰ ਬੋਲੀ ਜਾ ਰਿਹਾ ਸੀ। ਕੁਲਦੀਪ ਨੂੰ ਦੇਖ ਕੇ ਉਹ ਚਹਿਕ ਪਿਆ, "ਸੁਣਾ ਬੱਲਿਆ, ਕੀ ਹਾਲ ਹੈ ਤੇਰਾ ?"

"ਠੀਕ ਹੈ।" ਕੁਲਦੀਪ ਨੇ ਨਿਮਰਤਾ ਨਾਲ਼ ਹੱਥ ਜੋੜੇ।

"ਟਿਕਟ ਕੱਟਣਾ ਸਿੱਖ ਲਿਆ ਹੈ ਜਾਂ ਕਿ ਨਹੀਂ ? ਬਿੱਲ ਬਣਾ ਲੈਂਦਾ ਆਂ ?" ਮੀਤ ਸਿੰਘ ਨੇ ਪੁੱਛਿਆ।

"ਹਾਂ ਉਸਤਾਦ ਜੀ, ਸਾਰੇ ਕੰਮ ਕਰ ਲੈਂਦਾ ਹਾਂ।"

"ਇਹ ਮੁੰਡਾ ਕੌਣ ਹੈ। ਕਦੋਂ ਰੱਖਿਆ ਇਹਨੂੰ ?" ਨਸੀਬ ਸਿੰਘ ਨੇ ਕੁਲਦੀਪ ਵੱਲ ਇਸ਼ਾਰਾ ਕੀਤਾ।

"ਇਹ ਪੰਡਤ ਜੀ ਦਾ ਭਤੀਜਾ ਹੈ, ਭਾਈ ਦਾ ਮੁੰਡਾ। ਦਸ ਜਮਾਤਾਂ ਪਾਸ ਹੈ। ਕੰਮ ਸਿੱਖ ਰਿਹਾ ਹੈ। ਦੋ-ਤਿੰਨ ਮਹੀਨਿਆਂ ਵਿੱਚ ਇੰਨਸਪੈਕਟਰ ਤੇ ਫਿਰ ਡੀਪੋ ਮੈਨੇਜਰ ਬਣ ਜਾਵੇਗਾ।" ਮੀਤ ਸਿੰਘ ਨੇ ਸਿਰ ਹਿਲਾਇਆ।

"ਪੰਡਤ ਜੀ ਦਾ ਭਤੀਜਾ ਹੈ ਤਾਂ ਜ਼ਰੂਰ ਮੈਨੇਜਰ ਬਣੇਗਾ।" ਨਸੀਬ ਸਿੰਘ ਨੇ ਅੱਖ ਦਬਾਈ।

"ਪਰਗਟ ਸਿੰਘਾ। ਬੈਠੀਏ ਬੱਸ ਵਿੱਚ ?" ਮੀਤ ਸਿੰਘ ਨੇ ਪੁੱਛਿਆ।

"ਬੈਠੋ ਉਸਤਾਦ ਜੀ। ਹੁਣੇ ਚਲਦੇ ਹਾਂ। ਬਸ, ਜ਼ਰਾ ਸੜਕ 'ਤੇ ਸਵਾਰੀ ਦੇਖ ਲਈਏ।" ਪਰਗਟ ਸਿੰਘ, ਕੁਲਦੀਪ ਤੇ ਮਨਸੁੱਖ ਸੜਕ ਦੇ ਕੰਢੇ ਖੜ੍ਹ ਕੇ ਅਵਾਜ਼ਾਂ ਦੇਣ ਲੱਗੇ।

"ਓਹ ਬੱਲਿਓ, ਆ ਜਾਓ। ਕਿਉਂ ਸੰਘ ਪਾੜ ਰਹੇ ਹੋ। ਰਾਹ ਵਿੱਚ ਸਵਾਰੀ ਮਿਲ ਜਾਊਗੀ। ਇੱਥੋਂ ਸਟੇਸ਼ਨ ਨੂੰ ਚਲੋ। ਉੱਥੋਂ ਕਚਹਿਰੀ ... ਰਾਹ ਵਿੱਚ ਰਾਮਾਮੰਡੀ ਵੀ ਹੈ। ਕੋਈ ਨਾ ਕੋਈ ਤਾਂ ਮਿਲ਼ ਹੀ ਜਾਵੇਗਾ। ਤੇਲ ਦਾ ਖਰਚ ਤਾਂ ਨਿਕਲੂਗਾ ਹੀ," ਮੀਤ ਸਿੰਘ ਬੱਸ ਵੱਲ ਨੂੰ ਤੁਰ ਪਿਆ।

ਦੋ-ਤਿੰਨ ਸਵਾਰੀਆਂ ਹੋਰ ਬੈਠ ਗਈਆਂ ਤਾਂ ਪਰਗਟ ਸਿੰਘ ਨੇ ਬੱਸ ਤੋਰ ਲਈ। ਇੰਜ਼ਣ ਨੇ ਥੋੜ੍ਹੀ ਦੇਰ ਸ਼ੂੰ-ਸ਼ੂੰ ਦੀ ਅਵਾਜ਼ ਕੱਢੀ, ਫਿਰ ਗੁਰਰ-ਗੁਰਰ ਦੀ ਬਹੁਤ ਹੀ ਉੱਚੀ ਅਵਾਜ਼ ਕੱਢੀ ਜਿਸ ਨਾਲ਼ ਅੱਡਾ ਕਾਲ਼ੇ ਤੇ ਕੌੜੇ ਧੂੰਏਂ ਨਾਲ਼ ਭਰ ਗਿਆ।

"ਮਨਸੁੱਖ, ਛੱਤ 'ਤੇ ਪਿਆ ਸਮਾਨ ਮੁਕੰਦੇ ਦੀ ਦੁਕਾਨ 'ਤੇ ਪਹੁੰਚਦਾ ਕਰ ਦਈਂ।" ਮੀਤ ਸਿੰਘ ਨੇ ਸਿਰ ਖਿੜਕੀ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦੇ ਹੋਏ ਨੇ ਤਾਗੀਦ ਕੀਤੀ।

"ਉਸਤਾਦ ਜੀ, ਚਿੰਤਾ ਨਾ ਕਰੋ।" ਮਨਸੁੱਖ ਨੇ ਉੱਚੀ ਅਵਾਜ਼ ਵਿੱਚ ਕਿਹਾ।

ਬੱਸ ਦੇ ਜਾਣ ਤੋਂ ਬਾਅਦ ਮਨਸੁੱਖ ਤੇ ਕਾਲ਼ੀ ਛੱਤ 'ਤੇ ਚਲੇ ਗਏ। ਉਨ੍ਹਾਂ ਨੇ ਦੋ ਡਾਹੀਆਂ ਹੋਈਆਂ ਮੰਜੀਆਂ ਇਕੱਠੀਆਂ ਕਰਕੇ ਕੰਧ ਨਾਲ਼ ਟਿਕਾ ਦਿੱਤੀਆਂ। ਖਾਲੀ ਗਲਾਸ, ਦੋ ਖਾਲੀ ਬੋਤਲਾਂ, ਪਾਣੀ ਦੀ ਛੋਟੀ ਬਾਲਟੀ ਤੇ ਅਲਮੀਨੀਅਮ ਦੀਆਂ ਦੋ ਖਾਲੀ ਪਲੇਟਾਂ ਚੁੱਕ ਕੇ ਉਹ ਥੱਲੇ ਆ ਗਏ। ਮਨਸੁੱਖ ਨੇ ਸ਼ਰਾਬ ਦੀਆਂ ਖਾਲੀ ਬੋਤਲਾਂ ਝਰੋਖੇ ਵਿੱਚ ਟਿਕਾ ਦਿੱਤੀਆਂ ਤੇ ਬਾਕੀ ਸਮਾਨ ਮੁਕੰਦੇ ਦੀ ਦੁਕਾਨ 'ਤੇ ਛੱਡ ਆਇਆ।

ਉਹ ਨਾਲ਼ ਦੀ ਦੁਕਾਨ ਦੇ ਸਾਮ੍ਹਣੇ ਬੈਂਚ 'ਤੇ ਆ ਬੈਠੇ, "ਰੱਖਾ ਸੇਠ, ਦੋ ਗਲਾਸ ਚਾਹ ਦੇ ਬਣਾ। ਉੱਥੇ ਮਲਾਈ ਜ਼ਰੂਰ ਪਾ ਦੇਈਂ। ਛੋਟੀ ਤੇ ਵੱਡੀ ਇਲਾਚੀ ਵੀ ਪਾ ਦੇਈਂ। ਸਪੈਸ਼ਲ ਚਾਹ ਹੋਵੇ।" ਜੇਬ ਵਿੱਚ ਪਾਏ ਪੈਸਿਆਂ ਦੀ ਗਰਮੀ ਮਹਿਸੂਸ ਕਰਦਿਆਂ ਮਨਸੁੱਖ ਦੀ ਅਵਾਜ਼ ਟਣਕ ਰਹੀ ਸੀ

"ਕਿਉਂ, ਕੋਈ ਖਾਸ ਗੱਲ ਹੈ ? ਲਗਦਾ ਹੈ ਕਿਸੇ ਪਾਸਿਉਂ ਮਾਲ ਹੱਥ ਲੱਗ ਗਿਆ। ਕੀ ਕਿਸੇ ਸਵਾਰੀ ਦਾ ਬਟੂਆ ਡਿੱਗਿਆ ਹੋਇਆ ਮਿਲ਼ ਗਿਆ ?" ਰੱਖਾ ਆਪਣੀ ਬੇਰੰਗ

ਹੋਈ ਕਮੀਜ਼ ਦੇ ਅੰਦਰ ਹੱਥ ਪਾ ਕੇ ਛਾਤੀ ਨੂੰ ਖੁਰਕਦਿਆਂ ਸ਼ਰਾਰਤ ਨਾਲ਼ ਮੁਸਕਰਾਇਆ। ਫਿਰ ਉਹ ਕੱਛੇ ਵਿੱਚ ਹੱਥ ਪਾਕੇ ਵਾਰੀ-ਵਾਰੀ ਸੱਜੀ ਤੇ ਖੱਬੀ ਜਾਂਘ ਨੂੰ ਖੁਰਕਣ ਲੱਗਾ।

"ਹੁਣ ਹੱਥ ਧੋ ਲਈਂ। ਸਾਰੇ ਸਰੀਰ ਦੀ ਮੈਲ਼ ਪੱਤੀ ਦੀ ਥਾਂ ਤੇ ਮੁਸ਼ਕ ਇਲਾਚੀ ਦੀ ਥਾਂ ਸਾਡੀ ਚਾਹ ਵਿੱਚ ਨਾ ਪਾ ਦੇਈਂ।" ਮਨਸੁੱਖ ਨੇ ਹੱਸਦਿਆਂ ਹੋਇਆਂ ਮੇਹਣਾ ਦਿੱਤਾ।

"ਚਾਹ ਇੱਕ ਥਾਂ ਜਾਂ ਦੋ ...?" ਰੱਖੇ ਨੇ ਕਾਲ਼ੀ ਵੱਲ ਦੇਖਿਆ।

"ਦੋ ਥਾਂਈਂ।" ਮਨਸੁੱਖ ਨੇ ਸੱਜੇ ਹੱਥ ਦੀਆਂ ਦੋ ਉਂਗਲਾਂ ਉੱਪਰ ਚੁੱਕੀਆਂ।

ਬੈਂਚ ਤੇ ਬੈਠਾ ਕਾਲ਼ੀ ਰੇਲਵੇ ਸਟੇਸ਼ਨ ਦੇ ਅੰਦਰ ਇੱਕ ਉੱਚੀ ਸਾਰੀ ਕੰਧ 'ਤੇ ਲੱਗੀਆਂ ਲਾਇਟਾਂ ਨੂੰ ਦੇਖਣ ਲੱਗਾ। ਇਹਨਾਂ ਦੇ ਕਾਰਨ ਸਟੇਸ਼ਨ ਦਾ ਬਹੁਤ ਸਾਰਾ ਹਿੱਸਾ ਜਗਮਗਾ ਰਿਹਾ ਸੀ। ਸੜਕ 'ਤੇ ਵੀ ਰੌਣਕ ਕੁੱਝ ਜ਼ਿਆਦਾ ਸੀ।

ਚਾਹ ਮੁਕਾ ਕੇ ਮਨਸੁੱਖ ਕਾਲ਼ੀ ਨੂੰ ਸਟੇਸ਼ਨ ਵੱਲ ਲੈ ਆਇਆ। "ਅੱਜ ਕਮਾਈ ਚੰਗੀ ਹੋਈ ਆ। ਆ ਜਾ ਥੋੜ੍ਹੀ ਐਸ਼ ਕਰਦੇ ਆਂ।" ਮਨਸੁੱਖ ਮੁਸਕਰਾਇਆ। ਉਹ ਸਟੇਸ਼ਨ ਦੇ ਸਾਹਮਣੇ ਤੋਂ ਹੀ ਮੰਡੀ ਫੈਂਟਨਗੰਜ ਵੱਲ ਚਲੇ ਗਏ।

"ਮੰਡੀ ਦੇ ਬਾਹਰ ਹਲਵਾਈਆਂ ਦੀਆਂ ਦੁਕਾਨਾਂ ਹਨ। ਇਹਨਾਂ ਹਲਵਾਈਆਂ ਦੇ ਗਾਹਕ ਧਨਾਢ, ਲੱਖਪਤੀ ਲਾਲੇ ਹਨ ਜਦ ਕਿ ਅੱਡੇ ਦੇ ਹਲਵਾਈਆਂ ਕੋਲ਼ ਡਰਾਈਵਰ, ਕਲੀਨਰ, ਕੁਲੀ ਤੇ ਪੂਛ ਨੂੰ ਅੱਗ ਲੱਗੇ ਹਨੂੰਮਾਨ ਦੀ ਤਰ੍ਹਾਂ ਕਾਹਲ਼ੀ ਦੀ ਮਾਰ ਵਿੱਚ ਫਸੀਆਂ ਸਵਾਰੀਆਂ ਹੀ ਆਉਂਦੀਆਂ ਹਨ।" ਮਨਸੁੱਖ ਨੇ ਜਾਣਕਾਰੀ ਦਿੱਤੀ।

ਹੌਲ਼ੀ ਹੌਲ਼ੀ ਤੁਰਦੇ ਉਹ ਦੁਕਾਨਾਂ ਦੇ ਸਾਹਮਣੇ ਜਾ ਖੜ੍ਹੇ ਹੋਏ। ਦੁਕਾਨਾਂ ਸੱਚੀਂ ਬਹੁਤ ਖੁੱਲ੍ਹੀਆਂ ਸਨ। ਮਠਿਆਈਆਂ ਲੱਕੜੀ ਦੇ ਚੌੜੇ-ਚੌੜੇ ਤੇ ਸ਼ੀਸ਼ਿਆਂ ਵਾਲ਼ੇ ਬਕਸਿਆਂ ਵਿੱਚ ਸਜਾਈਆਂ ਹੋਈਆਂ ਸਨ।

"ਦੁੱਧ ਜਲੇਬੀ ਖਾਂਦੇ ਹਾਂ। ਰਾਤ ਨੂੰ ਰੋਟੀ ਦੀ ਜ਼ਰੂਰਤ ਨਹੀਂ ਰਹੇਗੀ।"

ਮਨਸੁੱਖ ਦੀ ਗੱਲ ਸੁਣ ਕੇ ਕਾਲ਼ੀ ਦੇ ਮੂੰਹ ਵਿੱਚ ਪਾਣੀ ਆ ਗਿਆ ਤੇ ਉਹ ਘੁੱਟ ਭਰਦਾ ਉਸ ਨੂੰ ਰੋਕਣ ਦਾ ਯਤਨ ਕਰਨ ਲੱਗਾ।

ਉਹ ਇੱਕ ਦੁਕਾਨ ਦੇ ਅੰਦਰ ਵੜ੍ਹ ਗਏ। ਉੱਥੇ ਇੱਕ ਪਾਸੇ ਗੋਲ਼ ਕਾਲ਼ੀ ਟੋਪੀ, ਸੋਨੇ ਦੇ ਬਟਨਾਂ ਵਾਲ਼ੀ ਕਮੀਜ਼ ਵਾਲ਼ਾ 'ਤੇ ਇੱਕ ਪੱਗੜੀ-ਕੁੜਤੇ ਵਾਲ਼ਾ ਲਾਲਾ ਬੈਠੇ ਆਪਸ ਵਿੱਚ ਹੱਸ-ਹੱਸ ਗੱਲਾਂ ਕਰਦੇ ਹੋਏ ਬਰਫ਼ੀ ਤੇ ਪਨੀਰ ਦੇ ਪਕੌੜੇ ਖਾ ਰਹੇ ਸਨ।

ਚਾਰੇ ਪਾਸੇ ਚੰਗੀ ਤਰ੍ਹਾਂ ਦੇਖ ਕੇ ਮਨਸੁੱਖ ਤੇ ਕਾਲ਼ੀ ਵੀ ਇੱਕ ਕੋਨੇ ਵਿੱਚ ਚੁੱਪ ਕਰਕੇ ਜਾ ਬੈਠੇ। ਆਪਣੇ ਗੰਦੇ ਤੇ ਮਾਮੂਲੀ ਕਪੜਿਆਂ ਕਰਕੇ ਕਾਲ਼ੀ ਪਰੇਸ਼ਾਨ ਸੀ। ਮਨਸੁੱਖ ਨੇ ਉਹਦੀ ਪਰੇਸ਼ਾਨੀ ਨੂੰ ਤਾੜ ਲਿਆ, "ਇੱਥੇ ਪਿੰਡ ਵਾਲ਼ਾ ਭਿੰਨਭੇਦ ਨਹੀਂ ਹੈ। ਤੂੰ ਅਰਾਮ ਨਾਲ਼ ਬੈਠ। ਦੁਕਾਨਦਾਰ ਨੂੰ ਆਪਣੇ ਪੈਸਿਆਂ ਨਾਲ਼ ਮਤਲਬ ਹੈ। ਪਹਿਲਾਂ ਸ਼ਹਿਰ ਵਿੱਚ ਵੀ ਭਿੰਨਭੇਦ ਹੁੰਦਾ ਸੀ ਪਰ ਹੁਣ ਕੋਈ ਨਹੀਂ ਪੁੱਛਦਾ।"

ਮਨਸੁੱਖ ਦੀ ਗੱਲ ਸੁਣ ਕੇ ਕਾਲ਼ੀ ਹੱਸ ਪਿਆ 'ਤੇ ਚੰਗੀ ਤਰ੍ਹਾਂ ਹੋ ਕੇ ਕੁਰਸੀ ਵਿੱਚ ਬੈਠ ਗਿਆ, "ਮੈਂ ਸੋਚਿਆ ਇੱਥੇ ਵੀ ਪਿੰਡ ਵਾਲ਼ਾ ਹੀ ਰਿਵਾਜ ਨਾ ਹੋਵੇ।"

ਮਨਸੁੱਖ ਨੇ ਗਰਦਨ ਘੁਮਾ ਕੇ ਮੁੰਡੇ ਨੂੰ ਇਸ਼ਾਰਾ ਕੀਤਾ। ਉਸ ਨੇ ਕਾਹਲ਼ੀ ਨਾਲ਼ ਮੇਜ਼ ਤੇ ਕੱਪੜਾ ਮਾਰਿਆ ਤੇ ਫੇਰ ਉਨ੍ਹਾਂ ਵੱਲ ਅੱਖਾਂ ਚੁੱਕੀਆਂ।

"ਗਰਮ ਜਲੇਬੀਆਂ ਹੈਗੀਆਂ ?"

"ਹੈਗੀਆਂ।"

"ਅੱਧੇ ਸੇਰ ਦੁੱਧ ਵਿੱਚ ਇੱਕ ਪਾਈਆ ਜਲੇਬੀਆਂ। ... ਦੋ ਥਾਂਈਂ। ਦੁੱਧ ਵੀ ਬਹੁਤ ਗਰਮ ਹੋਵੇ।" ਮਨਸੁੱਖ ਨੇ ਤਾਗੀਦ ਕੀਤੀ।

ਕਾਲ਼ੀ ਦੇ ਮਨ ਵਿੱਚ ਆਇਆ ਕਿ ਉਹ ਮਨਸੁੱਖ ਤੋਂ ਦੁੱਧ ਤੇ ਜਲੇਬੀਆਂ ਦੇ ਪੈਸੇ ਨਕਦ ਹੀ ਲੈ ਲਵੇ ਤਾਂ ਕਿ ਉਸ ਦੀ ਦੋ ਦਿਨ ਦੀ ਰੋਟੀ ਦਾ ਖਰਚ ਨਿਕਲ਼ ਆਵੇ। ਪਰ ਉਹਦਾ ਹੌਸਲਾ ਨਹੀਂ ਪਿਆ ਤੇ ਸ਼ਰਮਾ ਕੇ ਅੱਖਾਂ ਨੀਵੀਆਂ ਪਾ ਲਈਆਂ।

ਮੇਜ਼ 'ਤੇ ਪਏ ਖਾਲੀ ਭਾਂਡਿਆਂ ਨੂੰ ਸਮੇਟਦਿਆਂ ਮੁੰਡੇ ਨੇ ਗੱਦੀ ਤੇ ਬੈਠੇ ਦੁਕਾਨ-ਮਾਲਕ ਦੇ ਕੋਲ਼ ਜਾ ਕੇ ਮਨਸੁੱਖ ਦਾ ਆਰਡਰ ਦੇ ਦਿੱਤਾ। ਉਹਨੇ ਗਰਦਨ ਘੁਮਾ ਕੇ ਮਨਸੁੱਖ ਤੇ ਕਾਲ਼ੀ ਵੱਲ ਦੇਖਿਆ ਜਿਵੇਂ ਉਨ੍ਹਾਂ ਦੀ ਹੈਸੀਅਤ ਦਾ ਅੰਦਾਜ਼ਾ ਲਾਉਂਦਾ ਹੋਵੇ। ਫਿਰ ਉਸ ਨੇ ਮੁੰਡੇ ਦੇ ਕੰਨ ਵਿੱਚ ਕੁੱਝ ਕਿਹਾ। ਜਵਾਬ ਵਿੱਚ ਸਿਰ ਹਿਲਾ ਕੇ ਮੁੰਡਾ ਮਨਸੁੱਖ ਦੇ ਕੋਲ਼ ਆ ਗਿਆ, "ਅੱਧੇ ਸੇਰ ਦੁੱਧ ਤੇ ਪਾਈਆ ਜਲੇਬੀਆਂ ਦੋ ਥਾਈਂ ਦੇ ਚੌਦਾਂ ਆਨੇ ਲੱਗਣਗੇ।"

"ਚੌਦਾਂ ਆਨੇ ਲੈ ਲਈਂ।" ਮਨਸੁੱਖ ਨੇ ਜੇਬ ਵਿੱਚੋਂ ਨੋਟ ਕੱਢ ਕੇ ਦੁਕਾਨ -ਮਾਲਕ ਵੱਲ ਲਹਿਰਾ ਦਿੱਤੇ, "ਤੂੰ ਕੀ ਸਾਨੂੰ ਭੁੱਖੇ ਨੰਗੇ ਮੰਗਤੇ ਸਮਝਦਾ। ਸ਼ੱਕ ਹੈ ਤਾਂ ਪੈਸੇ ਪੇਸ਼ਗੀ ਭੇਜ ਦੇਵਾਂ।"

ਦੁਕਾਨ-ਮਾਲਕ ਦਾ ਇਸ਼ਾਰਾ ਦੇਖ ਕੇ ਮੁੰਡਾ ਮੁੜ ਗਿਆ। ਮਨਸੁੱਖ ਖੁਸ਼ ਹੋ ਗਿਆ, "ਸਾਲ਼ੇ ਆਦਮੀ ਦੀ ਹੈਸੀਅਤ ਦਾ ਅੰਦਾਜ਼ਾ ਉਹਦੇ ਕੱਪੜਿਆਂ ਤੋਂ ਲਾਉਂਦੇ ਆ।"

ਆਪਣਾ ਗੁੱਸਾ ਠੰਡਾ ਕਰਨ ਲਈ ਮਨਸੁੱਖ ਕਦੇ ਮੇਜ਼ ਨੂੰ ਥਪਥਪਾਉਂਦਾ ਕਦੇ ਗਰਦਨ ਚੁੱਕ ਕੇ ਸੜਕ 'ਤੇ ਆ-ਜਾ ਰਹੇ ਲੋਕਾਂ ਨੂੰ ਨਿਹਾਰਦਾ। ਫਿਰ ਉਹ ਕਾਲ਼ੀ ਵੱਲ ਨੂੰ ਝੁਕ ਗਿਆ, "ਇਸ ਬਜ਼ਾਰ ਵਿੱਚ ਹਲਵਾਈ ਦੀ ਇਹ ਸਭ ਤੋਂ ਵਧੀਆ ਦੁਕਾਨ ਹੈ। ਇੱਥੇ ਮਠਿਆਈਆਂ ਦੇਸੀ ਘਿਓ ਵਿੱਚ ਬਣਾਈਆਂ ਜਾਂਦੀਆ ਹਨ। ਹਲਵਾਈ ਨੇ ਗਲਤ ਸਾਬਤ ਕਰਨ ਵਾਲ਼ੇ ਬੰਦੇ ਨੂੰ ਇੱਕ ਹਜ਼ਾਰ ਰੁਪਇਆ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੋਇਆ ਹੈ। ਦੁਕਾਨ ਦੇ ਮੋਹਰੇ ਵੀ ਇਸ ਐਲਾਨ ਦਾ ਫੱਟਾ ਲੱਗਾ ਹੋਇਆ ਹੈ।"

ਕਾਲ਼ੀ ਦੀਆਂ ਅੱਖਾਂ ਹੈਰਾਨੀ ਨਾਲ਼ ਫੈਲ ਗਈਆਂ। ਮਨਸੁੱਖ ਜਿਵੇਂ ਮਨਚਲਾ ਹੋ ਗਿਆ, ਮੈਂ ਇੱਥੇ ਦੁੱਧ ਵਾਲ਼ੀਆਂ ਜਲੇਬੀਆਂ ਖਾਣ ਤਿੰਨਾਂ ਮਹੀਨਿਆਂ ਬਾਅਦ ਆਇਆਂ ਹਾਂ। ਉਦੋਂ ਵੀ ਇਸੇ ਤਰ੍ਹਾਂ ਆਖਰੀ ਟੈਮ 'ਤੇ ਜ਼ਿਆਦਾ ਤੇ ਭਾਰੀ ਸਮਾਨ ਵਾਲ਼ੀ ਸਵਾਰੀ ਮਿਲ਼ੀ ਸੀ। ... ਸ਼ਾਇਦ ਚੌਦਾਂ ਆਨੇ ਮਿਲੇ ਸੀ। ਜਿਹਨੂੰ ਵੀ ਆਖਰੀ ਟੈਮ ਵਿੱਚ ਚੰਗੀ ਸਵਾਰੀ ਮਿਲ਼ ਜਾਂਦੀ ਹੈ ਉਹ ਉਸ ਰਾਤ ਨੂੰ ਜ਼ਰੂਰ ਐਸ਼ ਕਰਦਾ ਹੈ। ਸਾਰੇ ਦਿਨ ਦੀ ਕਮਾਈ ਵਿੱਚੋਂ ਅੱਡਾ ਇੰਨਚਾਰਜ ਦੀ ਫੀਸ ਕੱਢ ਕੇ ਬਾਕੀ ਰਕਮ ਅਸੀਂ ਚਾਰ ਹਿੱਸਿਆਂ ਵਿੱਚ ਵੰਡ ਲੈਂਦੇ ਹਾਂ। ਆਖਰੀ ਟੈਮ ਦੀ ਕਮਾਈ ਉਹਦੀ ਆਪਣੀ ਹੁੰਦੀ ਹੈ। ਕਈ ਵਾਰ ਤਾਂ ਰੋਟੀ ਦੇ ਪੈਸੇ ਵੀ ਨਹੀਂ

ਨਿਕਲ਼ਦੇ ਤੇ ਕਦੀ-ਕਦਾਈਂ ਪੂਰੀ ਐਸ਼ ਕਰਨ ਦਾ ਮੌਕਾ ਮਿਲ਼ ਜਾਂਦਾ ਹੈ।"

ਮਨਸੁੱਖ ਦੀਆਂ ਗੱਲਾਂ ਨੂੰ ਕਾਲ਼ੀ ਬਹੁਤ ਧਿਆਨ ਤੇ ਦਿਲਚਸਪੀ ਨਾਲ਼ ਸੁਣ ਰਿਹਾ ਸੀ। ਉਹਨੇ ਡਰਦੇ ਡਰਦੇ ਨੇ ਪੁੱਛਿਆ, "ਕਿੰਨੇ ਪੈਸੇ ਬਣ ਜਾਂਦੇ ਹਨ ਰੋਜ਼ ਦੇ ?"

"ਕੋਈ ਬੱਧੀ ਆਮਦਨ ਨਹੀਂ ਹੈ। ਸਵਾਰੀ ਮਿਲ਼ੀ 'ਤੇ ਹੀ ਹੈ। ਭਾਰੇ ਸਮਾਨ ਵਾਲ਼ੀ ਸਵਾਰੀ ਆ ਜਾਵੇ ਤਾਂ ਆਮਦਨ ਵੱਧ ਜਾਂਦੀ ਹੈ। ਸਵਾਰੀ ਘੱਟ ਮਿਲ਼ੇ ਤਾਂ ਆਮਦਨ ਘੱਟ ਜਾਂਦੀ ਹੈ। ਮੇਲਾ ਵਗੈਰਾ ਹੋਵੇ ਤਾਂ ਕੰਮ ਚੰਗਾ ਰਹਿੰਦਾ ਹੈ।" ਮਨਸੁੱਖ ਨੇ ਸਿਰ ਹਿਲਾਇਆ, ਕੰਮ ਤਾਂ ਹੋਰ ਵੀ ਬਹੁਤ ਹੈ ਪਰ ਉੱਥੇ ਮਿਹਨਤ ਬਹੁਤ ਕਰਨੀ ਪੈਂਦੀ ਹੈ। ਇਸ ਕੰਮ ਵਿੱਚ ਬਹੁਤਾ ਖੱਜਲ-ਖੁਆਰੀ ਤੇ ਮੁਸ਼ੱਕਤ ਨਹੀਂ ਹੈ ਪਰ ਕੰਮ ਕਿਸਮਤ ਗੋਚਰੇ ਹੀ ਰਹਿੰਦਾ ਹੈ।"

"ਮਿਹਨਤ-ਮੁਸ਼ੱਕਤ ਵਾਲ਼ੇ ਕੰਮ ਵਿੱਚ ਕਿੰਨੀ ਕੁ ਦਿਹਾੜੀ ਮਿਲ਼ ਜਾਂਦੀ ਹੈ ?" ਕਾਲ਼ੀ ਨੇ ਪੁੱਛਿਆ।

"ਸਵਾ-ਡੇਢ ਰੁਪਇਆ ਤਾਂ ਮਿਲ਼ ਹੀ ਜਾਂਦਾ ਹੈ। ਪਰ ਗੱਲ ਉੱਥੇ ਹੀ ਆ ਪੈਂਦੀ ਹੈ। ਮਿਹਨਤ-ਮੁਸ਼ੱਕਤ ਦਾ ਕੰਮ ਕਰਕੇ ਸੇਰ-ਅੱਧ ਸੇਰ ਦੁੱਧ ਵੀ ਪੀਣਾ ਪੈਂਦਾ। ਖੁਰਾਕ ਵੀ ਚੰਗੀ ਖਾਣੀ ਪੈਂਦੀ ਹੈ। ਨਹੀਂ ਤਾਂ ਦਿਨਾਂ ਵਿੱਚ ਹੀ ਸਰੀਰ ਟੁੱਟਣ ਲੱਗ ਪੈਂਦਾ।"

ਮੁੰਡਾ ਉਨ੍ਹਾਂ ਦੇ ਸਾਮ੍ਹਣੇ ਦੋ ਕਟੋਰੇ ਰੱਖ ਗਿਆ। ਉਨ੍ਹਾਂ ਵਿੱਚ ਦੁੱਧ ਤੇ ਜਲੇਬੀਆਂ ਸਨ ਤੇ ਵਿੱਚ ਇੱਕ ਬੜਾ ਸਾਰਾ ਚਮਚਾ ਰੱਖਿਆ ਹੋਇਆ ਸੀ। ਮਨਸੁੱਖ ਨੇ ਸਿਰ ਥੱਲੇ ਕਰਕੇ ਕਟੋਰੇ ਵਿੱਚੋਂ ਭਾਫ ਨੂੰ ਜ਼ੋਰ ਨਾਲ਼ ਸੁੰਘਿਆ, "ਭਾਫ ਵਿੱਚੋਂ ਵੀ ਦੇਸੀ ਘਿਓ ਦੀ ਖੁਸ਼ਬੂ ਆ ਰਹੀ ਹੈ।"

ਮਨਸੁੱਖ ਦੀ ਰੀਸੇ ਕਾਲ਼ੀ ਵੀ ਭਾਫ ਸੁੰਘਣ ਲੱਗਾ। ਉਸ ਨੂੰ ਖੁਸ਼ਬੂ ਤਾਂ ਆਈ ਪਰ ਇਹ ਯਕੀਨ ਨਹੀਂ ਸੀ ਕਿ ਇਹ ਦੇਸੀ ਘਿਓ ਦੀ ਹੈ। ਲੇਕਿਨ ਆਪਣੀ ਅਗਿਆਨਤਾ ਤੇ ਪਰਦਾ ਪਾਉਣ ਲਈ ਉਹ ਬੋਲਿਆ, "ਬਿਲਕੁਲ ਸ਼ੁੱਧ ਦੇਸੀ ਘਿਓ ਦੀ ਖੁਸ਼ਬੂ ਹੈ।"

"ਹੁਣ ਤਾਂ ਦੇਸੀ ਘਿਓ ਵਿੱਚ ਵੀ ਬਹੁਤ ਹੇਰਾਫੇਰੀ ਤੇ ਮਿਲਾਵਟ ਹੋਣ ਲੱਗ ਪਈ ਹੈ। ਚਾਲਬਾਜ਼ ਲੋਕ ਵਿਲਾਇਤੀ ਘਿਓ ਵਿੱਚ ਸੈਂਟ ਰਲ਼ਾ ਕੇ ਉਹਨੂੰ ਦੇਸੀ ਘਿਓ ਕਹਿ ਕੇ ਵੇਚੀ ਜਾਂਦੇ ਹਨ।" ਮਨਸੁੱਖ ਨੇ ਚਮਚੇ ਨਾਲ਼ ਜਲੇਬੀਆਂ ਨੂੰ ਦੁੱਧ ਵਿੱਚ ਹਿਲਾਉਂਦਿਆਂ ਕਿਹਾ।

ਮਨਸੁੱਖ ਦੀ ਰੀਸੇ ਕਾਲ਼ੀ ਵੀ ਆਪਣੇ ਸਾਮ੍ਹਣੇ ਪਈਆਂ ਜਲੇਬੀਆਂ ਚਮਚੇ ਨਾਲ਼ ਹਿਲਾ ਰਿਹਾ ਸੀ। ਜਲੇਬੀਆਂ ਦੇ ਕਾਰਨ ਦੁੱਧ ਦਾ ਰੰਗ ਗੁਲਾਬੀ ਤੇ ਜਲੇਬੀਆਂ ਦਾ ਰੰਗ ਦੂਧੀਆ ਜਿਹਾ ਹੋ ਰਿਹਾ ਸੀ।

ਮਨਸੁੱਖ ਤੇ ਕਾਲ਼ੀ ਚਮਚੇ ਨਾਲ਼ ਦੁੱਧ ਵਿੱਚੋਂ ਜਲੇਬੀਆ ਕੱਢ ਕੇ ਖਾਣ ਲੱਗੇ। ਜਲੇਬੀ ਦਾ ਪੂਰਾ ਸੁਆਦ ਲੈਣ ਲਈ ਮਨਸੁੱਖ ਉਹਨੂੰ ਚੱਬਦਾ ਰਹਿੰਦਾ ਜਦ ਕਿ ਕਾਲ਼ੀ ਜਲੇਬੀ ਦਾ ਸੁਆਦ ਤੇ ਖੁਸ਼ਬੂ ਮਾਨਣ ਲਈ ਇਕਦਮ ਸੰਘ ਤੋਂ ਥੱਲੇ ਉੱਤਾਰ ਲੈਂਦਾ। ਜਲੇਬੀਆਂ ਖਾ ਕੇ ਉਨ੍ਹਾਂ ਨੇ ਹੌਲ਼ੀ ਹੌਲ਼ੀ ਦੁੱਧ ਪੀਤਾ। ਉਸ ਵਿੱਚ ਜਲੇਬੀਆਂ ਨਾਲ਼ ਬਹੁਤ ਹੀ ਮਿੱਠਾ ਘੁਲਿਆ ਹੋਇਆ ਸੀ।

ਦੁੱਧ-ਜਲੇਬੀ ਖਾ ਕੇ ਮਨਸੁੱਖ ਨੇ ਪੈਸੇ ਦਿੱਤੇ ਤੇ ਬਾਕੀ ਬਚੇ ਪੈਸਿਆਂ ਨੂੰ ਗਿਣ ਕੇ ਉਹ ਸੰਤੁਸ਼ਟ ਹੋ ਗਿਆ।

ਉਹ ਰੇਲਵੇ ਸਟੇਸ਼ਨ ਦੇ ਸਾਮ੍ਹਣੇ ਖੜ੍ਹ ਗਏ। ਦਿੱਲੀ ਨੂੰ ਜਾਣ ਵਾਲ਼ੀ ਗੱਡੀ ਦੀਆਂ ਸਵਾਰੀਆਂ ਤਾਂਗਿਆਂ, ਬੱਸਾਂ ਰਾਹੀਂ ਜਾਂ ਕੁੱਝ ਪੈਦਲ ਹੀ ਸਟੇਸ਼ਨ 'ਤੇ ਪਹੁੰਚ ਰਹੀਆਂ ਸਨ। ਉਨ੍ਹਾਂ ਦੇ ਕੋਲ਼ ਆ ਕੇ ਇੱਕ ਤਾਂਗਾ ਰੁਕਿਆ ਤੇ ਉਸ ਤੋਂ ਚਾਰ ਸਵਾਰੀਆਂ ਉੱਤਰੀਆਂ। ਉਨ੍ਹਾਂ ਵਿੱਚ ਇੱਕ ਬਹੁਤ ਹੀ ਸੁਹਣੀ ਮੁਟਿਆਰ ਕੁੜੀ ਸੀ। ਉਹਨੂੰ ਦੇਖ ਕੇ ਮਨਸੁੱਖ ਦੰਗ ਰਹਿ ਗਿਆ ਤੇ ਅੱਖ ਚੁਰਾ ਕੇ ਉਸ ਵੱਲ ਉਨ੍ਹਾਂ ਚਿਰ ਦੇਖਦਾ ਰਿਹਾ ਜਿੰਨਾ ਚਿਰ ਉਹ ਪਲੇਟਫਾਰਮ ਦੀ ਭੀੜ ਵਿੱਚ ਰਲ਼ ਕੇ ਉਹਲੇ ਨਾ ਹੋ ਗਈ।

ਮਨਸੁੱਖ ਬੁੱਲਾਂ ਤੇ ਜੀਭ ਫੇਰਨ ਲੱਗਾ ਜਿਵੇਂ ਦੁੱਧ-ਜਲੇਬੀ ਦੇ ਸੁਆਦ ਨੂੰ ਚੰਗੀ ਤਰ੍ਹਾਂ ਸਾਂਭ ਲੈਣਾ ਚਾਹੁੰਦਾ ਹੋਵੇ। ਫਿਰ ਉਹ ਉਸ ਲੜਕੀ ਦੀ ਭਾਲ ਵਿੱਚ ਪਲੇਟਫਾਰਮ ਵੱਲ ਦੇਖਣ ਲੱਗਾ, "ਨੌਕਰੀ ਰੇਲਵੇ ਸਟੇਸ਼ਨ ਦੀ ਵੀ ਬਹੁਤ ਚੰਗੀ ਹੈ। ਚਾਹੇ ਕੁਲੀ ਦੀ ਹੀ ਹੋਵੇ। ਪਰ ਮਿਲ਼ਦੀ ਬਹੁਤ ਔਖੀ ਹੈ।"

"ਔਖੀ ਕਿਉਂ ਮਿਲ਼ਦੀ ਹੈ?" ਕਾਲ਼ੀ ਦੇ ਮਨ ਵਿੱਚ ਜਗਿਆਸਾ ਜਾਗ ਉੱਠੀ, ਜਿਵੇਂ ਵਧੀਆ ਭਵਿੱਖ ਦਾ ਇੱਕ ਹੋਰ ਰਾਹ ਨਿਕਲ਼ ਰਿਹਾ ਹੋਵੇ। "ਬਹੁਤ ਲੰਮਾ ਚੱਕਰ ਹੈ। ਸਰਕਾਰੀ ਮਾਮਲਾ ਹੈ ਨਾ। ਬਹੁਤ ਪਹੁੰਚ ਚਾਹੀਦੀ ਹੈ।" ਮਨਸੁੱਖ ਉਦਾਸ ਹੋ ਗਿਆ। ਫਿਰ ਉਹ ਇਕਦਮ ਖਿੜ੍ਹ ਗਿਆ, "ਇੱਕ ਵਾਰ ਮਿਲ਼ ਜਾਵੇ ਤਾਂ ਵਾਰੇ-ਨਿਆਰੇ ਹੋ ਜਾਂਦੇ ਹਨ। ਲਾਲ ਜਾਂ ਨੀਲੀ ਕੁੜਤੀ ਪਾਉਣੀ ਪੈਂਦੀ ਹੈ। ਬਾਂਹ ਤੇ ਪਿੱਤਲ ਦਾ ਨੰਬਰ ਲਾਉਣਾ ਪੈਂਦਾ ਹੈ। ਇਸ ਤਰ੍ਹਾਂ ਪੱਕੀ ਪਛਾਣ ਬਣ ਜਾਂਦੀ ਹੈ।"

ਮਨਸੁੱਖ ਪਲੇਟਫਾਰਮ 'ਤੇ ਖੜ੍ਹੀਆਂ ਸਵਾਰੀਆਂ ਵੱਲ ਦੇਖ ਰਿਹਾ ਸੀ ਕਿ ਇੱਕ ਮੰਗਤੀ ਜਿਹਨੇ ਇੱਕ ਛੋਟਾ ਜਿਹਾ ਬੱਚਾ ਚੁੱਕਿਆ ਹੋਇਆ ਸੀ ਉਹਦੇ ਸਾਮ੍ਹਣੇ ਆ ਖੜ੍ਹੀ ਹੋਈ ਤੇ ਹੱਥ ਫੈਲਾ ਕੇ ਮਿੰਨਤਾਂ ਕਰਨ ਲੱਗੀ। ਮਨਸੁੱਖ ਨੇ ਬਹੁਤ ਧਿਆਨ ਨਾਲ਼ ਉਸ ਵੱਲ ਦੇਖਿਆ। ਖੁੱਲੇ ਤੇ ਪਾਟੇ-ਪੁਰਾਣੇ ਕਪੜਿਆਂ ਵਿੱਚ ਉਸ ਦੀ ਜਵਾਨੀ ਫੁੱਟ ਰਹੀ ਸੀ।

"ਬਾਬੂ, ਕੁੱਝ ਦੇਵੇਂਗਾ ਵੀ ਜਾਂ ਅੱਖਾਂ ਪਾੜ ਕੇ ਦੇਖੀ ਹੀ ਜਾਵੇਂਗਾ?" ਮੰਗਤੀ ਨੇ ਮਨਸੁੱਖ ਵੱਲ ਹੱਥ ਹਿਲਾਇਆ।

ਉਹਦੇ ਤੋਂ ਪਿੱਛਾ ਛੁਡਾਉਣ ਲਈ ਮਨਸੁੱਖ ਨੇ ਉਹਦੀ ਤਲੀ ਤੇ ਇੱਕ ਪੈਸਾ ਰੱਖ ਦਿੱਤਾ ਤੇ ਉਹ ਜਾ ਕੇ ਕਾਲ਼ੀ ਦੀਆਂ ਮਿੰਨਤਾਂ ਕਰਨ ਲੱਗੀ। ਮਨਸੁੱਖ ਖਿਝ ਗਿਆ, "ਦਫਾ ਹੋ ਇਥੋਂ। ਕੀ ਹੁਣ ਅਸੀਂ ਆਪਣੇ ਕੱਪੜੇ ਲਾਹ ਕੇ ਤੇਰੀ ਝੋਲ਼ੀ ਵਿੱਚ ਪਾ ਦੇਈਏ?"

ਮੰਗਤੀ ਇੱਕ ਤਾਂਗੇ ਨੂੰ ਖੜ੍ਹਾ ਹੁੰਦਾ ਦੇਖ ਕੇ ਉੱਧਰ ਨੂੰ ਚਲੇ ਗਈ। ਪਲੇਟਫਾਰਮ 'ਤੇ ਸੁਹਣੀ ਤੇ ਮੁਟਿਆਰ ਕੁੜੀ 'ਤੇ ਨਿਗਾਹ ਪੈਂਦਿਆ ਹੀ ਮਨਸੁੱਖ ਕਾਹਲ਼ਾ ਪੈ ਗਿਆ।

"ਆ, ਆਪਾਂ ਟੇਸ਼ਨ ਦੇ ਅੰਦਰ ਚੱਕਰ ਲਾ ਆਈਏ। ਗੱਡੀ ਆਉਣ ਤੋਂ ਪਹਿਲਾਂ ਕੋਈ ਰੋਕ-ਟੋਕ ਨਹੀਂ ਹੁੰਦੀ।" ਮਨਸੁੱਖ ਨੇ ਜ਼ੋਰ ਪਾ ਕੇ ਕਿਹਾ।

ਮਨਸੁੱਖ ਦੀ ਗੱਲ ਸੁਣ ਕੇ ਕਾਲ਼ੀ ਸਹਿਮ ਗਿਆ। ਇਹ ਦੇਖ ਕੇ ਮਨਸੁੱਖ ਨੇ ਕਾਲ਼ੀ

ਦਾ ਹੱਥ ਫੜ ਲਿਆ, "ਤੂੰ ਇੰਨਾ ਡਰਦਾ ਕਿਉਂ ਹੈਂ ? ਕੀ ਤੇਰੇ ਪਿੱਛੇ ਪੁਲੀਸ ਲੱਗੀ ਹੋਈ ਹੈ ? ...ਆ ਜਾ। ਹੁਣ ਦਿੱਲੀ ਵਾਲ਼ੀ ਗੱਡੀ ਦੇ ਪਲੇਟਫਾਰਮ 'ਤੇ ਬਹੁਤ ਰੌਣਕ ਹੋਣੀ ਹੈ। ਦਰਸ਼ਨ-ਪਰਸ਼ਨ ਕਰਨ ਦਾ ਬਹੁਤ ਵਧੀਆ ਮੌਕਾ ਹੈ।" ਮਨਸੁੱਖ ਸ਼ਰਾਰਤ ਨਾਲ਼ ਹੱਸਿਆ।

ਕਾਲ਼ੀ ਕੰਬ ਗਿਆ ਤੇ ਉਸ ਨੇ ਝੁਣਝੁਣੀ ਜਿਹੀ ਲਈ, "ਤੁਸੀਂ ਜਾ ਆਓ। ਮੈਂ ਇੱਥੇ ਤੁਹਾਡੀ ਉਡੀਕ ਕਰਦਾ ਹਾਂ।"

ਪੰਦਰਾਂ-ਵੀਹਾਂ ਮਿੰਟਾਂ ਬਾਅਦ ਮਨਸੁੱਖ ਮੁੜ ਕੇ ਆਇਆ ਤਾਂ ਕਾਲ਼ੀ ਇੱਕ ਕੋਨੇ ਵਿੱਚ ਲੁਕਿਆ ਖੜ੍ਹਾ ਸੀ। ਮਨਸੁੱਖ ਨੂੰ ਦੇਖ ਕੇ ਉਹ ਉਹਦੀ ਵੱਲ ਨੂੰ ਤੁਰ ਪਿਆ।

"ਬਹੁਤ ਰੌਣਕ ਸੀ ਪਲੇਟਫਾਰਮ 'ਤੇ। ਲਗਦਾ ਸੀ ਸਾਰੀ ਦੁਨੀਆਂ ਦਾ ਸੁਹੱਪਣ ਉੱਥੇ ਹੀ ਆ ਗਿਆ। ਇੱਕ-ਤੋਂ-ਇੱਕ ਵੱਧ ਕੇ।" ਮਨਸੁੱਖ ਮਸਤੀ ਵਿੱਚ ਝੂਮਣ ਲੱਗਾ।

ਹੌਲ਼ੀ ਹੌਲ਼ੀ ਤੁਰਦੇ ਉਹ ਬੱਸ ਅੱਡੇ 'ਤੇ ਆ ਗਏ। ਉੱਥੇ ਵੀਰਾਨੀ ਛਾਈ ਹੋਈ ਸੀ। ਅੱਡੇ ਦੇ ਪਿੱਛੇ ਵਰਕਸ਼ਾਪ ਵਿੱਚ ਇੱਕ ਬਲਬ ਜਗ ਰਿਹਾ ਸੀ ਤੇ ਉੱਥੇ ਕਦੀ-ਕਦੀ ਹਥੋੜ੍ਹੇ ਦੀ ਜਾਂ ਗੱਲਾਂ ਦੀ ਅਵਾਜ਼ ਆਉਂਦੀ ਸੀ।

ਛੱਤ 'ਤੇ ਦੋ ਮੰਜੀਆਂ ਡਾਹ ਕੇ ਉਹ ਪੈ ਗਏ। ਮਨਸੁੱਖ ਹੌਲ਼ੀ ਹੌਲ਼ੀ ਗੁਣਗੁਣਾਉਣ ਲੱਗਾ –

ਮੇਰੀ ਲਗਦੀ ਕਿਸੇ ਨਾ ਦੇਖੀ
ਤੇ ਟੁੱਟਦੀ ਨੂੰ ਜਗ ਜਾਣਦਾ।

ਫਿਰ ਉਹ ਮੰਜੀ ਤੋਂ ਉੱਠ ਪਿਆ ਅਤੇ ਛੱਤ 'ਤੇ ਘੁੰਮਦਾ ਹੋਇਆ ਉੱਚੀ-ਉੱਚੀ ਗਾਉਣ ਲੱਗਾ।

ਸੜਕ 'ਤੇ ਇਕਦਮ ਭੀੜ ਦੇਖ ਕੇ ਤੇ ਰੌਲ਼ਾ ਸੁਣ ਕੇ ਮਨਸੁੱਖ ਨੂੰ ਚੇਤਾ ਆਇਆ ਕਿ ਸਿਨੇਮਾ ਘਰ ਵਿੱਚ ਸ਼ੋਅ ਖਤਮ ਹੋਇਆ ਹੈ ਤੇ ਆਖਰੀ ਸ਼ੋਅ ਸ਼ੁਰੂ ਹੋਣ ਵਾਲ਼ਾ ਹੈ। ਉਹ ਕਾਹਲ਼ੀ ਨਾਲ਼ ਆਪਣੀ ਮੰਜੀ ਕੋਲ਼ ਗਿਆ। ਸਾਫਾ ਚੁੱਕ ਕੇ ਮੋਢੇ 'ਤੇ ਰੱਖਿਆ ਤੇ ਕਾਲ਼ੀ ਨੂੰ ਕਹਿੰਦਾ, "ਮੈਂ ਆਖਰੀ ਸ਼ੋਅ ਦੇਖਣ ਚੱਲਿਆਂ। ਪੌੜੀਆਂ ਦਾ ਬੂਹਾ ਬਾਹਰੋਂ ਬੰਦ ਕਰ ਦਿੰਦਾ ਹਾਂ ਤੇ ਅੱਧੀ ਰਾਤ ਤੱਕ ਮੁੜ ਆਵਾਂਗਾ। ਬਹੁਤ ਦਿਨਾਂ ਬਾਅਦ ਸਿਨਮਾ ਦੇਖਣ ਦਾ ਮੌਕਾ ਮਿਲਿਆ ਹੈ।

ਕਾਲ਼ੀ ਦਾ ਜਵਾਬ ਉਡੀਕੇ ਬਿਨਾਂ ਹੀ ਮਨਸੁੱਖ ਗਾਉਂਦਾ ਹੋਇਆ ਪੌੜੀਆਂ ਉੱਤਰ ਗਿਆ।

ਕਾਲ਼ੀ ਬਨੇਰੇ ਦੇ ਨਾਲ਼ ਖੜ੍ਹਾ ਮਨਸੁੱਖ ਨੂੰ ਟਪੂਸੀਆਂ ਮਾਰ ਕੇ ਜਾਂਦੇ ਨੂੰ ਦੇਖਦਾ ਰਿਹਾ। ਜਦ ਉਹ ਲੋਕਾਂ ਦੇ ਮੇਲੇ ਵਿੱਚ ਜਾ ਕੇ ਕਾਲ਼ੀ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ ਤਾਂ ਉਹ ਆਪਣੀ ਮੰਜੀ ਦੇ ਕੋਲ਼ ਆ ਖੜ੍ਹਾ ਹੋਇਆ।

ਪਿਛਵਾੜੇ, ਵਰਕਸ਼ਾਪ ਵਿੱਚ ਖੜਕਾ ਸੁਣ ਕੇ ਕਾਲ਼ੀ ਛੱਤ ਦੇ ਉਸ ਪਾਸੇ ਵੱਲ ਚਲਾ ਗਿਆ ਜਿਥੋਂ ਵਰਕਸ਼ਾਪ ਦਿਖਾਈ ਦਿੰਦੀ ਸੀ। ਪਰ ਇਸ ਡਰ ਨਾਲ਼ ਉਹ ਉਦੋਂ ਹੀ ਮੁੜ ਆਇਆ ਕਿ ਕੋਈ ਉਹਨੂੰ ਦੇਖ ਕੇ ਪੁੱਛ ਨਾ ਲਵੇ ਕਿ ਉਹ ਕੌਣ ਹੈ ਤੇ ਇੰਨੀ ਰਾਤ ਗਏ ਉੱਥੇ

ਕੀ ਕਰ ਰਿਹਾ ਹੈ।

ਕਾਲ਼ੀ ਮੰਜੇ 'ਤੇ ਪਿਆ ਰੇਲਵੇ ਯਾਰਡ ਦੇ ਉੱਚੇ ਖੰਭਿਆਂ 'ਤੇ ਲੱਗੀਆਂ ਤੇਜ਼ ਰੌਸ਼ਨੀਆਂ ਨੂੰ ਦੇਖਦਾ ਰਿਹਾ। ਰੌਸ਼ਨੀ ਉਹਦੀਆਂ ਅੱਖਾਂ ਨੂੰ ਚੁੱਭਣ ਲੱਗੀ ਤਾਂ ਉਸ ਨੇ ਪਾਸਾ ਵੱਟ ਕੇ ਅੱਖਾਂ ਬੰਦ ਕਰ ਲਈਆਂ ਤੇ ਉਨ੍ਹਾਂ ਫ਼ਿਲਮਾਂ ਦੇ ਕਲਾਕਾਰਾਂ ਤੇ ਦ੍ਰਿਸ਼ਾਂ ਨੂੰ ਯਾਦ ਕਰਨ ਲੱਗਾ ਜੋ ਉਹਨੇ ਕਾਨਪੁਰ ਵਿੱਚ ਕਈ ਵਰ੍ਹੇ ਪਹਿਲਾਂ ਦੇਖੀਆਂ ਸਨ।

**ਚਾਰ**

ਮਨਸੁੱਖ ਅੱਧੀ ਰਾਤ ਦੇ ਬਾਅਦ ਥਪ-ਥਪ ਕਰਦਾ ਪੌੜੀਆਂ ਚੜ੍ਹਿਆ ਜਿਵੇਂ ਉਹ ਬਹੁਤ ਕਾਹਲ਼ੀ ਵਿੱਚ ਹੋਵੇ। ਉਹ ਘੜੀ-ਘੜੀ ਫ਼ਿਲਮ ਦਾ ਇੱਕ ਹੀ ਬੋਲ ਗੁਣਗੁਣਾ ਰਿਹਾ ਸੀ ਜਿਵੇਂ ਉਹ ਸ਼ਬਦ ਉਸ ਦੀ ਆਤਮਾ ਨੂੰ ਛੂਹ ਗਏ ਹੋਣ।

ਮਨਸੁੱਖ ਆਪਣੀ ਮੰਜੀ 'ਤੇ ਪੈ ਗਿਆ ਤੇ ਇੱਕ ਵਾਰ ਫਿਰ ਫ਼ਿਲਮੀ ਗੀਤ ਗੁਣ-ਗੁਣਾਉਣ ਲੱਗਾ। ਉਹ ਵਾਰ-ਵਾਰ ਪਾਸੇ ਬਦਲਦਾ ਜਿਵੇਂ ਉਸ ਨੂੰ ਨੀਂਦ ਨਾ ਆ ਰਹੀ ਹੋਵੇ।

ਮਨਸੁੱਖ ਦੇ ਲਗਾਤਾਰ ਗੁਣ-ਗੁਣਾਉਣ ਤੇ ਪਾਸੇ ਬਦਲਣ ਨਾਲ਼ ਮੰਜੀ ਚੀਕਦੀ, ਜਿਸ ਕਾਰਨ ਕਾਲੀ ਦੀ ਵੀ ਅੱਖ ਖੁੱਲ੍ਹ ਗਈ। ਪਰ ਉਹ ਅੱਖਾਂ ਬੰਦ ਕਰਕੇ ਪਿਆ ਰਿਹਾ।

ਹੌਲ਼ੀ-ਹੌਲ਼ੀ ਮਨਸੁੱਖ ਦੀ ਗੁਣ-ਗੁਣਾਹਟ ਬੰਦ ਹੋ ਗਈ ਅਤੇ ਉਸ ਦੇ ਮੂੰਹ 'ਤੇ ਨੱਕ ਰਾਹੀਂ ਹਲਕੇ-ਹਲਕੇ ਘੁਰਾੜਿਆਂ ਦੀ ਅਵਾਜ਼ ਆਉਣ ਲੱਗੀ।

ਕਾਲ਼ੀ ਵੀ ਸੌਣ ਦੀ ਕੋਸ਼ਿਸ਼ ਕਰਨ ਲੱਗਾ ਪਰ ਰੇਲਵੇ ਸਟੇਸ਼ਨ 'ਤੇ ਸ਼ੰਟਿੰਗ ਕਰ ਰਹੇ ਇੰਜਣ ਦੀ ਲਗਾਤਾਰ ਆ ਰਹੀ ਸ਼ਾਂ-ਸ਼ਾਂ ਦੀ ਅਵਾਜ਼ ਤੇ ਤਿੱਖੀਆਂ ਸੀਟੀਆਂ ਦੇ ਕਾਰਨ ਉਹਦੀ ਨੀਂਦ ਮੁੜ-ਮੁੜ ਕੇ ਉੱਖੜ ਜਾਂਦੀ ਸੀ। ਜਦ ਕਾਲ਼ੀ ਨੂੰ ਖਿਆਲ ਆਇਆ ਕਿ ਸਵੇਰੇ ਉਹਨੇ ਬਰਫ ਕਾਰਖਾਨੇ ਦੇ ਸਾਹਮਣੇ ਮਜ਼ਦੂਰ ਮੰਡੀ ਪਹੁੰਚਣਾ ਹੈ ਤਾਂ ਉਹਦੀ ਰਹਿੰਦੀ ਖੂੰਹਦੀ ਨੀਂਦ ਵੀ ਉੱਡ ਗਈ ਤੇ ਉਹ ਪੂਰੀ ਤਰ੍ਹਾਂ ਸੁਚੇਤ ਹੋ ਗਿਆ।

ਉਹਨੇ ਤਾਰਿਆਂ ਨੂੰ ਦੇਖ ਕੇ ਸਮੇਂ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਕੁਸ਼ ਪਤਾ ਨਾ ਲੱਗਾ ਕਿਉਂਕਿ ਉਸ ਨੂੰ ਤਾਰਿਆਂ ਦੀ ਕੋਈ ਜਾਣਕਾਰੀ ਨਹੀਂ ਸੀ। ਨਾ ਹੀ ਸ਼ਹਿਰ ਵਿੱਚ ਕੁੱਕੜ ਸਨ ਜੋ ਆਪਣੀ ਪਹਿਲੀ ਬਾਂਗ ਨਾਲ਼ ਪੌਹ ਫੱਟਣ ਦਾ ਐਲਾਨ ਕਰ ਦਿੰਦੇ।

ਜਦ ਸਟੇਸ਼ਨ ਨੂੰ ਜਾਣ ਵਾਲ਼ੀ ਸੜਕ 'ਤੇ ਤਾਂਗਿਆਂ ਦੀ ਟਾਪ ਸੁਣਾਈ ਦੇਣ ਲੱਗੀ ਤਾਂ ਕਾਲ਼ੀ ਨੇ ਅੰਦਾਜ਼ਾ ਲਾਇਆ ਕਿ ਸਵੇਰ ਹੋਣ ਵਿੱਚ ਬਹੁਤਾ ਚਿਰ ਨਹੀਂ ਸੀ। ਅੱਡੇ ਦੇ ਬਾਹਰ ਦੁਕਾਨ ਦੀ ਛੱਤ 'ਤੇ ਸੁੱਤਾ ਪਿਆ ਮੁੰਡਾ ਜਦ ਮਾਲਕ ਦੀਆਂ ਹਾਕਾਂ ਸੁਣ ਕੇ ਭਾਂ-ਭਾਂ ਕਰਦਾ ਅੰਗੜਾਈਆਂ ਲੈਣ ਲੱਗਾ ਤਾਂ ਕਾਲ਼ੀ ਵੀ ਉੱਠ ਖੜ੍ਹਾ ਹੋਇਆ।

ਉਹਨੇ ਮਨਸੁੱਖ ਵੱਲ ਦੇਖਿਆ। ਉਹ ਗੂਹੜੀ ਨੀਂਦ ਸੁੱਤਾ ਘੁਰਾੜੇ ਮਾਰ ਰਿਹਾ ਸੀ ਜਿਵੇਂ ਕਿਸੇ ਨੂੰ ਲਲਕਾਰ ਰਿਹਾ ਹੋਵੇ। ਮਨਸੁੱਖ ਵੱਲ ਦੇਖ ਕੇ ਕਾਲ਼ੀ ਨੂੰ ਈਰਖਾ ਹੋਈ ਕਿ ਉਹ ਕਿੰਨੀ ਬੇਫਿਕਰੀ ਨਾਲ਼ ਸੁੱਤਾ ਪਿਆ ਸੀ।

ਕਾਲ਼ੀ ਕੋਠੇ ਤੋਂ ਥੱਲੇ ਉੱਤਰ ਆਇਆ। ਉਹਨੇ ਇੱਕ ਖਾਲੀ ਬੋਤਲ ਚੁੱਕੀ ਤੇ ਨਲ਼ਕੇ ਤੋਂ ਪਾਣੀ ਦੀ ਭਰ ਕੇ ਰੇਲਵੇ ਪਟੜੀ ਵੱਲ ਆ ਗਿਆ ਤੇ ਉਹਦੇ ਨਾਲ਼ ਨਾਲ਼ ਤੁਰਦਾ ਢਲਾਨ ਵਿੱਚ ਉੱਤਰ ਗਿਆ।

ਜਦ ਉਹ ਮੁੜ ਕੇ ਆਇਆ ਤਾਂ ਰੇਲਵੇ ਰੋਡ ’ਤੇ ਰੌਣਕ ਵੱਧ ਗਈ ਸੀ। ਦੁਕਾਨਾਂ ਖੁੱਲ ਗਈਆਂ ਸਨ ਤੇ ਉਨ੍ਹਾਂ ਦੀ ਸਫਾਈ ਧੁਆਈ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ਼ ਚੱਲ ਰਿਹਾ ਸੀ ਅਤੇ ਅੰਗੀਠੀਆਂ ਮਗਾਹੀਆਂ ਜਾ ਰਹੀਆਂ ਸਨ। ਪਰ ਅੱਡੇ ’ਤੇ ਅਜੇ ਵੀ ਸਨਾਟਾ ਛਾਇਆ ਹੋਇਆ ਸੀ ਤੇ ਖੁੱਲ੍ਹੇ ਵਿਹੜੇ ਵਿੱਚ ਕਾਲ਼ੀ ਦੇ ਬਿਨਾਂ ਹੋਰ ਕੋਈ ਨਹੀਂ ਸੀ।

ਉਹਨੇ ਹਨੇਰੇ ਤੇ ਸਨਾਟੇ ਦਾ ਫਾਇਦਾ ਲੈਂਦੇ ਹੋਏ ਨਹਾਉਣ ਬਾਰੇ ਸੋਚਿਆ। ਪਰ ਉਹਦੇ ਕੋਲ਼ ਕੋਈ ਲੰਗੋਟ ਜਾਂ ਕਛਹਿਰਾ ਨਾ ਹੋਣ ਕਰਕੇ ਦੁਚਿੱਤੀ ਵਿੱਚ ਪੈ ਗਿਆ। ਇੱਕ ਵਾਰ ਫੇਰ ਉਹਨੂੰ ਆਪਣੇ ਆਪ ’ਤੇ ਤਰਸ ਆਉਣ ਲੱਗਾ। ਉਹਨੂੰ ਨਹਾਤੇ ਹੋਏ ਚਾਰ ਦਿਨ ਹੋ ਗਏ ਸਨ। ਉਹਨੂੰ ਆਪਣੇ ਆਪ ਤੋਂ ਮੁਸ਼ਕ ਆਉਂਦਾ ਸੀ। ਉਹਨੇ ਹੌਸਲਾ ਕਰਕੇ ਸਾਰੇ ਕੱਪੜੇ ਲਾਹ ਦਿੱਤੇ ਤੇ ਇੱਕ ਹੱਥ ਨਾਲ਼ ਨਲ਼ਕਾ ਗੇੜਦਾ ਹੋਇਆ ਨਾਉਣ ਲੱਗਾ। ਉਹਨੇ ਸਰੀਰ ਨੂੰ ਕਾਹਲ਼ੀ-ਕਾਹਲ਼ੀ ਮਲ-ਮਲ ਕੇ ਧੋਤਾ ਤੇ ਫੇਰ ਗਿੱਲੇ ਸਰੀਰ ’ਤੇ ਹੀ ਕੱਪੜੇ ਪਾ ਲਏ।

ਹਵਾ ਚੱਲਦੀ ਹੋਣ ਕਰਕੇ ਉਹਨੂੰ ਗਿੱਲੇ ਕਪੜਿਆਂ ਵਿੱਚ ਠੰਡ ਲੱਗਣ ਲੱਗੀ ਤੇ ਉਹ ਬਰਾਂਡੇ ਵਿੱਚ ਚਲੇ ਗਿਆ। ਜਦ ਠੰਡ ਕਰਕੇ ਕੰਬਣੀ ਛਿੜ ਪਈ ਤਾਂ ਉਹ ਫੇਰ ਮੁੜ ਕੇ ਬਾਹਰ ਆ ਗਿਆ। ਉਹ ਦੁਕਾਨ ਦੇ ਸਾਮ੍ਹਣੇ ਬਲ ਰਹੀ ਭੱਠੀ ਦੇ ਕੋਲ਼ ਖੜ੍ਹ ਗਿਆ ਤਾਂ ਕਿ ਸਰੀਰ ਕੁੱਝ ਗਰਮ ਹੋਵੇ ਤੇ ਕੰਬਣੀ ਤੋਂ ਛੁਟਕਾਰਾ ਮਿਲੇ। ਉਹ ਕਾਫੀ ਦੇਰ ਤੱਕ ਭੱਠੀ ਦੇ ਕੋਲ਼ ਖੜ੍ਹਾ ਅੱਗ ਸੇਕਦਾ ਰਿਹਾ। ਜਦ ਅੱਗ ਦੇ ਧੂੰਏਂ ਕਰਕੇ ਅੱਖਾਂ ’ਚੋਂ ਪਾਣੀ ਵੱਗਣ ਲੱਗਾ ਤਾਂ ਉਹ ਪਿੱਛੇ ਹਟ ਗਿਆ। ਕੱਪੜੇ ਸੇਕ ਨਾਲ਼ ਥੋੜ੍ਹੇ ਸੁੱਕ ਜਾਣ ਕਰਕੇ ਉਹਦੀ ਹੁਣ ਠੰਡ ਵੀ ਘੱਟ ਗਈ ਸੀ।

ਕਾਲ਼ੀ ਪੁਰਾਣੀ ਰੇਲਵੇ ਰੋਡ ’ਤੇ ਤੁਰਦਾ ਹੋਇਆ ਬਰਫ ਕਾਰਖਾਨੇ ਦੇ ਕੋਲ਼ ਪਹੁੰਚ ਗਿਆ। ਕਾਰਖਾਨੇ ਦੀ ਇਮਾਰਤ ਉੱਤੇ ਬਿਜਲੀ ਦਾ ਮੱਧਮ ਜਿਹਾ ਲਾਟੂ ਜਗਮਗਾ ਰਿਹਾ ਸੀ ਤੇ ਇਹੋ ਜਿਹਾ ਹੀ ਇੱਕ ਬਲਬ ਉੱਚੀ ਸਾਰੀ ਕੰਧ ਤੇ ਲੱਗਾ ਮਾਲਗੁਦਾਮਾਂ ਨੂੰ ਜਾਣ ਵਾਲ਼ੀ ਕੱਚੀ-ਪੱਕੀ ਸੜਕ ’ਤੇ ਰੌਸ਼ਨੀ ਮਾਰ ਰਿਹਾ ਸੀ। ਉੱਥੇ ਮਜ਼ਦੂਰਾਂ ਦਾ ਸ਼ੋਰ ਜਾਂ ਹੰਗਾਮਾ ਤਾਂ ਇੱਕ ਪਾਸੇ, ਆਦਮੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਗੁਦਾਮਾਂ ਦੇ ਨੇੜੇ ਕੰਧ ’ਤੇ ਲਾਠੀ ਮਾਰ ਕੇ ਆਪਣੀ ਹੋਂਦ ਦੀ ਸੂਚਨਾ ਦਿੰਦੇ ਹੋਏ ਕੁੱਝ ਚੌਕੀਦਾਰ ਜ਼ਰੂਰ ਸਨ। ਕਾਲ਼ੀ ਲਾਠੀਆਂ ਦੀ ਅਵਾਜ਼ ਤੋਂ ਡਰ ਕੇ ਅੱਡੇ ਵੱਲ ਨੂੰ ਮੁੜ ਆਇਆ।

ਹਨੇਰਾ ਘਟਣਾ ਸ਼ੁਰੂ ਹੋ ਗਿਆ ਸੀ। ਅੱਡੇ ਤੇ ਹੋਰ ਇਮਾਰਤਾਂ ਦੇ ਆਕਾਰ ਸਾਫ ਦਿੱਸਣ ਲੱਗ ਪਏ ਸਨ। ਕਾਲ਼ੀ ਕੋਠੇ ’ਤੇ ਚਲੇ ਗਿਆ। ਮਨਸੁੱਖ ਅਜੇ ਵੀ ਅਰਾਮ ਨਾਲ਼ ਸੌਂ ਰਿਹਾ ਸੀ। ਉਹ ਵੀ ਮੰਜੇ ਤੇ ਸਿੱਧਾ ਪੈ ਗਿਆ ਤੇ ਅਕਾਸ਼ ’ਤੇ ਫਿੱਕੇ ਪੈ ਰਹੇ ਤਾਰਿਆਂ ਨੂੰ ਦੇਖਣ ਲੱਗਾ। ਜਦ ਉਹਨੂੰ ਆਪਣੇ ਪਿੰਡ ਦਾ ਤਾਰਿਆਂ ਭਰਿਆ ਅਕਾਸ਼ ਤੇ ਮਿੱਟੀ ਦੀ ਸੁਗੰਧ ਭਰੀ

ਸਵੇਰ ਯਾਦ ਆਉਣ ਲੱਗੀ ਤਾਂ ਉਹ ਉੱਠ ਕੇ ਬੈਠ ਗਿਆ ਤੇ ਹੌਲ਼ੀ ਹੌਲ਼ੀ ਤੁਰਦਾ ਕੋਠੇ 'ਤੇ ਟਹਿਲਣ ਲੱਗਾ।

ਵਰਕਸ਼ਾਪ ਵਿੱਚ ਰੌਣਕ ਵੱਧ ਗਈ ਸੀ। ਇਕੋ ਸਮੇਂ ਕਈ ਆਦਮੀ ਬੋਲ ਰਹੇ ਸਨ। ਕਾਲ਼ੀ ਕੋਠੇ ਦੇ ਉਸ ਹਿੱਸੇ ਵਿੱਚ ਚਲਾ ਗਿਆ ਜਿਥੋਂ ਵਰਕਸ਼ਾਪ ਪੂਰੀ ਤਰ੍ਹਾਂ ਦਿਖਾਈ ਦਿੰਦੀ ਸੀ। ਦੋ ਬੱਸਾਂ ਦੀ ਸਫਾਈ ਹੋ ਰਹੀ ਸੀ ਤੇ ਉਨ੍ਹਾਂ ਦੇ ਡਰਾਈਵਰ ਤੇ ਕਲੀਨਰ ਵਰਕਸ਼ਾਪ ਦੇ ਨਲ਼ਕੇ 'ਤੇ ਹੱਥ-ਮੂੰਹ ਧੋ ਰਹੇ ਸਨ। ਮਕੈਨਿਕ ਲਾਰੀ ਦੇ ਇੰਜ਼ਣ ਦਾ ਬੋਨਟ ਉੱਪਰ ਚੁੱਕ ਕੇ ਠੋਕਾ-ਠਾਕੀ ਕਰ ਰਿਹਾ ਸੀ। ਫਿਰ ਬੋਨਟ ਬੰਦ ਕਰਕੇ ਉਸ ਨੇ ਇੰਜ਼ਣ ਚਾਲੂ ਕਰ ਦਿੱਤਾ ਤੇ ਹੌਲ਼ੀ ਹੌਲ਼ੀ ਪੂਰੀ ਕੀਲੀ ਦੱਬ ਦਿੱਤੀ। ਬੱਸ ਦਾ ਪਿਛਲਾ ਹਿੱਸਾ ਧੂੰਏ ਨਾਲ਼ ਭਰ ਗਿਆ ਤੇ ਬਹੁਤ ਉੱਚਾ ਤੇ ਕੁਰੱਖਤ ਜਿਹਾ ਰੌਲ਼ਾ ਪਾਉਣ ਲੱਗਾ। ਮਿਸਤਰੀ ਨੇ ਲਾਰੀ ਦੀ ਕੀਲੀ ਦਾ ਦਬਾਅ ਥੋੜ੍ਹਾ ਘੱਟ ਕਰ ਦਿੱਤਾ ਤਾਂ ਗੱਡੀ ਚੋਂ ਗੁਰਰ-ਗੁਰਰ ਦੀ ਸਮਤਲ ਜਿਹੀ ਅਵਾਜ਼ ਆਉਣ ਲੱਗੀ। ਉਹਨੇ ਦੂਜੀ ਬੱਸ ਦਾ ਵੀ ਬੋਨਟ ਚੁੱਕ ਕੇ ਇੰਜ਼ਣ ਚੈੱਕ ਕੀਤਾ। ਉਹਨੂੰ ਚਲਾਇਆ ਤੇ ਗੁਰਰ-ਗੁਰਰ ਦੀ ਅਵਾਜ਼ ਕੱਢਦੇ ਨੂੰ ਛੱਡ ਕੇ ਖਿੜਕੀ ਵਿੱਚੋਂ ਛਾਲ ਮਾਰ ਕੇ ਬਾਹਰ ਆ ਗਿਆ।

"ਗੱਡੀਆਂ ਟੈਸਟ ਕਰ ਦਿੱਤੀਆਂ ਹਨ। ਹਵਾ, ਤੇਲ, ਪਾਣੀ ਸਭ ਠੀਕ ਹੈ। ਬੈਟਰੀ ਵੀ ਠੀਕ ਹੈ। ਲੈ ਜਾਓ ਅੱਡੇ ਨੂੰ।" ਉਸ ਨੇ ਮੈਲ਼ੇ ਕੱਪੜੇ ਨਾਲ਼ ਹੱਥ ਪੂੰਝਦਿਆਂ ਡਰਾਈਵਰਾਂ ਨੂੰ ਇਸ਼ਾਰਾ ਕੀਤਾ।

ਕਾਲ਼ੀ ਜਦ ਮੁੜ ਕੇ ਆਇਆ ਤਾਂ ਮਨਸੁੱਖ ਮੰਜੀ 'ਤੇ ਪਿਆ ਪਾਸੇ ਮਾਰ ਰਿਹਾ ਸੀ। ਉਹਨੇ ਅੱਖਾਂ ਖੋਲ੍ਹ ਕੇ ਕਾਲ਼ੀ ਵੱਲ ਦੇਖਿਆ। "ਤੂੰ ਕਦੋਂ ਉਠਿਆ ?"

"ਬਹੁਤ ਟੈਮ ਹੋ ਗਿਆ। ਮੈਂ ਤਾਂ ਜੰਗਲ-ਪਾਣੀ ਜਾ ਕੇ ਨਹਾ ਵੀ ਲਿਆ। ਬਰਫ ਕਾਰਖਾਨੇ ਦਾ ਵੀ ਇੱਕ ਚੱਕਰ ਲਾ ਆਇਆਂ। ਉੱਥੇ ਗੁਦਾਮਾਂ ਦੇ ਪਹਿਰੇਦਾਰਾਂ ਦੇ ਸਿਵਾ ਅਜੇ ਹੋਰ ਕੋਈ ਨਹੀਂ ਸੀ।" ਕਾਲ਼ੀ ਨੇ ਦੱਸਿਆ।

"ਅੱਛਾ। ਤੂੰ ਤਾਂ ਬੜਾ ਹਿੰਮਤੀ ਆਂ। ... ਮੈਂ ਇੱਕ ਤਾਂ ਅੱਧੀ ਰਾਤ ਤੋਂ ਬਾਅਦ ਸੁੱਤਾ। ਫੇਰ ਸਾਲ਼ੀ ਫ਼ਿਲਮ ਦੇ ਸੀਨ ਯਾਦ ਆਉਂਦੇ ਰਹੇ। ਦਿੱਲੀ ਜਾਣ ਵਾਲ਼ੀ ਪੈਸੰਜਰ ਗੱਡੀ ਦੇ ਚਲੇ ਜਾਣ ਤੋਂ ਬਾਅਦ ਜਾ ਕੇ ਕਿਤੇ ਨੀਂਦ ਆਈ। ਬਹੁਤ ਮਿੱਠੀ ਨੀਂਦ ਆਈ। ਬੱਸ ਨੇ ਜਗਾ ਦਿੱਤਾ।" ਮਨਸੁੱਖ ਨੇ ਮੰਜੀ 'ਤੇ ਬੈਠਦੇ ਹੋਏ ਅੰਗੜਾਈ ਲਈ ਅਤੇ ਮੋਢਿਆਂ ਤੇ ਬਾਹਾਂ ਨੂੰ ਝਟਕਣ ਲੱਗਾ। ਫਿਰ ਉਹ ਮੰਜੀ ਤੋਂ ਉੱਠ ਖੜ੍ਹਾ ਹੋਇਆ।

ਦੋਨੋਂ ਮੰਜੀਆਂ ਕੰਧ ਨਾਲ਼ ਖੜ੍ਹੀਆ ਕਰਕੇ ਕਾਲ਼ੀ ਵੀ ਮਨਸੁੱਖ ਦੇ ਪਿੱਛੇ-ਪਿੱਛੇ ਪੌੜੀਆਂ ਉੱਤਰ ਆਇਆ। ਮਨਸੁੱਖ ਬੋਤਲ ਚੁੱਕ ਕੇ ਨਲਕੇ ਵੱਲ ਚਲਾ ਗਿਆ ਤੇ ਕੰਧ ਵੱਲ ਜਾਂਦਾ ਹੋਇਆ ਬੋਲਿਆ, "ਅੱਜ ਜੰਗਲ-ਪਾਣੀ ਦੇ ਲਈ ਦੂਰ ਜਾਣਾ ਪਊਗਾ। ਦਿਨ ਚੜ੍ਹ ਆਇਆ ਨਾ। ਨ੍ਹੇਰਾ ਹੋਵੇ ਤਾਂ ਨੇੜੇ ਹੀ ਇੱਕ ਜਗ੍ਹਾ ਹੈ। ਇੱਧਰ ਸੱਜੀ ਕੰਧ ਦੇ ਦੂਜੇ ਪਾਸੇ। ਉੱਥੇ ਜ਼ਮੀਨ ਦੇ ਥੱਲੇ ਇੱਕ ਛੋਟਾ ਜਿਹਾ ਨਾਲ਼ਾ ਵਹਿੰਦਾ ਹੈ। ਇੱਕ-ਦੋ ਥਾਂ ਤੋਂ ਉਸ ਦੀ ਛੱਤ ਟੁੱਟੀ ਹੋਈ ਹੈ। ਉੱਥੇ ਬੈਠ ਜਾਈਦਾ ਹੈ।"

"ਮੈਂ ਬਰਫ ਕਾਰਖਾਨੇ ਜਾ ਕੇ ਆਉਂਦਾ ਹਾਂ।" ਕਾਲ਼ੀ ਨੇ ਕਿਹਾ।

"ਉੱਥੇ ਕੋਈ ਨਹੀਂ ਹੋਣਾ ਇਸ ਸਮੇਂ। ਉਦਾਂ ਤੇਰੀ ਮਰਜ਼ੀ ਹੈ।" ਮਨਸੁੱਖ ਕੰਧ ਟੱਪ ਕੇ ਪਾਰ ਚਲੇ ਗਿਆ।

ਮਨਸੁੱਖ ਦੀ ਉਡੀਕ ਕਰਦਾ ਕਾਲ਼ੀ ਖੁੱਲੇ ਵਿਹੜੇ ਵਿੱਚ ਘੁੰਮਦਾ ਰਿਹਾ। ਡਰਾਈਵਰ ਦੋਵਾਂ ਬੱਸਾਂ ਨੂੰ ਅੱਡੇ ਦੇ ਅੰਦਰ ਲੈ ਆਏ ਤੇ ਉਨ੍ਹਾਂ ਦੇ ਮੂੰਹ ਸੜਕ ਵੱਲ ਕਰਕੇ ਬਰਾਬਰ ਖੜ੍ਹੀਆਂ ਕਰ ਦਿੱਤੀਆਂ ਤੇ ਆਪ ਮੁਕੰਦੇ ਹਲਵਾਈ ਦੀ ਦੁਕਾਨ 'ਤੇ ਜਾ ਬੈਠੇ।

ਮਨਸੁੱਖ ਛੇਤੀ ਹੀ ਮੁੜ ਆਇਆ। ਬੱਸਾਂ ਨੂੰ ਅੱਡੇ ਦੇ ਅੰਦਰ ਖੜ੍ਹਾ ਦੇਖ ਕੇ ਉਸ ਨੇ ਕਾਲ਼ੀ ਨੂੰ ਪੁੱਛਿਆ, "ਬੱਸਾਂ ਕਦੋਂ ਅੰਦਰ ਆਈਆਂ ?"

"ਬਸ ਹੁਣੇ, ਥੋੜ੍ਹੀ ਦੇਰ ਪਹਿਲਾਂ।"

"ਡਰਾਈਵਰ-ਕਲੀਨਰ ਕਿੱਥੇ ਹਨ ?"

"ਹਲਵਾਈ ਦੀ ਦੁਕਾਨ ਨੂੰ ਗਏ ਆ।" ਕਾਲ਼ੀ ਨੇ ਸੜਕ ਤੇ ਮੁਕੰਦੇ ਦੀ ਦੁਕਾਨ ਵੱਲ ਇਸ਼ਾਰਾ ਕੀਤਾ।

"ਠੀਕ ਹੈ। ਫਿਰ ਕੋਈ ਚਿੰਤਾ ਨਹੀਂ।" ਮਨਸੁੱਖ ਨੇ ਸੁਖ ਦਾ ਸਾਹ ਲਿਆ 'ਤੇ ਕਮੀਜ਼, ਪਜਾਮਾ ਲਾਹੁੰਦਾ ਹੋਇਆ ਬੋਲਿਆ, "ਯਾਰ, ਆ ਨਲ਼ਕਾ ਗੇੜ ਦੇ। ਕਾਹਲ਼ੀ-ਕਾਹਲ਼ੀ ਇੱਕ ਚੁੱਬੀ ਲਾ ਹੀ ਲੈਂਦਾ ਹਾਂ।"

ਕਾਲ਼ੀ ਨਲ਼ਕਾ ਗੇੜਣ ਲੱਗਾ 'ਤੇ ਮਨਸੁੱਖ ਮੋਟੀ ਧਾਰ ਦੇ ਥੱਲੇ ਬੈਠਾ ਸੁਸਤੀ ਦੂਰ ਕਰਦਾ ਰਿਹਾ।

ਡਰਾਈਵਰਾਂ ਦੇ ਆਉਣ ਤੋਂ ਪਹਿਲਾਂ ਹੀ ਮਨਸੁੱਖ ਤਿਆਰ ਹੋ ਕੇ ਬੱਸਾਂ ਦੇ ਕੋਲ਼ ਆ ਖੜ੍ਹਾ ਹੋਇਆ। "ਉਸਤਾਦ ਜੀ, ਬੰਦਗੀ।" ਮਨਸੁੱਖ ਨੇ ਖੁਸ਼ ਹੁੰਦਿਆਂ ਮੱਥੇ ਨੂੰ ਛੂਹਿਆ। "ਬੰਦਗੀ ਭਾਈ," ਡਰਾਈਵਰ ਸੁਰਜਨ ਲਾਲ ਨੇ ਕਿਹਾ, "ਨਵੇਂ ਸ਼ਹਿਰ ਦਾ ਹੋਕਾ ਦੇ ਦੇ। ਹੁਸ਼ਿਆਰਪੁਰ ਤੋਂ ਪਹਿਲੀ ਗੱਡੀ ਸਟੇਸ਼ਨ 'ਤੇ ਆ ਗਈ ਹੈ।"

"ਬਹੁਤ ਬੇਹਤਰ, ਉਸਤਾਦ ਜੀ", ਮਨਸੁੱਖ ਸੜਕ ਵੱਲ ਨੂੰ ਚਲੇ ਗਿਆ। ਕਾਲ਼ੀ ਵੀ ਉਹਦੇ ਮਗਰ-ਮਗਰ ਤੁਰ ਪਿਆ ਤੇ ਸੜਕ ਦੇ ਕੰਢੇ ਉਹਦੇ ਬਰਾਬਰ ਆ ਖੜ੍ਹਾ ਹੋਇਆ, "ਮੈਂ ਚਲਦਾ ਹਾਂ, ਬਰਫ ਕਾਰਖਾਨੇ ਨੂੰ।"

"ਹਾਂ ਚਲਾ ਜਾ। ਮਜ਼ਦੂਰ ਮੰਡੀ ਵਿੱਚ ਖੜ੍ਹੇ ਦਾ ਖਾਲਸਾ ਹੀ ਹੁੰਦਾ ਹੈ। ਜਿਸ ਨੂੰ ਮਜ਼ਦੂਰੀ ਦੀ ਲੋੜ ਹੁੰਦੀ ਹੈ, ਉਹ ਆਉਂਦਾ ਹੈ ਤੇ ਆਦਮੀ ਛਾਂਟ ਕੇ ਆਪਣੇ ਨਾਲ਼ ਹੀ ਲੈ ਜਾਂਦਾ ਹੈ। ਇਸ ਤਰ੍ਹਾਂ ਉਹ ਟੈਮ ਬਚਾ ਕੇ ਉਨੇ ਹੀ ਪੈਸਿਆਂ ਵਿੱਚ ਜ਼ਿਆਦਾ ਕੰਮ ਕਰਵਾ ਲੈਂਦਾ ਹੈ।" ਮਨਸੁੱਖ ਨੇ ਕਾਲ਼ੀ ਨੂੰ ਸਮਝਾਇਆ ਤੇ ਆਪ ਹੋਕਾ ਦੇਣ ਲੱਗਾ, "ਆ ਜਾਓ ਫਗਵਾੜਾ, ਬਹਿਰਾਮ, ਬੰਗੇ, ਨਵਾਂ ਸ਼ਹਿਰ, ਗੋਰਾਇਆਂ, ਫਿਲੌਰ ਤੇ ਲੁਧਿਆਣੇ ਜਾਣ ਵਾਲ਼ੇ।"

ਮਨਸੁੱਖ ਦੇ ਹੋਕੇ ਨੂੰ ਪਿੱਛੇ ਛੱਡਦਾ ਹੋਇਆ ਕਾਲ਼ੀ ਕਾਹਲ਼ੀ-ਕਾਹਲ਼ੀ ਬਰਫ ਕਾਰਖਾਨੇ ਵੱਲ ਨੂੰ ਤੁਰਦਾ ਰਿਹਾ। ਉਹਨੂੰ ਡਰ ਸੀ ਕਿ ਕਿਤੇ ਉਹ ਲੇਟ ਨਾ ਹੋ ਗਿਆ ਹੋਵੇ। ਸੜਕ ਤੇ ਕਾਫੀ ਰੌਣਕ ਸੀ। ਬਹੁਤ ਸਾਰੇ ਦੋਧੀ ਸਾਈਕਲਾਂ ਦੇ ਪਿੱਛੇ ਦੋਨੀਂ ਪਾਸੀਂ ਦੁੱਧ ਨਾਲ਼

ਭਰੀਆਂ ਗਾਗਰਾਂ ਤੇ ਡਰੰਮ ਬੰਨ੍ਹੀ ਅਤੇ ਹੈਂਡਲਾਂ ਨਾਲ਼ ਛੋਟੇ ਡੱਬੇ ਲਟਕਾਈ ਹਲਵਾਈਆਂ ਦੀਆਂ ਦੁਕਾਨਾਂ ਤੇ ਮੁਹੱਲਿਆਂ ਨੂੰ ਦੌੜੇ ਜਾ ਰਹੇ ਸਨ।

ਕਾਲ਼ੀ ਬਰਫ ਕਾਰਖਾਨੇ ਦੇ ਸਾਹਮਣੇ ਪਹੁੰਚ ਗਿਆ। ਵਿਹੜੇ ਵਿੱਚ ਕਈ ਰੇੜ੍ਹੇ ਤੇ ਰੇੜ੍ਹੀਆਂ ਖੜ੍ਹੀਆ ਸਨ ਤੇ ਉਨ੍ਹਾਂ ਉੱਪਰ ਬਰਫ ਦੇ ਬੜੇ ਬੜੇ ਡਲੇ ਲੱਦੇ ਜਾ ਰਹੇ ਸਨ। ਜਿਹੜਾ ਰੇੜ੍ਹਾ ਜਾਂ ਰੇੜ੍ਹੀ ਲੱਦ ਹੋ ਜਾਂਦੇ ਉਹ ਉੱਥੋਂ ਗੇਟ 'ਤੇ ਆ ਜਾਂਦੇ ਤੇ ਰੇੜ੍ਹੇ ਜਾਂ ਰੇੜ੍ਹੀ ਵਾਲ਼ਾ ਰਾਹਦਾਰੀ ਦਾ ਪਰਚਾ ਗੇਟ 'ਤੇ ਬੈਠੇ ਆਦਮੀ ਨੂੰ ਫੜਾ ਕੇ ਅੱਗੇ ਲੰਘ ਜਾਂਦਾ।

ਰੇੜ੍ਹੇ ਤੇ ਰੇੜ੍ਹੀਆਂ ਲਈ ਜਦ ਅੰਦਰ ਥਾਂ ਨਾ ਰਹੀ ਤਾਂ ਉਹ ਕਤਾਰ ਬਣਾ ਕੇ ਗੇਟ ਦੇ ਇੱਕ ਪਾਸੇ ਖੜੇ ਹੋ ਗਏ। ਕਾਲ਼ੀ ਧਿਆਨ ਨਾਲ਼ ਸਭ ਕੁੱਝ ਦੇਖਦਾ ਰਿਹਾ। ਫਿਰ ਗੇਟ ਲੰਘ ਕੇ ਗੁਦਾਮਾਂ ਵੱਲ ਦੇਖਣ ਲੱਗਾ ਪਰ ਉੱਥੇ ਬਿਲਕੁੱਲ ਸੁੰਨਸਾਨ ਸੀ।

ਮੈਲ਼ੇ ਕੁਚੈਲ਼ੇ ਕਪੜਿਆਂ ਵਾਲ਼ਾ ਇੱਕ ਆਦਮੀ ਕਾਲ਼ੀ ਦੇ ਕੋਲ਼ ਦੀ ਲੰਘਿਆ ਤਾਂ ਕਾਲ਼ੀ ਵੀ ਉਹਦੇ ਮਗਰ-ਮਗਰ ਤੁਰ ਪਿਆ। ਜਦ ਉਹ ਗੁਦਾਮਾਂ ਵੱਲ ਨੂੰ ਤੁਰਿਆ ਹੀ ਗਿਆ ਤਾਂ ਕਾਲ਼ੀ ਨੇ ਉਹਨੂੰ ਹਾਕ ਮਾਰ ਕੇ ਰੋਕ ਲਿਆ, "ਭਾਈ ਜੀ!"

ਕਾਹਲ਼ੀ ਨਾਲ਼ ਉਹਦੇ ਕੋਲ਼ ਜਾ ਕੇ ਕਾਲ਼ੀ ਨੇ ਸਹਿਜ ਨਾਲ਼ ਪੁੱਛਿਆ, ਇੱਥੇ ਮਜ਼ਦੂਰਾਂ ਦੀ ਮੰਡੀ ਕਿੱਥੇ ਲਗਦੀ ਹੈ?"

"ਦੋ ਥਾਈਂ ਹੈ।" ਉਸ ਨੇ ਗੁਦਾਮਾਂ ਦੇ ਨੇੜੇ ਇੱਕ ਦਰੱਖਤ ਵੱਲ ਇਸ਼ਾਰਾ ਕੀਤਾ, "ਪਾਂਡੀਆਂ ਦੀ ਮੰਡੀ ਤਾਂ ਉਸ ਦਰੱਖਤ ਦੇ ਥੱਲੇ ਲਗਦੀ ਹੈ। ਰਾਜ, ਕਾਰੀਗਰ ਤੇ ਦੂਜੇ ਮਜ਼ਦੂਰ ਰੇੜ੍ਹਿਆਂ ਦੇ ਨੇੜੇ ਇਕੱਠੇ ਹੁੰਦੇ ਹਨ।"

"ਕਿੰਨਾ ਚਿਰ ਹੈ ਅਜੇ ਮੰਡੀ ਲੱਗਣ ਵਿੱਚ?" ਕਾਲ਼ੀ ਨੇ ਡਰਦੇ ਡਰਦੇ ਪੁੱਛਿਆ।

"ਬਸ ਲੱਗਣ ਹੀ ਵਾਲ਼ੀ ਹੈ। ਜ਼ਰੂਰਤ ਮੰਦ ਆਉਣੇ ਸ਼ੁਰੂ ਹੋ ਜਾਣਗੇ।" ਉਸ ਆਦਮੀ ਨੇ ਦੱਸਿਆ। ਫਿਰ ਪੁੱਛਿਆ, "ਕੀ ਤੂੰ ਕਿਸੇ ਨੂੰ ਮਿਲ਼ਣਾ ਹੈ?"

"ਨਹੀਂ, ਮੈਨੂੰ ਵੀ ਕੰਮ ਚਾਹੀਦਾ ਹੈ।" ਕਾਲ਼ੀ ਨੇ ਹੱਥ ਜੋੜੇ।

"ਕੋਸ਼ਿਸ਼ ਕਰ ਕੇ ਦੇਖ ਲਓ। ਪਰ ਹੈ ਮੁਸ਼ਕਲ। ਇੱਥੇ ਜ਼ਿਆਦਾਤਰ ਪੱਕੇ ਮਜ਼ਦੂਰ ਹਨ। ਕੱਚੀ ਮਜ਼ਦੂਰੀ ਵੀ ਨਿਕਲ਼ਦੀ ਰਹਿੰਦੀ ਹੈ। ਸ਼ਾਇਦ ਕੋਈ ਜ਼ਰੂਰਤਮੰਦ ਆ ਹੀ ਜਾਵੇ।"

"ਕੀ ਮਾਲਗੁਦਾਮਾਂ ਵਿੱਚ ਗੁੰਜਾਇਸ਼ ਹੋ ਸਕਦੀ ਹੈ?"

"ਬਹੁਤ ਮੁਸ਼ਕਲ ਹੈ। ਹਰ ਗੁਦਾਮ ਦੇ ਆਪਣੇ ਪੱਕੇ ਪਾਂਡੀ ਰੱਖੇ ਹੋਏ ਹਨ। ਜਿਸ ਦਿਨ ਕੰਮ ਨਹੀਂ ਹੁੰਦਾ, ਉਹ ਵੀ ਬੇਕਾਰ ਬੈਠੇ ਰਹਿੰਦੇ ਹਨ। ਵੈਸੇ ਖੜ੍ਹੇ ਹੋਣ ਵਿੱਚ ਕੋਈ ਹਰਜ ਨਹੀਂ ਹੈ।" ਉਸ ਨੇ ਹੌਸਲਾ ਦਿੱਤਾ, "ਇੱਥੇ ਕੰਮ ਵੀ ਬਹੁਤ ਹੈ ਤੇ ਬੰਦੇ ਵੀ ਅਣਗਿਣਤ ਹਨ। ਹਾਲਤ ਇੰਨੀ ਮਾੜੀ ਹੈ ਕਿ ਝੋਟੇ ਜਾਂ ਬਲਦ ਦੇ ਥਾਂ ਵੀ ਆਦਮੀ ਰੇੜ੍ਹੇ ਖਿੱਚਣ ਲਈ ਤਿਆਰ ਹਨ।"

ਕਾਲ਼ੀ ਬਰਫ ਕਾਰਖ਼ਾਨੇ ਦੀ ਕੰਧ ਨਾਲ਼ ਲੱਗ ਕੇ ਬੈਠ ਗਿਆ। ਗੇਟ ਦੇ ਸਾਹਮਣੇ ਰੇੜ੍ਹੇ-ਰੇੜ੍ਹੀਆਂ ਦੀ ਲਾਈਨ ਖਤਮ ਹੋ ਗਈ ਸੀ। ਅੰਦਰੋਂ ਵੀ ਹੁਣ ਰੇੜ੍ਹੇ-ਰੇੜ੍ਹੀਆਂ ਪਹਿਲਾਂ ਨਾਲ਼ੋਂ ਘੱਟ ਨਿਕਲ਼ ਰਹੇ ਸਨ ਤੇ ਵਿਹੜੇ ਦਾ ਰੌਲ਼ਾ ਬਹੁਤ ਹੱਦ ਤੱਕ ਠੰਡਾ ਪੈ ਗਿਆ ਸੀ।

ਇਹ ਦੇਖ ਕੇ ਕਾਲ਼ੀ ਦੀ ਨਿਰਾਸ਼ਾ ਵੱਧਣ ਲੱਗੀ ਤੇ ਉਸ ਨੂੰ ਆਪਣੀ ਬੇਬਸੀ ਦਾ ਅਹਿਸਾਸ ਹੋਣ ਲੱਗਾ। ਬੀਤੇ ਹੋਏ ਸਮੇਂ ਬਾਰੇ ਸੋਚਿਆ ਤਾਂ ਉਹ ਉਸ ਨੂੰ ਬਹੁਤ ਵਧੀਆ ਲੱਗਾ। ਬਰਕਤ ਤੇ ਉਹਦੇ ਸਾਥੀ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਮੂੰਹ ਵਿੱਚ ਦੁੱਧ-ਜਲੇਬੀ ਦਾ ਸਵਾਦ ਯਾਦ ਕਰਕੇ ਕਾਲ਼ੀ ਗੱਦਗੱਦ ਹੋ ਗਿਆ ਕਿ ਜੇ ਸਾਰੇ ਲੋਕ ਬਰਕਤ ਤੇ ਮਨਸੁੱਖ ਵਰਗੇ ਹੋ ਜਾਣ ਤਾਂ ਸਵਰਗ ਇਸੇ ਧਰਤੀ 'ਤੇ ਉੱਤਰ ਆਵੇਗਾ।

ਕਾਲ਼ੀ ਆਸ਼ਾ-ਨਿਰਾਸ਼ਾ ਵਿੱਚ ਲਟਕਿਆ ਹੋਇਆ ਵਿਚਾਰਾਂ ਵਿੱਚ ਭਟਕ ਰਿਹਾ ਸੀ ਕਿ ਉੱਥੇ ਸਾਈਕਲ ਤੇ ਦੋ ਆਦਮੀ ਆਏ। ਇੱਕ ਗੱਭਰੂ ਮੁੰਡਾ ਸਾਈਕਲ ਚਲਾ ਰਿਹਾ ਸੀ ਤੇ ਪੈਂਤੀ-ਪੰਜਾਹ ਦੇ ਵਿਚਾਲੇ ਉਮਰ ਦਾ ਦੂਜਾ ਆਦਮੀ ਪਿਛਲੀ ਸੀਟ 'ਤੇ ਬੈਠਾ ਸੀ। ਕਾਲ਼ੀ ਦੇ ਬਰਾਬਰ ਆ ਕੇ ਗੱਭਰੂ ਮੁੰਡੇ ਨੇ ਸਾਈਕਲ ਖੜ੍ਹਾ ਕਰ ਲਿਆ। ਪਿੱਛੇ ਸੀਟ ਤੇ ਬੈਠਾ ਆਦਮੀ ਵੀ ਉੱਤਰ ਗਿਆ।

"ਕਿੱਥੇ ਆ ਤੇਰਾ ਮਿਸਤਰੀ ਤੇ ਮਜ਼ਦੂਰ ?" ਕੰਦਨ ਲਾਲ ਨੇ ਪ੍ਰਦੀਪ ਨੂੰ ਪੁੱਛਿਆ।

"ਤਾਇਆ ਜੀ, ਇੱਥੋਂ ਹੀ ਲੈ ਕੇ ਗਿਆ ਸੀ। ਉਹ ਇੱਥੇ ਜ਼ਰੂਰ ਆਉਂਦਾ ਹੈ।" ਪ੍ਰਦੀਪ ਨੇ ਭਰੋਸਾ ਦੁਆਇਆ।

ਉਹ ਦੋਨੋਂ ਉੱਥੇ ਅਲਸਾਏ ਜਿਹੇ ਖੜ੍ਹੇ ਇੱਧਰ ਉੱਧਰ ਦੇਖਦੇ ਰਹੇ। ਫਿਰ ਉਹ ਸਾਈਕਲ ਦੇ ਨਾਲ਼-ਨਾਲ਼ ਤੁਰਦੇ ਸੜਕ ਵੱਲ ਨੂੰ ਚਲੇ ਗਏ। ਰਾਹ ਵਿੱਚ ਇੱਕ ਆਦਮੀ ਨੂੰ ਆਉਂਦਾ ਦੇਖ ਕੇ ਪ੍ਰਦੀਪ ਨੇ ਖੁਸ਼ ਹੁੰਦਿਆਂ ਕਿਹਾ, "ਤਾਇਆ ਜੀ, ਮੈਂ ਦੱਸਿਆ ਸੀ ਕਿ ਉਹ ਇੱਥੇ ਜ਼ਰੂਰ ਆਊਗਾ। ਇਹ ਇਸ ਦਾ ਰੋਜ਼ ਦਾ ਕੰਮ ਹੈ। ਇੱਥੇ ਗੇੜਾ ਲਾਏ ਬਿਨਾਂ ਨਾ ਇਹਨੂੰ ਰੋਟੀ ਪੱਚਦੀ ਹੈ ਤੇ ਨਾ ਹੀ ਰਾਤ ਨੂੰ ਚੰਗੀ ਤਰ੍ਹਾਂ ਨੀਂਦ ਆਉਂਦੀ ਹੈ।"

"ਇਹ ਤਾਂ ਕੱਲਾ ਹੀ ਹੈ। ਗਾਰਾ, ਮਿੱਟੀ ਤੇ ਇੱਟਾਂ ਫੜਾਉਣ ਲਈ ਵੀ ਤਾਂ ਇੱਕ ਆਦਮੀ ਚਾਹੀਦਾ।" ਕੁੰਦਨ ਲਾਲ ਨੇ ਫਿਕਰ ਜ਼ਾਹਿਰ ਕੀਤਾ।

"ਉਹ ਵੀ ਆਉਂਦਾ ਹੋਣਾ। ਇਹ ਸਵੇਰ ਨੂੰ ਇੱਥੇ ਇਕੱਠੇ ਹੁੰਦੇ ਆ ਤੇ ਫੇਰ ਆਪਣੇ ਆਪਣੇ ਕੰਮਾਂ ਨੂੰ ਜਾਂਦੇ ਹਨ।" ਪ੍ਰਦੀਪ ਇਸ ਤਰ੍ਹਾਂ ਦੱਸ ਰਿਹਾ ਸੀ ਜਿਵੇਂ ਉਹ ਇਨ੍ਹਾਂ ਲੋਕਾਂ ਬਾਰੇ ਸਭ ਕੁੱਝ ਜਾਣਦਾ ਹੋਵੇ।

ਮਿਸਤਰੀ ਧਿਆਨ ਸਿੰਘ ਉਨ੍ਹਾਂ ਦੇ ਕੋਲ਼ ਆ ਗਿਆ। ਪ੍ਰਦੀਪ ਨੂੰ ਦੇਖ ਕੇ ਉਹਦੀਆਂ ਵੜਾਛਾਂ ਖਿੜ ਗਈਆਂ। ਉਹਨੇ ਆਪਣੀ ਖੁਸ਼ੀ ਦੱਸਣ ਲਈ ਤਿੰਨ ਚਾਰ ਵਾਰੀ ਆਪਣੀ ਸੰਦਾਂ ਦੀ ਬੋਰੀ ਨੂੰ ਵਾਰੀ-ਵਾਰੀ ਮੋਢਿਆਂ 'ਤੇ ਬਦਲਿਆ।

"ਮਿਸਤਰੀ, ਮੈਂ ਤਾਂ ਤੁਹਾਡੀ ਤਾਇਆ ਜੀ ਦੀ ਦੁਕਾਨ ਤੇ ਉਡੀਕ ਕਰ ਰਿਹਾ ਸੀ।" ਪ੍ਰਦੀਪ ਨੇ ਕਿਹਾ।

"ਇੱਥੋਂ ਹੋ ਕੇ ਮੈਂ ਉੱਥੇ ਹੀ ਆਉਣਾ ਸੀ।" ਧਿਆਨ ਸਿੰਘ ਨੇ ਮੁਸਕਰਾਉਂਦਿਆਂ ਕਿਹਾ।

"ਹਰ ਆਦਮੀ ਨੂੰ ਆਪਣੇ ਆਪਣੇ ਧੰਦੇ ਦਾ ਧਿਆਨ ਰੱਖਣਾ ਪੈਂਦਾ ਹੈ। ਬਾਕੀ ਲੋਕਾਂ ਵਾਂਗ ਅਸੀਂ ਵੀ ਆਪਣੀ ਮਾਰਕੀਟ 'ਤੇ ਨਜ਼ਰ ਦੱਖਦੇ ਹਾਂ। ਕੌਣ ਕਿੱਥੇ ਲੱਗਾ ਹੈ। ਨਵਾਂ

ਆਦਮੀ ਕੌਣ ਆਇਆ ਹੈ। ਕੀ ਕੰਮ ਜਾਣਦਾ ਹੈ। ਮਿਲ਼ ਕੇ ਕੰਮ ਕਰਨ ਦਾ ਆਦੀ ਹੈ ਜਾਂ ਦੂਜੇ ਦੇ ਕੰਮ ਵਿੱਚ ਅੜਿੱਕਾ ਡਾਹੁੰਣ ਵਾਲ਼ਾ ਹੈ।"

"ਚੰਗਾ ਚੰਗਾ। ਗੱਲਾਂ ਤਾਂ ਇਦਾਂ ਕਰਦਾ ਜਿਵੇਂ ਹੀਰਿਆਂ ਦਾ ਵਿਉਪਾਰੀ ਹੋਵੇ।" ਕੁੰਦਨ ਲਾਲ ਨੇ ਨਿਹੋਰਾ ਮਾਰਿਆ, "ਮਿਸਤਰੀ ਤੇਰਾ ਸਾਥੀ ਕਿੱਥੇ ਹੈ। ਇੱਟਾਂ-ਗਾਰਾ ਫੜਾਉਣ ਵਾਲ਼ਾ ?"

"ਉਹਨੇ ਸਿੱਧਾ ਉੱਥੇ ਪਹੁੰਚ ਜਾਣਾ। ਸਗੋਂ ਪਹੁੰਚ ਹੀ ਗਿਆ ਹੋਣਾ।" ਮਿਸਤਰੀ ਧਿਆਨ ਸਿੰਘ ਕਾਰੋਬਾਰੀ ਤਰੀਕੇ ਨਾਲ਼ ਦੱਸਿਆ। "ਤੁਸੀਂ ਚਲੋ, ਮੈਂ ਆਉਂਦਾ ਹਾਂ;"

"ਹੁਣੇ ਚਲੋ।" ਪ੍ਰਦੀਪ ਨੇ ਜ਼ੋਰ ਪਾਇਆ।

"ਤੁਸੀਂ ਤਾਂ ਪਹੁੰਚੋ। ਤੁਸੀਂ ਤਾਂ ਸਾਈਕਲ ਤੇ ਸੜਕੇ-ਸੜਕੇ ਜਾਣਾ ਹੈ। ਮੈਂ ਤਾਂ ਗਲ਼ੀਆਂ ਵਿੱਚੋਂ ਦੀ ਹੋ ਕੇ ਬਹੁਤ ਛੇਤੀ ਪਹੁੰਚ ਜਾਣਾ ਹੈ।" ਮਿਸਤਰੀ ਧਿਆਨ ਸਿੰਘ ਨੇ ਭਰੋਸਾ ਦੁਆਇਆ।

"ਹੁਣੇ ਕਿਉ ਨਹੀਂ ਆਉਂਦਾ ?" ਕੁੰਦਨ ਲਾਲ ਨੇ ਖਿੱਝ ਕੇ ਸਿਰ ਝਟਕਿਆ, "ਟੈਮ ਖਰਾਬ ਕਰਨ ਨਾਲ਼ ਕੀ ਫਾਇਦਾ ਹੋਊਗਾ ?"

"ਟੈਮ ਖਰਾਬ ਨਹੀਂ ਕਰ ਰਿਹਾ।" ਮਿਸਤਰੀ ਧਿਆਨ ਸਿੰਘ ਨੇ ਸਮਝਾਇਆ। "ਲਾਲਾ ਜੀ ਖੋਟੇ ਕੰਮ ਦੇ ਕੋਈ ਵੀ ਖਰੇ ਪੈਸੇ ਨਹੀਂ ਦਿੰਦਾ। ਪੂਰਾ ਕੰਮ ਕਰਕੇ ਹੀ ਖਰੇ ਪੈਸੇ ਲਊਂਗਾ।"

ਉਹ ਥੋੜ੍ਹੀ ਦੇਰ ਆਪਸ ਵਿੱਚ ਬਹਿਸ ਕਰਦੇ ਰਹੇ। ਫਿਰ ਪੱਕੀ ਤਾਗੀਦ ਕਰਕੇ ਕੁੰਦਨ ਲਾਲ ਤੇ ਪ੍ਰਦੀਪ ਚਲੇ ਗਏ। ਮਿਸਤਰੀ ਧਿਆਨ ਸਿੰਘ ਕਾਲ਼ੀ ਦੇ ਕੋਲ਼ੋਂ ਲੰਘਿਆ ਤਾਂ ਉਸ ਨੇ ਬਹੁਤ ਹੀ ਨਿਮਰਤਾ ਨਾਲ਼ ਬੰਦਗੀ ਕੀਤੀ। ਧਿਆਨ ਸਿੰਘ ਖੜ੍ਹ ਗਿਆ ਤਾਂ ਉਹਨੇ ਹੱਥ ਜੋੜ ਦਿੱਤੇ, "ਮਿਸਤਰੀ ਜੀ, ਇੱਕ ਬੇਨਤੀ ਕਰਨੀ ਸੀ।"

"ਬੋਲੋ।" ਧਿਆਨ ਸਿੰਘ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ। ਮੋਢੇ ਦਾ ਭਾਰ ਹਲਕਾ ਕਰਨ ਲਈ ਬੋਰੀ ਥੱਲੇ ਪੈਰਾਂ ਕੋਲ਼ ਰੱਖ ਲਈ।

"ਮੈਨੂੰ ਕੰਮ ਚਾਹੀਦਾ। ਕਿਸੇ ਤਰ੍ਹਾਂ ਦਾ ਵੀ ਹੋਵੇ। ਭੁੱਖ ਦੀ ਮਾਰ ਝੱਲ ਰਿਹਾ ਹਾਂ। ਕਾਲ਼ੀ ਨੇ ਆਪਣੀ ਹਾਲਤ ਜ਼ਿਆਦਾ ਤੋਂ ਜ਼ਿਆਦਾ ਮਾੜੀ ਕਰਕੇ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਕਿ ਮਿਸਤਰੀ ਦੇ ਮਨ ਵਿੱਚ ਦਯਾ ਆ ਜਾਏ।

ਮਿਸਤਰੀ ਧਿਆਨ ਸਿੰਘ ਨੇ ਇੱਕ ਵਾਰ ਫਿਰ ਕਾਲ਼ੀ ਤੇ ਚੰਗੀ ਤਰ੍ਹਾਂ ਨਜ਼ਰ ਮਾਰੀ ਜਿਵੇਂ ਉਹਦੇ ਅੰਦਰ ਝਾਕਣਾ ਚਾਹੁੰਦਾ ਹੋਵੇ। "ਕਿੰਨੇ ਦਿਨ ਹੋਏ ਸ਼ਹਿਰ ਆਏ ਹੋਏ ਨੂੰ ?"

"ਪਰਸੋਂ ਰਾਤ ਨੂੰ ਆਇਆ ਸੀ। ਮਾਂ-ਬਾਪ, ਤਾਇਆ-ਚਾਚਾ, ਭੂਆ-ਫੁੱਫੜ, ਭੈਣ-ਭਾਈ ਕੋਈ ਨਹੀਂ ਹੈ। ਮੈਂ ਇਸ ਦੁਨੀਆਂ ਵਿੱਚ ਇਕੱਲਾ ਹੀ ਹਾਂ। ਪਿੰਡ ਵਾਲਿਆਂ ਨੇ ਕੁੱਟ-ਕੁੱਟ ਕੇ ਪਿੰਡੋਂ ਕੱਢ ਦਿੱਤਾ।" ਕਾਲ਼ੀ ਗਿੜਗਿੜਾਇਆ।

"ਕਿਸੇ ਦੀ ਧੀ-ਭੈਣ ਨੂੰ ਛੇੜਿਆ ਹੋਵੇਗਾ। ਤਾਂ ਹੀ ਕੱਢਿਆ ਹੋਊ ਪਿੰਡ 'ਚੋ।" ਮਿਸਤਰੀ ਧਿਆਨ ਸਿੰਘ ਨੇ ਸ਼ੱਕ ਨਾਲ਼ ਕਾਲ਼ੀ ਵੱਲ ਦੇਖਿਆ। "ਭੀਖ ਮੰਗਣ ਦਾ ਧੰਦਾ

ਕਰਨਾ ਹੈ ਤਾਂ ਰੇਲਵੇ ਲਾਈਨ ਦੇ ਦੂਜੇ ਪਾਸੇ ਚਲੇ ਜਾ। ਮੰਗਤਿਆਂ ਦੀ ਦੁਨੀਆਂ ਦੂਰ ਤੋਂ ਹੀ ਦਿਸ ਪਵੇਗੀ। ... ਬਾਕੀ ਜੇ ਕੰਮ ਕਰਨਾ ਹੈ ਤਾਂ ਸਬਰ ਕਰੋ। ਸ਼ਹਿਰ ਨੂੰ ਦੇਖੋ-ਭਾਲੋ। ਸ਼ਹਿਰ ਵਿੱਚ ਹਰ ਪਰਦੇਸੀ ਨੂੰ ਚੋਰ-ਉਚੱਕਾ ਸਮਝਿਆ ਜਾਂਦਾ ਹੈ। ਕੰਮ ਉਹਨੂੰ ਮਿਲਦਾ ਹੈ ਜਿਸ ਦਾ ਕੋਈ ਆਪਣਾ ਸਿਰਨਾਵਾਂ ਹੋਵੇ, ਕੋਈ ਅਤਾ-ਪਤਾ ਹੋਵੇ, ਕੋਈ ਬਾਲੀ-ਵਾਰਿਸ ਹੋਵੇ। ਇੱਥੇ ਤਾਂ ਲੋਕ ਗਲ਼ੀ ਦੇ ਕੁੱਤੇ ਨੂੰ ਵੀ ਰੋਟੀ ਦਾ ਟੁੱਕ ਨਹੀਂ ਪਾਉਂਦੇ, ਪਰਦੇਸੀ ਨੂੰ ਕੰਮ ਲਈ ਘਰ ਵਿੱਚ ਕਿਵੇਂ ਵੜ੍ਹ ਲੈਣ ਦੇਣਗੇ।"

"ਮੈਂ ਤਾਂ ਇਸ ਸ਼ਹਿਰ ਵਿੱਚ ਪਹਿਲੀ ਵਾਰ ਆਇਆਂ ਹਾਂ। ਇੱਥੇ ਕਿਸੇ ਨੂੰ ਨਹੀਂ ਜਾਣਦਾ।" ਕਾਲ਼ੀ ਨੇ ਬੇਬਸੀ ਵਿੱਚ ਸਿਰ ਹਿਲਾਇਆ।

"ਤਾਂ ਫਿਰ ਪਿੰਡ ਨੂੰ ਮੁੜ ਕੇ ਚਲਾ ਜਾ। ਜਿਸ ਦੀ ਧੀ-ਭੈਣ ਨੂੰ ਛੇੜਿਆ ਹੈ, ਉਹਦੇ ਪੈਰਾਂ ਤੇ ਡਿੱਗ ਕੇ ਮਾਫੀ ਮੰਗ ਲੈ ਤੇ ਟੁੱਟੇ ਰਿਸ਼ਤਿਆਂ ਨੂੰ ਦੁਆਰਾ ਜੋੜ ਲੈ।" ਧਿਆਨ ਸਿੰਘ ਨੇ ਸਲਾਹ ਦਿੱਤੀ।

"ਇਹ ਨਹੀਂ ਹੋ ਸਕਦਾ।" ਕਾਲ਼ੀ ਨੇ ਬਹੁਤ ਨਿਰਾਸ਼ ਹੋ ਕੇ ਇਨਕਾਰ ਵਿੱਚ ਸਿਰ ਹਿਲਾਇਆ।

ਮਿਸਤਰੀ ਧਿਆਨ ਸਿੰਘ ਸੜਕ ਵੱਲ ਨੂੰ ਮੁੜ ਗਿਆ ਤੇ ਇੱਕ ਆਦਮੀ ਨੂੰ ਦੂਰੋਂ ਦੇਖ ਕੇ ਹਾਕਾਂ ਮਾਰਦਾ ਹੋਇਆ ਉੱਧਰ ਨੂੰ ਤੁਰ ਪਿਆ, "ਓ ਕਸ਼ਮੀਰਿਆ ... ਕਸ਼ਮੀਰਿਆ ਉਏ।"

ਕਾਲ਼ੀ ਕਾਰਖਾਨੇ ਦੀ ਕੰਧ ਨਾਲ਼ ਪਿੱਠ ਲਾ ਕੇ ਤੇ ਸਿਰ ਗੋਡਿਆਂ 'ਤੇ ਰੱਖ ਕੇ ਬੈਠ ਗਿਆ। ਉਹ ਐਨਾ ਨਿਰਾਸ਼ ਸੀ ਕਿ ਉਸ ਨੂੰ ਰੋਣਾ ਵੀ ਨਹੀਂ ਸੀ ਆ ਰਿਹਾ। ਕੰਧ ਦੀ ਨੀਂਹ ਨੇੜਿਉਂ ਇੱਕ ਖੁੱਡ ਵਿੱਚੋਂ ਇੱਕ ਚੂਹੀ ਨਿਕਲਦੀ ਤੇ ਚਾਰੇ ਪਾਸੇ ਟਪੂਸੀਆਂ ਮਾਰਦੀ ਫਿਰਦੀ। ਪਿਛਲੇ ਪੈਰਾਂ ਤੇ ਖੜ੍ਹੀ ਹੋ ਇੱਧਰ ਉੱਧਰ ਝਾਕਦੀ ਤੇ ਫਿਰ ਦੌੜ ਕੇ ਖੁੱਡ ਵਿੱਚ ਜਾ ਵੜਦੀ। ਹੌਲ਼ੀ-ਹੌਲ਼ੀ ਕਾਲ਼ੀ ਆਪਣੀ ਨਿਰਾਸ਼ਾ ਨੂੰ ਭੁੱਲ ਕੇ ਚੂਹੀ ਦਾ ਖੇਲ ਦੇਖਣ ਵਿੱਚ ਰੁੱਝ ਗਿਆ। ਉਹਨੂੰ ਟੱਪਦੀ ਦੇਖ ਕੇ ਕਾਲ਼ੀ ਦੇ ਬੁੱਲਾਂ ਤੇ ਮੁਸਕਾਣ ਆ ਗਈ ਤੇ ਜਦੋਂ ਉਹ ਆਪਣੀ ਖੁੱਡ ਵਿੱਚ ਵੜ੍ਹ ਗਈ ਤਾਂ ਉਸ ਦੀਆਂ ਅੱਖਾਂ ਨਮ ਹੋ ਗਈਆਂ। ਉਹਨੂੰ ਚੂਹੀ ਨਾਲ਼ ਈਰਖਾ ਹੋਣ ਲੱਗੀ ਕਿ ਸ਼ਹਿਰ ਵਿੱਚ ਉਹਦੀ ਆਪਣੀ ਖੁੱਡ ਹੈ ਤੇ ਪਹਿਚਾਣ ਹੈ। ਉਹ ਗੋਡਿਆਂ ਤੇ ਹੱਥ ਰੱਖ ਕੇ ਇਸ ਤਰ੍ਹਾਂ ਉਠਿਆ ਜਿਵੇਂ ਬਹੁਤ ਥੱਕ ਗਿਆ ਹੋਵੇ। ਫਿਰ ਉਹ ਹੌਲ਼ੀ ਹੌਲ਼ੀ ਤੁਰਦਾ ਬਰਫ ਕਾਰਖਾਨੇ ਦੇ ਸਾਹਮਣੇ ਆ ਖੜ੍ਹਾ ਹੋਇਆ।

ਸੂਰਜ ਚੜ੍ਹਣ ਤੋਂ ਬਾਅਦ ਮਾਲ-ਗੁਦਾਮਾਂ ਤੇ ਸੜਕ ਦੇ ਦੋਨੋ ਪਾਸੀਂ ਲੋਕ ਬਰਫ ਕਾਰਖਾਨੇ ਦੇ ਕੋਲ਼ ਇਕੱਠੇ ਹੋਣ ਲੱਗੇ। ਉਨ੍ਹਾਂ ਵਿੱਚ ਜ਼ਿਆਦਾਤਰ ਲੋਕ ਇੱਕ ਦੂਜੇ ਨੂੰ ਜਾਣਦੇ ਸਨ। ਉਹ ਆਪਸ ਵਿੱਚ ਹੱਸ-ਹੱਸ ਕੇ ਗੱਲਾਂ ਕਰ ਰਹੇ ਸਨ। ਕੁੱਝ ਛੋਟੇ-ਛੋਟੇ ਟੋਲਿਆਂ ਵਿੱਚ ਬੀੜੀ-ਸਿਗਰਟ ਪੀ ਰਹੇ ਸਨ। ਉਨ੍ਹਾਂ ਵਿੱਚ ਜ਼ਿਆਦਾ ਆਦਮੀ ਪੱਚੀ ਤੋਂ ਪੈਂਤੀ ਸਾਲ ਦੀ ਉਮਰ ਦੇ ਸਨ। ਕੁੱਝ ਨੌਜਵਾਨ ਵੀ ਸਨ ਤੇ ਥੋੜ੍ਹੇ ਦਾੜ੍ਹੀ-ਮੁੱਛਾਂ ਵਾਲ਼ੇ ਬਜ਼ੁਰਗ ਵੀ।

ਉਹ ਸਾਰੇ ਵੱਖ-ਵੱਖ ਟੋਲਿਆਂ ਵਿੱਚ ਖੜ੍ਹ ਗਏ। ਰਾਜਗੀਰ ਅਲੱਗ ਸਨ। ਸਫੇਦੀ

ਜਾਂ ਰੰਗ ਕਰਨ ਵਾਲਿਆਂ ਦੀ ਆਪਣੀ ਟੋਲੀ ਸੀ। ਕਾਰੀਗਰ ਆਪਣੀ-ਆਪਣੀ ਬੋਰੀ ਲੈ ਕੇ ਥੋੜ੍ਹਾ ਪਰ੍ਹੇ ਹਟ ਕੇ ਬੈਠੇ ਸਨ ਤੇ ਬੇਹੁਨਰ ਮਜ਼ਦੂਰ ਇੱਕ ਪਾਸੇ ਖਿਲਰੇ ਹੋਏ ਸਨ। ਉਹ ਸਾਰਿਆ ਤੋਂ ਅਲੱਗ ਤੇ ਨਿਰਾਸ਼ ਦਿਖਾਈ ਦੇ ਰਹੇ ਸਨ ਜਿਵੇਂ ਉਨ੍ਹਾਂ ਨੂੰ ਕਈ ਦਿਨਾਂ ਤੋਂ ਢਿੱਡ ਭਰ ਕੇ ਖਾਣਾ ਨਾ ਮਿਲ਼ਿਆ ਹੋਵੇ ਜਾਂ ਫਿਰ ਜ਼ਿਆਦਾ ਮਿਹਨਤ- ਮੁਸ਼ੱਕਤ ਕਰਕੇ ਉਨ੍ਹਾਂ ਦੇ ਸਰੀਰ ਸੁੱਕ ਗਏ ਹੋਣ।

ਹੌਲ਼ੀ-ਹੌਲ਼ੀ ਉੱਥੇ ਲੋਕ ਆਉਣੇ ਸ਼ੁਰੂ ਹੋ ਗਏ। ਉਹ ਘੁੰਮਦੇ ਹੋਏ ਸਾਰਿਆਂ 'ਤੇ ਸਰਸਰੀ ਨਜ਼ਰ ਮਾਰਦੇ ਤੇ ਕਿਸੇ ਜਾਣ-ਪਹਿਚਾਣ ਵਾਲ਼ੇ ਵਿਅਕਤੀ ਦੀ ਭਾਲ ਵਿੱਚ ਅਗਾਂਹ ਚਲੇ ਜਾਂਦੇ। ਜਾਂ ਫਿਰ ਉਹ ਗੱਲਬਾਤ ਵਿੱਚ ਉਸ ਦਾ ਪਤਾ ਤੇ ਤਜਰਬੇ ਦੀ ਜਾਣਕਾਰੀ ਲੈਣ ਬਾਅਦ ਆਪਣੇ ਕੰਮ ਦਾ ਕਾਰੀਗਰ ਚੁਣ ਲੈਂਦੇ। ਕਾਰੀਗਰ ਵੀ ਆਪਣੀ ਧਾਂਕ ਜਮਾਉਣ ਲਈ ਉਸ ਆਦਮੀ ਦੇ ਬਜ਼ਾਰ ਜਾਂ ਮੁਹੱਲੇ ਦੇ ਮੋਹਤਬਰ ਆਦਮੀਆਂ ਦਾ ਪੂਰਾ ਵਰਣਨ, ਘਰ ਦਾ ਨੰਬਰ, ਗਲੀ ਦਾ ਨਾਂ ਆਦਿ ਦੱਸਦੇ।

ਮਜ਼ਦੂਰਾਂ ਦੇ ਮਾਮਲੇ ਵਿੱਚ ਜਾਣਕਾਰੀ ਹੋਰ ਵੀ ਸਖ਼ਤ ਸੀ। ਉਨ੍ਹਾਂ ਦੀਆਂ ਬਾਕੀ ਗੱਲਾਂ ਠੀਕ ਹੋਣਦੇ ਬਾਵਜੂਦ ਤੰਦਰੁਸਤੀ ਨੂੰ ਪਹਿਲ ਦਿੱਤੀ ਜਾਂਦੀ ਸੀ।

ਮਜ਼ਦੂਰ ਲੈਣ ਦੇ ਚਾਹਵਾਨ ਇੱਕ-ਦੋ ਵਿਅਕਤੀਆਂ ਨੇ ਕਾਲ਼ੀ ਵੱਲ ਵੀ ਧਿਆਨ ਨਾਲ਼ ਦੇਖਿਆ ਤਾਂ ਉਸ ਨੂੰ ਆਸ ਹੋਈ, ਤੇ ਅਚਨਚੇਤ ਹੀ ਉਸ ਦੀ ਛਾਤੀ ਹੋਰ ਵੀ ਚੌੜੀ ਹੋ ਗਈ ਅਤੇ ਬਾਹਾਂ ਦੀਆਂ ਮੱਛਲੀਆਂ ਫਰਕਣ ਲੱਗੀਆਂ, ਪਰ ਉਹ ਅਜ਼ਨਬੀ ਬਿਲਕੁਲ ਨਵਾਂ ਪੇਂਡੂ ਚੇਹਰਾ ਦੇਖ ਕੇ ਅਗਾਂਹ ਲੰਘ ਗਏ।

ਕੋਈ ਅੱਧੇ ਘੰਟੇ ਵਿੱਚ ਮੰਡੀ ਖ਼ਤਮ ਹੋ ਗਈ। ਬਹੁਤ ਸਾਰੇ ਕਾਰੀਗਰਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਕੰਮ ਮਿਲ਼ ਗਿਆ। ਬਾਕੀ ਨਿਰਾਸ਼ ਹੋ ਕੇ ਇੱਧਰ ਉੱਧਰ ਖਿਲਰ ਗਏ। ਕੁੱਝ ਲੋਕ ਮਾਲਗੁਦਾਮਾਂ ਵੱਲ ਨੂੰ ਚਲੇ ਗਏ ਪਰ ਉਹ ਅਜੇ ਦੂਰ ਹੀ ਸਨ ਕਿ ਉੱਥੋਂ ਕਿਸੇ ਨੇ ਉੱਚੀ ਅਵਾਜ਼ ਵਿੱਚ ਸੂਚਨਾ ਦਿੱਤੀ, "ਇੱਥੇ ਹਾਜ਼ਰੀ ਪੂਰੀ ਹੈ। ਇੱਧਰ ਨੂੰ ਆਉਣ ਦੀ ਲੋੜ ਨਹੀਂ।"

ਸਾਰੇ ਉਨ੍ਹੀ ਪੈਰੀਂ ਬਰਫ ਕਾਰਖਾਨੇ ਵੱਲ ਨੂੰ ਮੁੜ ਆਏ ਤੇ ਗੇਟ ਦੇ ਅੰਦਰ ਵੜ ਗਏ। ਕਾਲ਼ੀ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਚਲਾ ਗਿਆ। ਉਹ ਗੇਟ ਦੇ ਅੰਦਰ ਖੜ੍ਹੇ ਉੱਤਸੁਕਤਾ ਨਾਲ਼ ਦਫ਼ਤਰ ਵੱਲ ਦੇਖਣ ਲੱਗੇ। ਜਦੋਂ ਉੱਥੋਂ ਕੋਈ ਬਾਹਰ ਨਾ ਆਇਆ ਤਾਂ ਕੁੱਝ ਲੋਕ ਜ਼ਮੀਨ ਤੇ ਹੀ ਬੈਠ ਗਏ ਤੇ ਕੁੱਝ ਕੰਧ ਦਾ ਸਹਾਰਾ ਲੈ ਕੇ ਖੜ੍ਹੇ ਰਹੇ।

ਕਾਰਖਾਨੇ ਦੇ ਅੰਦਰੋਂ ਅਵਾਜ਼ਾਂ ਆ ਰਹੀਆਂ ਸਨ ਪਰ ਬਾਹਰ ਕੋਈ ਨਹੀਂ ਸੀ ਆ ਰਿਹਾ। ਜਦ ਇੱਕ ਮੋਟਰਕਾਰ ਹਾਰਨ ਵਜਾਉਂਦੀ ਗੇਟ ਦੇ ਅੰਦਰ ਆਈ ਤਾਂ ਕਈ ਆਦਮੀ ਕਾਰਖਾਨੇ ਦੇ ਅੰਦਰੋਂ ਦੌੜ ਕੇ ਬਾਹਰ ਆ ਗਏ। ਅਧੇੜ ਉਮਰ ਦਾ ਇੱਕ ਵਿਅਕਤੀ ਜੋ ਬਰਫ ਕਾਰਖ਼ਾਨੇ ਦਾ ਮੈਨੇਜਰ ਸੀ, ਕਾਰ ਦੇ ਕੋਲ਼ ਗਿਆ ਤੇ ਉਸ ਨੇ ਕਾਰ ਦੇ ਅੰਦਰ ਬੈਠੇ ਆਦਮੀ ਨੂੰ ਬਹੁਤ ਹੀ ਝੁਕ ਕੇ ਬੰਦਗੀ ਕੀਤੀ ਤੇ ਫਿਰ ਉਸ ਦੀ ਹਰ ਗੱਲ ਦੇ ਜਵਾਬ ਵਿੱਚ ਹੱਥ ਜੋੜ ਕੇ ਬਹੁਤ ਹੀ ਨਿਮਰ ਅਵਾਜ਼ ਵਿੱਚ ... "ਜੀ ਸਰ ... ਹਾਂ ਜਨਾਬ ... ਜੀ ਬਹੁਤ ਬੇਹਤਰ" ... ਕਹਿੰਦਾ ਰਿਹਾ।

ਮੋਟਰ ਹਾਰਨ ਵਜਾਉਂਦੀ ਗੇਟ ਦੇ ਬਾਹਰ ਚਲੇ ਗਈ ਤਾਂ ਉਹ ਹੀ ਵਿਅਕਤੀ ਕੁੱਝ ਲੋਕਾਂ ਦੇ ਨਾਂ ਬਹੁਤ ਹੀ ਰੋਹਬ ਨਾਲ਼ ਲੈਣ ਲੱਗਾ। ਗੇਟ ਦੇ ਨੇੜੇ ਬੈਠੇ ਤੇ ਕੰਧ ਨਾਲ਼ ਖੜ੍ਹੇ ਲੋਕਾਂ ਨੂੰ ਦੇਖ ਕੇ ਉਹ ਭੜਕ ਉਠਿਆ। "ਇੱਥੇ ਕਿਉਂ ਭੀੜ ਕੀਤੀ ਹੋਈ ਹੈ ? ਸਾਨੂੰ ਮਜ਼ਦੂਰਾਂ ਦੀ ਜਦੋਂ ਵੀ ਲੋੜ ਹੋਈ, ਬੋਰਡ ਤੇ ਨੋਟਿਸ ਲਾ ਦਿੱਤਾ ਜਾਵੇਗਾ। ਦੌੜੋ ਇਥੋਂ। ਕਿਵੇਂ ਲਾਮਬੰਦ ਹੋ ਕੇ ਖੜ੍ਹੇ ਹਨ।"

ਮੈਨੇਜਰ ਦੀ ਕੁਰੱਖਤ ਅਵਾਜ਼ ਸੁਣ ਕੇ ਕਾਰਖ਼ਾਨੇ ਦੇ ਕੁੱਝ ਕਰਮਚਾਰੀ ਗੇਟ ਦੇ ਕੋਲ਼ ਖੜ੍ਹੇ ਲੋਕਾਂ ਵੱਲ ਨੂੰ ਆਏ ਪਰ ਉਹ ਲੋਕ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਉੱਥੋਂ ਬਾਹਰ ਨਿਕਲ਼ ਗਏ। ਸਿਰਫ ਇੱਕ ਆਦਮੀ ਬਹੁਤ ਹੀ ਅਰਾਮ ਨਾਲ਼ ਆਪਣੀ ਜਗ੍ਹਾ ਤੇ ਖੜ੍ਹਾ ਰਿਹਾ। ਇੱਕ ਕਰਮਚਾਰੀ ਉਹਦੇ ਕੋਲ਼ ਬਾਹਾਂ ਮਾਰਦਾ ਆਇਆ, "ਤੈਨੂੰ ਮੈਨੇਜਰ ਸਾਹਿਬ ਦਾ ਹੁਕਮ ਸੁਣਾਈ ਨਹੀਂ ਦਿੱਤਾ ਜੋ ਅਜੇ ਤੱਕ ਸਮਾਧੀ ਲਾਈ ਬੈਠਾਂ ?"

"ਚਲਾ ਜਾਂਦਾ ਹਾਂ। ਢਿੱਡ ਭੁੱਖਾ ਹੋਵੇ ਤਾਂ ਲੱਤਾਂ ਵਿੱਚ ਵੀ ਤਾਕਤ ਨਹੀਂ ਹੁੰਦੀ।" ਉਸ ਆਦਮੀ ਦੀ ਅਵਾਜ਼ ਬਹੁਤ ਤਲਖ਼ ਸੀ।

"ਲੱਤਾਂ ਖੜ੍ਹੀਆਂ ਨਹੀਂ ਹੁੰਦੀਆਂ ਤਾਂ ਸੜਕ 'ਤੇ ਜਾ ਕੇ ਲੰਮਾ ਪੈ ਜਾ।" ਕਰਮਚਾਰੀ ਨੇ ਵਿਅੰਗ ਨਾਲ਼ ਕਿਹਾ। "ਸਾਰੀ ਉਮਰ ਲਈ ਤਾਕਤ ਆ ਜਾਊਗੀ।"

"ਬੰਦਿਆਂ ਵਾਂਗ ਗੱਲ ਕਰ। ਮੈਂ ਤੇਰਾ ਕੁਸ਼ ਚੋਰੀ ਤਾਂ ਨਹੀਂ ਕੀਤਾ।" ਉਹ ਆਦਮੀ ਆਕੜ ਗਿਆ।

"ਭੁੱਖਾ ਮਰ ਰਿਹਾ ਹੈ ਪਰ ਆਕੜ ਦੇਖ ਕਿੰਨੀ ਹੈ।" ਕਰਮਚਾਰੀ ਨੇ ਦੰਦ ਪੀਂਹਦਿਆਂ ਉਹਨੂੰ ਗੇਟ ਵੱਲ ਧੱਕ ਦਿੱਤਾ।

ਕਾਲ਼ੀ ਬੇਹੱਦ ਨਿਰਾਸ਼ ਸੀ। ਸਭ ਲੋਕ ਇੱਧਰ ਉੱਧਰ ਖਿਲਰ ਗਏ ਸਨ। ਉਹ ਸੜਕ ਤੋਂ ਥੋੜ੍ਹਾ ਪਿੱਛੇ ਹਟ ਕੇ ਇਸ ਦੁਬਿਧਾ ਵਿੱਚ ਫਸਿਆ ਰਿਹਾ ਕਿ ਉਹ ਕਿੱਥੇ ਜਾਵੇ। ਮਜ਼ਦੂਰ ਮੰਡੀ ਵਿੱਚ ਤਾਂ ਉਸ ਦਾ ਮੁੱਲ ਨਹੀਂ ਪਿਆ। ਉਹ ਇੱਕ ਵਾਰ ਫਿਰ ਮਾਲਗੁਦਾਮਾਂ ਵੱਲ ਚਲਾ ਗਿਆ ਤੇ ਇੱਕ ਦਰੱਖਤ ਦੇ ਥੱਲੇ ਬੈਠ ਗਿਆ। ਸਾਮ੍ਹਣੇ ਵਾਲ਼ੇ ਗੁਦਾਮ ਵਿੱਚੋਂ ਦੋ ਮਜ਼ਦੂਰ ਇੱਕ ਰੇੜ੍ਹੇ ਤੇ ਛੋਟੀਆਂ-ਵੱਡੀਆਂ ਬੋਰੀਆਂ ਲੱਦ ਰਹੇ ਸਨ।

ਥੋੜ੍ਹੀ ਹੋਰ ਦੂਰ ਇੱਕ ਦਰੱਖਤ ਥੱਲੇ ਦੋ ਢੇਰੀਆਂ ਬਣੀਆਂ ਹੋਈਆਂ ਸਨ।

ਪੱਲੇਦਾਰ ਦੋਨੋ ਢੇਰੀਆਂ ਤੋਂ ਇੱਕੋ ਜਿਹਾ ਮਾਲ ਚੁੱਕ ਕੇ ਤੇ ਉਹਨੂੰ ਚੰਗੀ ਤਰ੍ਹਾਂ ਰਲ਼ਾ ਕੇ ਇੱਕ ਹੋਰ ਤੀਸਰੀ ਢੇਰੀ 'ਤੇ ਸਿੱਟ ਰਹੇ ਸੀ।

"ਕੀ ਹੇਰਾਫੇਰੀ ਹੋ ਰਹੀ ਹੈ ?" ਪਿੱਠ ਤੇ ਇੱਕ ਛੋਟੀ ਬੋਰੀ ਟਿਕਾਏ ਹੋਏ ਇੱਕ ਪਾਂਡੀ ਨੇ ਪੁੱਛਿਆ।

"ਗਰਮ ਮਸਾਲ਼ੇ ਦੀ ਤੇਜ਼ੀ ਨੂੰ ਘਟਾ ਰਿਹਾ ਹਾਂ।" ਪੱਲੇਦਾਰ ਮੁਸਕਰਾਇਆ।

"ਗਰਮ ਮਸਾਲ਼ੇ ਵਿੱਚ ਕੀ ਰਲ਼ਾ ਰਿਹਾ ?"

"ਪੱਕਾ ਤਾਂ ਰੱਬ ਜਾਣੇ ਜਾਂ ਲਾਲਾ। ਮੈਨੂੰ ਤਾਂ ਘੋੜੇ ਦੀ ਲਿੱਦ ਲੱਗਦੀ ਹੈ।"

"ਕਿਉਂ ਲੋਕਾਂ ਦੀ ਜਾਨ ਲੈਣੀ ਹੈ ? ... ਬਹੇੜਾ ਪੀਹ ਕੇ ਰਲਾ ਦਿਆ ਕਰੋ। ਸਸਤਾ

ਮਿਲ਼ ਜਾਂਦਾ।" ਪਾਂਡੀ ਨੇ ਸਲਾਹ ਦਿੱਤੀ।

"ਬਦਾਮ ਦੀ ਗਿਰੀ ਵਿੱਚ ਤੂੰ ਕੀ ਰਲ਼ਾਉਂਦਾ ?" ਪੱਲੇਦਾਰ ਨੇ ਪੁੱਛਿਆ।

"ਖ਼ੁਰਮਾਨੀ ਦੀ ਗਿਰੀ।" ਪਾਂਡੀ ਮੁਸਕਰਾਇਆ, "ਦੋਵਾਂ ਦੀ ਸ਼ਕਲ ਮਿਲ਼ਦੀ ਹੈ।"

ਗੁਦਾਮ ਵਿੱਚੋਂ ਗੋਲ਼ ਟੋਪੀ, ਕਮੀਜ਼ ਤੇ ਪਜਾਮਾ ਪਾਈ ਇੱਕ ਲਾਲਾ ਬਾਹਰ ਨਿਕਲ਼ਿਆ ਤਾਂ ਪੱਲੇਦਾਰ ਆਪਣੀ ਗੱਲਬਾਤ ਵਿਚੇ ਛੱਡ ਕੇ ਕੰਮ ਵਿੱਚ ਰੁੱਝ ਗਏ। ਹੱਥ ਵਿੱਚ ਫੜੇ ਕਾਗਜ਼ਾਂ ਦੇ ਥੱਬੇ ਤੇ ਸਰਸਰੀ ਨਜ਼ਰ ਮਾਰ ਕੇ ਉਹ ਇੱਧਰ ਉੱਧਰ ਝਾਕਣ ਲੱਗਾ।

ਦਰੱਖਤ ਦੇ ਥੱਲੇ ਕਾਲ਼ੀ ਨੂੰ ਸ਼ਿਕਾਰੀ ਕੁੱਤੇ ਵਾਂਗ ਪੰਜਿਆਂ ਭਾਰ ਬੈਠਾ ਦੇਖ ਕੇ ਉਹ ਘਬਰਾ ਗਿਆ। ਉਹਨੇ ਦੋਵਾਂ ਮਜ਼ਦੂਰਾਂ ਨੂੰ ਆਪਣੇ ਕੋਲ਼ ਸੱਦਿਆ। ਕਾਲ਼ੀ ਵੱਲ ਇਸ਼ਾਰਾ ਕਰਕੇ ਉਹਨੇ ਰੋਅਬ ਨਾਲ਼ ਪੁੱਛਿਆ, "ਇਹ ਕੌਣ ਆਦਮੀ ਹੈ। ਇੱਥੇ ਕਿਉਂ ਬੈਠਾ ਹੈ ?"

ਉਨ੍ਹਾਂ ਨੇ ਸਿਰ ਹਿਲਾ ਕੇ ਲਾਇਲਮੀ ਜ਼ਾਹਿਰ ਕੀਤੀ ਤਾਂ ਲਾਲਾ ਭੜਕ ਉੱਠਿਆ, "ਬਦਾਮਾਂ ਦੀ ਇੱਕ ਬੋਰੀ ਘੱਟੋ-ਘੱਟ ਚਾਰ ਸਾਢੇ ਚਾਰ ਸੌ ਰੁਪਏ ਦੀ ਹੈ। ਜੇ ਮਾਲ ਚੋਰੀ ਜਾਂ ਖ਼ੁਰਦ-ਬੁਰਦ ਹੋ ਗਿਆ ਤਾਂ ਮੈਂ ਤੁਹਾਨੂੰ ਨਹੀਂ ਛੱਡਣਾ। ਤੁਸੀਂ ਸਾਰੀ ਉਮਰ ਹਰਜਾਨਾ ਨਹੀਂ ਭਰ ਸਕੋਗੇ। ਮੈਂ ਤਾਂ ਅੱਜ ਸਧਾਰਣ ਹੀ ਗੁਦਾਮ ਦੇਖਣ ਆ ਗਿਆ। ਓਪਰੇ ਬੰਦੇ ਦਾ ਇੱਥੇ ਕੀ ਕੰਮ ?"

ਫਿਰ ਉਹ ਗਰਮ ਮਸਾਲ਼ੇ ਦੀ ਢੇਰੀਆਂ ਦੇਖ ਕੇ ਕੜਕਿਆ, "ਵਿਉਪਾਰ ਵਿੱਚ ਸੌ ਪਰਦੇ ਹੁੰਦੇ ਹਨ ਤੇ ਤੁਸੀਂ ਬਾਹਰ ਦੇ ਆਦਮੀ ਨੂੰ ਇੱਥੇ ਬੇਰੋਕ-ਟੋਕ ਆਉਣ ਦਿੰਦੇ ਹੋ।"

ਦੋਨੋ ਮਜ਼ਦੂਰ ਹੱਥ ਝਾੜਦੇ ਹੋਏ ਕਾਲ਼ੀ ਵੱਲ ਨੂੰ ਇਸ ਤਰ੍ਹਾਂ ਗਏ ਜਿਵੇਂ ਉਸ ਤੇ ਹਮਲਾ ਕਰਨਾ ਹੋਵੇ। ਉਨ੍ਹਾਂ ਨੂੰ ਦੇਖ ਕੇ ਕਾਲ਼ੀ ਘਬਰਾ ਗਿਆ ਤੇ ਉਸ ਨੇ ਆਪਣੀਆਂ ਬਾਹਾਂ ਇਸ ਤਰ੍ਹਾਂ ਫੈਲਾ ਲਈਆਂ ਜਿਵੇਂ ਉਨ੍ਹਾਂ ਦਾ ਮੁਕਾਬਲਾ ਕਰਨ ਦੀ ਤਿਆਰੀ ਕਰ ਰਿਹਾ ਹੋਵੇ।

"ਕੌਣ ਹੈਂ ਤੂੰ। ਇੱਥੇ ਕਿਉਂ ਬੈਠਾ ਹੈਂ ?" ਇੱਕ ਮਜ਼ਦੂਰ ਨੇ ਰੋਅਬ ਨਾਲ਼ ਪੁੱਛਿਆ।

"ਮੇਰਾ ਨਾਂ ਕਾਲ਼ੀ ਹੈ। ਮੈਂ ਮਜ਼ਦੂਰੀ ਦੀ ਭਾਲ਼ ਵਿੱਚ ਇੱਥੇ ਆਇਆ ਸੀ।"

"ਬੈਠਾ ਤਾਂ ਇਸ ਤਰ੍ਹਾਂ ਸੀ ਜਿਵੇਂ ਤੇਰੇ ਮੂੰਹ ਨੂੰ ਛੁਆਰਾ ਲਾਉਣ ਲਈ ਕੋਈ ਥਾਲ ਲੈ ਕੇ ਆਉਣ ਵਾਲ਼ਾ ਹੈ। ਬਾਹਰ ਦੇ ਆਦਮੀ ਦਾ ਗੁਦਾਮਾਂ ਦੇ ਨੇੜੇ ਆਉਣਾ ਮਨ੍ਹਾਂ ਹੈ। ਦੌੜ ਜਾ ਇੱਥੋਂ ਨਹੀਂ ਤਾਂ ਲੱਤਾਂ ਤੋੜ ਕੇ ਸੜਕ ਤੇ ਸੁੱਟ ਦਿਆਂਗੇ।" ਦੂਸਰੇ ਮਜ਼ਦੂਰ ਨੇ ਧਮਕੀ ਦਿੱਤੀ।

ਕਾਲ਼ੀ ਚਾਦਰ ਨੂੰ ਮੋਢਿਆਂ ਦੁਆਲ਼ੇ ਲਪੇਟ ਕੇ ਗਰਦਨ ਝੁਕਾਈ ਉੱਥੋਂ ਤੁਰ ਪਿਆ।

"ਹੂੰ ! ਦੌੜ ਆਉਂਦੇ ਨੇ ਪਿੰਡਾਂ ਵਿੱਚੋਂ ਸ਼ਹਿਰ ਨੂੰ ਜਿਵੇਂ ਸ਼ਹਿਰ ਵਿੱਚ ਨੋਟ ਦਰੱਖਤਾਂ ਨੂੰ ਲਗਦੇ ਹੋਣ।" ਇੱਕ ਮਜ਼ਦੂਰ ਨੇ ਫਿਕਰਾ ਕੱਸਿਆ।

ਹੌਲ਼ੀ ਹੌਲ਼ੀ ਤੁਰਦਾ ਕਾਲ਼ੀ ਸੜਕ ਦੇ ਕੰਢੇ ਆ ਖੜ੍ਹਾ ਹੋਇਆ। ਸੂਰਜ ਕਾਫੀ ਉੱਪਰ ਆ ਗਿਆ ਸੀ। ਧੁੱਪ ਵਿੱਚ ਸਟੇਸ਼ਨ ਦੇ ਦੂਜੇ ਪਾਸੇ ਤੇਲ ਦੇ ਵੱਡੇ ਵੱਡੇ ਤੇ ਉੱਚੇ ਚਿੱਟੇ ਜਖੀਰੇ ਬਹੁਤ ਰੌਸ਼ਨ ਹੋਣ ਕਰਕੇ ਅੱਖਾਂ ਨੂੰ ਚੁੰਧਿਆ ਰਹੇ ਸਨ ਤੇ ਇਸ ਤਰ੍ਹਾਂ ਜਾਪਦਾ ਸੀ ਕਿ

ਉੱਥੇ ਨੂਰ ਫਟ ਗਿਆ ਹੋਵੇ।

ਸੜਕ ਦੇ ਕਿਨਾਰੇ ਖੜ੍ਹਾ-ਖੜ੍ਹਾ ਕਾਲ਼ੀ ਥੱਕ ਗਿਆ ਤਾਂ ਉਹ ਪੁਰਾਣੀ ਰੇਲਵੇ ਰੋਡ ਤੇ ਤੁਰ ਪਿਆ। ਆਰਾ ਮਸ਼ੀਨਾਂ ਤੇ ਇਮਾਰਤੀ ਲਕੜੀ ਦੀਆਂ ਦੁਕਾਨਾਂ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਉਹਨੂੰ ਤੰਦੂਰ ਦਿਖਾਈ ਦਿੱਤਾ। ਉਹ ਉੱਥੇ ਚਲਾ ਗਿਆ। ਤੰਦੂਰ ਦੇ ਨਾਲ਼ ਦੋ ਵੱਡੇ ਚੁੱਲਿਆਂ 'ਤੇ ਅਲਮੀਨੀਅਮ ਦੇ ਪਤੀਲੇ ਪਏ ਸਨ। ਥੋੜ੍ਹਾ ਹਟ ਕੇ ਪਾਣੀ ਦਾ ਘੜਾ ਤੇ ਅਲਮੀਨੀਅਮ ਦੇ ਚਾਰ ਪੰਜ ਗਲਾਸ ਰੱਖੇ ਹੋਏ ਸਨ। ਕੱਛਾ ਤੇ ਪਾਟੀ ਹੋਈ ਮੈਲ਼ੀ ਬੁਨੈਣ ਪਾਈ ਇੱਕ ਆਦਮੀ ਆਪ ਹੀ ਤੰਦੂਰ 'ਤੇ ਰੋਟੀ ਲਾ ਰਿਹਾ ਸੀ ਤੇ ਨਾਲ਼ ਹੀ ਵਰਤਾ ਰਿਹਾ ਸੀ। ਉਹਦੇ ਸਾਹਮਣੇ ਆਰਾ ਮਸ਼ੀਨਾਂ ਤੇ ਕੰਮ ਕਰਨ ਵਾਲ਼ੇ ਚਾਰ ਆਦਮੀ ਲਾਈਨ ਵਿੱਚ ਬੈਠੇ ਸਨ। ਉਨ੍ਹਾਂ ਦੇ ਸਾਮ੍ਹਣੇ ਕੌਲੀਆਂ ਵਿੱਚ ਦਾਲ਼ ਪਈ ਸੀ ਤੇ ਤੰਦੂਰ ਵਾਲ਼ਾ ਰੋਟੀਆਂ ਸੇਕ ਕੇ ਲੋਹੇ ਦੀ ਸੀਖ ਨਾਲ਼ ਰੋਟੀਆ ਕੱਢ ਕੇ ਉਨ੍ਹਾਂ ਵੱਲ ਵਧਾ ਦਿੰਦਾ। ਉਹ ਚਾਰੇ ਰੋਟੀ ਖਾ ਕੇ ਉੱਠ ਪਏ। ਤੰਦੂਰ ਵਾਲ਼ੇ ਨੇ ਹਿਸਾਬ ਲਾ ਕੇ ਪੈਸੇ ਲਏ ਪੈਰਾਂ ਦੇ ਥੱਲੇ ਪਈ ਬੋਰੀ ਦੀ ਤਹਿ ਵਿੱਚ ਰੱਖ ਦਿੱਤੇ।

ਕਾਲ਼ੀ ਨੇ ਅੰਦਾਜ਼ਾ ਲਾਇਆ ਕਿ ਇਸ ਤੰਦੂਰ ਤੇ ਢਾਬੇ ਵਾਂਗ ਖਾਣਾ ਸਸਤਾ ਹੋਣਾ ਚਾਹੀਦਾ ਹੈ। ਇਹ ਸੋਚ ਕੇ ਉਹਦੀ ਭੁੱਖ ਚਮਕ ਪਈ। ਉਹ ਜ਼ਮੀਨ 'ਤੇ ਚਾਦਰ ਰੱਖ ਕੇ ਉਸ ਉੱਪਰ ਹੀ ਬੈਠ ਗਿਆ। ਤੰਦੂਰ ਵਾਲ਼ੇ ਨੂੰ ਆਪਣੀ ਵੱਲ ਦੇਖਦਾ ਦੇਖ ਕੇ ਕਾਲ਼ੀ ਨੇ ਪੁੱਛਿਆ, "ਕੀ ਭਾਅ ਲਾਇਆ ਹੈ ?"

"ਸਪੈਸ਼ਲ ਸਬਜ਼ੀ ਆਲੂ-ਟਮਾਟਰ-ਬੜੀ ਪਲੇਟ ਇੱਕ ਆਨੇ ਦੀ। ਦੇਸੀ ਘਿਉ ਦੇ ਤੁੜਕੇ ਵਾਲ਼ੀ ਦਾਲ਼ ਇੱਕ ਆਨੇ ਦੀ। ... ਰੋਟੀ ਇੱਕ ਪੈਸਾ। ਨਾਲ਼ ਛੋਲਿਆਂ ਦੀ ਦਾਲ਼ ਮੁਫ਼ਤ। ਬੋਲੋ, ਕੀ ਦੇਵਾਂ ?"

"ਥੋੜ੍ਹਾ ਠਹਿਰੋ ...। ਵਿਚਾਰ ਕਰ ਲਵਾਂ।" ਕਾਲ਼ੀ ਨੇ ਉਹਨੂੰ ਠਹਿਰਨ ਦਾ ਇਸ਼ਾਰਾ ਕੀਤਾ।

"ਕਿਹਦੇ ਨਾਲ਼ ਵਿਚਾਰ ਕਰਨੀ ਹੈ ?" ਤੰਦੂਰੀਏ ਨੇ ਕਾਲ਼ੀ ਨੂੰ ਇਕੱਲਾ ਦੇਖ ਕੇ ਹੈਰਾਨੀ ਨਾਲ਼ ਪੁੱਛਿਆ।

"ਆਪਣੇ ਆਪ ਨਾਲ਼ ...। ਤੇ ਫਿਰ ਜੇਬ ਨਾਲ਼।" ਜੇਬ ਵਿੱਚ ਹੱਥ ਪਾ ਕੇ ਕਾਲ਼ੀ ਕੱਪੜੇ ਵਿੱਚ ਬੰਨ੍ਹੇ ਪੈਸਿਆਂ ਦੀ ਗੋਲ਼ਾਈ-ਚੌੜਾਈ ਮਹਿਸੂਸ ਕਰਨ ਲੱਗਾ। ਅਚਾਨਕ ਉਹਦੇ ਜਿਹਨ ਵਿੱਚ ਦੁੱਧ-ਜਲੇਬੀ ਦਾ ਸੁਆਦ ਆ ਗਿਆ। ਉਹ ਸੋਚਣ ਲੱਗਾ ਦਾਲ਼ ਨੂੰ ਦੇਸੀ ਘਿਉ ਦਾ ਤੁੜਕਾ ਲੁਆ ਲਵੇ। ਪਰ ਸੋਚ ਕੇ ਇਰਾਦਾ ਛੱਡ ਦਿੱਤਾ ਕਿ ਉਸ ਨੇ ਰਾਤੀਂ ਵੀ ਖਾਣਾ ਨਹੀਂ ਖਾਧਾ ਸੀ। ਦੇਸੀ ਘਿਉ ਦੇ ਤੁੜਕੇ ਵਾਲ਼ੀ ਦਾਲ਼ ਨਾਲ਼ ਰੋਟੀ ਖਾਣ ਨਾਲ਼ ਤੰਦੂਰ ਵਾਲ਼ੇ ਦੀ ਆਟੇ ਦੀ ਪਰਾਤ ਤੇ ਮੇਰੀ ਜੇਬ ਖਾਲੀ ਹੋ ਜਾਣੀ ਹੈ।

ਕਾਲ਼ੀ ਨੇ ਤੰਦੂਰੀਏ ਵੱਲ ਦੇਖਿਆ। "ਦਾਲ਼-ਫੁਲਕਾ ਹੀ ਦੇ ਦਿਓ।"

"ਕਹੇਂ ਤਾਂ ਅੱਧਾ ਤੁੜਕਾ ਲਾ ਦਿਆਂ।" ਤੰਦੂਰੀਏ ਨੇ ਕਾਲ਼ੀ ਨੂੰ ਸੁਝਾਅ ਦਿੱਤਾ। "ਸਿਰਫ ਇੱਕ ਟਕਾ ਲੱਗੇਗਾ।"

"ਨਹੀਂ, ਸਾਦਾ ਦਾਲ਼-ਰੋਟੀ ਹੀ ਦੇ ਦਿਓ। ਸਮਾਂ ਆਇਆ ਤਾਂ ਦੋਹਰੇ ਤੁੜਕੇ

ਵਾਲ਼ੀ ਦਾਲ਼ ਵੀ ਖਾਊਂਗਾ।" ਕਾਲ਼ੀ ਮੁਸਕਰਾ ਪਿਆ ਤੇ ਰੋਟੀ ਦੀ ਉਡੀਕ ਵਿੱਚ ਹੱਥ ਮਲ਼ਣ ਲੱਗਾ।

ਰਾਮੂ ਨੇ ਇੱਕ ਪਤੀਲੇ ਵਿੱਚੋਂ ਕੌਲੀ ਵਿੱਚ ਦਾਲ਼ ਪਾਈ ਤੇ ਛਾਬੇ ਵਿੱਚ ਪਈਆਂ ਦੋ ਰੋਟੀਆਂ ਤੇ ਕੱਚਾ ਪਿਆਜ਼ ਰੱਖ ਕੇ ਕਾਲ਼ੀ ਦੇ ਹੱਥ 'ਤੇ ਰੱਖ ਦਿੱਤੀਆਂ। ਕਾਲ਼ੀ ਨੇ ਪਿਆਜ਼ ਨੂੰ ਗੋਡੇ 'ਤੇ ਰੱਖ ਕੇ ਜ਼ੋਰ ਨਾਲ਼ ਮੁੱਕਾ ਮਾਰਿਆ ਤੇ ਪਿਆਜ਼ ਟੁੱਟ ਕੇ ਫੁੱਲ ਵਾਂਗ ਖਿਲਰ ਗਿਆ।

"ਕਿੰਨੀਆਂ ਰੋਟੀਆਂ ਖਾਊਂਗਾ ?" ਤੰਦੂਰੀਏ ਨੇ ਪੁੱਛਿਆ।

ਕਾਲ਼ੀ ਨੇ ਰੋਟੀ ਦੀ ਇੱਕ ਬੜੀ ਸਾਰੀ ਬੁਰਕੀ ਥੋੜ੍ਹੀ ਤੇ ਦਾਲ਼ ਵਿੱਚ ਡੋਬ ਕੇ ਮੂੰਹ ਵਿੱਚ ਪਾ ਲਈ ਤੇ ਫਿਰ ਪਿਆਜ਼ ਦਾ ਇੱਕ ਟੁਕੜਾ ਮੂੰਹ 'ਚ ਪਾ ਕੇ ਚੱਬਣ ਲੱਗ ਪਿਆ।

ਰੋਟੀ ਦਾ ਸਵਾਦ ਲੈ ਕੇ ਕਾਲ਼ੀ ਬੋਲਿਆ, "ਚਾਰ ਰੋਟੀਆਂ ਤਾਂ ਲਾ ਹੀ ਲੈ।"

"ਚਾਰ ਹੋਰ ਜਾਂ ਦੋ ਹੋਰ ? ਦੋ ਰੋਟੀਆਂ ਤਾਂ ਤੇਰੇ ਹੱਥ ਵਿੱਚ ਹੁਣ ਹੈਗੀਆਂ।" ਤੰਦੂਰੀਏ ਨੇ ਇਸ਼ਾਰਾ ਕੀਤਾ।

ਕਾਲ਼ੀ ਇੱਕ ਪਲ ਸੋਚ ਵਿੱਚ ਪੈ ਗਿਆ। ਉਹ ਇੱਕ ਵਾਰ ਫਿਰ ਢਿੱਡ ਦੀ ਭੁੱਖ ਤੇ ਜੇਬ ਦੇ ਪੈਸਿਆਂ ਦੀ ਮੁਸ਼ਕਲ ਵਿੱਚ ਫਸ ਗਿਆ। ਇੱਕ ਪਲ ਉਸ ਨੇ ਹਿਸਾਬ-ਕਿਤਾਬ ਲਾਇਆ ਤੇ ਰੋਅਬ ਨਾਲ਼ ਸਿਰ ਝਟਕਿਆ "ਚਲੋ, ਚਾਰ ਹੋਰ ਲਾ ਲਉ।"

ਤੰਦੂਰੀਏ ਨੇ ਪਰਾਤ ਵਿੱਚ ਪਏ ਆਟੇ ਦੇ ਚਾਰ ਪੇੜੇ ਬਣਾਏ ਤੇ ਟਪ-ਟਪ ਕਰਕੇ ਉਨ੍ਹਾਂ ਨੂੰ ਗੱਦੀ 'ਤੇ ਟਿਕਾ ਤੰਦੂਰ ਦੀ ਦਹਿਕਦੀ ਕੰਧ ਨਾਲ਼ ਚਿਪਕਾ ਦਿੱਤਾ। ਗੱਦੀ ਨੂੰ ਪੈਰ ਕੋਲ਼ ਰੱਖ ਕੇ ਇੱਕ ਲੋਹੇ ਦੀ ਸਲਾਖ ਚੁੱਕ ਲਈ। ਰੋਟੀਆਂ ਰੜ੍ਹ ਗਈਆਂ ਤਾਂ ਉਸ ਨੇ ਲੋਹੇ ਦੀ ਸਲਾਖ ਨਾਲ਼ ਉਨ੍ਹਾਂ ਨੂੰ ਤੰਦੂਰ ਦੀ ਕੰਧ ਨਾਲ਼ੋਂ ਲਾਹਿਆ ਤੇ ਥੱਲੇ ਪਏ ਕੋਲਿਆਂ 'ਤੇ ਰੱਖ ਦਿੱਤਾ। "ਨਰਮ ਲੈਣੀ ਹੈ ਜਾਂ ਕੜਕ।"

"ਕੜਕ।" ਕਾਲ਼ੀ ਨੇ ਇੱਕ ਬੜੀ ਸਾਰੀ ਬੁਰਕੀ ਮੂੰਹ ਵਿੱਚ ਪਾਉਂਦਿਆਂ ਕਿਹਾ।

ਤੰਦੂਰੀਏ ਨੇ ਰੋਟੀਆਂ ਨੂੰ ਕੁੱਝ ਪਲਾਂ ਲਈ ਮਘਦੇ ਕੋਲਿਆਂ 'ਤੇ ਗਾੜ ਦਿੱਤਾ। ਫਿਰ ਉਹਨੇ ਵਾਰੀ-ਵਾਰੀ ਉਨ੍ਹਾਂ ਨੂੰ ਚੁੱਕਿਆ। ਰੋਟੀਆਂ ਦਾ ਉਪਰਲਾ ਹਿੱਸਾ ਜਲ਼ ਕੇ ਕਾਲ਼ਾ ਹੋ ਗਿਆ ਸੀ। ਉਸ ਨੇ ਰੋਟੀਆਂ ਨੂੰ ਝਾੜ ਕੇ ਕਾਲ਼ਖ ਲਾਹ ਦਿੱਤੀ ਤੇ ਇੱਕ-ਇੱਕ ਕਰਕੇ ਕਾਲ਼ੀ ਨੂੰ ਫੜਾਉਂਦਾ ਹੋਇਆ ਬੋਲਿਆ "ਲੈ ਇੱਕ ਦਮ ਕੜਕ ਹੈ।"

"ਇਹ ਤਾਂ ਜਲ਼ ਗਈਆਂ ਹਨ।" ਕਾਲ਼ੀ ਨੇ ਰੋਟੀਆਂ ਵੱਲ ਇਸ਼ਾਰਾ ਕੀਤਾ।

"ਜੇ ਜਲ਼ੀ ਹੁੰਦੀ ਤਾਂ ਇਨ੍ਹਾਂ ਦਾ ਧੂੰਆਂ ਨਿਕਲ ਜਾਣਾ ਸੀ। ਇੰਨੀ ਕੜਕ ਰੋਟੀ ਹੋਰ ਕਿਸੇ ਤੰਦੂਰ 'ਤੇ ਨਹੀਂ ਮਿਲਣੀ।" ਤੰਦੂਰੀਏ ਨੇ ਭਰੋਸਗੀ ਨਾਲ਼ ਕਿਹਾ।

ਕਾਲ਼ੀ ਨੇ ਅੱਠ ਰੋਟੀਆਂ ਖਾਧੀਆਂ ਅਤੇ ਦੋ ਗਲਾਸ ਪਾਣੀ ਦੇ ਪੀਤੇ ਤੇ ਫਿਰ ਦੋ ਆਨੇ ਦੇ ਕੇ ਜ਼ੋਰ ਨਾਲ਼ ਡਕਾਰ ਲਿਆ। ਉਹਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਸ਼ਹਿਰ ਇੰਨੀ ਖਤਰਨਾਕ ਜਗ੍ਹਾ ਨਹੀਂ ਹੈ ਜਿਵੇਂ ਉਹਨੂੰ ਪਿਛਲੇ ਤਿੰਨਾਂ ਦਿਨਾਂ ਤੋਂ ਲੱਗ ਰਿਹਾ ਸੀ। ਜੇ ਇੱਥੇ ਬਰਫ ਕਾਰਖਾਨੇ ਦਾ ਮੈਨੇਜਰ ਤੇ ਮਾਲ-ਗੁਦਾਮ ਦਾ ਲਾਲਾ ਹੈ ਤਾਂ ਇੱਥੇ ਹੀ ਬਰਕਤ, ਮਨਸੁੱਖ ਤੇ ਤੰਦੂਰੀਆ ਵੀ ਹੈ। ਕਾਲ਼ੀ ਨੂੰ ਯਕੀਨ ਹੋ ਗਿਆ ਕਿ ਇਸ ਸ਼ਹਿਰ ਵਿੱਚ ਵੀ

ਗਰੀਬ ਆਦਮੀ ਕਿਸੇ ਨਾ ਕਿਸੇ ਤਰ੍ਹਾਂ ਸਮਾਅ ਸਕਦਾ ਹੈ, ਨਿਰਬਾਹ ਕਰ ਸਕਦਾ ਹੈ।

ਉਸ ਸਮੇਂ ਤੰਦੂਰ ਤੇ ਹੋਰ ਕੋਈ ਗਾਹਕ ਨਹੀਂ ਸੀ। ਇਹ ਦੇਖ ਕੇ ਕਾਲ਼ੀ ਡੱਟਿਆ ਰਿਹਾ। ਤੰਦੂਰੀਏ ਨੇ ਵੀ ਕੋਈ ਇਤਰਾਜ਼ ਨਾ ਕੀਤਾ। ਕਾਲ਼ੀ ਨੇ ਡਰਦੇ-ਡਰਦੇ ਪੁੱਛਿਆ, "ਤੁਸੀਂ ਕਿੱਥੇ ਰਹਿੰਦੇ ਓ ?"

"ਗਰਮੀਆਂ ਵਿੱਚ ਤਾਂ ਇੱਥੇ ਸੌਂ ਜਾਂਦਾ ਹਾਂ। ਬਰਸਾਤ ਤੇ ਸਰਦੀਆਂ ਨੂੰ ਅੱਡਾ ਹੁਸ਼ਿਆਰਪੁਰ ਦੇ ਨੇੜੇ ਸਮਾਜ ਦਾ ਮੰਦਰ ਹੈ ਉੱਥੇ ਚਲਾ ਜਾਂਦਾ ਹਾਂ।"

"ਉੱਥੇ ਹੋਰ ਜਗ੍ਹਾ ਹੈ। ਮਤਲਬ ਰਾਤ ਰਹਿਣ ਲਈ ?" ਕਾਲ਼ੀ ਨੇ ਪੁੱਛਿਆ।

"ਉੱਥੇ ਕੋਈ ਸਰਾਂ ਜਾਂ ਧਰਮਸ਼ਾਲਾ ਨਹੀਂ ਹੈ। ਸਮਾਜ ਮੰਦਰ ਹੈ। ਉੱਥੇ ਕੁੱਝ ਕੋਠੜੀਆਂ ਤੇ ਇੱਕ ਦਲਾਨ ਹੈ। ਜ਼ਮੀਨ ਤੇ ਸੌਂ ਜਾਈਦਾ ਹੈ। ਚੌਂਕੀਦਾਰ ਬਿਸਤਰਾ ਆਪਣੀ ਕੋਠੜੀ ਵਿੱਚ ਰੱਖ ਲੈਂਦਾ ਹੈ। ਉਹ ਦੋ ਪੈਸੇ ਰੋਜ਼ ਦੇ ਲੈਂਦਾ ਹੈ।"

"ਮੇਰੇ ਕੋਲ਼ ਵੀ ਰਹਿਣ ਲਈ ਕੋਈ ਥਾਂ ਨਹੀਂ ਹੈ। ਮੇਰਾ ਵੀ ਉੱਥੇ ਬੰਦੋਬਸਤ ਕਰਾ ਦੇ।" ਕਾਲ਼ੀ ਨੇ ਹੱਥ ਜੋੜੇ।

"ਤੈਨੂੰ ਦੱਸਿਆ ਤਾਂ ਹੈ ਕਿ ਉਹ ਸਰਾਂ ਜਾਂ ਧਰਮਸ਼ਾਲਾ ਨਹੀਂ ਹੈ। ਸਮਾਜ ਮੰਦਰ ਹੈ। ਅੱਜ ਕੱਲ ਤਾਂ ਮੈਂ ਵੀ ਉੱਥੇ ਨਹੀਂ ਜਾਂਦਾ। ਸੁਹਣਾ ਮੌਸਮ ਹੈ। ਇੱਥੇ ਹੀ ਸੌਂ ਜਾਂਦਾ ਹਾਂ। ਵੈਸੇ ਵੀ ਉਹਨੇ ਮੰਨਣਾ ਨਹੀਂ। ਮੈਨੂੰ ਤਾਂ ਉਹ ਰੱਖ ਲੈਂਦਾ ਹੈ ਕਿਉਂਕਿ ਉਹ ਮੇਰੇ ਇਲਾਕੇ ਦਾ ਹੈ। ਸਾਡੀ ਬਰਾਦਰੀ ਵੀ ਇੱਕ ਹੀ ਹੈ।" ਤੰਦੂਰੀਏ ਨੇ ਵਿਸਥਾਰ ਨਾਲ਼ ਦੱਸਿਆ।

ਕਾਲ਼ੀ ਖਾਮੋਸ਼ ਹੋ ਗਿਆ ਤੇ ਡੂੰਘੀ ਸੋਚ ਵਿੱਚ ਡੁੱਬਿਆ ਥੋੜ੍ਹੀ ਦੇਰ ਬਾਅਦ ਬੋਲਿਆ, "ਜੇ ਤੁਸੀਂ ਕਹੋਂ ਤਾਂ ਮੈਂ ਵੀ ਰਾਤ ਇੱਥੇ ਤੁਹਾਡੇ ਕੋਲ਼ ਹੀ ਕੱਟ ਲਿਆ ਕਰਾਂਗਾ। ਦੋ ਆਦਮੀ ਹੋਣਗੇ ਤਾ ਦਿਲ ਵੀ ਲੱਗਾ ਰਹੇਗਾ।"

ਤੰਦੂਰੀਏ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ। ਫਿਰ ਉਹਨੇ ਲੋਹੇ ਦੀ ਲਾਠੀ ਚੁੱਕ ਲਈ, "ਜਾਣ ਨਾ ਪਹਿਚਾਣ, ਮੈਂ ਤੇਰਾ ਮਹਿਮਾਨ। ਦੋ ਆਨੇ ਦਾ ਖਾਣਾ ਖਾ ਕੇ ਤੂੰ ਮੇਰੇ ਨਾਲ਼ ਰਿਸ਼ਤੇਦਾਰੀ ਜੋੜ ਰਿਹਾ ਹੈਂ। ਰਾਤ ਨੂੰ ਮੇਰੇ ਨਾਲ਼ ਚਾਰ ਆਦਮੀ ਹੋਰ ਵੀ ਹੁੰਦੇ ਹਨ। ਮੇਰੇ ਹੀ ਪਿੰਡ ਤੇ ਬਰਾਦਰੀ ਦੇ। ਜਾ ਭਾਈ, ਆਪਣਾ ਕੰਮ ਕਰ।" ਤੰਦੂਰੀਏ ਨੇ ਦੋ ਵਿਅਕਤੀਆਂ ਨੂੰ ਆਉਂਦੇ ਦੇਖ ਕੇ ਸਖ਼ਤ ਲਹਿਜੇ ਵਿੱਚ ਕਿਹਾ। "ਸਰਨਾਮੇ ਤੋਂ ਬਿਨਾਂ ਤੈਨੂੰ ਸ਼ਹਿਰ ਵਿੱਚ ਕੋਈ ਆਪਣੇ ਕੋਲ਼ ਫਟਕਣ ਵੀ ਨਹੀਂ ਦੇਵੇਗਾ। ਸਰਨਾਮਾ ਬਣਦਾ ਹੈ ਘਰ-ਘਾਟ ਨਾਲ਼, ਰਿਸ਼ਤੇਦਾਰਾਂ-ਸਬੰਧੀਆਂ ਨਾਲ਼, ਦੋਸਤਾਂ ਮਿੱਤਰਾਂ ਨਾਲ਼। ਪਹਿਲਾਂ ਆਪਣਾ ਸਰਨਾਵਾਂ ਦੱਸ। ਫੇਰ ਗੱਲ ਕਰ।"

ਕਾਲ਼ੀ ਨਿਰਾਸ਼ ਹੋ ਕੇ ਉੱਥੋਂ ਤੁਰ ਪਿਆ ਤੇ ਕਾਹਲ਼ੀ ਕਾਹਲ਼ੀ ਸੜਕ ਦੇ ਦੂਜੇ ਪਾਸੇ ਆ ਗਿਆ। ਉਹਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ। ਢਿੱਡ ਭਰ ਕੇ ਖਾਣਾ ਖਾਣ ਦੇ ਬਾਵਜੂਦ ਲੱਤਾਂ ਉਸ ਦਾ ਭਾਰ ਨਹੀਂ ਸੀ ਚੁੱਕ ਰਹੀਆਂ। ਉਹ ਪੈਰ ਘਸੀਟਦਾ ਰੇਲਵੇ ਸਟੇਸ਼ਨ ਦੇ ਕੋਲ਼ ਲੁਧਿਆਣੇ ਦੇ ਬੱਸ ਅੱਡੇ ਨੂੰ ਤੁਰ ਪਿਆ। ਅੱਡੇ ਦੇ ਸਾਹਮਣੇ ਪਹੁੰਚ ਕੇ ਉਹ ਰੁਕ ਗਿਆ ਤੇ ਦੂਰ ਖੜ੍ਹਾ ਬਰਕਤ ਤੇ ਉਹਦੇ ਸਾਥੀਆਂ ਦੀਆਂ ਅਵਾਜ਼ਾਂ ਪਹਿਚਾਨਣ ਦੀ ਕੋਸ਼ਿਸ਼ ਕਰਨ

ਲੱਗਾ। ਫਿਰ ਬਰਕਤ 'ਤੇ ਨਜ਼ਰ ਪੈਂਦਿਆਂ ਹੀ ਉਸ ਦੇ ਸੁਸਤ ਸਰੀਰ ਵਿੱਚ ਇੱਕ ਦਮ ਫੁਰਤੀ ਆ ਗਈ। ਉਹਨੂੰ ਦਿਨ ਪਹਿਲਾਂ ਨਾਲ਼ੋਂ ਵੀ ਸੁਹਣਾ ਦਿਸਣ ਲੱਗਾ ਤੇ ਉਹ ਕਾਹਲ਼ੀ ਨਾਲ਼ ਬਰਕਤ ਵੱਲ ਨੂੰ ਤੁਰ ਪਿਆ।

ਬਰਕਤ ਨੇ ਇੱਕ ਨਜ਼ਰ ਕਾਲ਼ੀ ਵੱਲ ਦੇਖਿਆ ਤੇ ਫਿਰ ਪਿੱਠ ਘੁਮਾ ਕੇ ਡਰਾਈਵਰ ਨਾਲ਼ ਗੱਲਾਂ ਕਰਦਾ ਰਿਹਾ। ਕਾਲ਼ੀ ਕਾਫੀ ਦੇਰ ਖੜ੍ਹਾ ਉਸ ਦੀ ਉਡੀਕ ਕਰਦਾ ਰਿਹਾ ਪਰ ਜਦ ਉਨ੍ਹਾਂ ਦੀਆਂ ਗੱਲਾਂ ਖਤਮ ਹੋਣ ਵਿੱਚ ਨਾ ਆਈਆਂ ਤਾਂ ਉਹ ਮਨਸੁੱਖ ਨੂੰ ਨਲਕੇ ਕੋਲ਼ ਖੜ੍ਹਾ ਦੇਖ ਕੇ ਉੱਥੇ ਚਲਾ ਗਿਆ।

ਮਨਸੁੱਖ ਨੇ ਉਹਦੀ ਵੱਲ ਦੇਖ ਕੇ ਕਿਹਾ, "ਕੋਈ ਕੰਮ ਮਿਲਿਆ ?"

"ਨਹੀਂ।" ਕਾਲ਼ੀ ਨੇ ਨਿਰਾਸ਼ਤਾ 'ਚ ਸਿਰ ਹਿਲਾ ਦਿੱਤਾ।

"ਇੰਨੀ ਛੇਤੀ ਤਾਂ ਬਹੁਤ ਚੰਗੀ ਕਿਸਮਤ ਵਾਲ਼ੇ ਨੂੰ ਹੀ ਕੰਮ ਮਿਲ਼ਦਾ ਹੈ। ਹਿੰਮਤ ਰੱਖ। ਇੱਕ ਨਾ ਇੱਕ ਦਿਨ ਕੰਮ ਜ਼ਰੂਰ ਮਿਲੂਗਾ।" ਮਨਸੁੱਖ ਨੇ ਕਾਲ਼ੀ ਨੂੰ ਹੌਸਲਾ ਦਿੱਤਾ ਤੇ ਫਿਰ ਗੇਟ ਦੇ ਕੋਲ਼ ਖੜ੍ਹੀ ਖਾਲੀ ਬੱਸ ਵੱਲ ਨੂੰ ਤੁਰ ਪਿਆ।

ਬਰਕਤ ਨੇ ਮਨਸੁੱਖ ਨੂੰ ਕਾਲ਼ੀ ਨਾਲ਼ ਗੱਲਾਂ ਕਰਦਾ ਦੇਖ ਲਿਆ ਸੀ। ਉਸ ਨੇ ਮਨਸੁੱਖ ਨੂੰ ਆਪਣੇ ਕੋਲ਼ ਸੱਦਿਆ ਤੇ ਥੋੜ੍ਹਾ ਸਖਤ ਲਹਿਜੇ ਵਿੱਚ ਬੋਲਿਆ, "ਇਹਨੂੰ ਐਨਾ ਮੂੰਹ ਨਾ ਲਾ। ਪਤਾ ਨਹੀਂ ਕੌਣ ਹੈ। ਕਿਹੜੀ ਗੱਲ ਕਰਕੇ ਘਰ ਤੇ ਪਿੰਡ ਛੱਡ ਕੇ ਆਇਆ ਹੈ।"

"ਕੱਲ ਤਾਂ ਤੂੰ ਉਹਦੇ ਨਾਲ਼ ਇਦਾਂ ਪਿਆਰ ਜਤਾ ਰਿਹਾ ਸੀ ਜਿਵੇਂ ਅਚਾਨਕ ਹੀ ਕੋਈ ਵਿਛੜਿਆ ਹੋਇਆ ਸਕਾ-ਸਬੰਧੀ ਮਿਲ ਗਿਆ ਹੋਵੇ।" ਮਨਸੁੱਖ ਨੇ ਨਿਹੋਰਾ ਮਾਰਿਆ।

ਬਰਕਤ ਨੇ ਮਨਸੁੱਖ ਦੀ ਕਹੀ ਗੱਲ ਨੂੰ ਮਹਿਸੂਸ ਕੀਤਾ। ਉਹ ਥੋੜ੍ਹੀ ਦੇਰ ਖਮੋਸ਼ ਰਿਹਾ ਤੇ ਉਸ ਵੱਲ ਤਿੱਖੀ ਨਜ਼ਰ ਨਾਲ਼ ਦੇਖਣ ਲੱਗਾ, "ਮੈਂ ਤਾਂ ਗਰੀਬ ਤੇ ਅਨਜਾਣ ਜਾਣ ਕੇ ਉਹਨੂੰ ਰੋਟੀ ਖੁਆਈ ਸੀ। ਤੂੰ ਕੀ ਸਮਝ ਕੇ ਉਹਦੀ ਦੁੱਧ-ਜਲੇਬੀ ਨਾਲ਼ ਸੇਵਾ ਕੀਤੀ ? ਮੇਰੇ ਮੂੰਹ ਤੋਂ ਕੁੱਝ ਹੋਰ ਨਿਕਲ਼ ਗਿਆ ਤਾਂ ਤੂੰ ਅੱਗ-ਭਬੂਕਾ ਹੋਵੇਂਗਾ।"

ਆਪਣੇ ਦੰਦਾਂ ਨੂੰ ਗੁੱਸੇ ਵਿੱਚ ਪੀਂਹਦਾ ਬਰਕਤ ਫੇਰ ਬੋਲਿਆ, "ਇਹਨੂੰ ਹੁਣੇ ਗਲ਼ੋਂ ਲਾਹ ਦੇ। ਪਤਾ ਨਹੀਂ ਕੌਣ ਹੈ, ਕਿੱਥੇ ਦਾ ਹੈ ? ਅੱਜ ਕੱਲ ਤਾਂ ਘਰ ਦੇ ਆਦਮੀ ਦਾ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ। ... ਉਸਤਾਦ ਜੀ ਨੂੰ ਪਤਾ ਲੱਗ ਗਿਆ ਕਿ ਅਸੀਂ ਅੱਡੇ ਨੂੰ ਸਰਾਂ ਬਣਾਇਆ ਹੋਇਆ ਤਾਂ ਉਹ ਆਪਾਂ ਸਾਰਿਆਂ ਨੂੰ ਧੱਕੇ ਦੇ ਕੇ ਕੱਢ ਦੇਵੇਗਾ। ਪਹਿਲਾਂ ਹੀ ਚੋਰੀ ਦੇ ਇਲਜ਼ਾਮ ਵਿੱਚੋਂ ਮੁਸ਼ਕਲ ਨਾਲ਼ ਬਚੇ ਹਾਂ।"

"ਕਿਹੜੀ ਚੋਰੀ ? ਕਿਹਨੇ ਕੀਤੀ ਹੈ ?" ਮਨਸੁੱਖ ਘਬਰਾ ਗਿਆ।

ਬਰਕਤ ਤੇ ਮਨਸੁੱਖ ਨੂੰ ਇਕੱਠੇ ਦੇਖ ਕੇ ਤੋਖਾ ਤੇ ਸੋਮਾ ਵੀ ਉੱਥੇ ਆ ਗਏ। ਉਨ੍ਹਾਂ ਦੀ ਰੀਸੇ ਕਾਲ਼ੀ ਵੀ ਹੌਸਲਾ ਕਰਕੇ ਉਨ੍ਹਾਂ ਦੇ ਨੇੜੇ ਖਿਸਕ ਆਇਆ। ਬਰਕਤ ਨੂੰ ਬੰਦਗੀ ਕਰਨ ਲਈ ਕਾਲ਼ੀ ਨੇ ਬੁੱਲਾਂ ਤੇ ਮੁਸਕਾਨ ਲਿਆ ਕੇ ਮੱਥੇ ਵੱਲ ਨੂੰ ਹੱਥ ਚੁੱਕਿਆ ਹੀ ਸੀ ਕਿ ਬਰਕਤ ਨੇ ਉਹਨੂੰ ਝਿੜਕ ਦਿੱਤਾ, "ਕਿਉਂ ਸਾਨ੍ਹ ਦੀ ਤਰ੍ਹਾਂ ਸਾਡੇ ਉੱਤੇ ਚੜ੍ਹਿਆ ਆਉਂਦਾ। ਗੱਲ ਕਰਨ ਦੇ ?"

ਕਾਲ਼ੀ ਸਹਿਮ ਗਿਆ ਤੇ ਇਕਦਮ ਇਕੱਠਾ ਹੋ ਕੇ ਪਿੱਛੇ ਹਟ ਗਿਆ। ਉਹਦੀ ਵੱਲ ਦੇਖ ਕੇ ਬਰਕਤ ਨੇ ਕਿਹਾ, "ਕਿਸੇ ਨੂੰ ਮੋਢੇ 'ਤੇ ਹੱਥ ਰੱਖਣ ਦਿਓ ਤਾਂ ਉਹ ਛਾਤੀ ਤੇ ਗੋਡਾ ਰੱਖਣ ਦੀ ਕੋਸ਼ਿਸ਼ ਕਰਦਾ ਹੈ।"

ਬਰਕਤ ਕੁੱਝ ਪਲ ਚੁੱਪ ਰਿਹਾ। ਫਿਰ ਸਾਰਿਆਂ ਵੱਲ ਦੇਖ ਕੇ ਚਿਤਾਵਨੀ ਦਿੱਤੀ, "ਉਸਤਾਦ ਜੀ ਬਹੁਤ ਨਰਾਜ਼ ਸੀ। ਲਗਦਾ ਹੈ ਕਿ ਆਪਣੀ ਸਾਰਿਆਂ ਦੀ ਛੁੱਟੀ ਕਰ ਦੇਵੇਗਾ।"

"ਕੀ ਹੋਇਆ ?" ਸਾਰਿਆਂ ਨੇ ਘਬਰਾ ਕੇ ਇੱਕ ਅਵਾਜ਼ ਵਿੱਚ ਪੁੱਛਿਆ।

"ਇੱਧਰ ਪਿੱਛੇ ਕੋਠੜੀ ਹੈ ਨਾ ... ਜਿਥੇ ਮੋਬਿਲ ਤੇਲ ਦੇ ਖਾਲੀ ਡੱਬੇ, ਟੁੱਟੀਆਂ ਹੋਈਆਂ ਕੈਨੀਆਂ ਤੇ ਬਾਕੀ ਕੂੜਾ ਪਿਆ ਰਹਿੰਦਾ ਹੈ।"

"ਹਾਂ।" ਉਨ੍ਹਾਂ ਨੇ ਸਿਰ ਹਿਲਾਇਆ।

"ਸਵੇਰੇ ਉਸਤਾਦ ਜੀ ਅੱਡੇ ਦਾ ਚੱਕਰ ਲਾ ਰਹੇ ਸੀ। ਕੋਠੜੀ ਦੀ ਕੁੰਡੀ ਡਿੱਗੀ ਹੋਈ ਸੀ ਤੇ ਖੁੱਲ੍ਹਾ ਜਿੰਦਾ ਲਟਕ ਰਿਹਾ ਸੀ ਤੇ ਉਹਦੇ ਵਿੱਚ ਕੁੰਜੀ ਵੀ ਨਹੀਂ ਸੀ।"

"ਅੱਛਾ।" ਹੈਰਾਨੀ ਨਾਲ਼ ਸਾਰਿਆਂ ਦੇ ਮੂੰਹ ਖੁੱਲ੍ਹੇ ਰਹਿ ਗਏ।

"ਉਸਤਾਦ ਜੀ ਨੇ ਰੌਲ਼ਾ ਪਾ ਦਿੱਤਾ ਕਿ ਕੋਠੜੀ ਵਿੱਚ ਚੋਰੀ ਹੋ ਗਈ ਹੈ। ਹੁਣ ਰਾਤ ਨੂੰ ਆਪਾਂ ਵਿੱਚੋਂ ਹੀ ਇੱਕ ਜਣਾ ਇੱਥੇ ਰਹਿੰਦਾ ਹੈ। ਡਰਾਈਵਰ-ਕਲੀਨਰ ਵਰਕਸ਼ਾਪ ਵਿੱਚ ਹੁੰਦੇ ਹਨ। ਗੱਡੀ ਦੀ ਛੱਤ ਜਾਂ ਗੱਡੀ ਦੇ ਅੰਦਰ ਦੋ ਸੀਟਾਂ ਜੋੜ ਕੇ ਸੌਂ ਜਾਂਦੇ ਹਨ। ...

"ਫੇਰ ਕੀ ਹੋਇਆ ?"

"ਹੋਣਾ ਕੀ ਸੀ। ਉਸਤਾਦ ਜੀ ਗਾਲ਼ਾਂ ਕੱਢਣ ਲੱਗ ਪਏ। ਅੱਡੇ ਦੇ ਸਾਰੇ ਲੋਕ ਉੱਥੇ ਇਕੱਠੇ ਹੋ ਗਏ। ਕੋਠੜੀ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ। ਮਿੱਟੀ ਨਾਲ਼ ਭਰੇ ਮੋਬਿਲ ਦੇ ਖਾਲੀ ਡੱਬੇ ਤੇ ਕੈਨੀਆਂ ਪਈਆਂ ਸਨ। ... ਨੱਥਾ ਸਿੰਘ ਡਰਾਈਵਰ ਨੇ ਦੱਸਿਆ ਕਿ ਕੱਲ ਰਾਤੀਂ ਵਰਕਸ਼ਾਪ ਦਾ ਪੋਸਤੀ ਬਲਕਾਰ ਸਿੰਘ ਕੋਠੜੀ ਦਾ ਜਿੰਦਾ ਖੋਲ੍ਹ ਰਿਹਾ ਸੀ। ਬਲਕਾਰ ਸਿੰਘ ਨੂੰ ਵਰਕਸ਼ਾਪ ਤੋਂ ਸੱਦਿਆ ਗਿਆ। ਉਹਨੇ ਮੰਨ ਲਿਆ ਕਿ ਉਸ ਨੇ ਮੋਬਿਲ ਦਾ ਖਾਲੀ ਡੱਬਾ ਕੱਢਣ ਲਈ ਜਿੰਦਾ ਖੋਲ੍ਹਿਆ ਸੀ। ਮੈਂ ਆਪਣੀ ਵਲੋਂ ਤਾਂ ਜਿੰਦਾ ਬੰਦ ਕੀਤਾ ਸੀ ਪਰ ਝੋਕ ਤੇ ਪੀਨਕ ਕਰਕੇ ਸ਼ਾਇਦ ਖੁੱਲ੍ਹਾ ਰਹਿ ਗਿਆ ਹੋਵੇਗਾ। ਉਸ ਨੇ ਜੇਬਾਂ ਵਿੱਚ ਹੱਥ ਮਾਰਿਆ। ਪਤੂਹੀ ਦੀ ਛੋਟੀ ਜੇਬ ਵਿੱਚੋਂ ਕੁੰਜੀ ਮਿਲ਼ ਗਈ ਤੇ ਉਸਤਾਦ ਜੀ ਦਾ ਗੁੱਸਾ ਠੰਡਾ ਪੈ ਗਿਆ। ਕੁੰਜੀ ਨਾ ਮਿਲਦੀ ਜਾਂ ਜੇ ਪੋਸਤੀ ਆਪਣਾ ਕਸੂਰ ਨਾ ਮੰਨਦਾ ਤਾਂ ਉਸਤਾਦ ਨੇ ਸਾਨੂੰ ਸੂਲੀ ਤੇ ਟੰਗ ਦੇਣਾ ਸੀ। ਸੁਣਿਆ ਹੈ ਅੱਡੇ ਵਿੱਚ ਰਾਤ ਨੂੰ ਸੌਣਾ ਸਾਰਿਆਂ ਦਾ ਹੀ ਬੰਦ ਹੋ ਰਿਹਾ ਹੈ ਤੇ ਚੌਕੀਦਾਰੀ ਲਈ ਇੱਕ ਗੋਰਖਾ ਰੱਖਿਆ ਜਾ ਰਿਹਾ ਹੈ। ਸੜਕ ਵੱਲ ਪੱਕੀ ਕੰਧ ਬਣੇਗੀ ਤੇ ਉਸ ਵਿੱਚ ਲੋਹੇ ਦਾ ਫਾਟਕ ਲੱਗਣਾ ਹੈ। ਆਖਰੀ ਬੱਸ ਜਾਣ ਦੇ ਬਾਅਦ ਫਾਟਕ ਨੂੰ ਅੰਦਰੋਂ ਜਿੰਦਾ ਲਾ ਦਿੱਤਾ ਜਾਇਆ ਕਰੂਗਾ। ਬਰਕਤ ਨੇ ਸੂਚਨਾ ਦਿੱਤੀ।

ਸਾਰੇ ਜਣੇ ਸੋਚ ਵਿੱਚ ਡੁੱਬ ਗਏ ਤਾਂ ਬਰਕਤ ਸੜਕ ਵੱਲ ਨੂੰ ਤੁਰ ਪਿਆ, "ਆਓ, ਚਾਹ ਪੀ ਲਈਏ।"

ਕਾਲ਼ੀ ਅੱਡੇ ਦੇ ਬਾਹਰ ਸੜਕ ਦੇ ਕੰਢੇ ਬਹੁਤ ਹੀ ਗੰਭੀਰਤਾ ਨਾਲ਼ ਸੱਜੇ-ਖੱਬੇ ਦੇਖ

ਰਿਹਾ ਸੀ ਜਿਵੇਂ ਆ–ਜਾ ਰਹੀ ਟਰੈਫਿਕ ਦਾ ਹਿਸਾਬ ਲਾ ਰਿਹਾ ਹੋਵੇ। ਬਰਕਤ ਤੇ ਹੋਰ ਲੋਕਾਂ ਨੂੰ ਸੜਕ ਵੱਲ ਆਉਂਦਿਆ ਦੇਖ ਕੇ ਉਹ ਰੇਲਵੇ ਰੋਡ ਵੱਲ ਨੂੰ ਤੁਰ ਪਿਆ। ਉਹ ਕਾਹਲ਼ੀ–ਕਾਹਲ਼ੀ ਤੁਰਦਾ ਹੋਇਆ ਨਵੀਂ ਤੇ ਪੁਰਾਣੀ ਰੇਲਵੇ ਰੋਡ ਦੇ ਚੌਂਕ 'ਤੇ ਆ ਗਿਆ ਅਤੇ ਉੱਥੇ ਬਣੇ ਛੋਟੇ ਜਿਹੇ ਚਬੂਤਰੇ 'ਤੇ ਜਾ ਖੜ੍ਹਾ ਹੋਇਆ।

ਕੰਪਨੀ ਬਾਗ ਦਾ ਚੇਤਾ ਆਉਂਦਿਆਂ ਹੀ ਕਾਲ਼ੀ ਦੀ ਪਰੇਸ਼ਾਨੀ ਕੁੱਝ ਘੱਟ ਗਈ ਤੇ ਉਹਨੂੰ ਅਰਾਮ ਜਿਹਾ ਮਹਿਸੂਸ ਹੋਇਆ। ਉਸ ਨੇ ਸੋਚਿਆ ਕਿ ਸਾਰੇ ਸ਼ਹਿਰ ਵਿੱਚ ਇੱਕ ਉਹ ਹੀ ਜਗ੍ਹਾ ਹੈ ਜਿਥੇ ਸਾਰੇ ਲੋਕ ਅਜ਼ਾਦੀ ਨਾਲ਼ ਘੁੰਮਦੇ–ਫਿਰਦੇ ਤੇ ਉਠਦੇ–ਬੈਠਦੇ ਹਨ। ਇਸ ਜਗ੍ਹਾ 'ਤੇ ਹਰ ਆਦਮੀ ਆਪਣਾ ਹੱਕ ਸਮਝਦਾ ਹੈ।

ਸੂਰਜ ਦੀ ਰੌਸ਼ਨੀ ਵਿੱਚ ਚਮਕਦੀ ਸੜਕ 'ਤੇ ਕਾਲ਼ੀ ਲੰਮੇ ਲੰਮੇ ਕਦਮ ਭਰਦਾ ਹੋਇਆ ਕੰਪਨੀ ਬਾਗ ਵੱਲ ਇੰਝ ਜਾ ਰਿਹਾ ਸੀ ਜਿਵੇਂ ਆਪਣੇ ਘਰ ਨੂੰ ਜਾ ਰਿਹਾ ਹੋਵੇ।

**ਪੰਜ**

ਰੇਲਵੇ ਸਟੇਸ਼ਨ ਦੇ ਨੇੜੇ ਮੰਡੀ ਫੈਂਟਨਗੰਜ ਦੇ ਸਦਰ ਦਰਵਾਜ਼ੇ ਦੇ ਬਾਹਰ ਕਾਲ਼ੀ ਕੰਧ ਨਾਲ਼ ਢੂਹੀ ਲਾ ਕੇ ਜ਼ਮੀਨ 'ਤੇ ਇਸ ਢੰਗ ਨਾਲ਼ ਬੈਠਾ ਸੀ ਕਿ ਰਾਹਗੀਰ ਮੰਗਤਾ ਸਮਝ ਕੇ ਉਸ ਦੀ ਝੋਲੀ ਵਿੱਚ ਪੈਸਾ–ਟਕਾ ਸੁੱਟ ਦੇਣ। ਪਰ ਕਿਸੇ ਨੇ ਵੀ ਉਹਦੀ ਵੱਲ ਫੁੱਟੀ ਕੌਡੀ ਤੱਕ ਨਾ ਸੁੱਟੀ।

ਇੱਕ ਲੰਗੜਾ ਮੰਗਤਾ ਆਪਣੇ ਅੰਨ੍ਹੇ ਸਾਥੀ ਦਾ ਹੱਥ ਆਪਣੇ ਮੋਢੇ 'ਤੇ ਰੱਖ ਕੇ ਕਾਲ਼ੀ ਵੱਲ ਨੂੰ ਆਉਣ ਲੱਗਾ ਤਾਂ ਉਹ ਘਬਰਾ ਗਿਆ। ਉੱਥੋਂ ਉੱਠ ਕੇ ਉਹ ਚਾਦਰ ਨੂੰ ਇੰਨੀ ਜ਼ੋਰ ਨਾਲ਼ ਝਾੜਨ ਲੱਗਾ ਜਿਵੇਂ ਉਹ ਮਿੱਟੀ ਨਾਲ਼ ਭਰ ਗਈ ਹੋਵੇ।

ਮੰਗਤਿਆਂ ਨੇ "ਬਾਬਾ, ਇੱਕ ਪੈਸਾ ਖੈਰ। ਦੁੱਧ–ਪੁੱਤ ਦੀ ਖੈਰ, ਬੱਚਿਆਂ ਦੀ ਖੈਰ" ਦੀ ਰੱਟ ਲਾਉਂਦਿਆਂ ਕਾਲ਼ੀ ਵੱਲ ਆਪਣਾ ਭਾਂਡਾ ਵਧਾਇਆ ਪਰ ਖੜ੍ਹੇ ਨਹੀਂ ਹੋਏ। ਉਹ ਉਨ੍ਹਾਂ ਵੱਲ ਦੇਖਦਾ ਰਿਹਾ। ਉਹ ਹਰ ਦੁਕਾਨ ਦੇ ਸਾਮ੍ਹਣੇ ਖੜ੍ਹਦੇ, ਇੱਕ ਹੀ ਰੱਟ ਲਾਉਂਦੇ ਤੇ ਭਾਂਡੇ ਵਿੱਚ ਡਿੱਗੇ ਸਿੱਕੇ ਦਾ ਖੜਕਾ ਸੁਣਦਿਆਂ ਹੀ ਅਗਾਂਹ ਤੁਰ ਪੈਂਦੇ।

ਕਾਲ਼ੀ ਉਨ੍ਹਾਂ ਨੂੰ ਧਿਆਨ ਨਾਲ਼ ਦੇਖਦਾ ਰਿਹਾ। ਉਹ ਸੋਚਣ ਲੱਗਾ ਕਿ ਧੰਦਾ ਬੁਰਾ ਸਹੀ ਪਰ ਇਸ ਵਿੱਚ ਕਮਾਈ ਤਾਂ ਹੈ। ਲੇਕਿਨ ਤੰਦੂਰੀਏ ਦੀ ਗੱਲ ਯਾਦ ਆਉਂਦਿਆਂ ਹੀ ਉਹ ਪਰੇਸ਼ਾਨ ਹੋ ਗਿਆ ਕਿ ਸਰਨਾਮੇ ਦੇ ਬਿਨਾਂ ਸ਼ਹਿਰ ਵਿੱਚ ਕੋਈ ਨਹੀਂ ਪੁੱਛਦਾ ਤੇ ਪਛਾਣ ਦੇ ਬਿਨਾਂ ਸਰਨਾਮਾ ਨਹੀਂ ਬਣਦਾ।

ਬਰਕਤ ਦੇ ਵਿਵਹਾਰ ਬਾਰੇ ਸੋਚ ਕੇ ਉਹ ਪਰੇਸ਼ਾਨ ਹੋ ਗਿਆ ਤੇ ਤੰਦੂਰੀਏ ਦੀ ਗੱਲ ਉਹਨੂੰ ਜ਼ਿਆਦਾ ਵਜ਼ਨਦਾਰ ਲੱਗਦੀ ਸੀ। ਕਾਲ਼ੀ ਦਿਮਾਗ 'ਤੇ ਜ਼ੋਰ ਦੇ ਕੇ ਸੋਚਣ ਲੱਗਾ ਕਿ ਇਸ ਸ਼ਹਿਰ ਵਿੱਚ ਉਹਦੇ ਪਿੰਡ ਦਾ ਕਿਹੜਾ ਟੱਬਰ ਜਾਂ ਆਦਮੀ ਰਹਿੰਦਾ ਹੈ ਜਿਸ ਦਾ ਉਹ ਹਵਾਲਾ ਦੇ ਸਕੇ।

ਬਹੁਤ ਸੋਚਣ ਦੇ ਬਾਅਦ ਉਹਨੂੰ ਚੇਤਾ ਆਇਆ ਕਿ ਇੱਕ ਵਾਰ ਉਸ ਨੇ ਛੱਜੂ

ਸ਼ਾਹ ਨੂੰ ਕਹਿੰਦੇ ਸੁਣਿਆਂ ਸੀ ਕਿ ਪੰਡਤਾਂ ਦੇ ਰੁਲ਼ੀਆ ਰਾਮ ਦੇ ਛੋਟੇ ਮੁੰਡੇ ਜਗਨਨਾਥ ਨੇ ਜਦੋਂ ਦਾ ਪਿੰਡ ਛੱਡਿਆ ਹੈ ਬਿਲਕੁਲ ਨਾਤਾ ਹੀ ਤੋੜ ਲਿਆ। ਪਿੰਡ ਵਿੱਚ ਉਹਦਾ ਘਰ ਖੰਡਰ ਹੀ ਬਣ ਗਿਆ ਪਰ ਉਸ ਨੇ ਕਦੇ ਬਾਤ ਨਹੀਂ ਪੁੱਛੀ। ਛੱਜੂ ਸ਼ਾਹ ਨੇ ਇਹ ਵੀ ਦੱਸਿਆ ਸੀ ਕਿ ਜਗਨਨਾਥ ਬਿਜਲੀ ਦੇ ਦਫਤਰ ਵਿੱਚ ਖਜ਼ਾਨਚੀ ਸੀ। ਰਿਟਾਇਰ ਹੋਣ ਪਿਛੋਂ ਉਸ ਨੇ ਜਲੰਧਰ ਵਿੱਚ ਹੀ ਆਪਣਾ ਘਰ ਬਣਾ ਲਿਆ ਹੈ ਤੇ ਉਹਦੇ ਨਿਆਣੇ ਨੌਕਰੀਆਂ ਤੇ ਕਾਰੋਬਾਰੀ ਸਿਲਸਿਲੇ ਵਿੱਚ ਹੋਰ ਵੀ ਤਰੱਕੀ ਕਰ ਗਏ ਹਨ।

ਜਗਨਨਾਥ ਦਾ ਧਿਆਨ ਆਉਂਦੇ ਹੀ ਕਾਲ਼ੀ ਨੂੰ ਕੁਝ ਹੌਸਲਾ ਹੋਇਆ। ਉਸ ਦਾ ਦਿਮਾਗ ਇੱਕ ਵਾਰ ਫਿਰ ਕੰਮ ਕਰਨ ਲੱਗਾ। ਸਰੀਰ ਵਿੱਚ ਵੀ ਫੁਰਤੀ ਆ ਗਈ। ਉਹ ਸੋਚਣ ਲੱਗਾ ਕਿ ਜਗਨਨਾਥ ਨੂੰ ਕਿੱਥੇ ਤੇ ਕਿਵੇਂ ਲੱਭਿਆ ਜਾਵੇ। ਜੇ ਉਸ ਨੇ ਸੁਲਾਹ-ਸਫਾਈ ਨਾਲ਼ ਪਿੰਡ ਛੱਡਿਆ ਹੁੰਦਾ ਤਾਂ ਇੱਕ ਦਿਨ ਲਈ ਪਿੰਡ ਮੁੜ ਜਾਂਦਾ ਤੇ ਛੱਜੂ ਸ਼ਾਹ ਕੋਲ਼ੋਂ ਜਗਨਨਾਥ ਦਾ ਪੂਰਾ ਸਿਰਨਾਮਾਂ ਲੈ ਕੇ ਸ਼ਾਮ ਦੀ ਗੱਡੀ ਮੁੜ ਆਉਂਦਾ। ਪਰ ਪਿੰਡ ਨੂੰ ਮੁੜ ਕੇ ਜਾਣਾ ਮੌਤ ਦੇ ਮੂੰਹ ਵਿੱਚ ਪੈਣ ਵਾਲ਼ੀ ਗੱਲ ਸੀ। ਕਾਲ਼ੀ ਨੇ ਫੈਸਲਾ ਕੀਤਾ ਕਿ ਉਹ ਬਿਜਲੀ ਘਰ ਤੋਂ ਜਗਨਨਾਥ ਦਾ ਪਤਾ ਕਰਨ ਦੀ ਕੋਸ਼ਿਸ਼ ਕਰੇਗਾ।

ਇਹ ਫੈਸਲਾ ਲੈ ਕੇ ਕਾਲ਼ੀ ਬਹੁਤ ਹੱਦ ਤੱਕ ਸੰਤੁਸ਼ਟ ਸੀ। ਪਰ ਉਹ ਇੱਕ ਵਾਰ ਫਿਰ ਬੇਹੱਦ ਪਰੇਸ਼ਾਨ ਤੇ ਉਦਾਸ ਹੋ ਗਿਆ ਕਿ ਜਗਨਨਾਥ ਤੋਂ ਪਿੰਡ ਵਾਲਿਆਂ ਨੂੰ ਵੀ ਉਸ ਬਾਰੇ ਪਤਾ ਲੱਗ ਸਕਦਾ ਹੈ ਤੇ ਫਿਰ ਉਹ ਕਿਸੇ ਬਹੁਤ ਬੜੀ ਮੁਸੀਬਤ ਵਿੱਚ ਫਸ ਸਕਦਾ ਹੈ।

ਕਾਲ਼ੀ ਇਸ ਪਰੇਸ਼ਾਨੀ ਤੇ ਚਿੰਤਾ ਵਿੱਚ ਫਸਿਆ ਹੋਇਆ ਸੀ ਕਿ ਉਸ ਨੇ ਰੇਲਵੇ ਸਟੇਸ਼ਨ, ਬੱਸ ਅੱਡੇ ਤੇ ਮੰਡੀ ਫੈਂਟਨਗੰਜ ਦੇ ਬਜ਼ਾਰਾਂ ਵਿੱਚ ਘੁੰਮਣ ਵਾਲ਼ੇ ਮੰਗਤਿਆਂ ਨੂੰ ਇੱਕ ਦੂਜੇ ਨੂੰ ਧੱਕੇ ਮਾਰਦੇ, ਧਮਕੀਆਂ ਦਿੰਦੇ ਹੋਏ ਮੰਡੀ ਦੇ ਅੰਦਰ ਵੜਦਿਆਂ ਦੇਖਿਆ। ਉਹ ਸਾਰੇ ਬਹੁਤ ਕਾਹਲ਼ੀ ਵਿੱਚ ਸਨ ਜਿਵੇਂ ਉੱਥੇ ਬਹੁਤ ਬੜਾ ਖਜ਼ਾਨਾ ਵੰਡਿਆ ਜਾ ਰਿਹਾ ਹੋਵੇ। ਉਨ੍ਹਾਂ ਵਿੱਚ ਆਦਮੀ, ਔਰਤਾਂ ਤੇ ਬੱਚੇ ਸਭ ਸ਼ਾਮਿਲ ਸਨ। ਉਨ੍ਹਾਂ ਵਿੱਚ ਉਹ ਮੰਗਤੇ ਵੀ ਸਨ ਜਿਨ੍ਹਾਂ ਨੂੰ ਕਾਲ਼ੀ ਸਟੇਸ਼ਨ ਅਤੇ ਅੱਡੇ ਦੇ ਆਲ਼ੇ-ਦੁਆਲ਼ੇ ਲੰਗੜੇ-ਲੂਲੇ ਤੇ ਅੰਨਿਆਂ ਦੇ ਰੂਪ ਵਿੱਚ ਦੇਖਦਾ ਆ ਰਿਹਾ ਸੀ।

ਕਾਲ਼ੀ ਵੀ ਉਨ੍ਹਾਂ ਦੇ ਮਗਰ ਮਗਰ ਮੰਡੀ ਦੇ ਅੰਦਰ ਚਲਾ ਗਿਆ। ਉਹ ਇੰਨੀ ਕਾਹਲ਼ੀ ਵਿੱਚ ਸਨ ਕਿ ਰੇੜ੍ਹੇ ਤੇ ਰੇੜ੍ਹੀਆਂ ਵਿੱਚ ਵੱਜ ਕੇ ਸੱਟਾਂ ਲੱਗਣ ਦੇ ਬਾਵਜੂਦ ਦੌੜੇ ਜਾ ਰਹੇ ਸਨ।

ਉਹ ਸਾਰੇ ਮੰਡੀ ਦੇ ਕੋਨੇ ਵਿੱਚ ਬੜੀਆਂ ਬੜੀਆਂ ਦੁਕਾਨਾਂ ਦੇ ਸਾਮ੍ਹਣੇ ਪਹੁੰਚ ਕੇ ਇੱਕ ਦੂਜੇ ਵਿੱਚ ਫਸ ਕੇ ਬੈਠ ਗਏ ਤੇ ਆਪਸ ਵਿੱਚ ਲੜਦੇ ਝਗੜਦੇ ਰੌਲ਼ਾ ਪਾਉਣ ਲੱਗੇ। ਸਿਰ 'ਤੇ ਰੰਗਦਾਰ ਸਾਫਾ ਲਪੇਟੀ, ਖੁੱਲ੍ਹਾ ਕੁੜਤਾ ਤੇ ਚਾਦਰ ਪਾਈ ਇੱਕ ਪਹਿਲਵਾਨ ਵਰਗਾ ਆਦਮੀ ਆਇਆ ਤੇ ਉਨ੍ਹਾਂ ਨੂੰ ਚੁੱਪ ਹੋਣ ਲਈ ਕਹਿ ਕੇ ਬੋਲਿਆ ਕਿ ਸੇਠ ਰਤਨਚੰਦ ਨੂੰ ਸੱਟੇ ਵਿੱਚ ਅੱਜ ਬਹੁਤ ਫਾਇਦਾ ਹੋਇਆ ਹੈ। ਇਸ ਲਈ ਦਾਨ-ਪੁੰਨ ਲਈ ਮੰਗਤਿਆਂ ਨੂੰ ਵੀ ਭੀਖ ਵੰਡੀ ਜਾਵੇਗੀ।

"ਕੀ ਮਿਲ਼ੇਗਾ ਭੀਖ ਵਿੱਚ ? ਸੇਠ ਜੀ ਤਾਂ ਬਹੁਤ ਦਾਨੀ ਹਨ।" ਇੱਕ ਬਜ਼ੁਰਗ ਮੰਗਤੇ ਨੇ ਪੁੱਛਿਆ।

"ਬਹੁਤ ਵਧੀਆ ਖਾਣਾ ਮਿਲ਼ੇਗਾ।" ਪਹਿਲਵਾਨ ਨੇ ਦੱਸਿਆ।

"ਖਾਣੇ ਵਿੱਚ ਕੀ ਮਿਲੂਗਾ, ਦਾਤਾ ?" ਇੱਕ ਮੰਗਤੀ ਨੇ ਗਰਦਣ ਚੁੱਕ ਕੇ ਪੁੱਛਿਆ।

"ਪੂਰੀ, ਆਲੂ ਦੀ ਸਬਜ਼ੀ ਤੇ ਹਲਵਾ।"

ਮੰਗਤਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਉਨ੍ਹਾਂ ਵਿੱਚ ਰੌਲ਼ਾ ਪੈ ਗਿਆ।

"ਦਾਤਾ, ਸੇਠ ਜੀ ਤੇ ਭਗਵਾਨ ਦੀ ਹੋਰ ਵੀ ਜ਼ਿਆਦਾ ਮਿਹਰ ਹੋਵੇਗੀ। ਉਨ੍ਹਾਂ ਨੂੰ ਕਹੋ ਕਿ ਸਾਨੂੰ ਇੱਕ-ਇੱਕ ਕੰਬਲ ਜਾਂ ਰਜਾਈ ਵੀ ਦਾਨ ਵਿੱਚ ਦੇਣ। ਭਗਵਾਨ ਉਨ੍ਹਾਂ ਲਈ ਆਪਣੇ ਸਾਰੇ ਭੰਡਾਰ ਖੋਲ ਦੇਵੇਗਾ।" ਇੱਕ ਹੋਰ ਬੁੱਢੇ ਤੇ ਬਿਮਾਰ ਮੰਗਤੇ ਨੇ ਹੱਥ ਉੱਥੇ ਚੁੱਕ ਕੇ ਪ੍ਰਾਰਥਨਾ ਕੀਤੀ।

ਮੰਗਤਿਆਂ ਨੂੰ ਆਪਸ ਵਿੱਚ ਲੜਦਿਆਂ ਤੇ ਇੱਕ ਦੂਸਰੇ ਤੋਂ ਪਹਿਲਾਂ ਸਬਜ਼ੀ-ਪੂਰੀ ਲੈਣ ਲਈ ਲਗਾਤਾਰ ਟੱਪ-ਟੱਪ ਕੇ ਮੋਹਰੇ ਹੁੰਦਿਆਂ ਦੇਖ ਕੇ ਪਹਿਲਵਾਨ ਨੇ ਉੱਚੀ ਅਵਾਜ਼ ਵਿੱਚ ਚਿਤਾਵਣੀ ਦਿੱਤੀ, "ਅਰਾਮ ਨਾਲ਼ ਬੈਠੋ। ਧੀਰਜ ਰੱਖੋ। ਕਿਤੇ ਇਦਾਂ ਨਾ ਹੋਵੇ ਕਿ ਹਲਵਾ-ਪੂਰੀ ਦੀ ਥਾਂ ਡੰਡੇ ਖਾਣੇ ਪੈ ਜਾਣ।"

ਮੰਗਤਿਆਂ ਵਿੱਚ ਪੈਂਦਾ ਰੌਲ਼ਾ ਘੱਟ ਗਿਆ ਪਰ ਬਿਲਕੁਲ ਬੰਦ ਨਾ ਹੋਇਆ। ਕਾਲ਼ੀ ਨੇ ਆਪਣੇ ਕੋਲ਼ ਖੜ੍ਹੇ ਇੱਕ ਨੌਜਵਾਨ ਮੰਗਤੇ ਨੂੰ ਪੁੱਛਿਆ, "ਤੁਸੀਂ ਕਿੱਥੇ ਰਹਿੰਦੇ ਹੋ ?"

"ਤੁਸੀਂ ਦਾ ਸੰਬੋਧਨ ਸੁਣ ਕੇ ਮੰਗਤਾ ਹੈਰਾਨ ਰਹਿ ਗਿਆ। ਉਸ ਨੇ ਬਹੁਤ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ। ਉਹਦੇ ਕੱਪੜੇ ਲੀੜੇ ਤੇ ਡੀਲ-ਡੌਲ ਤੋਂ ਉਹ ਏਨਾ ਕੁ ਤਾਂ ਸਮਝ ਗਿਆ ਕਿ ਉਹ ਮੰਗਤਾ ਨਹੀਂ ਪਰ ਉਹਦੀ ਹੈਸੀਅਤ ਬਾਰੇ ਉਹਨੂੰ ਕੋਈ ਸ਼ੱਕ ਨਹੀਂ ਸੀ। ਉਹਨੇ ਰੁੱਖੀ ਅਵਾਜ਼ ਵਿੱਚ ਪੁੱਛਿਆ, "ਕਿਉਂ ਨਿਉਂਦੇ 'ਤੇ ਸੱਦਣਾ ?"

"ਨਹੀਂ, ਵੈਸੇ ਹੀ ਪੁੱਛਿਆ ਹੈ। ਤੁਹਾਡਾ ਸਰਨਾਮਾ ਕੀ ਹੈ ?"

ਮੰਗਤਾ ਸੋਚ ਵਿੱਚ ਪੈ ਗਿਆ। ਕਦੀ ਉਹ ਕਾਲ਼ੀ ਵੱਲ ਦੇਖਦਾ ਤੇ ਕਦੀ ਜ਼ਮੀਨ ਨੂੰ ਘੂਰਨ ਲੱਗ ਪੈਂਦਾ ਜਿਵੇਂ ਮਨ ਦੀ ਸ਼ੱਕ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਹਨੇ ਕੁਰੱਖਤ ਜਿਹੀ ਅਵਾਜ਼ ਵਿੱਚ ਕਿਹਾ, "ਰੇਲ ਲਾਈਨ ਨੂੰ ਪਾਰ ਕਰਕੇ ਬਿਜਲੀ ਘਰ ਦੇ ਪਿੱਛੇ, ਝੌਂਪੜੀਆਂ ਵਿੱਚ। ਹੁਣ ਤਾਂ ਥੋੜ੍ਹੀ ਸੌਖ ਹੋ ਗਈ ਹੈ। ਇੱਕ ਦਾਨੀ ਸੇਠ ਨੇ ਠੇਕੇ ਵਿੱਚ ਬਹੁਤ ਪੈਸਾ ਕਮਾਇਆ ਸੀ ਤੇ ਉਸ ਨੇ ਸਾਡੀਆਂ ਝੌਂਪੜੀਆਂ ਦੇ ਨੇੜੇ ਇੱਕ ਨਲ਼ਕਾ ਲੁਆ ਦਿੱਤਾ ਸੀ।"

"ਉੱਥੇ ਕੋਈ ਝੁੱਗੀ ਖਾਲੀ ਹੈ ਜਾਂ ਬਣਾਈ ਜਾ ਸਕਦੀ ਹੈ ?" ਕਾਲ਼ੀ ਨੇ ਡਰਦੇ-ਡਰਦੇ ਪੁੱਛਿਆ।

ਇਹ ਸੁਣ ਕੇ ਮੰਗਤਾ ਹੈਰਾਨੀ ਨਾਲ਼ ਉੱਛਲ ਪਿਆ, "ਇਸ ਬਾਰੇ ਪੱਕਾ ਤਾਂ ਸਾਡਾ ਮੁੱਖੀਆ ਹੀ ਦੱਸ ਸਕਦਾ ਹੈ। ਪਰ ਉੱਥੇ ਸਿਰਫ ਸਾਡੀ ਬਰਾਦਰੀ ਦੇ ਲੋਕ ਹੀ ਰਹਿੰਦੇ ਹਨ। ਬਾਹਰਲੇ ਆਦਮੀ ਦੇ ਆਉਣ ਦਾ ਸਵਾਲ਼ ਹੀ ਪੈਦਾ ਨਹੀਂ ਹੁੰਦਾ।"

ਮੰਗਤੇ ਦਾ ਜਵਾਬ ਸੁਣ ਕੇ ਕਾਲ਼ੀ ਬਹੁਤ ਨਿਰਾਸ਼ ਹੋਇਆ। ਉਹਨੂੰ ਸ਼ੱਕ ਹੋਣ ਲੱਗਾ ਕਿ ਇੱਥੇ ਖੜ੍ਹੇ ਹੋਣ ਨਾਲ਼ ਸ਼ਾਇਦ ਉਸ ਨੂੰ ਹਲਵਾ-ਪੂਰੀ ਵੀ ਨਾ ਮਿਲ਼ੇ। ਉਹ ਅਜੇ ਇਸ ਕਸ਼ਮਕਸ਼ ਵਿੱਚ ਹੀ ਸੀ ਕਿ ਥੋੜ੍ਹੇ ਪਲਾਂ ਵਿੱਚ ਹੀ ਸਾਰੇ ਮੰਗਤੇ ਹੈਰਾਨੀ ਤੇ ਗੁੱਸੇ ਭਰੀ ਭਾਵਨਾ ਨਾਲ਼ ਉਸ ਵੱਲ ਦੇਖਣ ਲੱਗੇ। ਉਹ ਘਬਰਾ ਕੇ ਉੱਥੋਂ ਪਰ੍ਹੇ ਹੋ ਗਿਆ ਤੇ ਘੁਮੇਰਾ ਕੱਢ ਕੇ ਉਸ ਥਾਂ ਚਲਾ ਗਿਆ ਜਿਥੇ ਮੈਲ਼ੀਆਂ ਕੁੜਤੀਆਂ ਤੇ ਕਮਰ ਦੁਆਲ਼ੇ ਧੋਤੀ ਪਹਿਨੀ ਜਾਂ ਤਹਿਮਤ ਨੂੰ ਦੋਹਰਾ ਕਰਕੇ ਕਮਰ ਨਾਲ਼ ਬੰਨ੍ਹੀ ਕਈ ਰੇੜ੍ਹਾ ਮਜ਼ਦੂਰ ਸੇਠ ਰਤਨਚੰਦ ਦੀ ਦੁਕਾਨ ਵੱਲ ਬੜੀ ਦਿਲਚਸਪੀ ਨਾਲ਼ ਦੇਖ ਰਹੇ ਸਨ।

ਕਾਲ਼ੀ ਉਨ੍ਹਾਂ ਦੇ ਨੇੜੇ ਜਾ ਖੜ੍ਹਾ ਹੋਇਆ। ਪਰ ਕਿਸੇ ਨੇ ਵੀ ਉਹਦੀ ਵੱਲ ਧਿਆਨ ਨਾ ਦਿੱਤਾ ਤੇ ਉਹ ਟਿਕਟਿਕੀ ਬੰਨ੍ਹੀ ਸੇਠ ਰਤਨਚੰਦ ਦੀ ਦੁਕਾਨ ਤੇ ਰੌਣਕ ਅਤੇ ਚਹਿਲ-ਪਹਿਲ ਨੂੰ ਬੜੇ ਚਾਅ ਨਾਲ਼ ਦੇਖਣ ਵਿੱਚ ਮਸਤ ਰਹੇ।

"ਕਿੰਨਾ ਕਮਾਇਆ ਸੇਠ ਨੇ ?" ਇੱਕ ਮਜ਼ਦੂਰ ਨੇ ਪੁੱਛਿਆ।

"ਅਸੀਂ ਕਿਹੜੇ ਪੈਸੇ ਗਿਣੇ ਆਂ ?" ਦੂਜੇ ਨੇ ਹੱਸਦਿਆਂ ਜਵਾਬ ਦਿੱਤਾ।

"ਲਗਦਾ ਹੈ ਬਹੁਤ ਬੜੀ ਰਕਮ ਮਿਲ਼ੀ ਹੈ।" ਇੱਕ ਅਧੇੜ ਉਮਰ ਦੇ ਆਦਮੀ ਨੇ ਅਨੁਮਾਨ ਲਾਇਆ, "ਭਾਈ, ਐਨਾ ਬੜ੍ਹਾ ਫਾਇਦਾ ਹੋਵੇ ਵੀ ਕਿਉਂ ਨਾ। ਸੁਣਿਆ ਹੈ ਸੇਠ ਨੇ ਆਪਣੀ ਕੋਠੀ ਵਿੱਚ ਗਿਆਰਾਂ ਪੰਡਤ ਬਿਠਾਏ ਹੋਏ ਹਨ ਜਿਨ੍ਹਾਂ ਦਾ ਕੰਮ ਸਿਰਫ ਉਹਦੇ ਫਾਇਦੇ ਲਈ ਰੱਬ ਜੀ ਨੂੰ ਖੁਸ਼ ਕਰਨਾ ਹੈ। ਸੇਠ ਸਾਰਾ-ਸਾਰਾ ਦਿਨ ਪਾਂਧੇ-ਪੰਡਤਾਂ, ਜੋਤਸ਼ੀਆਂ ਤੇ ਭਾਟੜਿਆਂ ਨੂੰ ਜਨਮ ਪੱਤਰੀ ਤੇ ਹੱਥ ਦਿਖਾਉਂਦਾ ਰਹਿੰਦਾ ਹੈ। ਉਹ ਜੋ ਵੀ ਉਪਾਅ ਦੱਸਦੇ ਹਨ, ਕਰਾ ਦਿੰਦਾ ਹੈ। ਸੁਣਿਆ ਹੈ ਹਵਨ-ਯੱਗ ਤੇ ਦੂਸਰੇ ਪੂਜਾ ਪਾਠ ਉਹਦੇ ਘਰ ਚਲਦੇ ਹੀ ਰਹਿੰਦੇ ਹਨ।"

"ਇੱਕ ਦਿਨ ਸੇਠ ਦਾ ਮੁਨੀਮ ਕਿਸੇ ਨੂੰ ਦੱਸ ਰਿਹਾ ਸੀ ਕਿ ਸੇਠ ਜੀ ਪਾਂਧੇ-ਪੰਡਤਾਂ ਨੂੰ ਪੁੱਛ ਕੇ ਹੀ ਕੱਪੜੇ ਪਹਿਨਦੇ ਹਨ।" ਇੱਕ ਮਜ਼ਦੂਰ ਨੇ ਸਾਰਿਆਂ ਨੂੰ ਕੋਲ਼ ਬੁਲਾ ਕੇ ਹੌਲ਼ੀ ਜਿਹੀ ਭੇਦ ਭਰੀ ਅਵਾਜ਼ ਵਿੱਚ ਦੱਸਿਆ।

ਇਹ ਸੁਣ ਕੇ ਇੱਕ ਨੌਜਵਾਨ ਮਜ਼ਦੂਰ ਨੇ, ਜਿਸ ਦੇ ਮੂੰਹ 'ਤੇ ਅਜੇ ਅੱਧੀ ਕੁ ਹੀ ਦਾੜ੍ਹੀ ਆਈ ਸੀ, ਸਾਰਿਆਂ ਨੂੰ ਆਪਣੇ ਨੇੜੇ ਸੱਦ ਲਿਆ। "ਮੈਂ ਤਾਂ ਕੁਸ਼ ਹੋਰ ਵੀ ਸੁਣਿਆ ਹੈ।"

"ਕਿ ਸੇਠ ਜੀ ਹਰ ਰੋਜ਼ ਇੱਕ ਨਵੀਂ ਕੁੜੀ ਲਿਆਉਂਦੇ ਹਨ। ... "

"ਕਿੱਥੇ ?"

ਸ਼ਹਿਰ ਦੇ ਬਾਹਰ ਵੱਡੀ ਸੜਕ 'ਤੇ ਉਨ੍ਹਾਂ ਦੇ ਬਾਗ ਹਨ। ਉਹਦੇ ਵਿੱਚ ਇੱਕ ਵੱਡੀ ਕੋਠੀ ਹੈ। ਉੱਥੇ ਬਾਰਾਂਦਰੀ ਵੀ ਬਣੀ ਹੋਈ ਹੈ। ਸੇਠ ਅੱਧੀ ਰਾਤ ਤੱਕ ਉੱਥੇ ਰਹਿੰਦਾ ਹੈ। ਪੰਡਤ ਪੱਤਰੀ ਮਿਲਾ ਕੇ ਦੱਸਦੇ ਹਨ ਕਿ ਅੱਜ ਕਿਹੜੀ ਕੁੜੀ ਨਾਲ਼ ਸੰਭੋਗ ਕਰਨ ਨਾਲ਼ ਫਾਇਦਾ ਹੋਵੇਗਾ।"

"ਇਹ ਸਾਲ਼ਾ ... ਹਰ ਜਗ੍ਹਾ ਆਪਣਾ ਫਾਇਦਾ ਹੀ ਦੇਖਦਾ ਹੈ। ਘਰ ਵਿੱਚ

ਜਿਹੜੀ ਸੰਨ੍ਹ ਲਗਦੀ ਹੈ ਉਹਦੇ ਬਾਰੇ ਪੰਡਤ ਉਹਨੂੰ ਕੁੱਝ ਨਹੀਂ ਦੱਸਦੇ ?" ਇੱਕ ਬਜ਼ੁਰਗ ਮਜ਼ਦੂਰ ਨੇ ਥੋੜ੍ਹਾ ਗੁੱਸੇ ਨਾਲ਼ ਕਿਹਾ।

"ਕੀ ਹੋ ਗਿਆ ਤੈਨੂੰ। ਕਿਉਂ ਇੰਨਾ ਭੜਕ ਰਿਹਾਂ ?" ਇੱਕ ਦੂਸਰੇ ਬਜ਼ੁਰਗ ਮਜ਼ਦੂਰ ਨੇ ਪੁੱਛਿਆ।

"ਕੀ ਦੱਸਾਂ।" ਉਹ ਹੋਰ ਵੀ ਗੁੱਸੇ ਵਿੱਚ ਆ ਗਿਆ, "ਸਭ ਪਖੰਡ ਹੈ। ਸੇਠ ਆਪ ਰੋਜ਼ ਕਿਤੇ ਹੋਰ ਸੰਨ੍ਹ ਲਾਉਂਦਾ ਹੈ ਜਦ ਕਿ ਉਹਦੇ ਆਪਣੇ ਘਰ ਦੋ ਸੰਨ੍ਹਾਂ ਲੱਗ ਰਹੀਆਂ ਹਨ।"

"ਬਨਵਾਰੀ ਕੁਸ਼ ਦੱਸ ਵੀ ?"

"ਕੀ ਦੱਸਾਂ। ਸੇਠ ਬਾਰਾਂਦਰੀ ਵਿੱਚ ਨਿੱਤ ਨਵੀਆਂ ਕੁੜੀਆਂ ਨਾਲ਼ ਮੌਜ ਕਰਦਾ ਹੈ ਤੇ ਘਰ ਸੇਠਾਣੀ ਤੇ ਮੁਟਿਆਰ ਧੀ ਦੀ ਪੱਤਰੀ ਹਰ ਰੋਜ਼ ਰਸੋਈਆ ਤੇ ਨੌਕਰ ਮਿਲਾਉਂਦੇ ਹਨ।" ਬਨਵਾਰੀ ਬੁੜਬੁੜਾਇਆ।

"ਨਹੀਂ ਯਾਰ। ਇਹ ਨਹੀਂ ਹੋ ਸਕਦਾ।" ਦੂਜੇ ਬਜੁਰਗ ਮਜ਼ਦੂਰ ਦੁਲੂਰਾਮ ਨੇ ਸ਼ੱਕ ਜਾਹਿਰ ਕੀਤਾ।

"ਦੁਲੂਰਾਮ ਗੱਲ ਆਪਣੇ ਵਿੱਚ ਹੀ ਰਹੇ।" ਬਨਵਾਰੀ ਨੇ ਭਰਵੱਟੇ ਉੱਪਰ ਨੂੰ ਚੜ੍ਹਾ ਲਏ। ਫਿਰ ਸਭ ਦੇ ਚਿਹਰਿਆਂ ਵੱਲ ਦੇਖ ਕੇ ਬੋਲਿਆ, "ਸੇਠ ਦੇ ਘਰ ਦਾ ਰਸੋਈਆ ਮੇਰੇ ਹੀ ਪਿੰਡ ਦਾ ਪੰਡਤ ਮਾਇਆਰਾਮ ਹੈ। ਸੇਠ ਦਾ ਮੁਨੀਮ 'ਤੇ ਮੈਨੇਜਰ ਸ਼ਰੇਆਮ ਕਹਿੰਦੇ ਹਨ ਕਿ ਉਹ ਹਰ ਰੋਜ਼ ਸੇਠਾਣੀ ਦੀ ਪੱਤਰੀ ਦੇਖਦਾ ਹੈ। ... ਵੱਡੇ ਲੋਕਾਂ ਦੇ ਇਦਾਂ ਦੇ ਹੀ ਕੰਮ ਹੁੰਦੇ ਹਨ।"

ਇਨ੍ਹਾਂ ਗੱਲਾਂ ਨਾਲ਼ ਬਨਵਾਰੀ ਨੂੰ ਸੁਆਦ ਆ ਰਿਹਾ ਸੀ ਪਰ ਪਹਿਲਵਾਨ ਨੂੰ ਆਪਣੀ ਵੱਲ ਆਉਂਦਾ ਦੇਖ ਕੇ ਚੁੱਪ ਕਰ ਗਿਆ।

ਪਹਿਲਵਾਨ ਨੇੜੇ ਆ ਗਿਆ ਤਾਂ ਬਨਵਾਰੀ ਨੇ ਹੱਥ ਜੋੜ ਦਿੱਤੇ, "ਪਹਿਲਵਾਨ ਜੀ, ਸੇਠ ਜੀ ਨੂੰ ਸਾਡੇ ਸਾਰਿਆਂ ਵਲੋਂ ਵਧਾਈ ਦੇ ਦੇਣੀ। ਇਹ ਵੀ ਕਹਿ ਦੇਣਾ ਕਿ ਇਨ੍ਹਾਂ ਦੁਕਾਨਾਂ ਦੇ ਪਾਂਡੀ ਵਧਾਈ ਲੈਣ ਲਈ ਉਨ੍ਹਾਂ ਦੇ ਬੂਹੇ 'ਤੇ ਖੜ੍ਹੇ ਹਨ।"

"ਤੁਹਾਨੂੰ ਸਾਰਿਆਂ ਨੂੰ ਵੀ ਵਧਾਈ ਹੋਵੇ।" ਪਹਿਲਵਾਨ ਨੇ ਹੱਸ ਕੇ ਦੋਨੋ ਹੱਥ ਉੱਪਰ ਚੁੱਕ ਦਿੱਤੇ, "ਸੇਠ ਜੀ ਨੂੰ ਸਭ ਦਾ ਖਿਆਲ ਹੈ। ਤੇ ਫਿਰ ਤੁਸੀਂ ਤਾਂ ਆਪਣੇ ਆਦਮੀ ਆਂ। ਬਨਵਾਰੀ, ਤੇਰੀਆਂ ਅੱਖਾਂ ਦੇ ਸਾਮ੍ਹਣੇ ਹੀ ਸੇਠ ਜੀ ਮਾਮੂਲੀ ਦੁਕਾਨਦਾਰ ਤੋਂ ਇੰਨੇ ਵੱਡੇ ਰੁਤਬੇ 'ਤੇ ਪਹੁੰਚੇ ਹਨ। ਲੱਖਾਂ ਰੁਪਇਆਂ ਦੀ ਜਾਇਦਾਦ ਦੇ ਮਾਲਕ ਬਣੇ ਹਨ। ... ਸਭ ਨੀਅਤਾਂ ਦੀਆਂ ਮੁਰਾਦਾਂ ਹਨ।"

"ਠੀਕ ਕਹਿੰਦੇ ਹੋ ਪਹਿਲਵਾਨ ਜੀ।" ਬਨਵਾਰੀ ਨੇ ਸਿਰ ਹਿਲਾਇਆ।

ਪਹਿਲਵਾਨ ਉਨ੍ਹਾਂ ਨੂੰ ਤਸੱਲੀ ਦੇ ਕੇ ਫਿਰ ਦੁਕਾਨ ਵੱਲ ਚਲਾ ਗਿਆ ਤਾਂ ਬਨਵਾਰੀ ਖਿੱਝ ਗਿਆ, "ਨੀਅਤ ਤਾਂ ਸਾਡੀ ਵੀ ਬਹੁਤ ਸਾਫ ਹੈ ਪਰ ਮੁਰਾਦ ਪੂਰੀ ਨਹੀਂ ਹੁੰਦੀ।"

"ਮੁਰਾਦ ਪੂਰੀ ਹੋਈ ਤਾਂ ਹੈ ਤੇਰੀ ?" ਦੁਲੂਰਾਮ ਨੇ ਉਹਦਾ ਮੋਢਾ ਥਾਪੜਿਆ।

"ਕੀ ਮੁਰਾਦ ਪੂਰੀ ਹੋਈ ਹੈ ?" ਬਨਵਾਰੀ ਤਿਲਮਿਲਾ ਉਠਿਆ।

"ਪਹਿਲਾਂ ਤੂੰ ਝੋਟੇ ਦੀ ਥਾਂ ਆਪ ਜੁੜਦਾ ਸੀ। ਹੁਣ ਝੋਟਾ ਜੁੜਦਾ ਹੈ। ਤੂੰ ਝੋਟੇ ਦੀ ਥਾਂ ਆਦਮੀ ਬਣ ਗਿਆ। ਕੀ ਇਹ ਛੋਟੀ ਮੁਰਾਦ ਹੈ ਕਿ ਤੂੰ ਪਸ਼ੂਆਂ ਦੀ ਜੂਨ 'ਚੋਂ ਆਦਮੀ ਦੀ ਜੂਨ ਵਿੱਚ ਆ ਗਿਆ ਹੈਂ।" ਦੁਲੂਰਾਮ ਖਿੜਖਿੜਾ ਕੇ ਹੱਸ ਪਿਆ।

ਬਨਵਾਰੀ ਨੂੰ ਤੁਰੰਤ ਕੋਈ ਜਵਾਬ ਨਾ ਸੁੱਝਾ ਕਿਉਂਕਿ ਦੁਲੂਰਾਮ ਦੀ ਗੱਲ ਸੱਚੀ ਸੀ। ਕੁੱਝ ਪਲ ਸੋਚਣ ਤੋਂ ਬਾਅਦ ਬਨਵਾਰੀ ਬੁਝੀ ਜਿਹੀ ਅਵਾਜ਼ ਵਿੱਚ ਬੋਲਿਆ, "ਇਹ ਕੀ ਖਾਕ ਮੁਰਾਦ ਪੂਰੀ ਹੋਈ ਹੈ। ਜਦ ਤੱਕ ਸਰੀਰ ਵਿੱਚ ਜਾਨ ਸੀ, ਮੈਂ ਆਪ ਰੇੜ੍ਹਾ ਖਿੱਚਦਾ ਰਿਹਾ। ਹੁਣ ਜਾਨ ਨਹੀਂ ਰਹੀ ਤਾਂ ਝੋਟਾ ਰੇੜ੍ਹਾ ਖਿੱਚਦਾ ਹੈ। ਸਾਲ਼ਾ, ਮੇਰੇ ਤੋਂ ਜ਼ਿਆਦਾ ਖਾਂਦਾ ਹੈ। ਮੈਂ ਤਾਂ ਲੂਣ ਨਾਲ਼ ਵੀ ਰੋਟੀ ਖਾ ਲੈਂਦਾ ਹਾਂ ਪਰ ਉਹਦੇ ਲਈ ਹਰੇ ਪੱਠੇ ਤੇ ਵੰਡ-ਵੜੇਮਾਂ ਜ਼ਰੂਰ ਚਾਹੀਦਾ।"

"ਜਾਨ ਕਿੰਨੀ ਮਾਰਦਾ ਹੈ? ਖਾਊਗਾ ਨਹੀਂ ਤਾਂ ਦੋ ਦਿਨਾਂ ਵਿੱਚ ਹੀ ਰਹਿ ਜਾਊਗਾ।"

ਬਨਵਾਰੀ ਤੇ ਦੁਲੂਰਾਮ ਦੀ ਗੱਲਬਾਤ ਮੁੱਕੀ ਤਾਂ ਮਿਠੂ ਨੇ ਪੁੱਛਿਆ, "ਅੱਜ ਸੱਟੇ ਵਿੱਚ ਰਗੜਿਆ ਕੌਣ ਗਿਆ ਹੈ?"

ਕਈ ਰਗੜੇ ਗਏ ਹਨ। ਪਰ ਲਾਲਾ ਬੰਗਾਲੀਰਾਮ ਦਾ ਸਭ ਕੁੱਝ ਜਾਂਦਾ ਲੱਗਾ। ਸੁਣਿਆ ਹੈ ਦਿਵਾਲ਼ਾ ਕੱਢਣ ਲੱਗਾ ਹੈ। ਕੇਸ਼ੋ ਨੇ ਦੱਸਿਆ।

"ਹੁਣੇ ਦੋ ਡਾਕਟਰ ਆਏ ਸੀ ਬੰਗਾਲੀਰਾਮ ਨੂੰ ਦੇਖਣ। ਸੁਣਿਆ ਉਹਨੂੰ ਗਸ਼ੀ ਤੇ ਗਸ਼ੀ ਪੈ ਰਹੀ ਹੈ। ਠੰਡੀਆਂ ਤਰੇਲੀਆਂ ਆ ਰਹੀਆਂ ਹਨ। ਸੇਠਾਣੀ ਦੀ ਹਾਲਤ ਵੀ ਬਹੁਤ ਖਰਾਬ ਹੈ। ਦੋਹੀਂ ਹੱਥੀਂ ਸਿਰ ਪਿੱਟ ਰਹੀ ਹੈ। ਵਾਲ਼-ਵਾਲ਼ ਕਰਜ਼ੇ ਵਿੱਚ ਫਸ ਗਿਆ ਹੈ।" ਕਰਮੂ ਨੇ ਕੰਨਾਂ ਨੂੰ ਹੱਥ ਲਾਇਆ।

"ਮੁੰਡਿਉ, ਇਹੀ ਜ਼ਿੰਦਗੀ ਦਾ ਖੇਲ ਹੈ। ਕਿਤੇ ਬਾਜੇ ਵੱਜਦੇ ਹਨ 'ਤੇ ਕਿਤੇ ਕੀਰਨੇ ਪੈਂਦੇ ਹਨ। ਕਿਤੇ ਵਧਾਈਆਂ ਮਿਲਦੀਆਂ ਤੇ ਕਿਤੇ ਅਰਥੀਆਂ ਉੱਠਦੀਆਂ ਹਨ।"

ਸੇਠ ਰਤਨਚੰਦ ਦੀ ਦੁਕਾਨ ਤੋਂ ਕਈ ਬੰਦਿਆਂ ਨੂੰ ਇੱਕੋ ਵਾਰ ਨਿਕਲ਼ਦੇ ਦੇਖ ਕੇ ਉਹ ਸਾਰੇ ਚੁੱਪ ਹੋ ਗਏ ਤੇ ਉਤਸੁਕਤਾ ਨਾਲ਼ ਉਨ੍ਹਾਂ ਵੱਲ ਦੇਖਣ ਲੱਗੇ। ਸੇਠ ਰਤਨਚੰਦ ਦਾ ਮੁਨੀਮ ਤੇ ਮੈਨੇਜਰ ਦੋ ਕੁ ਕਦਮ ਸੇਠ ਦੇ ਪਿੱਛੇ ਪਿੱਛੇ ਤੁਰ ਰਹੇ ਸਨ।

ਸੇਠ ਬਾਕੀ ਲੋਕਾਂ ਦੇ ਨਾਲ਼ ਹੀ ਪਿੱਛੇ ਠਹਿਰ ਗਿਆ। ਪਰ ਮੁਨੀਮ ਤੇ ਮੈਨੇਜਰ ਅੱਗੇ ਆ ਗਏ। ਪਹਿਲਵਾਨ ਵੀ ਉਨ੍ਹਾਂ ਦੇ ਪਿੱਛੇ ਆ ਖੜ੍ਹਾ ਹੋਇਆ। ਸਾਰੇ ਲੋਕ ਸਾਹ ਰੋਕ ਕੇ ਇੰਝ ਖੜੇ ਹੋ ਗਏ ਜਿਵੇਂ ਸ਼ਾਹੀ ਫ਼ੁਰਮਾਨ ਦਾ ਇੰਤਜ਼ਾਰ ਹੋਵੇ।

ਮੁਨੀਮ ਨੇ ਚਾਰੇ ਪਾਸੇ ਦੇਖ ਕੇ ਆਪਣੇ ਦੋਨੋ ਹੱਥ ਉੱਪਰ ਚੁੱਕ ਲਏ, "ਪਹਿਲਾਂ ਤਾਂ ਸਾਰੇ ਦਾਨਵੀਰ ਰਾਏ ਸਾਹਿਬ ਲਾਲਾ ਰਤਨਚੰਦ ਦੀ ਜੈ ਬੋਲੋ।"

ਚੌਹਾਂ ਪਾਸਿਆਂ ਤੋਂ 'ਸੇਠ ਰਤਨਚੰਦ ਦੀ ਜੈ' ਐਨੇ ਜ਼ੋਰ ਨਾਲ਼ ਗੂੰਜੀ ਕਿ ਮੰਡੀ ਦੇ ਕਈ ਹਿੱਸਿਆਂ ਵਿੱਚ ਜ਼ਮੀਨ 'ਤੇ ਪਏ ਅਨਾਜ ਦੇ ਢੇਰਾਂ 'ਤੇ ਚੁਗਦੇ ਪੰਛੀ ਉੱਡ ਗਏ ਤੇ ਡਾਰ ਬਣਾ ਕੇ ਮੰਡੀ ਵਿੱਚ ਘੁੰਮਣ ਲੱਗੇ। ਕਾਂ ਕਾਂ-ਕਾਂ ਕਰਦੇ ਹੋਏ ਬਿਜਲੀ ਦੀਆਂ ਤਾਰਾਂ 'ਤੇ ਖੰਭਿਆਂ 'ਤੇ ਜਾ ਬੈਠੇ।

ਕੁਝ ਹੀ ਚਿਰ ਬਾਅਦ ਵਾਤਾਵਰਣ ਇੱਕ ਵਾਰ ਫਿਰ ਠੀਕ ਹੋ ਗਿਆ। ਮੁਨੀਮ ਨੇ ਅੱਗੇ ਕਿਹਾ, "ਦਾਨਵੀਰ ਸੇਠ ਰਤਨਚੰਦ ਜੀ ਨੂੰ ਅੱਜ ਭਗਵਾਨ ਨੇ ਆਪਣੇ ਹੱਥੀਂ ਅਸ਼ੀਰਵਾਦ ਦੇ ਕੇ ਕੁਬੇਰ ਮਹਾਰਾਜ ਦੇ ਖਜ਼ਾਨੇ ਉਨ੍ਹਾਂ ਲਈ ਖੋਲ੍ਹ ਦਿੱਤੇ ਹਨ। ਸੇਠ ਜੀ 'ਤੇ ਬਹੁਤ ਕਿਰਪਾ ਕੀਤੀ ਹੈ।"

ਮੁਨੀਮ ਦੀ ਗੱਲ ਸੁਣ ਕੇ ਸਾਰੇ ਲੋਕਾਂ ਦੇ ਮੂੰਹ ਹੈਰਾਨੀ ਨਾਲ਼ ਖੁੱਲ੍ਹੇ ਰਹਿ ਗਏ। ਸੇਠ ਰਤਨਚੰਦ ਦੇ ਕੋਲ਼ ਧੰਨ ਦਾ ਅੰਦਾਜ਼ਾ ਲਾਉਂਦੇ ਹੋਏ ਉਹ ਆਪਣੇ ਮੂੰਹ ਵਿੱਚ ਅਜ਼ਾਦੀ ਨਾਲ਼ ਆ-ਜਾ ਰਹੀਆਂ ਮੱਖੀਆਂ ਨੂੰ ਵੀ ਭੁੱਲ ਗਏ। ਉਨ੍ਹਾਂ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਮੁਨੀਮ ਦੀ ਅਵਾਜ਼ ਹੋਰ ਵੀ ਉੱਚੀ ਹੋ ਗਈ, "ਪਰ ਸੇਠ ਜੀ ਉਹ ਸਾਰਾ ਧੰਨ ਆਪਣੇ ਜਾਂ ਆਪਣੇ ਪ੍ਰੀਵਾਰ ਉੱਤੇ ਹੀ ਖਰਚ ਨਹੀਂ ਕਰਨਗੇ। ਮੰਦਰ ਵਿੱਚ ਪੰਡਤਾਂ ਦੇ ਲਈ ਬ੍ਰਹਮਭੋਜ ਦਾ ਪ੍ਰਬੰਧ ਕੀਤਾ ਹਾ ਰਿਹਾ ਹੈ ਤੇ ਨਾਲ਼ ਹੀ ਉਨ੍ਹਾਂ ਦੀ ਦੱਖਣਾ ਦੇ ਇਲਾਵਾ ਕੱਪੜੇ ਵਗੈਰਾ ਵੀ ਦਿੱਤੇ ਜਾਣਗੇ। ਧੋਤੀਆਂ ਤੇ ਅੰਗੋਛਿਆਂ ਦੀਆਂ ਪੰਡਾਂ ਮੰਦਰ ਵਿੱਚ ਪਹੁੰਚਾਈਆਂ ਜਾ ਚੁੱਕੀਆਂ ਹਨ। ਮੰਡੀ ਵਿੱਚ ਬਹੁਤ ਸਾਰੇ ਮੰਗਤੇ, ਪਾਂਡੀ ਤੇ ਗਰੀਬ ਲੋਕਾਂ ਨੂੰ ਢਿੱਡ ਭਰ ਕੇ ਖਾਣ ਲਈ ਹਲਵਾ, ਪੂਰੀ ਤੇ ਸਬਜ਼ੀ ਮਿਲੂਗੀ।"

ਮੁਨੀਮ ਦੇ ਇਸ ਐਲਾਨ ਦਾ ਜ਼ੋਰਦਾਰ ਤਾਲੀਆਂ ਨਾਲ਼ ਸਵਾਗਤ ਕੀਤਾ ਗਿਆ ਤੇ ਫੇਰ ਇੱਕੋ ਵਾਰੀ ਕਈ ਅਵਾਜ਼ਾਂ ਆਈਆਂ, "ਮਾਲਕ, ਸਾਨੂੰ ਵੀ ਕੰਬਲ-ਰਜਾਈ ਦਿੱਤੀ ਜਾਵੇ।"

"ਸੇਠ ਜੀ ਨੂੰ ਹਰ ਆਦਮੀ ਦਾ ਫਿਕਰ ਹੈ।" ਮੁਨੀਮ ਨੇ ਦੋਨੋ ਬਾਹਾਂ ਫੈਲਾ ਕੇ ਹੱਥ ਹਿਲਾਇਆ।

"ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਦਾਨਵੀਰ ਰਾਏ ਸਾਹਿਬ ਸੇਠ ਰਤਨਚੰਦ ਜੀ ਬਹੁਤ ਬੜੇ ਪ੍ਰਭੂ ਭਗਤ ਹਨ। ਉਹ ਸਵੇਰੇ-ਸ਼ਾਮ ਪ੍ਰਭੂ ਬੰਦਨਾ ਕਰਦੇ ਹਨ। ਸਵੇਰ ਨੂੰ ਆਪਣੇ ਹੱਥੀਂ ਪੰਛੀਆਂ ਨੂੰ ਦਾਣਾ-ਪਾਣੀ ਪਾਉਂਦੇ ਹਨ। ਉਨ੍ਹਾਂ ਨੇ ਮੰਡੀ ਵਿੱਚ ਲਛਮੀ ਮੰਦਰ ਬਣਾਉਣ ਦਾ ਵੀ ਫੈਸਲਾ ਕੀਤਾ ਹੈ ਤਾਂ ਕਿ ਭਗਤਾਂ ਨੂੰ ਪ੍ਰਭੂ ਦੀ ਪੂਜਾ ਕਰਨ ਲਈ ਬਾਹਰ ਨਾ ਜਾਣਾ ਪਵੇ। ਇਸ ਤੋਂ ਬਿਨਾਂ ਗਊਸ਼ਾਲਾ, ਅਨਾਥ ਆਸ਼ਰਮ ਤੇ ਅੰਨ੍ਹਿਆਂ ਦੇ ਸਕੂਲ ਨੂੰ ਵੀ ਕਾਫੀ ਦਾਨ ਦੇਣ ਦਾ ਵਿਚਾਰ ਹੈ। ਮੁਨੀਮ ਨੇ ਜ਼ੋਰ ਨਾਲ਼ ਤਾਲੀ ਵਜਾਈ। ਮੈਨੇਜਰ ਤੇ ਪਹਿਲਵਾਨ ਨੂੰ ਤਾਲੀਆਂ ਮਾਰਦੇ ਦੇਖ ਕੇ ਹੋਰ ਲੋਕ ਵੀ ਸੇਠ ਰਤਨਚੰਦ ਦੀ ਪ੍ਰਸੰਸਾ ਵਿੱਚ ਸ਼ਾਮਲ ਹੋ ਗਏ।

ਤਾਲੀਆਂ ਜਦੋਂ ਬੰਦ ਹੋ ਗਈਆਂ ਤਾਂ ਮੁਨੀਮ ਨੇ ਆਦੇਸ਼ ਸੁਣਾਇਆ, "ਹੁਣ ਤੁਸੀਂ ਸਾਰੇ ਧੀਰਜ ਨਾਲ਼ ਬੈਠ ਜਾਉ। ਦੁਕਾਨ ਦੇ ਅੰਦਰ ਪੂਜਾ ਹੋ ਰਹੀ ਹੈ। ਪੂਜਾ ਦੇ ਬਾਅਦ ਸੇਠ ਜੀ ਮੰਦਰ ਨੂੰ ਜਾਣਗੇ। ਭਗਵਾਨ ਦੀ ਅਪਾਰ ਕ੍ਰਿਪਾ ਲਈ ਸ਼ੁਕਰੀਆ ਕਰਨ ਲਈ ਪੰਡਤਾਂ ਤੇ ਕੰਜਕਾਂ ਨੂੰ ਆਪਣੇ ਹੱਥੀਂ ਖਾਣਾ ਵਰਤਾਉਣਗੇ ਤੇ ਦੱਖਣਾ ਲਈ ਕੱਪੜੇ ਵਗੈਰਾ ਦੇਣਗੇ। ਬਾਅਦ ਵਿੱਚ ਤੁਹਾਨੂੰ ਸਾਰਿਆਂ ਨੂੰ ਹਲਵਾ, ਪੂਰੀ ਤੇ ਸਬਜ਼ੀ ਵਰਤਾਏ ਜਾਣਗੇ।"

ਮੁਨੀਮ ਦੀ ਗੱਲ ਸੁਣ ਕੇ ਸਾਰੇ ਖਮੋਸ਼ ਤਾਂ ਹੋ ਗਏ ਪਰ ਉਨ੍ਹਾਂ ਨੂੰ ਇਹ ਫਿਕਰ

ਸਤਾਉਣ ਲੱਗਾ ਕਿ ਪਤਾ ਨਹੀਂ ਬ੍ਰਹਮਭੋਜ ਕਦੋਂ ਖਤਮ ਹੋਵੇਗਾ ਤੇ ਉਨ੍ਹਾਂ ਦੀ ਵਾਰੀ ਕਦੋਂ ਆਵੇਗੀ।

"ਚਲੋ, ਇੱਕ ਫੇਰਾ ਲਾ ਲਈਏ।" ਸ਼ੇਰ ਸਿੰਘ ਨੇ ਖਜ਼ਾਨ ਸਿੰਘ ਨੂੰ ਸਲਾਹ ਦਿੱਤੀ।

"ਕਿੱਥੇ ਫੇਰਾ ਲਾਉਣਾ ਹੈ ?" ਦੂਲੂਰਾਮ ਨੇ ਪੁੱਛਿਆ।

"ਲਾਲਾ ਘਸੀਟਾਮਲ ਦੇ ਗੁਦਾਮ ਤੋਂ ਖਲ਼ ਦੀਆਂ ਬੋਰੀਆਂ ਦਾ ਰੇੜ੍ਹਾ ਦੁਕਾਨ 'ਤੇ ਪਹੁੰਚਾਉਣਾ ਹੈ।" ਸ਼ੇਰ ਸਿੰਘ ਨੇ ਕਿਹਾ।

"ਲਾ ਲਈਂ ਫੇਰਾ। ਪਹਿਲਾਂ ਹਲਵਾ-ਪੂਰੀ ਤਾਂ ਖਾ ਲਈਏ। ਰੋਜ਼-ਰੋਜ਼ ਏਦਾਂ ਸੱਟਾ ਨਹੀਂ ਲਗਦਾ ਕਿ ਮਾਇਆ ਦਾ ਹੜ੍ਹ ਆ ਜਾਵੇ। ਨਾਲ਼ੇ ਤੇਰਾ ਫੇਰਾ ਆ ਤੂੰ ਹੀ ਲਾਵੇਂਗਾ ਕੋਈ ਹੋਰ ਤਾਂ ਲਾਉਣ ਨਹੀਂ ਲੱਗਾ।"

ਸ਼ੇਰ ਸਿੰਘ ਪਲ ਕੁ ਲਈ ਸੋਚ ਵਿੱਚ ਪੈ ਗਿਆ। ਫਿਰ ਖਜ਼ਾਨ ਸਿੰਘ ਨੂੰ ਕਿਹਾ, "ਤੂੰ ਦੌੜ ਕੇ ਝੋਟੇ ਨੂੰ ਪੱਠੇ ਪਾ ਕੇ ਆ। ਕੁਤਰਿਆ ਹੋਇਆ ਹਰਾ ਚਾਰਾ ਬੋਰੀ ਵਿੱਚ ਪਿਆ ਹੈ।"

"ਜੇ ਤੂੰ ਝੋਟੇ ਨੂੰ ਹੁਣੇ ਪੱਠੇ ਪਾ ਦਿੱਤੇ ਤਾਂ ਕੰਮ ਕਰਨ ਦੇ ਸਮੇਂ ਤੱਕ ਉਹਨੇ ਜੁਗਾਲੀ ਕਰਨ ਲਈ ਬੈਠ ਜਾਣਾ ਹੈ।" ਦੂਲੂਰਾਮ ਨੇ ਚਿਤਾਵਣੀ ਦਿੱਤੀ।

"ਦੂਲੂ ਕੀ ਹੋ ਗਿਆ ਹੈ ਤੈਨੂੰ ? ਮੈਂ ਜਿਹੜੀ ਵੀ ਗੱਲ ਕਰਦਾ ਹਾਂ ਤੂੰ ਉਹਨੂੰ ਕੱਟ ਦਿੰਦਾ ਆਂ।" ਸ਼ੇਰ ਸਿੰਘ ਨੇ ਗੁੱਸੇ ਵਿੱਚ ਰੋਸ ਨਾਲ਼ ਕਿਹਾ।

"ਤੇਰੀ ਗੱਲ ਨਹੀਂ ਕੱਟਦਾ। ਠੀਕ ਸਲਾਹ ਦਿੰਦਾ ਹਾਂ।" ਦੂਲੂਰਾਮ ਨੇ ਇੱਕ-ਇੱਕ ਸ਼ਬਦ ਤੇ ਜ਼ੋਰ ਦਿੱਤਾ।

ਸ਼ੇਰ ਸਿੰਘ ਨੇ ਗੁੱਸੇ ਨਾਲ਼ ਦੂਲੂਰਾਮ ਵੱਲ ਦੇਖਿਆ ਪਰ ਚੁੱਪ ਰਿਹਾ ਤੇ ਆਪਣੇ ਸਰੀਰ ਦੇ ਇੱਕ-ਇੱਕ ਅੰਗ ਨੂੰ ਇਸ ਤਰ੍ਹਾਂ ਝਾੜਣ ਲੱਗਾ ਜਿਵੇਂ ਗੁੱਸਾ ਉੱਤਾਰ ਰਿਹਾ ਹੋਵੇ। ਫਿਰ ਉਹ ਗਰਦਣ ਉੱਚੀ ਚੁੱਕ ਕੇ ਪੱਬਾਂ ਦੇ ਭਾਰ ਖੜ੍ਹਾ ਹੋ ਕੇ ਚਾਰੇ ਪਾਸੇ ਇਸ ਤਰ੍ਹਾਂ ਦੇਖਣ ਲੱਗਾ ਜਿਵੇਂ ਕਿਸੇ ਨੂੰ ਟੋਲ਼ ਰਿਹਾ ਹੋਵੇ। ਕੁੱਝ ਪਲਾਂ ਬਾਅਦ ਉਸ ਨੇ ਸਰੀਰ ਦਾ ਭਾਰ ਦੋਵਾਂ ਪੈਰਾਂ 'ਤੇ ਪਾਉਂਦਿਆਂ ਕਿਹਾ, "ਪਤਾ ਨਹੀਂ ਪਹਿਲਵਾਨ ਕਿੱਥੇ ਚਲਾ ਗਿਆ। ਉਹਦੇ ਕੋਲ਼ੋਂ ਪੁੱਛ ਹੀ ਲੈਂਦੇ ਕਿ ਹਲਵਾ-ਪੂਰੀ ਕਦੋਂ ਕੁ ਵੰਡਣਾ ਹੈ। ਫਜ਼ੂਲ ਸਮਾਂ ਤਾਂ ਖਰਾਬ ਨਹੀਂ ਹੋਵੇਗਾ।"

ਥੋੜ੍ਹੀ ਦੇਰ ਪਿਛੋਂ ਇੱਕ ਪਾਂਡੀ ਨੇ ਛਿੱਕ ਮਾਰੀ। ਮੰਗਤਿਆਂ ਵਿੱਚੋਂ ਵੀ ਇੱਕ-ਦੋਂਹ ਨੂੰ ਛਿੱਕ ਆ ਗਈ ਤੇ ਫਿਰ ਸੱਜੇ ਕੋਨੇ ਤੋਂ ਕਈਆਂ ਆਦਮੀਆਂ ਦੇ ਛਿੱਕਣੇ ਦੀਆਂ ਅਵਾਜ਼ਾਂ ਆਉਣ ਲੱਗੀਆਂ। ਦੂਲੂਰਾਮ ਨੇ ਵੀ ਜ਼ੋਰ ਦੀ ਛਿੱਕ ਮਾਰੀ, "ਲਾਲਾ ਸੌਦਾਗਰਮਲ ਦੀ ਦੁਕਾਨ 'ਤੇ ਨਸਵਾਰ ਉੱਤਾਰੀ ਜਾ ਰਹੀ ਹੋਵੇਗੀ। ਜਿਸ ਦਿਨ ਨਸਵਾਰ ਲਿਆਂਦੀ ਜਾਂਦੀ ਹੈ ਉਸ ਦਿਨ ਸਾਰੀ ਮੰਡੀ ਹੀ ਛਿੱਕਾਂ ਮਾਰਨ ਲੱਗ ਪੈਂਦੀ ਹੈ।"

"ਪਹਿਲਾਂ ਤਾਂ ਫੈਸਲਾ ਹੋਇਆ ਸੀ ਕਿ ਨਸਵਾਰ ਦੀ ਉੱਤਰਾਈ ਜਾਂ ਲਦਾਈ ਸਵੇਰੇ-ਸਵੇਰੇ ਜਾਂ ਲੇਟ ਸ਼ਾਮ ਨੂੰ ਹੋਇਆ ਕਰੇਗੀ।" ਸ਼ੇਰ ਸਿੰਘ ਛਿੱਕ ਨੂੰ ਰੋਕਣ ਲਈ ਨੱਕ ਨੂੰ ਘੁੱਟਦਾ ਤੇ ਮਰੋੜਦਾ ਹੋਇਆ ਸੁਰੜ-ਸੁਰੜ ਕਰਨ ਲੱਗ ਪਿਆ ਸੀ।

"ਕੋਈ ਮੰਨਦਾ ਹੈ। ਸਭ ਕੁੱਝ ਚੱਲੀ ਜਾਂਦਾ ਹੈ। ਸਵੇਰੇ ਫੈਸਲਾ ਹੁੰਦਾ ਹੈ, ਉਸੇ ਦਿਨ

ਸ਼ਾਮ ਨੂੰ ਬਦਲ ਦਿੱਤਾ ਜਾਂਦਾ ਹੈ।" ਇੱਕ ਹੋਰ ਪਾਂਡੀ ਛਿੱਕਾਂ ਮਾਰਨ ਲੱਗ ਪਿਆ ਸੀ।

ਛਿੱਕਾਂ ਦੀ ਅਵਾਜ ਹੁਣ ਸਿਰਫ ਲਾਲਾ ਸੌਦਾਗਰਮਲ ਦੀ ਦੁਕਾਨ ਜਾਂ ਆਂਢ ਗੁਆਂਢ ਤੋਂ ਹੀ ਆ ਰਹੀ ਸੀ।

"ਚਲੋ ਯਾਰ, ਕੋਈ ਕੰਮ ਕਰੀਏ। ਕਿੰਨੀ ਦੇਰ ਇੱਥੇ ਏਦਾਂ ਖੜ੍ਹੇ ਰਹਾਂਗੇ।" ਇੱਕ ਨੌਜੁਆਨ ਪਾਂਡੀ ਨੇ ਗੁੱਸੇ ਵਿੱਚ ਸਿਰ ਝਟਕਿਆ।

"ਪਤਾ ਨਹੀਂ ਸੇਠ ਜੀ ਆਪਾਂ 'ਤੇ ਕਦੋਂ ਦਿਆਲੂ ਤੇ ਕਿਰਪਾਲੂ ਹੋਣਗੇ।" ਇੱਕ ਹੋਰ ਪਾਂਡੀ ਉੱਥੋਂ ਖਿਸਕ ਗਿਆ।

ਸੇਠ ਰਤਨਚੰਦ ਦੀ ਦੁਕਾਨ ਦੇ ਬਾਹਰ ਪਹਿਲਵਾਨ ਨੂੰ ਦੇਖ ਕੇ ਸ਼ੇਰ ਸਿੰਘ ਤੇ ਦੁਲੂਰਾਮ ਉਹਦੇ ਵੱਲ ਨੂੰ ਚਲੇ ਗਏ।

"ਪਹਿਲਵਾਨ ਜੀ, ਸਾਡੇ 'ਤੇ ਕਦੋਂ ਕ੍ਰਿਪਾ ਹੋਵੇਗੀ ?" ਦੁਲੂਰਾਮ ਨੇ ਹੱਥ ਜੋੜਦਿਆਂ ਪੁੱਛਿਆ।

"ਅਜੇ ਤਾਂ ਸਮਾਂ ਲੱਗ ਜਾਣਾ। ਸੇਠ ਜੀ ਦੁਕਾਨ ਦੇ ਅੰਦਰ ਮਹਾਂ ਲਕਸ਼ਮੀ ਦੀ ਪੂਜਾ ਕਰ ਰਹੇ ਹਨ। ਫਿਰ ਉਹ ਮੰਦਰ ਜਾ ਕੇ ਪੰਡਤਾਂ ਤੇ ਕੰਜਕਾਂ ਨੂੰ ਖਾਣਾ ਦੇਣਗੇ, ਉਹਦੇ ਬਾਅਦ ਹੀ ਤੁਹਾਡੀ ਵਾਰੀ ਆਵੇਗੀ।" ਪਹਿਲਵਾਨ ਨੇ ਸਾਰਾ ਪ੍ਰੋਗਰਾਮ ਦੱਸ ਦਿੱਤਾ। "ਪਹਿਲਵਾਨ ਜੀ, ਸੇਠ ਜੀ ਤੁਹਾਡੇ ਅਖਾੜੇ ਨੂੰ ਵੀ ਦਾਨ ਦੇ ਰਹੇ ਹਨ ਜਾਂ ਨਹੀਂ ?"

"ਜ਼ਰੂਰ ਦੇਣਗੇ...। ਅਖਾੜਾ ਹੈ ਹੀ ਮੰਡੀ ਦਾ। ਮੇਰੇ ਅਖਾੜੇ ਦੇ ਪੱਠਿਆਂ ਦੇ ਇੱਥੇ ਹੁੰਦਿਆਂ ਹੋਇਆਂ ਕਿਸੇ ਦੀ ਕੀ ਮਜਾਲ ਕਿ ਬਿਨਾਂ ਇਜਾਜ਼ਤ ਛਿੱਕ ਵੀ ਮਾਰ ਜਾਵੇ ..."। ਪਹਿਲਵਾਨ ਨੇ ਛਾਤੀ ਤਾਣ ਲਈ, "ਇੱਕ ਗੱਲ ਦੱਸ ਦਿਆਂ। ਜਿਸ ਦਿਨ ਅਖਾੜਾ ਟੁੱਟ ਗਿਆ, ਉਸ ਦਿਨ ਮੰਡੀ ਵਿੱਚ ਵੀ ਅਮਨ-ਚੈਨ ਨਹੀਂ ਰਹੇਗਾ। ਦਿਨ ਦਿਹਾੜੇ ਡਾਕੇ ਪੈਣਗੇ।"

"ਪਹਿਲਵਾਨ ਜੀ, ਫੇਰ ਤਾਂ ਮੰਡੀ ਦੇ ਲਾਲਿਆਂ ਨੂੰ ਤੁਹਾਡੀ ਬਹੁਤ ਕਦਰ ਕਰਨੀ ਚਾਹੀਦੀ ਹੈ।" ਸ਼ੇਰ ਸਿੰਘ ਨੇ ਕਿਹਾ।

"ਕਦਰ ਕਰਦੇ ਹਨ ਤਾਂ ਹੀ ਤਾਂ ਮੈਂ ਇੱਥੇ ਬੈਠਾਂ ਹਾਂ।" ਹੰਕਾਰ ਵਿੱਚ ਪਹਿਲਵਾਨ ਦੀਆਂ ਅੱਖਾਂ ਚੌੜੀਆਂ 'ਤੇ ਨਾਸਾਂ ਫੁੱਲ ਗਈਆਂ।

"ਪਹਿਲਵਾਨ ਨੇ ਇੱਕ ਟਰੱਕ ਲੈ ਲਿਆ ਹੈ। ਮੁੰਡਾ ਚਲਾਉਂਦਾ ਹੈ। ਅਗਲੇ ਸਾਲ ਤੱਕ ਇੱਕ ਹੋਰ ਟਰੱਕ ਲੈ ਲਵੇਗਾ।" ਦੁਲੂਰਾਮ ਨੇ ਸ਼ੇਰ ਸਿੰਘ ਦੇ ਕੰਨ ਵਿੱਚ ਦੱਸਿਆ। "ਭਾਈ, ਬਿਨਾਂ ਫਾਇਦੇ ਦੇ ਕੋਈ ਕਿਸੇ ਦੀ ਕਦਰ ਨਹੀਂ ਕਰਦਾ 'ਤੇ ਫਿਰ ਵਿਉਪਾਰੀ ਤਬਕਾ ਇਹ ਤਾਂ ਮੌਕਾ ਪੈਣ ਤੇ ਆਪਣੇ ਪਿਉ ਨੂੰ ਵੀ ਚੂਨਾ ਲਾਉਣ ਤੋਂ ਨਹੀਂ ਯੱਕਦੇ। ਪਿਛਲੇ ਦਿਨੀਂ ਥੋੜ੍ਹਾ ਸੇਕ ਲੱਗਾ ਇਨ੍ਹਾਂ ਨੂੰ।" ਪਹਿਲਵਾਨ ਨੇ ਛਾਤੀ ਫੁਲਾ ਲਈ।

"ਕਿਹੜਾ ਸੇਕ ਪਹਿਲਵਾਨ ਜੀ ?"

"ਤੁਹਾਨੂੰ ਨਹੀਂ ਪਤਾ ?" ਪਹਿਲਵਾਨ ਨੇ ਆਪਣੀ ਤਹਿਮਤ ਨੂੰ ਸੱਜੇ ਪਾਸਿਉਂ ਦੋ ਉਂਗਲੀਆਂ ਨਾਲ਼ ਉੱਪਰ ਨੂੰ ਚੁੱਕ ਲਿਆ।

"ਨਾ, ਇਹਨੂੰ ਨਹੀਂ ਪਤਾ। ਉਨੀਂ ਦਿਨੀਂ ਇਹ ਬਿਮਾਰ ਸੀ। ਇਹਨੂੰ ਖ਼ੂਨ ਦੇ ਦਸਤ

ਆ ਰਹੇ ਸਨ।" ਦੂਲੂਰਾਮ ਨੇ ਦੱਸਿਆ।

"ਅੱਛਾ ... ਅੱਛਾ।" ਪਹਿਲਵਾਨ ਨੇ ਤਹਿਮਤ ਢਿੱਲੀ ਛੱਡ ਦਿੱਤੀ। "ਇੱਥੇ ਲਾਲਿਆਂ ਦਾ ਬਾਹਰਲੇ ਵਿਉਪਾਰੀਆਂ ਦੇ ਟਰੱਕ ਡਰਾਈਵਰਾਂ ਨਾਲ਼ ਝਗੜਾ ਹੋ ਗਿਆ ਸੀ। ਡਰਾਈਵਰਾਂ ਨੇ ਆਪਣੇ ਹੈਂਡਲ, ਲਾਠੀਆਂ ਤੇ ਕਿਰਪਾਨਾਂ ਕੱਢ ਲਈਆਂ ਸਨ। ਮੈਂ ਤੇ ਮੇਰੇ ਪੱਠਿਆਂ ਨੇ ਇੱਟਾਂ-ਪੱਥਰ ਮਾਰ-ਮਾਰ ਕੇ ਉਨ੍ਹਾਂ ਨੂੰ ਮੰਡੀ ਵਿੱਚੋਂ ਦੌੜਾ ਦਿੱਤਾ ਸੀ। ਪੁਲਸ ਤਾਂ ਬਹੁਤ ਬਾਅਦ ਵਿੱਚ ਆਈ ਸੀ।"

ਇੱਕ ਪੱਲ ਚੁੱਪ ਰਹਿ ਕੇ ਪਹਿਲਵਾਨ ਭੇਦਭਰੀ ਅਵਾਜ਼ ਵਿੱਚ ਬੋਲਿਆ, "ਜੇ ਫਿਰ ਕਦੀ ਅਜੇਹਾ ਮੌਕਾ ਆਇਆ ਤਾਂ ਗੋਲ਼ੀ ਚੱਲੂਗੀ।"

"ਗੋਲ਼ੀ ਚੱਲੂਗੀ ਤਾਂ ਜਾਨਾਂ ਦਾ ਨੁਕਸਾਨ ਵੀ ਹੋਵੇਗਾ ?" ਸ਼ੇਰ ਸਿੰਘ ਤੇ ਦੂਲੂਰਾਮ ਦੀ ਚੀਕ ਨਿਕਲ ਗਈ।

"ਸੇਠ ਜੀ ਮੇਰੇ ਦੋ ਹੋਰ ਪੱਠਿਆਂ ਲਈ ਬੰਦੂਕਾਂ ਦੇ ਲਾਇਸੈਂਸ ਲੈ ਰਹੇ ਹਨ। ਮੈਂ ਤਾਂ ਫੇਰ ਸੇਠ ਜੀ ਦੇ ਨਾਲ਼ ਹੀ ਰਿਹਾ ਕਰੂੰਗਾ। ... ਸੇਠ ਜੀ ਨੇ ਬੱਘੀ ਦੀ ਸਵਾਰੀ ਵੀ ਛੱਡ ਦੇਣੀ ਹੈ।" ਪਹਿਲਵਾਨ ਚਾਰੇ ਪਾਸੇ ਦੇਖ ਕੇ ਬੋਲਿਆ, "ਬੱਘੀ ਚੌਹਾਂ ਪਾਸਿਆਂ ਤੋਂ ਖੁੱਲੀ ਹੋਣ ਕਰਕੇ ਪਰਦਾ ਨਹੀਂ ਰਹਿੰਦਾ ਤੇ ਹਿਫਾਜਤ ਵੀ ਮੁਸ਼ਕਲ ਹੋ ਜਾਂਦੀ ਹੈ। ਹੁਣ ਉਹ ਮੋਟਰ ਲੈ ਰਹੇ ਹਨ। ਵੱਡੀ ਵਿਲਾਇਤੀ ਗੱਡੀ। ਦਿੱਲੀ ਦੇ ਇੱਕ ਦਲਾਲ ਨੂੰ ਮੋਟਰ ਲਿਆਉਣ ਲਈ ਕਹਿ ਵੀ ਦਿੱਤਾ ਹੈ।"

ਪਹਿਲਵਾਨ ਦੀਆਂ ਗੱਲਾਂ ਸੁਣ ਕੇ ਉਹ ਹੈਰਾਨ ਰਹਿ ਗਏ।

"ਸੇਠ ਜੀ, ਜੋਤਸ਼ੀਆਂ ਤੇ ਪੰਡਤਾਂ ਵਲੋਂ ਵਿਹਲੇ ਹੋ ਜਾਣ ਤਾਂ ਮੈਂ ਉਨ੍ਹਾਂ ਨਾਲ਼ ਤੁਹਾਡੇ ਬਾਰੇ ਗੱਲ ਕਰਦਾ ਹਾਂ।" ਪਹਿਲਵਾਨ ਨੇ ਭਰੋਸਾ ਦੁਆਇਆ।

"ਆਪ ਮਾਲਕ ਆਂ। ਜਿਵੇਂ ਤੁਹਾਡਾ ਹੁਕਮ ਹੋਵੇ।" ਦੂਲੂਰਾਮ ਨੇ ਹੱਥ ਜੋੜ ਦਿੱਤੇ।

ਇੰਨੇ ਚਿਰ ਵਿੱਚ ਸੇਠ ਦਾ ਮੈਨੇਜਰ ਵੀ ਬਾਹਰ ਆ ਗਿਆ।

"ਤੁਸੀਂ ਇੱਥੇ ਠਹਿਰੋ। ਮੈਂ ਮੈਨੇਜਰ ਨੂੰ ਪੁੱਛਦਾ ਹਾਂ," ਪਹਿਲਵਾਨ ਉਹਦੀ ਵੱਲ ਨੂੰ ਚਲਾ ਗਿਆ ਤੇ ਉਹਨੂੰ ਨਾਲ਼ ਲੈ ਕੇ ਉਨ੍ਹਾਂ ਦੇ ਕੋਲ਼ ਆ ਗਿਆ। ਉਸ ਨੇ ਮੰਗਤਿਆਂ ਦੀ ਭੀੜ ਤੇ ਖਿਲਰ ਰਹੇ ਪਾਂਡੀਆਂ ਵੱਲ ਇਸ਼ਾਰਾ ਕੀਤਾ, "ਮੈਨੇਜਰ ਜੀ, ਇਨ੍ਹਾਂ ਦਾ ਵੀ ਧਿਆਨ ਰੱਖੋ। ਦਾਨ-ਪੁੰਨ ਦਾ ਵਧੀਆ ਲਾਭ ਤਾਂ ਇਹਨਾਂ ਕਰਕੇ ਹੀ ਮਿਲੇਗਾ।"

"ਤੁਹਾਡੀ ਗੱਲ ਠੀਕ ਹੈ। ਪਰ ਕੌਣ ਮੰਨਦਾ ਹੈ। ਆਦਮੀ ਦਿਆਲੂ ਤੇ ਕਿਰਪਾਲੂ ਬਣ ਕੇ ਕੀੜੇ-ਕੀੜੀਆਂ ਨੂੰ ਦਾਣੇ ਪਾਉਂਦਾ ਹੈ। ਪੰਛੀਆਂ ਲਈ ਅਨਾਜ ਖਿਲਾਰਦਾ ਹੈ। ਦੇਸੀ ਘਿਓ ਲਾ ਕੇ ਗਊ ਨੂੰ ਪੇੜਾ ਖਿਲਾਉਂਦਾ ਹੈ ਪਰ ਆਦਮੀ ਦਾ ਢਿੱਡ ਭਰਨ ਵੇਲੇ ਸੋਚ ਵਿੱਚ ਪੈ ਜਾਂਦਾ ਹੈ। ਜਦੋਂ ਕਿ ਕੀੜੇ-ਕੀੜੀਆਂ ਤੇ ਪਸ਼ੂ-ਪੰਛੀ, ਦਿਆਲੂ ਤੇ ਕਿਰਪਾਲੂ ਨੂੰ ਉਸ ਤਰ੍ਹਾਂ ਨਹੀਂ ਪਹਿਚਾਣਦੇ ਜਿਸ ਤਰ੍ਹਾਂ ਕਿ ਆਦਮੀ। ... ਫਿਰ ਵੀ ਕੋਸ਼ਿਸ਼ ਕਰਦਾ ਹਾਂ। ਪਤਾ ਕਰਦਾ ਹਾਂ ਕਿ ਪੂਜਾ ਅਜੇ ਕਿੰਨੀ ਕੁ ਦੇਰ ਚੱਲੇਗੀ।" ਮੈਨੇਜਰ ਦੁਕਾਨ ਵੱਲ ਨੂੰ ਮੁੜ ਗਿਆ ਪਰ ਪਲ ਕੁ ਬਾਅਦ ਹੀ ਮੁੜ ਆਇਆ ਤੇ ਹੱਸਦਾ ਹੋਇਆ ਬੋਲਿਆ, "ਪੰਡਤਾਂ ਦਾ

ਆਪਣਾ ਧੰਦਾ ਹੈ। ਜਿੰਨੀ ਲੰਮੀ ਪੂਜਾ ਹੋਵੇਗੀ। ਦੱਖਣਾ ਵੀ ਉਨੀ ਜ਼ਿਆਦਾ ਮਿਲ਼ੇਗੀ। ਮੈਂ ਸਵੇਰ ਦਾ ਇੱਕ ਵੀ ਦੁਕਾਨ 'ਤੇ ਨਹੀਂ ਜਾ ਸਕਿਆ। ਘੱਟ-ਤੋਂ-ਘੱਟ ਪੰਜਾਹ ਦੁਕਾਨਾਂ ਤੇ ਜਾ ਕੇ ਹਿਸਾਬ-ਕਿਤਾਬ ਕਰਨਾ ਹੈ।"

ਇੱਕ ਪਲ ਚੁੱਪ ਹੋ ਕੇ ਮੈਨੇਜਰ, ਪਹਿਲਵਾਨ ਦੀਆਂ ਅੱਖਾਂ ਵਿੱਚ ਝਾਕਣ ਲੱਗਾ, "ਇੱਕ ਕੰਮ ਹੋ ਸਕਦਾ ਹੈ।"

"ਕੀ ?"

"ਇਹ ਸਾਰੇ ਕੰਮ-ਕਾਜ ਵਾਲ਼ੇ ਆਦਮੀ ਹਨ।" ਮੈਨੇਜਰ ਨੇ ਪਾਂਡੀਆਂ ਵੱਲ ਇਸ਼ਾਰਾ ਕੀਤਾ, "ਜਦੋਂ ਸੇਠ ਜੀ ਦਾ ਹੁਕਮ ਹੋਇਆ ਤਾਂ ਆਪਾਂ ਅੱਗ ਬੁਝਾਉਣ ਵਾਲ਼ਾ ਘੰਟਾ ਹੀ ਵਜਾ ਦਿਆਂਗੇ। ਸਾਰਿਆਂ ਨੂੰ ਆਪਣੇ ਆਪ ਹੀ ਖਬਰ ਹੋ ਜਾਵੇਗੀ।"

ਇਸ ਤਰ੍ਹਾਂ ਤਾਂ ਮੰਡੀ ਵਿੱਚ ਭੱਜਦੜ ਮੱਚ ਜਾਊਗੀ। ਲੋਕ ਸਮਝਣਗੇ ਕਿ ਕਿਤੇ ਅੱਗ ਲੱਗ ਗਈ ਹੈ।" ਪਹਿਲਵਾਨ ਨੇ ਮੁਸ਼ਕਲ ਦੱਸੀ।

"ਇਨ੍ਹਾਂ ਲੋਕਾਂ ਦੇ ਢਿੱਡ ਵਿੱਚ ਵੀ ਤਾਂ ਭਾਂਬੜ ਭੜਕ ਰਹੇ ਹੋਣਗੇ। ਤੁਸੀਂ ਅੱਗ ਦੀ ਗੱਲ ਕਰ ਰਹੇ ਹੋ। ... ਇਹੀ ਠੀਕ ਰਹੇਗਾ। ਸੇਠ ਰਤਨਚੰਦ ਦਾ ਸਿਤਾਰਾ ਬਹੁਤ ਬੁਲੰਦ ਹੈ, ਸੱਤਵੇਂ ਅਸਮਾਨ 'ਤੇ ਪਹੁੰਚਾ ਹੋਇਆ ਹੈ। ਕੋਈ ਇਤਰਾਜ਼ ਕਰੂਗਾ ਤਾਂ ਸੇਠ ਜੀ ਦਾ ਨਾਂ ਲੈ ਦਿਆਂਗੇ। ਸਭ ਆਪਣੇ ਆਪ ਚੁੱਪ ਹੋ ਜਾਣਗੇ।" ਮੈਨੇਜਰ ਨੇ ਗੱਲ ਸਪਸ਼ਟ ਕੀਤੀ। ਫਿਰ ਉਲ੍ਹਾਮਾ ਦਿੰਦਿਆਂ ਕਿਹਾ, "ਪਹਿਲਵਾਨ ਹੋ ਕੇ ਇੰਨਾ ਨਾ ਡਰਿਆ ਕਰ। ਤੇਰਾ ਸਰੀਰ ਹਾਥੀ ਵਰਗਾ ਤੇ ਦਿਲ ਚਿੜੀ ਜਿੰਨਾ ਹੈ। ਇੰਨੀ ਛੋਟੀ ਜਿਹੀ ਗੱਲ ਨੂੰ ਲੈ ਕੇ ਫਿਕਰ ਕਰਨ ਲੱਗ ਗਿਆਂ।"

"ਮੇਰਾ ਦਿਲ ਤਾਂ ਬਹੁਤ ਹੈ। ਮੈਂ ਤਾਂ ਸਾਰੀ ਮੰਡੀ ਵਿੱਚ ਅੱਗ ਲਾ ਦਊਂ। ਪਿੱਛੇ ਸਾਂਭਣੇ ਵਾਲ਼ਾ ਚਾਹੀਦਾ ਹੈ।" ਪਹਿਲਵਾਨ ਨੇ ਹੈਂਕੜ ਨਾਲ਼ ਕਿਹਾ।

"ਜਾਹ, ਸਾਰਿਆਂ ਨੂੰ ਕਹਿ ਦੇ। ਘੰਟੀ ਦੀ ਅਵਾਜ਼ ਸੁਣ ਕੇ ਇੱਥੇ ਆ ਜਾਣ। ਕੰਮ-ਧੰਦੇ ਵਾਲ਼ੇ ਆਦਮੀ ਹਨ। ਬੇਮਤਲਬ ਸਮਾਂ ਖਰਾਬ ਕਰ ਰਹੇ ਹਨ। ... ਵੈਸੇ ਹਲਵਾਈਆਂ ਨੂੰ ਵੀ ਅਜੇ ਟਾਈਮ ਲੱਗੇਗਾ।"

"ਕਿੰਨੇ ਹਲਵਾਈ ਲਾਏ ਹਨ ?" ਪਹਿਲਵਾਨ ਨੇ ਪੁੱਛਿਆ।

"ਸ਼ਾਇਦ ਚਾਰ ਹਨ। ਮੰਡੀ ਦੇ ਬਾਹਰ ਜਿਹੜਾ ਪਹਾੜੀਆ ਹਲਵਾਈ ਹੈ... ਸਾਗਰਚੰਦ। ਉਹਨੂੰ ਠੇਕਾ ਦਿੱਤਾ ਹੈ।"

'ਉਹੀ, ਜਿਸ ਨੇ ਪੰਮੇ ਨਾਂ ਦਾ ਬਦਮਾਸ਼ ਪਾਲ਼ ਰੱਖਿਆ ਹੈ।" ਪਹਿਲਵਾਨ ਨੇ ਭਰਵੱਟੇ ਚੜ੍ਹਾਏ, 'ਇੱਕ ਦਿਨ ਮੰਡੀ ਦੇ ਅੰਦਰ ਬੜ੍ਹਕਾਂ ਮਾਰਨ ਲੱਗਾ। ਪਰ ਉਹਨੂੰ ਕਿਸੇ ਨੇ ਸਮਝਾ ਦਿੱਤਾ ਕਿ ਖੈਰ ਚਾਹੁੰਦਾ ਆਂ ਤਾਂ ਚੁੱਪਚਾਪ ਇੱਥੋਂ ਚਲਾ ਜਾ। ਇੱਥੇ ਲਾਲੀ ਪਹਿਲਵਾਨ ਦਾ ਹੁਕਮ ਚਲਦਾ ਹੈ। ਜੇ ਉਹਨੇ ਦੇਖ ਲਿਆ ਤਾਂ ਤੈਨੂੰ ਤੇਰੇ ਹੀ ਕੜ੍ਹਾਹੇ ਵਿੱਚ ਸਿੱਟ ਕੇ ਉਬਾਲ ਦੇਵੇਗਾ। ਹੁਣ ਮਿਲ਼ਦਾ ਹੈ ਤਾਂ ਗੋਡੇ ਹੱਥ ਲਾਉਂਦਾ ਹੈ।" ਜੋਸ਼ ਵਿੱਚ ਪਹਿਲਵਾਨ ਦੀਆਂ ਨਾਸਾਂ ਫੁੱਲ ਗਈਆਂ ਤੇ ਉਹਨੇ ਤਹਿਮਤ ਨੂੰ ਦੋਵਾਂ ਉਂਗਲੀਆਂ ਨਾਲ਼ ਫੜ ਕੇ ਉੱਪਰ ਚੁੱਕ

ਲਿਆ।

ਮੈਨੇਜਰ ਦੀ ਗੱਲ ਮੰਨ ਕੇ ਪਹਿਲਵਾਨ ਨੇ ਐਲਾਨ ਕਰ ਦਿੱਤਾ ਕਿ ਹਲਵਾ-ਪੂਰੀ ਵੰਡਣ ਤੋਂ ਪਹਿਲਾਂ ਅੱਗ ਵਾਲ਼ਾ ਟੱਲ ਵਜਾਇਆ ਜਾਵੇਗਾ, ਤੁਸੀਂ ਉਸ ਸਮੇਂ ਮੁੜ ਕੇ ਆ ਜਾਣਾ। ਇਹ ਸੁਣ ਕੇ ਮੰਗਤੇ ਨਿਰਾਸ਼ ਹੋ ਗਏ। ਪਰ ਉਹ ਕੁੱਝ ਸਮਾਂ ਆਪੋ ਆਪਣੇ ਥਾਂ ਹੀ ਬੈਠੇ ਰਹੇ। ਜਦ ਸੇਠ ਰਤਨਚੰਦ ਪੰਡਤਾਂ, ਜੋਤਸ਼ੀਆਂ, ਆਪਣੇ ਸਕੇ-ਸਬੰਧੀਆਂ, ਦੋਸਤਾਂ-ਮਿਤਰਾਂ ਤੇ ਨੌਕਰਾਂ ਵਿੱਚ ਘਿਰਿਆ ਹੋਇਆ ਬੱਘੀ ਵਿੱਚ ਬੈਠ ਕੇ ਮੰਡੀ ਤੋਂ ਬਾਹਰ ਜਾਣ ਲੱਗਾ ਤਾਂ ਕਈ ਮੰਗਤੇ ਇੱਕ ਦਮ ਉਠੇ ਤੇ ਬੱਘੀ ਵੱਲ ਨੂੰ ਨੱਠ ਪਏ। ਪਰ ਲਾਲੀ ਪਹਿਲਵਾਨ ਦੇ ਪੱਠਿਆਂ ਨੇ ਉਨ੍ਹਾਂ ਨੂੰ ਰਾਹ ਵਿੱਚ ਹੀ ਰੋਕ ਲਿਆ।

"ਅਸੀਂ ਸੇਠ ਜੀ ਦੇ ਦਰਸ਼ਨ ਕਰਨੇ ਹਨ। ਭੀਖ ਵੀ ਲੈਣੀ ਹੈ।" ਇੱਕ ਬੁੱਢੇ ਮੰਗਤੇ ਨੇ ਹੱਥ ਜੋੜੇ।

"ਸੇਠ ਜੀ ਇਸ ਸਮੇਂ ਨਹੀਂ ਮਿਲ਼ ਸਕਦੇ। ਤੁਸੀਂ ਪਿੱਛੇ ਹਟੋ ... ਇੱਥੇ ਮੁਸ਼ਕ ਨਾ ਫੈਲਾਓ।" ਪਹਿਲਵਾਨ ਦੇ ਪੱਠਿਆਂ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ।

ਕਾਲ਼ੇ-ਕਲੂਟੇ, ਮਾੜੇ, ਪਤਲੇ ਤੇ ਲੱਗ ਭੱਗ ਨੰਗ-ਧੜੰਗੇ ਮੰਗਤੇ ਪਿੱਛੇ ਹਟ ਗਏ। ਲਾਲੀ ਪਹਿਲਵਾਨ ਦਾ ਇੱਕ ਪੱਠਾ ਉਨ੍ਹਾਂ ਵੱਲ ਬਹੁਤ ਧਿਆਨ ਨਾਲ਼ ਦੇਖ ਕੇ ਹੱਸ ਰਿਹਾ ਸੀ, "ਮੈਂ ਇੱਕ ਮੁੱਠ ਵਿੱਚ ਦੋ-ਦੋ ਨੂੰ ਤਾਂ ਘੁੱਟ ਸਕਦਾ ਹਾਂ। ਸਾਲ਼ੇ ਸਲਾਈ ਵਰਗੇ ਪਤਲੇ ਹਨ।"

ਪਹਿਲਵਾਨਾਂ ਤੋਂ ਡਰਦੇ ਮੰਗਤੇ ਹੋਰ ਵੀ ਪਿੱਛੇ ਹਟ ਗਏ। ਹਫਿਆ ਹੋਇਆ ਇੱਕ ਬੁੱਢਾ ਮੰਗਤਾ ਜ਼ਮੀਨ 'ਤੇ ਹੀ ਬੈਠ ਗਿਆ। ਸਾਹ ਠੀਕ ਕਰਨ ਲਈ ਉਸ ਨੇ ਦੋਨੋ ਹੱਥ ਪਿੱਛੇ ਟਿਕਾ ਲਏ। ਉਹਦਾ ਇੱਕ ਹੱਥ ਗਿੱਲੇ ਗੋਹੇ ਵਿੱਚ ਜਾ ਪਿਆ। ਹੱਥ ਖਿੱਚ ਕੇ ਉਹਨੂੰ ਸਾਫ ਕਰਨ ਲਈ ਉਹ ਹੱਥ ਨੂੰ ਜ਼ਮੀਨ ਤੇ ਰਗੜਣ ਲੱਗਾ, "ਪੈਸਾ ਕੀ ਆਇਆ, ਸੇਠ ਜੀ ਭਗਵਾਨ ਬਣ ਗਏ। ਆਪਣੀ ਮਰਜੀ ਨਾਲ਼ ਹੀ ਦਰਸ਼ਨ ਦੇਣਗੇ।"

ਬੁੱਢੇ ਤੇ ਕਮਜ਼ੋਰ ਮੰਗਤੇ ਇੱਕ ਪਾਸੇ ਖਾਲੀ ਥਾਂ 'ਤੇ ਜਾ ਬੈਠੇ ਜਦ ਕਿ ਬਾਕੀ ਮੰਗਤੇ ਭੀਖ ਮੰਗਣ ਲਈ ਮੰਡੀ ਵਿੱਚ ਖਿਲਰ ਗਏ।

ਕਾਲ਼ੀ ਵੀ ਗੋਡਿਆਂ ਤੇ ਹੱਥ ਰੱਖ ਕੇ ਉੱਠਿਆ ਤੇ ਚਾਰੇ ਪਾਸੇ ਦੇਖਣ ਲੱਗਾ। ਮੰਡੀ ਦੇ ਖੁੱਲ੍ਹੇ ਚਕੋਰ ਵਿਹੜੇ ਵਿੱਚ ਥਾਂ-ਥਾਂ ਅਨਾਜ ਤੇ ਹੋਰ ਕਈ ਤਰ੍ਹਾਂ ਦੀਆਂ ਚੀਜ਼ਾਂ ਨਾਲ਼ ਭਰੀ ਬੋਰੀਆਂ ਦੀਆਂ ਧਾਂਕਾਂ ਲੱਗੀਆਂ ਹੋਈਆਂ ਸਨ। ਇੱਕ ਪਾਸੇ ਲਕੜੀ ਦੀਆਂ ਪੇਟੀਆਂ ਦਾ ਉੱਚਾ ਤੇ ਚੌੜਾ ਚਬੂਤਰਾ ਜਿਹਾ ਬਣਾਇਆ ਹੋਇਆ ਸੀ। ਕਈਆਂ ਥਾਵਾਂ 'ਤੇ ਅਨਾਜ ਅਤੇ ਦਾਣਿਆਂ ਦੇ ਖੁੱਲੇ ਢੇਰ ਲੱਗੇ ਹੋਏ ਸਨ। ਮੰਡੀ ਵਿੱਚ ਸ਼ਾਇਦ ਹੀ ਕੋਈ ਖਾਲੀ ਥਾਂ ਹੋਵੇ। ਲੋਕ ਰੇੜ੍ਹਿਆਂ, ਰੇੜ੍ਹੀਆਂ, ਅਵਾਰਾ ਪਸ਼ੂਆਂ, ਗੋਹੇ ਤੇ ਗੰਦਗੀ ਤੋਂ ਬੱਚਦੇ ਹੋਏ ਆ-ਜਾ ਰਹੇ ਸਨ।

ਮੰਡੀ ਦੀ ਆਪਣੀ ਇੱਕ ਵਿਸ਼ੇਸ਼ ਮੁਸ਼ਕ ਸੀ ਜਿਹੜੀ ਜ਼ਿਆਦਾ ਹਿੱਸਿਆਂ ਵਿੱਚ ਦੁਰਗੰਧ 'ਤੇ ਕਿਤੇ-ਕਿਤੇ ਮਹਿਕ ਦਿੰਦੀ ਸੀ। ਅਨਾਜ ਤੇ ਦਾਣਿਆਂ ਦੇ ਖੁੱਲ੍ਹੇ ਢੇਰਾਂ ਤੇ ਗਊਸ਼ਾਲਾ ਦੀਆਂ ਅਵਾਰਾ ਗਊਆਂ, ਸਾਨ੍ਹ ਤੇ ਵੱਛੇ ਮੂੰਹ ਮਾਰ ਰਹੇ ਸਨ। ਪਾਂਡੀ ਉਨ੍ਹਾਂ ਨੂੰ ਡਰਾਉਣ-ਧਮਕਾਉਣ ਲਈ ਲਾਠੀਆਂ ਉਲਾਰਦੇ ਤਾਂ ਪਸ਼ੂ ਮੂੰਹ ਵਿੱਚ ਪਾਏ ਦਾਣਿਆਂ ਨੂੰ ਚਾਰੇ ਪਾਸੇ

ਖਲਾਰਦੇ ਹੋਏ ਦੌੜਦੇ ਤਾਂ ਮੰਡੀ ਦੇ ਉਸ ਹਿੱਸੇ ਵਿੱਚ ਕੁੱਝ ਸਮੇਂ ਲਈ ਭੱਜ-ਦੌੜ ਜਿਹੀ ਮੱਚ ਜਾਂਦੀ। ਪਰ ਛੇਤੀ ਹੀ ਮਾਹੌਲ ਫੇਰ ਠੀਕ ਹੋ ਜਾਂਦਾ।

ਕਾਲ਼ੀ ਇਸ ਦ੍ਰਿਸ਼ ਨੂੰ ਦੇਖ ਕੇ ਇੰਨਾ ਹੈਰਾਨ ਸੀ ਕਿ ਉਹਨੂੰ ਭੁੱਖ ਦਾ ਅਹਿਸਾਸ ਹੀ ਨਾ ਰਿਹਾ। ਉਹਨੂੰ ਲੱਗਾ ਕਿ ਕਾਨਪੁਰ ਵਿੱਚ ਬਿਤਾਏ ਛੇ ਸਾਲ ਪਿੰਡ ਦੇ ਮਹੌਲ ਵਰਗੇ ਹੀ ਸਨ। ਮਿੱਲ ਤੋਂ ਕੋਠੜੀ ਵਿੱਚ ਤੇ ਕੋਠੜੀ ਤੋਂ ਮਿੱਲ ਤੱਕ ਦਾ ਹੀ ਫੇਰਾ ਰਹਿੰਦਾ ਸੀ। ਬਾਹਰ ਦੀ ਜ਼ਿੰਦਗੀ ਦਾ ਕੋਈ ਅਨੁਭਵ ਹੀ ਨਹੀਂ ਸੀ।

ਇਹ ਮੰਡੀ ਉਹਨੂੰ ਬਹੁਤ ਹੀ ਅਜੀਬ ਲੱਗ ਰਹੀ ਸੀ। ਇਸ ਦਾ ਆਪਣਾ ਅਲੱਗ ਹੀ ਸੰਸਾਰ ਸੀ। ਇੱਥੇ ਆਦਮੀ ਮਿੰਟਾਂ ਵਿੱਚ ਲੱਖਪਤੀ ਬਣ ਕੇ ਆਤਿਸ਼ਬਾਜੀ ਦੀ ਤਰ੍ਹਾਂ ਅਕਾਸ਼ ਵਿੱਚ ਜਾ ਕੇ ਭਗਵਾਨ ਦੀ ਤਰ੍ਹਾਂ ਆਦਰਯੋਗ ਹੋ ਜਾਂਦਾ ਹੈ। ਜਾਂ ਫਿਰ ਸਕਿੰਟਾਂ ਵਿੱਚ ਹੀ ਲੱਖਪਤੀ ਤੋਂ ਕੰਗਾਲ ਹੋ ਕੇ ਆਪਣੇ ਹੀ ਮੁੜ੍ਹਕੇ ਵਿੱਚ ਭਿੱਜ ਕੇ ਬੇਹੋਸ਼ ਹੋਇਆ ਗਰੀਬੀ ਦੀ ਦਲਦਲ ਵਿੱਚ ਗੁਆਚ ਜਾਂਦਾ ਹੈ।

ਮੰਡੀ ਵਿੱਚ ਕਈ ਸਾਧੂ ਵੀ ਹੱਥ ਵਿੱਚ ਬਾਟਾ ਤੇ ਤ੍ਰਿਸ਼ੂਲ ਲਈ ਘੁੰਮ ਰਹੇ ਸਨ। ਉਹ ਹਰ ਦੁਕਾਨ ਤੇ ਜਾ ਕੇ ਅਲਖ ਜਗਾਉਂਦੇ ਤੇ ਦੱਖਣਾ ਲੈ ਕੇ ਅਗਾਂਹ ਹੋ ਜਾਂਦੇ। ਇੱਕ ਸਾਧੂ ਨੇ ਹਨੂਮਾਨ ਦਾ ਭੇਸ ਬਣਾਇਆ ਹੋਇਆ ਸੀ ਤੇ ਲੱਕ ਦੇ ਥੱਲੇ ਲੰਮੀ ਪੂਛ ਵੀ ਬੰਨ੍ਹੀ ਹੋਈ ਸੀ। ਇੱਕ ਸਾਧਣੀ ਨੇ ਕਾਲ਼ੀ ਮਾਂ ਦਾ ਭੇਸ ਧਾਰਿਆ ਹੋਇਆ ਸੀ। ਉਹਦੇ ਕਾਲ਼ੇ ਕੀਤੇ ਚਿਹਰੇ, ਬਾਹਾਂ ਤੇ ਕਾਲ਼ੇ ਕਪੜਿਆਂ ਵਿੱਚ ਸਿਰਫ ਲਾਲ-ਲਾਲ ਅੱਖਾਂ ਹੀ ਅਲੱਗ ਦਿਖਾਈ ਦੇ ਰਹੀਆਂ ਸਨ।

ਮੰਡੀ ਦੇ ਖੂਹ ਦੇ ਕੋਲ਼ ਖੜ੍ਹਾ ਕਾਲ਼ੀ ਇਹ ਨਜ਼ਾਰਾ ਦੇਖ ਰਿਹਾ ਸੀ ਕਿ ਇੱਕ ਕੋਨੇ ਵਿੱਚ ਲੜਾਈ-ਝਗੜੇ ਦੀਆਂ ਅਵਾਜ਼ਾਂ ਤੇ ਚੀਕਾਂ ਸੁਣਾਈ ਦੇਣ ਲੱਗੀਆਂ। ਥੋੜ੍ਹੀ ਹੀ ਦੇਰ ਵਿੱਚ ਤ੍ਰਿਸ਼ੂਲ ਤੇ ਖੰਡਾਧਾਰੀ ਸਾਧੂ ਆਪਣਾ ਆਪਣਾ ਬਾਟਾ ਕੱਛ ਵਿੱਚ ਦੇਈ ਉੱਧਰ ਨੂੰ ਦੌੜੇ ਜਾ ਰਹੇ ਸਨ।

ਕਾਲ਼ੀ ਵੀ ਕਾਹਲ਼ੀ ਕਾਹਲ਼ੀ ਉਨ੍ਹਾਂ ਦੇ ਪਿੱਛੇ ਉੱਧਰ ਨੂੰ ਚਲੇ ਗਿਆ। ਹੋਰ ਵੀ ਕਈ ਲੋਕ ਉੱਥੇ ਇਕੱਠੇ ਹੋ ਗਏ। ਉੱਥੇ ਮੰਗਤਿਆਂ ਵਿੱਚ ਝਗੜਾ ਹੋ ਰਿਹਾ ਸੀ। ਤ੍ਰਿਸ਼ੂਲ ਤੇ ਖੰਡਾਧਾਰੀ ਸਾਧੂ ਤੇ ਹਨੂੰਮਾਨ, ਕਾਲ਼ੀ ਮਾਤਾ ਅਤੇ ਕਈ ਹੋਰ ਦੇਵੀ ਦੇਵਤਿਆਂ ਦਾ ਰੂਪ ਧਾਰੀ ਸਾਧੂ ਤੇ ਸਾਧਣੀਆਂ ਵੀ ਝਗੜੇ ਵਿੱਚ ਸ਼ਾਮਿਲ ਹੋ ਗਏ ਤੇ ਉਹ ਆਪਣੇ ਤ੍ਰਿਸ਼ੂਲ ਤੇ ਖੰਡੇ ਮੰਗਤਿਆਂ ਨੂੰ ਡਰਾਉਣ ਲਈ ਖ਼ਤਰਨਾਕ ਤਰੀਕੇ ਨਾਲ਼ ਘੁਮਾ ਰਹੇ ਸਨ।

"ਇਹ ਕਾਹਦਾ ਝਗੜਾ ਹੋ ਰਿਹਾ ਹੈ ?" ਬਾਹਰੋਂ ਆਏ ਇੱਕ ਵਿਉਪਾਰੀ ਨੇ ਮੰਡੀ ਦੇ ਇੱਕ ਮੈਨੇਜਰ ਨੂੰ ਪੁੱਛਿਆ।

"ਮੰਡੀ ਦੇ ਮੰਗਤਿਆਂ 'ਤੇ ਬਾਹਰ ਤੋਂ ਆਏ ਮੰਗਤਿਆਂ ਦਾ ਝਗੜਾ ਹੈ।" ਮੈਨੇਜਰ ਨੇ ਦੱਸਿਆ।

"ਇਨ੍ਹਾਂ ਨੇ ਕਿਹੜੀ ਜਾਇਦਾਦ ਵੰਡਣੀ ਹੈ ਜਿਹੜੇ ਆਪਸ ਵਿੱਚ ਖ਼ੂਨੋ-ਖ਼ੂਨ ਹੋ ਰਹੇ ਹਨ ?" ਬਾਹਰ ਦੇ ਵਿਉਪਾਰੀ ਨੇ ਹੈਰਾਨੀ ਨਾਲ਼ ਕਿਹਾ।

"ਇਹੀ ਤਾਂ ਝਗੜਾ ਹੈ। ਬਾਹਰ ਦੇ ਮੰਗਤੇ ਮੰਡੀ ਵਿੱਚ ਆ ਗਏ ਹਨ। ਹੁਣ ਮੰਡੀ ਦੇ ਮੰਗਤੇ ਉਨ੍ਹਾਂ ਨੂੰ ਬਾਹਰ ਕੱਢ ਰਹੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਮੰਡੀ ਵਿੱਚ ਭੀਖ ਮੰਗਣ ਦਾ ਸਿਰਫ ਉਨ੍ਹਾਂ ਦਾ ਹੀ ਹੱਕ ਹੈ।"

ਬਾਹਰ ਦਾ ਵਿਉਪਾਰੀ ਮੰਡੀ ਤੇ ਬਜ਼ਾਰ ਦੇ ਮੰਗਤਿਆਂ ਦੇ ਝਗੜੇ ਨੂੰ ਧਿਆਨ ਨਾਲ਼ ਦੇਖ ਰਿਹਾ ਸੀ। ਇੱਕ ਥੜੇ 'ਤੇ ਖੜ੍ਹਾ ਕਾਲ਼ੀ ਵੀ ਹੈਰਾਨ-ਪਰੇਸ਼ਾਨ ਹੋਇਆ ਕਦੀ ਇੱਧਰ ਤੇ ਕਦੀ ਉੱਧਰ ਝਾਕਦਾ। ਮੰਡੀ ਦੇ ਮੰਗਤਿਆਂ ਦੀ ਮਦਦ ਲਈ ਤ੍ਰਿਸ਼ੂਲ 'ਤੇ ਖੰਡਾਧਾਰੀ ਬਹਿਰੂਪੀਆਂ ਦੇ ਆ ਜਾਣ ਕਰਕੇ ਉਨ੍ਹਾਂ ਦਾ ਪਲੜਾ ਭਾਰੀ ਹੋ ਗਿਆ ਸੀ। ਬਾਹਰੋਂ ਆਏ ਮੰਗਤੇ ਡਿੱਗਦੇ-ਢਹਿੰਦੇ ਤੇ ਚੀਕਾਂ ਮਾਰਦੇ ਬੜੇ ਦਰਵਾਜੇ ਵੱਲ ਨੂੰ ਦੌੜੇ ਜਾ ਰਹੇ ਸਨ।

ਮੰਡੀ ਦੇ ਪਹਿਲਵਾਨਾਂ ਨੇ ਵਿੱਚ ਪੈ ਕੇ ਮੰਗਤਿਆਂ ਦੇ ਦੋਵਾਂ ਗਰੋਹਾਂ ਦਾ ਫੈਸਲਾ ਕਰਾ ਦਿੱਤਾ ਕਿ ਬਾਹਰ ਦੇ ਮੰਗਤੇ ਮੰਡੀ ਵਿੱਚ ਨਹੀਂ ਵੜਨਗੇ ਤੇ ਜੇ ਹਲਵਾ-ਪੂਰੀ ਬੱਚ ਗਿਆ ਤਾਂ ਬੜੇ ਗੇਟ ਦੇ ਬਾਹਰ ਉਨ੍ਹਾਂ ਵਿੱਚ ਵੰਡ ਦਿੱਤਾ ਜਾਵੇਗਾ।

ਇਸ ਫੈਸਲੇ ਤੋਂ ਬਾਅਦ ਮੰਡੀ ਦਾ ਮਾਹੌਲ ਫਿਰ ਪਹਿਲਾਂ ਵਾਂਗ ਹੋ ਗਿਆ ਤੇ ਸਾਰੇ ਲੋਕ ਆਪਣੇ ਆਪਣੇ ਕੰਮਾਂ ਵਿੱਚ ਰੁੱਝ ਗਏ। ਕਾਲ਼ੀ ਦਾ ਦਿਲ ਡੁੱਬਣ ਲੱਗਾ ਕਿ ਸ਼ਹਿਰ ਐਨਾ ਵੱਡਾ ਹੋ ਕੇ ਵੀ ਕਿੰਨਾ ਸੌੜਾ ਹੈ। ਬਹੁਤ ਹੀ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਇਨ੍ਹਾਂ ਦਾ ਵੱਸ ਚੱਲੇ ਤਾਂ ਆਪਣੇ ਆਪਣੇ ਇਲਾਕੇ ਦੀ ਧੁੱਪ, ਹਵਾ ਤੇ ਪਾਣੀ ਵੀ ਵੰਡ ਲੈਣ।

ਉਹਨੂੰ ਮਹਿਸੂਸ ਹੋਇਆ ਕਿ ਇਹ ਪਤਾ ਲੱਗਣ 'ਤੇ ਕਿ ਉਹ ਵੀ ਬਾਹਰ ਦਾ ਆਦਮੀ ਹੈ, ਮੰਡੀ ਦੇ ਪਾਂਡੀ ਤੇ ਪਹਿਲਵਾਨ ਉਹਨੂੰ ਵੀ ਧੱਕੇ ਦੇ ਕੇ ਸੜਕ 'ਤੇ ਸਿੱਟ ਦੇਣਗੇ। 'ਤੇ ਉੱਥੇ ਉਹਦੀ ਪਛਾਣ ਹੋਣੀ ਬਹੁਤੀ ਮੁਸ਼ਕਲ ਵੀ ਨਹੀਂ ਹੈ। ਉਨ੍ਹਾਂ ਦੀਆਂ ਨਜ਼ਰਾਂ ਤੋਂ ਬੱਚਣ ਲਈ ਉਹ ਮੰਡੀ ਵਿੱਚ ਘੁੰਮ ਰਹੇ ਅਵਾਰਾ ਪਸ਼ੂਆਂ ਦੇ ਉਹਲੇ ਉਸ ਥਾਂ ਦੇ ਦੁਆਲ਼ੇ ਘੁੰਮਦਾ ਰਿਹਾ ਜਿੱਥੇ ਹਲਵਾ-ਪੂਰੀ ਵੰਡੇ ਜਾਣੇ ਸਨ।

ਦੁਪਿਹਰ ਨੂੰ ਮੰਡੀ ਵਿੱਚ ਰੌਣਕ ਥੋੜ੍ਹੀ ਘੱਟ ਗਈ। ਬਹੁਤੇ ਵਿਉਪਾਰੀ ਦੁਕਾਨਾਂ ਉੱਪਰ ਬਣੇ ਚੁਬਾਰਿਆਂ ਵਿੱਚ ਆਪਣੇ ਪ੍ਰੀਵਾਰਾਂ ਸਮੇਤ ਰਹਿੰਦੇ ਸਨ। ਉਹ ਦੁਕਾਨਾਂ ਵਿੱਚ ਨੌਕਰਾਂ ਨੂੰ ਛੱਡ ਕੇ ਖਾਣਾ ਖਾਣ ਚਲੇ ਗਏ। ਮੰਡੀ ਵਿੱਚ ਛੋਲੇ-ਭਟੂਰੇ, ਆਲੂਆਂ ਦੀਆਂ ਟਿੱਕੀਆਂ ਤੇ ਖਾਣ ਪੀਣ ਦਾ ਹੋਰ ਸਮਾਨ ਵੇਚਣ ਲਈ ਛਾਬੜੀ ਵਾਲ਼ੇ ਆ ਗਏ ਤੇ ਉੱਚੀ ਉੱਚੀ ਆਪਣੇ ਆਪਣੇ ਸਮਾਨ ਦਾ ਹੋਕਾ ਦੇ ਰਹੇ ਸਨ।

ਮੰਡੀ ਦੇ ਅੰਦਰ ਟੱਲ ਵੱਜਣੇ ਦੀ ਅਵਾਜ਼ ਸਾਰੇ ਵਾਤਾਵਰਣ ਤੇ ਛਾ ਗਈ ਤੇ ਪਾਂਡੀ, ਮਜ਼ਦੂਰ, ਮੰਗਤੇ ਤੇ ਹੋਰ ਬਹੁਤ ਸਾਰੇ ਲੋਕ ਸੇਠ ਰਤਨਚੰਦ ਦੀ ਦੁਕਾਨ ਵੱਲ ਨੂੰ ਦੌੜਣ ਲੱਗੇ। ਇੱਕ ਰੇੜ੍ਹੀ ਤੇ ਦੋ ਵੱਡੇ ਵੱਡੇ ਤਸਲੇ ਤੇ ਦੋ ਟੋਕਰੇ ਰੱਖੇ ਹੋਏ ਸਨ। ਟੋਕਰਿਆਂ ਨੂੰ ਅਖਬਾਰ ਦੇ ਪੇਪਰਾਂ ਨਾਲ਼ ਢੱਕਿਆ ਹੋਇਆ ਸੀ।

ਰੇੜ੍ਹੀ ਜਦੋਂ ਕਾਲ਼ੀ ਦੇ ਕੋਲ਼ ਦੀ ਲੰਘੀ ਤਾਂ ਉਹਦੀਆਂ ਨਾਸਾਂ ਹਲਵਾ-ਪੂਰੀ ਤੇ ਸਬਜ਼ੀ ਦੀ ਮਹਿਕ ਨਾਲ਼ ਭਰ ਗਈਆਂ। ਉਹ ਇਨ੍ਹਾਂ ਖੁਸ਼ਬੂਆਂ ਤੋਂ ਬਿਲਕੁਲ ਅਨਜਾਣ ਸੀ। ਇਹ ਸੋਚ ਕੇ ਇਨ੍ਹਾਂ ਪਕਵਾਨਾਂ ਦੇ ਸੁਆਦ ਨਾਲ਼ ਕਾਲ਼ੀ ਦਾ ਮੂੰਹ ਪਾਣੀ ਭਰੇ ਘੜੇ ਵਰਗਾ ਹੋ

ਗਿਆ। ਉਸ ਨੇ ਮੂੰਹ ਵਿੱਚ ਆਏ ਪਾਣੀ ਨੂੰ ਥੁੱਕਿਆ ਨਹੀਂ, ਨਿਗਲ਼ ਲਿਆ।

ਪੰਜ ਛੇ ਪਹਿਲਵਾਨ ਹੱਥਾਂ ਵਿੱਚ ਸੁੰਮਾਂ ਵਾਲ਼ੀਆ ਲਾਠੀਆਂ ਲਈ ਲੋਕਾਂ ਦੇ ਹੜ੍ਹ ਨੂੰ ਕੰਟਰੋਲ ਵਿੱਚ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ। ਲੋੜ ਪੈਣ 'ਤੇ ਉਹ ਲਾਠੀ ਨੂੰ ਘੁਮਾਉਂਦੇ ਤੇ ਕਤਾਰ ਤੋੜਨੇ ਦੀ ਕੋਸ਼ਿਸ਼ ਕਰਨ ਵਾਲ਼ੇ ਨੂੰ ਝਿੜਕੇ ਵੀ ਮਾਰਦੇ।

ਪਾਂਡੀ ਵੱਖਰੀ ਕਤਾਰ ਬਣਾ ਕੇ ਇੱਕ ਪਾਸੇ ਬੈਠ ਗਏ। ਮੰਡੀ ਦੇ ਮੰਗਤਿਆਂ ਦੀ ਕਤਾਰ ਦੂਜੇ ਪਾਸੇ ਕਾਫੀ ਹੱਟਵੀਂ ਬਣੀ ਹੋਈ ਸੀ। ਮੰਡੀ ਵਿੱਚ ਘੁੰਮਣ ਵਾਲ਼ੇ ਬਹਿਰੂਪੀਏ ਆਪਣੇ ਆਪਣੇ ਸਾਸ਼ਤਰ ਚੁੱਕੀ ਇੱਕ ਪਾਸੇ ਵੱਖਰੇ ਬੈਠੇ ਸਨ। ਸਾਰੇ ਲੋਕ ਹਲਵਾ-ਪੂਰੀ ਲੈਣ ਲਈ ਕਾਹਲ਼ੇ ਹੋਣ ਦੇ ਬਾਵਜੂਦ ਸ਼ਾਂਤ ਬੈਠੇ ਸਨ। ਇੱਕ ਪਾਸੇ ਖੜ੍ਹੇ ਮੰਡੀ ਦੇ ਪਹਿਲਵਾਨ ਆਪਸ ਵਿੱਚ ਸਲਾਹ-ਮਸ਼ਵਰਾ ਕਰਨ ਲੱਗੇ। ਲਾਲੀ ਪਹਿਲਵਾਨ ਦਾ ਫੈਸਲਾ ਸੁਣ ਕੇ ਤਿੰਨ ਪਹਿਲਵਾਨ ਦੁਕਾਨਾਂ ਵੱਲ ਨੂੰ ਦੌੜ ਗਏ ਤੇ ਥੋੜ੍ਹੇ ਹੀ ਚਿਰ ਵਿੱਚ ਦੋ ਛੋਟੀਆਂ-ਛੋਟੀਆਂ ਬਾਲਟੀਆਂ ਤੇ ਇੱਕ ਟੋਕਰੀ ਲੈ ਆਏ। ਉਨ੍ਹਾਂ ਨੇ ਟੋਕਰੀ ਪੂਰੀਆਂ ਨਾਲ਼ ਭਰ ਲਈ ਤੇ ਇੱਕ ਬਾਲਟੀ ਵਿੱਚ ਹਲਵਾ ਤੇ ਦੂਸਰੀ ਵਿੱਚ ਆਲੂਆਂ ਦੀ ਸਬਜ਼ੀ ਪਾ ਲਈ।

ਇਹ ਦੇਖ ਕੇ ਮੰਡੀ ਦੇ ਮੰਗਤੇ ਰੌਲ਼ਾ ਪਾਉਣ ਲੱਗੇ। ਉਨ੍ਹਾਂ ਨੇ ਸਮਝਿਆ ਕਿ ਪਹਿਲਵਾਨ ਇਹ ਸਮਾਨ ਬਾਹਰ ਦੇ ਮੰਗਤਿਆਂ ਵਿੱਚ ਵੰਡਣ ਲਈ ਲੈ ਕੇ ਜਾ ਰਹੇ ਹਨ। ਉਨ੍ਹਾਂ ਦੀ ਹਾਹਾਕਾਰ ਸੁਣ ਕੇ ਬਹਿਰੂਪੀਏ ਵੀ ਉੱਚੀ ਅਵਾਜ਼ ਵਿੱਚ ਇਤਰਾਜ਼ ਕਰਨ ਲੱਗੇ।

ਲਾਲੀ ਪਹਿਲਵਾਨ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਹਲਵਾ-ਪੂਰੀ ਤੇ ਸਬਜ਼ੀ ਅਖਾੜੇ ਲਈ ਵੱਖਰੀ ਰੱਖੀ ਜਾ ਰਹੀ ਹੈ। ਇਹ ਸੁਣ ਕੇ ਇੱਕ ਪਾਂਡੀ ਨੇ ਇਤਰਾਜ਼ ਕੀਤਾ, "ਸਾਰਾ ਮਾਲ ਤਾਂ ਪਹਿਲਵਾਨ ਜੀ, ਤੁਸੀਂ ਸਾਂਭ ਰਹੇ ਹੋ।"

"ਸਰੀਰ ਦੇ ਹਿਸਾਬ ਨਾਲ਼ ਹੀ ਖਾਣਾ ਲੈਣਗੇ।" ਦੂਜਾ ਪਾਂਡੀ ਮੁਸਕਰਾਇਆ।

"ਬੈਠਾ ਸਾਡੇ ਨਾਲ਼ ਹੈ ਤੇ ਤਰਫਦਾਰੀ ਪਹਿਲਵਾਨਾਂ ਦੀ ਕਰ ਰਿਹਾਂ।" ਤੀਸਰੇ ਪਾਂਡੀ ਨੇ ਇਤਰਾਜ਼ ਕੀਤਾ।

"ਇਹ ਵੀ ਅੱਜ ਕੱਲ ਅਖਾੜੇ ਜਾਂਦਾ ਹੈ ਨਾ ਪੱਠਿਆਂ ਦੀ ਮਾਲਿਸ਼ ਕਰਨ ਲਈ।" ਇੱਕ ਹੋਰ ਪਾਂਡੀ ਬੋਲਿਆ।

"ਸਾਨੂੰ ਢਿੱਡ ਭਰ ਕੇ ਹਲਵਾ-ਪੂਰੀ ਮਿਲ਼ਣੀ ਚਾਹੀਦੀ ਹੈ। ਬਾਕੀ ਚਾਹੇ ਚਿੱਟਾ ਚੋਰ ਜਾਂ ਕਾਲ਼ਾ ਸਾਧੂ ਲੈ ਜਾਵੇ, ਸਾਨੂੰ ਕੀ ਮਤਲਬ।" ਦੁਲੂਰਾਮ ਨੇ ਗੱਲ ਮੁਕਾਈ।

ਥੋੜ੍ਹੇ ਚਿਰ ਵਿੱਚ ਹਲਵਾ-ਪੂਰੀ ਤੇ ਸਬਜ਼ੀ ਵੰਡੀ ਜਾਣ ਲੱਗੀ। ਤਿੰਨ-ਤਿੰਨ ਪਹਿਲਵਾਨਾਂ ਦੀਆਂ ਤਿੰਨ ਟੋਲੀਆਂ ਦੋ-ਦੋ ਪੂਰੀਆਂ ਦੇ ਨਾਲ਼ ਹਲਵਾ-ਪੂਰੀ ਵੰਡਣ ਲੱਗੇ। ਲੋਕਾਂ ਦੇ ਰੌਲ਼ਾ ਪਾਉਣ 'ਤੇ ਲਾਲੀ ਪਹਿਲਵਾਨ ਬੋਲਿਆ, "ਬਾਹਰ ਦੇ ਮੰਗਤਿਆਂ ਨੂੰ ਵੀ ਹਲਵਾ-ਪੂਰੀ ਦੇਣਾ ਹੈ ਇਸ ਲਈ ਸਾਰਿਆਂ ਨੂੰ ਦੋ-ਦੋ ਪੂਰੀਆਂ ਹੀ ਮਿਲਣਗੀਆਂ। ਵਾਧੂ ਬੱਚ ਗਈਆਂ ਤਾਂ ਹੋਰ ਦੇ ਦੇਵਾਂਗੇ।"

"ਪਹਿਲਵਾਨ ਜੀ, ਉਹ ਮੰਗਤੇ ਕੀ ਤੁਹਾਡੇ ਰਿਸ਼ਤੇਦਾਰ ਹਨ ਜਿਹੜਾ ਉਨ੍ਹਾਂ ਦਾ ਐਨਾ ਖਿਆਲ ਰੱਖ ਰਹੇ ਹੋ ?" ਇੱਕ ਤ੍ਰਿਸ਼ੂਲਧਾਰੀ ਬਹਿਰੂਪੀਏ ਨੇ ਗੁੱਸੇ ਨਾਲ਼ ਕਿਹਾ।

ਲਾਲੀ ਪਹਿਲਵਾਨ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਲੋਕਾਂ ਦੀਆਂ ਅੱਖਾਂ ਵਿੱਚ ਉਬਲਦਾ ਵਿਦਰੋਹ ਦੇਖ ਕੇ ਉਹ ਆਪਣੇ ਗੁੱਸੇ ਨੂੰ ਪੀ ਗਿਆ।

ਚਾਰ-ਚਾਰ ਪੂਰੀਆਂ ਦੇ ਨਾਲ਼ ਹਲਵਾ 'ਤੇ ਸਬਜ਼ੀ ਲੈ ਕੇ ਲੋਕ ਚਟਖਾਰੇ ਮਾਰਦੇ ਹੋਏ ਖਾਣ ਵਿੱਚ ਰੁੱਝ ਗਏ।

ਕਾਲ਼ੀ ਨੇ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਇੰਨੀ ਸੁਆਦ ਪੂਰੀ-ਹਲਵਾ ਤੇ ਸਬਜ਼ੀ ਖਾਧੀ ਸੀ। ਉਹ ਉਂਗਲੀਆਂ ਨੂੰ ਚੱਟਦਾ ਤੇ ਜੀਭ ਨੂੰ ਬੁੱਲਾਂ ਅਤੇ ਹੱਥ ਨੂੰ ਢਿੱਡ 'ਤੇ ਫੇਰਦਾ ਹੋਇਆ ਪਾਣੀ ਪੀਣ ਲਈ ਨਲ਼ਕੇ ਵੱਲ ਨੂੰ ਚਲੇ ਗਿਆ।

## ਛੇ

ਹਰ ਰੋਜ਼ ਦੀ ਤਰ੍ਹਾਂ ਕੰਮ ਦੀ ਭਾਲ ਵਿੱਚ, ਮਜ਼ਦੂਰ ਮੰਡੀ, ਬਰਫ ਕਾਰਖ਼ਾਨਾ 'ਤੇ ਗੁਦਾਮਾਂ ਦਾ ਫੇਰਾ ਲਾ ਕੇ ਕਾਲ਼ੀ ਸਿੱਧਾ ਫੈਂਟਨਗੰਜ ਮੰਡੀ ਵਿੱਚ ਆ ਗਿਆ। ਉਹ ਲੱਗ ਭੱਗ ਹਰ ਰੇੜ੍ਹੇ ਤੇ ਰੇੜ੍ਹੀ ਵਾਲ਼ੇ ਨੂੰ ਪਛਾਨਣ ਲੱਗ ਪਿਆ ਸੀ ਤੇ ਉਹ ਵੀ ਕਾਲ਼ੀ ਦੇ ਚਿਹਰੇ ਤੋਂ ਕਿਸੇ ਹੱਦ ਤੱਕ ਜਾਣੂ ਹੋ ਗਏ ਸਨ।

ਕਾਲ਼ੀ ਛੋਟੇ-ਛੋਟੇ ਕਦਮ ਪੁੱਟਦਾ ਮੰਡੀ ਵਿੱਚ ਘੁੰਮ ਰਿਹਾ ਸੀ। ਇੱਕ ਦੁਕਾਨ ਦੇ ਸਾਮ੍ਹਣੇ ਰੇੜ੍ਹੇ ਦੇ ਕੋਲ਼ ਬੈਠਾ ਆਦਮੀ ਬੇਚੈਨੀ ਨਾਲ਼ ਪਾਸੇ ਮਾਰ ਰਿਹਾ ਸੀ। ਦੁਕਾਨ ਦੇ ਮੋਹਰੇ ਵੱਡੇ ਦਰਵਾਜ਼ੇ ਦੇ ਕੋਲ਼ ਲਦਾਈ ਲਈ ਕੁੱਝ ਬੋਰੀਆਂ, ਥੜੇ 'ਤੇ ਲਕੜੀ ਦੀਆਂ ਬੰਦ ਪੇਟੀਆਂ ਰੱਖੀਆਂ ਸੀ। ਰੇੜ੍ਹੇ ਦੇ ਕੋਲ਼ ਬੈਠਾ ਪਾਂਡੀ ਇਸ ਸਮਾਨ ਵੱਲ ਦੇਖਦਾ ਤੇ ਘਬਰਾ ਕੇ ਪਾਸਾ ਬਦਲਦਾ ਹੋਇਆ ਦੁਕਾਨ ਵਲੋਂ ਅੱਖਾਂ ਫੇਰ ਲੈਂਦਾ।

"ਓਏ ਕਾਲੂ। ਇੱਥੇ ਬੈਠਾ ਕੀ ਕਰ ਰਿਹਾ ਆਂ। ਛਿੱਬੂ ਤੇ ਮਾਂਝਾ ਕਿੱਥੇ ਹਨ?" ਦੁਕਾਨ ਅੰਦਰ ਗੱਦੀ ਤੇ ਬੈਠੇ ਗੋਲ਼ ਟੋਪੀ ਵਾਲ਼ੇ ਲਾਲਾ ਕੁੰਦਨ ਲਾਲ ਨੇ ਉੱਛਲ ਕੇ ਖਾਲੀ ਰੇੜ੍ਹੇ ਵੱਲ ਦੇਖਦੇ ਹੋਏ ਉੱਚੀ ਅਵਾਜ਼ ਵਿੱਚ ਪੁੱਛਿਆ।

"ਸ਼ਾਹ ਜੀ, ਹੁਣੇ ਸਮਾਨ ਚੁੱਕਦੇ ਹਾਂ। ਛਿੱਬੂ, ਮਾਂਝੇ ਨੂੰ ਲੈਣ ਗਿਆ ਹੈ।" ਨਿਮਰਤਾ ਨਾਲ਼ ਜਵਾਬ ਦੇ ਕੇ ਕਾਲੂ ਰੇੜ੍ਹੇ ਦੇ ਉਹਲੇ ਨੂੰ ਹੋ ਗਿਆ।

ਲਾਲਾ ਕੁੰਦਨ ਲਾਲ ਤੇ ਕਾਲੂ ਦੀ ਗੱਲਬਾਤ ਸੁਣ ਕੇ ਕਾਲ਼ੀ ਦੇ ਮਨ ਵਿੱਚ ਆਸ ਦੀ ਹਲਕੀ ਜਿਹੀ ਕਿਰਨ ਜਾਗ ਉਠੀ। ਉਹ ਖਰਗੋਸ਼ ਦੀ ਭਾਲ ਵਿੱਚ ਘੁੰਮਦੇ ਹੋਏ ਸ਼ਿਕਾਰੀ ਕੁੱਤੇ ਦੀ ਤਰ੍ਹਾਂ ਜ਼ਮੀਨ ਨੂੰ ਸੁੰਘਦਾ ਹੋਇਆ ਦੁਕਾਨ ਅਤੇ ਰੇੜ੍ਹੇ ਦੁਆਲ਼ੇ ਗੇੜੇ ਕੱਢਣ ਲੱਗਾ।

ਦੁਕਾਨ ਦੇ ਬਾਹਰ ਮਾਲ ਦਾ ਢੇਰ ਹੋਰ ਵੀ ਉੱਚਾ ਹੁੰਦਾ ਜਾ ਰਿਹਾ ਸੀ ਅਤੇ ਲਾਲਾ ਕੁੰਦਨ ਲਾਲ ਸਮਾਨ ਚੁੱਕਣ ਲਈ ਕਾਲੂ ਨੂੰ ਤਿੰਨ ਵਾਰ ਚਿਤਾਵਣੀ ਦੇ ਚੁੱਕਾ ਸੀ। ਕਾਲੂ ਬਹੁਤ ਪਰੇਸ਼ਾਨ ਸੀ। ਉਹ ਬਹੁਤ ਬੇਚੈਨ ਹੋ ਗਿਆ ਤੇ ਛਿੱਬੂ ਦੀ ਭਾਲ ਵਿੱਚ ਮੰਡੀ ਦੇ ਪੂਰਬ ਵਾਲ਼ੇ ਗੇਟ ਵੱਲ ਚਲੇ ਗਿਆ।

ਛਿੱਬੂ ਨੂੰ ਬਜ਼ਾਰ ਵਿੱਚੋਂ ਮੰਡੀ ਦੇ ਵੱਡੇ ਦਰਵਾਜ਼ੇ ਵਿੱਚ ਆਉਂਦਿਆਂ ਦੇਖ ਕੇ ਕਾਲੂ ਦੀ ਜਾਨ ਵਿੱਚ ਜਾਨ ਆਈ। ਉਹ ਛਿੱਬੂ ਵੱਲ ਨੂੰ ਦੌੜਿਆ ਅਤੇ ਉਹਦੇ ਨੇੜੇ ਪਹੁੰਚਦਿਆਂ

ਹੀ ਭੜਕ ਉੱਠਿਆ, ਕੀ ਤੂੰ ਪਿੰਡ ਨੂੰ ਚਲਾ ਗਿਆ ਸੀ ਜੋ ਐਨਾ ਚਿਰ ਲਾ ਦਿੱਤਾ ? ਉੱਧਰ ਲਾਲਾ ਗੁੱਸੇ ਵਿੱਚ ਫੁੰਕਾਰੇ ਮਾਰ ਰਿਹਾ ਹੈ।"

ਫਿਰ ਉਸ ਨੇ ਛਿੱਬੂ ਵੱਲ ਧਿਆਨ ਨਾਲ਼ ਦੇਖਿਆ ਤੇ ਉਸ ਦੇ ਅੱਗੇ-ਪਿੱਛੇ ਅਤੇ ਸੱਜੇ-ਖੱਬੇ ਨਿਗਾਹ ਮਾਰੀ ਅਤੇ ਹੱਥ ਉੱਪਰ ਚੁੱਕ ਕੇ ਬਹੁਤ ਗੁੱਸੇ ਨਾਲ਼ ਪੁੱਛਿਆ, "ਮਾਂਝਾ ਕਿੱਥੇ ਹੈ ?"

"ਮਾਂਝੇ ਦਾ ਜੀਅ ਠੀਕ ਨਹੀਂ ਹੈ।" ਛਿੱਬੂ ਨੇ ਕਾਲੂ ਦਾ ਗੁੱਸਾ ਤਾੜ ਕੇ ਉਹਨੂੰ ਠੰਡਾ ਕਰਨ ਲਈ ਚਿੰਤਾ ਜਿਹੀ ਜ਼ਾਹਿਰ ਕੀਤੀ, "ਉਹ ਬਹੁਤ ਬਿਮਾਰ ਹੈ।"

"ਕੀ ਹੋ ਗਿਆ ਉਹਨੂੰ ?" ਕਾਲੂ ਆਪਣਾ ਗੁੱਸਾ ਭੁੱਲ ਕੇ ਬਹੁਤ ਹੀ ਫਿਕਰਮੰਦ ਹੋ ਗਿਆ।

"ਖ਼ੂਨ ਦੇ ਦਸਤ ਲੱਗੇ ਹਨ। ਨਾਲ਼ ਤਾਪ ਵੀ ਹੈ। ਹੱਥ ਵਿੱਚੋਂ ਪਾਣੀ ਦਾ ਡੱਬਾ ਕਹਿ ਥੱਲੇ ਰੱਖਦਾ ਆ ਉਦੋਂ ਹੀ ਫੇਰ ਚੁੱਕ ਲੈਂਦਾ ਹੈ। ਮੇਰੇ ਜਾਣ ਤੱਕ ਦਸ-ਪੰਦਰਾਂ ਵਾਰ ਜਾ ਚੁੱਕਿਆ ਸੀ ਅਤੇ ਅੱਧਾ ਘੜਾ ਪਾਣੀ ਦਾ ਪੀ ਹਟਿਆ ਸੀ। ਚਿਹਰੇ ਦਾ ਰੰਗ ਹਲਦੀ ਵਰਗਾ ਹੋ ਗਿਆ ਹੈ।"

"ਸਵੇਰੇ ਤਾਂ ਚੰਗਾ-ਭਲਾ ਸੀ। ਜਦ ਮੈਂ ਕਮਰੇ ਵਿੱਚੋਂ ਨਿਕਲਿਆਂ ਤਾਂ ਉਹ ਤਿਆਰ ਹੋ ਰਿਹਾ ਸੀ।" ਕਾਲੂ ਹੈਰਾਨ ਹੋਇਆ ਪਿਆ ਸੀ।

"ਤੇਰੇ ਆਉਣ ਦੇ ਬਾਅਦ ਅਸੀਂ ਕੱਠੇ ਕਮਰੇ ਚੋਂ ਨਿਕਲੇ ਪਰ ਉਹ ਢਿੱਡ ਨੂੰ ਘੁੱਟਦਾ ਹੋਇਆ ਪਿੱਛੇ ਮੁੜ ਗਿਆ। ਕਹਿਣ ਲੱਗਾ ਤੁਸੀਂ ਚੱਲੋ, ਮੈਂ ਹੁਣੇ ਆਉਂਦਾ ਹਾਂ।" ਛਿੱਬੂ ਨੇ ਹੱਥ ਝਟਕਿਆ। "ਹੁਣ ਜਾ ਕੇ ਦੇਖਿਆ ਤਾਂ ਉਹਦਾ ਬੁਰਾ ਹਾਲ ਸੀ।"

ਛਿੱਬੂ ਦੀ ਗੱਲ ਸੁਣ ਕੇ ਕਾਲੂ ਖਮੋਸ਼ ਹੋ ਗਿਆ ਤੇ ਚਿੰਤਾ ਵਿੱਚ ਡੁੱਬਿਆ ਹੋਇਆ ਨੱਕ ਖੁਰਕਣ ਲੱਗਾ। "ਕੋਈ ਦਵਾ-ਦਾਰੂ ਦਿੱਤਾ ਉਹਨੂੰ ?"

"ਗੁਣਗੁਣੇ ਹਕੀਮ ਨੂੰ ਦਿਖਾਇਆ ਹੈ। ਤੈਨੂੰ ਤਾਂ ਪਤਾ ਹੀ ਹੈ ਕਿ ਉੱਥੇ ਬਿਮਾਰਾਂ ਦੀ ਕਿੰਨੀ ਭੀੜ ਹੁੰਦੀ ਹੈ।"

" ਕੀ ਕਿਹਾ ਹਕੀਮ ਨੇ ?"

"ਨਬਜ਼ ਦੇਖ ਕੇ ਦੱਸਿਆ ਕਿ ਗਰਮੀ ਹੋ ਗਈ ਹੈ। ਖਾਣ ਲਈ ਪੁੜੀਆਂ ਅਤੇ ਪੀਣ ਲਈ ਸ਼ਰਬਤ ਦਿੱਤਾ ਹੈ। ਭੁੱਖ ਲੱਗੇ ਤਾਂ ਦਹੀਂ-ਖਿਚੜੀ ਖਾਣ ਨੂੰ ਕਿਹਾ ਹੈ।"

"ਹੂੰ।" ਕਾਲੂ ਸਿਰ ਹਿਲਾਉਂਦਾ ਬਹੁਤ ਡੂੰਘੀ ਸੋਚ ਵਿੱਚ ਡੁੱਬ ਗਿਆ। ਫਿਰ ਛਿੱਬੂ ਵੱਲ ਦੇਖ ਕੇ ਬੋਲਿਆ, "ਹੁਣ ਸਮਾਨ ਕਿੱਦਾਂ ਢੋਵਾਂਗੇ ? ਲਾਲੇ ਨੇ ਤਾਂ ਦਰਵਾਜ਼ੇ ਦੇ ਬਾਹਰ ਧਾਂਕਾਂ ਲਾ ਦਿੱਤੀਆਂ ਹਨ। ਦੁਕਾਨ ਵਿੱਚ ਆਉਣ-ਜਾਣ ਦਾ ਰਾਹ ਰੁਕ ਗਿਆ ਹੈ। ਤਿੰਨਾਂ ਆਦਮੀਆਂ ਦਾ ਕੰਮ ਦੋਏ ਜਣੇ ਕਿੱਦਾਂ ਕਰਾਂਗੇ ?"

"ਚਲੋ ਦੇਖਦੇ ਹਾਂ। ਕੁਸ਼ ਨਾ ਕੁੱਸ਼ ਤਾਂ ਕਰਨਾ ਹੀ ਪੈਣਾ ਹੈ। ਕਿਸੇ ਪੱਲੇਦਾਰ ਦੀ ਮਿੰਨਤ ਕਰਦੇ ਹਾਂ। ਕੰਮ ਤਾਂ ਕਰਾਉਣਾ ਹੀ ਪੈਣਾ ਹੈ।" ਕਾਲੂ ਦਾ ਹੱਥ ਫੜ੍ਹ ਕੇ ਛਿੱਬੂ ਰੇੜ੍ਹੇ ਵੱਲ ਨੂੰ ਤੁਰ ਪਿਆ।

"ਆਪਣੀ ਦੁਕਾਨ ਅਤੇ ਕੰਮ ਛੱਡ ਕੇ ਸਾਡੀ ਮਦਦ ਕੋਈ ਕਿਉਂ ਕਰੇਗਾ ?" ਕਾਲੂ ਨੇ ਛਿੱਬੂ ਦੇ ਨਾਲ਼-ਨਾਲ਼ ਤੁਰਦਿਆਂ ਸ਼ੰਕਾ ਜ਼ਾਹਿਰ ਕੀਤੀ। "ਕੁਸ਼ ਤਾਂ ਕਰਨਾ ਹੀ ਪੈਣਾ। ਦੁਕਾਨ ਹੱਥੋਂ ਨਿਕਲ਼ ਗਈ ਤਾਂ ਮੰਡੀ ਵਿੱਚੋਂ ਉਖੜ ਜਾਵਾਂਗੇ। ਬਾਹਰ ਤਾਂ ਲੋਕਾਂ ਦੇ ਝੋਟੇ ਵੀ ਹੱਕਣ ਨੂੰ ਨਹੀਂ ਮਿਲ਼ਣੇ।" ਛਿੱਬੂ ਬਹੁਤ ਫਿਕਰਮੰਦ ਹੋ ਗਿਆ ਸੀ।

ਜਦ ਉਹ ਦੁਕਾਨ ਦੇ ਕੋਲ਼ ਪਹੁੰਚੇ ਤਾਂ ਲਾਲਾ ਕੁੰਦਨ ਲਾਲ ਨੇ ਧਮਕੀ ਦਿੱਤੀ, ਸਮਾਨ ਚੁੱਕਣਾ ਹੈ ਜਾਂ ਹੋਰ ਰੇੜ੍ਹਾ ਮੰਗਾਵਾਂ ?"

"ਸ਼ਾਹ ਜੀ, ਹੁਣੇ ਚੱਕਦੇ ਹਾਂ। ਬਸ ਦੋ ਮਿੰਟਾਂ ਵਿੱਚ।" ਛਿੱਬੂ ਨੇ ਹੱਥ ਜੋੜੇ ਅਤੇ ਮੋਢਿਆਂ ਉੱਤੇ ਰੱਖੇ ਸਾਫੇ ਨੂੰ ਠੀਕ ਕੀਤਾ। ਫਿਰ ਸਿਰ ਦਾ ਸਾਫਾ ਕੱਸ ਕੇ ਬੰਨ੍ਹਿਆਂ ਅਤੇ ਦੁਕਾਨ ਦੇ ਬਾਹਰ ਪਏ ਸਮਾਨ ਨੂੰ ਅੱਖਾਂ ਹੀ ਅੱਖਾਂ ਵਿੱਚ ਤੋਲਣ ਲੱਗਾ।

"ਸ਼ਾਹ ਜੀ, ਕਿੱਥੇ ਦਾ ਮਾਲ ਹੈ ?" ਛਿੱਬੂ ਨੇ ਪੁੱਛਿਆ।

"ਰੌਣਕ ਬਜ਼ਾਰ ਦਾ। ... ਜਦੋਂ ਇਹ ਹੋ ਗਿਆ ਤਾਂ ਮੁੜ ਕੇ ਭੈਰੋਂ ਬਜ਼ਾਰ ਤੇ ਅਟਾਰੀ ਬਜ਼ਾਰ ਦਾ ਮਾਲ ਲਿਜਾਣਾ ਹੈ। ਛੇਤੀ ਕਰੋ। ਮੁਨੀਮ ਤੋਂ ਪਰਚੇ ਲੈ ਲਵੋ।"

"ਕਿਵੇਂ ਚੱਕਾਂਗੇ। ਤਿੰਨਾਂ ਆਦਮੀਆਂ ਦਾ ਕੰਮ ਦੋ ਜਣੇ ਕਿਸ ਤਰ੍ਹਾਂ ਕਰਾਂਗੇ ? ਜ਼ਿਆਦਾ ਮਿਹਨਤ ਕਰਨ ਨਾਲ਼ ਕਿੱਥੇ ਆਪਾਂ ਨੂੰ ਵੀ ਖ਼ੂਨ ਦੇ ਦਸਤ ਨਾ ਲੱਗ ਜਾਣ।" ਕਾਲੂ ਨੇ ਸਹਿਮੀ ਹੋਈ ਅਵਾਜ਼ ਵਿੱਚ ਕਿਹਾ।

"ਕਾਲੂ, ਤੂੰ ਮੁਨੀਮ ਤੋਂ ਪਰਚਾ ਲੈ ਕੇ ਹਰ ਇੱਕ ਦੁਕਾਨ ਦੇ ਮਾਲ ਦਾ ਵੱਖਰਾ-ਵੱਖਰਾ ਹਿਸਾਬ ਕਰ ਲਾ। ਜਦ ਤੱਕ ਮੈਂ ਕਿਸੇ ਹੋਰ ਆਦਮੀ ਦਾ ਬੰਦੋਬਸਤ ਕਰਦਾ ਹਾਂ," ਛਿੱਬੂ ਰੇੜ੍ਹਿਆਂ ਵੱਲ ਨੂੰ ਚਲੇ ਗਿਆ।

ਛਿੱਬੂ ਤੇ ਕਾਲੂ ਦੀ ਗੱਲਬਾਤ ਕਾਲ਼ੀ ਨੇ ਵੀ ਸੁਣ ਲਈ ਅਤੇ ਬਹੁਤ ਹੱਦ ਤੱਕ ਉਨ੍ਹਾਂ ਦੀ ਸਮੱਸਿਆ ਉਹਦੀ ਸਮਝ ਵਿੱਚ ਆ ਗਈ ਸੀ। ਪਰ ਉਹਨੂੰ ਸਮਝ ਨਹੀਂ ਆ ਰਹੀ ਸੀ ਕਿ ਉਨ੍ਹਾਂ ਨਾਲ਼ ਗੱਲ ਕਿਵੇਂ ਕਰੇ ਕਿ ਉਹ ਕੰਮ ਕਰਨ ਲਈ ਤਿਆਰ ਹੈ।

ਕਾਲੂ ਨੂੰ ਆਪਣੇ ਕੰਮ ਵਿੱਚ ਰੁੱਝਿਆ ਅਤੇ ਛਿੱਬੂ ਨੂੰ ਤਾਂਗਿਆਂ ਦੇ ਪਿੱਛੇ ਹੁੰਦਿਆਂ ਦੇਖ ਕੇ ਕਾਲੀ ਹੌਲ਼ੀ ਜਿਹੇ ਉਨ੍ਹਾਂ ਦੇ ਰੇੜ੍ਹੇ ਦੇ ਨੇੜੇ ਆ ਕੇ ਖੜ੍ਹਾ ਹੋ ਗਿਆ। ਉਸ ਨੇ ਪਹੀਏ ਨੂੰ ਕੱਸ ਕੇ ਫੜ ਲਿਆ ਤੇ ਦਿਲ ਦੀ ਧੜਕਣ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੋਇਆ ਇੱਧਰ-ਉੱਧਰ ਦੇਖਣ ਲੱਗਾ।

ਕਾਲ਼ੀ ਆਪਣੇ ਮੋਢੇ 'ਤੇ ਇੱਕ ਮਜ਼ਬੂਤ ਹੱਥ ਨੂੰ ਮਹਿਸੂਸ ਕਰਦਿਆਂ ਹੀ ਡਰ ਗਿਆ ਅਤੇ ਘਬਰਾ ਕੇ ਗਰਦਣ ਪਿੱਛੇ ਘੁਮਾ ਲਈ।

"ਪਹਿਲਵਾਨ, ਕੀ ਗੱਲ ਹੈ ? ਰੇੜ੍ਹੇ ਦਾ ਪਹੀਆ ਫੜ ਕੇ ਖੜ੍ਹਾ ਆਂ ?" ਛਿੱਬੂ ਨੇ ਕਾਲ਼ੀ ਦੇ ਡੀਲ-ਡੋਲ ਨੂੰ ਭਾਂਪਦਿਆਂ ਥੋੜ੍ਹਾ ਰੋਹਬ ਨਾਲ਼ ਪੁੱਛਿਆ।

"ਤੁਹਾਡੀ ਹੀ ਰਾਹ ਦੇਖ ਰਿਹਾ ਸੀ।" ਕਾਲ਼ੀ ਨੇ ਝਿਜਕਦਿਆਂ ਹੱਥ ਜੋੜੇ।

"ਕਿਉਂ, ਕੀ ਗੱਲ ਹੈ ?" ਛਿੱਬੂ ਕਾਲ਼ੀ ਦੇ ਸਰੀਰ ਨੂੰ ਵੀ ਘੋਖਵੀਆਂ ਨਜ਼ਰਾਂ ਨਾਲ਼ ਦੇਖਦਾ ਰਿਹਾ।

ਕਾਲ਼ੀ ਨੂੰ ਇਕਦਮ ਕੋਈ ਜਵਾਬ ਨਾ ਸੁੱਝਿਆ ਤੇ ਖਾਲੀ ਨਜ਼ਰਾਂ ਨਾਲ਼ ਛਿੱਬੂ ਵੱਲ ਦੇਖਦਾ ਰਿਹਾ।

"ਕਿਉਂ, ਰੇੜ੍ਹਾ ਚੋਰੀ ਕਰਨ ਦਾ ਇਰਾਦਾ ਸੀ ?" ਛਿੱਬੂ ਨੇ ਕਾਲ਼ੀ ਦਾ ਗੁੱਟ ਘੁੱਟ ਕੇ ਫੜ੍ਹ ਲਿਆ।

"ਨਹੀਂ ਮਾਲਕੋ।" ਛਿੱਬੂ ਦੇ ਗੋਡਿਆਂ ਨੂੰ ਹੱਥ ਲਾਉਂਦਿਆਂ ਕਾਲ਼ੀ ਨੇ ਬਹੁਤ ਹੀ ਨਰਮ ਅਵਾਜ਼ ਵਿੱਚ ਕਿਹਾ, "ਮੈਂ ਤਾਂ ਖੁਦ ਲੁੱਟਿਆਂ-ਪੁੱਟਿਆਂ ਹਾਂ। ਹੋਰ ਕਿਸੇ ਨੂੰ ਕੀ ਲੁੱਟੂੰਗਾ।

"ਮੈਂ ਤਾਂ ਕੰਮ ਦੀ ਭਾਲ ਵਿੱਚ ਭਟਕ ਰਿਹਾ ਹਾਂ। ਤੁਹਾਡੀ ਦੋਹਾਂ ਦੀ ਗੱਲਬਾਤ ਸੁਣ ਕੇ ਮੈਨੂੰ ਲੱਗਾ ਕਿ ਤੁਹਾਨੂੰ ਤੀਸਰੇ ਆਦਮੀ ਦੀ ਲੋੜ ਹੈ। ਇਸ ਲਈ ਰੇੜ੍ਹੇ ਦੇ ਕੋਲ਼ ਆ ਕੇ ਖੜ੍ਹਾ ਹੋ ਗਿਆ ਸੀ।" ਕਾਲ਼ੀ ਨੇ ਫਿਰ ਹੱਥ ਜੋੜ ਦਿੱਤੇ।

ਛਿੱਬੂ ਨੇ ਤੁਰੰਤ ਕੋਈ ਦਿਲਚਸਪੀ ਨਾ ਦਿਖਾਈ। ਉਹ ਤਿੱਖੀ ਨਜ਼ਰ ਨਾਲ਼ ਕਾਲ਼ੀ ਨੂੰ ਸਿਰ ਤੋਂ ਪੈਰਾਂ ਤੱਕ ਤਾੜਦਾ ਰਿਹਾ। ਉਹ ਆਪਣਾ ਸਿਰ ਉੱਤੇ ਥੱਲੇ ਹਿਲਾਉਂਦਾ ਰਿਹਾ ਜਿਵੇਂ ਮੂੰਹ ਜੁਬਾਨੀ ਹਿਸਾਬ ਕਰ ਰਿਹਾ ਹੋਵੇ। ਫਿਰ ਉਸਨੇ ਆਪਣੀਆਂ ਅੱਖਾਂ ਉੱਪਰ ਚੁੱਕ ਕਰਕੇ ਕਾਲ਼ੀ ਵੱਲ ਦੇਖਿਆ,"ਕੰਮ-ਧੰਦੇ ਦੀ ਭਾਲ ਵਿੱਚ ਸ਼ਹਿਰ ਆਇਆਂ ?"

"ਹਾਂ ਜੀ।" ਕਾਲ਼ੀ ਨੇ ਹੱਥ ਮਲਦਿਆਂ ਸਿਰ ਹਿਲਾਇਆ।

"ਕਿਹੜਾ ਪਿੰਡ ਹੈ ਤੇਰਾ ?"

"ਪਿੰਡ-ਘਰ ਤਾਂ ਸਭ ਜਾਂਦਾ ਲੱਗਾ। ਜਦ ਘਰ ਵਾਲ਼ੇ ਹੀ ਨਹੀਂ ਰਹੇ ਤਾਂ ਪਿੰਡ-ਘਰ ਕਿਹੜਾ ਰਹਿ ਗਿਆ।" ਕਾਲ਼ੀ ਬਹੁਤ ਉਦਾਸ ਹੋ ਗਿਆ।

ਛਿੱਬੂ ਇੱਕ ਵਾਰ ਫਿਰ ਸੋਚ ਵਿੱਚ ਡੁੱਬ ਗਿਆ ਜਿਵੇਂ ਕੋਈ ਭੁੱਲੀ ਵਿਸਰੀ ਗੱਲ ਯਾਦ ਆ ਗਈ ਹੋਵੇ। ਉਹਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਦਿਆਂ ਪੁੱਛਿਆ, "ਕਿਤੇ ਤਾਂ ਘਰ-ਬਾਰ ਹੋਵੇਗਾ। ਤੇਰਾ ਘਰ ਉੱਜੜ ਗਿਆ ਹੋਊ। ਪਿੰਡ ਤਾਂ ਆਪਣੀ ਥਾਂ ਅਬਾਦ ਹੋਵੇਗਾ ?"

"ਮੇਰੇ ਲਈ ਤਾਂ ਘਰ ਦੇ ਨਾਲ਼-ਨਾਲ਼ ਪਿੰਡ ਵੀ ਉੱਜੜ ਗਿਆ ਹੈ। ਉਹ ਪਿੰਡ ਮੇਰੇ ਲਈ ਕਿਸ ਤਰ੍ਹਾਂ ਅਬਾਦ ਰਹੇਗਾ ਜਿੱਥੇ ਮੈਂ ਮੁੜ ਕੇ ਨਹੀਂ ਜਾ ਸਕਦਾ।"

"ਇੱਥੇ ਕਿੱਥੇ ਰਹਿੰਦਾ ਹੈਂ ?"

"ਕਿਤੇ ਵੀ ਨਹੀਂ। ਕੋਈ ਪੱਕਾ ਟਿਕਾਣਾ ਨਹੀਂ ਹੈ। ਜਿਥੇ ਥਾਂ ਮਿਲ਼ ਗਿਆ ਰਾਤ ਕੱਟ ਲੈਂਦਾ ਹਾਂ।"

"ਦੇਖ ਪਹਿਲਵਾਨ, ਜੜ੍ਹ ਤੋਂ ਉਖੜਿਆ ਦਰੱਖਤ ਛੇਤੀ ਸੁੱਕ ਜਾਂਦਾ ਹੈ। ਘਰ-ਘਾਟ ਤੋਂ ਵਿਛੜਿਆ ਆਦਮੀ ਵੀ ਛੇਤੀ ਆਪਣਾ ਆਪ ਗੁਆ ਬੈਠਦਾ ਹੈ। ਮਰ-ਖੱਪ ਜਾਂਦਾ ਹੈ। ਪਸ਼ੂ ਦੀ ਕਿੱਲੇ ਦੇ ਬਿਨਾਂ ਅਤੇ ਆਦਮੀ ਦੀ ਘਰ-ਪਿੰਡ ਦੇ ਬਿਨਾਂ ਕੋਈ ਪਛਾਣ ਨਹੀਂ ਹੈ।" ਛਿੱਬੂ ਨੇ ਸਮਝਾਇਆ ਤੇ ਫਿਰ ਉਸ ਨੂੰ ਦਿਲਾਸਾ ਦਿੱਤਾ, "ਆਪਾਂ ਤਾਂ ਪਸ਼ੂਆਂ ਦਾ ਕੰਮ ਕਰਦੇ ਹਾਂ। ਭਾਰ ਢੋਂਦੇ ਹਾਂ। ਅਗਰ ਇਹ ਕੰਮ ਕਰ ਸਕਦਾ ਹੈਂ ਤਾਂ ਦੋ-ਚਾਰ ਦਿਨਾਂ ਲਈ ਸੋਚਿਆ ਜਾ ਸਕਦਾ ਹੈ।"

"ਸਾਰੀ ਉਮਰ ਇਹ ਹੀ ਕੰਮ ਕੀਤਾ ਹੈ।"

ਛਿੱਬੂ ਫੇਰ ਡੂੰਘੀ ਸੋਚ ਵਿੱਚ ਡੁੱਬ ਗਿਆ। ਉਹ ਕਾਲ਼ੀ ਵੱਲ ਘੜੀ-ਘੜੀ ਦੇਖਦਾ ਜਿਵੇਂ ਆਪਣੇ ਮਨ ਵਿੱਚ ਉਹਦੇ ਬਾਰੇ ਉਠੀਆਂ ਸ਼ੱਕਾਂ ਤੋਂ ਆਪਣੇ ਆਪ ਨੂੰ ਸੁਰਖਰੂ ਕਰ ਰਿਹਾ ਹੋਵੇ। "ਬੇਅਸੂਲੇ ਤੇ ਬੇਘਰ ਆਦਮੀ ਤੇ ਭਰੋਸਾ ਕਰਨ ਵਾਲ਼ਾ ਅਕਸਰ ਧੋਖਾ ਖਾ ਜਾਂਦਾ ਹੈ ਕਿਉਂਕਿ ਜੇ ਕੋਈ ਊਚ-ਨੀਚ ਹੋ ਜਾਵੇ ਤਾਂ ਉਹਨੂੰ ਲੱਭਣਾ ਮੁਸ਼ਕਲ ਹੋ ਜਾਂਦਾ ਹੈ। ਇਹੋ ਜਿਹੇ ਆਦਮੀ ਨੂੰ ਨਾਲ਼ ਰਲ਼ਾਉਣ ਦਾ ਕੀ ਫਾਇਦਾ ਜਿਸ ਤੇ ਨਜ਼ਰ ਰੱਖਣ ਲਈ ਇੱਕ ਹੋਰ ਬੰਦਾ ਰੱਖਣਾ ਪਵੇ। ... ਖੈਰ, ਇਸ ਸਮੇਂ ਤੂੰ ਵੀ ਗਰਜ਼ਮੰਦ ਹੈਂ 'ਤੇ ਅਸੀਂ ਵੀ ਲੋੜਵੰਦ ਹਾਂ। ਰੇੜ੍ਹੇ ਲਈ ਬੀਂਡੀ ਦਾ ਕੰਮ ਕਦੀ ਕੀਤਾ ਹੈ ?"

"ਨਹੀਂ, ਪਰ ਸਿੱਖ ਜਾਊਗਾ। ਵੈਸੇ ਪਿੰਡ ਵਿੱਚ ਤਾਂ ਬੀਂਡੀ ਬਲਦ ਜਾਂ ਝੋਟੇ ਨੂੰ ਜੋੜਿਆ ਜਾਂਦਾ ਹੈ।" ਕਾਲ਼ੀ ਨੇ ਦੱਸਿਆ।

"ਮੈਂ ਕਿਹਾ ਤਾਂ ਹੈ ਕਿ ਸ਼ਹਿਰਾਂ ਵਿੱਚ ਪਸ਼ੂਆਂ ਦੇ ਕਈ ਕੰਮ ਆਦਮੀਆ ਨੂੰ ਹੀ ਕਰਨੇ ਪੈਂਦੇ ਹਨ। ਜਦ ਆਦਮੀ ਰੇੜ੍ਹੇ ਖਿੱਚਦੇ ਹਨ ਤਾਂ ਬੀਂਡੀ ਵੀ ਉਹ ਹੀ ਲੱਗਣਗੇ।" ਛਿੱਬੂ ਨੇ ਸਮਝਾਇਆ।

"ਬੀਂਡੀ ਲੱਗ ਜਾਊਂਗਾ।" ਕਾਲ਼ੀ ਨੇ ਭਰੋਸਾ ਦੁਆਇਆ 'ਤੇ ਰੇੜ੍ਹੇ ਦੇ ਪਹੀਏ ਨੂੰ ਫੇਰ ਘੁੱਟ ਕੇ ਫੜ ਲਿਆ।

ਛਿੱਬੂ ਅੱਖਾਂ ਤੇ ਖੱਬੇ ਹੱਥ ਨਾਲ਼ ਛਾਂ ਕਰਕੇ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਣ ਲੱਗਾ, "ਪਹਿਲਵਾਨ ਤੇਰਾ ਨਾਂ ਕੀ ਹੈ ?"

"ਕਾਲ਼ੀ"

"ਮੇਰਾ ਨਾਂ ਛਿੱਬੂ ਹੈ ਅਤੇ ਮੇਰੇ ਦੂਜੇ ਸਾਥੀ ਦਾ ਨਾਂ ਕਾਲੂ। ਤੀਸਰਾ ਸਾਥੀ ਮਾਂਝਾ ਹੈ। ਉਹ ਬਿਮਾਰ ਹੈ। ਉਹਦੀ ਥਾਂ ਤੈਨੂੰ ਆਪਣੇ ਨਾਲ਼ ਰੇੜ੍ਹੇ 'ਤੇ ਮਾਲ ਢੋਣ ਦੇ ਕੰਮ 'ਤੇ ਲਾ ਲੈਂਦੇ ਹਾਂ।" ਛਿੱਬੂ ਨੇ ਗੱਲ ਜਾਰੀ ਰੱਖੀ, "ਜਦ ਤੱਕ ਮਾਂਝਾ ਠੀਕ ਨਹੀਂ ਹੁੰਦਾ, ਤੂੰ ਸਾਡੇ ਨਾਲ਼ ਕੰਮ ਕਰੇਂਗਾ। ਉਹਦੇ ਠੀਕ ਹੋਣ ਨੂੰ ਦੋ-ਚਾਰ ਦਿਨ ਤਾਂ ਲੱਗ ਹੀ ਜਾਣੇ ਹਨ। ਬਿਮਾਰੀ ਨਾਲ਼ ਕਮਜ਼ੋਰੀ ਵੀ ਹੋਵੇਗੀ। ਉਹਦੇ ਕਰਕੇ ਹੋਰ ਵੀ ਦੋ-ਚਾਰ ਦਿਨ ਲੱਗ ਸਕਦੇ ਹਨ। ਮਾਂਝੇ ਦੇ ਠੀਕ ਹੋਣ ਪਿਛੋਂ ਤੇਰੇ ਲਈ ਸਾਡੇ ਕੋਲ਼ ਕੰਮ ਨਹੀਂ ਹੋਣਾ।"

"ਠੀਕ ਹੈ।" ਕਾਲ਼ੀ ਸੰਤੁਸ਼ਟ ਸੀ ਜਿਵੇਂ ਚਾਰ-ਪੰਜ ਦਿਨਾਂ ਦਾ ਸਮਾਂ ਸਾਲ ਦੇ ਬਰਾਬਰ ਹੋਵੇ।

"ਬਾਕੀ ਸਾਡਾ ਲਾਲੇ ਨਾਲ਼ ਠੇਕਾ ਹੈ। ਮਾਂਝੇ ਨੂੰ ਕੰਮ ਕਰਨ ਦਾ ਸਵਾ ਰੁਪਇਆ ਮਿਲ਼ਦਾ ਹੈ। ਕਿਉਂਕਿ ਤੂੰ ਉਹਦੀ ਥਾਂ ਕੰਮ ਕਰੇਂਗਾ ਇਸ ਲਈ ਅੱਧੀ ਦਿਹਾੜੀ ਉਹਨੂੰ ਤੇ ਅੱਧੀ ਦਿਹਾੜੀ ਤੈਨੂੰ ਮਿਲੂਗੀ। ਉਹ ਬਿਮਾਰ ਹੈ। ਰੋਟੀ ਨਹੀਂ ਖਾਊਗਾ ਪਰ ਦਵਾ-ਦਾਰੂ ਦਾ ਖਰਚਾ ਤਾਂ ਹੈ। ... ਬੋਲ, ਸੌਦਾ ਮਨਜ਼ੂਰ ਹੈ ?"

"ਸਤ ਬਚਨ ਮਾਲਕੋ।" ਕਾਲ਼ੀ ਨੇ ਹੱਥ ਜੋੜ ਦਿੱਤੇ।

"ਤੂੰ ਇੱਥੇ ਠਹਿਰ। ਮੈਂ ਆਪਣੇ ਸਾਥੀ ਨਾਲ਼ ਵੀ ਗੱਲ ਕਰ ਲਵਾਂ।" ਛਿੱਬੂ ਦੁਕਾਨ ਵੱਲ ਚਲਾ ਗਿਆ ਜਿਥੇ ਕਾਲੂ ਮਾਲ ਦਾ ਹਿਸਾਬ ਲਾ ਰਿਹਾ ਸੀ।

ਕਾਲ਼ੀ ਧੜਕਦੇ ਦਿਲ ਅਤੇ ਆਸ਼ਾ-ਨਿਰਾਸ਼ਾ ਵਿੱਚ ਡੁੱਬਿਆ ਹੋਇਆ ਛਿੱਬੂ ਦੀ ਉਡੀਕ ਕਰਨ ਲੱਗਾ। ਉਹਦੇ ਮੱਥੇ ਅਤੇ ਪੈਰਾਂ ਦੀਆਂ ਤਲ਼ੀਆਂ 'ਤੇ ਮੁੜ੍ਹਕਾ ਆ ਗਿਆ ਤੇ ਉਹ ਔਖੇ-ਔਖੇ ਸਾਹ ਲੈਣ ਲੱਗਾ। ਛਿੱਬੂ ਉਹਦੇ ਨੇੜੇ ਪਹੁੰਚਾ ਤਾਂ ਕਾਲ਼ੀ ਉਹਦੀ ਵੱਲ ਖੁੱਲੇ ਮੂੰਹ ਦੇਖਣ ਲੱਗਾ ਅਤੇ ਉਹਦੀਆਂ ਅੱਖਾਂ ਮੋਹਰੇ ਧੁੱਪ ਨਾਲ਼ ਕਈ ਤਰ੍ਹਾਂ ਦੇ ਰੰਗ ਜਿਹੇ ਘੁੰਮਣ ਲੱਗੇ।

"ਪਹਿਲਵਾਨ, ਚੱਲ ਲੱਗ ਬੀਂਡੀ।" ਛਿੱਬੂ ਨੇ ਕਾਲ਼ੀ ਦਾ ਮੋਢਾ ਥਪਥਪਾਇਆ।

"ਲਗਦਾ ਹਾਂ।" ਕਾਲ਼ੀ ਲੰਬਾ ਜਿਹਾ ਸਾਹ ਲੈ ਕੇ ਮੱਥੇ ਤੋਂ ਮੁੜ੍ਹਕਾ ਪੂੰਝਣ ਲੱਗਾ।

ਛਿੱਬੂ ਅਤੇ ਕਾਲ਼ੀ ਰੇੜ੍ਹੇ ਨੂੰ ਦੁਕਾਨ ਦੇ ਸਾਹਮਣੇ ਲੈ ਆਏ ਤੇ ਆਉਣ-ਜਾਣ ਲਈ ਰਸਤਾ ਛੱਡ ਕੇ ਰੇੜ੍ਹਾ ਖੜ੍ਹਾ ਕਰ ਲਿਆ।

ਮੁਨੀਮ ਜਵਾਲ਼ਾ ਰਾਮ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖ ਕੇ ਤੇ ਉਹਦੀ ਵੱਲ ਇਸ਼ਾਰਾ ਕਰਦੇ ਹੋਏ ਉੱਚੀ ਅਵਾਜ਼ ਵਿੱਚ ਪੁੱਛਿਆ, "ਉਏ ਕਾਲੂ ! ਇਹ ਕੌਣ ਹੈ ? ਪਹਿਲਾਂ ਤਾ ਇਹਨੂੰ ਕਦੇ ਦੇਖਿਆ ਨਹੀਂ।"

"ਮੁਨੀਮ ਜੀ, ਆਪਣਾ ਹੀ ਆਦਮੀ ਹੈ। ਮਾਂਝਾ ਬਿਮਾਰ ਹੋ ਗਿਆ ਹੈ। ਉਹਦੀ ਥਾਂ ਇਹ ਕੰਮ ਕਰੇਗਾ।"

"ਲਾਲਾ ਜੀ ਤੋਂ ਪੁੱਛ ਲਉ। ਸੈਂਕੜੇ ਰੁਪਇਆਂ ਦਾ ਮਾਲ ਕਿਸੇ ਉਪਰੇ ਦੇ ਹੱਥ ਕਿਵੇਂ ਸੌਂਪਿਆ ਜਾ ਸਕਦਾ ਹੈ ?"

"ਮੁਨੀਮ ਜੀ, ਅਸੀਂ ਵੀ ਤਾਂ ਨਾਲ਼ ਹਾਂ। ਫੇਰ ਇਹ ਆਪਣਾ ਖਾਸ ਆਦਮੀ ਹੈ।"

"ਤੈਨੂੰ ਭਰੋਸਾ ਹੈ ਨਾ ?" ਮੁਨੀਮ ਨੇ ਫਿਰ ਜ਼ੋਰ ਨਾਲ਼ ਪੁੱਛਿਆ।

"ਪੱਕਾ। ਆਪਣਾ ਘਰ ਦਾ ਆਦਮੀ ਹੈ।" ਛਿੱਬੂ ਨੇ ਉਹਨੂੰ ਭਰੋਸਾ ਦੁਆਉਣ ਲਈ ਹੱਥ ਛਾਤੀ ਤੇ ਰੱਖ ਲਿਆ।

"ਮੈਨੂੰ ਕੁਸ਼ ਪਤਾ ਨਹੀਂ। ਨਫੇ-ਨੁਕਸਾਨ ਦਾ ਜ਼ਿਮੇਵਾਰ ਤੂੰ ਹੋਵੇਂਗਾ।" ਮੁਨੀਮ ਨੇ ਚਿਤਾਵਨੀ ਦਿੱਤੀ।

"ਮੁਨੀਮ ਜੀ, ਬਿਲਕੁਲ ਪੱਕਾ। ਪੰਜਾਂ ਸਾਲਾਂ ਤੋਂ ਮੰਡੀ ਵਿੱਚ ਰੇੜ੍ਹਾ ਚਲਾ ਰਹੇ ਹਾਂ। ਕਦੀ ਇੱਕ ਪੈਸੇ ਦੀ ਵੀ ਸ਼ਿਕਾਇਤ ਸੁਣੀ ਹੈ ?"

ਮੁਨੀਮ ਨੇ ਇੱਕ ਵਾਰ ਫਿਰ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ ਤੇ ਦੁਕਾਨ ਦੇ ਅੰਦਰ ਚਲਾ ਗਿਆ।

"ਚੱਲੋ, ਸਮਾਨ ਲੱਦੀਏ।" ਛਿੱਬੂ ਨੇ ਅੱਗੇ ਹੋ ਕੇ ਰੇੜ੍ਹੇ ਦੇ ਹੱਥੇ ਵਿੱਚ ਲੱਕੜੀ ਦਾ ਮੋਟਾ ਸਾਰਾ ਡੰਡਾ ਫਸਾ ਕੇ ਉਹਨੂੰ ਚੰਗੀ ਤਰ੍ਹਾਂ ਘੁੱਟ ਦਿੱਤਾ।

"ਪੰਜਾਂ ਦੁਕਾਨਾਂ ਦਾ ਸਮਾਨ ਹੈ।" ਕਾਲੂ ਨੇ ਸਮਝਾਇਆ।

"ਤੂੰ ਦੱਸੀ ਜਾ। ਅਸੀਂ ਰੱਖਦੇ ਹਾਂ।"

"ਪਹਿਲਾਂ ਆਹ ਰੱਖੋ। ਇਹ ਮਾਲ ਸਭ ਤੋਂ ਪਿਛੋਂ ਉੱਤਾਰਨਾ ਹੈ।" ਕਾਲੂ ਨੇ ਇਸ਼ਾਰਾ ਕੀਤਾ।

"ਚੱਲ ਪਹਿਲਵਾਨ, ਬੋਰੀ ਚੁੱਕ।"

ਛਿੱਬੂ ਦੀ ਮੱਦਦ ਨਾਲ਼ ਕਾਲ਼ੀ ਨੇ ਆਟੇ ਦੀ ਬੋਰੀ ਪਿੱਠ ਤੇ ਟਿਕਾਈ ਤੇ ਉਹਨੂੰ ਥੱਲਿਉ ਦੋਵਾਂ ਹੱਥਾਂ ਨਾਲ਼ ਫੜ੍ਹੀ ਰੇੜ੍ਹੇ ਵੱਲ ਨੂੰ ਤੁਰ ਪਿਆ। ਕਾਲ਼ੀ ਨੂੰ ਬੋਰੀ ਦਾ ਭਾਰ ਜ਼ਿਆਦਾ ਮਹਿਸੂਸ ਹੋ ਰਿਹਾ ਸੀ। ਪਰ ਛਿੱਬੂ ਉਹਨੂੰ ਸਹਾਰਾ ਦੇ ਰਿਹਾ ਸੀ। ਰੇੜ੍ਹੇ ਦੇ ਕੋਲ਼ ਪਹੁੰਚ ਕੇ ਛਿੱਬੂ ਮੋਹਰੇ ਹੋ ਗਿਆ, "ਪਹਿਲਵਾਨ ਇੱਥੇ ਰੱਖ ਦੇ ... ਹੱਥੇ ਦੇ ਕੋਲ਼। ਪਿੱਛੇ ਰੱਖਣ ਨਾਲ਼ ਰੇੜ੍ਹਾ ਉਲਾਰ ਹੋ ਜਾਵੇਗਾ। ਵੈਸੇ ਵੀ ਇਹ ਬੋਰੀ ਸਭ ਤੋਂ ਬਾਅਦ ਵਿੱਚ ਲਾਹੁਣੀ ਹੈ।"

ਕਾਲ਼ੀ ਨੇ ਰੇੜ੍ਹੇ ਦੇ ਹੱਥੇ ਵੱਲ ਪਿੱਠ ਕਰਕੇ ਬੋਰੀ ਥੱਲੇ ਖਿਸਕਾ ਦਿੱਤੀ ਤੇ ਦੂਜੇ ਪਾਸਿਉਂ ਛਿੱਬੂ ਨੇ ਉਹਨੂੰ ਲੰਮੀ ਪਾ ਦਿੱਤਾ। ਕਾਲ਼ੀ ਦੇ ਬੋਰੀ ਖਿਸਕਾਉਣ ਨਾਲ਼ ਉਹਦੀ ਪਿੱਠ ਤੋਂ ਕਮੀਜ਼ ਵੀ ਨਾਲ਼ ਹੀ ਸਰਕ ਗਈ ਤੇ ਕੱਪੜਾ ਪਾਟ ਕੇ ਥੱਲੇ ਲਟਕ ਗਿਆ।

ਇਹ ਦੇਖ ਕੇ ਛਿੱਬੂ ਹੱਸ ਪਿਆ, "ਕੋਈ ਗੱਲ ਨਹੀਂ। ਹੌਲ਼ੀ-ਹੌਲ਼ੀ ਆਦੀ ਹੋ ਜਾਵੇਂਗਾ। ਹੁਣ ਪਿੱਠ ਤੇ ਚਾਦਰ ਬੰਨ੍ਹ ਲੈ। ਕੱਲ ਨੂੰ ਮੈਂ ਮਾਂਝੇ ਦੀ ਬੋਰੀ ਲਿਆ ਦੇਊਂਗਾ। ਉਹਦੇ ਨਾਲ਼ ਪਾਏ ਹੋਏ ਕੱਪੜੇ ਨਹੀਂ ਪਾਟਣਗੇ।"

ਕਾਲ਼ੀ ਨੇ ਆਪਣੀ ਚਾਦਰ ਛਾਤੀ ਅਤੇ ਪਿੱਠ 'ਤੇ ਇਸ ਤਰ੍ਹਾਂ ਲਪੇਟ ਲਈ ਕਿ ਉਸ ਦੀਆਂ ਬਾਹਾਂ ਨੂੰ ਕੋਈ ਰੁਕਾਵਟ ਨਾ ਪਵੇ। ਜਦ ਕਾਲ਼ੀ ਅਤੇ ਛਿੱਬੂ ਸਮਾਨ ਲੱਦ ਚੁੱਕੇ ਤਾਂ ਉਨ੍ਹਾਂ ਦੇ ਕੱਪੜੇ, ਸਰੀਰ, ਬਾਹਾਂ ਹੱਥ ਤੇ ਚੇਹਰੇ ਉੱਤੇ ਕਈ ਰੰਗ ਲੱਗ ਗਏ ਸੀ। ਕਿਤੇ ਆਟੇ ਦੇ ਚਿੱਟੇ ਨਿਸ਼ਾਨ, ਕਿਤੇ ਹਲਦੀ ਦੀ ਪਲਿੱਤਣ ਤੇ ਕਿਤੇ ਨੀਲ ਦੀਆਂ ਰਗੜਾਂ ਲੱਗੀਆਂ ਸਨ।

ਜਦ ਸਮਾਨ ਲੱਦ ਹੋ ਗਿਆ ਤਾਂ ਕਾਲ਼ੀ ਨੂੰ ਬਾਂਹ ਤੋਂ ਫੜ ਕੇ ਛਿੱਬੂ ਉਹਨੂੰ ਰੇੜ੍ਹੇ ਦੇ ਜੂੰਗਲੇ ਕੋਲ਼ ਲੈ ਗਿਆ। ਉਹ ਝੁੱਕ ਕੇ ਹੱਥੇ ਦੇ ਪਿੱਛੇ ਚਲਾ ਗਿਆ ਅਤੇ ਉਹਨੂੰ ਦੋਵਾਂ ਹੱਥਾਂ ਨਾਲ਼ ਉੱਪਰ ਚੁੱਕ ਕੇ ਥੱਲੇ ਰੱਖੀ ਲਕੜੀ ਕੱਢ ਦਿੱਤੀ ਤੇ ਉਹਨੂੰ ਸਮਝਾਣ ਲੱਗਾ। "ਹੱਥੇ ਨੂੰ ਛਾਤੀ ਨਾਲ਼ ਲਾ ਕੇ ਪਾਸਿਆਂ ਤੋਂ ਦੋਵਾਂ ਹੱਥਾਂ ਨਾਲ਼ ਫੜਨਾ ਹੈ। ਫਿਰ ਉਲਾਰ-ਦਬਾਅ ਦਾ ਅੰਦਾਜ਼ਾ ਵੀ ਰੱਖਣਾ ਹੈ ਤਾਂ ਕਿ ਰੇੜ੍ਹੇ ਵਿੱਚ ਸਮਾਨ ਦਾ ਭਾਰ ਬਰਾਬਰ ਰਹੇ ਅਤੇ ਉਹਨੂੰ ਖਿੱਚਣ ਵਿੱਚ ਜ਼ਿਆਦਾ ਮੁਸ਼ਕਲ ਨਾ ਹੋਵੇ।"

ਛਿੱਬੂ ਦੀਆਂ ਗੱਲਾਂ ਧਿਆਨ ਨਾਲ਼ ਸੁਣਦਾ ਹੋਇਆ ਕਾਲ਼ੀ ਸਿਰ ਹਿਲਾ ਰਿਹਾ ਸੀ। "ਸਮਝ ਗਿਆ, ਪਹਿਲਵਾਨ ?"

"ਹਾਂ ਜੀ, ਸਮਝ ਗਿਆ।" ਕਾਲ਼ੀ ਨੇ ਸਹਿਮਤੀ ਵਿੱਚ ਸਿਰ ਹਿਲਾਇਆ।

"ਤਾਂ ਆ ਜਾ, ਬੀਂਡੀ ਦੀ ਥਾਂ।" ਛਿੱਬੂ ਜੂਲ਼ੇ ਉੱਪਰ ਹੱਥ ਰੱਖੀ ਇੱਕ ਪਾਸੇ ਹਟ ਗਿਆ।

ਕਾਲ਼ੀ ਝੁਕ ਕੇ ਜੂਲ਼ੇ ਦੇ ਪਿੱਛੇ ਚਲਾ ਗਿਆ ਅਤੇ ਉਹਨੂੰ ਛਾਤੀ 'ਤੇ ਚੰਗੀ ਤਰ੍ਹਾਂ ਟਿਕਾ ਕੇ ਰੇੜ੍ਹੇ ਦੀਆਂ ਦੋਨੋ ਲੜੀਆਂ ਘੁੱਟ ਕੇ ਫੜ ਲਈਆਂ। "ਪਹਿਲਵਾਨ, ਉਲਾਰ-ਦਬਾਅ ਠੀਕ ਹੈ ਨਾ ?"

"ਠੀਕ ਹੀ ਹੋਣਾ। ਮੈਨੂੰ ਅਜੇ ਇਹਦੀ ਸਮਝ ਨਹੀਂ ਹੈ।" ਕਾਲ਼ੀ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਕੋਈ ਗੱਲ ਨਹੀਂ। ਛੇਤੀ ਹੀ ਸਿੱਖ ਜਾਏਂਗਾ। ਰੇੜ੍ਹੇ ਨੂੰ ਖਿੱਚਣ ਤੋਂ ਬਾਅਦ ਤੇਰਾ ਸਰੀਰ ਇਹਦੇ ਉਲਾਰ-ਦਬਾਅ ਦੇ ਮੁਤਾਬਕ ਆਪਣੇ ਆਪ ਢਲ ਜਾਏਗਾ।" ਛਿੱਬੂ ਨੇ ਕਾਲ਼ੀ ਵੱਲ ਦੇਖਿਆ, "ਪਹਿਲਵਾਨ, ਜ਼ਰੂਰਤ ਬੜੀ ਚੀਜ਼ ਹੈ। ਮਾਂ-ਬਾਪ ਤਾਂ ਕੀ, ਰੱਬ ਤੋਂ ਵੀ ਬੜੀ ਹੈ। ਸਭ ਕੁੱਝ ਸਿਖਾ ਦਿੰਦੀ ਹੈ।" ਫੇਰ ਉਹ ਕਾਲ਼ੀ ਨੂੰ ਸਮਝਾਉਣ ਲੱਗਾ, "ਪਹਿਲਵਾਨ, ਬੀਂਡੀ ਦਾ ਕੰਮ ਉਲਾਰ-ਦਬਾਅ ਦਾ ਪੂਰਾ ਧਿਆਨ ਰੱਖਣਾ ਹੁੰਦਾ ਹੈ। ਇਹ ਕੰਮ ਬਾਹਾਂ ਦੇ ਜ਼ੋਰ ਨਾਲ਼ ਕੀਤਾ ਜਾਂਦਾ ਹੈ। ਅਤੇ ਛਾਤੀ ਦੇ ਜ਼ੋਰ ਨਾਲ਼ ਰੇੜ੍ਹੇ ਨੂੰ ਵੀ ਅੱਗੇ ਨੂੰ ਖਿੱਚਣਾ ਪੈਂਦਾ ਹੈ। ਮੈਂ ਤੇ ਕਾਲੂ ਰੇੜ੍ਹੇ ਨੂੰ ਪਿੱਛਿਉਂ ਧੱਕਾਂਗੇ। ਗੋਡਿਆਂ ਵਿੱਚ ਜਾਨ ਹੋਣੀ ਚਾਹੀਦੀ ਹੈ। ਬਾਕੀ ਸਭ ਠੀਕ ਹੈ।"

ਕਰੀ... ਕਰੀ... ਕਰੀ ਦੀ ਅਵਾਜ਼ ਕੱਢਦਾ ਰੇੜ੍ਹਾ ਅੱਗੇ ਨੂੰ ਤੁਰਨ ਲੱਗਾ। ਇਹ ਕੰਮ ਕਦੇ ਪਹਿਲਾਂ ਨਾ ਕੀਤਾ ਹੋਣ ਕਰਕੇ ਕਾਲ਼ੀ ਨੂੰ ਰੇੜ੍ਹਾ ਖਿੱਚਣ ਵਿੱਚ ਕਾਫੀ ਤਕਲੀਫ ਮਹਿਸੂਸ ਹੋ ਰਹੀ ਸੀ। ਉਹਦੇ ਕੋਲ਼ੋਂ ਉਲਾਰ-ਦਬਾਅ ਦਾ ਸੰਤੁਲਨ ਬਰਾਬਰ ਨਹੀਂ ਰੱਖਿਆ ਜਾ ਰਿਹਾ ਸੀ ਅਤੇ ਰੇੜ੍ਹਾ ਵਾਰ-ਵਾਰ ਡਾਵਾਂਡੋਲ ਹੋ ਜਾਂਦਾ ਸੀ। ਰੇੜ੍ਹੇ ਨੂੰ ਪਿੱਛੇ ਤੋਂ ਧੱਕਦਾ ਹੋਇਆ ਛਿੱਬੂ ਉੱਚੀ ਅਵਾਜ਼ ਵਿੱਚ ਸਮਝਾਉਂਦਾ, "ਪਹਿਲਵਾਨ ਸੰਭਲ ਕੇ। ਸੱਜਾ ਹੱਥ ਦੱਬ ਕੇ ਚੱਲ। ਅੱਗੇ ਜਾ ਕੇ ਖੱਬੇ ਨੂੰ ਮੁੜਨਾ ਹੈ।"

ਇੱਕ ਮੋੜ 'ਤੇ ਪਹੁੰਚ ਕੇ ਕਾਲ਼ੀ ਖੱਬੇ ਦੀ ਬਜਾਏ ਸੱਜੇ ਨੂੰ ਮੁੜ ਗਿਆ ਤਾਂ ਛਿੱਬੂ ਅਤੇ ਕਾਲੂ ਗੁੱਸੇ ਹੋਣ ਲੱਗੇ, "ਕੀ ਕਰ ਰਿਹਾ ਹੈਂ, ਪਹਿਲਵਾਨ? ਇੰਨੀ ਗੱਲ ਤਾਂ ਬੀਂਡੀ ਜੁੜਿਆ ਹੋਇਆ ਝੋਟਾ ਵੀ ਸਮਝ ਲੈਂਦਾ ਹੈ।"

ਸਾਹ ਚੜ੍ਹ ਜਾਣ ਕਰਕੇ ਕਾਲ਼ੀ ਜਵਾਬ ਵਿੱਚ ਸਿਰਫ ਖੰਘ ਹੀ ਸਕਿਆ। ਉਹ ਰੁਕ ਗਿਆ। ਰੇੜ੍ਹੇ ਦਾ ਸਾਰਾ ਭਾਰ ਉਹਨੂੰ ਆਪਣੀਆਂ ਬਾਹਾਂ, ਗੋਡਿਆਂ, ਗਿੱਟਿਆਂ ਅਤੇ ਪਿੰਨੀਆਂ ਤੇ ਮਹਿਸੂਸ ਹੋ ਰਿਹਾ ਸੀ।

ਕਾਲ਼ੀ ਦੇ ਨੇੜੇ ਆ ਕੇ ਛਿੱਬੂ ਨੇ ਉਹਨੂੰ ਝਿੜਕਿਆ, "ਪਹਿਲਵਾਨ, ਤੈਨੂੰ ਸੱਜੇ-ਖੱਬੇ ਦੀ ਵੀ ਸਮਝ ਨਹੀਂ ਹੈ?"

"ਹਾਂ ਜੀ, ਪਿੰਡ ਵਿੱਚ ਮੋੜ ਹੀ ਕਿੰਨੇ ਹੁੰਦੇ ਹਨ ਅਤੇ ਪੈਰ ਇੰਨੇ ਗਿੱਝੇ ਹੁੰਦੇ ਹਨ ਕਿ ਜਿਧਰ ਜਾਣਾ ਹੁੰਦਾ ਹੈ ਆਪਣੇ ਆਪ ਹੀ ਮੁੜ ਜਾਂਦੇ ਹਨ। ... ਸ਼ਹਿਰ ਵਿੱਚ ਰਹੂੰਗਾ ਤਾਂ ਇੱਥੇ ਦੇ ਮੋੜ ਵੀ ਸਮਝ ਆ ਜਾਣਗੇ।" ਕਾਲ਼ੀ ਨੇ ਬਾਂਹ ਨਾਲ਼ ਮੱਥੇ ਤੋਂ ਮੁੜ੍ਹਕਾ ਪੂੰਝਿਆ।

ਉਸ ਦੀ ਗੱਲ ਸੁਣ ਕੇ ਛਿੱਬੂ ਸੋਚ ਵਿੱਚ ਪੈ ਗਿਆ ਅਤੇ ਫਿਰ ਕਾਲੂ ਦੇ ਕੋਲ਼ ਆ ਗਿਆ, "ਕਾਲੂ, ਬੀਂਡੀ ਲੱਗਣਾ ਇਹਦੇ ਬਸ ਦਾ ਕੰਮ ਨਹੀਂ ਹੈ। ... ਇਹਨੂੰ ਸਿਖਾਉਣਾ ਪੈਣਾ ਹੈ। ਇਦਾਂ ਕਰਦੇ ਆਂ।"

"ਕੀ?"

"ਆਪਾਂ ਵਾਰੀ-ਵਾਰੀ ਬੀਂਡੀ ਲਗਦੇ ਹਾਂ।" ਛਿੱਬੂ ਨੇ ਸੁਝਾਅ ਦਿੱਤਾ।

"ਏਦਾਂ ਤਾਂ ਆਪਾਂ ਹੀ ਬੀਂਡੀ ਬਣਾਂਗੇ।" ਕਾਲੂ ਨੇ ਇਤਰਾਜ਼ ਕੀਤਾ।

"ਨਹੀਂ, ਤਕਾਲ਼ਾਂ ਤੱਕ ਮੈਂ ਇਹਨੂੰ ਬੀਂਡੀ ਬਣਾ ਦਊਂਗਾ। ਅਜੇ ਦੋ ਹੋਰ ਫੇਰੇ ਲਾਉਣੇ

ਹਨ। ਭੈਰੋਂ ਬਜ਼ਾਰ ਅਤੇ ਅਟਾਰੀ ਬਜ਼ਾਰ ਦੇ।" ਛਿੱਬੂ ਨੇ ਭਰੋਸਾ ਦੁਆਇਆ।

"ਗਾਹਕ ਤਾਂ ਫਗਵਾੜਾ ਗੇਟ ਦੇ ਵੀ ਬੈਠੇ ਸੀ।" ਕਾਲੂ ਨੇ ਦੱਸਿਆ।

"ਇਹ ਤਾਂ ਹੋਰ ਵੀ ਚੰਗਾ ਹੈ।" ਛਿੱਬੂ ਨੇ ਸੰਤੁਸ਼ਟੀ ਨਾਲ਼ ਕਿਹਾ।

"ਕੀ ਪਹਿਲਾਂ ਤੂੰ ਬੀਂਡੀ ਲੱਗੇਂਗਾ ?" ਛਿੱਬੂ ਨੇ ਪੁੱਛਿਆ।

"ਕੋਈ ਲੱਗ ਜਾਏ।" ਕਾਲੂ ਜੂਲ਼ੇ ਕੋਲ਼ ਚਲਾ ਗਿਆ ਅਤੇ ਉਹਨੂੰ ਦੋਵਾਂ ਹੱਥਾਂ ਨਾਲ਼ ਘੁੱਟ ਕੇ ਫੜਦਿਆਂ ਕਾਲ਼ੀ ਨੂੰ ਇਸ਼ਾਰਾ ਕੀਤਾ, "ਤੂੰ ਪਿੱਛੇ ਜਾ, ਛਿੱਬੂ ਦੇ ਨਾਲ਼।"

ਕਾਲ਼ੀ ਨੇ ਜੂੰਗਲਾ ਛੱਡਣ ਲੱਗਿਆਂ ਦੁਚਿੱਤੀ ਜਿਹੀ ਦਿਖਾਈ ਤਾਂ ਕਾਲੂ ਹੱਸਣ ਲੱਗ ਪਿਆ, "ਫਿਕਰ ਨਾ ਕਰ। ਮੈਂ ਘੁੱਟ ਕੇ ਫੜਿਆ ਹੋਇਆ ਹੈ।"

ਕਾਲ਼ੀ ਇਕਦਮ ਬਹੁਤ ਹੀ ਸਹਿਮ ਗਿਆ ਸੀ। ਉਹਨੂੰ ਠੰਡੀਆਂ ਤੇਲ਼ੀਆਂ ਆਉਣ ਲੱਗੀਆਂ ਕਿ ਕੰਮ ਚੰਗੀ ਤਰ੍ਹਾਂ ਨਾ ਕਰਨ ਕਰਕੇ ਕਿਤੇ ਉਹਨੂੰ ਹਟਾ ਹੀ ਨਾ ਦੇਣ ਅਤੇ ...। ਉਹ ਅੱਗੇ ਹੋਰ ਕੁੱਝ ਸੋਚ ਨਾ ਸਕਿਆ।

ਕਾਲੂ ਨੇ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ, "ਪਹਿਲਵਾਨ, ਤੇਰਾ ਜੀਅ ਤਾਂ ਠੀਕ ਹੈ ?"

"ਹਾਂ ਠੀਕ ਹੈ।" ਕਾਲ਼ੀ ਨੇ ਸਿਰ ਹਿਲਾ ਦਿੱਤਾ। ਫਿਰ ਉਹ ਗਿੜਗੜਾਇਆ, ਤੁਹਾਨੂੰ ਮੇਰਾ ਕੰਮ ਪਸੰਦ ਨਹੀਂ ਆਇਆ। ਪਰ ਮਾਲਕੋ, ਮੌਕਾ ਮਿਲ਼ੇ ਤਾਂ ਸਭ ਕੁੱਝ ਸਿੱਖ ਜਾਵਾਂਗਾ।"

"ਮਾਂ ਦੇ ਢਿੱਡ ਵਿੱਚੋਂ ਤਾਂ ਕੋਈ ਵੀ ਸਾਰਾ ਕੁੱਝ ਸਿੱਖ ਕੇ ਨਹੀਂ ਆਉਂਦਾ। ਜ਼ਮਾਨਾ ਹੀ ਸਭ ਕੁਸ਼ ਸਿਖਾਉਂਦਾ ਹੈ।" ਕਾਲੂ ਨੇ ਕਾਲ਼ੀ ਨੂੰ ਹੌਂਸਲਾ ਦਿੱਤਾ, "ਜਦ ਮੈਂ ਪਹਿਲੀ ਵਾਰ ਰੇੜ੍ਹਾ ਖਿੱਚਿਆ ਸੀ ਤਾਂ ਜ਼ੋਰ ਲਾਉਂਦੇ-ਲਾਉਂਦੇ ਮੇਰਾ ਮੂਤ ਨਿਕਲ਼ ਗਿਆ ਸੀ। ... ਹੌਲ਼ੀ-ਹੌਲ਼ੀ ਸਭ ਠੀਕ ਹੋ ਗਿਆ। ਤੂੰ ਪਿੱਛੇ ਜਾ। ਛਿੱਬੂ ਦੇ ਨਾਲ਼ ਰੇੜ੍ਹੇ ਨੂੰ ਧੱਕਾ ਲਾ। ਬੀਂਡੀ ਦਾ ਕੰਮ ਹੌਲ਼ੀ-ਹੌਲ਼ੀ ਸਿੱਖ ਲਈਂ।"

ਛਿੱਬੂ ਦੇ ਇਸ਼ਾਰੇ ਤੇ ਕਾਲ਼ੀ ਉਹਦੇ ਖੱਬੇ ਪਾਸੇ ਚਲੇ ਗਿਆ ਅਤੇ ਪਿਛਲੇ ਫੱਟੇ ਨੂੰ ਦੋਹਾਂ ਹੱਥਾਂ ਨਾਲ਼ ਫੜ ਲਿਆ। "ਪਹਿਲਵਾਨ, ਦੋਹਾਂ ਨੇ ਇੱਕੋ ਸਮੇਂ ਜ਼ੋਰ ਲਾਉਣਾ ਹੈ। ਪੈਰ ਵੀ ਬਰਾਬਰ ਮਿਲ਼ਾ ਕੇ ਚੱਕਣਾ ਹੈ। ਨਹੀਂ ਤਾਂ ਬੀਂਡੀ ਨੂੰ ਔਖਿਆਈ ਹੋਵੇਗੀ।" ਛਿੱਬੂ ਨੇ ਸਮਝਾਇਆ।

"ਠੀਕ ਹੈ," ਕਾਲ਼ੀ ਨੇ ਖੰਘ ਕੇ ਜ਼ੋਰ ਨਾਲ਼ ਸਾਹ ਅੰਦਰ ਖਿੱਚਿਆ, ਤਾਂ ਕਿ ਉਹ ਇੱਕ ਵਾਰ ਫਿਰ ਤਾਜ਼ਾ ਦਮ ਹੋ ਜਾਵੇ।

"ਚੱਲਾਂ ?" ਕਾਲੂ ਨੇ ਜੂੰਗਲੇ ਨੂੰ ਹਿੱਕ ਨਾਲ਼ ਲਾ ਕੇ ਅਤੇ ਲੜੀਆਂ ਨੂੰ ਮਜ਼ਬੂਤੀ ਨਾਲ਼ ਫੜ ਕੇ ਛਿੱਬੂ ਨੂੰ ਹਾਕ ਮਾਰੀ।

ਰੇੜ੍ਹਾ ਇੱਕ ਵਾਰ ਫਿਰ ਕਰੀ... ਕਰੀ... ਦੀ ਅਵਾਜ਼ ਕੱਢਦਾ ਅੱਗੇ ਨੂੰ ਵੱਧਣ ਲੱਗਾ। ਹੌਲ਼ੀ-ਹੌਲ਼ੀ ਉਨ੍ਹਾਂ ਨੇ ਰੇੜ੍ਹਾ ਮੋੜ ਲਿਆ ਅਤੇ ਠੀਕ ਰਾਹ 'ਤੇ ਆ ਕੇ ਕਾਲੂ ਨੇ ਹਿੱਕ ਦੇ ਜ਼ੋਰ ਨਾਲ਼ ਰੇੜ੍ਹਾ ਖਿੱਚਦਿਆਂ ਕਿਹਾ, "ਸ਼ਾਬਾਸ਼ ਯਾਰ।"

"ਸ਼ਾਬਾਸ਼ ਯਾਰ।" ਛਿੱਬੂ ਨੇ ਉੱਤਰ ਦਿੱਤਾ।

ਤਿੰਨੇ ਜਣੇ ਸਿਰ ਥੱਲੇ ਨੂੰ ਕਰਕੇ ਰੇੜ੍ਹੇ ਨੂੰ ਖਿੱਚਦੇ ਰਹੇ। ਜਿਥੇ ਕਦੇ ਚੜ੍ਹਾਈ ਆ ਜਾਂਦੀ ਤਾਂ ਕਾਲੂ ਉੱਚੀ ਜਿਹੇ ਕਹਿੰਦਾ, "ਸ਼ਾਬਾਸ਼ ਯਾਰ ... ਲਾ ਦਿਉ ਜ਼ੋਰ।"

"ਸ਼ਾਬਾਸ਼ ਯਾਰਾ" ਲਾ ਦਿੱਤਾ ਜ਼ੋਰ।" ਛਿੱਬੂ ਹੋਰ ਵੀ ਜ਼ਿਆਦਾ ਉੱਚੀ ਅਵਾਜ਼ ਵਿੱਚ ਕਹਿੰਦਾ।

ਜਿਥੇ ਕਿਤੇ ਉੱਤਰਾਈ ਆ ਜਾਂਦੀ ਤਾਂ ਕਾਲੂ ਕਹਿੰਦਾ, ਸ਼ਾਬਾਸ਼ ਯਾਰਾ। ਪੈਰ ਘੁੱਟ ਕੇ।"

"ਸ਼ਾਬਾਸ਼ ਯਾਰਾ। ਘੁੱਟ ਲਿਆ ਪੈਰ।" ਛਿੱਬੂ ਜਵਾਬ ਦਿੰਦਾ।

ਅੱਧਾ ਰਾਹ ਜਾਣ ਤੋਂ ਬਾਅਦ ਛਿੱਬੂ ਨੇ ਹਾਕ ਮਾਰੀ, 'ਕਾਲੂ ਠਹਿਰ ਜਾ। ਮੈਂ ਬੀਂਡੀ ਲਗਦਾ ਹਾਂ।"

"ਨਹੀਂ, ਚੱਲਣ ਦੇ ਹੁਣ। ਅਜੇ ਸਰੀਰ ਮੱਘਿਆ ਹੋਇਆ ਹੈ।" ਕਾਲੂ ਨੇ ਜਵਾਬ ਦਿੱਤਾ।

ਰੇੜ੍ਹਾ ਖਿੱਚਦੇ-ਖਿੱਚਦੇ ਉਹ ਖੁੱਲ੍ਹੀ-ਚੌੜੀ ਸੜਕ ਤੋਂ ਇੱਕ ਭੀੜੀ ਜਿਹੀ ਸੜਕ 'ਤੇ ਆ ਗਏ।

ਦੋਹੀਂ ਪਾਸੀਂ ਛੋਟੀਆਂ-ਬੜੀਆਂ ਦੁਕਾਨਾਂ ਸਨ ਅਤੇ ਕਾਫੀ ਭੀੜ ਸੀ। ਆਦਮੀ, ਔਰਤਾਂ ਅਤੇ ਬੱਚੇ ਬਜ਼ਾਰ ਵਿੱਚ ਘੁੰਮ ਰਹੇ ਸਨ। ਦੁਕਾਨਾਂ ਦੇ ਸਾਮ੍ਹਣੇ ਕਿਤੇ-ਕਿਤੇ ਫਲ-ਸਬਜ਼ੀਆਂ ਦੀਆਂ ਰੇੜ੍ਹੀਆਂ ਵੀ ਖੜ੍ਹੀਆਂ ਸਨ। ਬਹੁਤੇ ਦੁਕਾਨਦਾਰ ਫਲ ਵੱਖਰੇ ਤੇ ਸਬਜ਼ੀਆਂ ਵੱਖਰੀਆਂ ਹੀ ਵੇਚ ਰਹੇ ਸਨ।

ਰੇੜ੍ਹੀਆਂ, ਪੈਦਲ ਜਾਣ ਵਾਲ਼ੇ ਤੇ ਟਣ-ਟਣ ਘੰਟੀਆਂ ਵਜਾਉਂਦੇ ਸਾਈਕਲ ਸਵਾਰਾਂ ਨੂੰ ਟੱਕਰ ਤੋਂ ਸਾਵਧਾਨ ਕਰਦੇ ਉਹ ਅਗਾਂਹ ਲੰਘ ਗਏ। ਕਾਲੂ ਨੇ ਇੱਕ ਥਾਂ ਰੇੜ੍ਹਾ ਰੋਕ ਦਿੱਤਾ, "ਪਤਾ ਕਰੋ, ਦਿਹਾਤੀ ਕਰਿਆਣਾ ਸਟੋਰ ਕਿੱਥੇ ਹੈ ? ਇੱਥੇ ਕਿਤੇ ਨੇੜੇ-ਤੇੜੇ ਹੀ ਹੋਣਾ ਚਾਹੀਦਾ।"

ਛਿੱਬੂ ਰੇੜ੍ਹੇ ਤੋਂ ਹਟ ਕੇ ਇੱਕ ਦੁਕਾਨ 'ਤੇ ਗਿਆ। ਦੁਕਾਨਦਾਰ ਨੇ ਗੱਦੀ ਤੋਂ ਥੋੜ੍ਹਾ ਜਿਹਾ ਉਲਰ ਕੇ ਛਿੱਬੂ ਨੂੰ ਹੱਥ ਦੇ ਇਸ਼ਾਰੇ ਨਾਲ਼ ਦਿਹਾਤੀ ਕਰਿਆਨਾ ਸਟੋਰ ਬਾਰੇ ਦੱਸ ਦਿੱਤਾ। ਮੁੜ ਆ ਕੇ ਉਸ ਨੇ ਰੇੜ੍ਹੇ ਤੇ ਦੋਨੋਂ ਹੱਥ ਟਿਕਾ ਲਏ, "ਚਾਰ ਦੁਕਾਨਾਂ ਛੱਡ ਕੇ ਪੰਜਵੀਂ ਦੁਕਾਨ ਹੈ। ਖੱਬੇ ਪਾਸੇ।"

ਉਹ ਰੇੜ੍ਹੇ ਨੂੰ ਹੌਲ਼ੀ-ਹੌਲ਼ੀ ਧੱਕ ਕੇ ਉਸ ਦੁਕਾਨ ਦੇ ਸਾਮ੍ਹਣੇ ਲੈ ਗਏ ਅਤੇ ਰੇੜ੍ਹਾ ਰੋਕ ਦਿੱਤਾ, "ਇਹ ਹੀ ਹੈ। "ਸਾਮ੍ਹਣੇ।"

ਕਾਲੂ ਨੇ ਰੇੜ੍ਹਾ ਊਟਣੇ 'ਤੇ ਟਿਕਾ ਦਿੱਤਾ। ਛਿੱਬੂ ਨੇ ਘੁੰਮ ਕੇ ਸਮਾਨ ਦੇ ਉੱਪਰ ਰੱਖਿਆ ਡੰਡਾ ਚੁੱਕਿਆ ਅਤੇ ਉਲਾਰ ਕੇ ਮੋਟੇ ਜਿਹੇ ਸੁਰਾਖ ਵਿੱਚ ਫਸਾ ਦਿੱਤਾ।

ਕਾਲ਼ੀ ਇੱਕ ਪਾਸੇ ਜਾ ਖੜ੍ਹਾ ਹੋਇਆ ਅਤੇ ਧਿਆਨ ਨਾਲ਼ ਬਜ਼ਾਰ ਦੀ ਰੌਣਕ ਦੇਖਣ ਲੱਗਾ।

ਕਾਲੂ ਨੇ ਪਤੂਹੀ ਦੀ ਜੇਬ ਵਿੱਚੋਂ ਪਰਚੇ ਕੱਢੇ ਅਤੇ ਦਿਹਾਤੀ ਕਰਿਆਨਾ ਸਟੋਰ ਦਾ

ਪਰਚਾ ਲੈ ਕੇ ਦੁਕਾਨ ਦੇ ਅੰਦਰ ਚਲਾ ਗਿਆ। ਪਰਚਾ ਮਾਲਕ ਨੂੰ ਫੜ੍ਹਾ ਕੇ ਕਿਹਾ, "ਇਹ ਪਰਚਾ ਤੁਹਾਡਾ ਹੀ ਹੈ ਨਾ ?"

ਦੁਕਾਨਦਾਰ ਨੇ ਪਰਚਾ ਧਿਆਨ ਨਾਲ਼ ਪੜ੍ਹਿਆ। ਫਿਰ ਪਰਚਾ ਕਾਲੂ ਨੂੰ ਮੋੜ ਕੇ ਫੜਾਉਂਦਾ ਬੋਲਿਆ, "ਨਹੀਂ, ਇਹ ਪਰਚਾ ਮਹਿੰਗਾ ਰਾਮ-ਤਰਸੇਮ ਲਾਲ ਦਾ ਹੈ।"

ਕਾਲੂ ਝੇਂਪ ਗਿਆ ਜਿਵੇਂ ਉਹਦੀ ਬਹੁਤ ਬੜੀ ਗਲਤੀ ਫੜੀ ਗਈ ਹੋਵੇ। ਉਹਨੇ ਸਾਰੇ ਪਰਚੇ ਪਤੂਹੀ ਦੀ ਜੇਬ 'ਚੋਂ ਕੱਢੇ ਤੇ ਦੁਕਾਨਦਾਰ ਨੂੰ ਫੜਾ ਦਿੱਤੇ, "ਤੁਸੀਂ ਆਪਣਾ ਪਰਚਾ ਕੱਢ ਲਵੋ।"

ਦੁਕਾਨਦਾਰ ਨੇ ਆਪਣੇ ਨਾਂ ਦਾ ਪਰਚਾ ਕੱਢ ਕੇ ਬਾਕੀ ਦੇ ਕਾਲੂ ਨੂੰ ਫੜਾ ਦਿੱਤੇ। ਕਾਲੂ ਪਰਚੇ ਵਾਪਿਸ ਫੜਾਉਂਦਾ ਹੋਇਆ ਬੋਲਿਆ, "ਸ਼ਾਹ ਜੀ। "ਜਰਾ ਦੇਖ ਕੇ ਦੱਸਿਉ, ਇਹ ਕਿਹਦੇ-ਕਿਹਦੇ ਪਰਚੇ ਹਨ ?"

ਦੁਕਾਨਦਾਰ ਪਰਚਿਆਂ ਨੂੰ ਉਲਟਾ-ਉਲਟਾ ਕੇ ਦੇਖਣ ਲੱਗਾ ਤਾਂ ਕਿ ਉਹ ਪਤਾ ਲਾ ਸਕੇ ਕਿ ਦੂਜੇ ਦੁਕਾਨਦਾਰਾਂ ਨੇ ਕੀ-ਕੀ ਸਮਾਨ ਮੰਗਵਾਇਆ ਹੈ। ਇਹ ਤਾੜ ਕੇ ਕਾਲੂ ਨੇ ਦੁਕਾਨਦਾਰ ਵੱਲ ਹੱਥ ਵਧਾ ਕੇ ਕਿਹਾ, "ਸ਼ਾਹ ਜੀ, ਨਹੀਂ ਪੜ੍ਹਨਾ ਆਉਂਦਾ ਤਾਂ ਪਰਚੇ ਮੈਨੂੰ ਮੋੜ ਦਿਓ।"

"ਪਤਾ ਨਹੀਂ ਪਰਚੇ ਲੰਡਿਆਂ ਵਿੱਚ ਲਿਖੇ ਹਨ।" ਦੁਕਾਨਦਾਰ ਖਸਿਆਨਾ ਹੋ ਗਿਆ ਤੇ ਪਰਚੇ ਕਾਲੂ ਨੂੰ ਫੜਾ ਦਿੱਤੇ।

"ਸ਼ਾਹ ਜੀ, ਤੁਹਾਡੇ ਕਿੰਨੇ ਨਗ ਲਿਖੇ ਹਨ ?"

"ਪੰਜ । ਇੱਕ ਬੋਰੀ ਆਟੇ ਦੀ, ਇੱਕ ਬੋਰੀ ਖੰਡ, ਇੱਕ ਟੋਟਾ ਚੌਲ, ਇੱਕ ਪੇਟੀ ਚਾਹ ਅਤੇ ਇੱਕ ਪੇਟੀ ਸਾਬਣ।" ਦੁਕਾਨਦਾਰ ਨੇ ਵੇਰਵਾ ਦਿੱਤਾ।

"ਠੀਕ ਹੈ। ਤੁਹਾਡਾ ਸਮਾਨ ਉੱਪਰ ਹੀ ਪਿਆ ਹੈ।"

ਸਮਾਨ ਦੀ ਸ਼ਨਾਖਤ ਦੇ ਬਾਅਦ ਕਾਲੂ ਨੇ ਛਿੱਬੂ ਦੀ ਮਦਦ ਨਾਲ਼ ਕਾਲ਼ੀ ਦੀ ਪਿੱਠ ਤੇ ਬੋਰੀ ਰੱਖ ਦਿੱਤੀ ਅਤੇ ਦੁਕਾਨਦਾਰ ਦੇ ਕਹਿਣ ਮੁਤਾਬਕ ਇੱਕ ਕੋਨੇ ਵਿੱਚ ਰੱਖ ਦਿੱਤੀ।

ਸਮਾਨ ਅੰਦਰ ਚਲਾ ਗਿਆ ਤਾਂ ਕਾਲੂ ਨੇ ਪੁੱਛਿਆ, "ਸ਼ਾਹ ਜੀ, ਸਾਰੇ ਨਗ ਅੰਦਰ ਪਹੁੰਚ ਗਏ ਹਨ ?"

ਦੁਕਾਨਦਾਰ ਨੇ ਗਰਦਣ ਘੁਮਾ ਕੇ ਨਗ ਗਿਣੇ, "ਪਹੁੰਚ ਗਏ।"

"ਤਾਂ ਪਰਚੇ ਤੇ ਦਸਖਤ ਕਰ ਦਿਉ। ਅਸੀਂ ਪਰਚਾ ਸੇਠ ਜੀ ਨੂੰ ਮੋੜ ਕੇ ਦੇਣਾ ਹੈ।" ਕਾਲੂ ਨੇ ਦੱਸਿਆ। "ਪਹੁੰਚ ਦੀ ਰਸੀਦ ਦੇਣੀ ਹੈ।"

"ਮੇਰਾ ਪਰਚਾ ਨਹੀਂ ਲਿਆਏ ?" ਦੁਕਾਨਦਾਰ ਨੇ ਪੁੱਛਿਆ।

"ਉਹ ਤਾਂ ਮੁਨੀਮ ਜੀ ਨੂੰ ਪਤਾ ਹੋਊ। ਇਹ ਪਰਚਾ ਤਾਂ ਮਾਲ ਦੇ ਪਹੁੰਚਣ ਦਾ ਹੈ।"

ਦੁਕਾਨਦਾਰ ਨੇ ਪਰਚੇ ਤੇ ਦਸਖਤ ਕਰਕੇ ਕਾਗਜ਼ ਕਾਲੂ ਨੂੰ ਦੇ ਦਿੱਤਾ। ਉਸ ਨੇ ਪਰਚੇ ਨੂੰ ਸੰਭਾਲ ਕੇ ਪਤੂਹੀ ਦੀ ਅੰਦਰਲੀ ਜੇਬ ਵਿੱਚ ਰੱਖ ਲਿਆ। ਫਿਰ ਉਸ ਨੇ ਬਾਕੀ ਦੇ

ਪਰਚੇ ਕੱਢੇ ਅਤੇ ਉਨ੍ਹਾਂ ਨੂੰ ਧਿਆਨ ਨਾਲ਼ ਦੇਖਦਾ ਹੋਇਆ ਬੋਲਿਆ, "ਅਗਲੀ ਦੁਕਾਨ ਗਲ਼ੀ ਦੇ ਅੰਦਰ ਹੈ। ਥੋੜ੍ਹੀ ਹੋਰ ਅੱਗੇ ਜਾ ਕੇ।"

ਉਹ ਰੇੜ੍ਹਾ ਖਿੱਚ ਕੇ ਗਲ਼ੀ ਦੇ ਮੋੜ੍ਹ 'ਤੇ ਲੈ ਗਏ। ਰੇੜ੍ਹਾ ਰੋਕ ਕੇ ਕਾਲੂ ਗਲ਼ੀ ਦੇ ਅੰਦਰ ਚਲਾ ਗਿਆ ਅਤੇ ਦੋਹੀਂ ਪਾਸੀਂ ਮਕਾਨਾਂ ਤੇ ਦੁਕਾਨਾਂ ਦੇ ਬੂਹਿਆਂ ਅੰਦਰ ਝਾਕਣ ਦੀ ਕੋਸ਼ਿਸ਼ ਕਰਦਾ ਹੋਇਆ ਇੱਕ ਦੁਕਾਨ ਦੇ ਮੋਹਰੇ ਜਾ ਖੜ੍ਹਾ ਹੋਇਆ। "ਤੁਸੀਂ ਲਾਲਾ ਕੁੰਦਨ ਲਾਲ ਦੀ ਦੁਕਾਨ ਤੋਂ ਸਮਾਨ ਮੰਗਵਾਇਆ ਹੈ ?"

"ਓਏ ਮੈਂ ਦੋ ਨੰਬਰ ਦਾ ਮਾਲ ਨਹੀਂ ਰੱਖਦਾ। ਗਾਹਾਂ ਚਲੇ ਜਾ। ਦੁਕਾਨ 'ਤੇ ਗੈਂਡੇ ਵਾਲ਼ੀ ਮਾਚਿਸ ਦਾ ਬੋਰਡ ਲੱਗਾ ਹੈ।" ਪਤਲੇ ਤੇ ਮਾੜੇ ਜਿਹੇ ਬੁੜੇ ਦੁਕਾਨਦਾਰ ਨੇ ਹੱਥ ਘੁਮਾਇਆ।

ਸ਼ਰਮਿੰਦਾ ਜਿਹਾ ਹੋ ਕੇ ਕਾਲੂ ਗਲ਼ੀ ਵਿੱਚ ਦੋਹੀਂ ਪਾਸੀਂ ਦੇਖਦਾ ਹੋਇਆ ਅੱਗੇ ਚਲਾ ਗਿਆ। ਥੋੜ੍ਹੀ ਹੀ ਦੂਰ ਉਹ ਦੁਕਾਨ ਆ ਗਈ ਜਿਸ ਦੇ ਮੋਹਰੇ ਗੈਂਡੇ ਦੀ ਮਾਚਿਸ ਦਾ ਬੋਰਡ ਲੱਗਾ ਹੋਇਆ ਸੀ। ਦੁਕਾਨ ਦਾ ਬੂਹਾ ਛੋਟਾ ਤੇ ਭੀੜਾ ਸੀ, ਇਸ ਲਈ ਦੁਕਾਨ ਦੇ ਅੰਦਰ ਬਹੁਤੀ ਰੌਸ਼ਨੀ ਨਹੀਂ ਸੀ। ਦੁਕਾਨਦਾਰ ਵੀ ਲੰਬਾ-ਚੌੜਾ ਅਤੇ ਚੰਗਾ ਤੰਦਰੁਸਤ ਸੀ। ਉਹ ਗੁਫਾ ਵਰਗੀ ਹਨੇਰੀ ਦੁਕਾਨ ਵਿੱਚ ਬੈਠਾ ਗੈਂਡੇ ਵਰਗਾ ਦਿਖਾਈ ਦਿੰਦਾ ਸੀ। ਪਹਿਲੇ ਦੁਕਾਨਦਾਰ ਦੇ ਰੁੱਖੇਪਣ ਨੂੰ ਚੇਤੇ ਕਰਦਿਆਂ ਕਾਲੂ ਨਿਮਰ ਅਵਾਜ਼ ਵਿੱਚ ਬੋਲਿਆ, "ਸ਼ਾਹ ਜੀ, ਰਾਮ-ਰਾਮ।"

"ਰਾਮ-ਰਾਮ।" ਦੁਕਾਨਦਾਰ ਨੇ ਕਾਰੋਬਾਰੀ ਅੰਦਾਜ਼ ਵਿੱਚ ਜਵਾਬ ਦਿੱਤਾ।

"ਸ਼ਾਹ ਜੀ, ਤੁਸੀਂ ਲਾਲਾ ਕੁੰਦਨ ਲਾਲ ਦੀ ਦੁਕਾਨ ਤੋਂ ਮਾਲ ਮੰਗਵਾਇਆ ਹੈ ?"

"ਹਾਂ ਮੰਗਵਾਇਆ ਹੈ।" ਦੁਕਾਨਦਾਰ ਠੀਕ ਹੋ ਕੇ ਬੈਠਦਿਆਂ ਬੋਲਿਆ।

ਕਾਲੂ ਨੇ ਪਰਚੇ ਉਹਦੇ ਹੱਥ ਫੜਾ ਦਿੱਤੇ। "ਤੁਸੀਂ ਆਪਣਾ ਪਰਚਾ ਕੱਢ ਲਓ।"

"ਐਨਕ ਲਾਉਣੀ ਪੈਣੀ ਹੈ।" ਦੁਕਾਨਦਾਰ ਨੇ ਲੱਗ ਭੱਗ ਗੰਜੇ ਸਿਰ 'ਤੇ ਹੱਥ ਫੇਰਿਆ। ਫਿਰ ਉਸ ਨੇ ਝੁੱਕ ਕੇ ਸੰਦੂਕੜੀ ਵਿੱਚੋਂ ਐਨਕ ਕੱਢੀ ਅਤੇ ਧਿਆਨ ਨਾਲ਼ ਪਰਚੇ ਪੜ੍ਹਣ ਲੱਗਾ। ਉਸ ਨੇ ਇੱਕ ਪਰਚਾ ਹੱਥ ਵਿੱਚ ਰੱਖ ਕੇ ਬਾਕੀ ਦੇ ਕਾਲੂ ਨੂੰ ਮੋੜ ਦਿੱਤੇ। "ਇਹ ਮੇਰਾ ਪਰਚਾ ਹੈ।"

"ਠੀਕ ਹੈ। ਮੈਂ ਹੁਣੇ ਮਾਲ ਲੈ ਕੇ ਆਉਂਦਾ ਹਾਂ।"

ਕਾਲੂ ਖੱਬੇ ਪਾਸੇ ਦੁਕਾਨਾਂ ਤੇ ਮਕਾਨਾਂ ਦੇ ਬੂਹੇ ਗਿਣਦਾ ਹੋਇਆ ਜਦ ਉਨ੍ਹਾਂ ਦੇ ਕੋਲ਼ ਪਹੁੰਚਾ ਤਾਂ ਅੱਕੇ ਹੋਏ ਛਿੱਬੂ ਨੇ ਸ਼ਿਕਾਇਤ ਕੀਤੀ, "ਬਹੁਤ ਚਿਰ ਲਾ ਦਿੱਤਾ, ਕਾਲੂ ?"

"ਦੁਕਾਨ ਗਲ਼ੀ ਦੇ ਅੰਦਰ ਹੈ। ਅਸਲ ਵਿੱਚ ਮਾਂਝੇ ਨੂੰ ਸਾਰੀਆਂ ਦੁਕਾਨਾਂ ਦੀ ਪਛਾਣ ਹੈ। ਚਾਰ ਨਗ ਹੈ ਇਸ ਦੇ। ਦੋ ਫੇਰੇ ਲੱਗਣਗੇ।"

ਕਾਲੂ ਨੇ ਆਟੇ ਦੀ ਬੋਰੀ ਕਾਲ਼ੀ ਅਤੇ ਚਾਹ ਦੀ ਪੇਟੀ ਛਿੱਬੂ ਨੂੰ ਚੁੱਕਾ ਦਿੱਤੀ। "ਸੱਜੇ ਪਾਸੇ ਦਸ ਬੂਹੇ ਗਿਣ ਲਿਓ। ਗਿਆਰਵਾਂ ਬੂਹਾ ਦੁਕਾਨ ਦਾ ਹੈ। ਉੱਪਰ ਗੈਂਡਾ ਛਾਪ ਮਾਚਿਸ ਦਾ ਫੱਟਾ ਲੱਗਾ ਹੋਇਆ ਹੈ। ਦੁਕਾਨਦਾਰ ਵੀ ਗੰਜਾ ਗੈਂਡੇ ਵਰਗਾ ਹੀ ਹੈ।"

ਛਿੱਬੂ ਦੇ ਪਿੱਛੇ-ਪਿੱਛੇ ਕਾਲ਼ੀ ਵੀ ਬੋਰੀ ਚੁੱਕੀ ਗਲ਼ੀ ਵਿੱਚ ਤੁਰ ਪਿਆ। ਇੱਟਾਂ ਦਾ ਫਰਸ਼ ਕਾਫੀ ਪੁਰਾਣਾ ਤੇ ਘਸਿਆ ਹੋਣ ਕਰਕੇ ਬਹੁਤ ਉਘੜ-ਦੁੱਗੜਾ ਹੋ ਗਿਆ ਸੀ। ਕਾਲ਼ੀ ਪਿੱਠ 'ਤੇ ਲੱਦੀ ਹੋਈ ਬੋਰੀ ਨੂੰ ਦੋਵਾਂ ਹੱਥਾਂ ਨਾਲ਼ ਸੰਭਾਲਦਾ ਹੋਇਆ ਛਿੱਬੂ ਦੇ ਪਿੱਛੇ ਜਾ ਰਿਹਾ ਸੀ।

ਅਗਲੇ ਫੇਰ ਵਿੱਚ ਕਾਲ਼ੀ ਨੇ ਖੰਡ ਦੀ ਬੋਰੀ ਅਤੇ ਕਾਲੂ ਨੇ ਸਾਬਣ ਦੀ ਪੇਟੀ ਚੁੱਕੀ ਅਤੇ ਦੁਕਾਨ ਤੇ ਲਿਆ ਟਿਕਾਈਆਂ, "ਸ਼ਾਹ ਜੀ, ਦਸਖੱਤ ਕਰਕੇ ਪਰਚਾ ਮੈਨੂੰ ਮੋੜ ਦਿਓ। ਮੁਨੀਮ ਜੀ ਦੇ ਕੋਲ਼ ਜਮਾਂ ਕਰਾਉਣਾ ਹੈ।"

"ਮਾਲ ਪਹੁੰਚ ਗਿਆ। ਦਸਖੱਤ ਕਾਹਦੇ ਲਈ ?" ਦੁਕਾਨਦਾਰ ਨੇ ਇਤਰਾਜ਼ ਕੀਤਾ।

"ਮਹਾਰਾਜ, ਮੁਨੀਮ ਜੀ ਨੂੰ ਕਿੱਦਾਂ ਪਤਾ ਲੱਗੂਗਾ ਕਿ ਮਾਲ ਤੁਹਾਡੀ ਦੁਕਾਨ 'ਤੇ ਪਹੁੰਚ ਗਿਆ ਹੈ।"

ਦੁਕਾਨਦਾਰ ਨੇ ਕਾਲੂ ਵੱਲ ਦੇਖਿਆ ਅਤੇ ਪਰਚੇ 'ਤੇ ਦਸਖੱਤ ਕਰਕੇ ਉਹਨੂੰ ਫੜਾ ਦਿੱਤਾ, "ਬੋਰੀਆ ਵਿੱਚ ਮਾਲ ਪੂਰਾ ਭਰਿਆ ਹੈ ਨਾ ? ਠੀਕ ਤਰ੍ਹਾਂ ਤੋਲਿਆ ਵੀ ਹੈ ? ਕਿਤੇ ਰਾਹ ਵਿੱਚ ਸੂਏ ਮਾਰ-ਮਾਰ ਖੰਡ ਤਾਂ ਨਹੀਂ ਕੱਢਦੇ ਰਹੇ ?"

"ਸ਼ਾਹ ਜੀ, ਅਸੀਂ ਰੱਬ ਨੂੰ ਜਾਨ ਦੇਣੀ ਹੈ। ਸ਼ੱਕ ਹੈ ਤਾਂ ਤਲਾਸ਼ੀ ਲੈ ਲਵੋ।"

"ਭਾਈ, ਅੱਜ ਕੱਲ ਕੁਸ਼ ਪਤਾ ਨਹੀਂ ਲੱਗਦਾ। ਹਰ ਆਦਮੀ ਆਪਣਾ ਸੂਤ ਲਾਉਣ ਲੱਗਾ ਹੋਇਆ ਹੈ। ਚੋਰ ਤੋਂ ਜਿਥੇ ਸਿੱਧੀ ਚੋਰੀ ਨਹੀਂ ਹੁੰਦੀ ਉੱਥੇ ਉਹ ਸਾਧੂ ਬਣ ਕੇ ਸੰਨ੍ਹ ਲਾਉਂਦੇ ਹਨ। ਧੰਦਾ ਹੈ ਨਾ।" ਦੁਕਾਨਦਾਰ ਨੇ ਸ਼ੱਕ ਜ਼ਾਹਿਰ ਕਰਦਿਆਂ ਕਿਹਾ।

ਉਹਦੀ ਗੱਲ ਕਾਲ਼ੀ ਨੂੰ ਬਹੁਤ ਬੁਰੀ ਲੱਗੀ ਪਰ ਉਹ ਚੁੱਪ ਰਿਹਾ। ਕਾਲੂ ਨੇ ਪਰਚਾ ਧਿਆਨ ਨਾਲ਼ ਦੇਖਿਆ। ਦਸਖੱਤ 'ਤੇ ਚੰਗੀ ਤਰ੍ਹਾਂ ਨਿਗਾਹ ਮਾਰੀ ਅਤੇ ਰਾਮ-ਰਾਮ ਕਹਿ ਕੇ ਗਲੀ ਵਿੱਚ ਪਿੱਛੇ ਮੁੜ ਆਇਆ।

ਕਾਹਲ਼ੀ-ਕਾਹਲ਼ੀ ਪੈਰ ਚੁੱਕਦਾ ਕਾਲ਼ੀ ਉਹਦੇ ਬਰਾਬਰ ਆ ਗਿਆ, "ਭਾ ਜੀ ਇੱਕ ਗੱਲ ਪੁੱਛਾਂ ?"

"ਪੁੱਛ" ਕਾਲੂ ਨੇ ਕਾਲ਼ੀ ਵੱਲ ਹੈਰਾਨੀ ਨਾਲ਼ ਦੇਖਦਿਆਂ ਕਿਹਾ।

"ਲਾਲਾ ਕਿੱਦਾਂ ਦੀਆਂ ਗੱਲਾਂ ਕਰਦਾ ਸੀ। ਇੱਥੇ ਤੱਕ ਸਮਾਨ ਲਿਆਉਣ ਲਈ ਸਾਡੀਆਂ ਖੁੱਚਾਂ ਟੁੱਟ ਗਈਆਂ ਅਤੇ ਸਰੀਰ ਦਾ ਇੰਜਰ-ਪਿੰਜਰ ਢਿੱਲਾ ਪੈ ਗਿਆ ਹੈ ਪਰ ਲਾਲੇ ਨੂੰ ਸਾਡੀ ਨੀਅਤ 'ਤੇ ਅਜੇ ਵੀ ਸ਼ੱਕ ਹੈ।"

"ਏਦਾਂ ਹੀ ਚਲਦਾ ਹੈ। ਗਰੀਬ ਆਦਮੀ ਦੀ ਜ਼ਰੂਰਤ ਵੀ ਚੋਰੀ ਹੈ। ਅਤੇ ਬੜੇ ਆਦਮੀ ਦੀ ਚੋਰੀ ਵੀ ਉਸ ਦਾ ਸ਼ੌਕ ਸਮਝਿਆ ਜਾਂਦਾ ਹੈ।" ਕਾਲੂ ਨੇ ਉਸ ਨੂੰ ਸਮਝਾਇਆ। "ਗਲ਼ੀ ਦਾ ਦੁਕਾਨਦਾਰ ਛੋਟੀ ਠੱਗੀ-ਠੋਰੀ ਕਰਦਾ ਹੈ। ਆਨੇ, ਦੋ-ਆਨੇ, ਚਾਰ-ਆਨੇ ਦੀ ਗਾਹਕੀ ਭੁਗਤਾਉਂਦਾ ਹੈ। ਉਹਦਾ ਸ਼ੱਕ ਵੀ ਛੋਟਾ ਹੀ ਹੋਵੇਗਾ। ਢਾਈ ਮਣ ਦੀ ਖੰਡ ਦੀ ਬੋਰੀ ਵਿੱਚੋਂ ਦੋ-ਚਾਰ ਸੂਏ ਮਾਰ ਵੀ ਲਏ ਤਾਂ ਕੀ ਫਰਕ ਪੈਂਦਾ ਹੈ। ਮੱਝ ਦੀ ਪੂਛ ਤੋਂ ਦੋ ਵਾਲ਼ ਝੜ ਗਏ ਤਾਂ ਮੱਝ ਦਾ ਭਾਰ ਤਾਂ ਨਹੀਂ ਘੱਟਣ ਲੱਗਾ।"

ਕਾਲੂ ਦੀ ਗੱਲ ਸੁਣ ਕੇ ਕਾਲ਼ੀ ਚੁੱਪ ਹੋ ਗਿਆ। ਉਨ੍ਹਾਂ ਨੂੰ ਦੇਖ ਕੇ ਛਿੱਬੂ ਬੀਂਡੀ ਦੇ ਥਾਂ ਚਲਾ ਗਿਆ ਪਰ ਕਾਲੂ ਨੇ ਉਹਨੂੰ ਰੋਕ ਲਿਆ, "ਭਾ, ਤੂੰ ਪਿੱਛੇ ਹੀ ਆ ਜਾ। ਅੱਜ ਬੀਂਡੀ ਮੈਨੂੰ ਹੀ ਲੱਗਣ ਦੇ। ਇਸ ਤਰ੍ਹਾਂ ਦੁਕਾਨਾਂ ਦੀ ਪਛਾਣ ਹੋ ਜਾਵੇਗੀ।"

"ਭਾ ਜੀ, ਇੱਕ ਗੱਲ ਹੋਰ ਵੀ ਪੁੱਛਣੀ ਚਾਹੁੰਦਾ ਹਾਂ।" ਕਾਲ਼ੀ ਨੇ ਡਰਦੇ-ਡਰਦੇ ਨੇ ਆਪਣੀ ਗੱਲ ਕਹੀ।"

"ਪੁੱਛ ?" ਕਾਲੂ ਅਤੇ ਛਿੱਬੂ ਧਿਆਨ ਨਾਲ਼ ਉਹਦੀ ਵਲ ਦੇਖਣ ਲੱਗੇ।

"ਤੁਸੀਂ ਕੁੱਝ ਪੜ੍ਹੇ ਲਿਖੇ ਨਹੀਂ ਹੋ ?"

"ਪੜ੍ਹੇ ਲਿਖੇ ਹੁੰਦੇ ਤਾਂ ਕਿਸੇ ਦੁਕਾਨ ਤੇ ਮੁਨੀਮ ਨਾ ਹੁੰਦੇ। ਚਿੱਟੇ ਕੱਪੜੇ ਪਾਉਂਦੇ। ਸਾਡੀ ਪੜ੍ਹਾਈ ਤਾਂ ਪਸ਼ੂਆਂ ਦੇ ਵਿੱਚ ਹੀ ਹੋਈ ਹੈ। ਉਨ੍ਹਾਂ ਨੇ ਜਿਹੜਾ ਕੰਮ ਸਿਖਾਇਆ ਉਹ ਹੀ ਕਰ ਰਹੇ ਹਾਂ।" ... ਛਿੱਬੂ ਮੁਸਕਰਾਇਆ।

"ਪਹਿਲਵਾਨ, ਕੀ ਤੂੰ ਪੜ੍ਹਿਆ ਲਿਖਿਆ ਹੈਂ ?"

"ਪਿੰਡ ਦੇ ਮਦਰੱਸੇ ਵਿੱਚ ਚਾਰ ਜਮਾਤਾਂ ਪਾਸ ਕੀਤੀਆਂ ਤਾਂ ਸੀ। ਬਹੁਤ ਪੁਰਾਣੀ ਗੱਲ ਹੈ।"

"ਜਮਾਤਾਂ ਅਜੇ ਤੇਰੇ ਪੱਲੇ ਹੀ ਹਨ ਜਾਂ ਡੰਗਰਾਂ ਨੇ ਚਰ ਲਈਆਂ।" ਕਾਲੂ ਹੱਸਿਆ।

"ਉਰਦੂ ਤਾਂ ਪੜ੍ਹ ਲੈਂਦਾ ਹਾਂ। ਮਦਰੱਸੇ ਵਿੱਚ ਉਰਦੂ ਹੀ ਪੜ੍ਹਾਉਂਦੇ ਸਨ।"

ਕਾਲੂ ਤੇ ਛਿੱਬੂ ਨੇ ਹੈਰਾਨੀ ਨਾਲ਼ ਕਾਲ਼ੀ ਵੱਲ ਦੇਖਿਆ। ਫਿਰ ਕਾਲੂ ਨੇ ਆਪਣੀ ਪਤੂਹੀ ਦੀ ਬਾਹਰਲੀ ਜੇਬ ਵਿੱਚੋਂ ਤਿੰਨ ਪਰਚੇ ਕੱਢ ਕੇ ਕਾਲ਼ੀ ਨੂੰ ਫੜਾ ਦਿੱਤੇ, "ਲੈ, ਤੂੰ ਪੜ੍ਹ ਕੇ ਦੇਖ। ਸਾਨੂੰ ਕਿਸੇ ਹੋਰ ਤੋਂ ਪੜ੍ਹਾਉਣ ਦੀ ਕੀ ਲੋੜ ਹੈ।"

ਪਰਚੇ ਆਪਣੇ ਹੱਥ ਵਿੱਚ ਫੜ੍ਹ ਕੇ ਕਾਲ਼ੀ ਉਨ੍ਹਾਂ ਤੇ ਝੁਕ ਗਿਆ। ਕਾਲੂ ਵੀ ਉਹਦੇ ਪਿੱਛੇ ਆ ਖੜ੍ਹਾ ਹੋਇਆ। ਉਸ ਨੇ ਪਰਚਿਆਂ ਵੱਲ ਇਸ਼ਾਰਾ ਕੀਤਾ, "ਅਨਪੜ੍ਹਾਂ ਦੀ ਆਪਣੀ ਹੀ ਭਾਸ਼ਾ ਹੁੰਦੀ ਹੈ।" ... ਉਸ ਨੇ ਪਰਚੇ ਕਾਲ਼ੀ ਤੋਂ ਲੈ ਕੇ ਉਨ੍ਹਾਂ ਦੇ ਕੋਨਿਆਂ ਵਿੱਚ ਲਾਈਆਂ ਲਕੀਰਾਂ ਨੂੰ ਗਿਣਿਆ। "ਹੁਣ ਜਿਸ ਦੁਕਾਨ ਤੇ ਜਾਣਾ ਹੈ ਉਸ ਤੇ ਤਿੰਨ ਲਕੀਰਾਂ ਹਨ। ਚੌਥੀ ਦੁਕਾਨ ਦੇ ਪਰਚੇ ਤੇ ਚਾਰ ਲਕੀਰਾਂ ਹਨ ਤੇ ਪੰਜਵੀਂ ਦੁਕਾਨ ਦੇ ਪਰਚੇ ਤੇ ਪੰਜ ਲਕੀਰਾਂ ਹਨ ... ਮੋਟੀਆਂ ... ਮੋਟੀਆਂ।"

ਕਾਲ਼ੀ ਨੇ ਲਕੀਰਾਂ ਨੂੰ ਧਿਆਨ ਨਾਲ਼ ਦੇਖਿਆ। ਫਿਰ ਪਰਚਿਆਂ ਨੂੰ ਤਰਤੀਬ ਨਾਲ਼ ਰੱਖਿਆ ਅਤੇ ਪਹਿਲੇ ਪਰਚੇ ਤੇ ਨਾਂ ਪੜ੍ਹਿਆ, "ਮਹਿੰਗਾ ਰਾਮ ... ਤਰਸੇਮ ਲਾਲ।"

"ਠੀਕ ਹੈ।" ਕਾਲੂ ਨੇ ਚਹਿਕਦੇ ਹੋਏ ਸਿਰ ਹਿਲਾਇਆ, "ਹੁਣ ਗਾਹਾਂ ਕਿਹੜੀ ਦੁਕਾਨ ਹੈ ?"

ਕਾਲ਼ੀ ਨੇ ਅਗਲਾ ਪਰਚਾ ਪੜ੍ਹਿਆ, "ਹਰਬੰਸ ਸਿੰਘ-ਬਲਵੰਤ ਸਿੰਘ। ਰੌਣਕ ਬਜ਼ਾਰ।"

"ਰੌਣਕ ਨਹੀਂ, ਰੈਣਕ ਬਜ਼ਾਰ।" ਕਾਲੂ ਨੇ ਉੱਚੀ ਅਵਾਜ਼ ਵਿੱਚ ਕਿਹਾ ਜਿਵੇਂ ਕਾਲ਼ੀ ਦੀ ਬਹੁਤ ਬੜ੍ਹੀ ਗਲਤੀ ਫੜ੍ਹ ਲਈ ਹੋਵੇ।

"ਮੈਂ ਤਾਂ ਅੰਦਾਜ਼ੇ ਜਿਹੇ ਨਾਲ਼ ਬਜ਼ਾਰ ਦਾ ਨਾਂ ਲੈ ਦਿੱਤਾ ਸੀ।" ਕਾਲ਼ੀ ਹੱਸ ਪਿਆ ਅਤੇ ਇਸ ਨਾਲ਼ ਉਸ ਨੂੰ ਕਾਫੀ ਰਾਹਤ ਮਹਿਸੂਸ ਹੋਈ।

"ਪੰਜਵੀਂ ਦੁਕਾਨ ਲਾਲਾ ਪੰਨਾਮਲ ਦੀ ਹੈ ... ਸੱਜੇ ਪਾਸੇ ਕੋਨੇ ਵਿੱਚ ... ਬਹੁਤ ਬੜੀ ਦੁਕਾਨ ਹੈ। ਉਸ ਦੇ ਸੱਤ ਨਗ ਹਨ।" ਕਾਲੂ ਨੇ ਦੱਸਿਆ।

"ਤੂੰ ਪਹਿਲਾਂ ਕਿਉਂ ਨਹੀਂ ਬੋਲਿਆ ?" ਛਿੱਬੂ ਨੇ ਕਿਹਾ।

"ਭੁੱਲ ਗਿਆ ਸੀ। ਕਾਲ਼ੀ ਨੇ ਦੱਸਿਆ ਤਾਂ ਚੇਤਾ ਆਇਆ ਕਿ ਮਾਂਝਾ ਦੁਕਾਨਾਂ ਦੇ ਬਾਰੇ ਮੁਨੀਮ ਤੋਂ ਪਰਚੇ ਤੇ ਲਕੀਰਾਂ ਖਿਚਵਾ ਲੈਂਦਾ ਹੈ।" ਕਾਲੂ ਖਸਿਆਨਾ ਜਿਹਾ ਹੋ ਕੇ ਮੁਸਕਰਾਇਆ।

ਆਖਰੀ ਤੇ ਪੰਜਵੀਂ ਦੁਕਾਨ 'ਤੇ ਮਾਲ ਛੱਡਣ ਦੇ ਬਾਅਦ ਰੇੜ੍ਹਾ ਖਾਲੀ ਹੋ ਗਿਆ। ਕਾਲੂ ਨੇ ਸਾਰਿਆਂ ਪਰਚਿਆਂ ਨੂੰ ਧਿਆਨ ਨਾਲ਼ ਦੇਖਿਆ ਅਤੇ ਚੰਗੀ ਤਰ੍ਹਾਂ ਤਹਿ ਕਰਕੇ ਪਤੂਹੀ ਦੀ ਅੰਦਰਲੀ ਜੇਬ ਵਿੱਚ ਪਾ ਲਿਆ।

ਰੇੜ੍ਹੇ ਨੂੰ ਹੌਲ਼ੀ-ਹੌਲ਼ੀ ਖਿੱਚਦੇ ਹੋਏ ਉਹ ਰੈਣਕ ਬਜ਼ਾਰ ਦੇ ਚੌਂਕ ਵਿੱਚ ਆ ਗਏ।

"ਯਾਰੋ, ਪਾਣੀ ਪੀ ਲਈਏ। ਤਿਆਹ ਲੱਗੀ ਹੈ।" ਛਿੱਬੂ ਨੇ ਰੇੜ੍ਹਾ ਰੋਕ ਦਿੱਤਾ।

"ਤਿਆਹ ਤਾਂ ਮੈਨੂੰ ਵੀ ਬਹੁਤ ਲੱਗੀ ਹੈ।" ਕਾਲੂ ਨੇ ਇਸ਼ਾਰਾ ਕੀਤਾ, "ਸਾਮ੍ਹਣੇ ਹਲਵਾਈ ਦੀ ਦੁਕਾਨ ਦੇ ਬਾਹਰ ਕਮੇਟੀ ਵਾਲਿਆਂ ਦਾ ਨਲ਼ਕਾ ਹੈ। ਉੱਥੋਂ ਪਾਣੀ ਪੀਂਦੇ ਹਾਂ।"

ਕਾਲ਼ੀ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਆਪਣੇ ਖੁਸ਼ਕ ਬੁੱਲਾਂ ਤੇ ਸੁੱਕੀ ਜੀਭ ਫੇਰਦਾ ਹੋਇਆ ਨਲ਼ਕੇ ਵੱਲ ਨੂੰ ਚਲੇ ਗਿਆ। ਉਸ ਸਮੇਂ ਨਲ਼ਕਾ ਵੀ ਖੁਸ਼ਕ ਸੀ ਕਿਉਂਕਿ ਕਮੇਟੀ ਵਾਲਿਆਂ ਦੇ ਪਾਣੀ ਦੀ ਸਪਲਾਈ ਬੰਦ ਸੀ। ਉਨ੍ਹਾਂ ਨੂੰ ਦੇਖ ਕੇ ਹਲਵਾਈ ਨੇ ਕਿਹਾ, "ਪਿੱਛੇ ਜਾ ਕੇ ਖੱਬੇ ਨੂੰ ਮੁੜ ਕੇ ... ਅਜ਼ਾਦੀ ਚੌਂਕ ਵਿੱਚ। ਉੱਥੇ ਪਿਆਓ ਹੈ।"

"ਸ਼ਾਹ ਜੀ, ਪਤਾ ਹੈ।" ਉਹ ਰੇੜ੍ਹਾ ਖਿੱਚਦੇ ਹੋਏ ਅਜ਼ਾਦੀ ਚੌਂਕ ਵੱਲ ਨੂੰ ਚਲੇ ਗਏ। ਉਹ ਇੱਕ ਧਰਮ ਸਥਾਨ ਦੀ ਕੰਧ ਦੇ ਨਾਲ਼ ਬਣਾਈ ਗਈ ਪਿਆਓ ਦੇ ਸਾਹਮਣੇ ਜਾ ਖੜ੍ਹੇ ਹੋਏ। ਉੱਥੇ ਕਈ ਘੜੇ ਰੱਖੇ ਹੋਏ ਸਨ। ਉਨ੍ਹਾਂ ਦੇ ਮੋਹਰੇ ਕੁੱਝ ਪੈਸੇ ਪਏ ਸਨ ਅਤੇ ਪਿੱਛੇ ਇੱਕ ਬੁੜਾ ਬੈਠਾ ਸੀ।

ਉਨ੍ਹਾਂ ਨੂੰ ਆਪਣੀ ਵੱਲ ਆਉਂਦੇ ਦੇਖ ਕੇ ਬੁੜੇ ਨੇ ਇੱਕ ਘੜੇ ਦਾ ਢੱਕਣ ਚੱਕਿਆ ਅਤੇ ਪਾਣੀ ਦੀ ਗੜਵੀ ਭਰ ਕੇ ਉਨ੍ਹਾਂ ਵੱਲ ਦੇਖਦਾ ਹੋਇਆ ਉਡੀਕਣ ਲੱਗਾ। ਸਭ ਤੋਂ ਪਹਿਲਾਂ ਛਿੱਬੂ ਉਹਦੇ ਸਾਹਮਣੇ ਗਿਆ ਅਤੇ ਉਹ ਪਾਣੀ ਦੀਆਂ ਤਿੰਨ ਗੜਵੀਆਂ ਗਟਾਗਟ ਪੀ ਗਿਆ।

ਉਨ੍ਹਾਂ ਨੂੰ ਪਸ਼ੂਆਂ ਵਾਂਗ ਪਾਣੀ ਪੀਂਦੇ ਦੇਖ ਕੇ ਬੁੜੇ ਨੇ ਗੜਵੀ ਵਿੱਚ ਘੱਟ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਜਦ ਕਾਲ਼ੀ ਦੀ ਵਾਰੀ ਆਈ ਤਾਂ ਗੜਵੀ ਵਿੱਚ ਪਾਣੀ ਹੋਰ ਵੀ ਘੱਟ ਹੋ ਗਿਆ ਸੀ। ਕਾਲ਼ੀ ਨੇ ਪੰਜ ਗੜਵੀਆਂ ਪਾਣੀ ਦੀਆਂ ਪੀ ਲਈਆਂ ਤਾਂ ਬੁੜੇ ਨੇ ਹੱਥ ਖਿੱਚ ਲਿਆ। ਕਾਲ਼ੀ ਨੇ ਹੋਰ ਪਾਣੀ ਮੰਗਿਆ ਤਾਂ ਉਹ ਬਹੁਤ ਗੁੱਸੇ ਵਿੱਚ ਆ ਗਿਆ, "ਹੈ ਨੀਂ ਹੋਰ ਪਾਣੀ। ਇਸ ਤਰ੍ਹਾਂ ਤਾਂ ਪਸ਼ੂ ਹੀ ਪਾਣੀ ਪੀਂਦੇ ਹਨ।"

"ਭਰਾਵਾ, ਸਾਡਾ ਕੰਮ ਵੀ ਤਾਂ ਪਸ਼ੂਆਂ ਵਾਲ਼ਾ ਹੀ ਹੈ। ਪਾਣੀ ਵੀ ਤਾਂ ਉਨ੍ਹਾਂ ਵਾਂਗ ਹੀ ਪੀਵਾਂਗੇ।" ਛਿੱਬੂ ਨੇ ਰੇੜ੍ਹੇ ਵੱਲ ਇਸ਼ਾਰਾ ਕੀਤਾ।

ਉਹ ਗਿੱਲੇ ਹੱਥ ਮੂੰਹ 'ਤੇ ਫੇਰਦੇ ਹੋਏ ਬਿਨਾਂ ਕੋਈ ਪੈਸਾ-ਧੇਲਾ ਦਿੱਤੇ ਪਿਆਓ ਤੋਂ ਪਰ੍ਹੇ ਚਲੇ ਗਏ। ਬੁੜਾ ਪਹਿਲਾਂ ਤਾਂ ਬੁੜਬੁੜ ਕਰਦਾ ਰਿਹਾ, ਪਰ ਜਦ ਉਨ੍ਹਾਂ ਨੇ ਪਿੱਠ ਮੋੜ ਲਈ ਤਾਂ ਉਹਦੀ ਅਵਾਜ਼ ਉੱਚੀ ਹੋ ਗਈ, "ਤੁਸੀਂ ਸਿਰਫ ਤਿਹਾਏ ਹੀ ਨਹੀਂ ਬਲਕਿ ਜਨਮ-ਜਨਮਾਤਰਾਂ ਤੋਂ ਭੁੱਖੇ ਵੀ ਹੋ। ਡੇਢ ਬਾਲਟੀ ਪਾਣੀ ਦੀ ਪੀ ਗਏ ਅਤੇ ਹੱਥ ਝਾੜ ਕੇ ਤੁਰ ਪਏ ਜਿਵੇਂ ਪਿਆਓ ਇਨ੍ਹਾਂ ਦੇ ਤਾਏ ਦਾ ਹੋਵੇ।"

"ਤਾਏ ਦਾ ਹੀ ਤਾਂ ਪਿਆਓ ਹੈ।" ਕਾਲੂ ਪਿੱਛੇ ਮੁੜ ਕੇ ਹੱਸਿਆ।

"ਭਰਾਵਾ, ਪਰਸੋਂ ਹੀ ਤਾਂਬੇ ਦਾ ਡਬਲ ਪੈਸਾ ਰੱਖਿਆ ਸੀ। ਦੁੱਧ ਤਾ ਪਿਆਇਆ ਨਹੀਂ ਜਿਹੜਾ ਚਾਂਦੀ ਦਾ ਸਿੱਕਾ ਚਾਹੁੰਦਾ ਹੈਂ। ... ਉਦਾਂ ਵੀ ਤਾਇਆ ਤੇਰੀ ਉਮਰ ਸੇਵਾ ਕਰਨ ਦੀ ਤੇ ਪੁੰਨ ਖੱਟਣ ਦੀ ਹੈ, ਨਾ ਕਿ ਲਾਲਚ ਕਰਨ ਦੀ।"

ਬੁੜੇ ਨੂੰ ਬੁੜਬੁੜਾਉਂਦਾ ਛੱਡ ਕੇ ਉਹ ਰੇੜ੍ਹੇ ਦੇ ਕੋਲ਼ ਆ ਗਏ। ਛਿੱਬੂ ਨੇ ਉਟਣਾ ਚੁੱਕ ਦਿੱਤਾ, "ਪਹਿਲਵਾਨ ਆ ਜਾ, ਤੈਨੂੰ ਬੀਂਡੀ ਲੱਗਣਾ ਸਿਖਾਵਾਂ।"

ਕਾਲ਼ੀ ਮੂਧਾ ਹੋ ਕੇ ਜੂਲੇ ਦੇ ਪਿੱਛੇ ਚਲਾ ਗਿਆ ਅਤੇ ਦੋਵਾਂ ਹੱਥਾਂ ਨਾਲ਼ ਲੜੀਆਂ ਫੜ੍ਹ ਲਈਆਂ। ਛਿੱਬੂ ਅਤੇ ਕਾਲੂ ਟੱਪ ਕੇ ਰੇੜ੍ਹੇ ਤੇ ਚੜ੍ਹ ਗਏ। ਇੱਕ ਦੂਜੇ ਦੇ ਸਾਹਮਣੇ ਬੈਠੇ ਸਿਗਰਟ ਲਾ ਕੇ ਅਰਾਮ ਨਾਲ਼ ਧੂੰਆਂ ਛੱਡਣ ਲੱਗੇ।

"ਪਹਿਲਵਾਨ, ਰਾਹ ਦਾ ਪਤਾ ਲੱਗ ਗਿਆ ਕਿ ਨਹੀਂ ?"

"ਥੋੜ੍ਹਾ-ਥੋੜ੍ਹਾ ਪਤਾ ਲੱਗ ਗਿਆ ਹੈ। ਮੋੜ ਆਉਣ ਤੇ ਤੁਸੀਂ ਵੀ ਖਿਆਲ ਰੱਖਣਾ।" ਕਾਲ਼ੀ ਨੇ ਜੂਲੇ ਵਿੱਚ ਜੁੜਿਆਂ ਹੋਇਆਂ ਜਵਾਬ ਦਿੱਤਾ।

ਛਾਤੀ ਦੇ ਜ਼ੋਰ ਨਾਲ਼ ਕਾਲ਼ੀ ਹੌਲ਼ੀ-ਹੌਲ਼ੀ ਰੇੜ੍ਹਾ ਖਿੱਚਣ ਲੱਗਾ। ਉਹਨੂੰ ਆਪਣੀਆਂ ਪਿੰਨੀਆਂ ਤੇ ਲਗਾਤਾਰ ਭਾਰ ਮਹਿਸੂਸ ਹੋ ਰਿਹਾ ਸੀ। ਪਰ ਕੁੱਝ ਸਮੇਂ ਬਾਅਦ ਉਹ ਭਾਰ ਸਿਰਫ ਨਾੜਾਂ ਅਤੇ ਪੱਠਿਆਂ ਤੇ ਤਣਾਅ ਜਿਹਾ ਬਣ ਕੇ ਰਹਿ ਗਿਆ ਸੀ।

ਛਿੱਬੂ ਅਤੇ ਕਾਲੂ ਆਪਣੀ ਮਰਜ਼ੀ ਮੁਤਾਬਕ ਕਦੀ ਰੇੜ੍ਹੇ ਨੂੰ ਉਲਾਰ ਅਤੇ ਕਦੀ ਦਬਾਅ ਪਾਉਣ ਨੂੰ ਕਹਿ ਦਿੰਦੇ ਤਾਂ ਕਿ ਕਾਲ਼ੀ ਸਥਿਤੀ ਦੇ ਅਨੁਸਾਰ ਆਪਣੇ-ਆਪ ਨੂੰ ਢਾਲ਼ਣਾ ਸਿੱਖ ਜਾਵੇ। ਜਿੱਥੇ ਕਿਤੇ ਮੋੜ ਆ ਜਾਂਦਾ, ਉਹ ਕਾਲ਼ੀ ਨੂੰ ਰਾਹ ਦੱਸ ਦਿੰਦੇ ਅਤੇ ਫੇਰ ਸਿਗਰਟ ਪੀਣ ਵਿੱਚ ਮਸਤ ਹੋ ਜਾਂਦੇ।

ਮੰਡੀ ਦੇ ਨੇੜੇ ਪਹੁੰਚ ਕੇ ਛਿੱਬੂ ਅਤੇ ਕਾਲੂ ਰੇੜ੍ਹੇ ਤੋਂ ਥੱਲੇ ਉੱਤਰ ਗਏ ਤਾਂ ਉਹ ਕਾਫੀ ਹਲਕਾ ਹੋ ਗਿਆ ਅਤੇ ਕਾਲ਼ੀ ਨੂੰ ਇੰਝ ਮਹਿਸੂਸ ਹੋਣ ਲੱਗਾ ਜਿਵੇਂ ਹੁਣ ਰੇੜ੍ਹਾ ਉਸ ਨੂੰ ਚਲਾ ਰਿਹਾ ਹੋਵੇ।

ਲਾਲਾ ਕੁੰਦਨ ਲਾਲ ਦੀ ਦੁਕਾਨ ਦੇ ਸਾਹਮਣੇ ਕਾਲ਼ੀ ਨੇ ਰੇੜ੍ਹਾ ਰੋਕ ਦਿੱਤਾ। ਕਾਲੂ ਅਤੇ ਛਿੱਬੂ ਦੁਕਾਨ ਵੱਲ ਨੂੰ ਚਲੇ ਗਏ ਅਤੇ ਕਾਲ਼ੀ ਰੇੜ੍ਹੇ ਨੂੰ ਉਟਣੇ 'ਤੇ ਟਿਕਾ ਉਹਦੇ ਨੇੜੇ ਹੀ ਬੈਠ ਗਿਆ। ਬੈਠਣ ਸਮੇਂ ਉਹਦੇ ਪੱਠਿਆਂ 'ਤੇ ਖਾਸਕਰ ਉਹਦੀਆਂ ਪਿੰਨੀਆਂ ਵਿੱਚ ਖਿੱਚ

ਅਤੇ ਦਰਦ ਮਹਿਸੂਸ ਹੋਇਆ। ਜ਼ਮੀਨ 'ਤੇ ਬੈਠ ਕੇ ਉਹ ਆਪਣੀਆਂ ਪਿੰਨੀਆਂ ਨੂੰ ਘੁੱਟਣ ਲੱਗਾ।

ਕਾਲ਼ੀ ਨੇ ਚਾਰੇ ਪਾਸੇ ਨਜ਼ਰ ਮਾਰੀ। ਹਰ ਪਾਸੇ ਪੱਲੇਦਾਰ ਅਤੇ ਰੇੜ੍ਹੇ ਵਾਲ਼ੇ ਖੜ੍ਹੇ ਸਨ। ਕੁੱਝ ਲੋਕ ਅਰਾਮ ਕਰ ਰਹੇ ਸਨ, ਕੁੱਝ ਤਾਸ਼ ਖੇਲ ਰਹੇ ਸਨ ਅਤੇ ਕੁੱਝ ਛੋਟੇ-ਛੋਟੇ ਗਰੁੱਪਾਂ ਵਿੱਚ ਵੰਡੇ ਗੱਲਾਂ ਕਰਨ ਵਿੱਚ ਰੁੱਝੇ ਹੋਏ ਸਨ। ਕਾਲ਼ੀ ਵਾਰੀ-ਵਾਰੀ ਉਨ੍ਹਾਂ ਨੂੰ ਧਿਆਨ ਨਾਲ਼ ਦੇਖਣ ਲੱਗਾ। ਜਿਹੜੇ ਸਿਆਣੀ ਉਮਰ ਦੇ ਆਦਮੀ ਸਨ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਪੈਰਾਂ ਦੇ ਪੰਜੇ ਵਿੰਗੇ ਹੋ ਗਏ ਸਨ, ਪਿੰਨੀਆਂ ਪੱਕੀ ਹੋਈ ਘੀਆ ਵਰਗੀਆਂ ਦਿਖਾਈ ਦਿੰਦੀਆਂ ਸਨ ਅਤੇ ਗੋਡੇ ਅੰਦਰ ਨੂੰ ਮੁੜੇ ਹੋਏ ਸਨ। ਲੱਤਾਂ ਦੀਆਂ ਨਸਾਂ ਫੁੱਲ ਕੇ ਹਲਕੇ ਨੀਲੇ ਰੰਗ ਦੀ ਵੇਲ-ਜਿਹੀ ਵਰਗੀਆਂ ਹੋ ਚੁੱਕੀਆਂ ਸਨ।

ਕਾਲ਼ੀ ਦਾ ਦਿਲ ਡੁੱਬਣ ਲੱਗਾ ਕਿ ਕੁੱਝ ਸਾਲ ਰੇੜ੍ਹਾ ਖਿੱਚਣ ਬਾਅਦ ਉਹਦੀ ਵੀ ਇਹੀ ਹਾਲਤ ਹੋ ਜਾਵੇਗੀ। ਉਹ ਘਬਰਾ ਕੇ ਉੱਠ ਖੜ੍ਹਾ ਹੋਇਆ ਅਤੇ ਊਟਣੇ ਦੇ ਉੱਪਰ ਬੈਠ ਕੇ ਆਪਣੀਆਂ ਪਿੰਨੀਆਂ ਨੂੰ ਘੁੱਟ ਕੇ ਫੜ ਲਿਆ।

ਛਿੱਬੂ ਤੇ ਕਾਲੂ ਨੂੰ ਆਪਣੀ ਵੱਲ ਆਉਂਦਿਆਂ ਦੇਖ ਕੇ ਕਾਲ਼ੀ ਉੱਠ ਕੇ ਖੜ੍ਹ ਗਿਆ ਅਤੇ ਉੱਤਸ਼ਾਹ ਤੇ ਘਬਰਾਹਟ ਦੀ ਮਿਲੀ-ਜੁਲੀ ਭਾਵਨਾ ਨਾਲ਼ ਦੇਖਣ ਲੱਗਾ। ਉਹ ਕਾਲ਼ੀ ਦੇ ਕੋਲ਼ ਆ ਕੇ ਖੜ੍ਹ ਗਏ। ਫਿਰ ਜ਼ਮੀਨ 'ਤੇ ਬੈਠ ਕੇ ਮੋਢਿਆਂ 'ਤੇ ਰੱਖੇ ਸਾਫਿਆਂ ਨੂੰ ਹੱਥ ਵਿੱਚ ਲੈ ਕੇ ਆਪਣੇ ਆਪ ਨੂੰ ਹਵਾ ਝੱਲਣ ਲੱਗ ਪਏ।

"ਛਿੱਬੂ, ਮੁਨੀਮ ਅੱਜ ਆਪਾਂ ਨੂੰ ਜਾਣ ਬੁੱਝ ਕੇ ਤੰਗ ਕਰ ਰਿਹਾ ਸੀ। ਕੀ ਉਹਨੂੰ ਦੌਰਾ ਪੈ ਗਿਆ ਜਾਂ ਕੋਈ ਹੋਰ ਕਾਰਨ ਹੈ ?" ਕਾਲੂ ਨੇ ਪੁੱਛਿਆ।

"ਕਾਰਨ ਮੈਨੂੰ ਪਤਾ ਹੈ।" ਛਿੱਬੂ ਨੇ ਅੱਖ ਦਬਾਈ। ਫਿਰ ਉਸ ਨੇ ਪਤੂਹੀ ਦੀ ਬਾਹਰਲੀ ਜੇਬ 'ਚੋਂ ਡੱਬੀ ਕੱਢੀ ਤੇ ਹੱਥ 'ਤੇ ਗੋਲ਼ੀ ਬਣਾ ਕੇ ਉਹਨੂੰ ਜੀਭ ਦੇ ਥੱਲੇ ਰੱਖ ਲਿਆ।

"ਕੀ ਕਾਰਨ ਹੈ ?" ਕਾਲੂ ਨੇ ਪੁੱਛਿਆ।

ਛਿੱਬੂ ਨੇ ਉਹਨੂੰ ਰੁਕਣ ਦਾ ਇਸ਼ਾਰਾ ਕੀਤਾ ਅਤੇ ਗੋਲ਼ੀ ਨੂੰ ਜੀਭ ਦੇ ਥੱਲੇ ਚੰਗੀ ਤਰ੍ਹਾਂ ਟਿਕਾ ਕੇ ਰੱਖਣ ਲੱਗਾ। ਫਿਰ ਥੁੱਕ ਅੰਦਰ ਨੂੰ ਖਿੱਚਿਆ, "ਜਦੋਂ ਵੀ ਆਪਾਂ ਬਿਮਾਰੀ-ਠਿਮਾਰੀ ਜਾਂ ਘਰੇਲੂ ਪਰੇਸ਼ਾਨੀ ਤੋਂ ਮਜ਼ਬੂਰ ਹੋ ਕੇ ਆਪਣੇ ਨਾਲ਼ ਕੋਈ ਨਵਾਂ ਆਦਮੀ ਰੱਖਦੇ ਹਾਂ ਤਾਂ ਮੁਨੀਮ ਨੂੰ ਤਕਲੀਫ ਹੋਣ ਲੱਗ ਪੈਂਦੀ ਹੈ। ਉਹਨੂੰ ਸ਼ੱਕ ਹੋ ਜਾਂਦਾ ਹੈ ਕਿ ਆਪਾਂ ਮਾਲ ਉਰੇ-ਪਰ੍ਹੇ ਕਰਕੇ ਦੌੜ ਜਾਣਾ ਹੈ। ... ਫਿਕਰ ਨਾ ਕਰ। ਮੈਂ ਹੁਣੇ ਉਹਨੂੰ ਠੀਕ ਕਰਦਾ ਹਾਂ।"

ਛਿੱਬੂ ਮੰਡੀ ਦੇ ਵੱਡੇ ਦਰਵਾਜ਼ੇ ਵੱਲ ਨੂੰ ਤੁਰ ਪਿਆ ਤਾਂ ਕਾਲੂ ਗੁੱਸੇ ਨਾਲ਼ ਬੋਲਿਆ, "ਕਿੱਥੇ ਜਾ ਰਿਹਾ ਹੈਂ ?"

"ਹੁਣੇ ਆਉਂਦਾ ਹਾਂ" ਛਿੱਬੂ ਨੇ ਉਹਨੂੰ ਹੱਥ ਦੇ ਇਸ਼ਾਰੇ ਨਾਲ਼ ਸਮਝਾਉਣ ਦੀ ਕੋਸ਼ਿਸ਼ ਕੀਤੀ। ਕਾਲੂ ਸਾਫਾ ਇਕੱਠਾ ਕਰਦਾ ਹੋਇਆ ਉੱਠ ਖੜ੍ਹਾ ਹੋਇਆ ਅਤੇ ਰੇੜ੍ਹੇ ਦੇ ਊਟਣੇ 'ਤੇ ਬੈਠ ਕੇ ਪਤੂਹੀ ਦੀਆਂ ਅੰਦਰਲੀਆਂ ਜੇਬਾਂ ਵਿੱਚ ਹੱਥ ਮਾਰਨ ਲੱਗਾ। ਉਸ ਨੇ ਪਰਚਿਆਂ ਨੂੰ ਚੰਗੀ ਤਰ੍ਹਾਂ ਟੋਹਿਆ ਅਤੇ ਨਿਸ਼ਚਿੰਤ ਹੋ ਕੇ ਦੋ ਪੱਲੇਦਾਰਾਂ ਨਾਲ਼ ਗੱਲਾਂ ਕਰਨ

ਲੱਗਾ।

ਕਾਲ਼ੀ ਜ਼ਮੀਨ 'ਤੇ ਬੈਠ ਇੱਕ ਵਾਰ ਫਿਰ ਪੱਲੇਦਾਰਾਂ, ਰੇੜ੍ਹੇ ਅਤੇ ਗੱਡੇ ਵਾਲਿਆਂ ਨੂੰ ਦੇਖਣ ਲੱਗਾ। ਕਈ ਆਦਮੀਆਂ ਦੀਆਂ ਲੱਤਾਂ ਤਾਂ ਇੰਨੀਆਂ ਵਿੰਗੀਆਂ ਹੋ ਗਈਆਂ ਸਨ ਕਿ ਜੇ ਉਹ ਪੈਰ ਜੋੜ ਕੇ ਵੀ ਖੜ੍ਹੇ ਹੋਣ ਤਾਂ ਵੀ ਉਨ੍ਹਾਂ ਦੇ ਗੋਡਿਆਂ ਵਿੱਚ ਐਨਾ ਫਰਕ ਰਹਿ ਜਾਂਦਾ ਸੀ ਕਿ ਉਨ੍ਹਾਂ ਵਿੱਚ ਛੋਟੀ ਜਿਹੀ ਢੋਲਕੀ ਨੂੰ ਅਸਾਨੀ ਨਾਲ਼ ਫਸਾਇਆ ਜਾ ਸਕੇ। ਉਹਨੂੰ ਆਪਣੀ ਫਿਰ ਚਿੰਤਾ ਹੋਣ ਲੱਗੀ। ਉਸ ਨੇ ਆਪਣੀਆਂ ਦੋਨੋ ਲੱਤਾਂ ਸਿੱਧੀਆਂ ਪਸਾਰ ਲਈਆਂ ਅਤੇ ਪੈਰ ਜੋੜ ਲਏ। ਫਿਰ ਉਹਨੇ ਗੋਡਿਆਂ ਦੇ ਵਿਚਲੀ ਖਾਲੀ ਥਾਂ ਨੂੰ ਟੋਹਿਆ। ਉਨ੍ਹਾਂ ਵਿੱਚ ਸਿਰਫ ਦੋ ਉਂਗਲੀਆਂ ਦੀ ਹੀ ਜਗ੍ਹਾ ਸੀ। ਬੇਫਿਕਰ ਹੋ ਕੇ ਲੱਤਾਂ ਇਕੱਠੀਆਂ ਕਰਕੇ ਉਹ ਅਰਾਮ ਨਾਲ਼ ਬੈਠ ਗਿਆ।

ਵੱਡੇ ਦਰਵਾਜ਼ੇ ਰਾਹੀਂ ਬੋਰੀਆਂ ਨਾਲ਼ ਉੱਪਰ ਤੱਕ ਲੱਦੇ ਤਿੰਨ ਗੱਡੇ ਅੰਦਰ ਆਏ ਤਾਂ ਪੱਲੇਦਾਰ ਹੈਰਾਨ ਹੋ ਗਏ।

"ਉੱਠ ਤਾਇਆ। ਗੱਡੇ ਆ ਗਏ। ਮਾਲ ਉੱਤਾਰ ਕੇ ਅੰਦਰ ਲਿਆਉਣਾ ਹੈ।"

"ਤਾਏ ਨੂੰ ਬੋਰੀਆਂ ਢੋਣ ਲਈ ਉਠਾਲ ਰਿਹੈਂ। ਕੀ ਉਹਨੂੰ ਅਫੀਮ ਦੀ ਗੋਲ਼ੀ ਦਿੱਤੀ ਹੋਈ ਹੈ ?" ਇੱਕ ਹੋਰ ਬਜ਼ੁਰਗ ਪੱਲੇਦਾਰ ਨੇ ਲੰਮੇ ਪਿਆਂ ਹੀ ਸਿਰ ਉੱਪਰ ਉਠਾਇਆ।

"ਡਬਲ ਗੋਲ਼ੀ ਦਿੱਤੀ ਹੈ। ਦਿੱਸਦਾ ਨਹੀਂ ... ਤਾਏ ਦਾ ਚਿਹਰਾ ਧੁੱਪ ਵਾਂਗ ਚਮਕਦਾ ਹੈ।" ਨੌਜੁਆਨ ਪੱਲੇਦਾਰ ਨੇ ਹੱਸਦਿਆਂ ਕਿਹਾ।

"ਫਿਕਰ ਨਾ ਕਰ। ਬੁੜਾ ਬਲਦ ਦਿਨ ਢਲੇ ਤੱਕ ਬਿਨਾਂ ਪਾਣੀ ਪੀਤਿਆਂ ਤੇ ਬਿਨਾਂ ਪਿਸ਼ਾਬ ਕੀਤਿਆਂ ਬੋਰੀਆਂ ਢੋਂਹਦਾ ਰਹੇਗਾ। ... ਕਾਕਾ, ਰਾਤ ਨੂੰ ਇਹਨੂੰ ਸੇਰ-ਅੱਧ ਸੇਰ ਦੁੱਧ ਜ਼ਰੂਰ ਪਿਲਾ ਦਿਉ ਤਾਂ ਕਿ ਮਾਵੇ ਦੀ ਖੁਸ਼ਕੀ ਦੂਰ ਹੋ ਸਕੇ।"

"ਚਾਚਾ, ਚਿੰਤਾ ਨਾ ਕਰ। ਤਾਏ ਦੀ ਖੁਰਾਕ ਦਾ ਮੈਂ ਬਹੁਤ ਧਿਆਨ ਰੱਖਦਾ ਹਾਂ। ਬਿਨਾਂ ਖੁਰਾਕ ਖਾਧੇ ਇਸ ਉਮਰ 'ਚ ਵੱਛੇ ਜਿੰਨੀ ਤਾਕਤ ਨਹੀਂ ਹੋ ਸਕਦੀ।" ਨੌਜੁਆਨ ਪੱਲੇਦਾਰ ਨੇ ਵਿਸ਼ਵਾਸ ਦੁਆਇਆ ਅਤੇ ਉਹ ਆਪਣੀ-ਆਪਣੀ ਬੋਰੀ ਪਿੱਠ 'ਤੇ ਬੰਨ੍ਹ ਕੇ ਤੇ ਸਿਰ ਉੱਤੇ ਸਾਫੇ ਲਪੇਟਦੇ ਹੋਏ ਗੱਡਿਆਂ ਵੱਲ ਨੂੰ ਤੁਰ ਪਏ।

ਛਿੱਬੂ ਦੇ ਹੱਥ ਵਿੱਚ ਪੁੜੀਆਂ ਦੇਖ ਕੇ ਕਾਲੂ ਉਹਦੀ ਵੱਲ ਨੂੰ ਹੋ ਗਿਆ, "ਕੀ ਲਿਆਇਆਂ ?"

"ਪਾਨ ... ਜਰਦੇ ਵਾਲ਼ਾ।"

"ਕਿਹਦੇ ਲਈ ? ਤੂੰ ਤਾਂ ਗੋਲ਼ੀ ਖਾਂਦਾ ਆਂ ?"

"ਮੁਨੀਮ ਦੇ ਲਈ। ਉਹ ਪਾਨ ਦਾ ਬਹੁਤ ਸ਼ੋਕੀਨ ਹੈ। ਮੁਫਤ ਦਾ ਮਿਲ ਜਾਏ ਤਾਂ ਉਹਦਾ ਸੁੱਕੇ ਬੇਰ ਵਰਗਾ ਚੇਹਰਾ ਵੀ ਮੱਕੀ ਦੀ ਖਿੱਲ ਵਾਂਗ ਖਿੜ੍ਹ ਜਾਂਦਾ ਹੈ।" ਛਿੱਬੂ ਨੇ ਖੱਬੀ ਅੱਖ ਦੱਬੀ, "ਕੀ ਤੂੰ ਪਰਚੇ ਉਹਨੂੰ ਮੋੜ੍ਹ ਦਿੱਤੇ ਹਨ ?"

"ਕਿੱਥੇ, ਉਹਨੇ ਮੈਨੂੰ ਜਾਂਦੇ ਨੂੰ ਹੀ ਝਿੜਕ ਦਿੱਤਾ।" ਕਾਲੂ ਨੇ ਇਤਰਾਜ਼ ਕੀਤਾ।

"ਕੋਈ ਗੱਲ ਨਹੀਂ। ਮੇਰੇ ਪਿੱਛੇ-ਪਿੱਛੇ ਆ ਜਾ। ਹੁਣੇ ਥੋੜ੍ਹੇ ਚਿਰ ਵਿੱਚ ਸਭ ਕੁੱਝ

ਠੀਕ ਹੋ ਜਾਵੇਗਾ।" ਕਾਲੂ ਨੂੰ ਆਪਣੇ ਪਿੱਛੇ ਆਉਣ ਦਾ ਇਸ਼ਾਰਾ ਕਰਦਾ ਹੋਇਆ ਛਿੱਬੂ ਦੁਕਾਨ ਵੱਲ ਨੂੰ ਤੁਰ ਪਿਆ। ਕਾਲੂ ਵੀ ਲੰਮੀਆਂ-ਲੰਮੀਆਂ ਲਾਂਘਾਂ ਭਰਦਾ ਹੋਇਆ ਉਹਦੇ ਪਿੱਛੇ ਤੁਰ ਪਿਆ।

ਥੋੜ੍ਹੇ ਹੀ ਚਿਰ ਬਾਅਦ ਛਿੱਬੂ ਤੇ ਕਾਲੂ ਦੁਕਾਨ ਤੋਂ ਮੁੜ ਆਏ ਅਤੇ ਆਪਸ ਵਿੱਚ ਘੁਸਰ-ਫੁਸਰ ਕਰਨ ਲੱਗੇ।

ਕਾਲ਼ੀ ਪਰੇਸ਼ਾਨ ਹੋਣ ਲੱਗਾ ਕਿ ਉਹਦੇ ਕਾਰਨ ਉਨ੍ਹਾਂ ਨੂੰ ਮੁਸੀਬਤ ਦਾ ਸਾਮਣਾ ਕਰਨਾ ਪੈ ਰਿਹਾ ਹੈ। ਉਹਨੇ ਨੀਵੀਂ ਪਾ ਲਈ ਤੇ ਸੋਚਣ ਲੱਗਾ ਕਿ ਉਹ ਉਨ੍ਹਾਂ ਦੀ ਪਰੇਸ਼ਾਨੀ ਕਿਵੇਂ ਦੂਰ ਕਰ ਸਕਦਾ ਹੈ। ਪਰ ਉਸ ਦੀ ਸਮਝ ਵਿੱਚ ਕੁੱਝ ਨਹੀਂ ਸੀ ਆ ਰਿਹਾ। ਉਸ ਨੇ ਅੱਖਾਂ ਬੰਦ ਕਰ ਲਈਆਂ ਤੇ ਇਸ ਤਰ੍ਹਾਂ ਲੰਮਾ ਪੈ ਗਿਆ ਜਿਵੇਂ ਉਹਨੂੰ ਨੀਂਦ ਆ ਗਈ ਹੋਵੇ। ਲੇਕਿਨ ਉਹ ਕੰਨ ਖੜ੍ਹੇ ਕਰਕੇ ਬਹੁਤ ਹੀ ਸੁਚੇਤ ਮਨ ਨਾਲ਼ ਉਨ੍ਹਾਂ ਦੀਆਂ ਗੱਲਾਂ ਸੁਣਨ ਦੀ ਕੋਸ਼ਿਸ਼ ਕਰਦਾ ਰਿਹਾ। ਉਨ੍ਹਾਂ ਦੀ ਗੱਲ ਬਾਤ ਵਿੱਚ ਆਪਣਾ ਜ਼ਿਕਰ ਨਾ ਸੁਣ ਕੇ ਉਸ ਨੂੰ ਸੁਖ ਦਾ ਸਾਹ ਆਇਆ।

ਛਿੱਬੂ ਤੇ ਕਾਲੂ ਗੱਲਾਂ ਕਰਦੇ-ਕਰਦੇ ਕਾਲੀ ਦੇ ਨੇੜੇ ਆ ਗਏ। ਕਾਲੂ ਦੇ ਮੋਢੇ 'ਤੇ ਹੱਥ ਰੱਖ ਕੇ ਛਿੱਬੂ ਨੇ ਉਸ ਨੂੰ ਸਮਝਾਇਆ, "ਤੂੰ ਤਾਂ ਛੋਟੀ ਤੋਂ ਛੋਟੀ ਗੱਲ ਨੂੰ ਲੈ ਕੇ ਪਰੇਸ਼ਾਨ ਹੋ ਜਾਦਾ ਹੈਂ। ਤੈਨੂੰ ਵਹਿਮ ਹੋ ਗਿਆ ਹੈ। ਮੁਨੀਮ ਦੀਆਂ ਆਪਣੀਆਂ ਮਜ਼ਬੂਰੀਆਂ ਹਨ। ... ਮਾਲ ਤਾਂ ਉਹਨੇ ਭਿਜਵਾਉਣਾ ਹੀ ਹੈ।"

"ਜੇ ਉਹਨੇ ਦੂਸਰੇ ਰੇੜ੍ਹੇ ਵਾਲ਼ੇ ਨੂੰ ਦੇ ਦਿੱਤਾ ?" ਕਾਲੂ ਨੇ ਸ਼ੱਕ ਜਾਹਿਰ ਕੀਤਾ।

"ਦੂਜੇ ਰੇੜ੍ਹੇ ਵਾਲਿਆਂ ਕੋਲ਼ ਕੀ ਧਰਮਰਾਜ ਦੀ ਚਿੱਠੀ ਹੈ ਕਿ ਉਹ ਬਹੁਤ ਇਮਾਨਦਾਰ ਹਨ। ਤੈਨੂੰ ਗੈਂਡੇ ਦੁਕਾਨਦਾਰ ਦੀ ਗੱਲ ਕਰਨੀ ਹੀ ਨਹੀਂ ਚਾਹੀਦੀ ਸੀ।"

"ਮੈਂ ਤਾਂ ਐਂਵੇ ਸਧਾਰਨ ਹੀ ਗੱਲ ਕੀਤੀ ਸੀ ਕਿ ਗੈਂਡਾ ਦੁਕਾਨਦਾਰ ਪੁੱਛ ਰਿਹਾ ਸੀ ਕਿ ਬੋਰੀਆਂ ਦਾ ਤੋਲ ਠੀਕ ਹੈ। ਕਿਤੇ ਸੂਏ ਮਾਰ ਕੇ ਖੰਡ ਤਾਂ ਨਹੀਂ ਕੱਢ ਲਈ। ਇਹਦੇ ਵਿੱਚ ਕੀ ਮਾੜੀ ਗੱਲ ਆ ?" ਕਾਲੂ ਨੇ ਇਤਰਾਜ਼ ਵਿੱਚ ਸਿਰ ਮਾਰਿਆ, "ਮੁਨੀਮ ਜੀ ਨੇ ਮਖੌਲ ਵਿੱਚ ਕਹੀ ਗੱਲ ਨੂੰ ਉਲਟਾ ਲੈ ਲਿਆ। ਸਾਨੂੰ ਹੀ ਚੋਰ ਦੱਸਣ ਲੱਗਾ।"

"ਭਰਾਵਾ ਗੁੱਸਾ ਨਾ ਕਰ। ਮੁਨੀਮ ਤੇ ਆਪਣਾ ਬਹੁਤ ਫਰਕ ਹੈ। ... ਅਸੀਂ ਹਾਂ ਰੇੜ੍ਹੇ ਵਾਲ਼ੇ ਅਤੇ ਉਹ ਹੈ ਸੇਠ ਕੁੰਦਨ ਲਾਲ ਦਾ ਮੁਨੀਮ।" ਛਿੱਬੂ ਨੇ ਸਮਝਾਇਆ।

"ਸੇਠ ਵੀ ਤਾਂ ਉਹਦੇ 'ਤੇ ਹਜ਼ਾਰਾਂ ਰੁਪਇਆਂ ਦਾ ਯਕੀਨ ਕਰਦਾ ਹੈ। ਕੀ ਉਹ ਸਾਡੇ 'ਤੇ ਸੈਂਕੜੇ ਰੁਪਇਆਂ ਦਾ ਯਕੀਨ ਨਹੀਂ ਕਰ ਸਕਦਾ ? ਮੁਨੀਮ, ਪਤਾ ਨਹੀਂ, ਸੱਤ ਦਿਨ, ਪੰਦਰਾਂ ਦਿਨ ਜਾਂ ਮਹੀਨੇ ਬਾਅਦ ਹਿਸਾਬ ਦਿੰਦਾ ਹੈ। ਅਸੀਂ ਤਾਂ ਫੇਰੇ ਤੋਂ ਮੁੜਦੇ ਹੀ ਹਿਸਾਬ ਦੇ ਦਿੰਦੇ ਹਾਂ।" ਕਾਲੂ ਨੇ ਭਰਵੱਟੇ ਉੱਪਰ ਚੜ੍ਹਾ ਕੇ ਚਿਤਾਵਨੀ ਦਿੱਤੀ, "ਮੈਨੂੰ ਤਾਂ ਉਹਦੀ ਨੀਅਤ 'ਤੇ ਸ਼ੱਕ ਹੈ। ਉਹ ਜ਼ਰੂਰ ਕੋਈ ਦੂਸਰਾ ਰੇੜ੍ਹਾ ਲਾਉਣਾ ਚਾਹੁੰਦਾ ਹੈ।"

"ਇੰਨੀ ਛੇਤੀ ਸ਼ੱਕ ਨਾ ਕਰਿਆ ਕਰ। ਉਸ ਨੇ ਦੁਪਹਿਰ ਦੇ ਬਾਅਦ ਮਾਲ ਚੁੱਕਣ ਲਈ ਕਿਹਾ ਹੈ। ਦੁਪਹਿਰ ਹੋਣ ਵਿੱਚ ਕਿਹੜੇ ਗੋਡੇ ਰਹਿ ਗਏ ਹਨ। ... ਚੱਲੋ, ਘਰ ਚੱਲਦੇ ਹਾਂ

...ਮਾਂਝੇ ਦੀ ਵੀ ਖ਼ਬਰ ਲੈਣੀ ਹੈ। ਪਤਾ ਨਹੀਂ ਹਕੀਮ ਦੀ ਦਵਾਈ ਨੇ ਫਾਇਦਾ ਕੀਤਾ ਹੈ ਜਾਂ ਨਹੀਂ।" ਛਿੱਬੂ ਨੂੰ ਬਹੁਤ ਫਿਕਰ ਸੀ। ਫਿਰ ਸਾਫੇ ਨੂੰ ਮੋਢੇ 'ਤੇ ਰੱਖਦਾ ਹੋਇਆ ਬੋਲਿਆ, "ਪਹਿਲਵਾਨ, ਤੂੰ ਵੀ ਰੋਟੀ-ਪਾਣੀ ਖਾ ਲੈ। ਥੋੜ੍ਹਾ ਅਰਾਮ ਕਰ ਲੈ। ਤੇਰਾ ਪਹਿਲਾ ਦਿਨ ਹੈ। ਥੱਕ ਗਿਆ ਹੋਵੇਂਗਾ। ਰੇੜ੍ਹੇ ਤੋਂ ਬਹੁਤੀ ਦੂਰ ਨਾ ਜਾਈਂ। ਕਈ ਵਾਰ ਲੋਕ ਆਪਣੀ ਸਹੂਲਤ ਲਈ ਰੇੜ੍ਹੇ ਨੂੰ ਉਰੇ-ਪਰ੍ਹੇ ਧੱਕ ਦਿੰਦੇ ਹਨ। ...ਅਸੀਂ ਘਰ ਜਾ ਕੇ ਮਾਂਝੇ ਦੀ ਖ਼ਬਰ ਲੈ ਆਈਏ," ਛਿੱਬੂ ਅਤੇ ਕਾਲੂ ਬੜੇ ਦਰਵਾਜ਼ੇ ਵੱਲ ਨੂੰ ਤੁਰ ਪਏ।

ਕਾਲ਼ੀ ਉਨ੍ਹਾਂ ਨੂੰ ਜਾਂਦਿਆਂ ਦੇਖਦਾ ਰਿਹਾ। ਉਹਨੂੰ ਉਨ੍ਹਾਂ ਦੇ ਨਾਲ਼ ਈਰਖਾ ਹੋਣ ਲੱਗੀ ਕਿ ਸ਼ਹਿਰ ਵਿੱਚ ਉਨ੍ਹਾਂ ਦਾ ਘਰ ਹੈ। ਉਹ ਉਨ੍ਹਾਂ ਦੇ ਮਕਾਨ ਬਾਰੇ ਸੋਚਣ ਲੱਗਾ। ਉਸ ਦੀਆਂ ਨਜ਼ਰਾਂ ਮੰਡੀ ਵਿੱਚ ਚਾਰੇ ਪਾਸੇ ਵੱਡੇ ਵੱਡੇ ਅਤੇ ਉੱਚੇ ਚੁਬਾਰਿਆਂ 'ਤੇ ਘੁੰਮਣ ਲੱਗੀਆਂ। ਸਾਰੇ ਚੁਬਾਰਿਆਂ ਦੀਆਂ ਖਿੜਕੀਆਂ ਮੰਡੀ ਵੱਲ ਨੂੰ ਖੁੱਲਦੀਆਂ ਸਨ ਅਤੇ ਉਨ੍ਹਾਂ ਉੱਪਰ ਨੀਲੇ, ਲਾਲ, ਪੀਲੇ ਰੰਗਾਂ ਦੇ ਸ਼ੀਸ਼ੇ ਲੱਗੇ ਹੋਏ ਸਨ। ਕਾਲ਼ੀ ਨੂੰ ਆਪਣੀ ਕੋਠੜੀ ਯਾਦ ਆਉਣ ਲੱਗੀ ਤਾਂ ਉਹ ਉਦਾਸ ਹੋ ਗਿਆ। ਉਹ ਰੇੜ੍ਹੇ ਨੂੰ ਚੰਗੀ ਤਰ੍ਹਾਂ ਊਟਣੇ 'ਤੇ ਟਿਕਾ ਕੇ ਅਤੇ ਉਸ ਦੇ ਪਹੀਆਂ ਦੇ ਪਿੱਛੇ ਛੋਟੇ-ਛੋਟੇ ਪੱਥਰ ਰੱਖ ਕੇ ਤੰਦੂਰ ਦੀ ਭਾਲ਼ ਵਿੱਚ ਇੱਧਰ-ਉੱਧਰ ਦੂਰ ਤੱਕ ਝਾਕਣ ਲੱਗਾ। ਫਿਰ ਇੱਕ ਥਾਂ ਰੋਟੀਆਂ ਥੱਪਣ ਦੀ ਅਵਾਜ਼ ਸੁਣ ਕੇ ਉੱਧਰ ਨੂੰ ਤੁਰ ਪਿਆ।

ਸ਼ਾਮ ਤੱਕ ਛਿੱਬੂ, ਕਾਲੂ ਅਤੇ ਕਾਲ਼ੀ ਨੇ ਚੌਂਕ ਪੰਜਪੀਰ, ਅਟਾਰੀ ਬਜ਼ਾਰ ਅਤੇ ਭੈਰੋਂ ਬਜ਼ਾਰ ਦੇ ਤਿੰਨ ਚੱਕਰ ਹੋਰ ਲਾਏ। ਤਿੰਨੇ ਜਣੇ ਬਹੁਤ ਥੱਕ ਗਏ ਸਨ ਪਰ ਕਾਲ਼ੀ ਦਾ ਤਾਂ ਬਹੁਤ ਹੀ ਬੁਰਾ ਹਾਲ ਸੀ। ਉਸ ਦੇ ਸਾਰੇ ਸਰੀਰ ਵਿੱਚ ਚੀਸਾਂ ਪੈ ਰਹੀਆਂ ਸਨ। ਉਪਰੋਂ ਛਿਪਦੇ ਹੋਏ ਸੂਰਜ ਕਰਕੇ ਉਹ ਹੋਰ ਵੀ ਪਰੇਸ਼ਾਨ ਹੋ ਰਿਹਾ ਸੀ। ਉਸ ਨੂੰ ਇਹ ਚਿੰਤਾ ਸਤਾ ਰਹੀ ਸੀ ਕਿ ਉਹ ਰਾਤ ਕਿੱਥੇ ਕੱਟੇਗਾ। ਪਹਿਲਾਂ ਤਾਂ ਉਹ ਸਾਰਾ ਦਿਨ ਘੁੰਮਦਾ ਫਿਰਦਾ ਰਾਤ ਕੱਟਣ ਦਾ ਕੋਈ ਨਾ ਕੋਈ ਠਿਕਾਣਾ ਬਣਾ ਲੈਂਦਾ ਸੀ।

ਕਾਲ਼ੀ ਰੇੜ੍ਹੇ ਦੇ ਊਟਣੇ ਉੱਥੇ ਬੈਠਾ ਆਪਣੇ-ਆਪ ਨੂੰ ਇੱਕ ਹੱਥ ਨਾਲ਼ ਚਾਦਰ ਨਾਲ਼ ਹਵਾ ਝੱਲਦਾ ਤੇ ਦੂਜੇ ਹੱਥ ਨਾਲ਼ ਕਦੀ ਪਿੰਨੀਆਂ ਨੂੰ ਘੁੱਟਦਾ ਤੇ ਕਦੀ ਪੱਟਾਂ 'ਤੇ ਹੱਥ ਫੇਰਦਾ। ਉਹ ਜਿਥੇ ਵੀ ਹੱਥ ਲਾਉਂਦਾ ਉਹਨੂੰ ਦਰਦ ਨਾਲ਼ ਚੀਸ ਮਹਿਸੂਸ ਹੁੰਦੀ। ਉਹ ਕਦੀ-ਕਦੀ ਦੁਕਾਨ ਵੱਲ ਵੀ ਦੇਖ ਲੈਂਦਾ ਜਿਥੇ ਮੁਨੀਮ ਦੀ ਗੱਦੀ ਦੇ ਸਾਹਮਣੇ ਖੜ੍ਹੇ ਛਿੱਬੂ ਅਤੇ ਕਾਲੂ ਦਿਨ-ਭਰ ਦੀ ਕਮਾਈ ਦਾ ਹਿਸਾਬ ਕਰ ਰਹੇ ਸਨ। ਮੁਨੀਮ ਆਪਣੇ ਬਹੀ-ਖਾਤੇ ਵਿੱਚ ਰੁੱਝਾ ਹੋਇਆ ਸੀ ਅਤੇ ਉਹ ਉਡੀਕ ਕਰਦੇ ਆਪਣੀ ਖਿੱਝ ਅਤੇ ਥਕਾਵਟ 'ਤੇ ਕਾਬੂ ਪਾਣ ਲਈ ਘੜੀ-ਘੜੀ ਪਾਸੇ ਮਾਰ ਰਹੇ ਸਨ।

ਮੁਨੀਮ ਨੇ ਬਹੀ-ਖਾਤੇ ਤੋਂ ਵਿਹਲਾ ਹੋ ਕੇ ਉਨ੍ਹਾਂ ਵੱਲ ਦੇਖਿਆ ਅਤੇ ਤਲਖ਼ ਅਵਾਜ਼ ਵਿੱਚ ਪੁੱਛਿਆ, "ਕੀ ਗੱਲ ਆ ? ਕਿਓ ਮੇਰੇ ਸਿਰ 'ਤੇ ਜਮਦੂਤ ਬਣਕੇ ਖੜ੍ਹੇ ਹੋ ?"

"ਮੁਨੀਮ ਜੀ, ਅਸੀਂ ਤਾਂ ਤੁਹਾਡੇ ਦਾਸ ਹਾਂ।" ਛਿੱਬੂ ਉਸ ਦੇ ਪੈਰਾਂ 'ਤੇ ਝੁਕ ਗਿਆ। ਫਿਰ ਉਂਗਲੀਆਂ ਅਗੂੰਠੇ ਨਾਲ਼ ਜੋੜ ਕੇ ਮੂੰਹ ਵੱਲ ਚੁੱਕ ਲਈਆਂ, "ਅੱਜ ਦਾ ਅੰਨ-ਦਾਣਾ

ਲੈਣ ਲਈ ਖੜ੍ਹੇ ਹਾਂ। ਘਰ ਜਾ ਕੇ ਮਾਂਝੇ ਦਾ ਵੀ ਹਾਲ ਦੇਖਣਾ ਹੈ। ਖ਼ੂਨ ਦੇ ਦਸਤ ਲੱਗੇ ਹੋਏ ਹਨ। ਉਪਰੋਂ ਤਾਪ ਵੀ ਚੜ੍ਹ ਗਿਆ ਹੈ।"

ਉਹਨੂੰ ਮਾਵਾ ਘੱਟ ਦਿਆ ਕਰ। ... ਉਹਨੂੰ ਖ਼ੂਨੀ ਦਸਤ ਨਾ ਲੱਗਣਗੇ ਤਾਂ ਕੀ ਦੁੱਧ ਦੇ ਜਲਾਬ ਆਉਣਗੇ।" ਮੁਨੀਮ ਨੇ ਐਨਕ ਨੱਕ ਤੋਂ ਥੱਲੇ ਖਿਸਕਾ ਕੇ ਛਿੱਬੂ ਵੱਲ ਦੇਖਿਆ।

"ਮੁਨੀਮ ਜੀ, ਅਸੀਂ ਕੀ ਕਰ ਸਕਦੇ ਹਾਂ। ਉਹਨੂੰ ਬਥੇਰਾ ਕਿਹਾ ਸੀ। ਉਹ ਮੰਨਦਾ ਹੀ ਨਹੀਂ।" ਛਿੱਬੂ ਨੇ ਹੱਥ ਹਿਲਾ ਕੇ ਬੇਬਸੀ ਜ਼ਾਹਿਰ ਕਰਦਿਆਂ ਕਿਹਾ।

"ਬੱਚੂ, ਤੁਸੀਂ ਬਹੁਤ ਹੁਸ਼ਿਆਰ ਹੋ। ... ਉਹ ਤਾਂ ਮੰਨ ਜਾਵੇ ਪਰ ਤੁਸੀਂ ਉਹਨੂੰ ਸਮਝਾਉਣਾ ਹੀ ਨਹੀਂ ਚਾਹੁੰਦੇ। ...ਮਾਵੇ ਦੀ ਗੋਲ਼ੀ ਖਾ ਕੇ ਮਾਂਝਾ ਬੀਂਡੀ ਲੱਗ ਜਾਂਦਾ ਹੈ। ਝੋਟੇ ਦੀ ਤਰ੍ਹਾਂ ਗਰਦਣ ਸਿੱਟ ਕੇ ਰੇੜ੍ਹਾ ਖਿੱਚਦਾ ਹੈ ਅਤੇ ਤੁਸੀਂ ਚੀਚੀ ਨਾਲ਼ ਉਹਨੂੰ ਧੱਕਾ ਲਾਉਂਦੇ ਰਹਿੰਦੇ ਹੋ। ਗੱਲ ਕਰੋ ਸਵਾਰਥ ਦੀ।" ਮੁਨੀਮ ਨੇ ਹੋਰ ਵੀ ਤੇਜ਼ ਨਜ਼ਰਾਂ ਨਾਲ਼ ਛਿੱਬੂ ਅਤੇ ਕਾਲੂ ਵੱਲ ਦੇਖਿਆ।

ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ ਪਰ ਕਾਲ਼ੀ ਜ਼ਰੂਰ ਘਬਰਾ ਗਿਆ ਕਿ ਹਰ ਰੋਜ਼ ਬੀਂਡੀ ਲੱਗਣ ਨਾਲ਼ ਇੱਕ ਦਿਨ ਉਹਨੂੰ ਵੀ ਖ਼ੂਨੀ ਦਸਤ ਲੱਗ ਸਕਦੇ ਹਨ। ਉਹਦੇ ਕੋਲ਼ ਨਾ ਤਾਂ ਪੈਸੇ ਹਨ ਤੇ ਨਾ ਟਿਕਾਣਾ। ਆਦਮੀ ਤਾਂ ਕੀ, ਸ਼ਹਿਰ ਦੇ ਕੁੱਤੇ ਵੀ ਉਹਦੇ ਪੈਰ ਨਹੀਂ ਲੱਗਣ ਦਿੰਦੇ। ਉਹਨੂੰ ਸੱਚੀਂ ਆਪਣੇ ਢਿੱਡ ਵਿੱਚ ਗੁੜ-ਗੁੜ ਜਿਹੀ ਮਹਿਸੂਸ ਹੋਣ ਲੱਗੀ ਜਿਵੇਂ ਉਹਦੇ ਅੰਦਰ ਕੋਈ ਚੀਜ਼ ਘੁੰਮ ਰਹੀ ਹੋਵੇ ਜਿਹੜੀ ਪਿੱਛੇ ਕੋਈ ਚੀਸ ਜਿਹੀ ਛੱਡ ਰਹੀ ਸੀ।

ਕੁਸ਼ ਹੀ ਸਮੇਂ ਪਿੱਛੋਂ ਮੁਨੀਮ ਤੋਂ ਪੈਸੇ ਲੈ ਕੇ ਛਿੱਬੂ ਅਤੇ ਕਾਲੂ ਦੁਕਾਨ ਤੋਂ ਬਾਹਰ ਆ ਗਏ। ਉਨ੍ਹਾਂ ਨੇ ਪੈਸੇ ਆਪਸ ਵਿੱਚ ਵੰਡ ਕੇ ਪਤੂਹੀ ਦੀ ਅੰਦਰਲੀ ਜੇਬ ਵਿੱਚ ਪਾ ਲਏ। ਫੇਰ ਉਹ ਕਾਲ਼ੀ ਦੇ ਕੋਲ਼ ਆ ਗਏ। ਛਿੱਬੂ ਨੇ ਦੋ ਚਵਾਨੀਆਂ ਕਾਲ਼ੀ ਦੇ ਹੱਥ ਤੇ ਰੱਖਦਿਆਂ ਕਿਹਾ, "ਪਹਿਲਵਾਨ, ਆਹ ਲਉ ਅੱਠ ਆਨੇ। ਦਸ ਆਨੇ ਤੇਰੀ ਮਜ਼ਦੂਰੀ ਬਣੀ ਸੀ। ਦੋ ਆਨੇ ਰੇੜ੍ਹੇ ਦਾ ਕਿਰਾਇਆ ਕੱਟ ਲਿਆ ਹੈ।"

ਕਾਲ਼ੀ ਨੇ ਹਥੇਲੀ ਤੇ ਚਵਾਨੀਆਂ ਨੂੰ ਹਿਲਾਇਆ ਜਿਵੇਂ ਉਨ੍ਹਾਂ ਨੂੰ ਤੋਲ਼ ਕੇ ਉਨ੍ਹਾਂ ਦਾ ਭਾਰ ਹਾੜ ਰਿਹਾ ਹੋਵੇ। ਫਿਰ ਉਸ ਨੇ ਚਵਾਨੀਆਂ ਵਾਲ਼ੀ ਮੁੱਠ ਮੱਥੇ ਨੂੰ ਲਾਈ ਕਿਉਂਕਿ ਸ਼ਹਿਰ ਆਉਣ ਤੋਂ ਬਾਅਦ ਇਹ ਉਹਦੀ ਪਹਿਲੀ ਕਮਾਈ ਸੀ। ਕਾਲ਼ੀ ਵੱਲ ਦੇਖ ਕੇ ਛਿੱਬੂ ਨੇ ਮੁਸਕਰਾਂਦਿਆ ਪੁੱਛਿਆ, "ਪਹਿਲਵਾਨ, ਕਿੱਥੇ ਰਹਿੰਦਾ ਹੈਂ ? ਮੇਰਾ ਮਤਲਬ, ਤੂੰ ਕੋਈ ਕਮਰਾ ਲਿਆ ਹੋਇਆ ਹੈ।"

"ਨਹੀਂ ਜੀ।" ਕਾਲ਼ੀ ਨੇ ਬੈਠੇ-ਬੈਠੇ ਅੱਖਾਂ ਉੱਪਰ ਚੁੱਕ ਕੇ ਛਿੱਬੂ ਵੱਲ ਦੇਖਿਆ।

"ਤਾਂ ਰਾਤ ਨੂੰ ਕਿੱਥੇ ਰਹਿੰਦਾ ਹੈਂ ?" ਛਿੱਬੂ ਨੇ ਹੈਰਾਨੀ ਨਾਲ਼ ਪੁੱਛਿਆ। ਫਿਰ ਉਹ ਇੱਕ ਦਮ ਸੁੰਨ ਜਿਹਾ ਹੋ ਗਿਆ ਜਿਵੇਂ ਉਸ ਨੂੰ ਆਪਣੇ ਪੁਰਾਣੇ ਦਿਨ ਯਾਦ ਆ ਗਏ ਹੋਣ। ਉਹ ਕਾਲੂ ਦੇ ਮੋਢੇ 'ਤੇ ਹੱਥ ਰੱਖ ਕੇ ਘੁਸਰ-ਫੁਸਰ ਕਰਨ ਲੱਗਾ।

"ਕਿਉਂ ਕਾਲੂ ? ਇਹਨੂੰ ਆਪਣੇ ਕੋਲ਼ ਹੀ ਨਾ ਰੱਖ ਲਈਏ। ਰਾਤ ਨੂੰ ਕਿੱਥੇ ਜਾਊਗਾ। ਫਿਰ ਇਹਨੇ ਸਵੇਰ ਨੂੰ ਕੰਮ 'ਤੇ ਵੀ ਆਉਣਾ ਹੈ 'ਤੇ ਰੇੜ੍ਹੇ ਨੂੰ ਬੀਂਡੀ ਜੁੜਣਾ ਹੈ।"

"ਦੇਖ ਲਾ। ਪਰਾਏ ਆਦਮੀ ਤੇ ਇੰਨੀ ਛੇਤੀ ਭਰੋਸਾ ਕਰਨ ਵਿੱਚ ਖਤਰਾ ਹੋ ਸਕਦਾ ਹੈ। ਇਹਦੇ ਨਾ ਘਰ ਦਾ ਪਤਾ ਹੈ ਨਾ ਘਾਟ ਦਾ। ਕਿਹੜੇ ਪਿੰਡ ਦਾ ਹੈ, ਕਿਹੜੀ ਜਾਤ ਦਾ ਹੈ।" ਕਾਲੂ ਨੇ ਸ਼ੱਕ ਜ਼ਾਹਿਰ ਕਰਦਿਆਂ ਕਿਹਾ।

"ਜਾਤ ਤਾਂ ਆਪਣੀ ਹੀ ਹੋਣੀ ਹੈ।" ਛਿੱਬੂ ਨੇ ਅੰਦਾਜ਼ਾ ਲਾਇਆ।

"ਕਿਤੇ ਬਾਜੀਗਰ ... ਸਾਂਹਸੀ ਨਾ ਹੋਵੇ। ਇਹ ਲੋਕ ਜਰਾਇਮ ਪੇਸ਼ਾ ਮੰਨੇ ਜਾਂਦੇ ਹਨ।" ਕਾਲੂ ਨੇ ਆਪਣੀ ਜਾਣਕਾਰੀ 'ਤੇ ਖੁਸ਼ ਹੋ ਕੇ ਭਰਵੱਟੇ ਚੜ੍ਹਾਏ।

ਛਿੱਬੂ ਨੂੰ ਸੋਚ ਵਿੱਚ ਪਿਆ ਦੇਖ ਕੇ ਕਾਲ਼ੀ ਦਾ ਦਿਲ ਘੱਟਣ ਲੱਗਾ ਅਤੇ ਰਾਤ ਦੇ ਹਨੇਰੇ ਦੀ ਸਿਆਹੀ ਉਹਦੇ ਦਿਲ ਅਤੇ ਦਿਮਾਗ 'ਤੇ ਛਾਉਣ ਲੱਗੀ। ਛਿੱਬੂ ਨੇ ਆਪਣਾ ਹੱਥ ਕਾਲੂ ਦੇ ਮੋਢੇ ਤੇ ਰੱਖ ਦਿੱਤਾ, "ਯਾਰਾ, ਇਹਨੂੰ ਕੋਠੇ 'ਤੇ ਸੁਲਾ ਦੇਵਾਂਗੇ। ਛੱਤ 'ਤੇ ਇੱਕ ਟੁੱਟੀ ਮੰਜੀ ਹੀ ਪਈ ਹੈ। ਉਹਨੂੰ ਚੁੱਕ ਕੇ ਕਿੱਥੇ ਲੈ ਜਾਊਗਾ। ਬਾਕੀ ਕਮਰੇ ਦਾ ਦਰਵਾਜ਼ਾ ਅੰਦਰੋਂ ਹਰ ਰੋਜ਼ ਵਾਂਗ ਬੰਦ ਕਰਨਾ ਹੀ ਹੈ।"

"ਤੇਰੀ ਮਰਜ਼ੀ ਹੈ।" ਕਾਲੂ ਨੇ ਗੱਲ ਮੁਕਾਈ।

ਕਾਲੂ ਦੇ ਮੋਢੇ ਤੋਂ ਹੱਥ ਚੁੱਕ ਕੇ ਛਿੱਬੂ ਕਾਲ਼ੀ ਵੱਲ ਨੂੰ ਮੁੜ ਪਿਆ, "ਪਹਿਲਵਾਨ, ਕਿੱਥੇ ਜਾਊਂਗਾ ਰਾਤ ਨੂੰ ? ਸ਼ਹਿਰ ਦਾ ਮਾਮਲਾ ਹੈ। ਇੱਥੇ ਤਾਂ ਬਿਨਾਂ ਪੈਸਾ ਲਏ ਕੋਈ ਜ਼ਖਮ ਤੇ ਪਿਸ਼ਾਬ ਵੀ ਨਹੀਂ ਕਰਦਾ। ਆ, ਮੇਰੇ ਨਾਲ਼।"

ਰੇੜ੍ਹੇ ਨੂੰ ਚੰਗੀ ਤਰ੍ਹਾਂ ਸਾਂਭ ਕੇ ਛਿੱਬੂ ਅਤੇ ਕਾਲੂ ਵੱਡੇ ਦਰਵਾਜ਼ੇ ਵੱਲ ਨੂੰ ਚਲੇ ਗਏ। ਕਾਲ਼ੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਪਿਆ। ਉਹਦੇ ਅੰਦਰ ਥਕਾਵਟ ਦਾ ਅਹਿਸਾਸ ਖਤਮ ਹੋ ਗਿਆ ਸੀ ਅਤੇ ਦਿਲ ਬਹੁਤ ਖੁਸ਼ ਸੀ ਕਿ ਉਸ ਨੂੰ ਵੀ ਸ਼ਹਿਰ ਵਿੱਚ ਕੁਸ਼ ਸਮੇਂ ਲਈ ਟਿਕਾਣਾ ਮਿਲ਼ ਗਿਆ ਹੈ।

## ਸੱਤ

ਛਿੱਬੂ, ਕਾਲੂ ਅਤੇ ਮਾਂਝੇ ਦੇ ਨਾਲ਼ ਕੰਮ ਕਰਦਿਆਂ ਕਾਲ਼ੀ ਨੂੰ ਇੱਕ ਮਹੀਨਾ ਹੋ ਗਿਆ ਸੀ। ਬਿਮਾਰੀ ਤੋਂ ਠੀਕ ਹੋ ਕੇ ਮਾਂਝਾ ਇੱਕ ਹਫਤੇ ਲਈ ਆਪਣੇ ਪਿੰਡ ਨੂੰ ਚਲੇ ਗਿਆ ਸੀ। ਉਹਦੇ ਮੁੜ ਕੇ ਆਉਣ ਤੋਂ ਬਾਅਦ ਛਿੱਬੂ ਨੂੰ ਪਿੰਡ ਕੋਈ ਕੰਮ ਪੈ ਗਿਆ ਸੀ। ਜਦ ਛਿੱਬੂ ਮੁੜ ਕੇ ਆਇਆ ਤਾਂ ਕਾਲੂ ਨੂੰ ਪਿੰਡ ਜਾਣ ਦੀ ਜ਼ਰੂਰਤ ਪੈ ਗਈ ਸੀ।

ਅੱਧੀ ਮਜ਼ਦੂਰੀ ਮਿਲਣ ਦੇ ਬਾਵਜੂਦ ਵੀ ਕਾਲ਼ੀ ਸੰਤੁਸ਼ਟ ਸੀ ਕਿਉਂਕਿ ਉਸ ਨੂੰ ਰੋਜ਼ਾਨਾ ਕੰਮ ਮਿਲ਼ ਗਿਆ ਸੀ। ਉਹ ਸਵੇਰ ਤੋਂ ਤਿਕਾਲ਼ਾ ਤੱਕ ਰੇੜ੍ਹਾ ਲੱਦਣ, ਖਿੱਚਣ ਅਤੇ ਮਾਲ ਲਾਹੁਣ ਵਿੱਚ ਲੱਗਾ ਰਹਿੰਦਾ ਸੀ। ਉਹਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਮਾਂਝੇ, ਛਿੱਬੂ ਤੇ ਕਾਲੂ ਨੂੰ ਉਸ ਉੱਤੇ ਭਰੋਸਾ ਹੋ ਗਿਆ ਸੀ ਅਤੇ ਥੋੜ੍ਹਾ ਪੜ੍ਹਿਆ ਹੋਣ ਕਰਕੇ ਪਰਚਿਆਂ ਦਾ ਹਿਸਾਬ-ਕਿਤਾਬ ਵੀ ਉਸ ਨੂੰ ਦੇ ਦਿੱਤਾ ਗਿਆ ਸੀ। ਮੁਨੀਮ ਦੀ ਵੀ ਉਸ ਉੱਤੇ ਬੇਇਤਬਾਰੀ

ਖਤਮ ਹੋ ਗਈ ਸੀ। ਹੁਣ ਉਹ ਕਾਲ਼ੀ ਨੂੰ ਦੇਖ ਕੇ ਨੱਕ ਵੀ ਨਹੀਂ ਸੀ ਚੜ੍ਹਾਉਂਦਾ ਅਤੇ ਨਾ ਹੀ ਛੂੰ-ਫਾਂ ਕਰਦਾ ਸੀ।

ਰਾਤ ਨੂੰ ਵੀ ਕਾਲ਼ੀ ਉਨ੍ਹਾਂ ਦੇ ਕੋਲ਼ ਹੀ ਸੌਂ ਜਾਂਦਾ ਸੀ। ਕਬਾੜੀ ਦੀ ਦੁਕਾਨ ਤੋਂ ਉਸ ਨੇ ਇੱਕ ਪੁਰਾਣੀ ਦਰੀ ਖਰੀਦ ਲਈ ਸੀ। ਮੋਟੇ ਕੱਪੜੇ ਦੀ ਕਮੀਜ਼ ਸਮਾ ਲਈ ਸੀ ਅਤੇ ਟਾਇਰਾਂ ਦੀ ਰਬੜ ਵਾਲ਼ੀਆਂ ਚਪਲਾਂ ਵੀ ਲੈ ਲਈਆਂ ਸਨ। ਉਹ ਖਾਣਾ ਵੀ ਇਕੱਠੇ ਖਾਂਦੇ ਸਨ। ਵਿਹਲੇ ਸਮੇਂ ਉਸ ਨੂੰ ਤਾਸ਼ ਖੇਲ੍ਹਣ ਲਈ ਵੀ ਨਾਲ਼ ਲਾ ਲੈਂਦੇ ਸਨ। ਉਨ੍ਹਾਂ ਦਾ ਵਰਤਾਅ ਇਸ ਤਰ੍ਹਾਂ ਦਾ ਹੋ ਗਿਆ ਸੀ ਜਿਵੇਂ ਉਨ੍ਹਾਂ ਦੀ ਕਾਫੀ ਪੁਰਾਣੀ ਜਾਣ ਪਹਿਚਾਣ ਹੋਵੇ। ਉਹ ਕਾਲ਼ੀ ਦੇ ਬੁਰੇ-ਭਲੇ ਦੇ ਬਾਰੇ ਵੀ ਸੋਚਣ ਲੱਗ ਪਏ ਸਨ ਅਤੇ ਤਿੰਨੇ ਦਿਲੋਂ ਚਾਹੁੰਦੇ ਸਨ ਕਿ ਉਸ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਪੂਰੀ ਮਜ਼ਦੂਰੀ ਦੁਆਈ ਜਾ ਸਕੇ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਕਾਲ਼ੀ ਦਾ ਦਿਲ ਲੱਗਾ ਰਹਿੰਦਾ ਸੀ। ਮਨ ਦਾ ਬੋਝ ਹਲਕਾ ਹੋ ਰਿਹਾ ਸੀ। ਅਤੇ ਉਸ ਨੂੰ ਆਪਣੇ ਹੀ ਸਾਹ ਦੀ ਅਵਾਜ਼, ਆਪਣੇ ਹੀ ਪੈਰਾਂ ਦੀ ਆਹਟ ਅਤੇ ਆਪਣੇ ਹੀ ਪਰਛਾਵੇਂ ਤੋਂ ਡਰ ਲੱਗਣਾ ਬੰਦ ਹੋ ਗਿਆ ਸੀ। ਜਦ ਉਹ ਦੋਵਾਂ ਦੇ ਨਾਲ਼ ਤਰਕਾਲ਼ਾਂ ਨੂੰ ਘਰ ਅੰਦਰ ਪੈਰ ਰੱਖਦਾ ਅਤੇ ਸਵੇਰ ਨੂੰ ਉੱਥੋਂ ਹੀ ਕੰਮ ਲਈ ਨਿਕਲਦਾ ਤਾਂ ਕਾਲ਼ੀ ਨੂੰ ਬਹੁਤ ਖੁਸ਼ੀ ਹੁੰਦੀ ਕਿ ਸ਼ਹਿਰ ਵਿੱਚ ਉਹਦਾ ਵੀ ਸਿਰਨਾਵਾਂ ਹੈ।

ਦੁਪਿਹਰ ਦਾ ਖਾਣਾ ਖਾ ਕੇ ਕਾਲ਼ੀ ਰੇੜ੍ਹੇ 'ਤੇ ਹੀ ਲੰਮਾ ਪੈ ਗਿਆ। ਛਿੱਬੂ ਅਤੇ ਮਾਂਝਾ ਪਿੱਪਲ ਦੇ ਥੱਲੇ ਚਲੇ ਗਏ ਸਨ। ਕਾਲ਼ੀ ਨੇ ਚਾਦਰ ਨੂੰ ਗੋਲ਼ ਲਪੇਟ ਕੇ ਕਰਕੇ ਸਿਰ ਦੇ ਥੱਲੇ ਰੱਖ ਲਿਆ ਅਤੇ ਰੌਸ਼ਨੀ ਤੋਂ ਬਚਣ ਲਈ ਅੱਖਾਂ 'ਤੇ ਖੱਬੀ ਬਾਂਹ ਰੱਖ ਲਈ। ਕਾਲ਼ੀ ਸਾਹਮਣੀ ਦੁਕਾਨ 'ਤੇ ਵੀ ਅੱਖ ਰੱਖ ਰਿਹਾ ਸੀ। ਇੱਕ ਆਦਮੀ ਨੂੰ ਕੁੰਦਨ ਲਾਲ ਦੀ ਦੁਕਾਨ ਵੱਲ ਜਾਂਦਾ ਦੇਖ ਕੇ ਉਹ ਪੂਰੀ ਤਰ੍ਹਾਂ ਸੁਚੇਤ ਹੋ ਗਿਆ।

ਛੱਜੂ ਸ਼ਾਹ ਨੂੰ ਦੁਕਾਨ ਦੇ ਸਾਹਮਣੇ ਦੇਖ ਕੇ ਕਾਲ਼ੀ ਬਹੁਤ ਹੀ ਘਬਰਾ ਗਿਆ ਅਤੇ ਉਹਦਾ ਜੀਅ ਕੀਤਾ ਕਿ ਉਹ ਰੇੜ੍ਹੇ ਦੇ ਥੱਲੇ ਲੁੱਕ ਜਾਵੇ। ਉਸ ਨੂੰ ਲੱਗਾ ਕਿ ਉਹ ਹੁਣ ਫੜਿਆ ਜਾਵੇਗਾ। ਜਿਸ ਪਿੰਡ ਤੋਂ ਉਹ ਦੌੜ ਕੇ ਆਇਆ ਸੀ ਉਹ ਹੀ ਪਿੰਡ ਉਹਦੇ ਸਿਰ 'ਤੇ ਆ ਖੜ੍ਹਾ ਹੋਇਆ ਸੀ ਅਤੇ ਅੱਖ ਝਮਕਦੇ ਹੀ ਉਸ ਨੂੰ ਗਲ਼ ਤੋਂ ਫੜ ਲੈਣਗੇ।

ਕਾਲ਼ੀ ਨੇ ਬਾਂਹ ਨਾਲ਼ ਆਪਣਾ ਪੂਰਾ ਮੂੰਹ ਢੱਕ ਲਿਆ ਅਤੇ ਸਾਹ ਰੋਕ ਕੇ ਇਸ ਤਰ੍ਹਾਂ ਪਿਆ ਰਿਹਾ ਜਿਵੇਂ ਗੂੜ੍ਹੀ ਨੀਂਦ ਸੌਂ ਰਿਹਾ ਹੋਵੇ। ਕੁੱਝ ਹੀ ਸਮੇਂ ਵਿੱਚ ਉਸ ਨੂੰ ਠੰਡੀਆਂ ਤੇਲ਼ੀਆਂ ਆਉਣ ਲੱਗ ਪਈਆਂ ਅਤੇ ਉਸ ਨੂੰ ਠੰਡ ਮਹਿਸੂਸ ਹੋਣ ਲੱਗੀ। ਉਹਨੇ ਆਪਣੀਆਂ ਲੱਤਾਂ ਕੱਠੀਆਂ ਕਰ ਲਈਆਂ ਤਾਂ ਕਿ ਛੱਜੂ ਸ਼ਾਹ ਉਸ ਨੂੰ ਦੇਖ ਨਾ ਸਕੇ।

ਛੱਜੂ ਸ਼ਾਹ ਮਿੰਟ ਕੁ ਲਈ ਅਗਲੀ ਦੁਕਾਨ ਦੇ ਸਾਹਮਣੇ ਵੀ ਰੁਕਿਆ। ਉਸ ਨੇ ਮੁਨੀਮ ਨਾਲ਼ ਕੋਈ ਗੱਲ ਬਾਤ ਕੀਤੀ ਅਤੇ ਫੇਰ ਕਾਹਲ਼ੀ ਨਾਲ਼ ਅੱਗੇ ਚਲੇ ਗਿਆ। ਕਾਲ਼ੀ ਚੋਰੀ-ਚੋਰੀ ਉਸ ਨੂੰ ਦੇਖਦਾ ਰਿਹਾ ਅਤੇ ਛੱਜੂ ਸ਼ਾਹ ਨੂੰ ਸਟੇਸ਼ਨ ਵਾਲ਼ੇ ਗੇਟ ਰਾਹੀਂ ਮੰਡੀ ਤੋਂ ਬਾਹਰ ਨਿਕਲ਼ਦਾ ਦੇਖ ਕੇ ਉਹ ਉੱਠ ਕੇ ਬੈਠ ਗਿਆ। ਉਸ ਨੇ ਪੂਰੀ ਚਾਦਰ ਚੁੱਕ ਕੇ ਹੱਥਾਂ ਵਿੱਚ ਫੜ ਲਈ ਅਤੇ ਉਸ ਨਾਲ਼ ਆਪਣਾ ਪਸੀਨਾ ਪੂੰਝਣ ਲੱਗ ਪਿਆ। ਸਰੀਰ ਨੂੰ ਚੰਗੀ

ਤਰ੍ਹਾਂ ਸੁਕਾ ਕੇ ਉਹ ਊਟਣੇ ਵੱਲ ਦੀ ਛਾਲ ਮਾਰ ਕੇ ਰੇੜ੍ਹੇ ਤੋਂ ਥੱਲੇ ਆ ਗਿਆ। ਸਰੀਰ ਦੀ ਸੁਸਤੀ ਅਤੇ ਕਮਜ਼ੋਰੀ ਨੂੰ ਦੂਰ ਕਰਨ ਲਈ ਉਸ ਨੇ ਦੋ ਚਾਰ ਬੈਠਕਾਂ ਕੱਢੀਆਂ ਅਤੇ ਬਾਂਹਾਂ ਤੇ ਲੱਤਾਂ ਨੂੰ ਜ਼ੋਰ ਨਾਲ਼ ਛੰਡਕਿਆ।

"ਕਿਉਂ, ਕੀ ਹੋਇਆ, ਪਹਿਲਵਾਨ। ਕੁਸ਼ਤੀ ਲੜਣ ਦੀ ਤਿਆਰੀ ਕਰ ਰਿਹਾਂ ?" ਛਿੱਬੂ ਨੇ ਹੱਸਦਿਆਂ ਪੁੱਛਿਆ।

"ਨਹੀਂ, ਸੌਣ ਨਾਲ਼ ਸੁਸਤੀ ਪੈ ਗਈ ਸੀ, ਉਹਨੂੰ ਲਾਹ ਰਿਹਾ ਸੀ।" ਕਾਲ਼ੀ ਸ਼ਰਮਿੰਦਾ ਜਿਹਾ ਹੋ ਗਿਆ ਜਿਵੇਂ ਕਿਸੇ ਬਜ਼ੁਰਗ ਨੇ ਉਸ ਨੂੰ ਚੋਚਲੇ ਕਰਦਿਆਂ ਫੜ ਲਿਆ ਹੋਵੇ।

"ਲੈ ਚੱਲ ਰੇੜ੍ਹਾ ਦੁਕਾਨ 'ਤੇ। ਖਿੰਗਰਾ ਗੇਟ ਦਾ ਮਾਲ ਲੱਦਣਾ ਹੈ।" ਛਿੱਬੂ ਦੁਕਾਨ ਵੱਲ ਨੂੰ ਚਲੇ ਗਿਆ।

ਕਾਲ਼ੀ ਰੇੜ੍ਹੇ ਦੇ ਕੋਲ਼ ਖੜ੍ਹਾ ਚਾਰੇ ਪਾਸੇ ਧਿਆਨ ਨਾਲ਼ ਦੇਖਣ ਲੱਗਾ ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ। ਇਹ ਚੇਤਾ ਆਉਂਦੇ ਹੀ ਉਹ ਇੱਕ ਵਾਰ ਫਿਰ ਘਬਰਾ ਗਿਆ ਕਿ ਛੱਜੂ ਸ਼ਾਹ ਦੇ ਨਾਲ਼ ਜਗਤਾ ਵੀ ਗੱਡਾ ਲੈ ਕੇ ਆਇਆ ਹੋਣਾ। ਜੇ ਉਹਦਾ ਗੱਡਾ ਕਿਤੇ ਨੇੜੇ ਤੇੜੇ ਹੋਇਆ ਤਾਂ ਉਹ ਵੀ ਉਹਨੂੰ ਪਛਾਣ ਲਵੇਗਾ। ਮੰਡੀ ਦੇ ਅੰਦਰ ਖੜ੍ਹੇ ਤੇ ਘੁੰਮ ਰਹੇ ਗੱਡਿਆਂ ਵੱਲ ਦੇਖਦਾ ਹੋਇਆ ਕਾਲ਼ੀ ਬਲਦਾਂ ਅਤੇ ਗੱਡੇ ਵਾਲਿਆਂ ਨੂੰ ਪਛਾਨਣ ਦੀ ਕੋਸ਼ਿਸ਼ ਕਰਨ ਲੱਗਾ।

"ਪਹਿਲਵਾਨ, ਕੀ ਕਰ ਰਿਹਾਂ। ਰੇੜ੍ਹਾ ਕਿਉਂ ਨਹੀਂ ਲਿਆਉਂਦਾ ? ਛਿੱਬੂ ਨੇ ਅਵਾਜ਼ ਦਿੱਤੀ।

ਕਾਲ਼ੀ ਚੌਂਕ ਗਿਆ ਅਤੇ ਰੇੜ੍ਹੇ ਨੂੰ ਇੱਕ ਹੱਥ ਨਾਲ਼ ਖਿੱਚਦਾ ਹੋਇਆ ਦੁਕਾਨ ਦੇ ਸਾਹਮਣੇ ਲੈ ਆਇਆ ਅਤੇ ਊਟਣੇ 'ਤੇ ਟਿਕਾ ਕੇ ਦੁਕਾਨ ਦੇ ਅੰਦਰ ਚਲੇ ਗਿਆ। ਬਾਹਰ ਖੜ੍ਹੇ ਮਾਂਝਾ ਅਤੇ ਛਿੱਬੂ ਆਪਣੀ-ਆਪਣੀ ਹਥੇਲੀ 'ਤੇ ਖੈਨੀ ਰਗੜਣ ਲੱਗੇ।

ਕਾਲ਼ੀ ਨੂੰ ਦੇਖ ਕੇ ਮੁਨੀਮ ਨੇ ਜੇਬ ਵਿੱਚੋਂ ਇੱਕ ਆਨਾ ਕੱਢ ਕੇ ਉਹਦੀ ਵੱਲ ਸਿੱਟਦਿਆਂ ਕਿਹਾ, "ਜਾ, ਬਨਾਰਸੀ ਪਾਨ ਵਾਲ਼ੇ ਤੋਂ ਮੇਰੇ ਲਈ ਇੱਕ ਸਪੈਸ਼ਲ ਪਾਨ ਲੈ ਕੇ ਆ। ਉਹਨੂੰ ਕਹੀਂ ਕਿ ਮੁਨੀਮ ਜੀ ਦਾ ਪਾਨ ਹੈ। ਉਹ ਸਮਝ ਜਾਵੇਗਾ ... ਛੇਤੀ ਆਈਂ।"

ਹੱਥ ਵਿੱਚ ਆਨਾ ਲਈ ਕਾਲ਼ੀ ਦੁਕਾਨ ਤੋਂ ਬਾਹਰ ਆ ਗਿਆ। ਉਹਦੀਆਂ ਅੱਖਾਂ ਦੇ ਸਾਹਮਣੇ ਇੱਕ ਵਾਰ ਫਿਰ ਛੱਜੂ ਸ਼ਾਹ ਘੁੰਮਣ ਲੱਗਾ ਅਤੇ ਉਸ ਦਾ ਸਾਹ ਖੁਸ਼ਕ ਹੋਣ ਲੱਗਾ। ਕਾਲ਼ੀ ਨੇ ਛੇਤੀ-ਛੇਤੀ ਚਾਰੇ ਪਾਸੇ ਨਿਗਾਹ ਮਾਰੀ ਅਤੇ ਫਿਰ ਦੁਕਾਨਾਂ ਦਾ ਰਾਹ ਛੱਡ ਕੇ ਰੇੜ੍ਹਿਆਂ ਤੇ ਰੇੜ੍ਹੀਆਂ ਵਿੱਚ ਦੀ ਹੁੰਦਾ ਹੋਇਆ ਕ੍ਰਿਸ਼ਨ ਨਗਰ ਦਰਵਾਜ਼ੇ ਵੱਲ ਨੂੰ ਤੁਰ ਪਿਆ।

"ਇਹਨੂੰ ਹੋ ਕੀ ਗਿਆ ?" ਛਿੱਬੂ ਨੇ ਹੈਰਾਨ ਹੋ ਕੇ ਕਾਲ਼ੀ ਵੱਲ ਇਸ਼ਾਰਾ ਕੀਤਾ। "ਬਨਾਰਸੀ ਪਾਨ ਵਾਲ਼ੇ ਦੀ ਦੁਕਾਨ ਸਟੇਸ਼ਨ ਵਾਲ਼ੇ ਗੇਟ ਦੇ ਬਾਹਰ ਹੈ ਅਤੇ ਇਹ ਕ੍ਰਿਸ਼ਨ ਨਗਰ ਵਾਲ਼ੇ ਦਰਵਾਜ਼ੇ ਵੱਲ ਨੂੰ ਜਾ ਰਿਹਾ ਹੈ।"

"ਸਵੇਰੇ ਤਾਂ ਚੰਗਾ-ਭਲਾ ਸੀ।" ਮਾਂਝੇ ਨੇ ਪੀਕ ਗਲ਼ ਤੋਂ ਥੱਲੇ ਉੱਤਾਰਦਿਆਂ ਬੁੱਲ

ਘੁੱਟ ਲਏ।

"ਦੁਪਿਹਰ ਤੱਕ ਇਹਨੇ ਬੀਂਡੀ ਬਣ ਕੇ ਦੋ ਗੇੜੇ ਵੀ ਲਾਏ ਹਨ। ਸ਼ੇਖਾਂ ਬਜ਼ਾਰ ਅਤੇ ਬਾਂਸਾਂ ਵਾਲ਼ੇ ਬਜ਼ਾਰ ਦੇ।" ਛਿੱਬੂ ਸ਼ਸ਼ੋਪੰਜ ਵਿੱਚ ਪੈ ਗਿਆ।

ਗੇਟ ਤੋਂ ਬਾਹਰ ਜਾਂਦੇ ਹੋਏ ਕਾਲ਼ੀ ਨੇ ਚਾਦਰ ਸਿਰ 'ਤੇ ਰੱਖ ਲਈ ਅਤੇ ਜਾਣ ਬੁੱਝ ਕੇ ਉਹਦਾ ਇੱਕ ਪੱਲਾ ਇਸ ਤਰ੍ਹਾਂ ਢਿੱਲਾ ਛੱਡ ਦਿੱਤਾ ਕਿ ਉਸ ਨਾਲ਼ ਮੂੰਹ ਢੱਕ ਜਾਵੇ। ਉਹ ਆਪਣੇ ਸਰੀਰ ਨੂੰ ਇਕੱਠਾ ਕਰਕੇ, ਲੰਮੀਆਂ-ਲੰਮੀਆਂ ਲਾਂਘਾਂ ਪੱਟਦਾ ਬਨਾਰਸੀ ਪਾਨ ਵਾਲ਼ੇ ਦੇ ਖੋਖੇ ਵੱਲ ਨੂੰ ਚਲੇ ਗਿਆ। ਉਦੋਂ ਉੱਥੇ ਦੋ ਗਾਹਕ ਖੜ੍ਹੇ ਸਨ। ਕਾਲ਼ੀ ਖੋਖੇ ਦੇ ਇੱਕ ਪਾਸੇ ਇਸ ਤਰ੍ਹਾਂ ਜਾ ਖੜ੍ਹਾ ਹੋਇਆ ਜਿਵੇਂ ਕੰਧ ਦੇ ਨਾਲ਼ ਪਿਸ਼ਾਬ ਕਰ ਰਿਹਾ ਹੋਵੇ।

ਜਦ ਦੋਨੋ ਗਾਹਕ ਖੋਖੇ ਤੋਂ ਚਲੇ ਗਏ ਤਾਂ ਕਾਲ਼ੀ ਛਾਲ ਮਾਰ ਕੇ ਸਾਹਮਣੇ ਆ ਗਿਆ ਅਤੇ ਆਨਾ ਪਨਵਾੜੀ ਨੂੰ ਫੜ੍ਹਾ ਕੇ ਕਿਹਾ, "ਮੁਨੀਮ ਜੀ ਲਈ ਪਾਨ ਲਾ ਦੇ। ਸਪੈਸ਼ਲ।"

ਪਨਵਾੜੀ ਨੇ ਇੱਕ ਵਾਰ ਉਹਦੀ ਵੱਲ ਦੇਖਿਆ। ਫਿਰ ਪਾਨ ਲਾਉਣ ਵਿੱਚ ਰੁੱਝ ਗਿਆ। ਉਸ ਨੇ ਪਾਨ ਬਣਾ ਕੇ ਕਾਗਜ਼ ਵਿੱਚ ਲਪੇਟ ਦਿੱਤਾ ਅਤੇ ਇੱਕ ਪੱਤੀ 'ਤੇ ਥੋੜ੍ਹਾ ਜਿਹਾ ਚੂਨਾ ਅਤੇ ਕੱਥਾ ਰੱਖ ਕੇ ਕਾਲ਼ੀ ਦੇ ਹੱਥ ਵਿੱਚ ਫੜਾ ਦਿੱਤਾ, "ਮੁਨੀਮ ਜੀ ਨੂੰ ਕਹਿ ਦੇਈਂ ਬਨਾਰਸੀ ਪਨਵਾੜੀ ਨੇ ਪਾਨ ਵਿੱਚ ਅਜਿਹਾ ਮਸਾਲਾ ਪਾਇਆ ਹੈ ਕਿ ਦੋ ਦਿਨ ਉਹਦਾ ਸੁਆਦ ਮੂੰਹ ਵਿੱਚ ਰਹੂਗਾ।"

"ਕਹਿ ਦੇਊਂਗਾ।" ਕਾਲ਼ੀ ਪਾਨ ਅਤੇ ਪੱਤੀ ਨੂੰ ਸੰਭਾਲ ਕੇ ਮੰਡੀ ਦੇ ਗੇਟ ਵੱਲ ਨੂੰ ਤੁਰ ਪਿਆ।

ਮੰਡੀ ਵਿੱਚ ਵੜਦਿਆਂ ਹੀ ਕਾਲ਼ੀ ਨੂੰ ਇੱਕ ਵਾਰ ਫਿਰ ਛੱਜੂ ਸ਼ਾਹ ਦਾ ਚੇਤਾ ਆ ਗਿਆ ਅਤੇ ਉਹਦਾ ਕਲੇਜਾ ਮੂੰਹ ਨੂੰ ਆਉਣ ਲੱਗਾ। ਉਸ ਨੂੰ ਲੱਗਾ ਕਿ ਉਸ ਦਾ ਸਾਹ ਰੁਕ ਰਿਹਾ ਹੈ। ਲੱਤਾਂ ਉਸ ਦਾ ਭਾਰ ਚੁੱਕਣ ਤੋਂ ਜਵਾਬ ਦੇ ਰਹੀਆਂ ਹਨ ਅਤੇ ਉਹਨੂੰ ਲੱਗਾ ਸ਼ਾਇਦ ਉਸ ਦੀਆਂ ਬਾਹਾਂ ਉਸ ਦਾ ਬਚਾਅ ਕਰਨ ਦੇ ਕਾਬਲ ਹੀ ਨਾ ਹੋਣ।

ਦੁਕਾਨ ਵੱਲ ਸਿੱਧਾ ਜਾਣ ਦੀ ਬਜਾਏ ਉਹ ਉੱਥੇ ਖੜ੍ਹੇ ਰੇੜ੍ਹਿਆਂ ਕੋਲ਼ ਚਲਾ ਗਿਆ ਅਤੇ ਉਨ੍ਹਾਂ ਦੇ ਪਿੱਛਲੇ ਪਾਸੇ ਤੋਂ ਲੰਬਾ ਗੇੜਾ ਕੱਢ ਕੇ ਦੁਕਾਨ ਦੇ ਸਾਹਮਣੇ ਆ ਨਿਕਲਿਆ। ਉਸ ਨੇ ਦੁਕਾਨ ਦੇ ਸਾਹਮਣੇ ਦਾ ਪੈਂਡਾ ਇਸ ਤਰ੍ਹਾਂ ਤਹਿ ਕੀਤਾ ਜਿਵੇਂ ਛਾਲਾਂ ਮਾਰ ਰਿਹਾ ਹੋਵੇ। "ਲਓ ਮੁਨੀਮ ਜੀ।" ਕਾਲ਼ੀ ਨੇ ਪਾਨ ਦੀ ਪੁੜੀ ਅਤੇ ਚੂਨਾ-ਕਥਾ ਵਾਲ਼ੀ ਪੱਤੀ ਮੁਨੀਮ ਨੂੰ ਫੜ੍ਹਾ ਦਿੱਤੀ।

"ਪਾਨ ਵਧੀਆ ਵੀ ਲੈ ਕੇ ਆਇਆਂ ?" ਮੁਨੀਮ ਨੇ ਪਾਨ ਦੀ ਪੁੜੀ ਨੂੰ ਧਿਆਨ ਨਾਲ਼ ਦੇਖ ਕੇ ਸੁੰਘਿਆ।

ਉਸ ਨੂੰ ਜਵਾਬ ਦੇਣ ਤੋਂ ਪਹਿਲਾਂ ਹੀ ਛੱਜੂ ਸ਼ਾਹ ਇੱਕ ਵਾਰ ਫਿਰ ਕਾਲ਼ੀ ਦੀਆਂ ਅੱਖਾਂ ਦੇ ਸਾਹਮਣੇ ਆ ਗਿਆ। ਪਰ ਉਹ ਦੁਕਾਨ ਵੱਲ ਦੇਖੇ ਬਿਨਾਂ ਹੀ ਕਾਹਲ਼ੀ-ਕਾਹਲ਼ੀ ਅੱਗੇ ਲੰਘ ਗਿਆ। ਕਾਲ਼ੀ ਦੀ ਜ਼ੁਬਾਨ ਸੁੰਨ ਹੋ ਗਈ ਅਤੇ ਉਸ ਦਾ ਦਿਲ ਅਤੇ ਦਿਮਾਗ

ਦੋਨੋਂ ਹੀ ਬੁੱਝ ਗਏ ਸਨ। ਉਸ ਨੂੰ ਲੱਗਾ ਕਿ ਉਸ ਦੇ ਕਦਮ ਲੜਖੜਾ ਰਹੇ ਹਨ ਅਤੇ ਉਹ ਹੁਣੇ ਹੀ ਡਿੱਗ ਪਵੇਗਾ।

ਮੁਨੀਮ ਹੈਰਾਨ ਹੋਇਆ ਕਾਲ਼ੀ ਵੱਲ ਦੇਖ ਰਿਹਾ ਸੀ। ਜਦ ਕਾਲ਼ੀ ਦੀਆਂ ਲੱਤਾਂ ਜ਼ੋਰ-ਜ਼ੋਰ ਦੀ ਲੜਖੜਾਉਣ ਲੱਗੀਆਂ ਤਾਂ ਮੁਨੀਮ ਘਬਰਾ ਗਿਆ, "ਏਦਾਂ ਲਗਦਾ ਹੈ ਕਿ ਤੁਹਾਡੇ ਪਹਿਲਵਾਨ ਨੂੰ ਚੱਕਰ ਆ ਗਿਆ ਹੈ।"

ਫਿਰ ਦੁਆਰਾ ਬੋਲਿਆ, "ਚੱਕਰ ਕਿਉਂ ਨਾ ਆਵੇ। ਕੰਮ ਝੋਟੇ ਦਾ ਕਰਦਾ ਹੈ ਤੇ ਖ਼ੁਰਾਕ ਚਿੜੇ ਦੀ ਖਾਂਦਾ ਹੈ। ਖ਼ੁਰਾਕ ਦੇ ਬਿਨਾਂ ਮੁਸ਼ੱਕਤ ਕਰਨ ਕਰਕੇ ਬੜੇ ਤੋਂ ਬੜੇ ਪਹਿਲਵਾਨਾਂ ਦੀਆਂ ਹੱਡੀਆਂ ਖੜਕ ਜਾਂਦੀਆ ਹਨ।"

"ਨਹੀਂ ਮੁਨੀਮ ਜੀ, ਹੱਡੀ ਤਾਂ ਇਹਦੀ ਬਹੁਤ ਮਜ਼ਬੂਤ ਹੈ। ਪਰ ਪਤਾ ਨਹੀਂ ਐਨਾ ਡਰਿਆ ਹੋਇਆ ਕਿਉਂ ਹੈ। ... ਦੁਪਿਹਰ ਤੱਕ ਤਾਂ ਠੀਕ ਸੀ। ਅਸੀਂ ਦੁਪਿਹਰ ਨੂੰ ਕੱਠਿਆਂ ਨੇ ਰੋਟੀ ਖਾਧੀ ਹੈ। ਅਸੀਂ ਦੋਨੋ ਪਿੱਪਲ ਦੇ ਥੱਲੇ ਚਲੇ ਗਏ ਸੀ ਅਤੇ ਇਹ ਰੇੜ੍ਹੇ ਉੱਪਰ ਹੀ ਲੰਮਾ ਪੈ ਗਿਆ ਸੀ।" ਪੂਰੀ ਗੱਲ ਦੱਸ ਕੇ ਛਿੱਬੂ ਨੇ ਕਾਲ਼ੀ ਵੱਲ ਦੇਖਿਆ,

"ਕਿਉਂ ਪਹਿਲਵਾਨ, ਕੀ ਹੋ ਗਿਆ ਤੈਨੂੰ ?"

"ਕੁਸ਼ ਨਹੀਂ ਉਸਤਾਦ ... ਜੀਅ ਘੱਟਦਾ ਸੀ। ਹੁਣ ਠੀਕ ਹਾਂ।"

ਕਾਲ਼ੀ ਨੇ ਖਾਲੀ ਨਜ਼ਰਾਂ ਨਾਲ਼ ਬਾਹਰ ਦੇਖਿਆ ਤੇ ਫਿਰ ਸੜਕ ਵੱਲ ਨੂੰ ਪਿੱਠ ਕਰ ਲਈ।

"ਨਹੀਂ ਪਹਿਲਵਾਨ, ਤੂੰ ਕੁਸ਼ ਲਕੋਅ ਰਿਹਾਂ। ਕੋਈ ਨਾ ਕੋਈ ਗੱਲ ਤਾਂ ਜ਼ਰੂਰ ਹੈ।" ਛਿੱਬੂ ਨੇ ਜ਼ੋਰ ਨਾਲ਼ ਪੁੱਛਿਆ।

ਕਾਲ਼ੀ ਦਾ ਦਿਲ ਕੀਤਾ ਕਿ ਉਹ ਕਿਤੇ ਦੌੜ ਜਾਵੇ ਕਿਉਂਕਿ ਉਸ ਦਾ ਭੇਦ ਖੁੱਲਣ ਹੀ ਵਾਲ਼ਾ ਸੀ। ਉਹਨੂੰ ਬਹੁਤ ਪਛਤਾਵਾ ਹੋਣ ਲੱਗਾ ਕਿ ਉਹ ਇਸ ਸ਼ਹਿਰ ਵਿੱਚ ਕਿਉਂ ਆਇਆ। ਉਹਨੂੰ ਕਿਤੇ ਦੂਰ ਚਲੇ ਜਾਣਾ ਚਾਹੀਦਾ ਸੀ।

ਛਿੱਬੂ, ਮਾਂਝੇ ਅਤੇ ਮੁਨੀਮ ਨੂੰ ਆਪਣੀ ਵੱਲ ਧਿਆਨ ਨਾਲ਼ ਦੇਖਦਿਆਂ ਦੇਖ ਕੇ ਉਹ ਹੋਰ ਵੀ ਘਬਰਾ ਗਿਆ। ਜ਼ਮੀਨ 'ਤੇ ਪੈਰਾਂ ਭਾਰ ਬੈਠਦਿਆਂ ਹੀ ਉਹਦੀਆਂ ਅੱਖਾਂ ਭਰ ਆਈਆਂ ਤੇ ਉਸ ਨੇ ਆਪਣਾ ਸਿਰ ਦੋਵਾਂ ਹੱਥਾਂ ਨਾਲ਼ ਫੜ ਲਿਆ। "ਸ਼ਾਇਦ ਘਰ ਜਾਂ ਪਿੰਡ ਯਾਦ ਆ ਗਿਆ ਹੋਵੇਗਾ। ... ਇਸ ਕਰਕੇ ਵੀ ਆਦਮੀ ਬਹੁਤ ਉਦਾਸ ਹੋ ਜਾਂਦਾ ਹੈ।" ਮਾਂਝੇ ਨੇ ਇਸ ਤਰ੍ਹਾਂ ਸਿਰ ਹਿਲਾਇਆ ਜਿਵੇਂ ਗੱਲ ਦੀ ਤਹਿ ਤੱਕ ਪਹੁੰਚ ਗਿਆ ਹੋਵੇ।

"ਕੀ ਘਰ ਦਾ ਚੇਤਾ ਆ ਰਿਹਾ ?" ਛਿੱਬੂ ਨੇ ਕਾਲ਼ੀ ਨੂੰ ਥੋੜ੍ਹਾ ਜਿਹਾ ਝੰਜੋੜਿਆ।

ਕਾਲ਼ੀ ਨੇ ਚਾਦਰ ਦੇ ਪੱਲੇ ਨਾਲ਼ ਹੰਝੂ ਪੂੰਝੇ ਅਤੇ ਨੱਕ ਦਾ ਸੁੜ੍ਹਾਕਾ ਮਾਰ ਕੇ ਨਾਂਹ ਵਿੱਚ ਸਿਰ ਹਿਲਾਇਆ। ਫਿਰ ਉਹ ਭਰੜਾਈ ਹੋਈ ਡਰਾਉਣੀ ਅਵਾਜ਼ ਵਿੱਚ ਬੋਲਿਆ, "ਘਰ ਜਾਂ ਪਿੰਡ ਤਾਂ ਤਦ ਯਾਦ ਆਉਣ ਜੇ ਉਨ੍ਹਾਂ ਨੂੰ ਦੇਖਿਆ ਹੋਵੇ।"

"ਤਾਂ ਫਿਰ ਕੀ ਹੋਇਆ ਤੈਨੂੰ ?" ਛਿੱਬੂ ਨੇ ਭੇਦ ਦੀ ਡੂੰਘਾਈ ਨੂੰ ਇੱਕ ਹੀ ਸੱਟ ਨਾਲ਼ ਖੋਲ੍ਹਣ ਦੀ ਕੋਸ਼ਿਸ਼ ਕਰਦਿਆਂ ਪੁੱਛਿਆ।

ਇੱਕ ਪਲ ਚੁੱਪ ਰਹਿਣ ਪਿੱਛੋਂ ਕਾਲ਼ੀ ਖਾਲੀ ਜਿਹੀਆਂ ਨਜ਼ਰਾਂ ਨਾਲ਼ ਉਹਦੀ ਵੱਲ ਦੇਖਣ ਲੱਗਾ। ਫਿਰ ਹੌਲ਼ੀ-ਹੌਲ਼ੀ ਉੱਠਿਆ ਅਤੇ ਇੱਕ ਵਾਰ ਫਿਰ ਹੰਝੂ ਪੂੰਝੇ, "ਮੈਂ ਅੱਜ ਮੰਡੀ ਵਿੱਚ ਇੱਕ ਭੂਤ ਦੇਖਿਆ ਹੈ। ਉਹਨੇ ਮੈਨੂੰ ਬਹੁਤ ਡਰਾ ਦਿੱਤਾ ਹੈ।"

"ਭੂਤ ਦੇਖਿਆ ਹੈ ?" ਮੁਨੀਮ ਆਪਣੀ ਗੱਦੀ ਉੱਤੇ ਹੀ ਉੱਛਲ ਪਿਆ ਅਤੇ ਮੂੰਹ ਵਿੱਚ ਪਏ ਪਾਨ ਦੀ ਪੀਕ ਪਿਚਕਾਰੀ ਬਣਕੇ ਉਹਦੇ ਆਪਣੇ ਹੀ ਕਪੜਿਆਂ ਅਤੇ ਕਾਲ਼ੀ ਦੀ ਛਾਤੀ ਉੱਤੇ ਫੁਆਰੇ ਵਾਂਗ ਪੈ ਗਈ।

ਕਾਲ਼ੀ ਨੇ ਅਸਲੀ ਗੱਲ ਨੂੰ ਚੰਗੀ ਤਰ੍ਹਾਂ ਛਿਪਾਉਣ ਲਈ ਪੂਰੇ ਵਿਸ਼ਵਾਸ ਨਾਲ਼ ਗੱਲ ਸ਼ੁਰੂ ਕੀਤੀ, "ਮੈਨੂੰ ਉਹ ਦੋ ਵਾਰ ਦਿਸਿਆ ਤੇ ਉਸ ਤੋਂ ਬਾਅਦ ਅਲੋਪ ਹੋ ਗਿਆ।"

"ਮੰਡੀ ਵਿੱਚ ਤਾਂ ਸਿਰਫ ਉਨ੍ਹਾਂ ਸੇਠਾਂ ਦੇ ਹੀ ਭੂਤ ਘੁੰਮਦੇ ਹਨ ਜਿਹੜੇ ਸੱਟੇ ਵਿੱਚ ਸਭ ਕੁੱਝ ਹਾਰ ਕੇ ਦਿਵਾਲ਼ਾ ਕੱਢਦੇ ਹਨ। ਬਦਨਾਮੀ ਤੋਂ ਬੱਚਣ ਲਈ ਗੱਡੀ ਥੱਲੇ ਸਿਰ ਦੇ ਦਿੰਦੇ ਹਨ ਅਤੇ ਫੇਰ ਭੂਤ ਬਣ ਕੇ ਜਿੱਤਣ ਵਾਲ਼ੇ ਸੇਠਾਂ ਅਤੇ ਦਲਾਲਾਂ ਨੂੰ ਡਰਾਉਂਦੇ ਹਨ।" ਮੁਨੀਮ ਨੇ ਯਕੀਨ ਨਾਲ਼ ਕਿਹਾ।

"ਪੱਲੇਦਾਰਾਂ, ਪਾਂਡੀਆਂ ਅਤੇ ਰੇੜ੍ਹੇ ਵਾਲਿਆਂ ਨੂੰ ਵੀ ਕਦੀ ਡਰਾਉਂਦੇ ਐ ?" ਮਾਂਝੇ ਨੇ ਪੁੱਛਿਆ।

ਪੱਲੇਦਾਰ ਅਤੇ ਰੇੜ੍ਹੇ ਵਾਲਿਆ ਨੂੰ ਡਰਾ ਕੇ ਉਨ੍ਹਾਂ ਨੂੰ ਕੀ ਮਿਲੂਗਾ।" ਮੁਨੀਮ ਨੇ ਨੱਕ ਚੜ੍ਹਾ ਕੇ ਕਿਹਾ। ਫਿਰ ਉਹਨੇ ਕਾਲ਼ੀ ਨੂੰ ਸਮਝਾਇਆ, "ਸ਼ਾਮ ਨੂੰ ਹਨੂੰਮਾਨ ਦੇ ਮੰਦਰ ਜਾ ਕੇ ਪ੍ਰਸ਼ਾਦ ਚੜ੍ਹਾ ਦੇਈਂ ਅਤੇ ਵੀਰਵਾਰ ਨੂੰ ਝੰਡੇ ਵਾਲ਼ੇ ਪੀਰ ਦੇ ਮਜ਼ਾਰ 'ਤੇ ਫੁੱਲੀਆਂ ਅਤੇ ਦੀਵੇ ਲਈ ਸਰੋਂ ਦਾ ਤੇਲ ਦੇ ਆਈਂ। ਫਿਰ ਭੂਤ ਤੈਨੂੰ ਕਦੇ ਦਿਖਾਈ ਨਹੀਂ ਦੇਵੇਗਾ। ਜੇ ਕਦੀ ਸਾਹਮਣਾ ਹੋ ਵੀ ਗਿਆ ਤਾਂ ਉਹ ਤੈਨੂੰ ਦੇਖਦਿਆਂ ਹੀ ਅਲੋਪ ਹੋ ਜਾਏਗਾ।" ਕਾਲ਼ੀ ਨੇ ਸਹਿਮਤੀ ਨਾਲ਼ ਸਿਰ ਹਿਲਾਇਆ ਤਾਂ ਮੁਨੀਮ ਨੇ ਬਾਕੀ ਦੀ ਪੀਕ ਪੀਕਦਾਨ ਵਿੱਚ ਥੁੱਕ ਦਿੱਤੀ। "ਉਏ ਲਾਲਾ ਰਾਮ, ਆਹ ਲੈ ਚਾਰ ਪਰਚੇ। ਰੇੜ੍ਹੇ ਤੇ ਸਮਾਨ ਲਦਵਾ ਦੇ।"

ਲਾਲਾ ਰਾਮ ਨੇ ਪਰਚੇ ਲੈ ਕੇ ਛਿੱਬੂ ਨੂੰ ਇਸ਼ਾਰਾ ਕੀਤਾ, "ਚੱਲੋ, ਮਾਲ ਚੱਕੋ।"

"ਕਿਉਂ ਪਹਿਲਵਾਨ, ਕੀ ਇਰਾਦਾ ਹੈ। ਹੁਣ ਭੂਤ ਚੜ੍ਹਿਆ ਹੋਇਆ ਹੈ ਜਾਂ ਉੱਤਰ ਗਿਆ ਹੈ ?" ਛਿੱਬੂ ਨੇ ਹੱਸਦਿਆਂ ਹੋਇਆਂ ਪੁੱਛਿਆਂ।

"ਆਉਂਦਾ ਹਾਂ।" ਕਾਲ਼ੀ ਨੇ ਕਿਹਾ। ਫਿਰ ਪਿੱਠ ਤੇ ਬੰਨ੍ਹਣ ਵਾਲ਼ੀ ਬੋਰੀ ਲੱਭਣ ਲਈ ਇੱਧਰ ਉੱਧਰ ਦੇਖਣ ਲੱਗਾ।

"ਤੂੰ ਮਾਲ ਚੁੱਕਵਾ ਦੇ। ਰੇੜ੍ਹੇ ਤੇ ਮੈਂ ਲੱਦ ਦਿੰਦਾ।" ਛਿੱਬੂ ਨੇ ਸੁਝਾਅ ਦਿੱਤਾ।

ਕਾਲ਼ੀ ਨੇ ਬਹੁਤ ਲੰਮਾ ਸਾਹ ਲਿਆ ਜਿਵੇਂ ਉਸ ਨੇ ਸੱਚਮੁਚ ਭੂਤ ਤੋਂ ਛੁਟਕਾਰਾ ਪਾ ਲਿਆ ਹੋਵੇ। ਛਿੱਬੂ ਦੇ ਪਿੱਛੇ-ਪਿੱਛੇ ਉਹ ਵੀ ਦੁਕਾਨ ਦੇ ਪਿਛਵਾੜੇ ਬਣੇ ਗੁਦਾਮ ਵਿੱਚ ਚਲਾ ਗਿਆ। ਉੱਥੇ ਬੋਰੀਆਂ ਦੀਆਂ ਦੋ ਹੋਰ ਧਾਂਕਾਂ ਲੱਗੀਆਂ ਹੋਈਆਂ ਸਨ। ਤੀਜੀ ਕੰਧ ਨਾਲ਼ ਪੇਟੀ 'ਤੇ ਪੇਟੀ ਰੱਖ ਕੇ ਛੱਤ ਤੱਕ ਉੱਚਾ ਢੇਰ ਲਾਇਆ ਹੋਇਆ ਸੀ। ਇੱਕ ਕੋਨੇ ਵਿੱਚ ਛੋਟੇ ਬੋਰੇ ਰੱਖੇ ਹੋਏ ਸਨ।

ਕਾਲ਼ੀ ਨੇ ਗੁਦਾਮ ਵਿੱਚ ਚਾਰੇ ਪਾਸੇ ਦੇਖਿਆ ਅਤੇ ਲਾਲਾ ਰਾਮ ਦੇ ਕੋਲ਼ ਆ ਖੜ੍ਹਾ ਹੋਇਆ। ਲਾਲਾ ਰਾਮ ਨੇ ਬੈਟਰੀ ਜਗਾ ਕੇ ਪਰਚਾ ਧਿਆਨ ਨਾਲ਼ ਪੜ੍ਹਿਆ ਅਤੇ ਫਿਰ ਬੈਟਰੀ ਦੀ ਰੌਸ਼ਨੀ ਬੋਰੀਆਂ ਦੀ ਪਹਿਲੀ ਧਾਂਕ ਤੇ ਮਾਰੀ, "ਦੋ ਬੋਰੀਆਂ ਲਾਹੋ। ... ਇਸ ਪਾਸੇ ਤੋਂ ਲਾਹ।" ਲਾਲਾ ਰਾਮ ਨੇ ਇੱਕ ਪਾਸੇ ਹੱਟਦਿਆਂ ਇਸ਼ਾਰਾ ਕੀਤਾ।

ਲਾਲਾ ਰਾਮ ਦੀਆਂ ਦਿਖਾਈਆਂ ਬੋਰੀਆਂ, ਪੇਟੀਆਂ ਅਤੇ ਬੋਰੇ ਛਿੱਬੂ ਦੀ ਪਿੱਠ ਤੇ ਲੱਦਣ ਲਈ ਕਾਲ਼ੀ ਵੀ ਹੱਥ ਵਟਾਉਂਦਾ ਰਿਹਾ। ਜਦ ਰੇੜ੍ਹਾ ਲੱਦ ਹੋ ਗਿਆ ਤਾਂ ਤਿੰਨਾਂ ਨੇ ਦੁਕਾਨ ਦੇ ਕੋਨੇ ਵਿੱਚ ਪੱਲੇਦਾਰਾਂ ਲਈ ਰੱਖੇ ਘੜੇ ਵਿੱਚੋਂ ਪਾਣੀ ਪੀਤਾ ਅਤੇ ਫਿਰ ਉਹ ਰੇੜ੍ਹੇ ਦੇ ਕੋਲ਼ ਆ ਕੇ ਆਪਣੇ ਸਿਰਾਂ 'ਤੇ ਪਰਨੇ ਲਪੇਟਣ ਲੱਗ ਪਏ।

"ਬੀਂਡੀ ਕੌਣ ਲੱਗੇਗਾ ?" ਮਾਂਝੇ ਨੇ ਪੁੱਛਿਆ।

"ਕਿਉਂ ਪਹਿਲਵਾਨ ?" ਛਿੱਬੂ ਨੇ ਭਰਵੱਟੇ ਉੱਪਰ ਚੜ੍ਹਾ ਕੇ ਇਸ਼ਾਰਾ ਕੀਤਾ।

"ਮੈਂ ਅਗਲੇ ਫੇਰੇ ਬੀਂਡੀ ਲੱਗਾਂਗਾ। ਅਜੇ ਤੱਕ ਮੇਰਾ ਸਰੀਰ ਹਿੱਲਿਆ ਪਿਆ ਹੈ।" ਕਾਲ਼ੀ ਡਰਿਆ ਹੋਇਆ ਸੀ।

"ਠੀਕ ਹੈ, ਮੈਂ ਬੀਂਡੀ ਲਗਦਾ ਹਾਂ।" ਮਾਂਝਾ ਰੇੜ੍ਹੇ ਦੇ ਜੂਲੇ ਕੋਲ਼ ਚਲੇ ਗਿਆ।

"ਉਸਤਾਦ, ਨਸ਼ਾ ਹੈ ਜਾਂ ਫਿਰ ਗੋਲ਼ੀ ਖਾਣੀ ਪਵੇਗੀ।" ਛਿੱਬੂ ਮੁਸਕਰਾਇਆ।

"ਜਦ ਤੱਕ ਇੰਜਣ ਵਿੱਚ ਭਾਫ ਬਣੂਗੀ ਤਦ ਤੱਕ ਉਹ ਗੱਡੀ ਜ਼ਰੂਰ ਖਿੱਚੂਗਾ। ਕੋਲਾ-ਪਾਣੀ ਮੁੱਕ ਗਿਆ ਤਾਂ ਇੰਜਣ ਵੀ ਗੱਡੇ ਵਾਂਗ ਖੜ੍ਹਾ ਹੋ ਜਾਊਗਾ।" ਮਾਂਝੇ ਨੇ ਹੱਸ ਕੇ, ਰੇਲਵੇ ਸਟੇਸ਼ਨ ਵੱਲ ਇਸ਼ਾਰਾ ਕੀਤਾ, "ਜਦ ਮੈਂ ਰੇੜ੍ਹੇ ਨੂੰ ਊਟਣੇ 'ਤੇ ਟਿਕਾ ਦਊਂਗਾ ਤਾਂ ਸਮਝ ਲਿਉ ਕਿ ਹੁਣ ਰਾਸ਼ਣ ਦੀ ਜ਼ਰੂਰਤ ਹੈ।"

ਮਾਂਝੇ ਦਾ ਚਹਿਕ-ਚਹਿਕ ਕੇ ਗੱਲਾਂ ਕਰਨਾ ਕਾਲ਼ੀ ਨੂੰ ਚੰਗਾ ਨਹੀਂ ਸੀ ਲੱਗ ਰਿਹਾ। ਛੱਜੂ ਸ਼ਾਹ ਦਾ ਖਿਆਲ ਉਹਦੇ ਮਨ 'ਤੇ ਅਜੇ ਵੀ ਸੱਚਮੁਚ ਭੂਤ ਬਣ ਕੇ ਛਾਇਆ ਹੋਇਆ ਸੀ। ਉਹ ਛੇਤੀ ਤੋਂ ਛੇਤੀ ਮੰਡੀ ਵਿੱਚੋਂ ਬਾਹਰ ਨਿਕਲ਼ ਜਾਣਾ ਚਾਹੁੰਦਾ ਸੀ।

"ਉਸਤਾਦ ਚੱਲ ਬੀਂਡੀ ਲੱਗ। ਰੇੜ੍ਹਾ ਬਾਹਰ ਕੱਢੀਏ। ਪਿੱਛਿਉਂ ਬੋਰੀਆਂ ਨਾਲ਼ ਲੱਦਿਆ ਗੱਡਾ ਆ ਰਿਹਾ ਹੈ।" ਦੂਰੋਂ ਆਉਂਦੇ ਇੱਕ ਧੋਤੀ, ਕਮੀਜ਼ ਅਤੇ ਪੱਗ ਵਾਲ਼ੇ ਆਦਮੀ ਨੂੰ ਦੇਖ ਕੇ ਉਹਨੇ ਰੇੜ੍ਹੇ ਦੇ ਪਿੱਛੇ ਦੋਨੋ ਹੱਥ ਟਿਕਾ ਕੇ ਆਪਣਾ ਸਿਰ ਇੰਨਾ ਝੁਕਾ ਲਿਆ ਕਿ ਉਹਨੂੰ ਆਪਣਾ ਫੀਨ੍ਹਾ ਨੱਕ ਵੀ ਚੰਗੀ ਤਰ੍ਹਾਂ ਦਿਸਣ ਲੱਗਾ।

ਧੋਤੀ, ਕਮੀਜ਼ ਅਤੇ ਪੱਗ ਵਾਲ਼ਾ ਆਦਮੀ ਉਹਦੇ ਵੱਲ ਧਿਆਨ ਦਿੱਤੇ ਬਿਨਾਂ ਹੀ ਕਾਲ਼ੀ ਦੇ ਕੋਲ਼ ਦੀ ਲੰਘ ਗਿਆ। ਉਹਦੇ ਪੈਰਾਂ ਦੀ ਆਹਟ ਸੁਣ ਕੇ ਕਾਲ਼ੀ ਨੇ ਆਪਣਾ ਸਾਹ ਰੋਕ ਲਿਆ। ਜਦ ਤੱਕ ਪੈਰਾਂ ਦੀ ਆਹਟ ਖਤਮ ਨਾ ਹੋਈ ਉਹਨੇ ਦਮ ਘੁੱਟ ਹੁੰਦਾ ਹੋਣ ਦੇ ਬਾਵਜੂਦ ਵੀ ਸਾਹ ਨਾ ਛੱਡਿਆ।

"ਖਿੱਚੋ ਯਾਰੋ।" ਮਾਂਝੇ ਨੇ ਜੂਲੇ ਨੂੰ ਛਾਤੀ 'ਤੇ ਟਿਕਾਉਂਦੇ ਹੋਏ ਕਿਹਾ।

"ਚੱਲ ਉਏ ਯਾਰਾ।" ਰੇੜ੍ਹੇ ਨੂੰ ਧੱਕਦਿਆਂ ਛਿੱਬੂ ਅਤੇ ਕਾਲ਼ੀ ਦੀਆਂ ਅੱਡੀਆਂ ਜ਼ਮੀਨ ਤੋਂ ਉੱਪਰ ਨੂੰ ਉੱਠ ਗਈਆਂ।

ਮੰਡੀ ਤੋਂ ਬਾਹਰ ਖੁੱਲੀ ਸੜਕ 'ਤੇ ਆਉਂਦਿਆਂ ਹੀ ਕਾਲ਼ੀ ਨੇ ਜ਼ੋਰ ਨਾਲ਼ ਸਾਹ ਲਿਆ ਅਤੇ ਸਿਰ ਉੱਪਰ ਚੱਕਿਆ। ਤਣਾਅ ਦੇ ਕਾਰਨ ਉਹਦਾ ਚੇਹਰਾ ਬਹੁਤ ਜ਼ਿਆਦਾ ਲਾਲ ਅਤੇ ਪਸੀਨੇ ਨਾਲ਼ ਭਿੱਜਿਆ ਹੋਇਆ ਸੀ। ਉਸ ਨੇ ਵਾਰੀ-ਵਾਰੀ ਬਾਂਹਾਂ ਨਾਲ਼ ਰਗੜ ਕੇ ਪਸੀਨਾ ਪੂੰਝਿਆ ਅਤੇ ਛੱਜੂ ਸ਼ਾਹ ਦਾ ਚੇਤਾ ਭੁਲਾਉਣ ਦਾ ਯਤਨ ਕਰਦਾ ਹੋਇਆ ਹੋਰ ਵੀ ਜ਼ਿਆਦਾ ਡਰ ਗਿਆ। ਉਸ ਨੂੰ ਲੱਗਾ ਕਿ ਸ਼ਹਿਰ ਵਿੱਚ ਜਿਹੜੇ ਉਹਦੇ ਥੋੜ੍ਹੇ-ਬਹੁਤੇ ਪੈਰ ਟਿਕੇ ਸਨ ਉਹ ਵੀ ਉੱਖੜ ਗਏ ਹਨ। ਉਸ ਨੂੰ ਯਕੀਨ ਹੋਣ ਲੱਗਾ ਕਿ ਉਸ ਨੇ ਤਾਂ ਪਿੰਡ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ ਪਰ ਪਿੰਡ ਉਹਦਾ ਪਿੱਛਾ ਨਹੀਂ ਛੱਡ ਰਿਹਾ। ਉਹਨੂੰ ਸ਼ੱਕ ਹੋਣ ਲੱਗਾ ਕਿ ਬਹੁਤ ਛੇਤੀ ਉਸ ਦਾ ਪੋਲ ਖੁਲ੍ਹ ਜਾਵੇਗਾ ਅਤੇ ਇਹ ਹੀ ਲੋਕ ਪੱਥਰ ਮਾਰ-ਮਾਰ ਕੇ ਉਹਦੀ ਜਾਨ ਲੈ ਲੈਣਗੇ।

ਸੂਰਜ ਛਿੱਪਦਿਆਂ ਹੀ ਉਨ੍ਹਾਂ ਨੇ ਰੇੜ੍ਹਾ ਨਿਸ਼ਚਿਤ ਜਗ੍ਹਾ 'ਤੇ ਲਾ ਦਿੱਤਾ। ਮੰਡੀ ਦੀਆਂ ਬਹੁਤੀਆਂ ਦੁਕਾਨਾਂ ਵਿੱਚ ਬਿਜਲੀ ਦੇ ਬੱਲਬ ਜਗਮਗਾਉਣ ਲੱਗ ਪਏ ਸਨ। ਮਾਲਕਾਂ, ਮੁਨੀਮਾਂ ਅਤੇ ਨੌਕਰਾਂ ਦੇ ਬਿਨ੍ਹਾਂ ਬਹੁਤ ਘੱਟ ਲੋਕ ਰਹਿ ਗਏ ਸਨ। ਮੁਨੀਮ ਬੜੇ-ਬੜੇ ਬਹੀ-ਖਾਤੇ ਖੋਲ ਕੇ ਦਿਨ ਭਰ ਦਾ ਹਿਸਾਬ-ਕਿਤਾਬ ਕਰਨ ਵਿੱਚ ਰੁੱਝੇ ਹੋਏ ਸਨ।

"ਚੱਲੋ, ਹਿਸਾਬ ਕਰ ਲਈਏ।" ਮਾਂਝੇ ਨੇ ਸਿਰ ਦਾ ਸਾਫਾ ਲਾਹ ਕੇ ਮੂੰਹ ਅਤੇ ਬਾਂਹਾਂ ਤੋਂ ਪਸੀਨਾ ਪੂੰਝਿਆ।

"ਪਹਿਲਵਾਨ, ਛੇਤੀ ਕਰ। ਮੁਨੀਮ ਚਲੇ ਗਿਆ ਤਾਂ ਔਖਾ ਹੋ ਜਾਊਗਾ।" ਛਿੱਬੂ ਨੇ ਪਤੂਹੀ ਦੀ ਜੇਬ ਵਿੱਚ ਰੱਖੇ ਪਰਚੇ ਬਾਹਰ ਕੱਢ ਲਏ।

"ਤੁਸੀਂ ਹੀ ਕਰ ਲਓ। ਮੈਂ ਰੇੜ੍ਹੇ ਤੇ ਪੈ ਕੇ ਥੋੜ੍ਹਾ ਅਰਾਮ ਕਰ ਲਵਾਂ।" ਕਾਲ਼ੀ ਨੇ ਡਰ ਕੇ ਦੁਕਾਨ ਵਲੋਂ ਮੂੰਹ ਘੁਮਾ ਲਿਆ ਅਤੇ ਟੱਪ ਕੇ ਰੇੜ੍ਹੇ ਦੇ ਉੱਪਰ ਚੜ੍ਹ ਗਿਆ।

"ਪਹਿਲਵਾਨ ਭੂਤ ਤੋਂ ਬਹੁਤ ਡਰ ਗਿਆ ਹੈ। ਅੱਜ ਇਹਦਾ ਇਲਾਜ ਕਰਨਾ ਹੀ ਪੈਣਾ ਹੈ।" ਛਿੱਬੂ ਹੱਸਿਆ।

"ਮਾਵੇ ਦੀ ਛੋਟੀ ਗੋਲ਼ੀ ਦੇ ਦੇ। ਭੂਤ ਤਾਂ ਕੀ, ਉਹਦਾ ਬਾਪ ਵੀ ਦੌੜ ਜਾਊਗਾ।" ਮਾਂਝਾ ਵੀ ਸਾਫੇ ਨਾਲ਼ ਛਾਤੀ ਨੂੰ ਰਗੜ-ਰਗੜ ਪੂੰਝਦਾ ਹੋਇਆ ਹੱਸਿਆ।

ਕਾਲ਼ੀ ਨੇ ਚਾਦਰ ਇਕੱਠੀ ਕਰਕੇ ਉਹਨੂੰ ਸਿਰ ਦੇ ਥੱਲੇ ਰੱਖ ਲਿਆ। ਉਸ ਨੇ ਲੱਤਾਂ ਪੂਰੀ ਤਰ੍ਹਾਂ ਪਸਾਰ ਲਈਆਂ ਅਤੇ ਸਿੱਧਾ ਲੰਮਾ ਪੈ ਕੇ ਅਸਮਾਨ ਵੱਲ ਦੇਖਣ ਲੱਗਾ। ਉੱਚੇ-ਉੱਚੇ ਚੁਬਾਰਿਆਂ ਵਿੱਚ ਘਿਰੇ ਹੋਏ ਅਸਮਾਨ ਦਾ ਇੱਕ ਟੁੱਕੜਾ ਹੀ ਦਿੱਸ ਰਿਹਾ ਸੀ। ਮੰਡੀ ਵਿੱਚ ਰੇੜ੍ਹੀਆਂ, ਰੇੜ੍ਹੇ, ਠੇਲੇ, ਗੱਡੇ ਅਤੇ ਟਰੱਕਾਂ ਦੇ ਆਉਣ-ਜਾਣ ਕਰਕੇ ਮਿੱਟੀ ਉੱਡ ਰਹੀ ਸੀ ਅਤੇ ਹਨੇਰੇ ਦੇ ਕਾਰਨ ਅਸਮਾਨ ਧੁੰਦਲਾ ਤੇ ਮੈਲ਼ਾ ਦਿਖਾਈ ਦੇ ਰਿਹਾ ਸੀ ਅਤੇ ਤਾਰੇ ਬੁਝੇ-ਬੁਝੇ ਲੱਗ ਰਹੇ ਸਨ।

ਕਾਲ਼ੀ ਨੂੰ ਪਤਾ ਸੀ ਕਿ ਛੱਜੂ ਸ਼ਾਹ ਦੀ ਗੱਲ ਲੁਕਾਉਣ ਲਈ ਉਹਨੇ ਸਾਰਿਆਂ ਨੂੰ ਭੂਤ ਦੀ ਮਨਘੜ੍ਹਤ ਕਹਾਣੀ ਸੁਣਾਈ ਹੈ। ਹੁਣ ਉਹਨੂੰ ਸੱਚ ਬਣਾਉਣ ਲਈ ਪਤਾ ਨਹੀਂ ਹੋਰ ਕਿੰਨਾ ਝੂਠ ਬੋਲਣਾ ਪੈਣਾ ਹੈ।

ਕਾਲ਼ੀ ਨੂੰ ਪਤਾ ਸੀ ਕਿ ਛੱਜੂ ਸ਼ਾਹ ਉਹਦੀ ਹੀ ਭਾਲ ਵਿੱਚ ਸ਼ਹਿਰ ਆਇਆ ਹੋਣਾ। ਪਰ ਛੱਜੂ ਸ਼ਾਹ ਨੂੰ ਉਸ ਨਾਲ਼ ਕੋਈ ਰੜਕ ਜਾਂ ਵੈਰ ਨਹੀਂ ਹੋਣਾ ਚਾਹੀਦਾ। ਉਸ ਨੇ ਤਾਂ ਆਪਣੇ ਚਾਚੇ ਦਾ ਸਾਰਾ ਉਧਾਰ ਵਿਆਜ ਸਮੇਤ ਮੋੜ ਦਿੱਤਾ ਸੀ। ਉਸ ਨੂੰ ਕਦੇ ਵਾਧੂ-ਘਾਟੂ ਗੱਲ ਨਹੀਂ ਕਹੀ ਸੀ। ਉਹਦਾ ਕਦੇ ਕਿਸੇ ਕਿਸਮ ਦਾ ਨੁਕਸਾਨ ਵੀ ਨਹੀਂ ਕੀਤਾ ਸੀ।

ਇਹ ਸੋਚ ਕੇ ਕਾਲ਼ੀ ਨੂੰ ਕੁੱਝ ਸ਼ਾਂਤੀ ਮਿਲੀ ਕਿ ਛੱਜੂ ਸ਼ਾਹ ਪਿੰਡ ਵਿੱਚ ਦੁਕਾਨ ਅਤੇ ਵਪਾਰ ਚਲਾਉਂਦਾ ਹੈ। ਅਨਾਜ ਦਾ ਗੱਲਾ ਪਿੰਡ ਤੋਂ ਖਰੀਦ ਲੈਂਦਾ ਹੈ ਅਤੇ ਸ਼ਹਿਰ ਦੀ ਮੰਡੀ ਵਿੱਚ ਵੇਚਦਾ ਹੈ। ਪਿੰਡ ਤੋਂ ਆਪਣੀ ਦੁਕਾਨ ਲਈ ਸੌਦਾ ਲੈਣ ਆਇਆ ਹੋਵੇਗਾ। ਉਹਦੇ ਤਾਂ ਸ਼ਾਇਦ ਚਿੱਤ ਚੇਤੇ ਵੀ ਨਾ ਹੋਵੇ ਕਿ ਉਹ ਇਸ ਤਰ੍ਹਾਂ ਸ਼ਹਿਰ ਵਿੱਚ ਰਹਿੰਦਾ ਹੈ ਅਤੇ ਅਨਾਜ ਮੰਡੀ ਵਿੱਚ ਰੇੜ੍ਹਾ ਖਿੱਚਦਾ ਹੈ।

ਕਾਲ਼ੀ ਨੂੰ ਅਫਸੋਸ ਹੋਣ ਲੱਗਾ ਕਿ ਉਹ ਛੱਜੂ ਸ਼ਾਹ ਨੂੰ ਦੇਖ ਕੇ ਫਜ਼ੂਲ ਹੀ ਘਬਰਾ ਗਿਆ ਸੀ। ਉਸ ਨੂੰ ਜਮਦੂਤ ਸਮਝ ਕੇ ਆਪਣੇ ਆਖਰੀ ਸਾਹ ਗਿਣਨ ਲੱਗ ਪਿਆ ਸੀ। ਛੱਜੂ ਸ਼ਾਹ ਨਾਲ਼ ਮੁਲਾਕਾਤ ਹੋ ਜਾਂਦੀ ਤਾਂ ਸ਼ਾਇਦ ਉਹ ਉਸ 'ਤੇ ਤਰਸ ਕਰ ਲੈਂਦਾ। ਮੰਡੀ ਵਿੱਚ ਵਪਾਰੀਆਂ ਨਾਲ਼ ਉਸ ਦੇ ਚੰਗੇ ਸੰਬੰਧ ਹੋਣਗੇ। ਉਹ ਸਿਫਾਰਸ਼ ਕਰਕੇ ਕਿਸੇ ਕੋਲ਼ ਉਸ ਨੂੰ ਪੱਕੇ ਤੌਰ 'ਤੇ ਪੱਲੇਦਾਰ ਰੱਖਵਾ ਦਿੰਦਾ। ਪਰ ਉਸ ਨੇ ਉਲਟਾ ਛੱਜੂ ਸ਼ਾਹ ਨੂੰ ਭੂਤ ਬਣਾ ਦਿੱਤਾ।

ਹੌਲ਼ੀ-ਹੌਲ਼ੀ ਕਾਲ਼ੀ ਨੂੰ ਡਰ ਦੇ ਥਾਂ ਆਪਣੇ ਆਪ ਤੇ ਖਿੱਝ ਆਉਣ ਲੱਗੀ। ਉਹ ਮਹਿਸੂਸ ਕਰਨ ਲੱਗਾ ਕਿ ਉਸ ਨੇ ਆਪਣਾ ਬਹੁਤ ਜ਼ਿਆਦਾ ਨੁਕਸਾਨ ਕਰ ਲਿਆ ਹੈ। ਹੁਣ ਭੂਤ ਤੋਂ ਛਟਕਾਰਾ ਪਾਉਣ ਲਈ ਉਸ ਨੂੰ ਮੰਦਰ ਜਾਣਾ ਪੈਣਾ ਹੈ ਅਤੇ ਹਨੂੰਮਾਨ ਜੀ ਨੂੰ ਸਵਾ ਆਨੇ ਦਾ ਪ੍ਰਸ਼ਾਦ ਚੜ੍ਹਾਉਣਾ ਪੈਣਾ ਹੈ। ਇਸ ਸਵਾ ਆਨੇ ਨਾਲ਼ ਉਹ ਇੱਕ ਵਕਤ ਦੀ ਰੋਟੀ ਖਾ ਸਕਦਾ ਸੀ।

ਮੰਦਰ ਬਾਰੇ ਸੋਚ ਕੇ ਕਾਲ਼ੀ ਦੀਆਂ ਅੱਖਾਂ ਅੱਡ ਹੋ ਗਈਆਂ। ਉਹਨੂੰ ਮੰਦਰ ਗਏ ਨੂੰ ਕਈ ਸਾਲ ਹੋ ਗਏ ਸਨ। ਉਹਨੂੰ ਸਿਰਫ ਐਨਾ ਯਾਦ ਸੀ ਕਿ ਉਹ ਆਖਰੀ ਵਾਰ ਕਾਨ੍ਹਪੁਰ ਵਿੱਚ ਜਨਮਅਸ਼ਟਮੀ ਦੇ ਦਿਨ ਚਾਲ਼ ਵਾਲਿਆਂ ਨਾਲ਼ ਮੰਦਰ ਗਿਆ ਸੀ ਅਤੇ ਭਜਨ-ਕੀਰਤਨ ਸੁਣਿਆ ਸੀ। ਭਜਨ ਦੇ ਸ਼ਬਦ ਤਾਂ ਉਸ ਦੇ ਦਿਮਾਗ ਵਿੱਚ ਨਹੀਂ ਸਨ ਆ ਰਹੇ ਪਰ ਢੋਲਕੀ, ਹਰਮੋਨੀਅਮ ਅਤੇ ਚਿਮਟੇ ਦੀ ਧਮਕ ਕੰਨਾਂ ਵਿੱਚ ਗੂੰਜੀ ਜਾ ਰਹੀ ਸੀ।

ਕਾਲ਼ੀ ਦਾ ਮਨ ਮੰਦਰ ਜਾਣ ਨੂੰ ਕਾਹਲਾ ਲੈਣ ਲੱਗਾ ਕਿਉਂਕਿ ਪਿੰਡ ਵਿੱਚ ਪੰਡਤ ਸੰਤਰਾਮ ਉਨ੍ਹਾਂ ਨੂੰ ਮੰਦਰ ਦੇ ਅੰਦਰ ਤਾਂ ਕੀ, ਨੇੜੇ ਤੇੜੇ ਵੀ ਫਟਕਣ ਨਹੀਂ ਸੀ ਦਿੰਦਾ। ਕਾਲ਼ੀ ਨੂੰ ਫਿਕਰ ਹੋਣ ਲੱਗਾ ਕਿ ਸ਼ਹਿਰ ਦੇ ਮੰਦਰ ਵਿੱਚ ਵੀ ਕਿਤੇ ਪੰਡਿਤ ਸੰਤਰਾਮ ਹੀ ਨਾ ਬੈਠਾ ਹੋਵੇ। ਪਰ ਇਹ ਸੋਚ ਕੇ ਉਸ ਨੂੰ ਹੌਂਸਲਾ ਹੋ ਗਿਆ ਕਿ ਛਿੱਬੂ ਨੇ ਮੰਦਰ ਜਾਣ ਲਈ ਕੁੱਝ ਸੋਚ ਸਮਝ ਕੇ ਹੀ ਕਿਹਾ ਹੋਵੇਗਾ। ਉਹਨੇ ਛਿੱਬੂ ਤੋਂ ਪੁੱਛਿਆ ਤਾਂ ਨਹੀਂ ਪਰ ਗੱਲਾਂ-ਗੱਲਾਂ ਵਿੱਚ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਦੋਨੋ ਆਦਿਧਰਮੀ ਹਨ। ਉਨ੍ਹਾਂ ਨੇ ਵੀ ਕਾਲ਼ੀ ਤੋਂ ਉਸ ਦੀ ਜਾਤ ਬਾਰੇ ਕਦੀ ਨਹੀਂ ਪੁੱਛਿਆ ਸੀ। ਇੱਕ ਵਾਰ ਸਿਰਫ ਐਨਾ ਕਿਹਾ ਸੀ ਕਿ ਰੇੜ੍ਹਾ-ਠੇਲਾ ਖਿੱਚਣ ਦਾ ਕੰਮ ਗਰੀਬ ਲੋਕ ਹੀ ਕਰਦੇ ਹਨ ਅਤੇ ਉਹ ਜ਼ਿਆਦਾਤਰ ਆਦਿਧਰਮੀ

ਹੀ ਹੁੰਦੇ ਹਨ।

ਛਿੱਬੂ ਅਤੇ ਮਾਂਝਾ ਹਿਸਾਬ ਕਰਕੇ ਦੁਕਾਨ ਤੋਂ ਬਾਹਰ ਨਿਕਲੇ ਤਾਂ ਕਾਲ਼ੀ ਵੀ ਛਾਲ ਮਾਰ ਕੇ ਰੇੜ੍ਹੇ ਤੋਂ ਥੱਲੇ ਆ ਗਿਆ। ਉਹ ਪਹਿਲਾਂ ਨਾਲ਼ੋਂ ਠੀਕ ਮਹਿਸੂਸ ਕਰ ਰਿਹਾ ਸੀ। ਥਕਾਵਟ ਦਾ ਅਹਿਸਾਸ ਘੱਟ ਗਿਆ ਸੀ ਅਤੇ ਸਰੀਰ ਵਿੱਚ ਚੁਸਤੀ ਵੀ ਆ ਗਈ ਸੀ। ਉਹ ਦੌੜ ਕੇ ਉਨ੍ਹਾਂ ਦੇ ਕੋਲ਼ ਚਲਾ ਗਿਆ। ਛਿੱਬੂ ਨੇ ਸੜਕ 'ਤੇ ਪੈਂਦੀ ਬੱਲਬ ਦੀ ਰੌਸ਼ਨੀ ਵਿੱਚ ਕਾਲ਼ੀ ਨੂੰ ਸਿਰ ਤੋਂ ਪੈਰਾਂ ਤੱਕ ਦੇਖਿਆ ਅਤੇ ਫੇਰ ਉਹਦੇ ਨਾਲ਼ ਛੇੜ-ਛਾੜ ਕਰਨ ਲੱਗਾ। "ਪਹਿਲਵਾਨ ਕਿੱਦਾਂ, ਭੂਤ ਅਜੇ ਵੀ ਤੇਰੇ ਸਿਰ 'ਤੇ ਬੈਠਾ ਹੈ ਜਾਂ ਦੌੜ ਗਿਆ ਹੈ ?"

ਜਵਾਬ ਵਿੱਚ ਕਾਲ਼ੀ ਨੇ ਸਿਰਫ ਥੋੜ੍ਹਾ ਜਿਹਾ ਮੁਸਕਰਾ ਦਿੱਤਾ ਤਾਂ ਛਿੱਬੂ ਨੇ ਫਿਰ ਜ਼ੋਰ ਨਾਲ਼ ਪੁੱਛਿਆ, "ਪਹਿਲਵਾਨ ਦੱਸਦਾ ਕਿਉ ਨਹੀਂ ?"

"ਉਸਤਾਦ, ਕੀ ਦੱਸਾਂ।" ਕਾਲ਼ੀ ਸ਼ਰਮਿੰਦਾ ਜਿਹਾ ਹੋ ਗਿਆ। ਗੱਲ ਬਦਲਣ ਲਈ ਉਹਨੇ ਪੁੱਛਿਆ, ਮੰਦਰ ਕਦੋਂ ਜਾਣਾ ਹੈ ?"

"ਪਹਿਲਾਂ ਘਰ ਚਲਦੇ ਹਾਂ। ਕਮੇਟੀ ਦੇ ਨਲਕੇ 'ਤੇ ਨਾਉਂਦੇ-ਧੋਂਦੇ ਹਾਂ। ਸਰੀਰ ਤੋਂ ਦਿਨ ਭਰ ਦਾ ਮਿੱਟੀ-ਘੱਟਾ ਅਤੇ ਪਸੀਨਾ ਧੋਵਾਂਗੇ।" ਛਿੱਬੂ ਨੇ ਇੱਕ-ਇੱਕ ਸ਼ਬਦ 'ਤੇ ਜ਼ੋਰ ਦਿੱਤਾ।

"ਮੰਦਰ ਹੈ ਕਿੱਥੇ ?"

"ਮੰਦਰ ਬਹੁਤ ਹਨ। ... ਇੱਕ ਤਾਂ ਮੰਡੀ ਵਿੱਚ ਹੀ ਹੈ। ਉੱਥੇ ਬਹੁਤੇ ਸੱਟਾ ਖੇਲਣ ਵਾਲ਼ੇ ਆਉਂਦੇ ਹਨ। ਭਗਵਾਨ ਨਾਲ਼ ਸੌਦਾ ਕਰਨ। ... ਇੱਧਰ ਕ੍ਰਿਸ਼ਨ ਨਗਰ ਵਿੱਚ ਵੀ ਮੰਦਰ ਹੈਗਾ ਉੱਧਰ ਮੁਹੱਲਾ ਗੋਬਿੰਦਗੜ੍ਹ ਵਿੱਚ ਵੀ ਸ਼ਿਵਾਲ਼ਾ ਹੈ। ...ਸ਼ਹਿਰ ਵਿੱਚ ਬੜੇ ਮੰਦਰ ਹਨ। ਸੀਤਲਾ ਮੰਦਰ, ਦੇਵੀ ਤਲਾਅ ਮੰਦਰ ... ਹੋਰ ਕਈ ਹਨ। ਖਾਂਦਾ ਪੀਂਦਾ ਸ਼ਹਿਰ ਹੈ। ਇੱਥੇ ਮੰਦਰਾਂ ਅਤੇ ਬਾਵਿਆਂ ਦੀ ਕੋਈ ਕਮੀ ਨਹੀਂ ਹੈ।"

"ਆਪਾਂ ਕਿਹੜੇ ਮੰਦਰ ਵਿੱਚ ਜਾਵਾਂਗੇ ?" ਕਾਲ਼ੀ ਨੇ ਪੁੱਛਿਆ।

"ਕ੍ਰਿਸ਼ਨ ਨਗਰ ਮੰਦਰ ਨੂੰ ਚਲਾਂਗੇ। ਉੱਥੇ ਸੇਠਾਨੀਆਂ ਨੂੰ ਦੇਖਾਂਗੇ। ਸੋਨੇ ਦੇ ਗਹਿਣਿਆਂ ਨਾਲ਼ ਲੱਦੀਆ ਹੋਈਆਂ।" ਛਿੱਬੂ ਹੱਸਿਆ, "ਮੰਡੀ ਵਿੱਚ ਤਾਂ ਸਾਰਾ ਦਿਨ ਮੋਟੇ ਮੋਟੇ ਲਾਲੇ, ਨੱਕ-ਮੂੰਹ ਚੜ੍ਹਾਉਂਦੇ ਮੁਨੀਮ, ਵਿੰਗੇ-ਟੇਡੇ ਪੰਡਿਤ, ਪੱਲੇਦਾਰ ਅਤੇ ਰੇੜ੍ਹੇ ਵਾਲਿਆਂ ਦੇ ਹੀ ਦਰਸ਼ਨ ਹੁੰਦੇ ਹਨ।"

"ਉਸ ਮੰਦਰ ਦਾ ਪੰਡਿਤ ਬਹੁਤ ਖੁਣਸੀ ਹੈ। ਗਰੀਬ ਆਦਮੀ ਨੂੰ ਦੇਖ ਕੇ ਉਹਦੇ ਮੱਥੇ ਦਾ ਤਿਲਕ ਤਿਊੜੀਆਂ ਕਰਕੇ ਤ੍ਰਿਸ਼ੂਲ ਬਣ ਜਾਂਦਾ ਹੈ।" ਮਾਂਝੇ ਨੇ ਨੱਕ ਚਾੜ੍ਹਿਆ।

"ਉਸਤਾਦ, ਉੱਥੇ ਜ਼ਿਆਦਾਤਰ ਸੇਠਾਣੀਆਂ ਆਉਂਦੀਆਂ ਹਨ, ਲਾਲੀਆਂ ਹੁੰਦੀਆਂ ਹਨ। ਵੱਛਿਆਂ ਤੇ ਗਊਆਂ ਦੇ ਵਿੱਚ ਸਾਨ੍ਹ ਚਲਾ ਜਾਵੇ ਤਾਂ ਦੂਰ-ਦੂਰ ਤਾਂ ਹੋਵੇਗੀ ਹੀ।" ਛਿੱਬੂ ਨੇ ਸਮਝਾਇਆ। "ਪਰ ਅੱਜ ਉੱਥੇ ਹੀ ਚਲਾਂਗੇ। ... ਨਾਲ਼ੇ ਮੂੰਜ-ਬਗੜ ਦਾ ਸੌਦਾ ਨਾਲ਼ੇ ਦੇਵੀ ਦੇ ਦਰਸ਼ਨ। ... ਪ੍ਰਸ਼ਾਦ ਵੀ ਚੜ੍ਹਾ ਆਵਾਂਗੇ ਅਤੇ ਨਾਲ਼ ਹੀ ਸੇਠਾਣੀਆਂ ਦੇ ਦਰਸ਼ਨ ਵੀ ਹੋ ਜਾਣਗੇ।"

ਉਨ੍ਹਾਂ ਨੇ ਦੁਕਾਨ ਦੇ ਬਾਹਰ ਹੀ ਦਿਨ ਦੀ ਮਜ਼ਦੂਰੀ ਦੇ ਪੈਸੇ ਆਪਸ ਵਿੱਚ ਵੰਡ ਲਏ ਅਤੇ ਹੌਲ਼ੀ-ਹੌਲ਼ੀ ਤੁਰਦੇ ਹੋਏ ਮੰਡੀ ਦੇ ਕ੍ਰਿਸ਼ਨਾ ਨਗਰ ਦੇ ਦਰਵਾਜ਼ੇ ਵੱਲ ਨੂੰ ਤੁਰ ਪਏ। ਕਾਲੀ ਨੂੰ ਮੰਡੀ ਵਿੱਚ ਤੁਰਦੇ ਨੂੰ ਹੁਣ ਡਰ ਨਹੀਂ ਲਗ ਰਿਹਾ ਸੀ ਅਤੇ ਉਹ ਬਹੁਤ ਭਰੋਸੇ ਨਾਲ਼ ਸਿੱਧਾ ਤੁਰ ਰਿਹਾ ਸੀ ਅਤੇ ਪੈਰ ਧਰਤੀ 'ਤੇ ਟਿਕਾ ਕੇ ਰੱਖ ਰਿਹਾ ਸੀ।

ਉੱਥੇ ਪਹੁੰਚ ਕੇ ਉਨ੍ਹਾਂ ਨੇ ਥੋੜ੍ਹਾ ਅਰਾਮ ਕੀਤਾ, ਫਿਰ ਛੋਟੀ ਸੜਕ ਦੇ ਕੰਢੇ ਕਮੇਟੀ ਦੇ ਨਲ਼ਕੇ 'ਤੇ ਨ੍ਹਾਤੇ। ਵਾਪਸ ਆ ਕੇ ਉਨ੍ਹਾਂ ਨੇ ਸਵੇਰ ਦੇ ਧੋਤੇ ਹੋਏ ਕੱਪੜੇ ਪਾਏ ਅਤੇ ਮੰਦਰ ਨੂੰ ਜਾਣ ਲਈ ਤਿਆਰ ਹੋ ਗਏ।

"ਪਹਿਲਵਾਨ, ਸਵਾ ਆਨਾ ਪ੍ਰਸ਼ਾਦ 'ਤੇ ਲੱਗਣਾ ਹੈ ਅਤੇ ਮਾਵੇ ਦੀ ਗੋਲ਼ੀ ਦੋ ਆਨੇ ਦੀ ਆਉਣੀ ਹੈ। ਪ੍ਰਸ਼ਾਦ ਪੁਜਾਰੀ ਅਤੇ ਭਗਵਾਨ ਖਾ ਲੈਣਗੇ ਅਤੇ ਬਚਿਆ-ਖੁਚਿਆ ਤੇਰੇ ਹੱਥ 'ਤੇ ਰੱਖ ਦੇਣਗੇ। ਭੂਤ ਜਾਂਦਾ ਹੈ ਜਾਂ ਨਹੀਂ ਇਸ ਦਾ ਕੋਈ ਭਰੋਸਾ ਨਹੀਂ ਹੈ। ਮੇਰੀ ਮੰਨੇ ਤਾਂ ਮਾਵੇ ਦੀ ਇੱਕ ਗੋਲ਼ੀ ਲੈ ਲਾ। ਸਿਰਫ ਤਿੰਨ ਪੈਸੇ ਦਾ ਫਰਕ ਹੈ। ਉਹਦੇ ਵਿੱਚ ਤੇਰਾ ਕੋਈ ਹਿੱਸੇਦਾਰ ਵੀ ਨਹੀਂ ਹੋਊਗਾ। ਬਿਲਕੁਲ ਤੇਰੇ ਇਕੱਲੇ ਦੇ ਢਿੱਡ ਵਿੱਚ ਜਾਊਗੀ। ਗੋਲ਼ੀ ਅੰਦਰ ਜਾਂਦਿਆਂ ਹੀ ਭੂਤ ਬਾਹਰ ਦੌੜ ਜਾਊਗਾ। ਉੱਪਰੋਂ ਭੁੱਖ ਵੀ ਬਹੁਤ ਚਮਕੂਗੀ। ਰੋਟੀ ਖਾਣ ਦਾ ਬਹੁਤ ਸੁਆਦ ਆਊ।" ਕਾਲ਼ੀ ਨੂੰ ਵਿਸਵਾਸ਼ ਦੁਆਉਣ ਲਈ ਮਾਂਝਾ ਇੱਕ-ਇੱਕ ਸ਼ਬਦ 'ਤੇ ਜ਼ੋਰ ਦੇ ਰਿਹਾ ਸੀ, ਅਤੇ ਬਹੁਤੀ ਦੂਰ ਵੀ ਨਹੀਂ ਜਾਣਾ ਪਊਗਾ। ਬਸ ਬਾਹਰ ਨਿਕਲਦਿਆਂ ਹੀ ਪਨਵਾੜੀ ਤੋਂ ਮਿਲ ਜਾਊਗੀ। ਗੋਲ਼ੀ 'ਤੇ ਚਾਂਦੀ ਦਾ ਵਰਕ ਵੀ ਲੱਗਾ ਹੋਊ।"

"ਪਹਿਲਵਾਨ, ਮਾਂਝੇ ਦੇ ਝਾਂਸੇ ਵਿੱਚ ਨਾ ਆ ਜਾਂਈਂ। ਇਹ ਤੈਨੂੰ ਬਰਬਾਦ ਕਰ ਦਊ। ਜਦੋਂ ਇਹ ਪਹਿਲੀ ਵਾਰ ਸ਼ਹਿਰ ਆਇਆ ਸੀ ਤਾਂ ਤਾਜ਼ੀ ਗਾਜਰ ਵਰਗਾ ਨਰਮ, ਲਾਲ ਅਤੇ ਤੰਦਰੁਸਤ ਸੀ ਪਰ ਹੁਣ ਕਾਠੇ ਬੇਰ ਵਰਗਾ ਸੁੱਕਿਆ ਹੋਇਆ ਹੈ।" ਛਿੱਬੂ ਨੇ ਚਿਤਾਵਨੀ ਦਿੱਤੀ।

"ਪਹਿਲਵਾਨ, ਸਿਆਣੇ ਦੇ ਕਹੇ ਅਤੇ ਔਲੇ ਦੇ ਖਾਧੇ ਦਾ ਸਵਾਦ ਬਾਅਦ ਵਿੱਚ ਪਤਾ ਲਗਦਾ ਹੈ। ਅੱਗੇ ਤੇਰੀ ਮਰਜ਼ੀ ਹੈ ...।" ਮਾਂਝੇ ਨੇ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ। "ਭੂਤ ਦੇ ਮਾਮਲੇ ਵਿੱਚ ਹਨੂੰਮਾਨ ਜੀ ਤੇਰੀ ਮਦਦ ਕਰਨਗੇ ਜਾਂ ਨਹੀਂ, ਕੋਈ ਵਿਸਵਾਸ਼ ਨਾਲ਼ ਨਹੀਂ ਕਹਿ ਸਕਦਾ ਪਰ ਮਾਵੇ ਦੀ ਗੋਲ਼ੀ ਦਾ ਅਸਰ ਜਦ ਤੱਕ ਤੇਰੇ 'ਤੇ ਰਹੇਗਾ, ਭੂਤ ਤਾਂ ਕੀ ਉਹਦਾ ਬਾਪ ਵੀ ਤੇਰੇ ਕੋਲ਼ ਨਹੀਂ ਫਟਕੂਗਾ।"

"ਮਾਵਾ ਖਾਣ ਨਾਲ਼ ਆਦਮੀ ਆਪ ਜਿਉਂ ਭੂਤ ਬਣ ਜਾਂਦਾ।" ਮਾਂਝੇ ਵੱਲ ਦੇਖ ਕੇ ਛਿੱਬੂ ਮੁਸਕਰਾਇਆ।

"ਅੱਜ ਸਸਤਾ ਇਲਾਜ ਕਰਕੇ ਦੇਖ ਲੈਂਦੇ ਹਾਂ। ਨਾ ਫਾਇਦਾ ਹੋਇਆ ਤਾਂ ਤੇਰੀ ਦੱਸੀ ਤਰਕੀਬ ਵੀ ਅਜ਼ਮਾ ਲਵਾਂਗੇ।" ਕਾਲ਼ੀ ਨੇ ਮਾਂਝੇ ਵੱਲ ਦੇਖ ਕੇ ਉਸ ਨੂੰ ਬੰਦਗੀ ਕੀਤੀ।

"ਅੱਛਾ ਯਾਰਾ, ਮੈਂ ਚੱਲਿਆਂ। ਪਨਵਾੜੀ ਦੇ ਕੋਲ਼ ਮਾਲ ਖਤਮ ਹੋ ਗਿਆ ਤਾਂ ਫੇਰ ਦੂਰ ਜਾਣਾ ਪਊ ...ਆਟਾ ਮਿੱਲ ਦੇ ਕੋਲ਼।" ਮਾਂਝਾ ਹੱਥ ਮਾਰਦਾ ਹੋਇਆ ਪਨਵਾੜੀ ਦੇ ਖੋਖੇ ਵੱਲ ਨੂੰ ਤੁਰ ਪਿਆ।

ਛਿੱਬੂ ਅਤੇ ਕਾਲ਼ੀ ਮੁਹੱਲਾ ਕ੍ਰਿਸ਼ਨ ਨਗਰ ਵੱਲ ਨੂੰ ਤੁਰ ਪਏ। ਇਸ ਮੁਹੱਲੇ ਵਿੱਚ ਬਹੁਤੇ ਮੰਡੀ ਦੇ ਲਾਲੇ ਹੀ ਰਹਿੰਦੇ ਸਨ। ਇੱਥੇ ਗਲ਼ੀਆਂ ਸ਼ਹਿਰ ਦੇ ਪੁਰਾਣੇ ਮੁਹੱਲਿਆਂ ਦੀਆਂ ਗਲ਼ੀਆਂ ਦੇ ਮੁਕਾਬਲੇ ਜ਼ਿਆਦਾ ਚੌੜੀਆਂ ਸਨ। ਪਰ ਮਕਾਨ ਬਹੁਤ ਵੱਡੇ ਅਤੇ ਦੋ-ਤਿੰਨ ਮੰਜ਼ਲੇ ਹੋਣ ਕਰਕੇ ਗਲ਼ੀਆਂ ਵਿੱਚ ਦਿਨ ਨੂੰ ਵੀ ਧੁੱਪ ਘੱਟ ਹੀ ਆਉਂਦੀ ਸੀ।

ਗਲ਼ੀ ਦੇ ਮੋੜ 'ਤੇ ਹਲਵਾਈ ਦੀ ਦੁਕਾਨ ਤੋਂ ਸਵਾ ਆਨੇ ਦੀ ਬੂੰਦੀ ਲੈ ਕੇ ਛਿੱਬੂ ਦੇ ਨਾਲ਼ ਕਾਲ਼ੀ ਉਸ ਗਲ਼ੀ ਵਿੱਚ ਚਲਾ ਗਿਆ ਜਿਹੜੀ ਮੁਹੱਲੇ ਦੇ ਵਿੱਚੋਂ ਵਿੱਚੀਂ ਮੰਦਰ ਵੱਲ ਜਾਂਦੀ ਸੀ।

ਬਹੁਤੇ ਮਕਾਨ ਸੀਮੈਂਟ ਦੇ ਬਣੇ ਹੋਏ ਸਨ ਅਤੇ ਉਨ੍ਹਾਂ ਦੇ ਮੋਹਰਲੇ ਦਰਵਾਜ਼ੇ ਉੱਚੇ ਅਤੇ ਬਹੁਤ ਵੱਡੇ ਸਨ। ਕਈ ਮਕਾਨਾਂ ਦੇ ਉੱਪਰ ਸੀਮੈਂਟ ਨਾਲ਼ ਮੁਰਲੀ ਮਨੋਹਰ ਸ਼ਾਮ, ਸੀਤਾ ਰਾਮ, ਲੱਛਮੀ, ਹਨੂੰਮਾਨ ਅਤੇ ਭਗਵਾਨ ਸ਼ਿਵ ਦੀਆਂ ਮੂਰਤੀਆ ਬਣਾਈਆਂ ਹੋਈਆਂ ਸਨ।

ਕਈ ਮਕਾਨਾਂ ਦੇ ਸਾਮ੍ਹਣੇ ਗਲ਼ੀ ਵਿੱਚ ਹੀ ਵਲੈਤੀ ਨਸਲ ਦੀਆਂ ਗਾਈਆਂ ਅਤੇ ਮੱਝਾਂ ਬੰਨ੍ਹੀਆਂ ਹੋਈਆਂ ਸਨ। ਕਾਲ਼ੀ ਇਨ੍ਹਾਂ ਆਲੀਸ਼ਾਨ ਮਕਾਨਾਂ ਦੇ ਅਕਾਰਾਂ ਤੋਂ ਭੈ-ਭੀਤ ਹੋਇਆ ਪ੍ਰਸ਼ਾਦ ਦਾ ਡੂਨਾ ਚੰਗੀ ਤਰ੍ਹਾਂ ਸੰਭਾਲਦਾ ਹੋਇਆ ਛਿੱਬੂ ਦੇ ਪਿੱਛੇ-ਪਿੱਛੇ ਤੁਰਦਾ ਰਿਹਾ। ਰਾਹ ਵਿੱਚ ਉਨ੍ਹਾਂ ਨੂੰ ਮੰਦਰ ਤੋਂ ਮੁੜ ਕੇ ਆਉਂਦੀਆਂ ਜਾਂ ਮੰਦਰ ਨੂੰ ਜਾਂਦੀਆਂ ਹੋਈਆਂ ਕੁੱਝ ਬਣੀਆਂ-ਠਣੀਆਂ ਔਰਤਾਂ ਅਤੇ ਬੱਚੇ ਵੀ ਮਿਲੇ।

ਮੰਦਰ ਵਿੱਚ ਟੱਲੀਆਂ ਦੀ ਅਵਾਜ਼ ਸੁਣ ਕੇ ਕਾਲ਼ੀ ਦਾ ਮਨ ਖ਼ੁਸ਼ ਜਿਹਾ ਹੋਣ ਲੱਗਾ। ਜਿਉਂ-ਜਿਉਂ ਉਹ ਅੱਗੇ ਜਾ ਰਹੇ ਸਨ, ਟੱਲੀਆਂ ਦੀ ਅਵਾਜ਼ ਉੱਚੀ ਹੋ ਰਹੀ ਸੀ ਅਤੇ ਗਲ਼ੀ ਵਿੱਚ ਰੌਣਕ ਵੀ ਜ਼ਿਆਦਾ ਸੀ।

ਗਲ਼ੀ ਇੱਕ ਵਿਹੜੇ ਵਿੱਚ ਜਾ ਕੇ ਖਤਮ ਹੋ ਗਈ। ਇਸ ਵਿਹੜੇ ਵਿੱਚ ਦੋ ਹੋਰ ਪਾਸਿਆਂ ਤੋਂ ਵੀ ਗਲ਼ੀਆਂ ਆ ਕੇ ਮਿਲਦੀਆਂ ਸਨ। ਵਿਹੜਾ ਸਜੀਆਂ-ਧਜੀਆਂ ਔਰਤਾਂ ਅਤੇ ਬੱਚਿਆਂ ਨਾਲ਼ ਭਰਿਆ ਹੋਇਆ ਸੀ। ਆਦਮੀ ਥੋੜ੍ਹੇ ਸਨ ਅਤੇ ਉਨ੍ਹਾਂ ਵਿੱਚ ਵੀ ਬਹੁਤੇ ਸੋਟੀ ਦਾ ਸਹਾਰਾ ਲੈ ਕੇ ਤੁਰਦੇ ਸਨ।

ਮੰਦਰ ਦੇ ਮੋਹਰਲੇ ਦਰਵਾਜ਼ੇ 'ਤੇ ਵੀ ਦੇਵੀ-ਦੇਵਤਿਆਂ ਦੀਆਂ ਰੰਗਦਾਰ ਮੂਰਤੀਆਂ ਸਨ। ਦਰਵਾਜ਼ੇ ਦੇ ਇੱਕ ਪਾਸੇ ਫੁੱਲ ਅਤੇ ਪ੍ਰਸ਼ਾਦ ਵੇਚਣ ਵਾਲ਼ੇ ਬੈਠੇ ਸਨ। ਦੂਜੇ ਪਾਸੇ ਮੰਗਤੇ ਅਤੇ ਮੰਗਤੀਆਂ ਬੈਠੀਆਂ ਜਾਂ ਖੜ੍ਹੀਆਂ ਸਨ।

ਮੰਦਰ ਤੋਂ ਬਾਹਰ ਨਿਕਲ਼ਣ ਵਾਲ਼ੇ ਹਰ ਸ਼ਰਧਾਲੂ ਤੋਂ ਪ੍ਰਸ਼ਾਦ ਲੈਣ ਲਈ ਉਹ ਉਨ੍ਹਾਂ ਨੂੰ ਘੇਰ ਲੈਂਦੇ। ਕਾਲ਼ੀ ਅਤੇ ਛਿੱਬੂ ਮੰਦਰ ਦੇ ਦਰਵਾਜ਼ੇ ਤੱਕ ਪਹੁੰਚ ਗਏ। ਉੱਚੀ ਛੱਤ ਤੋਂ ਲੋਹੇ ਦੇ ਮੋਟੇ ਸੰਗਲ ਨਾਲ਼ ਲਟਕ ਰਹੀ ਪਿੱਤਲ ਦੀ ਵੱਡੀ ਸਾਰੀ ਘੰਟੀ ਨੂੰ ਛਿੱਬੂ ਅਤੇ ਕਾਲ਼ੀ ਨੇ ਵਾਰੀ-ਵਾਰੀ ਜ਼ੋਰ ਨਾਲ਼ ਵਜਾਇਆ। ਟਣ-ਟਣ ਦੀ ਗੂੰਜਦਾਰ ਅਵਾਜ਼ ਸੁਣ ਕੇ ਕਾਲ਼ੀ ਦਾ ਮਨ ਖ਼ੁਸ਼ ਹੋ ਗਿਆ ਅਤੇ ਉਹ ਭਾਵਕ ਹੋ ਗਿਆ।

ਮੋਹਰਲੇ ਦਰਵਾਜ਼ੇ ਤੋਂ ਉਹ ਮੰਦਰ ਦੇ ਖੁੱਲ੍ਹੇ ਵਿਹੜੇ ਵਿੱਚ ਪਹੁੰਚ ਗਏ। ਵਿਹੜੇ ਦੇ ਵਿਚਾਲੇ ਉੱਚੇ ਗੁੰਬਦ ਵਾਲ਼ੇ ਮੰਦਰ ਦੇ ਨਾਲ਼ ਕਈ ਹੋਰ ਛੋਟੇ ਮੰਦਰ ਵੀ ਸਨ। ਉਨ੍ਹਾਂ ਸਾਰਿਆਂ

’ਤੇ ਛੋਟੀਆਂ-ਵੱਡੀਆਂ ਗੇਰੂਏ ਰੰਗ ਤੇ ਹੋਰ ਗੂੜ੍ਹੇ ਰੰਗ ਦੀਆਂ ਝੰਡੀਆਂ ਲਹਿਰਾ ਰਹੀਆਂ ਸਨ।

ਵਿਹੜਾ ਔਰਤਾਂ, ਬੱਚਿਆਂ ਅਤੇ ਬੁੜ੍ਹੇ ਆਦਮੀਆਂ ਨਾਲ਼ ਭਰਿਆ ਹੋਇਆ ਸੀ ਅਤੇ ਉਹ ਹਰ ਇੱਕ ਮੰਦਰ ਵਿੱਚ ਜਾ ਕੇ ਟੱਲੀ ਜ਼ਰੂਰ ਵਜਾਉਂਦੇ ਸਨ। ਇਸ ਮੰਦਰ ਵਿੱਚ ਵੱਡੀ ਮੂਰਤੀ ਹਨੂੰਮਾਨ ਦੀ ਸੀ। ਛੋਟੇ ਮੰਦਰਾਂ ਵਿੱਚ ਦੂਜੇ ਦੇਵੀ-ਦੇਵਤਿਆਂ ਦੀਆਂ ਵੀ ਮੂਰਤੀਆਂ ਸਨ। ਧੰਨ-ਦੌਲਤ ਦੀ ਦੇਵੀ ਲੱਛਮੀ ਦੀ ਮੂਰਤੀ ਵੀ ਵੱਡੀ ਸੀ। ਛਿੱਬੂ ਨੇ ਕਾਲ਼ੀ ਦੇ ਕੰਨ ਵਿੱਚ ਕਿਹਾ, “ਲਾਲਿਆਂ ਅਤੇ ਸੇਠਾਂ ਦਾ ਮੁਹੱਲਾ ਹੈ ਨਾ। ਇਨ੍ਹਾਂ ਨੂੰ ਜ਼ਿਆਦਾ ਜਰੂਰਤ ਵੀ ਬਜਰੰਗ ਬਲੀ ਅਤੇ ਲੱਛਮੀ ਦੀ ਹੀ ਹੈ।”

ਛਿੱਬੂ ਦੇ ਪਿੱਛੇ-ਪਿੱਛੇ ਕਾਲ਼ੀ ਵੀ ਹਨੂੰਮਾਨ ਜੀ ਦੇ ਮੰਦਰ ਵਿੱਚ ਵੜ ਗਿਆ। ਦੋਵਾਂ ਨੇ ਵਾਰੀ-ਵਾਰੀ ਘੰਟੀ ਵਜਾਈ ਅਤੇ ਅੱਗੇ ਚਲੇ ਗਏ। ਜਦ ਉਨ੍ਹਾਂ ਨੂੰ ਥਾਂ ਮਿਲ਼ੀ ਤਾਂ ਉਹ ਛੋਟੇ ਦੁਆਰ ਵਿੱਚ ਜਾ ਖੜ੍ਹੇ ਹੋਏ। ਸਾਹਮਣੇ ਪਿਛਲੀ ਕੰਧ ਦੇ ਨਾਲ਼ ਹਨੂੰਮਾਨ ਦੀ ਬਹੁਤ ਵੱਡੀ ਮੂਰਤੀ ਸੀ। ਹਨੂੰਮਾਨ ਜੀ ਦੇ ਮੋਢਿਆਂ ਤੇ ਇੱਕ ਭਾਰਾ ਬੁਰਜ ਸੀ ਅਤੇ ਪੂਰੀ ਮੂਰਤੀ ਗੂਹੜੇ ਸੰਧੂਰ ਨਾਲ਼ ਚੰਗੀ ਤਰ੍ਹਾਂ ਲਿਬੜੀ ਹੋਈ ਸੀ।

ਛਿੱਬੂ ਅਤੇ ਕਾਲ਼ੀ ਨੇ ਝੁਕ ਕੇ ਮੂਰਤੀ ਨੂੰ ਪ੍ਰਣਾਮ ਕੀਤਾ। ਮੂਰਤੀ ਦੇ ਮੋਹਰੇ ਕਈ ਤਰ੍ਹਾਂ ਦੀਆਂ ਅਗਰਬੱਤੀਆਂ ਬਲ਼ ਰਹੀਆਂ ਸਨ ਅਤੇ ਪੂਰਾ ਮੰਦਰ ਉਨ੍ਹਾਂ ਦੀ ਮਹਿਕ ਨਾਲ਼ ਭਰਿਆ ਹੋਇਆ ਸੀ। ਦਰਵਾਜੇ ਦੇ ਅੰਦਰ ਇੱਕ ਹੋਰ ਪੁਜਾਰੀ ਬੈਠਾ ਸੀ। ਉਹ ਸ਼ਰਧਾਲੂਆਂ ਤੋਂ ਪ੍ਰਸ਼ਾਦ ਲੈ ਕੇ ਜ਼ਿਆਦਾ ਹਿੱਸਾ ਇੱਕ ਪਰਾਤ ਵਿੱਚ ਉਲੱਦ ਲੈਂਦਾ ਅਤੇ ਡੂਨੇ ਜਾਂ ਥਾਲ਼ੀ ਵਿੱਚ ਥੋੜ੍ਹਾ ਪ੍ਰਸ਼ਾਦ ਆਪਣੇ ਕੋਲ਼ੋਂ ਰਲ਼ਾ ਕੇ ਮੋੜ ਦਿੰਦਾ। ਉਹ ਥੋੜ੍ਹੀ-ਥੋੜ੍ਹੀ ਦੇਰ ਬਾਅਦ ਕੁੱਝ ਉੱਚੀ ਅਵਾਜ਼ ਵਿੱਚ ਇੱਕ ਹੀ ਗੱਲ ਦੁਹਰਾਂਉਦਾ ਸੀ, “ਦਰਵਾਜੇ ਵਿੱਚੋਂ ਪਰ੍ਹੇ ਹਟ ਜਾਉ। ਭਗਤਾਂ ਨੂੰ ਦਰਸ਼ਨ ਕਰਨ ਦਿਉ।”

ਹਨੂੰਮਾਨ ਦੇ ਮੰਦਰ ਵਿੱਚ ਪ੍ਰਸ਼ਾਦ ਚੜ੍ਹਾ ਕੇ ਛਿੱਬੂ ਅਤੇ ਕਾਲ਼ੀ ਪਿੱਛੇ ਹਟ ਗਏ। ਹੋਰ ਲੋਕਾਂ ਦੇ ਨਾਲ਼ ਬਾਕੀ ਦੇਵੀ-ਦੇਵਤਿਆਂ ਦੇ ਦਰਸ਼ਨ ਕਰਨ ਲਈ ਉਹ ਪਰਕਰਮਾ ਵਿੱਚ ਘੁੰਮਣ ਲੱਗੇ। ਮੰਦਰ ਵਿੱਚ ਸਜੀਆਂ ਹੋਈਆਂ ਮੂਰਤੀਆਂ ਕਾਲ਼ੀ ਨੂੰ ਬਹੁਤ ਸੁਹਣੀਆਂ ਲੱਗੀਆਂ। ਉਨ੍ਹਾਂ ਨੂੰ ਰੇਸ਼ਮ ਵਗੈਰਾ ਦੇ ਬਹੁਤ ਹੀ ਸੁਹਣੇ ਕੱਪੜੇ, ਗਹਿਣੇ ਅਤੇ ਚਮਕਦੇ ਹੋਏ ਮੁਕੱਟ ਪਹਿਨਾਏ ਹੋਏ ਸਨ।

ਕਾਲ਼ੀ ਨੇ ਮਨ-ਹੀ-ਮਨ ਇਸ ਮੰਦਰ ਦਾ ਆਪਣੇ ਪਿੰਡ ਦੇ ਮੰਦਰ ਨਾਲ਼ ਮੁਕਾਬਲਾ ਕੀਤਾ ਜੋ ਕਿ ਉਸ ਨੇ ਸਿਰਫ ਬਾਹਰ ਤੋਂ ਹੀ ਦੇਖਿਆ ਹੋਇਆ ਸੀ। ਉਹਨੂੰ ਮਹਿਸੂਸ ਹੋਇਆ ਕਿ ਪਿੰਡ ਦੇ ਲੋਕਾਂ ਵਾਂਗ ਉੱਥੇ ਦਾ ਮੰਦਰ ਅਤੇ ਭਗਵਾਨ ਵੀ ਗਰੀਬ ਹੈ।

ਛਿੱਬੂ ਅਤੇ ਕਾਲ਼ੀ ਪ੍ਰਕਰਮਾ ਦਾ ਚੱਕਰ ਲਾਉਂਦੇ ਹੋਏ ਸਾਰੇ ਮੰਦਰਾਂ ਵਿੱਚ ਗਏ। ਚੋਰੀ-ਚੋਰੀ ਉਹ ਸਜੀਆਂ ਧਜੀਆਂ ਲਾਲੀਆਂ, ਸੇਠਾਣੀਆਂ ਅਤੇ ਉਨ੍ਹਾਂ ਦੀਆਂ ਮੁਟਿਆਰ ਕੁੜੀਆਂ ਨੂੰ ਵੀ ਦੇਖ ਲੈਂਦੇ ਸਨ। ਕੁੱਝ ਸੁਹਣੀਆਂ ਕੁੜੀਆਂ ਅਤੇ ਜੁਆਨ ਔਰਤਾਂ ਨੂੰ ਦੇਖ ਕੇ ਛਿੱਬੂ ਮਚਲ ਗਿਆ। ਉਹ ਕਾਲ਼ੀ ਦਾ ਹੱਥ ਫੜ ਕੇ ਉਹਦੀ ਵੱਲ ਨੂੰ ਉੱਲਰ ਗਿਆ, “ਸ਼ਹਿਰ

ਵਿੱਚ ਸੁਹੱਪਣ ਬਹੁਤ ਹੈ। ਉਨ੍ਹਾਂ ਕੁੜੀਆਂ ਨੂੰ ਦੇਖ। ਜਿਵੇਂ ਤਰਾਸ਼ ਕੇ ਬਣਾਈਆਂ ਹੋਣ।"

ਛਿੱਬੂ ਉਦਾਸ ਜਿਹਾ ਹੋ ਕੇ ਸੋਚਣ ਲੱਗ ਪਿਆ, "ਹੋਣ ਵੀ ਕਿਉ ਨਾ! ਮੱਖਣ-ਮਲਾਈ ਖਾਓ, ਬਦਾਮ-ਗਿਰੀ ਵਾਲ਼ਾ ਦੁੱਧ ਪੀਉ ਤਾਂ ਰੰਗ ਰੂਪ ਵਿੱਚ ਆਪਣੇ ਆਪ ਨਿਖਾਰ ਆਵੇਗਾ।"

ਪ੍ਰਕਰਮਾ ਦੇ ਦੋ ਚੱਕਰ ਲਾ ਕੇ ਉਹ ਮੰਦਰ ਤੋਂ ਬਾਹਰ ਆ ਗਏ। ਸ਼ਰਧਾਲੂਆਂ ਨੂੰ ਮੰਗਤਿਆਂ ਵਿੱਚ ਘਿਰੇ ਹੋਏ ਦੇਖ ਕੇ ਕਾਲ਼ੀ ਨੇ ਡੂਨਾ ਖੋਲਦਿਆਂ ਕਿਹਾ, "ਭਾ ਜੀ, ਪ੍ਰਸ਼ਾਦ ਲੈ ਲਵੋ। ਮੰਗਤੇ ਤਾਂ ਲੋਕਾਂ ਦੇ ਹੱਥਾਂ ਵਿੱਚੋਂ ਵੀ ਖੋਹ ਰਹੇ ਹਨ।"

ਮੁੱਖ ਦਰਵਾਜ਼ੇ ਦੇ ਇੱਕ ਕੋਨੇ ਵਿੱਚ ਖੜ੍ਹੇ ਹੋ ਕੇ ਉਨ੍ਹਾਂ ਦੋਵਾਂ ਨੇ ਪ੍ਰਸ਼ਾਦ ਖਾਧਾ। ਮਾਂਝੇ ਦੇ ਲਈ ਪ੍ਰਸ਼ਾਦ ਰੱਖ ਕੇ ਕਾਲ਼ੀ ਨੇ ਬਾਕੀ ਮੰਗਤਿਆਂ ਨੂੰ ਵੰਡ ਦਿੱਤਾ।

"ਪਹਿਲਵਾਨ, ਕੀ ਤੇਰਾ ਭੂਤ ਉੱਤਰ ਗਿਆ ਕਿ ਨਹੀਂ? ਖ਼ੂਨ ਪਸੀਨੇ ਦੀ ਕਮਾਈ ਦਾ ਸਵਾ ਆਨਾ ਖਰਚ ਕੀਤਾ ਹੈ।" ਛਿੱਬੂ ਨੇ ਕਾਲ਼ੀ ਦਾ ਮੋਢਾ ਜ਼ੋਰ ਨਾਲ਼ ਥਾਪੜਿਆ।

"ਹਾਂ ਭਾ ਜੀ, ਉੱਤਰ ਗਿਆ।" ਕਾਲ਼ੀ ਨੇ ਬਹੁਤ ਤਸੱਲੀ ਨਾਲ਼ ਸਾਹ ਲਿਆ, ਜਿਵੇਂ ਉਹਦੇ ਸਾਰੇ ਦੁੱਖ ਦਰਦ ਦੂਰ ਹੋ ਗਏ ਹੋਣ।

"ਪਹਿਲਵਾਨ ਤੂੰ ਬਹੁਤ ਖੁਸ਼ ਦਿਖਾਈ ਦੇ ਰਿਹਾ ਹੈਂ। ਲਗਦਾ ਹੈ ਕਿ ਭੂਤ ਜਾਂਦੇ ਸਮੇਂ ਤੇਰੇ ਕੰਨ ਵਿੱਚ ਕੋਈ ਚੰਗੀ ਫੂਕ ਮਾਰ ਗਿਆ ਹੈ।" ਫਿਰ ਉਸ ਦਾ ਹੱਥ ਫੜ੍ਹ ਗੰਭੀਰ ਹੋ ਕੇ ਉਸ ਦੀਆਂ ਅੱਖਾਂ ਵਿੱਚ ਦੇਖਣ ਲੱਗਾ, "ਕੱਲ ਸਵੇਰੇ ਕਾਲੂ ਮੁੜ ਕੇ ਆ ਜਾਵੇਗਾ। ਅੱਜ ਮੈਨੂੰ ਉਹਦੇ ਪਿੰਡ ਦਾ ਇੱਕ ਆਦਮੀ ਮੰਡੀ ਵਿੱਚ ਦੱਸ ਰਿਹਾ ਸੀ।"

ਕਾਲ਼ੀ ਦੇ ਚਿਹਰੇ ਤੇ ਛਾਈ ਹੋਈ ਤਸੱਲੀ ਹਵਾ ਹੋ ਗਈ। ਉਹਦਾ ਮੂੰਹ ਲਟਕ ਗਿਆ ਅਤੇ ਚਾਲ ਹੌਲ਼ੀ ਹੋ ਗਈ। ਛਿੱਬੂ ਵੀ ਉਹਦੀ ਵੱਲ ਧਿਆਨ ਨਾਲ਼ ਦੇਖ ਰਿਹਾ ਸੀ। ਉਹਦਾ ਹਾਵ-ਭਾਵ ਦੇਖ ਕੇ ਉਸਨੇ ਪਿਆਰ ਨਾਲ਼ ਉਸ ਦਾ ਮੋਢਾ ਫੜਿਆ, "ਜ਼ਰੂਰੀ ਨਹੀਂ ਕਿ ਕਾਲੂ ਕੱਲ ਸਵੇਰੇ ਆ ਹੀ ਜਾਏ। ਉਹਨੂੰ ਛੇ ਦਿਨ ਪਹਿਲਾਂ ਆ ਜਾਣਾ ਚਾਹੀਦਾ ਸੀ। ਪਰ ਨਹੀਂ ਆਇਆ। ਸ਼ਾਇਦ ਕੱਲ ਨੂੰ ਵੀ ਘੀਸੀ ਮਾਰ ਜਾਵੇ। ਉਹਦੀ ਘਰ ਵਾਲ਼ੀ ਵੀ ਉਹਨੂੰ ਹਰ ਹੀਲੇ ਰੋਕਣਾ ਚਾਹੇਗੀ ਅਤੇ ਉਹ ਵੀ ਕੋਈ ਨਾ ਕੋਈ ਬਹਾਨਾ ਲੱਭ ਹੀ ਲਵੇਗਾ।"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਸਿਰ ਨੀਵਾਂ ਪਾਈ ਹੌਲ਼ੀ-ਹੌਲ਼ੀ ਤੁਰਦਾ ਰਿਹਾ।

"ਸ਼ਹਿਰ ਵਿੱਚ ਕੰਮ ਦਾ ਘਾਟਾ ਨਹੀਂ ਹੈ। ਬਸ ਮੌਕਾ ਮਿਲ਼ਣਾ ਚਾਹੀਦਾ ਅਤੇ ਹਿੰਮਤ ਹੋਣੀ ਚਾਹੀਦੀ ਹੈ। ਮਿਹਨਤ ਮੁਸ਼ੱਕਤ ਕਰਕੇ ਆਦਮੀ ਦੋ ਵਕਤ ਦੀ ਰੋਟੀ ਕਮਾ ਹੀ ਲੈਂਦਾ ਹੈ। ਪਰ ਮਿਹਨਤ ਦੇ ਹਿਸਾਬ ਨਾਲ਼ ਮਜ਼ਦੂਰੀ ਨਹੀਂ ਮਿਲਦੀ। ਗਰਜਮੰਦ ਨੂੰ ਝੁਕਣਾ ਹੀ ਪੈਂਦਾ ਹੈ।" ਛਿੱਬੂ ਕਾਲੀ ਨੂੰ ਸ਼ਹਿਰ ਦੇ ਹਾਲਾਤ ਤੋਂ ਜਾਣੂ ਕਰਵਾ ਰਿਹਾ ਸੀ। "ਹੁਣ ਸਾਨੂੰ ਹੀ ਲੈ ਲਉ। ਸਵਾ ਰੁਪਇਆ ਦਿਹਾੜੀ ਪਿਛਲੇ ਪੰਜ ਸਾਲ ਤੋਂ ਚਲ ਰਹੀ ਹੈ। ਵਧਾਉਣ ਲਈ ਕਹਿੰਦੇ ਹਾਂ ਤਾਂ ਲਾਲਾ ਧਮਕੀ ਦਿੰਦਾ ਹੈ ਕਿ ਹੋਰ ਪਾਂਡੀ-ਪੱਲੇਦਾਰ ਅਤੇ ਰੇੜ੍ਹੇ ਵਾਲ਼ੇ ਮਿਲ਼ ਜਾਣਗੇ। ਮਿਲ਼ ਵੀ ਜਾਂਦੇ ਹਨ। ...ਉਹ ਵੀ ਘੱਟ ਮਜ਼ਦੂਰੀ 'ਤੇ।" ਛਿੱਬੂ ਉਦਾਸ ਹੋ ਗਿਆ,

"ਜੇ ਮੇਰੇ ਕੋਲ਼ ਪਿੰਡ ਵਿੱਚ ਇੱਕ ਖੇਤ ਵੀ ਹੁੰਦਾ ਤਾਂ ਮੈਂ ਕਦੀ ਵੀ ਸ਼ਹਿਰ ਆ ਕੇ ਰੇੜ੍ਹਾ ਨਾ ਖਿੱਚਦਾ। ਜ਼ਮੀਨ ਤਾਂ ਜਿੰਨੀ ਹੈ ਉਨੀ ਹੀ ਰਹਿਣੀ ਹੈ ਵੱਧਣੀ ਤਾਂ ਹੈ ਨਹੀਂ। ਪਰ ਬੰਦੇ ਵੱਧ ਜਾਂਦੇ ਹਨ। ਪਿੰਡ ਵਿੱਚ ਅੱਵਲ ਤਾਂ ਕੰਮ ਮਿਲ਼ਦਾ ਨਹੀਂ। ਕੰਮ ਮਿਲ਼ ਜਾਵੇ ਤਾਂ ਮਜ਼ਦੂਰੀ ਬਹੁਤ ਥੋੜ੍ਹੀ ਹੈ। ਉਪਰੋਂ ਚੌਧਰੀ ਜਾਂ ਸਰਦਾਰ ਦੀ ਧੌਂਸ। ਸਾਲ ਵਿੱਚ ਬਿਜਾਈ, ਕਟਾਈ, ਗੰਨੇ ਦੀ ਪਿੜਾਈ ਸਮੇਂ ਪੰਜ-ਛੇ ਮਹੀਨੇ ਕੰਮ ਕਰੋ। ਬਾਕੀ ਦਾ ਟਾਈਮ ਡੰਡੇ ਵਜਾਓ।"

ਕਾਲ਼ੀ ਨੇ ਕੋਈ ਟਿੱਪਣੀ ਨਾ ਕੀਤੀ ਕਿਉਂਕਿ ਕੱਲ ਸਵੇਰੇ ਕਾਲੂ ਦੇ ਮੁੜ ਕੇ ਆਉਣ ਦੀ ਖ਼ਬਰ ਨੇ ਉਸ ਦਾ ਸਾਹ ਸੂਤ ਲਿਆ ਸੀ। ਅਤੇ ਉਹ ਬਹੁਤ ਹੀ ਡੂੰਘੀ ਚਿੰਤਾ ਵਿੱਚ ਪੈ ਗਿਆ ਸੀ।

ਤੰਦੂਰ 'ਤੇ ਰੋਟੀ ਖਾਂਦੇ ਸਮੇਂ ਵੀ ਕਾਲ਼ੀ ਖਮੋਸ਼ ਹੀ ਰਿਹਾ। ਮਾਂਝੇ 'ਤੇ ਵੀ ਚੁੱਪ ਛਾ ਗਈ ਸੀ ਅਤੇ ਉਹ ਉੱਖੜੀ ਹੋਈ ਅਵਾਜ਼ ਵਿੱਚ ਕੋਈ ਗੀਤ ਗੁਣਗੁਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਉਸ ਦੀ ਅਵਾਜ਼ ਸ਼ਬਦਾਂ ਦਾ ਸਹਾਰਾ ਨਹੀਂ ਦੇ ਰਹੀ ਸੀ।

ਘਰ ਪਹੁੰਚਦਿਆਂ ਹੀ ਕਾਲ਼ੀ ਕੋਠੇ ਉੱਤੇ ਚਲੇ ਗਿਆ। ਉਹਦੇ ਭਾਰ ਨਾਲ਼ ਮੰਜੀ ਚੀਂ-ਚਰਾਂ ਕਰਨ ਲੱਗੀ। ਮੰਜੀ ਦੀ ਅਵਾਜ਼ ਸੁਣ ਕੇ ਛਿੱਬੂ ਬੋਲਿਆ, "ਪਹਿਲਵਾਨ, ਥੱਲੇ ਸਾਡੇ ਕੋਲ਼ ਹੀ ਸੌਂ ਜਾ। ਕਾਲੂ ਦੀ ਮੰਜੀ ਖਾਲੀ ਪਈ ਹੈ।"

ਛਿੱਬੂ ਦਾ ਸੁਝਾਅ ਸੁਣ ਕੇ ਕਾਲ਼ੀ ਨੂੰ ਫੇਰ ਚੇਤਾ ਆ ਗਿਆ ਕਿ ਕੱਲ ਸਵੇਰੇ ਕਾਲੂ ਆ ਗਿਆ ਤਾਂ ਉਹਦੀ ਕੰਮ ਅਤੇ ਮੰਜੀ ਦੋਵਾਂ ਤੋਂ ਛੁੱਟੀ ਹੋ ਜਾਣੀ ਹੈ। ਉਸ ਨੇ ਮਨ ਦੀ ਗੱਲ ਛੁਪਾਉਂਦਿਆਂ ਕਿਹਾ, "ਉਸਤਾਦ ਜੀ, ਕਮਰੇ ਵਿੱਚ ਗਰਮੀ ਲਗਦੀ ਹੈ, ਕੋਠੇ 'ਤੇ ਖੁੱਲੀ ਹਵਾ ਵਿੱਚ ਬਹੁਤ ਸੁਹਣਾ ਲਗਦਾ ਹੈ।"

ਐਨੀ ਸ਼ੇਖੀ ਨਾ ਮਾਰ। ਸਵੇਰ ਨੂੰ ਠੰਡ ਹੋ ਜਾਣੀ ਹੈ ਅਤੇ ਤੂੰ ਜੁਲਾਹਿਆਂ ਦੇ ਜੁਆਈ ਵਾਂਗ ਠੰਡ ਨਾਲ਼ ਆਕੜ ਕੇ ਮਰ ਜਾਵੇਂਗਾ।" ਛਿੱਬੂ ਹੱਸਿਆ।

"ਠੰਡ ਲੱਗੀ ਤਾਂ ਮੈਂ ਥੱਲੇ ਆ ਜਾਊਂ।" ਸਵੇਰ ਦੀ ਠੰਡ ਉਹਦੀਆਂ ਹੱਡੀਆਂ ਵਿੱਚ ਹੁਣ ਤੋਂ ਹੀ ਮਹਿਸੂਸ ਹੋਣ ਲੱਗ ਪਈ ਸੀ।

ਉਹ ਦੂਰ ਤੱਕ ਫੈਲੀ ਹੋਈ ਅਬਾਦੀ ਨੂੰ ਦੇਖਣ ਲੱਗਾ ਜੋ ਕਿ ਗਲ਼ੀਆਂ ਅਤੇ ਸੜਕਾਂ ਦੀ ਮੈਲ਼ੀ ਰੌਸ਼ਨੀ ਵਿੱਚ ਧੁੰਧਲੀ ਜਿਹੀ ਦਿਖਾਈ ਦੇ ਰਹੀ ਸੀ। ਰੇਲਵੇ ਸਟੇਸ਼ਨ ਦੇ ਇਲਾਕੇ ਵਿੱਚ ਜ਼ਿਆਦਾ ਰੌਸ਼ਨੀ ਸੀ ਅਤੇ ਇੰਜਣਾਂ ਦੀ ਸੀਟੀ, ਮਾਲ ਗੱਡੀ ਦੇ ਡੱਬਿਆਂ ਦੀ ਸੰਟਿੰਗ ਦੀ ਖੱਟਖੱਟ, ਮੁਸਾਫਿਰਾਂ, ਕੁਲੀਆਂ ਅਤੇ ਤਾਂਗਿਆਂ ਦਾ ਰੌਲ਼ਾ ਵਾਤਾਵਰਣ 'ਤੇ ਛਾਇਆ ਹੋਇਆ ਸੀ।

ਕਾਲ਼ੀ ਨੂੰ ਰਾਤ ਬਹੁਤ ਚੰਗੀ ਅਤੇ ਸੁਹਾਵਣੀ ਲੱਗ ਰਹੀ ਸੀ ਅਤੇ ਉਹ ਨਾਸਾਂ ਫੁਲਾਅ-ਫੁਲਾਅ ਕੇ ਖੁੱਲ੍ਹੀ ਹਵਾ ਨੂੰ ਫੇਫੜਿਆ ਵਿੱਚ ਭਰ ਰਿਹਾ ਸੀ। ਉਹ ਸ਼ਹਿਰ ਦੀ ਜਗ-ਮਗ ਕਰਦੀ ਅਤੇ ਚਮਕਦੀ ਰਾਤ ਦਾ ਪਿੰਡ ਦੀ ਹਨੇਰੀ ਤੇ ਸੁੰਨਸਾਨ ਰਾਤ ਨਾਲ਼ ਮੁਕਾਬਲਾ ਕਰਨ ਲੱਗਾ। ਉਸ ਨੇ ਅੰਦਾਜ਼ਾ ਲਾਇਆ ਕਿ ਜੇ ਉਹ ਪਿੰਡ ਵਿੱਚ ਹੁੰਦਾ ਤਾਂ ਉਸ ਦੀ ਘੱਟ ਤੋਂ ਘੱਟ ਚੌਥਾ ਹਿੱਸਾ ਨੀਂਦ ਪੂਰੀ ਹੋ ਚੁੱਕੀ ਹੋਣੀ ਸੀ। ਅਤੇ ਇੱਥੇ ਸ਼ਹਿਰ ਵਿੱਚ ਉਹ ਨਾ ਕੇਵਲ

ਜਾਗ ਰਿਹਾ ਹੈ ਬਲਕਿ ਅਜੇ ਉਸ ਨੂੰ ਨੀਂਦ ਆਉਣ ਦੀ ਕੋਈ ਸੰਭਾਵਨਾ ਵੀ ਨਹੀਂ ਹੈ।

ਤੜਕੇ ਮੌਸਮ ਠੰਡਾ ਹੁੰਦਿਆਂ ਹੀ ਕਾਲ਼ੀ ਦੀ ਅੱਖ ਖੁੱਲ੍ਹ ਗਈ। ਉਸ ਨੇ ਚਾਦਰ ਨੂੰ ਆਪਣੇ ਸਰੀਰ ਦੇ ਚੌਂਹੀਂ ਪਾਸੀਂ ਚੰਗੀ ਤਰ੍ਹਾਂ ਲਪੇਟ ਲਿਆ ਅਤੇ ਉਹਦੇ ਖੂੰਜਿਆਂ ਨੂੰ ਆਪਣੇ ਪੈਰਾਂ, ਸਿਰ ਅਤੇ ਧੱੜ ਥੱਲੇ ਚੰਗੀ ਤਰ੍ਹਾਂ ਦੱਬ ਲਿਆ। ਪਰ ਠੰਡ ਦੇ ਵਿਰੁੱਧ ਕਾਲ਼ੀ ਦੀ ਇਹ ਕਿਲੇਬੰਦੀ ਬਹੁਤੀ ਕਾਮਯਾਬ ਨਾ ਹੋ ਸਕੀ। ਉਸ ਨੇ ਮੰਜੀ ਤੋਂ ਦਰੀ ਚੁੱਕ ਕੇ ਉਹਦੀ ਥਾਂ ਚਾਦਰ ਵਿਛਾ ਦਿੱਤੀ ਤੇ ਦਰੀ ਆਪਣੇ ਉੱਪਰ ਲੈ ਲਈ। ਲੇਕਿਨ ਇਸ ਸਕੀਮ ਨਾਲ਼ ਵੀ ਠੰਡ ਦਾ ਮੁਕਾਬਲਾ ਨਾ ਹੋ ਸਕਿਆ। ਹੁਣ ਠੰਡ ਦਾ ਹਮਲਾ ਉੱਪਰੋਂ ਹਟ ਕੇ ਮੰਜੇ ਦੇ ਥੱਲਿਉਂ ਹੋਣ ਲੱਗ ਪਿਆ ਸੀ ਕਿਉਂਕਿ ਪਤਲੀ ਚਾਦਰ ਠੰਡੀ ਹਵਾ ਨੂੰ ਰੋਕਣ ਵਿੱਚ ਅਸਫਲ ਸੀ।

ਕਾਲੂ ਦੇ ਮੁੜ ਕੇ ਆ ਜਾਣ ਦਾ ਖਿਆਲ ਆਉਂਦਿਆਂ ਹੀ ਕਾਲ਼ੀ ਨੂੰ ਠੰਡ ਦਾ ਅਹਿਸਾਸ ਹੋਰ ਵੀ ਜ਼ਿਆਦਾ ਹੋ ਗਿਆ। ਇਹ ਸੋਚ ਕੇ ਉਹਦੀ ਚਿੰਤਾ ਥੋੜ੍ਹੀ ਘੱਟ ਗਈ ਕਿ ਛਿੱਬੂ ਤੇ ਉਸ ਦੇ ਸਾਥੀ ਸ਼ਾਇਦ ਉਹਨੂੰ ਇੱਥੇ ਹੀ ਰਹਿ ਲੈਣ ਦੇਣਗੇ ਕਿਉਂਕਿ ਉਹ ਆਪਣੇ ਹਿੱਸੇ ਦਾ ਕਿਰਾਇਆ ਤਾਂ ਦੇ ਹੀ ਰਿਹਾ ਹੈ। ਪਰ ਕੰਮ ਦਾ ਕੀ ਬਣੇਗਾ। ਰੇੜ੍ਹੇ ’ਤੇ ਚੌਥੇ ਆਦਮੀ ਦੀ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਦੇ ਕੋਲ਼ ਠੇਲਾ ਹੁੰਦਾ ਤਾਂ ਸ਼ਾਇਦ ਦੋ ਆਦਮੀਆਂ ਦੀ ਵੱਖਰੀ ਜੋਤ ਬਣਾਈ ਜਾ ਸਕਦੀ ਸੀ।

ਕਾਲ਼ੀ ਇਨ੍ਹਾਂ ਫਿਕਰਾਂ ਵਿੱਚ ਪੈ ਗਿਆ ਤੇ ਉਸ ਨੂੰ ਸਰਦੀ ਦਾ ਅਹਿਸਾਸ ਹੀ ਨਾ ਰਿਹਾ। ਉਹ ਛੱਤ ’ਤੇ ਟਹਿਲਣ ਲੱਗਾ। ਉਸ ਦੀ ਸਮਝ ਵਿੱਚ ਕੁੱਝ ਨਹੀਂ ਸੀ ਆ ਰਿਹਾ ਅਤੇ ਉਸ ਦੇ ਰਹਿ-ਰਹਿ ਕੇ ਹੌਲ ਪੈ ਰਹੇ ਸਨ। ਉਸ ਨੂੰ ਉਮੀਦ ਦੀ ਇੱਕ ਛੋਟੀ ਜਿਹੀ ਕਿਰਨ ਨਜ਼ਰ ਆਉਦੀ ਸੀ ਕਿ ਛਿੱਬੂ ਅਤੇ ਉਸ ਦੇ ਦੋਨੋ ਸਾਥੀਆਂ ਨੇ ਉਸ ਨੂੰ ਸਵੀਕਾਰ ਕਰ ਲਿਆ ਹੈ ਅਤੇ ਉਹ ਵੀ ਉਸ ਦੇ ਬਾਰੇ ਫਿਕਰਮੰਦ ਹਨ। ਛਿੱਬੂ ਨੂੰ ਤਾਂ ਇਸ ਗੱਲ ਦਾ ਪੂਰਾ ਅਹਿਸਾਸ ਹੈ। ਇਸੇ ਕਰਕੇ ਤਾਂ ਉਸ ਨੇ ਕਾਲੂ ਦੇ ਮੁੜ ਆਉਣ ਦੀ ਗੱਲ ਕੀਤੀ ਸੀ।

ਕਮਰੇ ਦੇ ਬਾਹਰ ਛੋਟੇ ਜਿਹੇ ਕਮਰੇ ਵਿੱਚ ਛਿੱਬੂ ਦੀ ਅਵਾਜ਼ ਸੁਣ ਕੇ ਕਾਲ਼ੀ ਥੱਲੇ ਆ ਗਿਆ।

“ਕਿੱਦਾਂ ਪਹਿਲਵਾਨ, ਤੜਕੇ ਠੰਡ ਨਾਲ਼ ਆਕੜਿਆ ਤਾਂ ਨਹੀਂ?” ਛਿੱਬੂ ਨੇ ਕਾਲ਼ੀ ਨੂੰ ਪੌੜੀ ਤੋਂ ਥੱਲੇ ਉੱਤਰਦਿਆਂ ਦੇਖ ਕੇ ਪੁੱਛਿਆ।

“ਠੰਡ ਹੈ। ਪਰ ਇੰਨੀ ਨਹੀਂ ਕਿ ਆਦਮੀ ਆਕੜ ਜਾਵੇ। ਖੇਸੀ ਵਾਲ਼ੀ ਠੰਡ ਹੈ।” ਕਾਲ਼ੀ ਕੰਬਣੀ ਦੇ ਅਹਿਸਾਸ ਨੂੰ ਛਿਪਾਉਣ ਦੀ ਕੋਸ਼ਿਸ਼ ਕਰਦਾ ਮੁਸਕਰਾ ਪਿਆ।

“ਚਲ, ਜੰਗਲ-ਪਾਣੀ ਜਾ ਆਈਏ?”

“ਉਸਤਾਦ ਕਿੱਥੇ ਹੈ। ਉਹਨੇ ਨਹੀਂ ਜਾਣਾ?” ਕਾਲ਼ੀ ਨੇ ਮਾਂਝੇ ਨੂੰ ਆਲ਼ੇ ਦੁਆਲ਼ੇ ਨਾ ਦੇਖ ਕੇ ਪੁੱਛਿਆ।

“ਅਮਲੀ ਨੂੰ ਜੰਗਲ-ਪਾਣੀ ਦੀ ਘੱਟ ਹੀ ਜ਼ਰੂਰਤ ਪੈਂਦੀ ਹੈ। ਇਹਨੂੰ ਇੱਥੇ ਆਏ ਨੂੰ ਦਸ ਦਿਨ ਹੋ ਗਏ ਹਨ ਪਰ ਉਹ ਜੰਗਲ-ਪਾਣੀ ਸਿਰਫ ਚਾਰ-ਪੰਜ ਵਾਰ ਹੀ ਗਿਆ ਹੈ। ...ਉਹ ਤਾਂ ਚੰਗੀ ਤਰ੍ਹਾਂ ਕੱਪੜਾ ਲਪੇਟ ਕੇ ਸੁੱਤਾ ਪਿਆ ਹੈ। ਉਹਨੂੰ ਹੋਰ ਸੌਂ ਲੈਣ ਦਿੰਦੇ ਹਾਂ।”

ਛਿੱਬੂ ਨੇ ਕਮਰੇ ਵਿੱਚ ਝਾਕਦਿਆਂ ਮਾਂਝੇ ਵੱਲ ਦੇਖਿਆ।

ਛਿੱਬੂ ਤੇ ਕਾਲ਼ੀ ਕਮੇਟੀ ਦੇ ਨਲਕੇ ’ਤੇ ਨਹਾ-ਧੋ ਕੇ ਮੁੜ ਆਏ ਸੀ ਪਰ ਮਾਂਝਾ ਅਜੇ ਵੀ ਮੰਜੇ ’ਤੇ ਪਾਸੇ ਮਾਰ ਰਿਹਾ ਸੀ।

“ਉੱਠ ਜਾ ਉਸਤਾਦ, ਸਮਾਂ ਹੋ ਗਿਆ ਹੈ।” ਛਿੱਬੂ ਨੇ ਪੈਰ ਨਾਲ਼ ਮਾਂਝੇ ਦੀ ਵੱਖੀ ਵਿੱਚ ਹੌਲ਼ੀ ਜਿਹੀ ਹਲੂਣਾ ਦਿੱਤਾ।

“ਖੁਸ਼ਕੀ ਹੋ ਗਈ ਹੈ ... ਸਾਹ ਦੀ ਨਾਲ਼ੀ ਸੁੱਕੀ ਜਿਹੀ ਹੋ ਗਈ ਹੈ। ਲੂਣ ਵਾਲ਼ੀ ਲੱਸੀ ਪੀ ਕੇ ਹੀ ਉਠਾਂਗਾ।” ਮਾਂਝੇ ਨੇ ਫੇਰ ਵੱਖ ਲੈ ਲਿਆ। ਜੇਬ ਵਿੱਚ ਹੱਥ ਪਾ ਕੇ ਉਸ ਨੇ ਇੱਕ ਆਨਾ ਕੱਢ ਕੇ ਕਾਲ਼ੀ ਵੱਲ ਉਛਾਲ ਦਿੱਤਾ, “ਪਹਿਲਵਾਨ, ਮਿੱਠੂ ਹਲਵਾਈ ਤੋਂ ਅੱਧ ਪਾ ਦਹੀਂ ਦੀ ਨਮਕੀਨ ਲੱਸੀ ਲਿਆ ਦੇ।”

ਫਿਰ ਉਸ ਨੇ ਹੱਥ ਥੱਲੇ ਕਰਕੇ ਗੜਵੀ ਚੁੱਕੀ ਅਤੇ ਕਾਲ਼ੀ ਨੂੰ ਫੜਾ ਦਿੱਤੀ, “ਲੈ ਇਸ ਵਿੱਚ ਲੈ ਆ। ਸਾਲ਼ਾ, ਆਪਣਾ ਗਲਾਸ ਦੇਣ ਲਈ ਅਕਸਰ ਬਹਾਨੇਬਾਜ਼ੀ ਕਰਦਾ ਰਹਿੰਦਾ ਹੈ।”

“ਬਹਾਨੇਬਾਜ਼ੀ ਕਿਉਂ ਨਾ ਕਰੇ। ਉਹ ਘਰ-ਘਰ ਗਲਾਸਾਂ ਵਿੱਚ ਲੱਸੀ ਭੇਜਣ ਲੱਗਾ ਤਾਂ ਉਹਦੀ ਦੁਕਾਨ ਤੇ ਆਏ ਗਾਹਕ ਬੁੱਕ ਨਾਲ਼ ਲੱਸੀ ਪੀਣਗੇ।” ਛਿੱਬੂ ਨੇ ਕਿਹਾ।

ਗੜਵੀ ਫੜੀ ਕਾਲੀ ਮਿੱਠੂ ਹਲਵਾਈ ਦੀ ਦੁਕਾਨ ’ਤੇ ਆ ਗਿਆ। ਉੱਥੇ ਲੱਸੀ ਪੀਣ ਵਾਲ਼ਿਆਂ ਵਿੱਚ ਬਹੁਤੇ ਪੱਲੇਦਾਰ ਅਤ ਹੋਰ ਗਰੀਬ ਲੋਕ ਹੀ ਸਨ। ਦੁਕਾਨ ਵੀ ਬਹੁਤ ਮਮੂਲੀ ਅਤੇ ਗੰਦੀ ਸੀ। ਮਿੱਠੂ ਦੇ ਕੱਪੜੇ ਐਨੇ ਮੈਲ਼ੇ ਸਨ ਕਿ ਸ਼ਾਇਦ ਉਹਨੂੰ ਵੀ ਉਨ੍ਹਾਂ ਦਾ ਅਸਲੀ ਰੰਗ ਭੁੱਲ ਗਿਆ ਸੀ।

ਲੱਸੀ ਦੇ ਮਹਿਕ ਨਾਲ਼ ਕਾਲ਼ੀ ਦੇ ਮੂੰਹ ਵਿੱਚ ਪਾਣੀ ਆ ਗਿਆ। ਉਸ ਨੇ ਜੇਬ ਦੇ ਪੈਸਿਆਂ ਦਾ ਹਿਸਾਬ ਲਾਇਆ। ਅੱਧ ਪਾਅ ਦਹੀਂ ਦੀ ਮਿੱਠੀ ਲੱਸੀ ਡੇਢ ਆਨੇ ਦੀ ਅਤੇ ਪਾਈਆ ਦਹੀਂ ਦੀ ਢਾਈ ਆਨਿਆਂ ਦੀ ਸੀ। ਪਰ ਉਸ ਨੇ ਲੱਸੀ ਪੀਣ ਦਾ ਇਰਾਦਾ ਛੱਡ ਦਿੱਤਾ ਕਿਉਂਕਿ ਅੱਜ ਕਾਲੂ ਦੇ ਮੁੜ ਕੇ ਆ ਜਾਣ ਤੇ ਉਹ ਬੇਕਾਰ ਹੋ ਜਾਵੇਗਾ ਅਤੇ ਪਤਾ ਨਹੀਂ ਕਿੰਨੇ ਦਿਨ ਹੋਰ ਕਮਾਈ ਦਾ ਮੂੰਹ ਦੇਖਣਾ ਨਸੀਬ ਨਾ ਹੋਵੇ। ਪਰ ਲੱਸੀ ਦੀ ਮਹਿਕ ਉਹਦੇ ਨੱਕ ਵਿੱਚ ਇਸ ਹੱਦ ਤੱਕ ਸਮਾ ਗਈ ਸੀ ਕਿ ਉਹਨੂੰ ਆਪਣੇ-ਆਪ ਨੂੰ ਰੋਕ ਕੇ ਰੱਖਣਾ ਬਹੁਤ ਮੁਸ਼ਕਲ ਲੱਗ ਰਿਹਾ ਸੀ।

ਕਾਲ਼ੀ ਨੂੰ ਦੁਕਾਨ ਦੇ ਸਾਹਮਣੇ ਚੁੱਪ ਖੜ੍ਹਾ ਦੇਖ ਕੇ ਮਿੱਠੂ ਨੇ ਪੁੱਛਿਆ, “ਕੀ ਚਾਹੀਦਾ, ਪਹਿਲਵਾਨ ?”

“ਅੱਧ ਪਾ ਦਹੀਂ ਦੀ ਨਮਕੀਨ ਲੱਸੀ ਇਹਦੇ ਵਿੱਚ ਪਾ ਦੇ।” ਕਾਲ਼ੀ ਨੇ ਗੜਵੀ ਉਸ ਨੂੰ ਫੜਾ ਦਿੱਤੀ। ਫਿਰ ਇਕਦਮ ਉਹਦੇ ਦਿਮਾਗ ਵਿੱਚ ਖਿਆਲ ਆਇਆ ਕਿ ਅੱਜ ਕਾਲੂ ਦੇ ਆ ਜਾਣ ਕਰਕੇ ਉਸ ਦਾ ਸਤਿਆਨਾਸ ਹੋ ਜਾਵੇਗਾ ਅਤੇ ਮਿੱਠੀ ਲੱਸੀ ਪੀਣ ਨਾਲ਼ ਸਵਾ ਸਤਿਆਨਾਸ। ਅੱਜ ਸਵਾ ਸਤਿਆਨਾਸ ਹੀ ਹੋਣ ਦਿੱਤਾ ਜਾਵੇ। ਕਾਲ਼ੀ ਨੇ ਕੁਸ਼ ਉੱਚੀ ਅਵਾਜ਼ ਵਿੱਚ ਕਿਹਾ, “ਅਤੇ ਪਾਈਆ ਦਹੀਂ ਦੀ ਮਿੱਠੀ ਲੱਸੀ ਮੇਰੇ ਲਈ ਬਣਾ ਦੇ।”

ਮਿੱਠੂ ਨੇ ਪਲ ਕੁ ਲਈ ਕਾਲ਼ੀ ਵੱਲ ਦੇਖਿਆ ਜਿਵੇਂ ਉਸ ਨੂੰ ਤੋਲ ਰਿਹਾ ਹੋਵੇ ਅਤੇ ਉਸ ਦੀ ਪੈਸੇ ਦੀ ਹੈਸਿਅਤ ਬਾਰੇ ਯਕੀਨ ਕਰ ਲੈਣਾ ਚਾਹੁੰਦਾ ਹੋਵੇ। ਫਿਰ ਉਸ ਨੇ ਕਾਲ਼ੀ ਤੋਂ ਪੁੱਛ ਹੀ ਲਿਆ, "ਕੀ ਤੂੰ ਮੰਡੀ ਵਿੱਚ ਕੰਮ ਕਰਦਾ ਹੈਂ ?"

"ਹਾਂ ਜੀ।" ਕਾਲ਼ੀ ਨੇ ਸਹਿਮਤੀ ਵਿੱਚ ਸਿਰ ਹਿਲਾਇਆ।

"ਕੀ ਤੂੰ ਪੱਲੇਦਾਰ ਹੈਂ ?"

"ਰੇੜ੍ਹਾ ਖਿੱਚਦਾ ਹਾਂ।"

"ਕਿਹੜੀ ਦੁਕਾਨ ਦਾ ਮਾਲ ਢੋਂਦੇ ਹੋ ?"

"ਸੇਠ ਕੁੰਦਨ ਲਾਲ ਦੀ ਦੁਕਾਨ ਦਾ।" ਕਾਲ਼ੀ ਨੇ ਪੂਰੇ ਭਰੋਸੇ ਨਾਲ਼ ਜਵਾਬ ਦਿੱਤਾ।

"ਅੱਛਾ ... ਅੱਛਾ।" ਮਿੱਠੂ ਸਿਰ ਹਿਲਾਉਂਦਾ ਹੋਇਆ ਖੁਸ਼ ਹੋ ਗਿਆ ਜਿਵੇਂ ਉਸ ਨੂੰ ਕਾਲ਼ੀ ਦੀ ਹੈਸਿਅਤ ਦਾ ਪੂਰਾ ਯਕੀਨ ਹੋ ਗਿਆ ਹੋਵੇ।

ਕਾਲ਼ੀ ਨੇ ਮਿੱਠੀ ਲੱਸੀ ਬਹੁਤ ਚੁਸਕੀਆ ਲੈ ਕੇ ਪੀਤੀ। ਉਹ ਐਨਾ ਖੁਸ਼ ਸੀ ਜਿਵੇਂ ਉਸ ਦਾ ਕੋਈ ਸਾਲਾਂ ਪੁਰਾਣਾ ਸੁਪਨਾ ਪੂਰਾ ਹੋ ਗਿਆ ਹੋਵੇ। ਉਹ ਜੀਭ 'ਤੇ ਮਿੱਠੀ ਲੱਸੀ ਦਾ ਸਵਾਦ ਮਹਿਸੂਸ ਕਰਦਾ ਹੋਇਆ ਹੱਥ ਵਿੱਚ ਨਮਕੀਨ ਲੱਸੀ ਦੀ ਗੜਵੀ ਫੜੀ ਕਮਰੇ ਵੱਲ ਨੂੰ ਚਲੇ ਗਿਆ। ਇਹ ਸੋਚ ਕੇ ਉਹ ਹੋਰ ਵੀ ਖੁਸ਼ ਹੋ ਗਿਆ ਕਿ ਸ਼ਾਇਦ ਕਾਲੂ ਅੱਜ ਵੀ ਨਹੀਂ ਆਏਗਾ। ਜੇ ਉਸ ਨੇ ਆਉਣਾ ਹੁੰਦਾ ਤਾਂ ਕੱਲ ਸ਼ਾਮ ਤੱਕ ਪਹੁੰਚ ਜਾਣਾ ਸੀ ਜਾਂ ਫਿਰ ਅੱਜ ਸਵੇਰ ਤੱਕ ਆ ਗਿਆ ਹੁੰਦਾ। ਮਿੱਠੀ ਲੱਸੀ ਦੇ ਸਵਾਦ ਅਤੇ ਕਾਲੂ ਦੇ ਵਾਪਸ ਨਾ ਆਉਣ ਦੇ ਖਿਆਲ ਕਾਰਨ ਖੁਸ਼ ਹੋਇਆ ਉਹ ਪੌੜੀਆਂ ਚੜ੍ਹਣ ਲੱਗਾ।

ਉਹਨੇ ਪੌੜੀਆਂ ਦੇ ਅਖੀਰਲੇ ਡੰਡੇ ਤੇ ਪੈਰ ਰੱਖਿਆ ਤਾਂ ਛਿੱਬੂ ਬੂਹੇ ਵਿੱਚ ਖੜ੍ਹਾ ਉੱਧਰ ਹੀ ਦੇਖ ਰਿਹਾ ਸੀ। ਉਹ ਬੜਾ ਹੈਰਾਨ ਜਿਹਾ ਲਗਦਾ ਸੀ। ਕਾਲ਼ੀ ਨੂੰ ਦੇਖ ਕੇ ਉਸ ਨੇ ਲੰਬਾ ਸਾਹ ਲਿਆ, "ਮੈਂ ਸੋਚਦਾ ਸੀ ਕਿ ਪਤਾ ਨਹੀਂ ਇੰਨੀ ਜ਼ੋਰ ਨਾਲ਼ ਧਮਕ ਪਾਉਂਦਾ ਕੌਣ ਪੌੜੀਆਂ ਚੜ੍ਹਿਆ ਆ ਰਿਹਾ ਹੈ। ਮੈਂ ਤਾਂ ਡਰ ਹੀ ਗਿਆ ਸੀ ਕਿ ਪੁਲਸ ਦਾ ਹਵਾਲ਼ਦਾਰ ਹੀ ਨਾ ਹੋਵੇ। ਪਰ ਨਿਕਲ਼ਿਆ ਆਪਣਾ ਪਹਿਲਵਾਨ।"

ਕਾਲ਼ੀ ਸ਼ਰਮਾ ਗਿਆ ਅਤੇ ਕੋਈ ਉੱਤਰ ਦਿੱਤੇ ਬਿਨਾਂ ਹੀ ਸ਼ਰਮਿੰਦਾ ਹੋਇਆ ਕਮਰੇ ਵਿੱਚ ਚਲੇ ਗਿਆ ਅਤੇ ਨਮਕੀਨ ਲੱਸੀ ਦੀ ਗੜਵੀ ਮਾਂਝੇ ਨੂੰ ਫੜਾ ਦਿੱਤੀ।

"ਜਿਉਂਦਾ ਰਹਿ। ਖੁਸ਼ ਰਹਿ। ਅਬਾਦ ਰਹਿ, ਪਹਿਲਵਾਨ।" ਮਾਂਝੇ ਨੇ ਗੜਵੀ ਫੜਦਿਆਂ ਕਾਲ਼ੀ ਨੂੰ ਅਸੀਸਾਂ ਦਿੱਤੀਆਂ।

ਲੱਸੀ ਪੀ ਕੇ ਮਾਂਝੇ ਨੇ ਮੰਜੀ 'ਤੇ ਬੈਠੇ-ਬੈਠੇ ਹੀ ਲਗਾਤਾਰ ਤਿੰਨ-ਚਾਰ ਡਕਾਰ ਲਏ ਅਤੇ ਫਿਰ ਮੰਜੀ ਤੋਂ ਉੱਠਦਿਆਂ ਕਿਹਾ, "ਕੋਲ਼ਾ ਜ਼ਿਆਦਾ ਅਤੇ ਪਾਣੀ ਘੱਟ ਹੋਵੇ ਤਾਂ ਮਾੜਾ ਅਤੇ ਜੇ ਕੋਲ਼ਾ ਘੱਟ ਤੇ ਪਾਣੀ ਜ਼ਿਆਦਾ ਹੋਵੇ ਤਾਂ ਵੀ ਖਰਾਬੀ ਹੁੰਦੀ ਹੈ। ਹੁਣ ਕਿਉਂਕਿ ਦੋਨੋਂ ਚੀਜ਼ਾਂ ਬਰਾਬਰ ਹਨ ਇਸ ਲਈ ਸਰੀਰ ਮੇਲ-ਗੱਡੀ ਦੇ ਇੰਜਣ ਵਾਂਗ ਚੱਲੂਗਾ।"

ਜਦ ਉਹ ਮੰਡੀ ਨੂੰ ਜਾਣ ਲਈ ਤਿਆਰ ਹੋ ਗਏ ਤਾਂ ਛਿੱਬੂ ਨੇ ਬਾਹਰ ਧੁੱਪ ਵੱਲ ਦੇਖਿਆ। "ਲਗਦਾ ਹੈ ਕਾਲੂ ਅੱਜ ਵੀ ਘਰ ਹੀ ਰਹਿ ਗਿਆ।"

"ਉਸਤਾਦ, ਜੋਰੂ ਦੀਆਂ ਬਾਹਾਂ ਫੌਲਾਦ ਦੇ ਸੰਗਲ ਤੋਂ ਵੀ ਜ਼ਿਆਦਾ ਮਜ਼ਬੂਤ ਹੁੰਦੀਆਂ ਹਨ ਅਤੇ ਫਿਰ ਜੇ ਗਲ਼ ਵਿੱਚ ਪਈਆਂ ਹੋਣ ਤਾਂ ... ਜੋਰੂ ਦੀ ਗੁਲਾਮੀ ਵਿੱਚ ਮਜ਼ਾ ਹੀ ਮਜ਼ਾ ਹੈ।" ਮਾਂਝੇ ਨੇ ਚਟਖਾਰਾ ਮਾਰਿਆ।

"ਚਲੋ ਚੱਲੀਏ।" ਛਿੱਬੂ ਨੇ ਸਾਫਾ ਚੁੱਕ ਕੇ ਮੋਢੇ 'ਤੇ ਰੱਖ ਲਿਆ।

ਐਨੇ ਚਿਰ ਵਿੱਚ ਪੌੜੀ ਦੇ ਆਖਰੀ ਡੰਡੇ 'ਤੇ ਕਾਲੂ ਨੇ ਪੈਰ ਆ ਰੱਖਿਆ। ਉਸ ਨੂੰ ਦੇਖ ਕੇ ਛਿੱਬੂ ਖੁਸ਼ ਹੋ ਗਿਆ, "ਕਾਲੂ ਬਈ ਤੇਰੀ ਉਮਰ ਬਹੁਤ ਲੰਮੀ ਹੈ। ਤੇਰੀ ਹੀ ਗੱਲ ਕਰ ਰਹੇ ਸੀ ਕਿ ਤੂੰ ਆ ਗਿਆ।"

"ਯਾਰਾ, ਪਹਿਲਾਂ ਹੀ ਆ ਜਾਣਾ ਸੀ। ਜ਼ਨਾਨੀ ਬਹੁਤੀ ਠੀਕ ਨਹੀਂ ਸੀ। ਉਹਦੇ ਦਵਾ-ਦਾਰੂ ਵਿੱਚ ਹੀ ਲੱਗਾ ਰਿਹਾ।" ਕਾਲੂ ਨੇ ਬਗਲ 'ਚੋਂ ਛੋਟੀ ਜਿਹੀ ਪੋਟਲੀ ਕੱਢ ਕੇ ਮੰਜੀ 'ਤੇ ਰੱਖਦਿਆਂ ਦੱਸਿਆ।

"ਕੀ ਹੋ ਗਿਆ ਤੇਰੀ ਜ਼ਨਾਨੀ ਨੂੰ ?" ਛਿੱਬੂ ਨੇ ਚਿੰਤਾ ਜ਼ਾਹਿਰ ਕਰਦਿਆਂ ਪੁੱਛਿਆ।

"ਹੋਣਾ ਕੀ ਹੈ। ਇਹਨੇ ਸ਼ਹਿਰ ਨੂੰ ਮੁੜਣ ਦੀ ਗੱਲ ਕੀਤੀ ਹੋਣੀ ਹੈ। ਇਹਨੂੰ ਰੋਕਣ ਲਈ ਉਹ ਬਿਮਾਰ ਹੋ ਗਈ ਹੋਣੀ ਹੈ।" ਮਾਂਝੇ ਨੇ ਹੱਸਦਿਆਂ ਕਿਹਾ।

"ਤੂੰ ਹੋਰ ਠਹਿਰ ਲੈਂਦਾ। ਇੱਥੇ ਕੰਮ ਤਾਂ ਚੱਲ ਹੀ ਰਿਹਾ ਸੀ।" ਛਿੱਬੂ ਨੇ ਕਾਲ਼ੀ ਵੱਲ ਦੇਖਿਆ।

"ਨਹੀਂ, ਦਵਾ-ਦਾਰੂ ਚੱਲ ਰਿਹਾ ਹੈ। ਪਹਿਲਾਂ ਨਾਲ਼ੋਂ ਠੀਕ ਹੈ। ਫਿਰ ਉਹਦੀ ਦੇਖ ਭਾਲ ਲਈ ਘਰ ਮੇਰੀ ਮਾਂ ਤੇ ਦੋ ਭੈਣਾਂ ਹਨ। ... ਉਦਾਂ ਵੀ ਮੇਰੇ ਕਰਨ ਵਾਲ਼ਾ ਕੋਈ ਕੰਮ ਨਹੀਂ ਸੀ।" ਕਾਲੂ ਨੇ ਦੱਸਿਆ। "ਰੋਟੀ ਖਾ ਆਏ ਆਂ ?"

"ਨਾ, ਅਜੇ ਕਿੱਥੇ ?"

"ਇੱਕ-ਇੱਕ ਪਰੌਂਠਾ ਖਾ ਲੈਂਦੇ ਹਾਂ। ਕਾਹਲ਼ੀ ਵਿੱਚ ਬਹੁਤੇ ਤਾਂ ਬਣ ਨਹੀਂ ਸਕੇ।" ਕਾਲੂ ਨੇ ਪੋਟਲੀ ਖੋਲ੍ਹ ਦਿੱਤੀ ਅਤੇ ਫਿਰ ਇੱਕ ਇੱਕ ਪਰੌਂਠੇ ਤੇ ਅਚਾਰ ਦੀ ਫਾੜੀ ਟਿਕਾ ਕੇ ਸਾਰਿਆਂ ਦੇ ਹੱਥ 'ਤੇ ਰੱਖ ਦਿੱਤਾ।

ਅੰਬ ਦੇ ਅਚਾਰ ਦੀ ਖੁਸ਼ਬੂ ਨਾਲ਼ ਸਾਰਿਆਂ ਨੂੰ ਆਪਣੇ ਆਪਣੇ ਪਿੰਡ ਦਾ ਚੇਤਾ ਆ ਗਿਆ ਅਤੇ ਉਹ ਪਿੰਡ ਦੀ ਯਾਦ ਵਿੱਚ ਗੁਆਚੇ ਪਰੌਂਠਾ ਖਾਂਦੇ ਰਹੇ। ਉਹ ਅਚਾਰ ਦੀ ਫਾੜੀ ਨੂੰ ਚੂਸਦੇ ਹੋਏ ਪਿੰਡ ਦੀ ਯਾਦ ਵਿੱਚ ਹੋਰ ਵੀ ਜ਼ਿਆਦਾ ਡੁੱਬ ਗਏ।

ਉਹ ਕੰਮ 'ਤੇ ਜਾਣ ਲਈ ਤਿਆਰ ਹੋਣ ਲੱਗੇ ਤਾਂ ਛਿੱਬੂ ਨੇ ਕਾਲ਼ੀ ਵੱਲ ਨਿਗਾਹ ਮਾਰ ਕੇ ਆਪਣੇ ਸਾਥੀਆਂ ਵੱਲ ਦੇਖਿਆ, "ਕਿਉਂ ਯਾਰੋ, ਹੁਣ ਪਹਿਲਵਾਨ ਦਾ ਕੀ ਕਰਨਾ ਹੈ ?"

"ਪਹਿਲਵਾਨ ਦਾ ਕੀ ਕਰਨਾ ਹੈ। ਤੂੰ ਹੀ ਦੱਸ ?" ਕਾਲੂ ਨੇ ਪੁੱਛਿਆ।

"ਇਹਦੇ ਲਈ ਕੰਮ ਲੱਭੋ। ਹੋਰ ਕੀ ਕਰਨਾ ਹੈ ?" ਮਾਂਝੇ ਨੇ ਕਿਹਾ।

"ਉਸਤਾਦ, ਕੰਮ ਕਿੱਥੇ ਮਿਲੂਗਾ।" ਛਿੱਬੂ ਕੁੱਝ ਨਿਰਾਸ਼ ਸੀ।

"ਹੋਰ ਕਿਤੇ ਨਹੀਂ ਤਾਂ ਬੂਟਾ ਮੰਡੀ ਦੇ ਨੇੜੇ ਚਮੜੇ ਦੇ ਕਾਰਖਾਨੇ ਵਿੱਚ ਮਿਲ਼

ਜਾਊਗਾ, ਉੱਥੇ ਆਪਣੇ ਪਿੰਡ ਦਾ ਆਦਮੀ ਕੰਮ ਕਰਦਾ। ਹੁਣ ਤਾਂ ਉਹਨੇ ਮਿਲ਼ਣਾ ਨਹੀਂ। ਕੱਲ ਸਵੇਰ ਨੂੰ ਗੱਲ ਹੋ ਸਕੂਗੀ।" ਮਾਂਝੇ ਨੇ ਵਿਸ਼ਵਾਸ ਨਾਲ਼ ਕਿਹਾ।

"ਕੱਲ ਦੀ ਗੱਲ ਤਾਂ ਕੱਲ ਹੀ ਦੇਖਾਂਗੇ। ਮੈਨੂੰ ਤਾਂ ਅੱਜ ਦਾ ਫਿਕਰ ਹੈ।" ਛਿੱਬੂ ਨੇ ਕਾਲ਼ੀ ਵੱਲ ਹਮਦਰਦੀ ਨਾਲ਼ ਦੇਖਿਆ।

"ਅੱਜ ਇਹਨੂੰ ਅਰਾਮ ਕਰਨ ਦਿਉ। ਇਹਨੇ ਆਪਾਂ ਸਾਰਿਆਂ ਨੂੰ ਐਨਾ ਸੁੱਖ ਦਿੱਤਾ ਹੈ। ਇਹਨੂੰ ਵੀ ਤਾਂ ਇੱਕ ਦਿਨ ਅਰਾਮ ਕਰਨਾ ਚਾਹੀਦਾ ਹੈ। ਬਾਕੀ ਰਿਹਾ ਰੋਟੀ-ਪਾਣੀ, ਉਹ ਆਪਾਂ ਖੁਆ ਦਿਆਂਗੇ। ਕਿਉਂ ਕਾਲੂ ?"

ਠੀਕ ਹੈ ਉਸਤਾਦ।" ਕਾਲੂ ਨੇ ਕੁਝ ਦੱਬਵੀਂ ਜਿਹੀ ਅਵਾਜ਼ ਵਿੱਚ ਜਵਾਬ ਦਿੱਤਾ ਜਿਵੇਂ ਕਾਲ਼ੀ ਦੇ ਬੇਕਾਰ ਹੋ ਜਾਣ ਦਾ ਉਸ ਨੂੰ ਵੀ ਦੁੱਖ ਹੋਵੇ।

"ਪਹਿਲਵਾਨ, ਅੱਜ ਤੂੰ ਐਸ਼ ਕਰ, ਮੌਜਾਂ ਲੈ। ਦੁਪਿਹਰ ਦੀ ਰੋਟੀ ਖਾਣ ਲਈ ਆ ਜਾਈਂ।" ਛਿੱਬੂ ਖੁਸ਼ ਸੀ ਜਿਵੇਂ ਕਾਲ਼ੀ ਬਾਰੇ ਉਸ ਦੀ ਚਿੰਤਾ ਦੂਰ ਹੋ ਗਈ ਹੋਵੇ।

"ਰੋਟੀ ਦੀ ਚਿੰਤਾ ਨਾ ਕਰੋ। ਉਹ ਮੈਂ ਖਾ ਲਊਂਗਾ।" ਕਾਲ਼ੀ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਜਿਦਾਂ ਤੇਰੀ ਮਰਜ਼ੀ। ਅੱਜ ਤੂੰ ਅਰਾਮ ਕਰ। ਲੰਮੀਆਂ ਤਾਣ ਕੇ ਸੌਂ। ਕਿਸੇ ਨੂੰ ਯਾਦ ਕਰਨਾ ਹੋਵੇ ਤਾਂ ਜੀ ਭਰ ਕੇ ਕਰ।" ਮਾਂਝਾ ਹੱਸਿਆ।

ਉਹ ਤਿੰਨੇ ਪੌੜੀਆ ਉੱਤਰ ਗਏ ਤਾਂ ਕਾਲ਼ੀ ਨੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਤਿੰਨੇ ਬਿਸਤਰੇ ਚੁੱਕ ਕੇ ਉਸ ਨੇ ਇੱਕ ਮੰਜੀ 'ਤੇ ਰੱਖ ਦਿੱਤੇ। ਉਸ ਨੇ ਆਪਣੇ ਕੱਪੜੇ ਲਾਹੇ ਅਤੇ ਉੱਪਰ ਚਾਦਰ ਲੈ ਕੇ ਪੈ ਗਿਆ।

ਬਹੁਤ ਦਿਨਾਂ ਬਾਅਦ ਉਸ ਨੂੰ ਸੁੱਖ ਦਾ ਐਨਾ ਚੰਗਾ ਅਹਿਸਾਸ ਹੋਇਆ ਸੀ ਅਤੇ ਉਹ ਹਰ ਗੱਲ ਤੋਂ ਬੇਖਬਰ ਹੋ ਕੇ ਗੂਹੜੀ ਨੀਂਦ ਸੌਂ ਗਿਆ।

## ਅੱਠ

ਬਾਕੀ ਲੋਕ ਅਜੇ ਸੌਂ ਹੀ ਰਹੇ ਸਨ ਪਰ ਕਾਲ਼ੀ ਉੱਠ ਪਿਆ ਸੀ ਅਤੇ ਹੌਲ਼ੀ-ਹੌਲ਼ੀ ਪੈਰ ਚੁੱਕਦਾ ਤੰਗ ਜਿਹੇ ਵਿਹੜੇ ਵਿੱਚ ਟਹਿਲ ਰਿਹਾ ਸੀ। ਘੁੰਮਦਾ ਹੋਇਆ ਉਹ ਕਦੀ-ਕਦੀ ਕਮਰੇ ਦੇ ਅੰਦਰ ਝਾਕਦਾ ਅਤੇ ਉਨ੍ਹਾਂ ਨੂੰ ਹੌਲ਼ੀ ਹੌਲ਼ੀ ਘੁਰਾੜੇ ਮਾਰਦਿਆਂ ਦੇਖ ਕੇ ਉਸ ਨੂੰ ਈਰਖਾ ਹੋਣ ਲੱਗਦੀ।

ਜਦ ਉਨ੍ਹਾਂ ਵਿੱਚੋਂ ਕਿਸੇ ਨੇ ਪਾਸਾ ਵੀ ਨਾ ਲਿਆ ਅਤੇ ਘੁਰਾੜਿਆਂ ਦੀ ਅਵਾਜ਼ ਉਸੇ ਤਰ੍ਹਾਂ ਆਉਂਦੀ ਰਹੀ ਤਾਂ ਉਸ ਨੂੰ ਗੁੱਸਾ ਆਉਣ ਲੱਗਾ। ਇਹ ਸੋਚ ਕੇ ਉਸ ਨੂੰ ਕੁਝ ਚੈਨ ਆਇਆ ਕਿ ਤੜਕੇ ਦੀ ਨੀਂਦ ਮਿੱਠੀ ਪਰ ਬਹੁਤ ਛੋਟੀ ਹੁੰਦੀ ਹੈ। ਕਾਲ਼ੀ ਨੂੰ ਫਿਰ ਖਿੱਝ ਆਉਣ ਲੱਗੀ ਕਿਉਂਕਿ ਮਾਂਝੇ ਦੇ ਘੁਰਾੜੇ ਸ਼ੰਟਿੰਗ ਦੇ ਇੰਜਣ ਦੀ ਸੀਟੀ ਵਾਂਗ ਸੁਣਨ ਲੱਗ ਪਏ ਸਨ। ਦਰਵਾਜ਼ੇ ਦੇ ਮੋਹਰੇ ਆ ਕੇ ਉਹ ਗਲ਼ ਸਾਫ ਹੋਣ ਦੇ ਬਾਵਜੂਦ ਇਸ ਤਰ੍ਹਾਂ ਖੰਘਿਆ ਕਿ ਸ਼ਾਇਦ ਉਨ੍ਹਾਂ ਨੂੰ ਜਾਗ ਆ ਜਾਵੇ। ਪਰ ਉਹ ਨਿਸ਼ਚਿੰਤ ਸੁੱਤੇ ਰਹੇ। ਅੱਕ ਕੇ ਕਾਲ਼ੀ ਛੱਤ

’ਤੇ ਚਲਾ ਗਿਆ।

ਮੰਡੀ ਦੇ ਉੱਪਰ ਅਸਮਾਨ ਵਿੱਚ ਚਿੜੀਆ, ਕਾਵਾਂ ਅਤੇ ਬਹੁਤ ਸਾਰੇ ਹੋਰ ਪੰਛੀਆਂ ਦੇ ਝੁੰਡਾਂ ਦੇ ਝੁੰਡ ਰੌਲ਼ਾ ਪਾਉਂਦੇ ਹੋਏ ਮੰਡਰਾਉਣ ਲੱਗੇ ਸਨ ਅਤੇ ਉਨ੍ਹਾਂ ਦੀ ਚੀਂ ... ਚੀਂ ... ਕਾਂ ... ਕਾਂ ਅਤੇ ਗੁਟਕ ਗੂੰ ... ਗੁਟਕ ਗੂੰ ਸਾਫ ਸੁਣਾਈ ਦੇ ਰਹੀ ਸੀ

ਰੇਲਵੇ ਸਟੇਸ਼ਨ ਦਾ ਰੌਲ਼ਾ ਵੀ ਵੱਧ ਗਿਆ ਸੀ। ਨੇੜੇ ਦੇ ਬਜ਼ਾਰ ਵਿੱਚ ਆਉਂਦੇ ਜਾਂਦੇ ਲੋਕਾਂ ਦੀਆ ਅਵਾਜ਼ਾਂ ਅਤੇ ਪੈਰਾਂ ਦੀ ਆਹਟ, ਗਵਾਲਿਆਂ ਦੇ ਸਾਈਕਲਾਂ ਦੀਆ ਘੰਟੀਆਂ ਅਤੇ ਉਨ੍ਹਾਂ ਦੀਆਂ ਅਵਾਜ਼ਾਂ ਉੱਚੀਆਂ ਹੋ ਰਹੀਆਂ ਸਨ ਅਤੇ ਰਾਤ ਦੀ ਸੁੰਨਸਾਨ ਦਿਨ ਦੀ ਨੱਠ ਭੱਜ ਅਤੇ ਖਿੱਚੋਤਾਣੀ ਵਿੱਚ ਬਦਲ ਰਹੀ ਸੀ।

ਕਾਲ਼ੀ ਕੋਠੇ ਤੋਂ ਥੱਲੇ ਆ ਗਿਆ। ਆਪਣੇ ਭਵਿੱਖ ਬਾਰੇ ਸੋਚਦਾ ਉਹ ਵਿਹੜੇ ਵਿੱਚ ਘੁਮੇਰੇ ਕੱਢ ਰਿਹਾ ਸੀ। ਛਿੱਬੂ ਨੇ ਪਾਸਾ ਲੈਂਦਿਆਂ ਰੱਬ ਨੂੰ ਯਾਦ ਕੀਤਾ ਤਾਂ ਕਾਲ਼ੀ ਦੇ ਪੈਰ ਰੁਕ ਗਏ। ਉਹਨੇ ਗਰਦਣ ਅੱਗੇ ਨੂੰ ਵਧਾ ਕੇ ਕਮਰੇ ਵਿੱਚ ਦੇਖਿਆ। ਛਿੱਬੂ ਨੇ ਹੱਥ-ਪੈਰ ਮਾਰਦਿਆਂ ਤਿੰਨ ਚਾਰ ਵਾਰ ਪਾਸਾ ਮਾਰਿਆ ਅਤੇ ਨਾਲ਼ ਹੀ ਹਰ ਵਾਰ ਮੂੰਹੋ ਵੱਖਰੀ ਅਵਾਜ਼ ਕੱਢੀ ਤਾਂ ਮਾਂਝਾ ਅਤੇ ਕਾਲੂ ਵੀ ਆਪਣੇ ਆਪਣੇ ਬਿਸਤਰੇ ’ਤੇ ਹਿਲ-ਜੁਲ ਕਰਨ ਲੱਗੇ।

ਛਿੱਬੂ ਆਪਣੀ ਮੰਜੀ ’ਤੇ ਸਿੱਧਾ ਪਿਆ ਲੰਬੇ-ਲੰਬੇ ਸਾਹ ਲੈ ਰਿਹਾ ਸੀ ਜਿਵੇਂ ਦਿਨ ਭਰ ਦੇ ਥਕਾ ਦੇਣ ਵਾਲ਼ੇ ਕੰਮ ਲਈ ਆਪਣੇ ਫੇਫੜਿਆਂ ਨੂੰ ਤਿਆਰ ਕਰ ਰਿਹਾ ਹੋਵੇ। ਉਸ ਨੇ ਅੱਖਾਂ ’ਤੇ ਉਂਗਲੀਆਂ ਫੇਰੀਆਂ ਤਾਂ ਕਾਲ਼ੀ ਨੇ ਉਸ ਦੀਆਂ ਤਲ਼ੀਆਂ ਵਿੱਚ ਕੁਤਕੁਤਾੜੀਆਂ ਕੱਢ ਦਿੱਤੀਆਂ। ਛਿੱਬੂ ਨੇ ਇੱਕ ਝਟਕੇ ਨਾਲ਼ ਆਪਣੇ ਪੈਰ ਕੱਠੇ ਕਰ ਲਏ ਅਤੇ ਹੈਰਾਨ ਹੋ ਕੇ ਅੱਖਾਂ ਖੋਲ ਦਿੱਤੀਆਂ। ਕਾਲ਼ੀ ਹੱਸ ਪਿਆ। ਛਿੱਬੂ ਨੇ ਦੋਵਾਂ ਹੱਥਾਂ ਨਾਲ਼ ਅੱਖਾਂ ਨੂੰ ਮਲ਼ਿਆ ਅਤੇ ਫਿਰ ਉਠਦੇ ਹੋਏ ਕਾਲ਼ੀ ਵੱਲ ਦੇਖਿਆ, “ਪਹਿਲਵਾਨ, ਤੂੰ ਕਦੋਂ ਉਠਿਆ ?”

“ਬਹੁਤ ਦੇਰ ਪਹਿਲਾਂ। ਕੱਲ ਸਾਰਾ ਦਿਨ ਸੁੱਤਾ ਜੂੰਹ ਰਿਹਾ ਸੀ।” ਕਾਲ਼ੀ ਨੇ ਹੱਸਦਿਆਂ ਕਿਹਾ।

“ਕੀ ਤੂੰ ਕਿਤੇ ਛੇਤੀ ਜਾਣਾ ਹੈ ?”

“ਉਸਤਾਦ ਨੇ ਕੱਲ ਕਿਹਾ ਸੀ ਨਾ।” ਕਾਲ਼ੀ ਨੇ ਮਾਂਝੇ ਵੱਲ ਇਸ਼ਾਰਾ ਕੀਤਾ।

“ਮੈਨੂੰ ਕਿਤੇ ਚਮੜੇ ਦੇ ਕਾਰਖਾਨੇ ਵਿੱਚ ਕੰਮ ਲੱਭਣ ਲਈ ਲੈ ਕੇ ਜਾਣਾ ਸੀ।”

“ਹਾਂ ... ਹਾਂ, ਯਾਦ ਆਇਆ।” ਛਿੱਬੂ ਨੇ ਭਰਵੱਟੇ ਉੱਪਰ ਚੜ੍ਹਾ ਕੇ ਅੱਖਾਂ ਚੌੜੀਆਂ ਕਰਦਿਆਂ ਕਿਹਾ। ਫਿਰ ਉਸ ਨੇ ਧਿਆਨ ਨਾਲ਼ ਮਾਂਝੇ ਵੱਲ ਦੇਖਿਆ ਅਤੇ ਮੰਜੀ ਤੋਂ ਉੱਠ ਪਿਆ, “ਇਹ ਤਾਂ ਜੁਗਾਲ਼ੀ ਕਰਕੇ ਸੁੱਤੇ ਝੋਟੇ ਦੀ ਤਰ੍ਹਾਂ ਪਿਆ ਹੈ।”

ਇਹ ਸੁਣ ਕੇ ਮਾਂਝੇ ਨੇ ਵੱਖ ਲਿਆ। ਦੋਨੋ ਲੱਤਾਂ ਉੱਪਰ ਚੁੱਕ ਕੇ ਹਵਾ ਵਿੱਚ ਘੁਮਾਈਆਂ ਅਤੇ ਫਿਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਪਸਾਰ ਲਿਆ, “ਸੌਂ ਕੌਣ ਰਿਹਾ ਹੈ। ਮੈਂ ਤਾਂ ਮਚਲਾ ਹੋ ਕੇ ਸੁੱਤਾ ਪਿਆਂ।”

“ਮਚਲਾ ਬਾਅਦ ਵਿੱਚ ਹੋ ਲਵੀਂ। ਪਹਿਲਾਂ ਉੱਠ ਕੇ ਛੇਤੀਂ-ਛੇਤੀਂ ਤਿਆਰ ਹੋ ਜਾ।”

"ਕਿਉਂ, ਕਿਤੇ ਸ਼ਗਨ 'ਤੇ ਜਾਣਾ ਹੈ ?" ਮਾਂਝਾ ਮੰਜੀ 'ਤੇ ਪਿਆ ਹੀ ਘੜੀ-ਘੜੀ ਪਾਸਾ ਲੈਂਦਾ ਰਿਹਾ।

"ਸ਼ਗਨ 'ਤੇ ਵੀ ਚਲੇ ਜਾਵਾਂਗੇ। ... ਅਜੇ ਤਾਂ ਪਹਿਲਵਾਨ ਦੇ ਨਾਲ਼ ਤੈਨੂੰ ਬੂਟਾ ਮੰਡੀ ਜਾਣਾ ਪੈਣਾ ਹੈ, ਕਿਸੇ ਚਮੜੇ ਦੇ ਕਾਰਖਾਨੇ ਨੂੰ, ਜਿਥੇ ਤੇਰੇ ਪਿੰਡ ਦਾ ਆਦਮੀ ਕੰਮ ਕਰਦਾ ਹੈ। ਪਹਿਲਵਾਨ ਲਈ ਕੰਮ ਲੱਭਣ ਲਈ।" ਛਿੱਬੂ ਨੇ ਚੇਤਾ ਕਰਾਇਆ।

"ਹਾਂ... ਹਾਂ ਯਾਰਾ। ਮੈਂ ਤਾਂ ਭੁੱਲ ਹੀ ਗਿਆ ਸੀ ... ਹੁਣ ਤੱਕ ਤਾਂ ਸਾਨੂੰ ਉੱਥੇ ਪਹੁੰਚ ਜਾਣਾ ਚਾਹੀਦਾ ਸੀ। ਖੈਰ, ਕੋਈ ਗੱਲ ਨਹੀਂ।" ਮਾਂਝਾ ਮੰਜੀ ਤੋਂ ਉੱਠ ਖੜ੍ਹਾ ਹੋਇਆ।

"ਦੇਰ ਹੋ ਗਈ ਹੈ ਤਾਂ ਸਟੇਸ਼ਨ ਤੋਂ ਨਕੋਦਰ ਚੌਂਕ ਤੱਕ ਤਾਂਗਾ ਲੈ ਲਿਓ। ਉੱਥੋਂ ਗਾਹਾਂ ਵੀ ਲਾਂਬੜੇ ਦਾ ਤਾਂਗਾ ਮਿਲ ਜਾਊਗਾ," ਛਿੱਬੂ ਨੇ ਸਲਾਹ ਦਿੱਤੀ।

"ਤਾਂਗੇ 'ਤੇ ਜ਼ਰੂਰ ਪੈਸੇ ਬਰਬਾਦ ਕਰਨੇ ਹਨ। ...ਅਸੀਂ ਇੱਥੋਂ ਛੱਪੜ ਤੱਕ ਜਾਵਾਂਗੇ। ਜੰਗਲ-ਪਾਣੀ ਜਾਵਾਂਗੇ। ...ਉੱਥੋਂ ਨੇੜੇ ਹੀ ਫਗਵਾੜਾ ਗੇਟ ਹੈ। ਫਗਵਾੜਾ ਗੇਟ ਤੋਂ ਕਚਹਿਰੀ ਅਤੇ ਕਚਹਿਰੀ ਤੋਂ ਨਕੋਦਰ ਅੱਡਾ ਬਿਲਕੁਲ ਨੇੜੇ ਹੈ। ਇੱਕ ਵਾਰ ਨਕੋਦਰ ਅੱਡੇ ਪਹੁੰਚ ਗਏ ਤਾਂ ਬੂਟਾ ਮੰਡੀ ਜੋਰ ਨਾਲ਼ ਸਿੱਟੀ ਠੀਕਰੀ ਜਿੰਨੀ ਦੂਰ ਹੈ।" ਮਾਂਝੇ ਨੇ ਸਮਝਾਇਆ।

ਮਾਂਝੇ ਨੇ ਛੇਤੀ ਛੇਤੀ ਪੈਰ ਵਿੱਚ ਜੁੱਤੀ ਫਸਾਈ। ਬੁਨੈਣ ਨੂੰ ਸਿੱਧਾ ਕੀਤਾ। ਲੱਕ ਦੇ ਸਾਫੇ ਨੂੰ ਕੱਸ ਕੇ ਬੰਨ੍ਹਿਆ ਅਤੇ ਸਿਰ ਦੇ ਸਾਫੇ ਨੂੰ ਮੋਢੇ 'ਤੇ ਰੱਖ ਕੇ ਕਾਲ਼ੀ ਵੱਲ ਦੇਖਿਆ, "ਪਹਿਲਵਾਨ, ਆ ਜਾ ਚੱਲੀਏ।"

ਬੂਹੇ ਵਿੱਚ ਜਾ ਕੇ ਮਾਂਝਾ ਰੁਕ ਗਿਆ ਅਤੇ ਛਿੱਬੂ ਵੱਲ ਮੁੜਦਾ ਹੋਇਆ ਬੋਲਿਆ, "ਮੈਂ ਸਿੱਧਾ ਮੰਡੀ ਹੀ ਪਹੁੰਚੂੰਗਾ। ਜੇ ਮਾਲ ਛੇਤੀ ਮਿਲ਼ ਗਿਆ ਤਾਂ ਲੱਦ ਲਿਓ। ਉਦੋਂ ਤੱਕ ਮੈਂ ਵੀ ਆ ਹੀ ਜਾਉਂਗਾ।"

"ਠੀਕ ਹੈ।" ਛਿੱਬੂ ਨੇ ਸਿਰ ਹਿਲਾਇਆ। ਫਿਰ ਕਾਲ਼ੀ ਵੱਲ ਜਾਂਦਾ ਹੋਇਆ ਬੋਲਿਆ, "ਪਹਿਲਵਾਨ, ਕੰਮ ਬਣੇ ਜਾਂ ਨਾ ਬਣੇ, ਰਾਤ ਨੂੰ ਤੂੰ ਇੱਥੇ ਹੀ ਆ ਜਾਈਂ। ਜਦ ਤੱਕ ਤੇਰਾ ਕੋਈ ਪੱਕਾ ਟਿਕਾਣਾ ਨਹੀਂ ਬਣਦਾ, ਇਸ ਕਮਰੇ ਨੂੰ ਆਪਣਾ ਹੀ ਘਰ ਸਮਝੀਂ। ਸਾਨੂੰ ਕੋਈ ਫਰਕ ਨਹੀਂ ਪੈਂਦਾ। ਕਿਉਂ ਮਾਂਝੇ ?"

"ਠੀਕ ਹੈ। ਅਸੀਂ ਕਿਹੜਾ ਇਹਨੂੰ ਛਾਤੀ 'ਤੇ ਪਾ ਕੇ ਸੁਲਾਉਣਾ ਹੈ ਜਾਂ ਇਹਨੂੰ ਲੋਰੀ ਸੁਣਾਉਣੀ ਹੈ। ਇਹਨੇ ਆਪਣੀ ਨੀਂਦ ਸਾਉਣਾ ਹੈ ਅਸੀਂ ਆਪਣੀ।" ਮਾਂਝੇ ਨੇ ਹੱਸਦਿਆਂ ਕਾਲ਼ੀ ਦਾ ਮੋਢਾ ਥਾਪੜਿਆ।

ਛਿੱਬੂ ਅਤੇ ਕਾਲੂ ਤੋਂ ਵਿਦਾ ਹੋ ਕੇ ਕਾਲ਼ੀ ਮਾਂਝੇ ਦੇ ਨਾਲ਼ ਪੌੜੀਆਂ ਵੱਲ ਨੂੰ ਤੁਰਿਆ ਤਾਂ ਉਸ ਨੂੰ ਧੱਕਾ ਜਿਹਾ ਲੱਗਾ ਕਿ ਸ਼ਹਿਰ ਵਿੱਚ ਉਸ ਦਾ ਜੋ ਛੋਟਾ-ਮੋਟਾ ਸਿਰਨਾਮਾਂ ਬਣਿਆ ਸੀ, ਉਹ ਵੀ ਖ਼ਤਮ ਹੋ ਰਿਹਾ ਹੈ। ਉਸ ਨੇ ਪੌੜੀ 'ਤੇ ਪੈਰ ਰੱਖਦਿਆਂ ਪਿੱਛੇ ਮੁੜ ਕੇ ਦੇਖਿਆ। ਛਿੱਬੂ ਵੀ ਕਮਰੇ ਤੋਂ ਬਾਹਰ ਛੋਟੇ ਜਿਹੇ ਵਿਹੜੇ ਵਿੱਚ ਦੋ ਕੁ ਪੈਰ ਅੱਗੇ ਆ ਗਿਆ ਸੀ। "ਪਹਿਲਵਾਨ, ਰਾਤ ਨੂੰ ਜ਼ਰੂਰ ਆ ਜਾਈਂ। ਯਾਰ, ਤੇਰੇ ਨਾਲ਼ ਕੁੱਝ ਮੋਹ ਜਿਹਾ ਹੋ ਗਿਆ ਹੈ।"

"ਜ਼ਰੂਰ ਆਊਂਗਾ। ਮੇਰਾ ਇਸ ਸ਼ਹਿਰ ਵਿੱਚ ਹੋਰ ਹੈ ਹੀ ਕੌਣ।" ਕਾਲ਼ੀ ਨੇ ਬੁੱਲਾਂ ਤੇ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕੀਤੀ।

"ਮਾਂਝੇ, ਪਹਿਲਵਾਨ ਨੂੰ ਆਪਣੇ ਪਿੰਡ ਦੇ ਆਦਮੀ ਨਾਲ਼ ਚੰਗੀ ਤਰ੍ਹਾਂ ਮਿਲ਼ਾ ਕੇ ਆਵੀਂ। ਚਿਰ ਵੀ ਲੱਗ ਗਿਆ ਤਾਂ ਫਿਕਰ ਨਾ ਕਰੀਂ। ਮੈਂ ਤੇ ਕਾਲੂ ਕੰਮ ਚਲਾ ਲਵਾਂਗੇ।" ਛਿੱਬੂ ਨੇ ਤਾਕੀਦ ਕੀਤੀ।

"ਯਾਰਾ, ਤੂੰ ਤਾਂ ਪਹਿਲਵਾਨ ਦੀ ਇਸ ਤਰ੍ਹਾਂ ਚਿੰਤਾ ਕਰ ਰਿਹਾ ਹੈਂ ਜਿਵੇਂ ਤੇਰਾ ਕੋਈ ਸਕਾ-ਸਬੰਧੀ ਹੋਵੇ। ... ਇਹਦੇ ਨਾਲ਼ ਆਪਣਾ ਸਾਰਿਆਂ ਦਾ ਇਕੋ ਜਿਹਾ ਰਿਸ਼ਤਾ ਹੈ। ਤੂੰ ਫਿਕਰ ਨਾ ਕਰ। ਕੰਮ ਹੰਨੇ ਜਾਂ ਬੰਨੇ ਕਰਕੇ ਹੀ ਮੁੜੂੰਗਾ।" ਮਾਂਝੇ ਨੇ ਵਿਸ਼ਵਾਸ ਦੁਆਇਆ।

ਮਾਂਝਾ ਛੱਪੜ ਵੱਲ ਨੂੰ ਤੁਰ ਪਿਆ ਅਤੇ ਕਾਲ਼ੀ ਨਾਲ਼ੇ ਦੀ ਕੰਧ ਉੱਤੇ ਜਾ ਬੈਠਾ। ਥੋੜ੍ਹੀ ਹੀ ਦੇਰ ਬਾਅਦ ਪਰਨੇ ਨਾਲ਼ ਹੱਥ-ਮੂੰਹ ਪੂੰਝਦਿਆਂ, ਮਾਂਝੇ ਨੇ ਕੰਧ ਕੋਲ਼ ਆ ਕੇ ਕਾਲ਼ੀ ਨੂੰ ਇਸ਼ਾਰਾ ਕੀਤਾ, "ਚੱਲ ਪਹਿਲਵਾਨ।"

ਨਕੋਦਰ ਅੱਡੇ 'ਤੇ ਪਹੁੰਚ ਕੇ ਮਾਂਝਾ ਰੁਕ ਗਿਆ। ਉੱਥੇ ਕਈ ਤਾਂਗੇ ਖੜ੍ਹੇ ਸੀ ਅਤੇ ਤਰ੍ਹਾਂ-ਤਰ੍ਹਾਂ ਦੇ ਹੋਕੇ ਦੇ ਰਹੇ ਸਨ। ਲਾਂਬੜੇ ਦਾ ਹੋਕਾ ਸੁਣ ਕੇ ਮਾਂਝਾ ਉਸ ਤਾਂਗੇ ਵੱਲ ਨੂੰ ਤੁਰ ਪਿਆ।

"ਬੂਟਾ ਮੰਡੀ ਤੱਕ ਜਾਣਾ ਹੈ।"

"ਕਿੰਨੀਆਂ ਸਵਾਰੀਆਂ ਹਨ ?" ਤਾਂਗੇ ਵਾਲ਼ੇ ਨੇ ਸਵਾਰੀਆਂ ਨਾਲ਼ ਲੱਦੇ ਤਾਂਗੇ ਵੱਲ ਦੇਖਿਆ।

"ਦੋ ਸਵਾਰੀਆਂ।"

"ਜ਼ਨਾਨਾ ਸਵਾਰੀ ਤਾਂ ਨਹੀਂ ਹੈ ?"

"ਨਹੀਂ, ਦੋਨੋ ਮਰਦਾਨਾ ਸਵਾਰੀਆਂ ਹਾਂ।"

"ਤਾਂ ਦੋਨੋ ਪਾਸੀਂ ਇੱਕ-ਇੱਕ ਜਣਾ ਬਾਂਕ ਤੇ ਬੈਠ ਜਾਉ।" ਤਾਂਗੇ ਵਾਲ਼ੇ ਨੇ ਇਸ਼ਾਰਾ ਕੀਤਾ।

"ਭਾੜਾ ਕਿੰਨਾ ਲੱਗੇਗਾ ?" ਮਾਂਝੇ ਨੇ ਪੁੱਛਿਆ।

"ਦੋ ਆਨੇ ਸਵਾਰੀ ਦੇ।"

"ਕਿਰਾਇਆ ਲਾਂਬੜੇ ਦਾ ਦੇਈਏ ਤੇ ਉੱਤਰੀਏ ਬੂਟਾ ਮੰਡੀ ਅਤੇ ਬੈਠੀਏ ਵੀ ਬਾਂਕ ਉੱਤੇ। ਬਾਂਸ ਤੋਂ ਤਿਲਕ ਕੇ ਡਿੱਗ ਪਏ ਤਾਂ ਹੱਡੀ ਪਸਲੀ ਵੀ ਟੁੱਟ ਸਕਦੀ ਹੈ।" ਮਾਂਝੇ ਨੇ ਖਿੱਝ ਕੇ ਜ਼ੋਰ ਨਾਲ਼ ਸਿਰ ਝਟਕਿਆ।

"ਤਾਂ ਹੋਰ ਕੀ ਮੈਂ ਆਪਣੇ ਸਿਰ 'ਤੇ ਬਿਠਾ ਲਵਾਂ ?" ਤਾਂਗੇ ਵਾਲ਼ਾ ਵੀ ਤਲਖ਼ੀ ਵਿੱਚ ਆ ਗਿਆ, "ਆਏ ਬੜੇ ਸਵਾਰ। ਪੈਸਾ ਖਰਚ ਨਹੀਂ ਕਰਨਾ ਅਤੇ ਸਵਾਰੀ ਗੱਦੇਦਾਰ ਬੱਘੀ ਦੀ ਚਾਹੁੰਦੇ ਹਨ।"

"ਚੱਲ ਪਹਿਲਵਾਨ। ਬਰਫ ਕਾਰਖਾਨੇ ਦੇ ਨੇੜੇ ਪਿੱਤਲ ਦਾ ਕਾਰਖਾਨਾ ਹੈ। ਅੱਗੇ ਅਬਾਦੀ ਹੈ ... ਅਬਾਦਪੁਰੇ ਦੀ। ਅਤੇ ਉਸ ਦੇ ਨਾਲ਼ ਹੀ ਬੂਟਾ ਮੰਡੀ ਹੈ। ਪੈਦਲ ਜਾ ਕੇ ਆਪਾਂ

ਤਾਂਗੇ ਤੋਂ ਪਹਿਲਾਂ ਪਹੁੰਚ ਜਾਵਾਂਗੇ।" ਮਾਂਝੇ ਨੇ ਸਲਾਹ ਦਿੱਤੀ ਅਤੇ ਲਾਂਬੜਾ, ਬੂਟਾ ਮੰਡੀ, ਖੁਰਲਾ ਕਿੰਗਰਾ, ਬਾਦਸ਼ਾਹਪੁਰ ਦੀਆਂ ਅਵਾਜ਼ਾਂ ਨੂੰ ਪਿੱਛੇ ਛੱਡਦਾ ਹੋਇਆ ਕਾਲ਼ੀ ਨੂੰ ਨਾਲ਼ ਲੈ ਕੇ ਅਗਾਂਹ ਤੁਰ ਪਿਆ।

ਪਿੱਤਲ ਦੇ ਕਾਰਖਾਨੇ ਦੇ ਬਰਾਬਰ ਪਹੁੰਚ ਕੇ ਮਾਂਝੇ ਨੇ ਪਿੱਛੇ ਮੁੜ ਕੇ ਦੇਖਿਆ, ਫਿਰ ਖੁਸ਼ ਹੋ ਕੇ ਬੋਲਿਆ, "ਤਾਂਗਾ ਅਜੇ ਆਇਆ ਨਹੀਂ ਅਤੇ ਆਪਾਂ ਤਕਰੀਬਨ ਮੰਡੀ ਪਹੁੰਚ ਵੀ ਚੱਲੇ ਹਾਂ। ਸਾਲ਼ਿਆਂ ਨੇ ਲੁੱਟ ਮਚਾ ਰੱਖੀ ਹੈ। ਬਾਰਾਂ-ਬਾਰਾਂ, ਚੌਦਾਂ-ਚੌਦਾਂ ਸਵਾਰੀਆਂ ਬਿਠਾਉਂਦੇ ਹਨ ਅਤੇ ਪੈਸੇ ਦੁੱਗਣੇ ਮੰਗਦੇ ਹਨ।"

ਜਵਾਬ ਵਿੱਚ ਕਾਲ਼ੀ ਨੇ ਸਿਰਫ ਮੁਸਕਰਾ ਦਿੱਤਾ। ਉਹ ਸੋਚਣ ਲੱਗਾ ਕਿ ਫੈਂਟਨਗੰਜ ਮੰਡੀ ਤੋਂ ਬੂਟਾ ਮੰਡੀ ਦਾ ਫਾਸਲਾ ਲੱਗਭੱਗ ਉਨਾਂ ਹੀ ਹੋਵੇਗਾ ਜਿੰਨਾ ਕਿ ਪਿੰਡ ਤੋਂ ਕੰਧਾਲੇ ਦੀ ਸਰਾਂ ਦਾ। ਉੱਥੇ ਚਾਰੇ ਪਾਸੇ ਖੁੱਲੇ ਖੇਤ ਹੋਣ ਕਰਕੇ ਉਹ ਫਾਸਲਾ ਵੀ ਪਹਾੜ ਵਾਂਗ ਲਗਦਾ ਹੈ। ਸ਼ਹਿਰ ਵਿੱਚ ਅਬਾਦੀ ਅਤੇ ਰੌਣਕ ਦੇ ਕਾਰਨ ਪਤਾ ਹੀ ਨਹੀਂ ਲਗਦਾ ਕਿ ਸਫਰ ਕਦੋਂ ਮੁੱਕ ਜਾਂਦਾ ਹੈ।

ਥੋੜ੍ਹਾ ਹੋਰ ਅੱਗੇ ਜਾ ਕੇ ਥੋੜ੍ਹਾ-ਥੋੜ੍ਹਾ ਮੁਸ਼ਕ ਆਉਣ ਲੱਗਾ। ਮਾਂਝੇ ਨੇ ਮੁਸ਼ਕ ਨੂੰ ਆਪਣੇ ਨੱਕ 'ਚ ਜਾਣ ਤੋਂ ਰੋਕਣ ਲਈ ਜ਼ੋਰ ਨਾਲ਼ ਸਾਹ ਕੱਢਿਆ, "ਲੈ ਪਹੁੰਚ ਗਏ। ਸਾਹਮਣੇ ਬੂਟਾ ਮੰਡੀ ਹੈ। ਪਿੰਡ ਥੋੜ੍ਹਾ ਹੋਰ ਅੱਗੇ ਹੈ। ਸਾਲ਼ਾ ਤਾਂਗੇ ਵਾਲ਼ਾ ਦੋਵਾਂ ਦੇ ਚਾਰ ਆਨੇ ਮੰਗਦਾ ਸੀ। ਆਪਾਂ ਤਾਂਗੇ ਵਿੱਚ ਨਾ ਆ ਕੇ ਚਾਰ ਆਨੇ ਵੀ ਬਚਾ ਲਏ ਅਤੇ ਤਾਂਗੇ ਦੀ ਬਾਂਕ ਤੋਂ ਤਿਲਕ ਕੇ ਡਿੱਗਣ ਤੋਂ ਵੀ ਬੱਚ ਗਏ।"

ਜਿਉਂ-ਜਿਉਂ ਉਹ ਅੱਗੇ ਜਾ ਰਹੇ ਸਨ, ਮੁਸ਼ਕ ਨੱਕ ਤੋਂ ਬਿਨਾਂ ਅੱਖਾਂ ਅਤੇ ਮੂੰਹ ਵਿੱਚ ਵੀ ਜਾਣ ਲੱਗ ਪਿਆ ਸੀ। ਦੁਕਾਨਾਂ ਦੇ ਮੋਹਰੇ ਤਾਜ਼ੀਆਂ ਖੱਲਾਂ ਦੇ ਢੇਰ ਲੱਗੇ ਹੋਏ ਸਨ ਅਤੇ ਉਨ੍ਹਾਂ ਉੱਤੇ ਮੱਖੀਆਂ ਦੇ ਹਜੂਮ ਭਿੰਨ-ਭਿੰਨਾਂ ਰਹੇ ਸਨ। ਖੱਬੇ ਪਾਸੇ ਇੱਕ ਉੱਚਾ ਸ਼ੈੱਡ ਸੀ। ਉਹਦੇ ਉੱਤੇ ਬਹੁਤ ਸਾਰੀਆਂ ਚੀਲ੍ਹਾਂ, ਗਿਰਝਾਂ ਅਤੇ ਕਾਂ ਮੰਡਰਾ ਰਹੇ ਸਨ। ਕਦੀ ਉਹ ਅਸਮਾਨ ਵਿੱਚ ਉੱਚਾ ਉੱਡਣ ਲਗਦੇ ਅਤੇ ਕਦੀ ਦਰੱਖਤਾਂ ਅਤੇ ਛੱਤਾਂ 'ਤੇ ਬੈਠ ਕੇ, ਗਰਦਨਾਂ ਮੋਹਰ ਨੂੰ ਕੱਢ ਕੇ ਫੜਫੜਾਉਣ ਲੱਗਦੇ।

"ਜਗ੍ਹਾ ਬਹੁਤ ਗੰਦੀ ਹੈ ਅਤੇ ਮੁਸ਼ਕ ਵੀ ਬਹੁਤ ਆਉਂਦਾ ਹੈ।" ਮਾਂਝੇ ਨੇ ਨੱਕ 'ਤੇ ਕੱਪੜਾ ਰੱਖ ਲਿਆ।

"ਹਾਂ ਜੀ। ਇਹ ਇਲਾਕਾ ਸ਼ਹਿਰ ਦੀ ਚਮਾਰਲ਼ੀ ਹੈ ਅਤੇ ਚਮਾਰਲ਼ੀ ਵਿੱਚ ਮੁਸ਼ਕ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਹੈ।"

"ਪਹਿਲਵਾਨ, ਫਿਕਰ ਨਾ ਕਰ। ਇਸ ਮੁਸ਼ਕ ਵਿੱਚ ਰਹਿ ਕੇ ਛੇਤੀ ਹੀ ਤੇਰਾ ਨੱਕ ਵੀ ਭਰ ਜਾਵੇਗਾ ਅਤੇ ਤੈਨੂੰ ਮੁਸ਼ਕ ਆਉਣੋ ਹਟ ਜਾਵੇਗਾ।" ਮਾਂਝੇ ਨੇ ਕਾਲ਼ੀ ਦਾ ਮੋਢਾ ਥਪਥਪਾਇਆ।

"ਇੱਥੇ ਰਹਿਣ ਵਾਲ਼ੇ ਲੋਕਾਂ ਨੂੰ ਬਾਕੀ ਸ਼ਹਿਰ 'ਚੋਂ ਮੁਸ਼ਕ ਆਉਂਦਾ ਹੈ ਅਤੇ ਉਹ ਇਸ ਸੜਾਂਦ ਅਤੇ ਗੰਦਗੀ ਦੇ ਬਿਨਾਂ ਜੀਅ ਨਹੀਂ ਸਕਦੇ।"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ ਅਤੇ ਚਾਰੇ ਪਾਸੇ ਦੇਖਦਾ ਹੋਇਆ ਚੁੱਪ ਕਰਕੇ ਤੁਰਦਾ ਰਿਹਾ। ਉਹਨੂੰ ਲਗਦਾ ਸੀ ਕਿ ਇਸ ਸੜਾਂਦ ਵਿੱਚ ਉਹ ਰਹਿ ਨਹੀਂ ਸਕੇਗਾ। ਪਰ ਮਾਂਝੇ ਦੀ ਗੱਲ ਯਾਦ ਕਰਕੇ ਉਸ ਨੇ ਇਸ ਬਾਰੇ ਸੋਚਣਾ ਬੰਦ ਕਰ ਦਿੱਤਾ ਅਤੇ ਆਪਣੇ ਭਵਿੱਖ ਵਿੱਚ ਆਉਣ ਵਾਲ਼ੇ ਉੱਤਰਾਵਾਂ-ਚੜ੍ਹਾਵਾਂ ਦੀ ਸੋਚ ਵਿੱਚ ਫਸਿਆ ਸਿਰ ਸਿੱਟੀ ਮਾਂਝੇ ਦੇ ਪਿੱਛੇ-ਪਿੱਛੇ ਤੁਰਦਾ ਰਿਹਾ।

ਬੂਟਾ ਮੰਡੀ ਇੱਕ ਬਹੁਤ ਬੜੇ ਛੱਪੜ ਦੇ ਪੂਰਬੀ ਕੰਢੇ ਦੇ ਨਾਲ਼ ਮੁੱਕ ਗਈ। ਸੜਕ ਦੇ ਖੱਬੇ ਪਾਸੇ ਅਤੇ ਛੱਪੜ ਦੇ ਕੰਢੇ ਕਈ ਥਾਂਵਾਂ 'ਤੇ ਖੱਲਾਂ ਸੁੱਕਣ ਲਈ ਲਟਕਾਈਆਂ ਹੋਈਆਂ ਸਨ ਅਤੇ ਜਿਥੇ ਕਿੱਥੇ ਖਾਲੀ ਥਾਂ ਸੀ ਉੱਥੇ ਖੱਲਾਂ ਛਿਲਾਈ ਲਈ ਵਿਛਾਈਆਂ ਹੋਈਆਂ ਸਨ।

ਛੱਪੜ ਦੇ ਪੱਛਮ ਵੱਲ ਬੂਟਾ ਪਿੰਡ ਸੀ ਅਤੇ ਦੱਖਣ ਤੇ ਉੱਤਰ ਵਾਲ਼ੇ ਪਾਸੇ ਦੂਰ ਤੱਕ ਖੇਤ ਦਿਖਾਈ ਦੇ ਰਹੇ ਸਨ। ਸੜਕ ਦੇ ਕੰਢੇ ਦੋਹੀਂ ਪਾਸੀਂ ਵੱਡੀਆਂ ਨਾਲ਼ੀਆਂ ਸਨ ਜਿਨਾਂ ਵਿੱਚ ਬੂਟਾ ਮੰਡੀ ਅਤੇ ਮੁਹੱਲਿਆਂ ਦੀ ਸਾਰੀ ਗੰਦਗੀ ਪਾਣੀ ਨਾਲ਼ ਰੁੜ੍ਹ ਕੇ ਛੱਪੜ ਵਿੱਚ ਪੈਂਦੀ ਸੀ। ਬੂਟਾ ਪਿੰਡ ਦਾ ਵੀ ਸਾਰਾ ਗੰਦਾ ਪਾਣੀ ਉੱਥੇ ਹੀ ਆ ਕੇ ਪੈਂਦਾ ਸੀ। ਬਰਸਾਤ ਵਿੱਚ ਇਹ ਪਾਣੀ ਆਲ਼ੇ-ਦੁਆਲ਼ੇ ਦੇ ਖਾਲੀ ਥਾਵਾਂ, ਸੜਕਾਂ ਅਤੇ ਨੇੜੇ ਦੇ ਖੇਤਾਂ ਤੱਕ ਚਲੇ ਜਾਂਦਾ ਸੀ।

ਸੜਕ ਦੇ ਖੱਬੇ ਪਾਸੇ ਖੜ੍ਹੇ ਹੋ ਕੇ ਮਾਂਝਾ ਅਤੇ ਕਾਲ਼ੀ ਪੁਰਾਣੇ ਕੱਚੇ-ਪੱਕੇ ਘਰਾਂ ਵੱਲ ਦੇਖਣ ਲੱਗੇ।

"ਇੱਥੇ ਕਿਤੇ ਕੰਮ ਕਰਦਾ ਹੈ, ਆਪਣਾ ਕਿਸ਼ਨਾ।" ਮਾਂਝੇ ਨੇ ਅਨੁਮਾਨ ਲਾਇਆ।

ਸਾਰੇ ਆਲ਼ੇ-ਦੁਆਲ਼ੇ ਦਾ ਬਹੁਤ ਧਿਆਨ ਨਾਲ਼ ਜਾਇਜ਼ਾ ਲੈ ਕੇ ਮਾਂਝੇ ਨੇ ਸੜਕ ਦੇ ਦੋਨੀਂ ਪਾਸੀਂ ਦੇਖਿਆ। ਉਸ ਨੂੰ ਬਿਲਕੁਲ ਖਾਲੀ ਦੇਖ ਕੇ ਉਹ ਮਾਯੂਸ ਹੋ ਗਿਆ। ਫਿਰ ਉਹ ਇੱਕ ਗਲ਼ੀ ਵੱਲ ਮੁੜ ਗਿਆ, "ਇੱਥੋਂ ਪਤਾ ਲੱਗ ਜਾਊਗਾ ਕਿ ਆਪਣਾ ਕਿਸ਼ਨਾ ਕਿੱਥੇ ਕੰਮ ਕਰਦਾ ਹੈ। ... ਹੈਗਾ ਇੱਥੇ ਹੀ ... ਕਿਤੇ ... ਆਲ਼ੇ-ਦੁਆਲ਼ੇ ਹੀ। ... ਬਹੁਤ ਦੇਰ ਪਹਿਲਾਂ ਮੈਂ ਇੱਕ ਵਾਰ ਇੱਥੇ ਆਇਆ ਸੀ।"

ਮਾਂਝੇ ਦੇ ਨਾਲ਼ ਕਾਲ਼ੀ ਵੀ ਗਲ਼ੀ ਵਿੱਚ ਵੜ ਗਿਆ। ਇੱਕ ਪੁਰਾਣੇ ਜਿਹੇ ਮਕਾਨ ਦੇ ਖੁੱਲੇ ਬੂਹੇ ਸਾਹਮਣੇ ਮਾਂਝਾ ਰੁਕ ਗਿਆ ਅਤੇ ਇੱਕ ਕਦਮ ਅੱਗੇ ਹੋ ਕੇ ਅੰਦਰ ਝਾਕਣ ਲੱਗਾ।

"ਇਹੀ ਹੈ ਕਾਰਖਾਨਾ, ਜਿਥੇ ਆਪਣਾ ਕਿਸ਼ਨਾ ਕੰਮ ਕਰਦਾ ਹੈ।" ਮਾਂਝੇ ਨੇ ਪਿੱਛੇ ਮੁੜ ਕੇ ਕਾਲ਼ੀ ਵੱਲ ਦੇਖਿਆ, "ਮੈਂ ਕੋਠੜੀ ਅਤੇ ਦਫਤਰ ਨੂੰ ਦੇਖ ਕੇ ਪਛਾਣ ਗਿਆ ਹਾਂ।"

ਮਾਂਝਾ ਅਤੇ ਕਾਲ਼ੀ ਗੇਟ ਦੇ ਅੰਦਰ ਚਲੇ ਗਏ। ਉਸ ਦੇ ਦੋਨੀਂ ਪਾਸੀਂ ਕਮਰੇ ਸਨ। ਇੱਕ ਵਿੱਚ ਕਾਰਖਾਨੇ ਦਾ ਦਫਤਰ ਸੀ। ਉਹਦੇ ਵਿੱਚ ਇੱਕ ਮੈਲ਼ੇ-ਕੁਚੈਲੇ ਮੇਜ਼ ਦੇ ਪਿੱਛੇ ਘਸੀ ਜਿਹੀ ਕੁਰਸੀ ਪਈ ਸੀ। ਇੱਕ ਪਾਸੇ ਇੱਕ ਝੂਲਦਾ ਜਿਹਾ ਬੈਂਚ ਪਿਆ ਸੀ। ਪਿਛਲੀ ਕੰਧ ਵਿੱਚ ਦੋ ਛੋਟੀਆਂ ਅਲਮਾਰੀਆਂ ਸਨ ਜਿਨਾਂ ਦੇ ਸ਼ੀਸ਼ੇ ਮੱਖੀਆਂ ਦੇ ਕਈ ਵਰ੍ਹਿਆਂ ਤੋਂ ਬੈਠਣ ਕਾਰਨ ਘਸਮੈਲ਼ੇ ਤੇ ਬਦਰੰਗ ਹੋ ਗਏ ਸਨ। ਦੋਵਾਂ ਅਲਮਾਰੀਆਂ ਦੇ ਵਿੱਚੋ ਵਿੱਚ ਉੱਪਰ ਭਗਤ

ਰਵੀਦਾਸ ਦੀ ਫਰੇਮ ਕੀਤੀ ਤਸਵੀਰ ਟੰਗੀ ਹੋਈ ਸੀ। ਫਰੇਮ ਦੀ ਲੱਕੜੀ ਸੁੱਕ ਜਾਣ ਕਰਕੇ ਦੋ ਥਾਵਾਂ ਤੋਂ ਸ਼ੀਸ਼ੇ ਬਾਹਰ ਨਿਕਲ ਆਏ ਸਨ ਅਤੇ ਤਸਵੀਰ ਦੇ ਪੇਪਰ ਨੂੰ ਵੱਟ ਪੈ ਚੁੱਕੇ ਸਨ। ਟੁੱਟੇ ਹੋਏ ਫਰੇਮ ਵਿੱਚ ਧਾਗਾ ਲਟਕ ਰਿਹਾ ਸੀ ਜਿਹਦੇ ਨਾਲ਼ ਗਰਦ ਨਾਲ਼ ਭਰੇ ਹੋਏ ਦੋ ਫੁੱਲ ਲਟਕ ਰਹੇ ਸਨ। ਫੁੱਲ ਇੰਨੇ ਪੁਰਾਣੇ ਹੋ ਚੁੱਕੇ ਸਨ ਕਿ ਸੁੱਕ ਕੇ ਰੰਗ ਵੀ ਬਦਲ ਗਿਆ ਸੀ ਅਤੇ ਉਨ੍ਹਾਂ ਦੇ ਵਿੱਚ ਪਤਲਾ ਜਿਹਾ ਜਾਲ਼ਾ ਲਟਕ ਰਿਹਾ ਸੀ।

ਦਫਤਰ ਵਿੱਚ ਮੇਜ਼, ਕੁਰਸੀ, ਬੈਂਚ, ਅਲਮਾਰੀਆਂ, ਦਰਵਾਜ਼ੇ, ਕੰਧਾਂ ਅਤੇ ਫਰਸ਼ ਉੱਥੇ ਬੇਸ਼ੁਮਾਰ ਮੱਖੀਆਂ ਭਿਣਕ ਰਹੀਆਂ ਸਨ। ਕੁੱਝ ਮੱਖੀਆਂ ਛੱਤ ਤੋਂ ਲਟਕ ਰਹੇ ਜਾਲਿਆਂ ਵਿੱਚ ਫਸੀਆਂ ਤੜਫ ਰਹੀਆਂ ਸਨ ਅਤੇ ਕੁੱਝ ਦਮ ਤੋੜ ਚੁੱਕੀਆਂ ਸਨ।

ਗੇਟ ਦੇ ਦੂਸਰੇ ਪਾਸੇ ਦਾ ਕਮਰਾ ਗੁਦਾਮ ਲਈ ਵਰਤਿਆ ਜਾਂਦਾ ਸੀ। ਉਸ ਦੇ ਬੰਦ ਬੂਹੇ ’ਤੇ ਜਿੰਦਾ ਲਟਕ ਰਿਹਾ ਸੀ ਅਤੇ ਬਾਹਰ ਸਰਦਲ ’ਤੇ ਚੂਨਾ, ਲੂਣ ਅਤੇ ਕਿਕਰ ਦੀਆਂ ਛਿੱਲਾਂ ਖਿਲਰੀਆਂ ਪਈਆਂ ਸਨ।

ਕਮਰੇ ਦੀ ਬਾਹਰਲੀ ਕੰਧ ਨਾਲ਼ ਦਲਾਨ ਵਾਲ਼ੇ ਪਾਸੇ ਤਾਜ਼ੀਆਂ ਖੱਲਾਂ ਦਾ ਢੇਰ ਸੀ। ਉਨ੍ਹਾਂ ’ਤੇ ਲੂਣ ਲੱਗਾ ਹੋਇਆ ਸੀ ਅਤੇ ਚਰਬੀ ਦੇ ਛੋਟੇ-ਛੋਟੇ ਟੁੱਕੜਿਆਂ ਵਾਲ਼ਾ ਪਾਣੀ ਵਿਹੜੇ ਵਿੱਚ ਖੜ੍ਹਾ ਸੀ। ਇਨ੍ਹਾਂ ਖੱਲਾਂ ਵਿੱਚੋਂ ਬਹੁਤ ਹੀ ਤੇਜ਼ ਬਦਬੂ ਆ ਰਹੀ ਸੀ। ਖੱਲਾਂ ਅਤੇ ਚਾਰੇ ਪਾਸੀਂ ਚਰਬੀ ਭਰੇ ਪਾਣੀ ਉੱਤੇ ਇੰਨੀਆਂ ਜ਼ਿਆਦਾ ਮੱਖੀਆਂ ਬੈਠੀਆਂ ਸਨ ਕਿ ਖੱਲਾਂ ਅਤੇ ਪਾਣੀ ਕਿਤੇ-ਕਿਤੇ ਹੀ ਦਿਖਾਈ ਦੇ ਰਹੇ ਸਨ।

ਦੋ ਕਮਰਿਆਂ ਅਤੇ ਬੜੇ ਦਲਾਨਾਂ ਦੇ ਵਿਚਕਾਰ ਖੁੱਲ੍ਹੀ ਜਗ੍ਹਾ ਵਿੱਚ ਜ਼ਮੀਨ ਪੁੱਟ ਕੇ ਪੱਕੇ ਚੌਰਸ ਹੌਜ ਬਣਾਏ ਹੋਏ ਸਨ ਜਿਨ੍ਹਾਂ ਵਿੱਚ ਪਾਣੀ ਭਰਿਆ ਹੋਇਆ ਸੀ। ਥੋੜ੍ਹੀ ਦੂਰ ਪੱਕੇ ਹੌਜਾਂ ਦੀ ਇੱਕ ਹੋਰ ਕਤਾਰ ਸੀ ਅਤੇ ਉਨ੍ਹਾਂ ਵਿੱਚ ਚੂਨੇ ਦਾ ਪਾਣੀ ਭਰਿਆ ਹੋਇਆ ਸੀ।

ਇੱਕ ਦਲਾਨ ਵਿੱਚ ਕੰਧਾਂ ਦੇ ਦੋਨੀਂ ਪਾਸੀਂ ਕੋਈ ਛੇ ਫੁੱਟ ਦੀ ਉਚਾਈ ’ਤੇ ਲਕੜੀ ਦੇ ਮੋਟੇ ਮੋਟੇ ਬਾਲੇ ਪੱਕੇ ਖੰਭਿਆਂ ਤੇ ਟਿਕਾਏ ਹੋਏ ਸਨ। ਬੜੇ ਢੋਲ ਦੀ ਤਰ੍ਹਾਂ ਫੁੱਲੀਆਂ ਹੋਈਆਂ ਖੱਲਾਂ ਤੇ ਕਿੱਕਰ ਦੀਆਂ ਛਿੱਲਾਂ ਦਾ ਪਾਣੀ ਚੰਗੀ ਤਰ੍ਹਾਂ ਭਰ ਕੇ ਟੰਗ ਦਿੱਤੀਆਂ ਗਈਆਂ ਸਨ ਤਾਂ ਕਿ ਖੱਲਾਂ ਦੇ ਸਾਰੇ ਵੱਟ ਨਿਕਲ਼ ਜਾਣ ਅਤੇ ਉਹਨਾਂ ਉੱਪਰ ਕਿੱਕਰ ਦਾ ਰੰਗ ਵੀ ਚੰਗੀ ਤਰ੍ਹਾਂ ਚੜ੍ਹ ਜਾਏ।

ਦੂਜੇ ਦਲਾਨ ਵਿੱਚ ਖੱਲਾਂ ਨੂੰ ਹਵਾ ਵਿੱਚ ਸੁਕਾਇਆ ਜਾਂਦਾ ਸੀ। ਇਸ ਦਲਾਨ ਵਿੱਚ ਕੋਈ ਕੰਧ ਨਹੀਂ ਸੀ ਤਾਂ ਕਿ ਹਰ ਪਾਸੇ ਤੋਂ ਹਵਾ ਬੇਰੋਕ-ਟੋਕ ਆ-ਜਾ ਸਕੇ।

ਮਾਂਝਾ ਅਤੇ ਕਾਲ਼ੀ ਦਫਤਰ ਦੇ ਬਾਹਰ ਖੜ੍ਹੇ ਸਾਹਮਣੇ ਦਲਾਨ ਵਿੱਚੋਂ ਆ ਰਹੀਆਂ ਅਵਾਜ਼ਾਂ ਨੂੰ ਸੁਣਨ ਲੱਗੇ। ਉਹ ਇਸ ਉਡੀਕ ਵਿੱਚ ਸਨ ਕਿ ਕੋਈ ਵਿਅਕਤੀ ਦਫਤਰ ਵੱਲ ਆਵੇ ਤਾਂ ਉਹ ਉਸ ਤੋਂ ਕਿਸ਼ਨੇ ਬਾਰੇ ਪਤਾ ਕਰਨ।

ਅਵਾਜ਼ਾਂ ਕਦੀ ਇੰਨੀਆਂ ਉੱਚੀਆਂ ਹੋ ਜਾਂਦੀਆਂ ਜਿਵੇਂ ਉੱਥੇ ਲੜਾਈ ਹੋ ਰਹੀ ਹੋਵੇ ਅਤੇ ਕਦੇ ਇੰਨੀਆਂ ਹੌਲ਼ੀ ਜਿਵੇਂ ਜਿਵੇਂ ਕੋਨੇ ਵਿੱਚ ਉਹਲੇ ਬੈਠੇ ਪ੍ਰੇਮੀ ਮੂੰਹ ’ਤੇ ਹੱਥ ਰੱਖ ਕੇ ਘੁਸਰ-ਮੁਸਰ ਕਰ ਰਹੇ ਹੋਣ।

ਦਸ-ਪੰਦਰਾਂ ਮਿੰਟਾਂ ਬਾਅਦ ਵੀ ਜਦ ਕੋਈ ਵਿਅਕਤੀ ਦਫਤਰ ਵੱਲ ਨਾ ਆਇਆ ਤਾਂ ਮਾਂਝਾ ਖਿੱਝ ਗਿਆ, "ਕਿੱਦਾਂ ਦੇ ਲੋਕ ਹਨ। ਕਿੰਨੇ ਬੇਪਰਵਾਹ ਹਨ। ਗੁਦਾਮ, ਦਫਤਰ ਅਤੇ ਸਾਰਾ ਕਾਰਖਾਨਾ ਖੁੱਲਾ ਛੱਡ ਕੇ ਗੱਲਾਂ ਵਿੱਚ ਰੁੱਝੇ ਹੋਏ ਹਨ। ਜਿਸ ਦਾ ਜੋ ਜੀਅ ਚਾਹੇ ਚੁੱਕ ਕੇ ਲੈ ਜਾਵੇ। ਹੈ ਕੋਈ ਇੱਥੇ ਪੁੱਛਣ ਵਾਲ਼ਾ ?"

ਜਵਾਬ ਵਿੱਚ ਪਹਿਲਾਂ ਕਾਲ਼ੀ ਹੱਸਿਆ ਫਿਰ ਮਾਂਝੇ ਦਾ ਗੰਭੀਰ ਚੇਹਰਾ ਦੇਖ ਕੇ ਉਦਾਸ ਹੋ ਗਿਆ।

"ਪਹਿਲਵਾਨ, ਤੂੰ ਇੱਥੇ ਠਹਿਰ। ਮੈਂ ਅੰਦਰ ਜਾ ਕੇ ਕਿਸ਼ਨੇ ਦਾ ਪਤਾ ਕਰਦਾ ਹਾਂ। ... ਤੂੰ ਦਫਤਰ ਵਿੱਚ ਬੈਠ ਜਾਹ।"

"ਨਹੀਂ, ਮੈਂ ਇੱਥੇ ਠੀਕ ਹਾਂ। ਬਾਹਰ ਖੁੱਲੀ ਹਵਾ ਹੈ। ਮੱਖੀਆਂ ਵੀ ਘੱਟ ਹਨ।" ਕਾਲ਼ੀ ਚੇਹਰੇ ਤੋਂ ਮੱਖੀਆਂ ਪਰ੍ਹੇ ਰੱਖਣ ਲਈ ਹੱਥ ਹਿਲਾਉਣ ਲੱਗਾ।

ਮਾਂਝੇ ਨੇ ਦਲਾਨ ਵੱਲ ਜਾਣ ਲਈ ਕਦਮ ਚੁੱਕੇ ਹੀ ਸਨ ਕਿ ਉਸ ਨੂੰ ਗੇਟ ਦੇ ਬਾਹਰ ਸੜਕ ਵਲੋਂ ਸਾਈਕਲ ਦੀ ਘੰਟੀ ਦੀ ਅਵਾਜ਼ ਸੁਣਾਈ ਦਿੱਤੀ।

"ਕੋਈ ਆ ਰਿਹਾ ਹੈ, ਸ਼ਾਇਦ ਇਸ ਹੀ ਕਾਰਖ਼ਾਨੇ ਦਾ ਮੁਲਾਜ਼ਮ ਹੋਵੇ।" ਮਾਂਝਾ ਗੇਟ ਵੱਲ ਨੂੰ ਮੁੜ ਪਿਆ।

ਅਗਲੇ ਹੀ ਪੱਲ ਇੱਕ ਅਧੇੜ ਉਮਰ ਦਾ ਵਿਅਕਤੀ ਸਾਈਕਲ 'ਤੇ ਸਵਾਰ ਗੇਟ ਦੇ ਅੰਦਰ ਆਇਆ ਅਤੇ ਦਫਤਰ ਦੇ ਸਾਹਮਣੇ ਰੁਕ ਗਿਆ। ਉਹਦੀ ਦਾੜ੍ਹੀ ਦੋ-ਤਿੰਨ ਦਿਨ ਦੀ ਵਧੀ ਹੋਈ ਸੀ। ਉਸ ਨੇ ਕਮੀਜ਼ ਅਤੇ ਪਜਾਮਾ ਪਾਇਆ ਹੋਇਆ ਸੀ। ਸਿਰ 'ਤੇ ਮੈਲ਼ੀ ਰੰਗਦਾਰ ਪੱਗੜੀ ਅਤੇ ਉਸ ਦੇ ਪੈਰਾਂ ਵਿੱਚ ਮੈਲ਼ੀ, ਪੁਰਾਣੀ ਤੇ ਟੁੱਟੀ ਹੋਈ ਜੁੱਤੀ ਸੀ। ਉਹਦੇ ਕੰਨਾਂ ਵਿੱਚ ਸੋਨੇ ਦੀਆਂ ਵਾਲ਼ੀਆਂ ਲਮਕ ਰਹੀਆਂ ਸਨ। ਉਸ ਨੇ ਸਾਈਕਲ ਤੋਂ ਉੱਤਰਦਿਆਂ ਹੀ ਪੱਗ ਦਾ ਲੜ ਨੱਕ ਅਤੇ ਮੂੰਹ ਦੁਆਲ਼ੇ ਲਪੇਟ ਲਿਆ ਅਤੇ ਸਾਈਕਲ ਦੇ ਹੈਂਡਲ ਨਾਲ਼ ਲੱਗੀ ਟੋਕਰੀ ਵਿੱਚੋਂ ਇੱਕ ਲਾਲ ਜਿਲਦ ਵਾਲ਼ੀ ਛੋਟੀ ਬਹੀ ਅਤੇ ਕੁੱਝ ਕਾਗਜ਼ ਚੁੱਕੇ। ਜੇਬ ਵਿੱਚ ਪਾਏ ਨੋਟਾਂ ਨੂੰ ਹੱਥ ਨਾਲ਼ ਟੋਹਦਿਆਂ ਉਸ ਨੇ ਮਾਂਝੇ ਵੱਲ ਦੇਖਿਆ।

ਮਾਂਝੇ ਨੇ ਉਸ ਨੂੰ ਬੰਦਗੀ ਕੀਤੀ ਅਤੇ ਉਸ ਦੇ ਕੋਲ਼ ਚਲਾ ਗਿਆ, "ਇਸ ਕਾਰਖਾਨੇ ਵਿੱਚ ਮੇਰੇ ਪਿੰਡ ਦਾ ਆਦਮੀ ਕੰਮ ਕਰਦਾ ਹੈ। ਉਹਦਾ ਨਾਂ ਕਿਸ਼ਨਾ ਹੈ।"

"ਰਾਏਪੁਰ ਦਾ ਹੈ ?" ਜਗਤਰਾਮ ਨੇ ਪੁੱਛਿਆ।

"ਹਾਂ ਜੀ, ਰਾਅਪੁਰ ਬੱਲਾਂ ਦਾ।"

"ਕੋਈ ਕੰਮ ਹੈ ਉਸ ਤਾਂਈਂ ?"

"ਹਾਂ ਜੀ, ਮਿਲ਼ਣਾ ਹੈ ਉਸ ਨੂੰ।"

"ਦੇਖਦਾ ਹਾਂ।"... ਜਗਤਰਾਮ ਦਲਾਨ ਵੱਲ ਨੂੰ ਚਲਾ ਗਿਆ। "ਓਏ ਕਿਸ਼ਨੇ ... ਕਿਸ਼ਨੇ ਓਏ ... ਨਾਥੀ ਓਏ।" ਪਰ ਉਸ ਨੂੰ ਕੋਈ ਜਵਾਬ ਨਾ ਮਿਲਿਆ।

"ਲਗਦਾ ਹੈ ਖੱਲਾਂ ਸੀਂਅ ਕੇ ਉਨ੍ਹਾਂ ਵਿੱਚ ਕਿੱਕਰ ਦੀਆਂ ਛਿੱਲਾਂ ਦਾ ਪਾਣੀ ਭਰ ਰਹੇ ਹਨ। ਤੁਸੀਂ ਦਫਤਰ ਵਿੱਚ ਬੈਠੋ, ਮੈਂ ਜਾ ਕੇ ਦੇਖਦਾ ਹਾਂ।" ਜਗਤਰਾਮ ਹੌਜਾਂ ਦੀ ਕਤਾਰ ਦੇ

ਨਾਲ਼-ਨਾਲ਼ ਜਾਂਦਾ ਦਲਾਨ ਦੇ ਉਹਲੇ ਹੋ ਗਿਆ।

ਕਿਸ਼ਨਾ ਗਿੱਲੇ ਹੱਥਾਂ ਨੂੰ ਸੁਕਾਉਣ ਲਈ ਉਨ੍ਹਾਂ ਨੂੰ ਝੱਟਕਦਾ ਹੋਇਆ ਦਲਾਨ ਵਿੱਚ ਦਾਖ਼ਲ ਹੋਇਆ। ਮਾਂਝੇ ਨੂੰ ਸਾਹਮਣੇ ਖੜ੍ਹਾ ਦੇਖ ਕੇ ਉਹ ਹੈਰਾਨ ਰਹਿ ਗਿਆ ਅਤੇ ਫਿਰ ਪਰੇਸ਼ਾਨ ਹੋ ਗਿਆ ਕਿ ਕਿਤੇ ਕੋਈ ਬੁਰੀ ਖਬਰ ਨਾ ਹੋਵੇ ਜਿਹੜਾ ਮਾਂਝਾ ਇੰਨੀ ਦੂਰ ਇਸ ਗੰਦੀ ਜਗ੍ਹਾ ਵਿੱਚ ਪਹੁੰਚ ਗਿਆ ਹੈ। ਪਰ ਮਾਂਝੇ ਦੇ ਬੁੱਲਾਂ 'ਤੇ ਆਈ ਮੁਸਕਾਨ, ਜੋ ਕਿਸ਼ਨੇ ਦੇ ਪਹੁੰਚਦਿਆਂ-ਪਹੁੰਚਦਿਆਂ, ਕੰਨਾਂ ਤੱਕ ਫੈਲ ਗਈ ਸੀ, ਦੇਖ ਕੇ ਉਸ ਨੂੰ ਸੁੱਖ ਦਾ ਸਾਹ ਆਇਆ। ਕਿਸ਼ਨਾ ਵਿਹੜੇ ਵਿੱਚ ਬਣੇ ਹੌਜਾਂ ਅਤੇ ਹੌਦੀਆਂ ਕੋਲ਼ੋਂ ਹੁੰਦਾ ਹੋਇਆ ਮਾਂਝੇ ਦੇ ਕੋਲ਼ ਆ ਗਿਆ ਅਤੇ ਉਸ ਦੇ ਦੋਨੋ ਹੱਥ ਫੜਦਿਆਂ ਖੁਸ਼ ਹੁੰਦਿਆਂ ਪੁੱਛਿਆ, "ਭਾ ਜੀ, ਤੂੰ ਇਸ ਵਕਤ ਇੱਥੇ ਕਿੱਦਾਂ ਆਇਆਂ ? ਸਭ ਖੈਰ-ਮੇਹਰ ਤਾਂ ਹੈ ਨਾ ?"

"ਹਾਂ, ਸਭ ਖੈਰ-ਮੇਹਰ ਹੈ।" ਮਾਂਝੇ ਨੇ ਮੁਸਕਰਾ ਕੇ ਉਸ ਦਾ ਹੱਥ ਘੁੱਟਿਆ।

"ਭਾ ਜੀ, ਪਿੰਡ ਤੋਂ ਕਦੋਂ ਮੁੜ ਕੇ ਆਏ ?" ਕਿਸ਼ਨਾ ਉਹਨੂੰ ਦੇਖ ਕੇ ਸਸ਼ੋਪੰਜ ਵਿੱਚ ਪਿਆ ਹੋਇਆ ਸੀ।

"ਕੱਲ ਆਇਆਂ ਸੀ ਸਵੇਰੇ। ... ਪਰਸੋਂ ਤੁਹਾਡੇ ਘਰ ਗਿਆ ਸੀ। ਤਾਇਆ ਜੀ ਮਿਲਿਆ ਸੀ ਅਤੇ ਤਾਈ ਵੀ। ... ਤਾਈ ਦੇਬੂ ਕੀ ਦੁਕਾਨ 'ਤੇ ਮਿਲ਼ੀ ਸੀ। ਨਿੱਕੀ ਤੇ ਛੋਟੂ ਵੀ ਨਾਲ਼ ਸਨ।" ਮਾਂਝੇ ਨੇ ਦੱਸਿਆ।

ਆਪਣੇ ਪੁੱਤ ਤੇ ਧੀ ਦਾ ਜ਼ਿਕਰ ਸੁਣ ਕੇ ਕਿਸ਼ਨਾ ਖੁਸ਼ ਹੋ ਗਿਆ ਅਤੇ ਆਨੰਦ ਨਾਲ਼ ਮੁਸਕਰਾਉਣ ਲੱਗਾ, "ਮਿੱਠੀ ਗੋਲ਼ੀ ਲੈਣ ਗਿਆ ਹੋਣਾ। ਛੋਟੂ ਮਿੱਠੀ ਗੋਲ਼ੀ ਦਾ ਬਹੁਤ ਸ਼ੌਕੀਨ ਹੈ। ਭਾਵੇਂ ਜਿੰਨਾ ਮਰਜ਼ੀ ਰੋ ਰਿਹਾ ਹੋਵੇ, ਮੂੰਹ ਵਿੱਚ ਮਿੱਠੀ ਗੋਲ਼ੀ ਪਾ ਦਿਉ ਤਾਂ ਝੱਟ ਰੋਣਾ-ਧੋਣਾ ਭੁੱਲ ਜਾਂਦਾ।"

ਕਿਸ਼ਨੇ ਅਤੇ ਮਾਂਝੇ ਨੂੰ ਆਪਸ ਵਿੱਚ ਇਸ ਤਰ੍ਹਾਂ ਗੱਲਾਂ ਕਰਦੇ ਦੇਖ ਕੇ ਕਾਲ਼ੀ ਨੂੰ ਈਰਖਾ ਹੋਣ ਲੱਗੀ। ਫਿਰ ਉਹ ਇੱਕ ਦਮ ਉਦਾਸ ਹੋ ਗਿਆ।

ਮਾਂਝਾ ਅਤੇ ਕਿਸ਼ਨਾ ਘਰ, ਪਰਿਵਾਰ ਅਤੇ ਪਿੰਡ ਦੇ ਬਾਰੇ ਗੱਲਾਂ ਕਰਦੇ-ਕਰਦੇ ਗੱਪਾਂ ਮਾਰਨ ਲੱਗ ਪਏ। ਉਹ ਗੱਲ-ਗੱਲ ਤੇ ਖਿੜ-ਖਿੜ ਕੇ ਹੱਸ ਪੈਂਦੇ ਅਤੇ ਇੱਕ ਦੂਸਰੇ ਦੇ ਹੱਥ 'ਤੇ ਹੱਥ ਮਾਰ ਕੇ ਗੱਲ ਦੀ ਪੁਸ਼ਟੀ ਕਰਦੇ।

ਕਾਲ਼ੀ ਕੁਝ ਦੂਰ ਖੜ੍ਹਾ ਕਿਸ਼ਨੇ ਨੂੰ ਧਿਆਨ ਨਾਲ਼ ਦੇਖ ਰਿਹਾ ਸੀ। ਉਸ ਨੇ ਅੱਧੀਆਂ ਬਾਹਾਂ ਦੀ ਪਤੂਹੀ ਅਤੇ ਕਛਹਿਰਾ ਪਾਏ ਹੋਏ ਸਨ। ਉਹਦੀਆਂ ਬਾਹਾਂ 'ਤੇ ਲੱਤਾਂ ਦੀ ਚਮੜੀ ਦਾ ਰੰਗ ਬਾਕੀ ਸਰੀਰ ਦੀ ਚਮੜੀ ਨਾਲ਼ੋਂ ਜ਼ਿਆਦਾ ਖੁਰਦਰਾ ਤੇ ਕਾਲ਼ਾ ਸੀ। ਲੱਤਾਂ ਤੇ ਬਾਹਾਂ ਦੇ ਨੰਗੇ ਹਿੱਸਿਆਂ 'ਤੇ ਮੱਖੀਆਂ ਵਾਰ-ਵਾਰ ਬੈਠ ਰਹੀਆਂ ਸਨ ਅਤੇ ਉਨ੍ਹਾਂ ਨੂੰ ਹਟਾਉਣ ਲਈ ਕਿਸ਼ਨਾ ਲਗਾਤਾਰ ਹੱਥ ਮਾਰ ਰਿਹਾ ਸੀ, ਖੜ੍ਹਾ-ਖੜ੍ਹਾ ਪਾਸੇ ਬਦਲ ਰਿਹਾ ਸੀ ਅਤੇ ਪੈਰ ਥਪਥਪਾ ਰਿਹਾ ਸੀ।

ਕਿਸ਼ਨੇ ਦੇ ਸਿਰ ਦੇ ਵਾਲ਼ਾਂ ਅਤੇ ਬਾਹਾਂ 'ਤੇ ਕਿੱਕਰ ਦੀ ਛਿੱਲਾਂ ਦਾ ਪਾਣੀ ਜੰਮਿਆ ਹੋਇਆ ਸੀ। ਮਾਂਝੇ ਨਾਲ਼ ਗੱਲਾਂ ਕਰਦੇ-ਕਰਦੇ ਕਿਸ਼ਨਾ ਕਦੀ ਸਿਰ ਨੂੰ ਜ਼ੋਰ-ਜ਼ੋਰ ਖੁਰਕਦਾ

ਅਤੇ ਕਦੀ ਉਸ ਦੀਆਂ ਬਾਹਾਂ, ਪੇਟ ਅਤੇ ਲੱਤਾਂ 'ਤੇ ਖਾਜ ਹੋਣ ਲੱਗ ਪੈਂਦੀ।

"ਤਾਂਗੇ 'ਤੇ ਆਏ ਜਾਂ ?" ਕਿਸ਼ਨੇ ਨੇ ਚਿਹਰੇ 'ਤੇ ਖਾਜ ਹੋਣ ਕਰਕੇ ਆਪਣੀ ਗੱਲ ਅਧੂਰੀ ਹੀ ਛੱਡ ਦਿੱਤੀ।

"ਤਾਂਗੇ 'ਤੇ ਕਿੱਥੇ ਆਏ ਹਾਂ। ਤਾਂਗੇ ਵਾਲਿਆਂ ਨੇ ਤਾਂ ਲੁੱਟ ਮਚਾ ਰੱਖੀ ਹੈ। ਨਕੋਦਰ ਅੱਡੇ ਤੋਂ ਬੂਟਾ ਮੰਡੀ ਦੇ ਦੋ ਆਨੇ ਸਵਾਰੀ ਦੇ ਮੰਗ ਰਿਹਾ ਸੀ ਅਤੇ ਉਹ ਵੀ ਤਾਂਗੇ ਦੀ ਬਾਂਕ ਉੱਤੇ ਬੈਠਣ ਦੇ।"

"ਤਾਂਗੇ ਵਾਲਿਆਂ ਨੇ ਆਪਣੀ ਯੂਨੀਅਨ ਬਣਾ ਲਈ ਹੈ। ਉਨ੍ਹਾਂ ਨੇ ਜਲੰਧਰ ਤੋਂ ਨਕੋਦਰ ਤੱਕ ਰਾਹ ਵਿੱਚ ਕਈ ਜਗ੍ਹਾ ਅੱਡੇ ਬਣਾ ਦਿੱਤੇ ਹਨ। ਜਲੰਧਰ ਤੋਂ ਬਾਅਦ ਪਹਿਲਾ ਅੱਡਾ ਲਾਂਬੜੇ ਦਾ ਹੈ। ਲਾਂਬੜੇ ਤੱਕ ਰਾਹ ਵਿੱਚ ਕਿਤੇ ਵੀ ਉੱਤਰ ਜਾਉ, ਕਿਰਾਇਆ ਲਾਂਬੜੇ ਦਾ ਹੀ ਲੱਗੇਗਾ।" ਕਿਸ਼ਨੇ ਨੇ ਸਮਝਾਇਆ, "ਕੀ ਕਰੀਏ; ਇਸ ਦੁਨੀਆਂ ਵਿੱਚ ਜੋਰਾਵਰ ਦਾ ਛੇ ਵੀਹਾਂ ਦਾ ਸੌ ਚਲਦਾ ਹੈ।"

ਫਿਰ ਉਹ ਮਾਂਝੇ ਦੇ ਨੇੜੇ ਖਿਸਕ ਆਇਆ, "ਅੱਛਾ ਭਾ ਜੀ, ਇਹ ਦੱਸ ਕਿ ਕਿੱਦਾਂ ਆਉਣਾ ਹੋਇਆ ? ਇੱਥੇ ਤਾਂ ਉਹ ਹੀ ਆਉਂਦਾ ਹੈ ਜਿਸ ਨੇ ਕੱਚੀ ਖੱਲ ਵੇਚਣੀ ਹੋਵੇ। ਕਮਾਇਆ ਹੋਇਆ ਚਮੜਾ ਲੈਣ ਵਾਲ਼ੇ ਤਾਂ ਸਿੱਧੇ ਦੁਕਾਨ 'ਤੇ ਹੀ ਜਾਂਦੇ ਹਨ।"

"ਬੱਸ ਤੇਰੇ ਨਾਲ਼ ਇੱਕ ਜ਼ਰੂਰੀ ਕੰਮ ਸੀ।" ਮਾਂਝੇ ਨੇ ਕਿਸ਼ਨੇ ਦੀਆ ਅੱਖਾਂ ਵਿੱਚ ਤੱਕਿਆ। ਫਿਰ ਕਾਲ਼ੀ ਵੱਲ ਇਸ਼ਾਰਾ ਕੀਤਾ, "ਇਹ ਆਪਣਾ ਹੀ ਆਦਮੀ ਹੈ। ਮੈਂ ਬਿਮਾਰ ਹੋ ਗਿਆ ਸੀ 'ਤੇ ਫਿਰ ਪਿੰਡ ਚਲਾ ਗਿਆ। ਫਿਰ ਕਾਲੂ ਥੋੜ੍ਹੇ ਚਿਰ ਲਈ ਘਰ ਚਲਾ ਗਿਆ। ਅੱਠ-ਦਸ ਦਿਨ ਉਹ ਵੀ ਘਰ ਲਾ ਆਇਆ। ਪੰਜ-ਸੱਤ ਦਿਨਾਂ ਲਈ ਛਿੱਬੂ ਵੀ ਬਾਹਰ ਚਲਾ ਗਿਆ। ਇਨ੍ਹਾਂ ਸਾਰੇ ਦਿਨਾਂ ਵਿੱਚ ਇਹ ਸਾਡੀ ਤਿੱਕੜੀ ਨਾਲ਼ ਕੰਮ ਕਰਦਾ ਰਿਹਾ ਹੈ। ਬਹੁਤ ਭਲਾ ਆਦਮੀ ਹੈ। ਘਰ-ਘਾਟ ਕੋਈ ਹੈ ਨਹੀਂ। ਮੈਂ ਸੋਚਿਆ ਤੇਰੇ ਕੋਲ਼ੋਂ ਪਤਾ ਕਰਕੇ ਦੇਖ ਲਵਾਂ ਜੇ ਇਸ ਨੂੰ ਕੋਈ ਕੰਮ ਮਿਲ਼ ਜਾਏ।"

ਕਿਸ਼ਨਾ ਸੋਚ ਵਿੱਚ ਪੈ ਗਿਆ। ਫਿਰ ਅੱਖਾਂ ਝਮਕਣ ਲੱਗਾ, "ਫੋਰਮੈਨ ਨਾਲ਼ ਗੱਲ ਕਰਕੇ ਦੇਖਦਾ ਹਾਂ। ਮੇਰੇ ਖਿਆਲ ਵਿੱਚ ਇੱਕ ਆਦਮੀ ਦੀ ਜ਼ਰੂਰਤ ਤਾਂ ਹੈ।"

ਕਾਲ਼ੀ ਨੇ ਇਤਮੀਨਾਨ ਨਾਲ਼ ਲੰਬਾ ਸਾਹ ਲਿਆ ਅਤੇ ਉਹ ਉਨ੍ਹਾਂ ਦੋਵਾਂ ਦੇ ਥੋੜ੍ਹਾ ਹੋਰ ਨੇੜੇ ਆ ਗਿਆ। ਕਿਸ਼ਨੇ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਦਿਆਂ ਉਸ ਦਾ ਸਿਰ ਤੋਂ ਪੈਰਾਂ ਤੱਕ ਜਾਇਜ਼ਾ ਲਿਆ। ਫਿਰ ਉਸ ਨੇ ਇੱਕ-ਇੱਕ ਸ਼ਬਦ ਤੇ ਜ਼ੋਰ ਦਿੰਦਿਆਂ ਚਿਤਾਵਨੀ ਦੇਣ ਵਾਲ਼ੇ ਅੰਦਾਜ਼ ਵਿੱਚ ਕਿਹਾ, "ਭਾਈ, ਦੇਖ ਲੈ। ਕੰਮ ਬਹੁਤ ਗੰਦਾ ਹੈ। ਸਮਝੋ ਗੰਦੀ ਬਦਬੂਦਾਰ ਨਾਲ਼ੀ ਵਿੱਚ ਕੀੜਾ ਬਣਕੇ ਰਹਿਣਾ ਪੈਂਦਾ ਹੈ। ਖਾਜ-ਖੁਜਲੀ ਆਮ ਹੀ ਹੁੰਦੀ ਰਹਿੰਦੀ ਹੈ।"

"ਸਾਡੇ ਵਰਗੇ ਲੋਕਾਂ ਦੀ ਤਾਂ ਜੰਮਣ ਤੋਂ ਲੈ ਕੇ ਮਰਨ ਤੱਕ ਸਾਰੀ ਜ਼ਿੰਦਗੀ ਹੀ ਗੰਦਗੀ ਵਿੱਚ ਗੁਜ਼ਰਦੀ ਹੈ। ਖੜ੍ਹੇ ਹੋਏ ਸੜਾਂਦ ਭਰੇ ਪਾਣੀ ਵਿੱਚ ਮੱਛਰ-ਮੱਖੀਆਂ ਦੀ ਤਰ੍ਹਾਂ ਅਸੀਂ ਵੀ ਪਲ਼ਦੇ ਹਾਂ। ਚਾਰ ਦਿਨ ਭੀਂਅ-ਭੀਂਅ ਕਰਕੇ ਮਰ-ਖੱਪ ਜਾਂਦੇ ਹਾਂ।" ਮਾਂਝੇ ਨੇ

ਦਾਰਸ਼ਨਿਕ ਭਾਵ ਨਾਲ਼ ਕਿਹਾ।

"ਕੰਮ, ਕੰਮ ਹੀ ਹੁੰਦਾ ਹੈ ਅਤੇ ਹਰ ਕੰਮ ਆਦਮੀ ਨੇ ਹੀ ਕਰਨਾ ਹੈ।" ਫਿਰ ਉਸ ਨੇ ਕਾਲ਼ੀ ਵੱਲ ਦੇਖਿਆ, "ਮੁਸ਼ਕ ਨਾਲ਼ ਇਸ ਦਾ ਅੱਧਾ ਨੱਕ ਤਾਂ ਹੁਣ ਤੱਕ ਭਰ ਗਿਆ ਹੋਣਾ। ਬਾਕੀ ਤਕਾਲ਼ਾਂ ਜਾਂ ਕੱਲ ਤੱਕ ਭਰ ਜਾਵੇਗਾ ਅਤੇ ਫੇਰ ਇਸ ਨੂੰ ਮੁਸ਼ਕ ਆਉਣੋ ਹਟ ਜਾਵੇਗਾ।"

ਕਿਸ਼ਨਾ ਇੱਕ ਪੱਲ ਲਈ ਫਿਰ ਸੋਚ ਵਿੱਚ ਪੈ ਗਿਆ ਕਿ ਕਿਤੇ ਲਿਜਾ ਕੇ ਉਨ੍ਹਾਂ ਦੀ ਸੇਵਾ ਕਰੇ। ਨੇੜੇ-ਤੇੜੇ ਕੋਈ ਚਾਹ ਦੀ ਦੁਕਾਨ ਵੀ ਨਹੀਂ ਹੈ। ਕਿਤੇ ਚੱਜ ਦੀ ਬੈਠਣ ਲਈ ਥਾਂ ਵੀ ਨਹੀਂ ਹੈ। ਉਹ ਇਸ ਹੀ ਉਧੇੜਬੁਣ ਵਿੱਚ ਫੱਸਿਆ ਹੋਇਆ ਸੀ ਕਿ ਦਲਾਨ ਚੋਂ ਜਗਤਰਾਮ ਉਨ੍ਹਾਂ ਵੱਲ ਆਉਂਦਾ ਦਿਖਾਈ ਦਿੱਤਾ।

"ਇਹ ਆਦਮੀ ਕੌਣ ਹੈ ?" ਮਾਂਝੇ ਨੇ ਸਰਗੋਸ਼ੀ ਕੀਤੀ।

"ਇਹ ਮਾਲਕ ਦਾ ਮੁਨਸ਼ੀ ਹੈ। ਇਹ ਸਾਰਾ ਕੰਮ ਦੇਖਦਾ ਹੈ। ਜਾਤ ਦਾ ਖੱਤਰੀ ਹੈ।" ਕਿਸ਼ਨੇ ਨੇ ਦੱਸਿਆ।

"ਇਹਦੇ ਨਾਲ਼ ਹੀ ਗੱਲ ਕਰ ਲਉ।" ਮਾਂਝੇ ਨੇ ਸਲਾਹ ਦਿੱਤੀ।

"ਪਹਿਲਾਂ ਫੋਰਮੈਨ ਨਾਲ਼ ਹੀ ਗੱਲ ਕਰਨੀ ਪਵੇਗੀ। ... ਇੱਕ ਦਿਨ ਕਹਿੰਦਾ ਤਾਂ ਸੀ ਕਿ ਕੋਈ ਚੰਗਾ ਆਦਮੀ ਲੱਭੋ।" ਕਿਸ਼ਨੇ ਨੇ ਮਾਂਝੇ ਵੱਲ ਦੇਖਿਆ, "ਅਸਲ ਵਿੱਚ ਇੱਥੇ ਨਵਾਂ ਆਦਮੀ ਟਿੱਕਦਾ ਨਹੀਂ ਹੈ। ... ਕੰਮ ਬਹੁਤ ਗੰਦਾ ਤੇ ਸਖ਼ਤ ਹੈ। ਹੱਥ ਹਰ ਵੇਲੇ ਲੂਣ, ਚੂਨੇ ਜਾਂ ਕਿੱਕਰ ਦੀਆਂ ਛਿੱਲਾਂ ਨਾਲ਼ ਭਰੇ ਰਹਿੰਦੇ ਹਨ।"

"ਕਿਸ਼ਨਿਆਂ, ਆਪਣੇ ਲੋਕਾਂ ਲਈ ਸਾਰੇ ਕੰਮ ਬਹੁਤ ਗੰਦੇ ਤੇ ਸਖ਼ਤ ਹਨ। ਰੇੜ੍ਹਾ ਖਿੱਚਣ ਦੀ ਬਜਾਏ ਮੈਨੂੰ ਤੇਰਾ ਕੰਮ ਅਸਾਨ ਲਗਦਾ ਹੈ। ਲੇਕਿਨ ਕੀ ਕੀਤਾ ਜਾਵੇ। ਕੰਮ ਤਾਂ ਕਰਨਾ ਹੀ ਹੈ।"

ਕਿਸ਼ਨਾ ਦਲਾਨ ਵੱਲ ਨੂੰ ਝਾਕਣ ਲੱਗਾ। ਮੁਨਸ਼ੀ ਜਗਤਰਾਮ ਦਲਾਨ ਵਿੱਚੋਂ ਫਿਰ ਵਾਪਿਸ ਚਲੇ ਗਿਆ ਸੀ।

"ਫੋਰਮੈਨ ਨੂੰ ਉੱਥੇ ਮਿਲ਼ ਲਉ।" ਮਾਂਝੇ ਨੇ ਸੁਝਾਅ ਦਿੱਤਾ।

"ਮੈਂ ਤਾਂ ਰੋਜ਼ ਮਿਲਦਾ ਹਾਂ। ਤੁਹਾਨੂੰ ਮਿਲ਼ਾਉਣਾ ਚਾਹੁੰਦਾ ਹਾਂ ਤਾਂ ਕਿ ਇੱਧਰ-ਉੱਧਰ ਕਰਕੇ ਗੱਲ ਹੁਣੇ ਕਿਸੇ ਪਾਸੇ ਕਰ ਲਈ ਜਾਵੇ।" ਕਿਸ਼ਨੇ ਨੇ ਦਲਾਨ ਵਲੋਂ ਨਜ਼ਰਾਂ ਫੇਰ ਕੇ ਉਨ੍ਹਾਂ ਵੱਲ ਦੇਖਿਆ।

"ਤਾਂ ਅਸੀਂ ਵੀ ਤੇਰੇ ਨਾਲ਼ ਚਲੀਏ ?"

"ਸਾਲ਼ਾ ਮੁਨਸ਼ੀ ਉੱਧਰ ਘੁੰਮ ਰਿਹਾ ਹੈ। ਮੈਂ ਸੋਚ ਰਿਹਾ ਸੀ ਕਿ ਉਹ ਇੱਧਰ ਆ ਜਾਵੇ ਤਾਂ ਮੈਂ ਫੋਰਮੈਨ ਨੂੰ ਦਲਾਨ ਵਿੱਚ ਸੱਦ ਲਵਾਂ ਅਤੇ ਉੱਥੇ ਖੜ੍ਹੇ-ਖੜ੍ਹੇ ਗੱਲ ਕਰ ਲਈਏ।"

ਫਿਰ ਚਾਰੇ ਪਾਸੇ ਦੇਖ ਕੇ ਉਸ ਨੇ ਹੌਲ਼ੀ ਜਿਹੇ ਕਿਹਾ, "ਮੁਨਸ਼ੀ ਸੱਕੀ ਆਦਮੀ ਹੈ। ਫਿਰ ਜਾਤ-ਬਰਾਦਰੀ ਵੀ ਵੱਖਰੀ ਹੈ। ਮਾਲਕ ਦੀ ਬਰਾਦਰੀ ਵੀ ਵੱਖਰੀ ਹੈ। ਫੋਰਮੈਨ ਸਮੇਤ ਆਪਾਂ ਸਾਰੇ ਜਣੇ ਆਦਿਧਰਮੀਂ ਹਾਂ। ਮੁਨਸ਼ੀ ਨੂੰ ਹਮੇਸ਼ਾਂ ਸ਼ੱਕ ਰਹਿੰਦਾ ਹੈ ਕਿ ਅਸੀਂ ਜ਼ਰੂਰ ਕੋਈ ਹੇਰਾ ਫੇਰੀ ਕਰ ਰਹੇ ਹਾਂ। ਇੱਥੇ ਲੂਣ, ਚੂਨੇ ਅਤੇ ਕਿੱਕਰ ਦੀਆਂ ਛਿੱਲਾਂ ਦੇ ਇਲਾਵਾ ਹੈ ਹੀ

ਕੀ। ਗਲੀ-ਸੜੀ ਚਰਬੀ ਅਤੇ ਕਾਲ਼ੇ-ਪੀਲ਼ੇ ਵਾਲ਼। ... ਪਰ ਕੀ ਕੀਤਾ ਜਾਵੇ ...।"

ਮੁਨਸ਼ੀ ਜਗਤਰਾਮ ਅਤੇ ਫੋਰਮੈਨ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਕਿਸ਼ਨਾ ਚੁੱਪ ਹੋ ਗਿਆ। ਉਹ ਗੱਲਾਂ ਕਰਦੇ-ਕਰਦੇ ਦਲਾਨ ਵਿੱਚ ਆ ਗਏ। ਮੁਨਸ਼ੀ ਨੇ ਪੱਗੜੀ ਦੇ ਇੱਕ ਲੜ ਨਾਲ਼ ਅਜੇ ਵੀ ਮੂੰਹ ਅਤੇ ਨੱਕ ਢੱਕਿਆ ਹੋਇਆ ਸੀ। ਉਹ ਕੁੱਝ ਪਲ ਉੱਥੇ ਖੜ੍ਹੇ ਆਪਸ ਵਿੱਚ ਗੱਲਾਂ ਕਰਦੇ ਰਹੇ। ਉਨ੍ਹਾਂ ਨੂੰ ਦੇਖ ਕੇ ਕਾਲ਼ੀ ਦੀ ਬੇਚੈਨੀ ਵੱਧਣ ਲੱਗੀ ਜਿਵੇਂ ਕਿ ਉਸ ਦੀ ਕਿਸਮਤ ਦਾ ਫੈਸਲਾ ਹੋਣ ਵਾਲ਼ਾ ਸੀ। ਉਹਦਾ ਦਿਲ ਧੱਕ-ਧੱਕ ਕਰ ਰਿਹਾ ਸੀ ਅਤੇ ਉਹ ਬਦਬੂ ਅਤੇ ਮੱਖੀਆਂ ਨੂੰ ਇੱਕ ਦਮ ਭੁੱਲ ਗਿਆ ਸੀ।

ਜਦ ਮੁਨਸ਼ੀ ਜਗਤਰਾਮ ਆਪਣੇ ਦਫਤਰ ਵੱਲ ਚਲੇ ਗਿਆ ਅਤੇ ਫਿਰ ਸਾਈਕਲ ਲੈ ਕੇ ਗਲ਼ੀ ਵਿੱਚ ਵੜ੍ਹ ਗਿਆ ਤਾਂ ਕਿਸ਼ਨਾ ਦਲਾਨ ਦੇ ਪਿਛਵਾੜੇ ਛੱਪੜ ਦੇ ਕੋਲ਼ ਖੁੱਲੀ ਜਗ੍ਹਾ ਵੱਲ ਜਾ ਰਹੇ ਫੋਰਮੈਨ ਨੂੰ ਹੌਲ਼ੀ ਜਿਹੀ ਅਵਾਜ਼ ਮਾਰਦਾ ਉੱਧਰ ਨੂੰ ਤੁਰ ਪਿਆ।

ਕਿਸ਼ਨੇ ਦੀ ਅਵਾਜ਼ ਸੁਣ ਕੇ ਫੋਰਮੈਨ ਖੜ੍ਹ ਗਿਆ, "ਕੀ ਗੱਲ ਹੈ ਕਿਸ਼ਨਿਆ ?"

"ਫੋਰਮੈਨ ਜੀ, ਤੁਹਾਡੇ ਨਾਲ਼ ਜ਼ਰੂਰੀ ਗੱਲ ਕਰਨੀ ਸੀ।" ਕਿਸ਼ਨਾ ਦੌੜ ਕੇ ਉਹਦੇ ਕੋਲ਼ ਪਹੁੰਚ ਗਿਆ।

"ਪੇਸ਼ਗੀ ਪੈਸੇ ਲੈਣੇ ਸੀ ਤਾਂ ਪਹਿਲਾਂ ਮਰਦਾ। ਹੁਣ ਤਾਂ ਮੁਨਸ਼ੀ ਚਲੇ ਗਿਆ ਹੋਣਾ।" ਫੋਰਮੈਨ ਨੇ ਤਲਖ਼ ਅਵਾਜ਼ ਵਿੱਚ ਕਿਹਾ।

"ਫੋਰਮੈਨ ਜੀ, ਮੁਨਸ਼ੀ ਮੇਰੇ ਸਾਹਮਣੇ ਹੀ ਗਿਆ ਹੈ। ਪੇਸ਼ਗੀ ਪੈਸੇ ਦੀ ਗੱਲ ਨਹੀਂ। .... ਕੁਸ਼ ਹੋਰ ਕੰਮ ਹੈ।"

"ਦੱਸ।" ਫੋਰਮੈਨ ਇਸ ਤਰ੍ਹਾਂ ਆਕੜ ਗਿਆ ਜਿਵੇਂ ਰਾਜਾ ਰਾਹ ਜਾਂਦੇ ਕਿਸੇ ਫਰਿਆਦੀ ਦੀ ਬੇਨਤੀ ਸੁਣਨ ਲਈ ਰਾਜੀ ਹੋ ਗਿਆ ਹੋਵੇ।

"ਫੋਰਮੈਨ ਜੀ, ਤੁਸੀਂ ਇੱਕ-ਦੋ ਵਾਰ ਕਿਹਾ ਸੀ ਕਿ ਇੱਥੇ ਇੱਕ ਹੋਰ ਆਦਮੀ ਦੀ ਜ਼ਰੂਰਤ ਹੈ।"

"ਹਾਂ ਜ਼ਰੂਰਤ ਤਾਂ ਹੈ। ਪਰ ਐਸਾ ਆਦਮੀ ਚਾਹੀਦਾ ਹੈ ਜੋ ਟਿਕਿਆ ਰਹੇ। ਉਹਦੇ ਨੱਕ, ਮੂੰਹ ਅਤੇ ਕੰਨ ਬੰਦ ਹੋਣ। ਬਦਬੂ ਅਤੇ ਮੇਰੀਆਂ ਗਾਲ਼ਾਂ ਤੋਂ ਪਰੇਸ਼ਾਨ ਨਾ ਹੋਵੇ। ਹੈ ਕੋਈ ਐਸਾ ਆਦਮੀ ?"

"ਫੋਰਮੈਨ ਜੀ, ਇੱਥੇ ਅੱਠ-ਦਸ ਦਿਨ ਕੰਮ ਕਰਨ ਬਾਅਦ ਨੱਕ-ਕੰਨ ਆਪਣੇ ਆਪ ਬੰਦ ਹੋ ਜਾਂਦੇ ਹਨ।" ਕਿਸ਼ਨਾ ਹੱਸਿਆ। ਫਿਰ ਮਾਂਝੇ ਅਤੇ ਕਾਲ਼ੀ ਵੱਲ ਇਸ਼ਾਰਾ ਕੀਤਾ, "ਆਪਣਾ ਆਦਮੀ ਹੈ। ਉਸ ਨੂੰ ਕੰਮ ਚਾਹੀਦਾ ਹੈ।"

"ਇਹ ਤਾਂ ਦੋ ਜਣੇ ਹਨ," ਫੋਰਮੈਨ ਨੇ ਉਨ੍ਹਾਂ ਵੱਲ ਧਿਆਨ ਨਾਲ਼ ਦੇਖਿਆ।

"ਉਹ ਕਾਲ਼ਾ ਜਿਹਾ ਆਦਮੀ ਜਿਸ ਦੇ ਮੋਢੇ ਤੇ ਫੱਟੇਦਾਰ ਸਾਫਾ ਹੈ, ਉਹ ਮੇਰੇ ਪਿੰਡ ਦਾ ਹੈ। ਤਾਇਆਂ-ਚਾਚਿਆਂ ਵਲੋਂ ਭਰਾ ਲਗਦਾ ਹੈ। ਮੰਡੀ ਵਿੱਚ ਕੰਮ ਕਰਦਾ ਹੈ ਰੇੜ੍ਹਾ ਖਿੱਚਣ ਦਾ।" ਕਿਸ਼ਨੇ ਨੇ ਦੱਸਿਆ।

"ਬੀਂਡੀ ਲਗਦਾ ਹੋਊ। ਉਸ ਦੀਆਂ ਲੱਤਾਂ ਅਤੇ ਪਿੰਡਲੀਆਂ ਦੀ ਬਣਾਵਟ ਦੱਸਦੀ

ਹੈ।" ਫੋਰਮੈਨ ਨੇ ਇਸ਼ਾਰਾ ਕੀਤਾ।

"ਫੋਰਮੈਨ ਜੀ, ਤੁਹਾਡੀ ਨਜ਼ਰ ਬਹੁਤ ਤੇਜ਼ ਹੈ। ਬਿਲਕੁਲ ਠੀਕ ਪਹਿਚਾਣਿਆ ਇਹਨੂੰ।" ਕਿਸ਼ਨੇ ਨੇ ਫੋਰਮੈਨ ਦੀ ਪਰਖ-ਪਹਿਚਾਣ ਬਾਰੇ ਪੂਰੀ ਪ੍ਰਸੰਸ਼ਾ ਕੀਤੀ। "ਉਹਦੇ ਨਾਲ਼ ਜਿਹੜਾ ਜੁਆਨ ਖੜ੍ਹਾ ਹੈ, ਉਸ ਨੂੰ ਕੰਮ ਤੇ ਲੁਆਉਣਾ ਹੈ।"

"ਕੌਣ ਆਦਮੀ ਹੈ ?" ਫੋਰਮੈਨ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ।

"ਮੇਰੇ ਪਿੰਡ ਦਾ ਮਾਂਝਾ ਉਹਨੂੰ ਚੰਗੀ ਤਰ੍ਹਾਂ ਜਾਣਦਾ ਹੈ। ਉਹਦੇ ਕੋਲ਼ ਮਹੀਨੇ-ਡੇਢ ਮਹੀਨੇ ਤੋਂ ਕੱਚੇ ਤੌਰ 'ਤੇ ਕੰਮ ਕਰਦਾ ਰਿਹਾ ਹੈ ... ਰੇੜ੍ਹਾ ਖਿੱਚਣ ਦਾ। ਕਹਿੰਦਾ ਬਹੁਤ ਭਲਾ ਆਦਮੀ ਹੈ। ਯਤੀਮ ਹੈ। ਘਰ-ਘਾਟ ਹੈ ਨਹੀਂ।" ਕਿਸ਼ਨੇ ਨੇ ਫੋਰਮੈਨ ਦੇ ਮਨ ਵਿੱਚ ਕਾਲ਼ੀ ਪ੍ਰਤੀ ਜ਼ਿਆਦਾ ਤੋਂ ਜ਼ਿਆਦਾ ਹਮਦਰਦੀ ਪੈਦਾ ਕਰਨ ਲਈ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ।

ਕੁੱਝ ਪਲਾਂ ਲਈ ਫੋਰਮੈਨ ਸੋਚ ਵਿੱਚ ਡੁੱਬ ਗਿਆ ਜਿਵੇਂ ਉਸ ਨੂੰ ਕੋਈ ਪੁਰਾਣੀ ਘਟਨਾ ਯਾਦ ਆ ਗਈ ਹੋਵੇ। ਉਸ ਨੇ ਇੱਕ ਲੰਮੀ ਆਹ ਦੇ ਨਾਲ਼ ਆਪਣੀ ਸੋਚ 'ਚੋਂ ਬਾਹਰ ਨਿਕਲ਼ਦਿਆਂ ਸਿਰ ਹਿਲਾਇਆ, "ਹੂੰ, ਸੱਦੋ ਉਹਨੂੰ।"

ਫੋਰਮੈਨ ਦੀ ਗੱਲ ਸੁਣ ਕੇ ਕਿਸ਼ਨਾ ਖੁਸ਼ ਹੋ ਗਿਆ ਅਤੇ ਮਾਂਝੇ ਤੇ ਕਾਲ਼ੀ ਵੱਲ ਦੇਖਦੇ ਹੋਏ ਉਸ ਨੇ ਜ਼ੋਰ-ਜ਼ੋਰ ਨਾਲ਼ ਹੱਥ ਹਿਲਾ ਕੇ ਉਨ੍ਹਾਂ ਨੂੰ ਆਪਣੇ ਕੋਲ਼ ਆਉਣ ਦਾ ਇਸ਼ਾਰਾ ਕੀਤਾ। ਮਾਂਝਾ ਤੇ ਕਾਲੀ ਦੌੜ ਕੇ ਆਏ ਤੇ ਆ ਕੇ ਕਿਸ਼ਨੇ ਦੇ ਪਿੱਛੇ ਖੜ੍ਹੇ ਹੋ ਗਏ। ਫੋਰਮੈਨ ਦੀਆਂ ਅੱਖਾਂ ਕਾਲ਼ੀ ਵੱਲ ਉਠੀਆ, "ਕੀ ਨਾਂ ਹੈ ਤੇਰਾ ?"

"ਕਾਲੀਦਾਸ ... ਕਾਲੀ।" ਡਰ ਦੇ ਮਾਰੇ ਉਹ ਥਥਲਾ ਗਿਆ।

"ਕੋਈ ਅਤਾ-ਪਤਾ ?" ਫੋਰਮੈਨ ਨੇ ਉਹਦੀ ਵੱਲ ਘੂਰ ਕੇ ਦੇਖਦਿਆਂ ਅਗਲਾ ਸਵਾਲ਼ ਪੁੱਛਿਆ।

ਕਾਲ਼ੀ ਪਰੇਸ਼ਾਨ ਹੋ ਗਿਆ। ਉਸ ਨੂੰ ਕੁੱਝ ਸੁੱਝ ਨਹੀਂ ਸੀ ਰਿਹਾ। ਮਾਂ-ਪਿਓ ਦੀ ਤਾਂ ਉਸ ਨੂੰ ਸ਼ਕਲ ਤੱਕ ਵੀ ਯਾਦ ਨਹੀਂ ਸੀ। ਲੈ-ਦੇ ਕੇ ਚਾਚੀ ਦੀ ਯਾਦ ਸੀ। ਉਹਦੀ ਪਰੇਸ਼ਾਨੀ ਭਾਂਪ ਕੇ ਮਾਂਝਾ ਬੋਲਿਆ, "ਫੋਰਮੈਨ ਜੀ, ਗਰੀਬ ਆਦਮੀ ਦਾ ਕੀ ਅਤਾ-ਪਤਾ ਹੋ ਸਕਦਾ ਹੈ। ਅਤਾ-ਪਤਾ ਤਾਂ ਜ਼ਮੀਨ ਜਾਇਦਾਦ ਨਾਲ਼ ਬਣਦਾ ਹੈ। ਪੰਛੀਆਂ ਦਾ ਅਤਾ-ਪਤਾ ਕੌਣ ਦੱਸੇਗਾ। ਜਿੱਥੇ ਦਾਣਾ-ਪਾਣੀ, ਰੋਟੀ-ਟੁੱਕ ਜਾਂ ਕੰਮ ਕਾਜ ਮਿਲ਼ ਗਿਆ ਉੱਥੇ ਅਤਾ-ਪਤਾ ਬਣ ਜਾਂਦਾ ਹੈ,"

"ਪੰਛੀ ਤਾਂ ਕਿਤੇ ਟਿਕ ਕੇ ਨਹੀਂ ਬੈਠਦੇ। ਸਾਨੂੰ ਤਾਂ ਅਜਿਹਾ ਆਦਮੀ ਚਾਹੀਦਾ ਜਿਹੜਾ ਟਿਕ ਕੇ ਕੰਮ ਕਰੇ। ਆਪਣੀਆਂ ਜੜ੍ਹਾਂ ਇੱਥੇ ਬਣਾਵੇ। ਪੰਛੀਆਂ ਤੋਂ ਅਸੀਂ ਕੀ ਲੈਣਾ ਦੇਣਾ।" ਫੋਰਮੈਨ ਨੇ ਸਿਰ ਝਟਕਿਆ।

ਫੋਰਮੈਨ ਦੀ ਗੱਲ ਸੁਣ ਕੇ ਤਿੰਨੇ ਚੁੱਪ ਹੋ ਗਏ ਅਤੇ ਨਜ਼ਰਾਂ ਝੁਕਾ ਲਈਆਂ। ਫਿਰ ਮਾਂਝੇ ਨੇ ਗੱਲ ਸ਼ੁਰੂ ਕੀਤੀ, ਫੋਰਮੈਨ ਜੀ, ਇਹਦੇ ਸਿਰ 'ਤੇ ਕੋਈ ਹੱਥ ਰੱਖੇਗਾ ਤਾਂ ਇਹ ਜ਼ਰੂਰ ਬੈਠ ਜਾਏਗਾ। ਪੈਰ ਵੀ ਟਿਕਾਵੇਗਾ। ਰੋਟੀ ਦੁੱਖੋਂ ਤਾਂ ਅਸੀਂ ਵੀ ਇਹਨੂੰ ਮਰਨ ਨਹੀਂ ਸੀ ਦਿੰਦੇ,

ਪਰ ਜੁਆਨ ਆਦਮੀ ਕੰਮ ਦੇ ਬਿਨਾਂ ... ਆਪਣੇ ਆਪ ਨੂੰ ਪਸ਼ੂ ਤੋਂ ਵੀ ਗਿਆ ਗੁਜ਼ਰਿਆ ਸਮਝਣ ਲੱਗ ਪੈਂਦਾ ਹੈ।"

ਫੋਰਮੈਨ ਇੱਕ ਵਾਰ ਫਿਰ ਸੋਚ ਵਿੱਚ ਡੁੱਬ ਗਿਆ, ਅਤੇ ਹੌਲ਼ੀ-ਹੌਲ਼ੀ ਇਸ ਤਰ੍ਹਾਂ ਸਿਰ ਹਿਲਾਉਂਦਾ ਰਿਹਾ ਜਿਵੇਂ ਕੋਈ ਬਹੁਤ ਮੁਸ਼ਕਲ ਗੁੱਥੀ ਸੁਲਝਾ ਰਿਹਾ ਹੋਵੇ। ਫੇਰ ਉਸ ਨੇ ਇਕਦਮ ਕਾਲ਼ੀ ਵੱਲ ਦੇਖਿਆ। ਉਸ ਦੀਆਂ ਅੱਖਾਂ ਵਿੱਚ ਨਮੀ ਅਤੇ ਹਮਦਰਦੀ ਝਲਕ ਰਹੀ ਸੀ। "ਹਾਂ, ਮੁੰਡਿਆ ਕੀ ਕੰਮ ਕਰੇਂਗਾ ?"

"ਜੋ ਤੁਸੀਂ ਕਹੋਂਗੇ।" ਕਾਲ਼ੀ ਦੇ ਹੱਥ ਆਪਣੇ ਆਪ ਜੁੜ ਗਏ।

"ਹੂੰ।" ਫੋਰਮੈਨ ਨੇ ਇੱਕ ਵਾਰ ਫਿਰ ਕਾਲ਼ੀ ਵੱਲ ਦੇਖ ਕੇ ਸਿਰ ਹਿਲਾਇਆ। "ਤੇਰੀ ਜਵਾਨੀ ਨੂੰ ਦੇਖ ਕੇ ਤਾਂ ਜੀਅ ਕਰਦਾ ਕਿ ਤੈਨੂੰ ਤੁਰੰਤ ਜਵਾਬ ਦੇ ਦੇਵਾਂ। ਕਿਉਂਕਿ ਇਹ ਕੰਮ ਚੰਗੇ-ਭਲੇ ਆਦਮੀ ਨੂੰ ਕੁਸ਼ ਸਾਲਾਂ 'ਚ ਹੀ ਖਾ ਲੈਂਦਾ ਹੈ। ਖਾਜ-ਖੁਜਲੀ ਤਾਂ ਦੋ-ਤਿੰਨ ਮਹੀਨਿਆਂ ਬਾਅਦ ਹੀ ਸ਼ੁਰੂ ਹੋ ਜਾਂਦੀ ਹੈ। ਜਿਸ ਆਦਮੀ ਦੇ ਹੱਥ-ਪੈਰ, ਲੱਤਾਂ-ਬਾਹਾਂ ਸਾਰਾ ਦਿਨ ਲੂਣ, ਸੀਰੇ, ਚੂਨੇ ਅਤੇ ਛਿੱਲਾਂ ਦੇ ਪਾਣੀ ਵਿੱਚ ਰਹਿਣਗੇ ਤੇ ਮੱਛਰ-ਮੱਖੀਆਂ ਵੱਢ ਵੱਢ ਕੇ ਖਾਵੇਗਾ, ਉਹਦੀ ਜ਼ਿਦਗੀ ਕੀ ਹੋਵੇਗੀ ? ਤੂੰ ਆਪ ਸੋਚ ਸਕਦਾ ਹੈਂ। ਫੇਰ ਕਮਾਈ ਵੀ ਕੋਈ ਬਹੁਤੀ ਜ਼ਿਆਦਾ ਨਹੀਂ। ਬਾਰਾਂ ਘੰਟੇ ਕੰਮ ਕਰਨ ਤੋਂ ਬਾਅਦ ਇੱਕ ਚੰਗੇ ਸੁਲਝੇ ਹੋਏ ਕਾਰੀਗਰ ਨੂੰ ਰੁਪਈਆ-ਸਵਾ ਰੁਪਈਆ ਮਿਲ਼ਦਾ ਹੈ। ਨਵੇਂ, ਕੰਮ ਸਿੱਖਣ ਵਾਲ਼ੇ ਨੂੰ ਤਾਂ ਰੁਪਈਆ-ਬਾਰਾਂ ਆਨੇ ਤੋਂ ਜ਼ਿਆਦਾ ਨਹੀਂ ਮਿਲ਼ਣਗੇ। ਉਹਦੇ 'ਚੋਂ ਕੀ ਖਾਏਂਗਾ ਤੇ ਕੀ ਇਲਾਜ 'ਤੇ ਲਾਏਂਗਾ। ਪਰ ਜਦ ਤੇਰੀ ਗ਼ਰੀਬੀ ਵੱਲ ਦੇਖਦਾ ਹਾਂ ਤਾਂ ਇੰਨੀ ਕਮਾਈ ਵੀ ਬਹੁਤ ਲਗਦੀ ਹੈ। ਕੰਮ 'ਤੇ ਕਦੋਂ ਆ ਸਕਦਾ ਹੈ ?"

ਕਾਲ਼ੀ ਨੇ ਪਹਿਲਾਂ ਮਾਂਝੇ ਤੇ ਫੇਰ ਕਿਸ਼ਨੇ ਵੱਲ ਦੇਖਿਆ। ਕਾਲ਼ੀ ਨੂੰ ਹੈਰਾਨੀ ਵਿੱਚ ਦੇਖ ਕੇ ਮਾਂਝਾ ਬੋਲਿਆ, "ਹੁਣੇ ਹੀ।"

ਫੋਰਮੈਨ ਫਿਰ ਸੋਚ ਵਿੱਚ ਪੈ ਗਿਆ। ਉਹ ਸਿਰ ਝਟਕਦਿਆਂ ਬੋਲਿਆ, "ਠੀਕ ਹੈ। ਮੁਨਸ਼ੀ ਅਤੇ ਮਾਲਕ ਨਾਲ਼ ਮੈਂ ਬਾਅਦ ਵਿੱਚ ਗੱਲ ਕਰ ਲਵਾਂਗਾ।"

ਫੋਰਮੈਨ ਕਿਸ਼ਨੇ ਵੱਲ ਮੁੜ ਗਿਆ। "ਬੰਸਾ ਤਾਂ ਅਜੇ ਆਇਆ ਨਹੀਂ, ਛੁੱਟੀ ਲੈ ਗਿਆ ਹੈ। ਉਦੋਂ ਤੱਕ ਤੂੰ, ਇਸ ਨੂੰ ਹੌਜ ਵਿੱਚ ਤਾਜ਼ੀਆਂ ਖੱਲਾਂ ਨੂੰ ਲੂਣ ਨਾਲ਼ ਧੋਣ ਦਾ ਕੰਮ ਸਿਖਾਲ ਦੇ। ਬਾਅਦ ਵਿੱਚ ਚੂਨਾ ਲਾਉਣਾ ਅਤੇ ਖੱਲਾਂ ਦੇ ਵਾਲ਼ ਲਾਹੁਣ ਦਾ ਕੰਮ ਦੱਸ ਦੇਈਂ। ਅਤੇ ਜੇ ਇਹ ਟਿਕਿਆ ਰਿਹਾ ਤਾਂ ਖੱਲਾਂ ਨੂੰ ਛਿੱਲਣ ਅਤੇ ਕਮਾਉਣ ਦਾ ਗੁਰ ਵੀ ਸਿਖਾ ਦੇਵਾਂਗੇ।"

ਫੋਰਮੈਨ ਦੀ ਗੱਲ ਸੁਣ ਕੇ ਕਾਲ਼ੀ ਨੇ ਸੁੱਖ ਦਾ ਲੰਮਾ ਸਾਹ ਲਿਆ। ਫੋਰਮੈਨ ਨੇ ਉਹਦੀ ਵੱਲ ਇੱਕ ਵਾਰ ਫਿਰ ਬਹੁਤ ਧਿਆਨ ਨਾਲ਼ ਦੇਖਿਆ ਅਤੇ ਦਲਾਨ ਤੋਂ ਪਰ੍ਹੇ ਛੋਟੇ ਜਿਹੇ ਦਰੱਖਤ ਦੇ ਥੱਲੇ ਚਲੇ ਗਿਆ। ਉਹ ਉੱਥੇ ਪਈ ਮੰਜੀ 'ਤੇ ਇਸ ਤਰ੍ਹਾਂ ਲੰਮਾ ਪੈ ਗਿਆ ਜਿਵੇਂ ਬਹੁਤ ਥੱਕ ਗਿਆ ਹੋਵੇ ਜਾਂ ਕਿਸੇ ਬਹੁਤ ਬੜੀ ਮਾਨਸਿਕ ਪਰੇਸ਼ਾਨੀ ਵਿੱਚ ਫਸਿਆ ਹੋਇਆ ਹੋਵੇ।

ਮਾਂਝਾ ਬਹੁਤ ਖ਼ੁਸ਼ ਸੀ। ਉਸ ਨੇ ਸ਼ੁਕਰਾਨੇ ਵਜੋਂ ਕਿਸ਼ਨੇ ਦੇ ਦੋਨੋਂ ਹੱਥ ਫੜ ਲਏ, "ਯਾਰਾ, ਜ਼ਰੂਰਤਮੰਦ ਦੀ ਮਦਦ ਕਰਨੀ, ਭੁੱਖੇ ਨੂੰ ਰੋਟੀ ਦੇਣੀ ਅਤੇ ਬੇਸਹਾਰੇ ਨੂੰ ਆਸਰਾ ਦੇਣਾ ਬਹੁਤ ਬੜਾ ਪੁੰਨ ਮੰਨਿਆ ਜਾਂਦਾ ਹੈ। ਪਰ ਬੇਕਾਰ ਨੂੰ ਕੰਮ ਦੇਣਾ ਜਾਂ ਦੁਆਉਣਾ ਸਭ ਤੋਂ ਵੱਡਾ ਪੁੰਨ ਹੈ।"

ਆਪਣੀ ਵਡਿਆਈ ਸੁਣ ਕੇ ਕਿਸ਼ਨਾ ਗੱਦ-ਗੱਦ ਹੋ ਗਿਆ, "ਭਾ, ਮੇਰਾ ਕੀ ਲੱਗਾ। ਮੇਹਰਬਾਨੀ ਤਾਂ ਫੋਰਮੈਨ ਦੀ ਹੈ। ... ਬਹੁਤ ਦੇਵਤਾ ਆਦਮੀ ਹੈ। ਉਹ ਵੀ ਬਹੁਤ ਛੋਟੀ ਉਮਰ ਵਿੱਚ ਯਤੀਮ ਹੋ ਗਿਆ ਸੀ। ਠੋਕਰਾਂ ਖਾ-ਖਾ ਕੇ ਪਲ਼ਿਆ ਹੈ। ਕੰਮ ਦਾ ਪੱਕਾ, ਜ਼ੁਬਾਨ ਦਾ ਕੌੜਾ ਅਤੇ ਦਿਲ ਦਾ ਬਹੁਤ ਸਾਫ ਹੈ। ਮੁਨਸ਼ੀ ਨੂੰ ਵੀ ਕਈ ਵਾਰ ਝਾੜ ਦਿੰਦਾ ਹੈ। ਮਾਲਕ ਦੇ ਸਾਹਮਣੇ ਵੀ ਨਹੀਂ ਝੁਕਦਾ।"

ਮਾਂਝੇ ਨੇ ਕਾਲ਼ੀ ਦਾ ਮੋਢਾ ਥਪਥਪਾਇਆ। "ਅੱਛਾ ਪਹਿਲਵਾਨ, ਹੁਣ ਮੈਂ ਚਲਦਾ ਹਾਂ। ਦਿਲ ਲਾ ਕੇ ਕੰਮ ਕਰੀਂ। ਆਪਣੇ ਕੋਲ਼ ਸਿਵਾਏ ਮੇਹਨਤ ਦੇ ਹੋਰ ਕੋਈ ਜਾਇਦਾਦ ਨਹੀਂ ਹੈ। ਸ਼ਾਮ ਨੂੰ ਆ ਜਾਈਂ।"

"ਨਹੀਂ, ਇੱਥੇ ਹੀ ਰਹਿ ਲਊਗਾ। ਇੱਕ ਕੋਠਾ ਹੈ। ਉੱਥੇ ਕੁੱਝ ਹੋਰ ਲੋਕ ਵੀ ਸੌਂਦੇ ਹਨ। ਇਹ ਵੀ ਉੱਥੇ ਰਹਿ ਲਉਗਾ। ਰੋਟੀ ਲਈ ਬਸਤੀ ਦੇ ਚੌਂਕ ਨੂੰ ਜਾਣਾ ਪਊਗਾ। ਕੁਸ਼ ਲੋਕ ਆਪਣੀ ਰੋਟੀ ਆਪ ਵੀ ਬਣਾਉਂਦੇ ਹਨ। ਉਨ੍ਹਾਂ ਨਾਲ਼ ਵੀ ਰਲ਼ ਸਕਦਾ ਹੈ। ਤੁਸੀਂ ਚਿੰਤਾ ਨਾ ਕਰੋ। ਮੈਂ ਜੂੰਹ ਇੱਥੇ ਹਾਂ। ਕਿਸੇ ਦਿਨ ਟਾਇਮ ਕੱਢ ਕੇ ਅਸੀਂ ਇਕੱਠੇ ਆਵਾਂਗੇ।" ਕਿਸ਼ਨੇ ਨੇ ਭਰੋਸਾ ਦੁਆਇਆ।

"ਅੱਛਾ ਮੈਂ ਚਲਦਾਂ। ਦਿਨ ਬਹੁਤ ਚੜ੍ਹ ਗਿਆ ਹੈ। ਛਿੱਬੂ ਅਤੇ ਕਾਲੂ ਔਖੇ ਹੋ ਰਹੇ ਹੋਣਗੇ।" ਮਾਂਝੇ ਨੇ ਕਿਸ਼ਨੇ ਦਾ ਮੋਢਾ ਥਪਥਪਾਇਆ।

"ਭਾ, ਕੋਈ ਟਹਿਲ ਸੇਵਾ ਤਾਂ ਕਰਾਈ ਨਹੀਂ," ਕਿਸ਼ਨੇ ਨੇ ਮਾਂਝੇ ਦੇ ਦੋਨੋਂ ਹੱਥ ਫੜ੍ਹ ਲਏ।

"ਭੱਲਿਆ ਲੋਕਾ, ਇਸ ਤੋਂ ਵੱਡੀ ਸੇਵਾ ਹੋਰ ਕੀ ਹੋਊਗੀ ? ਤੂੰ ਕਾਲ਼ੀ ਨੂੰ ਕੰਮ ਦੁਆ ਦਿੱਤਾ ਹੈ। ਸਾਨੂੰ ਤਾਂ ਬਹੁਤ ਫਿਕਰ ਸੀ।"

ਕਿਸ਼ਨਾ ਅਤੇ ਕਾਲ਼ੀ ਸੜਕ ਤੱਕ ਮਾਂਝੇ ਨੂੰ ਛੱਡਣ ਆਏ। ਉਨ੍ਹਾਂ ਤੋਂ ਵਿਦਾ ਲੈ ਕੇ ਮਾਂਝੇ ਨੇ ਲੰਮੇ-ਲੰਮੇ ਸਾਹ ਲੈਣੇ ਸ਼ੁਰੂ ਕਰ ਦਿੱਤੇ।

ਕਿਸ਼ਨਾ ਤੇ ਕਾਲ਼ੀ ਕਾਰਖਾਨੇ ਨੂੰ ਮੁੜ ਆਏ। ਕਿਸ਼ਨੇ ਨੇ ਦਲਾਨ ਦੇ ਬਾਹਰ ਪਈਆਂ ਤਾਜ਼ੀਆਂ ਖੱਲਾਂ ਵੱਲ ਇਸ਼ਾਰਾ ਕੀਤਾ ਤੇ ਕਿਹਾ, "ਇਨ੍ਹਾਂ ਨੂੰ ਚੁੱਕ ਕੇ ਪਾਣੀ ਦੇ ਹੌਜਾਂ ਵਿੱਚ ਭਿਉਂ ਦੇ। ਫੇਰ ਹੌਜ ਵਿੱਚ ਵੜ੍ਹ ਕੇ ਪੈਰਾਂ ਨਾਲ਼ ਜ਼ੋਰ-ਜ਼ੋਰ ਮਲ਼ਣੀਆਂ ਹਨ ਤਾਂ ਕਿ ਉਨ੍ਹਾਂ ਵਿੱਚੋਂ ਲੂਣ ਨਿਕਲ਼ ਜਾਵੇ।"

ਕਾਲ਼ੀ ਨੇ ਆਪਣੀ ਜੁੱਤੀ ਲਾਹ ਕੇ ਇੱਕ ਪਾਸੇ ਰੱਖ ਦਿੱਤੀ। ਪਜਾਮਾ ਵੀ ਲਾਹ ਦਿੱਤਾ ਅਤੇ ਖੱਲਾਂ ਦੇ ਢੇਰ ਵੱਲ ਨੂੰ ਤੁਰ ਪਿਆ।

"ਕਮੀਜ਼ ਵੀ ਲਾਹ ਦੇ। ਛਿੱਟੇ ਪੈ ਕੇ ਖਰਾਬ ਹੋ ਜਾਊਗੀ।" ਕਿਸ਼ਨੇ ਨੇ ਸਮਝਾਇਆ।

ਕਾਲ਼ੀ ਨੇ ਕਮੀਜ਼ ਵੀ ਲਾਹ ਦਿੱਤੀ ਅਤੇ ਜੁੱਤੀ ਦੇ ਉੱਤੇ ਪਜਾਮਾ ਤੇ ਪਜਾਮੇ ਦੇ ਉੱਤੇ ਕਮੀਜ਼ ਰੱਖ ਕੇ ਖੱਲਾਂ ਵੱਲ ਨੂੰ ਚਲੇ ਗਿਆ।

## ਨੌਂ

ਕਾਲ਼ੀ ਨੇ ਪਿੱਛੇ ਮੁੜ ਕੇ ਕਿਸ਼ਨੇ ਵੱਲ ਦੇਖਿਆ ਜਿਵੇਂ ਉਸ ਤੋਂ ਪ੍ਰੇਰਨਾ ਲੈਣੀ ਚਾਹੁੰਦਾ ਹੋਵੇ। ਫਿਰ ਉਹ ਕੱਚੀਆਂ ਖੱਲਾਂ ਦੇ ਢੇਰ ਕੋਲ਼ ਚਲਾ ਗਿਆ। ਉਨ੍ਹਾਂ ਵਿੱਚੋਂ ਬਹੁਤ ਹੀ ਜ਼ਿਆਦਾ ਮੁਸ਼ਕ ਆ ਰਿਹਾ ਸੀ। ਉਸ ਨੇ ਆਪਣਾ ਨੱਕ ਖੱਬੇ ਪਾਸੇ ਦੇ ਮੋਢੇ ਵਿੱਚ ਲੁਕਾਉਣ ਦੀ ਕੋਸ਼ਿਸ਼ ਕੀਤੀ ਪਰ ਮੁਸ਼ਕ ਉਹਦੇ ਦਿਲ-ਦਿਮਾਗ 'ਤੇ ਬੁਰੀ ਤਰ੍ਹਾਂ ਛਾ ਗਿਆ ਸੀ।

ਖੱਲਾਂ 'ਤੇ ਬੈਠੀਆਂ ਬੇਸ਼ੁਮਾਰ ਮੱਖੀਆਂ ਆਪਸ ਵਿੱਚ ਫਸੀਆਂ ਲਗਾਤਾਰ ਪਰ ਹਿਲਾ ਰਹੀਆਂ ਸਨ ਜਿਵੇਂ ਕਿਸੇ ਚੀਜ਼ ਨੂੰ ਵੱਢ-ਵੱਢ ਕੇ ਖਾ ਰਹੀਆਂ ਹੋਣ।

ਮੁਸ਼ਕ ਅਤੇ ਮੱਖੀਆਂ ਦੇ ਕਾਰਨ ਕਾਲ਼ੀ ਨੂੰ ਝੁਣਝੁਣੀ ਜਿਹੀ ਆਈ ਤੇ ਸਰਸਰਾਹਟ ਪੈਦਾ ਕਰਦੀ ਸਾਰੇ ਸਰੀਰ ਵਿੱਚ ਫੈਲ ਗਈ। ਮੂੰਹ ਦਾ ਸਵਾਦ ਵੀ ਬਦਲ ਗਿਆ ਅਤੇ ਦਿਲ ਕੱਚਾ ਹੋਣ ਲੱਗਾ।

ਉਸ ਨੂੰ ਪਤਾ ਸੀ ਕਿ ਕਿਸ਼ਨੇ ਦੀਆਂ ਨਜ਼ਰਾਂ ਉਸ 'ਤੇ ਗੱਡੀਆਂ ਹੋਈਆਂ ਹਨ ਇਸ ਲਈ ਉਸ ਨੇ ਦਿਲ ਕਰੜਾ ਕਰਕੇ ਖੱਲਾਂ ਦੇ ਢੇਰ ਵੱਲ ਹੱਥ ਵਧਾ ਲਏ। ਜਦ ਉਸ ਨੇ ਸੱਭ ਤੋਂ ਉੱਪਰ ਪਈ ਖੱਲ ਨੂੰ ਚੁੱਕਣ ਲਈ ਹੱਥ ਉਸ ਦੇ ਦੋਵਾਂ ਸਿਰਿਆਂ 'ਤੇ ਰੱਖੇ ਤਾਂ ਮੱਖੀਆਂ ਵਿੱਚ ਜ਼ਬਰਦਸਤ ਹੱਲਚੱਲ ਪੈਦਾ ਹੋ ਗਈ ਜਿਵੇਂ ਉਹ ਆਉਣ ਵਾਲ਼ੇ ਖਤਰੇ ਨੂੰ ਭਾਂਪ ਕੇ ਚੁਕੰਨੀਆਂ ਹੋ ਗਈਆਂ ਹੋਣ। ਕਾਲੀ ਨੇ ਦੋਵਾਂ ਹੱਥਾਂ ਨਾਲ਼ ਖੱਲ ਨੂੰ ਉੱਪਰ ਚੁੱਕਿਆ ਤਾਂ ਮੱਖੀਆਂ ਧੂੜ ਵਾਂਗ ਚਾਰੇ ਪਾਸੇ ਫੈਲ ਗਈਆਂ ਅਤੇ ਉਸ ਦੇ ਸਿਰ, ਮੂੰਹ ਅਤੇ ਪੂਰੇ ਸਰੀਰ ਨਾਲ਼ ਵੱਜਦੀਆਂ ਹੋਈਆਂ ਜ਼ੋਰ-ਜ਼ੋਰ ਨਾਲ਼ ਭਿਣ-ਭਿਣਾਉਣ ਲੱਗੀਆਂ। ਕਾਲ਼ੀ ਦੇ ਕੰਨਾਂ ਵਿੱਚ ਮੱਖੀਆਂ ਦੀ ਭਿਣ-ਭਿਣਾਹਟ ਤੋਂ ਬਿਨਾਂ ਹੋਰ ਕੋਈ ਅਵਾਜ਼ ਨਹੀਂ ਪੈ ਰਹੀ ਸੀ।

ਕਿਸ਼ਨਾ ਅਤੇ ਫੋਰਮੈਨ ਕਾਲ਼ੀ ਵੱਲ ਧਿਆਨ ਨਾਲ਼ ਦੇਖ ਰਹੇ ਸਨ। ਹੁੱਕਾ ਗੁੜ-ਗੁੜਾਉਂਦੇ ਹੋਏ ਫੋਰਮੈਨ ਨੇ ਆਪਣਾ ਮੰਜੀ 'ਤੇ ਰੱਖਿਆ ਹੋਇਆ ਪੈਰ ਥੱਲੇ ਨੂੰ ਲਟਕਾ ਲਿਆ ਜਿਵੇਂ ਉਹ ਮੰਜੇ ਤੋਂ ਉਠਣਾ ਚਾਹੁੰਦਾ ਹੋਵੇ। ਇਹ ਦੇਖ ਕੇ ਕਿਸ਼ਨਾ ਬੋਲਿਆ, "ਫੋਰਮੈਨ ਜੀ ਮੈਂ ਸਮਝਾ ਦਿੰਦਾ ਹਾਂ।"

ਫੋਰਮੈਨ ਨੇ ਆਪਣਾ ਪੈਰ ਮੁੜ ਕੇ ਮੰਜੀ 'ਤੇ ਰੱਖ ਲਿਆ ਅਤੇ ਸਰੀਰ ਨੂੰ ਢਿੱਲਾ ਛੱਡ ਕੇ ਦੁਬਾਰਾ ਹੁੱਕਾ ਗੁੜ-ਗੁੜਾਉਣ ਲੱਗਾ। ਕਿਸ਼ਨਾ ਆਪਣੇ ਚੇਹਰੇ ਨੂੰ ਸੱਜੇ ਮੋਢੇ ਨਾਲ਼ ਪੂੰਝਦਾ ਹੋਇਆ ਕਾਲ਼ੀ ਦੇ ਬਰਾਬਰ ਆ ਗਿਆ,

"ਕੀ ਹੋਇਆ ?"

"ਕੁਸ਼ ਨਹੀਂ ਜੀ," ਉਲ਼ਟੀ ਕਰਦਾ ਹੋਇਆ ਉਹ ਫਰਸ਼ ਤੇ ਖਿਲਰੇ ਚਰਬੀ ਦੇ ਅਣਗਿਣਤ ਟੁੱਕੜਿਆਂ ਨੂੰ ਪੈਰਾਂ ਥੱਲੇ ਮਸਲਦਾ ਹੋਇਆ ਕੰਧ ਵੱਲ ਨੂੰ ਤੁਰ ਪਿਆ।

ਕੰਧ ਤੇ ਹੱਥ ਟਿਕਾ ਕਾਲ਼ੀ ਉਲ਼ਟੀ ਕਰਦਾ ਰਿਹਾ। ਹੱਥ-ਪੈਰ ਚਰਬੀ ਨਾਲ਼ ਲਿਬੜੇ

ਹੋਣ ਦੇ ਕਾਰਨ ਬਹੁਤ ਸਾਰੀਆਂ ਮੱਖੀਆਂ ਉਸਦੀਆਂ ਲੱਤਾਂ ਦੁਆਲ਼ੇ ਭਿਣਕਦੀਆਂ ਹੋਈਆਂ ਬੈਠਣ ਦੀ ਕੋਸ਼ਿਸ਼ ਕਰ ਰਹੀਆਂ ਸਨ।

ਕਾਲ਼ੀ ਵਾਪਸ ਆਇਆ ਤਾਂ ਉਸ ਦੀਆ ਅੱਖਾਂ ਪਾਣੀ ਨਾਲ਼ ਭਰੀਆਂ ਹੋਈਆਂ ਸਨ। ਸੱਜਲ ਅੱਖੀਆਂ ਵਿੱਚ ਲਾਲ ਡੋਰੇ ਘੁਲ ਗਏ ਸਨ। ਉਸ ਨੇ ਨੱਕ ਦਾ ਸੁੜ੍ਹਾਕਾ ਮਾਰਿਆ, "ਕਿਸ਼ਨੇ ਭਾ ਜੀ, ਜ਼ਿਦਗੀ ਵਿੱਚ ਇੰਨੀ ਗੰਦਗੀ ਵਿੱਚ ਕੰਮ ਤਾਂ ਇੱਕ ਪਾਸੇ ਰਿਹਾ ਰਿਹਾ, ਕਦੀ ਇਹੋ ਜਿਹੀ ਗੰਦਗੀ ਦੇਖੀ ਵੀ ਨਹੀਂ ਸੀ। ਇਸ ਲਈ ਉਲ਼ਟੀ ਆ ਰਹੀ ਹੈ।"

"ਕੋਈ ਗੱਲ ਨਹੀਂ। ਇਸ ਕੰਮ 'ਤੇ ਆਏ ਹਰ ਨਵੇਂ ਆਦਮੀ ਨੇ ਕਈ-ਕਈ ਦਿਨ ਉਲ਼ਟੀਆਂ ਕੀਤੀਆਂ ਹਨ। ਤੇਰਾ ਤਾਂ ਅੱਜ ਪਹਿਲਾ ਦਿਨ ਹੈ। ਚੱਲ ਕੁਰਲੀ ਕਰ ਲੈ। ਮੈਂ ਤੇਰੇ ਲਈ ਲੂਣ ਲੈ ਕੇ ਆਉਂਦਾ ਹਾਂ।"

ਕੁਰਲੀ ਕਰਨ ਤੋਂ ਬਾਅਦ ਕਾਲ਼ੀ ਨੇ ਖੱਲਾਂ ਦੇ ਢੇਰ ਵੱਲ ਨੂੰ ਅੱਧੀ ਕੁ ਪਿੱਠ ਘੁਮਾ ਲਈ। ਉਹ ਕਦੀ-ਕਦੀ ਖੱਲਾਂ ਦੇ ਢੇਰ ਵੱਲ ਨੂੰ ਨਿਗਾਹ ਮਾਰਦਾ ਲੇਕਿਨ ਫੇਰ ਕਾਹਲ਼ੀ ਨਾਲ਼ ਅੱਖਾਂ ਘੁਮਾ ਲੈਂਦਾ ਕਿ ਕਿਤੇ ਦੁਆਰਾ ਉਲ਼ਟੀ ਨਾ ਆ ਜਾਏ। ਉਹ ਬੇਹੱਦ ਪਰੇਸ਼ਾਨ ਸੀ। ਕਿਸ਼ਨੇ ਨੇ ਉਸ ਨੂੰ ਉਸ ਦਾ ਨਾਂ ਲੈ ਕੇ ਅਵਾਜ਼ ਮਾਰੀ ਤਾਂ ਉਹ ਹੜਬੜਾ ਗਿਆ ਅਤੇ ਸ਼ਰਮਿੰਦਾ ਜਿਹਾ ਉਸ ਵੱਲ ਦੇਖਣ ਲੱਗਾ।

"ਲੈ, ਲੂਣ ਚੱਟ ਲੈ। ਇਸ ਨਾਲ਼ ਮੂੰਹ ਦਾ ਸਵਾਦ ਬਦਲ ਜਾਵੇਗਾ ਅਤੇ ਉਲ਼ਟੀ ਵੀ ਨਹੀਂ ਆਏਗੀ।"

ਕਾਲ਼ੀ ਖੱਬੀ ਹਥੇਲੀ 'ਤੇ ਲੂਣ ਰੱਖ ਕੇ ਸੱਜੇ ਹੱਥ ਦੀ ਵੱਡੀ ਉਂਗਲੀ ਨਾਲ਼ ਜੀਭ 'ਤੇ ਲਾਉਂਦਾ ਅਤੇ ਫਿਰ ਹੌਲ਼ੀ-ਹੌਲ਼ੀ ਚੂਸ ਲੈਂਦਾ।

"ਘਬਰਾਉਣ ਦੀ ਕੋਈ ਗੱਲ ਨਹੀਂ। ਥੋੜ੍ਹਾ ਮਨ ਨੂੰ ਕੈਮ ਕਰ, ਸਭ ਠੀਕ ਹੋ ਜਾਏਗਾ।" ਕਿਸ਼ਨੇ ਨੇ ਕਾਲ਼ੀ ਨੂੰ ਸਮਝਾਇਆ। "ਹੁਣ ਤੇਰਾ ਜੀਅ ਠੀਕ ਹੈ ਨਾ ?"

"ਹਾਂ ਭਾ ਜੀ, ਠੀਕ ਹੈ।" ਕਾਲ਼ੀ ਨੇ ਖੱਬੇ ਹੱਥ ਦੀ ਤਲੀ 'ਤੇ ਲੱਗੇ ਲੂਣ ਨੂੰ ਚੱਟ ਲਿਆ।

"ਆ ਜਾ, ਮੈਂ ਤੇਰੀ ਮਦਦ ਕਰ ਦਿੰਦਾ ਹਾਂ।" ਕਿਸ਼ਨਾ ਖੱਲਾਂ ਦੇ ਢੇਰ ਵੱਲ ਨੂੰ ਤੁਰ ਪਿਆ। ਜਦ ਮੈਂ ਇਹ ਕੰਮ ਸ਼ੁਰੂ ਕੀਤਾ ਸੀ ਤਾਂ ਮੈਨੂੰ ਛੇ-ਸੱਤ ਦਿਨ ਉਲਟੀਆਂ ਆਉਂਦੀਆਂ ਰਹੀਆਂ ਸਨ। ਬੁਰਾ ਹਾਲ ਹੋ ਗਿਆ ਸੀ। ਭੁੱਖ ਬਿਲਕੁਲ ਉੱਡ ਗਈ ਸੀ। ਪਰ ਹੌਲ਼ੀ-ਹੌਲ਼ੀ ਆਦਤ ਬਣ ਗਈ।"

ਕੁੱਝ ਚਿਰ ਚੁੱਪ ਰਹਿ ਕੇ ਕਿਸ਼ਨਾ ਹੱਸ ਪਿਆ, "ਹੁਣ ਇਹ ਹਾਲਤ ਹੋ ਗਈ ਹੈ ਕਿ ਕਾਰਖਾਨੇ ਤੋਂ ਬਾਹਰ ਨਿਕਲ਼ਦੇ ਹਾਂ ਤਾਂ ਬਦਬੂ ਦਾ ਅਹਿਸਾਸ ਹੋਣ ਲਗਦਾ ਹੈ। ... ਚੱਲ, ਚੱਕ ਖੱਲ ਨੂੰ ਮੈਂ ਦੂਜੇ ਪਾਸੇ ਤੋਂ ਫੜਦਾ ਹਾਂ।"

ਕਾਲ਼ੀ ਨੇ ਖੱਲ ਨੂੰ ਉੱਪਰ ਚੁੱਕਿਆ ਤਾਂ ਬਦਬੂ ਦਾ ਇੱਕ ਬੁੱਲਾ ਜਿਹਾ ਉੱਠਿਆ ਅਤੇ ਨਾਲ਼ ਹੀ ਮੱਖੀਆਂ ਦਾ ਭਰਪੂਰ ਹੱਲਾ ਵੀ ਹੋਇਆ। ਉਸ ਦੇ ਹੱਥ ਇੱਕ ਵਾਰ ਫਿਰ ਕੰਬ ਗਏ ਲੇਕਿਨ ਉਸ ਨੇ ਦਿਲ ਨੂੰ ਕਰੜਾ ਕਰੀ ਰੱਖਿਆ। ਮਰੇ ਹੋਏ ਪਸ਼ੂ ਦੀ ਖੱਲ ਦਾ ਖਿਆਲ

ਆਉਂਦਿਆਂ ਹੀ ਕਾਲ਼ੀ ਨੂੰ ਝੁਣਝੁਣੀ ਆ ਗਈ। ਖੱਲ ਦੀ ਚਿਕਨਾਹਟ ਅਤੇ ਲੂਣ ਲੱਗੀ ਚਰਬੀ ਵਿੱਚੋਂ ਚੋਂਦੇ ਬਦਰੰਗ ਅਤੇ ਬਦਬੂਦਾਰ ਖ਼ੂਨ-ਮਿਲ਼ੇ ਪਾਣੀ ਕਰਕੇ ਕਾਲ਼ੀ ਦਾ ਮੂੰਹ ਲਸੂਣੇ ਅਤੇ ਖੱਟੇ ਪਾਣੀ ਨਾਲ਼ ਭਰ ਗਿਆ। ਉਸ ਨੇ ਇਸ ਪਾਣੀ ਨੂੰ ਥੁੱਕਿਆ ਅਤੇ ਅੱਖਾਂ ਬੰਦ ਕਰ ਲਈਆਂ।

"ਦਿਲ ਕਰੜਾ ਕਰ। ਫੋਰਮੈਨ ਨੇ ਦੇਖ ਲਿਆ ਤਾਂ ਖੜੇ ਪੈਰ ਹੀ ਜਵਾਬ ਦੇ ਦੇਵੇਗਾ। ਤੇਰਾ ਤਾਂ ਅਜੇ ਤੱਕ ਨਾਂ ਵੀ ਰਜਿਸਟਰ ਵਿੱਚ ਨਹੀਂ ਲਿਖਿਆ।" ਕਿਸ਼ਨੇ ਨੇ ਚਿਤਾਵਨੀ ਦਿੱਤੀ।

ਕਾਲ਼ੀ ਨੇ ਸਿਰ ਨੂੰ ਜ਼ੋਰ-ਜ਼ੋਰ ਨਾਲ਼ ਹਿਲਾਇਆ ਅਤੇ ਉਸ ਸਮੇਂ ਨੂੰ ਕੋਸਣ ਲੱਗਾ ਜਦ ਉਹ ਜੰਮਿਆ ਸੀ। ਗਿੱਲੀ ਖੱਲ ਦੇ ਦੋਨੋ ਸਿਰੇ ਉਸ ਦੇ ਹੱਥਾਂ ਵਿੱਚੋਂ ਤਿਲਕ ਕੇ ਉਸ ਦੇ ਪੈਰਾਂ ਵਿੱਚ ਡਿੱਗ ਗਏ।

ਕਿਸ਼ਨਾ ਪਰੇਸ਼ਾਨ ਸੀ। ਉਸ ਨੇ ਗਰਦਣ ਘੁਮਾ ਕੇ ਫੋਰਮੈਨ ਵੱਲ ਦੇਖਿਆ। ਉਹ ਖੱਲਾਂ ਦੀ ਰੰਗਾਈ ਕਰ ਰਹੇ ਕਾਰੀਗਰਾਂ ਨੂੰ ਗਾਲ਼ਾਂ ਕੱਢ ਰਿਹਾ ਸੀ। ਕਿਸ਼ਨੇ ਨੂੰ ਗੁੱਸਾ ਆ ਗਿਆ, "ਤੂੰ ਮੇਰੇ ਪਿੰਡ ਦੇ ਮਾਂਝੇ ਨਾਲ਼ ਆਇਆ ਸੀ। ਇਸ ਲਈ ਮੈਂ ਆਪਣਾ ਕੰਮ ਛੱਡ ਕੇ ਤੇਰੀ ਮਦਦ ਕਰ ਰਿਹਾ ਹਾਂ। ... ਮੈਂ ਕਾਰੀਗਰ ਹਾਂ। ਮੈਂ ਦਿਨ ਵਿੱਚ ਜਿੰਨਾ ਕੰਮ ਮੁਕਾਉਦਾ ਹਾਂ ਉਸ ਹਿਸਾਬ ਨਾਲ਼ ਪੈਸੇ ਲੈਂਦਾ ਹਾਂ। ਕਾਰਖਾਨੇ ਦਾ ਤਨਖਾਹਦਾਰ ਨੌਕਰ ਨਹੀਂ ਹਾਂ।"

ਕਿਸ਼ਨੇ ਦੀ ਗੱਲ ਸੁਣ ਕੇ ਕਾਲ਼ੀ ਸਹਿਮ ਗਿਆ ਅਤੇ ਉਸ ਨੇ ਆਪਣੇ ਸਰੀਰ ਨੂੰ ਇਕੱਠਾ ਕੀਤਾ। ਕਿਸ਼ਨੇ ਨੇ ਦੱਬਵੀਂ ਅਵਾਜ਼ ਵਿੱਚ ਕਾਲ਼ੀ ਨੂੰ ਤਾੜਨਾ ਕੀਤੀ, "ਏਦਾਂ ਲਗਦਾ ਹੈ ਕਿ ਤੂੰ ਅਸਲੇ ਦਾ ਨਹੀਂ ਹੈ। ਜ਼ਰੂਰ ਕਿਤੇ ਨਾ ਕਿਤੇ ਗੜਬੜ ਹੋਈ ਹੈ। ਵਰਨਾ ਜੱਦੀ-ਪੁਸ਼ਤੀ ਪੇਸ਼ੇ ਨੂੰ ਹੱਥ ਲਉਂਦਿਆਂ ਤੇਰੀ ਹਾਲਤ ਇੰਨੀ ਖਰਾਬ ਨਹੀਂ ਹੋਣੀ ਚਾਹੀਦੀ ਸੀ।"

ਕਾਲ਼ੀ ਨੇ ਧਿਆਨ ਨਾਲ਼ ਕਿਸ਼ਨੇ ਵੱਲ ਦੇਖਿਆ। ਉਸ ਦੀਆਂ ਭਰੀਆਂ ਹੋਈਆਂ ਅੱਖਾਂ ਦੇ ਲਾਲ ਡੋਰਿਆਂ ਵਿੱਚ ਚਮਕ ਆ ਗਈ। ਉਸ ਨੇ ਨੱਕ ਦਾ ਸੁੜ੍ਹਾਕਾ ਮਾਰਦਿਆਂ ਜ਼ੋਰ ਨਾਲ਼ ਸਾਹ ਅੰਦਰ ਨੂੰ ਖਿੱਚਿਆ ਜਿਵੇਂ ਉਹ ਆਪਣੇ ਗੁੱਸੇ ਤੇ ਕਾਬੂ ਪਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੋਵੇ।

"ਭਾਈ ਦੇਖ ਲੈ। ਜੇ ਇਹ ਕੰਮ ਤੇਰੇ ਬੱਸ ਦਾ ਨਹੀਂ ਹੈ ਤਾਂ ਕੋਈ ਹੋਰ ਧੰਦਾ ਦੇਖ ਲੈ।" ਕਿਸ਼ਨੇ ਨੇ ਫੈਸਲਾ ਸੁਣਾਇਆ।

ਕਾਲ਼ੀ ਦੇ ਮਨ ਵਿੱਚ ਗੁੱਸੇ ਦਾ ਥਾਂ ਡਰ ਨੇ ਲੈ ਲਿਆ ਕਿਉਂਕਿ ਉਸ ਦੀਆਂ ਅੱਖਾਂ ਦੇ ਸਾਹਮਣੇ, ਪਹਿਲਾਂ ਹੀ ਸਾਰੀ ਦੁਨੀਆਂ ਸਿਮਟ ਕੇ, ਕੇਵਲ ਨਾ-ਮਾਤਰ ਰਹਿ ਗਈ ਸੀ ਅਤੇ ਫਿਰ ਇਸ ਹੱਦ ਤੱਕ ਫੈਲ ਗਈ ਕਿ ਉਹ ਆਪਣਾ ਵਜੂਦ ਕਿਤੇ ਮਹਿਸੂਸ ਹੀ ਨਹੀਂ ਕਰ ਰਿਹਾ ਸੀ।

ਕੁੱਝ ਪਲ ਕਾਲ਼ੀ ਸਿਰ ਝੁਕਾ ਕੇ ਖੜ੍ਹਾ ਰਿਹਾ ਜਿਵੇਂ ਆਪਣੇ ਅੰਦਰ ਝਾਕਣ ਦਾ ਯਤਨ ਕਰ ਰਿਹਾ ਹੋਵੇ। ਉਸ ਨੇ ਦੋਨੋ ਹੱਥ ਕਛਹਿਰੇ ਨਾਲ਼ ਪੂੰਝੇ ਅਤੇ ਫਿਰ ਮੂੰਹ ਪੂੰਝ ਕੇ ਕਿਸ਼ਨੇ ਦੇ ਗੋਡਿਆਂ ਵੱਲ ਝੁੱਕ ਗਿਆ। "ਭਾ, ਤੂੰ ਮੈਨੂੰ ਮੇਰਾ ਅਸਲਾ ਯਾਦ ਕਰਾ ਦਿੱਤਾ ਹੈ। ਮੈਂ ਕੰਮ

ਕਰੂੰਗਾ। ਪਹਿਲਾਂ ਕਦੀ ਕੀਤਾ ਨਹੀਂ। ਇਸ ਲਈ ਸਿੱਖਣ ਵਿੱਚ ਥੋੜ੍ਹਾ ਟੈਮ ਲੱਗੂਗਾ।"

"ਸਿੱਖੇਂਗਾ ਤਾਂ ਹੀ ਕੰਮ ਆਊਗਾ। ਤੂੰ ਤਾਂ ਢੇਰੀ ਢਾਹ ਦਿੰਦਾ ਆਂ।" ਕਿਸ਼ਨਾ ਗੁੱਸੇ ਸੀ। ਉਸ ਨੇ ਪੈਰਾਂ ਵਿੱਚ ਪਈ ਖੱਲ ਵੱਲ ਇਸ਼ਾਰਾ ਕੀਤਾ, "ਚੁੱਕ ਇਹਨੂੰ। ਮੈਂ ਵੀ ਹੱਥ ਪੁਆਉਂਦਾ ਹਾਂ।"

ਕਾਲ਼ੀ ਨੇ ਖੱਲ ਨੂੰ ਦੋਵਾਂ ਸਿਰਿਆਂ ਤੋਂ ਫੜ੍ਹ ਕੇ ਉੱਪਰ ਚੁੱਕ ਲਿਆ। ਕਿਸ਼ਨੇ ਨੇ ਵੀ ਦੋਵਾਂ ਸਿਰਿਆਂ ਨੂੰ ਖਿੱਚਕੇ ਖੋਲ੍ਹ ਦਿੱਤਾ, "ਲੈ ਚੱਲ ਇਹਨੂੰ ਘੜੀਸ ਕੇ ... ਹੌਜ ਵਿੱਚ ਸਿੱਟ ਦੇ।"

ਖੱਲ ਨੂੰ ਘੜੀਸਦਾ ਹੋਇਆ ਕਾਲ਼ੀ ਪਾਣੀ ਦੇ ਹੌਜ ਕੋਲ਼ ਲੈ ਗਿਆ। ਕਿਸ਼ਨਾ ਉਸ ਦੇ ਸਾਹਮਣੇ ਆ ਖੜ੍ਹਾ ਹੋਇਆ, "ਹੁਣ ਇਸ ਨੂੰ ਦੋਵਾਂ ਪਾਸਿਆਂ ਤੋਂ ਫੜ ਕੇ ਜ਼ੋਰ-ਜ਼ੋਰ ਦੀ ਹਿਲਾ ਤਾਂ ਕਿ ਵੱਧ ਤੋਂ ਵੱਧ ਲੂਣ ਝੱੜ ਜਾਵੇ।"

ਖੱਲ ਨੂੰ ਵਾਰ-ਵਾਰ ਝਾੜਨੇ ਨਾਲ਼ ਚਰਬੀ ਮਿਲਿਆ ਲੂਣ ਕੱਚੇ ਫਰਸ਼ 'ਤੇ ਖਿਲਰ ਗਿਆ ਅਤੇ ਕੁਸ਼ ਕਾਲ਼ੀ ਦੇ ਪੈਰਾਂ, ਲੱਤਾਂ, ਬਾਹਾਂ ਅਤੇ ਬਾਕੀ ਸਰੀਰ 'ਤੇ ਚਿਪਕ ਗਿਆ।

"ਹੁਣ ਇਹਨੂੰ ਹੌਜ ਵਿੱਚ ਸਿੱਟ ਦੇ। ਚੰਗੀ ਤਰ੍ਹਾਂ ਵਿਛਾ ਦੇ ਤਾਂ ਕਿ ਖੱਲ ਦਾ ਸਾਰਾ ਲੂਣ ਧੋ ਹੋ ਜਾਵੇ।" ਕਿਸ਼ਨਾ ਦੋਵੇਂ ਹੱਥ ਲੱਕ 'ਤੇ ਰੱਖ ਕੇ ਕਾਲ਼ੀ ਨੂੰ ਹਿਦਾਇਤਾਂ ਦੇ ਰਿਹਾ ਸੀ ਅਤੇ ਉਹ ਉਸ ਦੇ ਮੁਤਾਬਕ ਕੰਮ ਨਿਪਟਾ ਰਿਹਾ ਸੀ।

ਜਦ ਕਾਲ਼ੀ ਨੇ ਤਿੰਨ ਖੱਲਾਂ ਹੌਜ ਵਿੱਚ ਸਿੱਟ ਦਿੱਤੀਆਂ ਤਾਂ ਕਿਸ਼ਨਾ ਫੋਰਮੈਨ ਵੱਲ ਨੂੰ ਤੁਰ ਪਿਆ।

"ਕਿਉਂ ਕਿਸ਼ਨਿਆਂ, ਕਿਹੋ ਜਿਹਾ ਕੰਮ ਕਰ ਰਿਹਾ ਤੇਰਾ ਰਿਸ਼ਤੇਦਾਰ ?"

"ਫੋਰਮੈਨ ਜੀ, ਹੈ ਤਾਂ ਅਨਾੜੀ ਲੇਕਿਨ ਛੇਤੀ ਸਿੱਖ ਜਾਊਗਾ। ਉਸ ਨੇ ਆਪਣਾ ਅਸਲਾ ਪਛਾਣ ਲਿਆ ਹੈ।"

"ਕਿਸ਼ਨਿਆਂ, ਆਪਣੇ ਰਿਸ਼ਤੇਦਾਰ 'ਤੇ ਨਜ਼ਰ ਰੱਖੀਂ। ਕੰਮ ਸਿਖਾਉਂਦਾ ਰਹੀਂ। ਇਸ ਤਰ੍ਹਾਂ ਤੈਨੂੰ ਆਪਣੇ ਪੁਰਾਣੇ ਦਿਨ ਵੀ ਯਾਦ ਆ ਜਾਣਗੇ। ... ਬੰਸਾ ਆ ਗਿਆ ਤਾਂ ਤੇਰੇ ਰਿਸ਼ਤੇਦਾਰ ਨੂੰ ਉਹ ਕੰਮ ਸਿਖਾ ਦੇਊਗਾ।" ਫੋਰਮੈਨ ਨੇ ਹੁੱਕੇ ਨੂੰ ਪਰ੍ਹੇ ਕਰਕੇ ਮੰਜੀ 'ਤੇ ਲੰਮੇ ਪੈਂਦਿਆਂ ਪੁੱਛਿਆ, "ਤੇਰੇ ਰਿਸ਼ਤੇਦਾਰ ਦਾ ਨਾਂ ਕੀ ਹੈ ?"

"ਫੋਰਮੈਨ ਜੀ, ਮੇਰੀ ਉਹਦੇ ਨਾਲ਼ ਕੋਈ ਰਿਸ਼ਤੇਦਾਰੀ ਨਹੀਂ। ਮੇਰੇ ਪਿੰਡ ਵਾਲ਼ੇ ਮਾਂਝੇ ਦੀ ਇਹਦੇ ਨਾਲ਼ ਜਾਣ-ਪਹਿਚਾਣ ਹੈ। ਉਨ੍ਹਾਂ ਨਾਲ਼ ਕੁੱਝ ਦਿਨ ਰੇੜ੍ਹਾ ਖਿੱਚਦਾ ਰਿਹਾ ਹੈ। ਉਹ ਹੀ ਸਵੇਰੇ ਇਹਨੂੰ ਨਾਲ਼ ਲੈ ਕੇ ਆਇਆ ਸੀ। ਮੈਂ ਮਾਂਝੇ ਨੂੰ ਤੁਹਾਡੇ ਨਾਲ਼ ਮਿਲ਼ਾਇਆ ਵੀ ਸੀ।" ਕਿਸ਼ਨੇ ਨੇ ਆਪਣਾ ਸਪਸ਼ਟੀਕਰਨ ਇਸ ਅੰਦਾਜ਼ ਨਾਲ਼ ਦਿੱਤਾ ਜਿਵੇਂ ਉਹ ਕਾਲ਼ੀ ਵਲੋਂ ਹਰ ਪ੍ਰਕਾਰ ਦੀ ਜ਼ਿੰਮੇਦਾਰੀ ਤੋਂ ਮੁਕਤ ਹੋਣਾ ਚਾਹੁੰਦਾ ਸੀ।

"ਮੈਂ ਉਹਦਾ ਨਾਂ ਪੁੱਛਿਆ ਹੈ," ਫੋਰਮੈਨ ਦੀ ਅਵਾਜ਼ ਬਹੁਤ ਤਲਖ਼ ਸੀ।

"ਕਾਲ਼ੀ। ਪੂਰਾ ਨਾਂ ਕਾਲ਼ੀਦਾਸ ਦੱਸਦਾ ਹੈ। ਅੱਗੇ ਰੱਬ ਜੀ ਨੂੰ ਪਤਾ ਹੋਊਗਾ।" ਕਿਸ਼ਨੇ ਨੇ ਕਾਲ਼ੀ ਨਾਲ਼ੋਂ ਆਪਣਾ ਰਿਸ਼ਤਾ ਤੋੜਨ ਲਈ ਉਸ ਬਾਰੇ ਬੇਭਰੋਸਗੀ ਜ਼ਾਹਿਰ

ਕੀਤੀ।

"ਇਹਦਾ ਅੱਗਾ-ਪਿੱਛਾ ਕਿੱਥੇ ਹੈ?" ਫੋਰਮੈਨ ਨੇ ਹੁੱਕੇ ਨੂੰ ਆਪਣੀ ਵੱਲ ਖਿੱਚਦਿਆਂ ਪੁੱਛਿਆ।

"ਫੋਰਮੈਨ ਜੀ ਮੈਨੂੰ ਇਸ ਦੇ ਅਤੇ-ਪਤੇ ਬਾਰੇ ਕੁੱਝ ਵੀ ਪਤਾ ਨਹੀਂ। ਸਿਰਫ ਐਨਾ ਪਤਾ ਹੈ ਕਿ ਉਹ ਮਾਂਝੇ ਨੂੰ ਜਾਣਦਾ ਹੈ। ਉਹ ਹੀ ਕਹਿ ਰਿਹਾ ਸੀ ਕਿ ਭਲਾ ਆਦਮੀ ਹੈ।" ਕਿਸ਼ਨੇ ਨੇ ਸਿਰ ਹਿਲਾਇਆ।

"ਭਾਈ, ਨੌਕਰੀ ਤਾਂ ਤੇਰੇ ਕਹਿਣ 'ਤੇ ਹੀ ਦਿੱਤੀ ਹੈ। ਤੂੰ ਹੀ ਉਸ ਦਾ ਗਵਾਹ ਹੈਂ।"

"ਫੋਰਮੈਨ ਜੀ, ਤੁਸੀਂ ਮੇਰੀ ਵਲੋਂ ਉਸ ਨੂੰ ਹੁਣੇ ਕੰਨੋ ਫੜ ਕੇ ਕਾਰਖਾਨੇ ਤੋਂ ਬਾਹਰ ਕੱਢ ਦਿਉ। ਮੇਰੀ ਕਿਹੜੀ ਸਕੀ ਮਾਸੀ ਜਾਂ ਭੂਆ ਦਾ ਪੁੱਤ ਹੈ। ਐਡਾ ਵੱਡਾ ਸ਼ਹਿਰ ਹੈ, ਕਿਤੇ ਨਾ ਕਿਤੇ ਇਹ ਵੀ ਮਰ ਖਪ ਜਾਊਗਾ।" ਕਿਸ਼ਨੇ ਨੇ ਫੋਰਮੈਨ ਦੇ ਸਾਹਮਣੇ ਇਹ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹਨੂੰ ਕਾਲ਼ੀ ਦੇ ਬੁਰੇ-ਭਲੇ ਵਿੱਚ ਕੋਈ ਦਿਲਚਸਪੀ ਨਹੀਂ ਹੈ, "ਮਾਂਝਾ ਪੁੱਛੇਗਾ ਤਾਂ ਕਹਿ ਦੇਊਂਗਾ ਕਿ ਫੋਰਮੈਨ ਜੀ ਨੂੰ ਤੇਰਾ ਆਦਮੀ ਚੰਗਾ ਨਹੀਂ ਲੱਗਿਆ।"

ਫੋਰਮੈਨ ਮੰਜੀ ਤੋਂ ਉੱਠ ਗਿਆ ਅਤੇ ਹੁੱਕੇ ਨੂੰ ਪਰ੍ਹੇ ਧੱਕ ਦਿੱਤਾ, "ਕਿਸ਼ਨਿਆਂ, ਚਮੜੇ 'ਤੇ ਜਿਸ ਤਰ੍ਹਾਂ ਕਿੱਕਰ ਦੀ ਛਿੱਲ ਦਾ ਰੰਗ ਚੜ੍ਹਦਾ ਹੈ ਉਸ ਹੀ ਤਰ੍ਹਾਂ ਤੇਰੇ 'ਤੇ ਵੀ ਸ਼ਹਿਰ ਦਾ ਰੰਗ ਚੜ੍ਹ ਗਿਆ ਹੈ। ਤੂੰ ਚੂਨੇ ਵਾਂਗ ਕੋਰਾ ਹੋ ਗਿਆ ਹੈ। ... ਭਲਮਾਣਸੀ ਵੀ ਕੋਈ ਚੀਜ਼ ਹੁੰਦੀ ਹੈ। ਮਾਂਝਾ ਤਾਂ ਤੇਰੇ ਪਿੰਡ ਦਾ ਹੈ। ਅਤੇ ਕਾਲ਼ੀਦਾਸ ਉਸ ਦਾ ਜਾਣਕਾਰ। ... ਆਪਣੇ ਇੱਥੇ ਰਿਸ਼ਤੇਦਾਰੀ ਅਤੇ ਸਾਂਝ ਸੱਤ ਪੁਸ਼ਤਾਂ ਅਤੇ ਪਰਤਾਂ ਤੱਕ ਚਲਦੀ ਹੈ। ਤੇਰੀ ਤਾਂ ਦੂਜੀ ਪਰਤ ਹੀ ਸੁੱਕ ਰਹੀ ਹੈ।"

ਫੋਰਮੈਨ ਦੀ ਗੱਲ ਸੁਣ ਕੇ ਕਿਸ਼ਨਾ ਹੈਰਾਨ ਰਹਿ ਗਿਆ। ਉਹ ਆਪਣੇ-ਆਪ ਤੋਂ ਸ਼ਰਮਿੰਦਾ ਮਹਿਸੂਸ ਕਰਨ ਲੱਗਾ। ਫੋਰਮੈਨ ਨੂੰ ਆਪਣੀ ਵੱਲ ਝਾਕਦਾ ਦੇਖ ਕੇ ਕਿਸ਼ਨੇ ਨੇ ਨੀਵੀਂ ਪਾ ਲਈ।"

"ਬੋਲਦਾ ਕਿਉਂ ਨਹੀਂ?" ਫੋਰਮੈਨ ਨੇ ਕੁੱਝ ਗੁਸੈਲੀ ਅਵਾਜ਼ ਵਿੱਚ ਪੁੱਛਿਆ। ਪਰ ਕਿਸ਼ਨਾ ਸੱਜੇ ਪੈਰ ਦੇ ਅਗੂੰਠੇ ਨਾਲ਼ ਫਰਸ਼ ਨੂੰ ਠਕੋਰਦਾ ਹੋਇਆ ਜ਼ਮੀਨ ਨੂੰ ਘੂਰਦਾ ਰਿਹਾ ਤਾਂ ਫੋਰਮੈਨ ਕੁੱਝ ਸ਼ਿਕਵਾ ਕਰਨ ਲੱਗਾ ਅਤੇ ਸਮਝਾਉਣ ਵਾਲ਼ੇ ਅੰਦਾਜ਼ ਵਿੱਚ ਬੋਲਿਆ, "ਇਹ ਸਭ ਗੱਲਾਂ ਮੈਂ ਉਸ ਨੂੰ ਵੀ ਪੁੱਛ ਸਕਦਾ ਸੀ। ਤੇਰੇ ਤੋਂ ਸਿਰਫ ਇਸ ਕਰਕੇ ਪੁੱਛਿਆ ਸੀ ਤਾਂ ਕਿ ਮੈਨੂੰ ਪਤਾ ਲੱਗ ਸਕੇ ਕਿ ਤੈਨੂੰ ਉਸ ਵਿੱਚ ਕਿੰਨੀ ਕੁ ਦਿਲਚਸਪੀ ਹੈ ਅਤੇ ਉਸ ਨੂੰ ਕੰਮ ਸਿਖਾਣ ਲਈ ਕਿੰਨੀ ਕੁ ਮਦਦ ਕਰ ਸਕੇਂਗਾ।"

"ਫੋਰਮੈਨ ਜੀ, ਕੰਮ ਤਾਂ ਮੈਂ ਉਸ ਨੂੰ ਸਿਖਾ ਹੀ ਰਿਹਾ ਹਾਂ। ਲਗਦਾ ਹੈ ਕਿ ਇਸ ਨੇ ਕਦੇ ਪਹਿਲਾਂ ਕੋਈ ਗੰਦਾ ਕੰਮ ਕੀਤਾ ਨਹੀਂ ਹੈ। ਇਸ ਲਈ ਉਹ ਬਦਬੂ ਤੋਂ ਪਰੇਸ਼ਾਨ ਹੋ ਗਿਆ ਹੈ ਅਤੇ ਭਿਣਕਦੀਆਂ ਮੱਖੀਆਂ ਤੋਂ ਘਬਰਾ ਰਿਹਾ ਹੈ। ਖੱਲਾਂ ਦੀ ਗਿਝਗਿਝੀ ਚਰਬੀ ਦੇਖ ਕੇ ਉਸ ਦਾ ਚਿੱਤ ਮਤਲਾਉਂਦਾ ਹੈ। ਉਸ ਨੇ ਉਲ਼ਟੀਆਂ ਵੀ ਕੀਤੀਆਂ ਹਨ। ਮੈਂ ਉਸ ਨੂੰ ਲੂਣ ਚਟਾਇਆ ਤਾਂ ਉਸ ਦੀ ਤਬੀਅਤ ਠੀਕ ਹੋਈ ਹੈ।" ਕਿਸ਼ਨੇ ਨੇ ਇੱਕ-ਇੱਕ ਸ਼ਬਦ ਤੇ

ਜ਼ੋਰ ਦਿੱਤਾ।

"ਅੱਛਾ ... ਜੇ ਉਹ ਪਿੰਡ ਤੋਂ ਆਇਆ ਹੈ ਤਾਂ ਸੇਪੀ ਕਰਦਾ ਹੋਊਗਾ। ਸ਼ਹਿਰ ਦਾ ਹੈ ਤਾਂ ਕਿਤੇ ਮਿਹਨਤ-ਮਜ਼ਦੂਰੀ ਕਰਦਾ ਹੋਊਗਾ।" ਫੋਰਮੈਨ ਹੌਲ਼ੀ-ਹੌਲ਼ੀ ਸਿਰ ਹਿਲਾਉਣ ਲੱਗਾ। "ਤਾਂ ਹੀ ਕੱਚੀ ਖੱਲ ਦੇਖ ਕੇ ਉਸ ਨੂੰ ਉਲ਼ਟੀ ਆਉਂਦੀ ਹੈ।"

"ਫੋਰਮੈਨ ਜੀ ਕੰਮ ਤਾਂ ਪ੍ਰੁੱਜ ਕੇ ਗੰਦਾ ਹੈ। ... ਨਰਕ ਦੇ ਭੋਗੀ ਵੀ ਇਹੋ ਜਿਹਾ ਗੰਦਾ ਕੰਮ ਨਹੀਂ ਕਰਦੇ ਹੋਣੇ। ਫਿਰ ਕਾਲ਼ੀ ਦਾ ਤਾਂ ਪਹਿਲਾ ਦਿਨ ਹੈ। ਉਸ ਨੇ ਜ਼ਿੰਦਗੀ ਵਿੱਚ ਸ਼ਾਇਦ ਪਹਿਲੀ ਵਾਰ ਕੱਚੀ ਖੱਲ ਨੂੰ ਹੱਥ ਲਾਇਆ ਹੈ। ਕਦੀ-ਕਦੀ ਕਾਰਖਾਨੇ ਵਿੱਚ ਇੰਨੀ ਗੰਦੀ ਖੱਲ ਆ ਜਾਂਦੀ ਹੈ ਕਿ ਐਨੇ ਸਾਲ ਇੱਥੇ ਕੰਮ ਕਰਨ ਦੇ ਬਾਵਜੂਦ ਮੈਨੂੰ ਵੀ ਉਲ਼ਟੀ ਆਉਣ ਲੱਗ ਜਾਂਦੀ ਹੈ।" ਕਿਸ਼ਨਾ ਹੁਣ ਸੱਚੇ ਦਿਲੋਂ ਕਾਲ਼ੀ ਦੀ ਹਿਮਾਇਤ ਕਰ ਰਿਹਾ ਸੀ।

"ਕੰਮ ਗੰਦਾ ਹੈ ਤਾਂ ਪੈਸੇ ਵੀ ਜ਼ਿਆਦਾ ਮਿਲ਼ਦੇ ਹਨ। ... ਤੂੰ ਦਿਨ ਦੇ ਢਾਈ-ਤਿੰਨ ਰੁਪਏ ਕਮਾ ਲੈਂਦਾ ਹੈ।"

"ਕਿਸੇ-ਕਿਸੇ ਦਿਨ ਤਾਂ ਪੂਰੇ ਤਿੰਨ ਵੀ ਬਣ ਜਾਂਦੇ ਹਨ।" ਕਿਸ਼ਨਾ ਮੁਸਕਰਾਇਆ।

"ਚੰਗੇ-ਤੋਂ-ਚੰਗੇ ਸੁਲਝੇ ਹੋਏ ਕਾਰੀਗਰ ਨੂੰ ਵੀ ਇੰਨੀ ਦਿਹਾੜੀ ਨਹੀਂ ਮਿਲ਼ਦੀ। ਆਮ ਮਜ਼ਦੂਰ ਬਾਰਾਂ ਆਨੇ ਤੋਂ ਸਵਾ ਰੁਪਈਆ ਕਮਾਉਂਦਾ ਹੈ ... ਉਹ ਵੀ ਸਾਰਾ ਦਿਨ ਖੁੱਚਾਂ ਤੁੜਵਾਉਣ ਤੋਂ ਬਾਅਦ।" ਫੋਰਮੈਨ ਨੇ ਹੈਂਕੜ ਨਾਲ਼ ਕਿਹਾ, "ਦੇਖ ਕਿਸ਼ਨਿਆਂ, ਇਹ ਤੇਰਾ ਲਾਇਆ ਹੋਇਆ ਆਦਮੀ ਹੈ। ਤੇਰੇ ਕਹਿਣ 'ਤੇ ਹੀ ਮੈਂ ਇਸ ਨੂੰ ਕੰਮ 'ਤੇ ਰੱਖਿਆ ਹੈ। ਹੁਣ ਇਹ ਤੇਰੀ ਜ਼ਿੰਮੇਵਾਰੀ ਹੈ, ਇਹਨੂੰ ਕੰਮ ਸਿਖਾ ਤੇ ਧੰਦੇ ਵਿੱਚ ਇਸ ਦਾ ਦਿਲ ਵੀ ਲੁਆ।"

"ਫੋਰਮੈਨ ਜੀ ਮੇਰਾ ਕੰਮ ਕੌਣ ਕਰੇਗਾ। ਪੰਜ ਖੱਲਾਂ ਸੀਂਅ ਕੇ ਤੇ ਬੰਨ੍ਹ ਕੇ ਹੀ ਢਾਈ ਰੁਪਏ ਮਿਲਦੇ ਹਨ। ਇੱਕ ਤਾਂ ਕੰਮ ਬਰੀਕ ਹੈ ਦੂਜਾ ਖਤਰੇ ਵਾਲ਼ਾ। ਨੁਕਸਾਨ ਹੋ ਜਾਵੇ ਤਾਂ ਤੁਸੀਂ ਸਾਰੀ ਖੱਲ ਦੇ ਪੈਸੇ ਕੱਟ ਲੈਂਦੇ ਹੋ।" ਕਿਸ਼ਨਾ ਗਿੜਗੜਾਇਆ।

"ਬੱਸ ਹੁਣ ਤੂੰ ਜਾ। ਆਪਣਾ ਕੰਮ ਕਰ। ਜਦੋਂ ਟਾਈਮ ਲੱਗੇ ਇਹਦੇ ਕੋਲ਼ ਵੀ ਚੱਕਰ ਮਾਰ ਜਾਂਈਂ। ਮੈਂ ਵੀ ਨਜ਼ਰ ਰੱਖੂੰਗਾ। ... ਬੰਸਾ ਆ ਜਾਏ ਤਾਂ ਤੇਰੇ ਆਦਮੀ ਨੂੰ ਉਹਦੇ ਸਪੁਰਦ ਕਰ ਦੇਵਾਂਗਾ। ਦੋਨੋਂ ਰਲ਼-ਮਿਲ਼ ਕੇ ਕੰਮ ਕਰਨਗੇ।" ਹੁੱਕਾ ਚੁੱਕ ਕੇ ਫੋਰਮੈਨ ਦਲਾਨ ਵੱਲ ਨੂੰ ਤੁਰ ਪਿਆ।

ਕਿਸ਼ਨੇ ਨੇ ਵੱਡੇ ਦਲਾਨ ਕੋਲ਼ ਜਾਂਦਿਆਂ ਗਰਦਨ ਘੁਮਾ ਕੇ ਕਾਲ਼ੀ ਵੱਲ ਦੇਖਿਆ ਅਤੇ ਉਸ ਨੂੰ ਖੱਲ ਨਾਲ਼ ਜੂਝਦਿਆਂ ਦੇਖ ਕੇ ਇੱਕ ਪੱਲ ਠਹਿਰ ਗਿਆ ਅਤੇ ਫਿਰ ਲੰਮੀਆਂ ਲਾਂਘਾਂ ਭਰਦਾ ਹੋਇਆ ਬੜੇ ਦਲਾਨ ਵਿੱਚ ਵੜ੍ਹ ਗਿਆ।

"ਕਿਹੜੇ ਚੱਕਰ ਵਿੱਚ ਫਸਿਆ ਹੋਇਆਂ ?" ਮਿੱਠੂ ਨੇ ਹੱਥ ਤੇ ਲੱਗੀਆਂ ਛਿੱਲਾਂ ਨੂੰ ਝਾੜਦੇ ਹੋਏ ਪੁੱਛਿਆ।

"ਚੱਕਰ ਕੋਈ ਨਹੀਂ, ਯਾਰਾ। ਇੱਕ ਨਵਾਂ ਛਲਾਰੂ ਨੌਕਰੀ 'ਤੇ ਰਖਵਾਇਆ ਹੈ। ਉਸ ਨੂੰ ਕੰਮ ਸਿਖਾ ਰਿਹਾ ਸੀ," ਕਿਸ਼ਨੇ ਨੇ ਕਾਰੋਬਾਰੀ ਅੰਦਾਜ਼ ਵਿੱਚ ਦੱਸਿਆ।

"ਯਾਰਾ, ਮੇਰਾ ਭਤੀਜਾ ਵੀ ਬੇਕਾਰ ਘੁੰਮ ਰਿਹਾ ਹੈ। ਲਫੰਡਰੀ ਕਰ ਰਿਹਾ ਹੈ। ਉਹਦੇ

ਬਾਰੇ ਵੀ ਫੋਰਮੈਨ ਨਾਲ਼ ਗੱਲ ਕਰੀਂ। ਤੇਰੀ ਗੱਲ ਮੰਨਦਾ ਹੈ।" ਮਿੱਠੂ ਨੇ ਗੋਡਿਆਂ ਅਤੇ ਬਾਹਾਂ ਤੋਂ ਛਿੱਲਾਂ ਝਾੜਦਿਆਂ ਫਰਮਾਇਸ਼ ਕੀਤੀ।

"ਨਵੇਂ ਛਲਾਰੂ ਨੂੰ ਬਹੁਤ ਬਦਬੂ ਆ ਰਹੀ ਹੈ। ਉਲ਼ਟੀਆਂ ਵੀ ਕਰ ਰਿਹਾ ਹੈ। ਦੌੜ ਗਿਆ ਤਾਂ ਤੇਰੇ ਭਤੀਜੇ ਦਾ ਨੰਬਰ ਲੁਆ ਦਿਆਂਗੇ।" ਕਿਸ਼ਨੇ ਨੇ ਭਰੋਸਾ ਦੁਆਇਆ। "ਯਾਰਾ, ਲਫੰਡਰੀ ਤਾਂ ਮੇਰਾ ਆਪਣਾ ਸਕਾ ਛੋਟਾ ਭਰਾ ਵੀ ਕਰ ਰਿਹਾ ਹੈ ਪਰ ਮੈਂ ਉਸ ਨੂੰ ਇਸ ਨਰਕ ਵਿੱਚ ਫਸਾਉਣਾ ਨਹੀਂ ਚਾਹੁੰਦਾ। ਅਸੀਂ ਤਾਂ ਇਸ ਦੇ ਭਾਗੀਦਾਰ ਬਣ ਹੀ ਗਏ ਹਾਂ। ਰਿਸ਼ਤੇਦਾਰਾਂ ਨੂੰ ਇੱਥੇ ਕਿਉਂ ਫਸਾਈਏ। ਤੂੰ ਵੀ ਆਪਣੇ ਭਤੀਜੇ ਨੂੰ ਕਿਸੇ ਹੋਰ ਕੰਮ-ਧੰਦੇ 'ਤੇ ਲੁਆ ਦੇ।"

"ਯਾਰਾ, ਬਹੁਤ ਕੋਸ਼ਿਸ਼ ਕੀਤੀ ਹੈ। ਉਸ ਨੂੰ ਖੱਡੀ ਦਾ ਕੰਮ ਸਿਖਾਉਣ ਲਈ ... ਪਰ ਉਹ ਸਿੱਖਿਆ ਹੀ ਨਹੀਂ। ... ਫਿਰ ਬਰਫ ਦੇ ਕਾਰਖਾਨੇ ਵੀ ਭੇਜਿਆ। ਉੱਥੋਂ ਵੀ ਦੌੜ ਆਇਆ। ਜਿਸਤ ਦੇ ਕਾਰਖਾਨੇ ਵਿੱਚ ਕਿਸੇ ਦੀ ਸਿਫਾਰਸ਼ ਨਾਲ਼ ਖਰਾਦੀਏ ਦਾ ਕੰਮ ਸਿੱਖਣ ਲਈ ਸ਼ਗਿਰਦ ਰੱਖਵਾਇਆ। ਕੁੱਝ ਰੁਪਏ ਵੀ ਖਰਚੇ। ਪਗੜੀ, ਲੱਡੂਆਂ ਦਾ ਡੱਬਾ ਅਤੇ ਗਿਆਰਾਂ ਰੁਪਏ ਉਸਤਾਦ ਨੂੰ ਨਜ਼ਰ ਵਜੋਂ ਦਿੱਤੇ, ਮੱਥਾ ਟਿਕਾਈ ਦੇ ...। ਪਰ ਚਾਰ ਦਿਨਾਂ ਬਾਅਦ ਰੋਂਦਾ-ਰੋਂਦਾ ਆ ਗਿਆ ਕਿ ਉਸਤਾਦ ਬਹੁਤ ਤੰਗ ਕਰਦਾ ਹੈ। ਗਾਲ਼ਾਂ ਕੱਢਦਾ ਹੈ, ਪਿੱਤਲ ਦਾ ਢੇਲਾ ਚੁੱਕ ਕੇ ਮਾਰਦਾ ਹੈ। ਜਿਹੜਾ ਅੰਗ ਮੋਹਰੇ ਆ ਜਾਵੇ ਉੱਥੇ ਹੀ ਹਥੌੜਾ ਮਾਰ ਦਿੰਦਾ ਹੈ।"

"ਚਲੋ, ਜੋ ਉਹਦੀ ਕਿਸਮਤ ਵਿੱਚ ਲਿਖਿਆ ਹੈ, ਉਹਨੂੰ ਜ਼ਰੂਰ ਮਿਲ਼ੇਗਾ। ਜਿਥੇ ਦਾ ਅੰਨ-ਜਲ ਹੋਊਗਾ ਉੱਥੇ ਪਹੁੰਚ ਹੀ ਜਾਊ।" ਗੱਲ ਖਤਮ ਕਰਕੇ ਕਿਸ਼ਨਾ ਅਗਾਂਹ ਤੁਰ ਪਿਆ।

ਕਾਲ਼ੀ ਖੱਲ ਦੀ ਬਦਬੂ ਅਤੇ ਗਿਝਗਿਝੇਪਨ ਉੱਪਰ ਕਾਬੂ ਪਾਉਣ ਅਤੇ ਕੰਮ ਵਿੱਚ ਮਨ ਲਾਉਣ ਦਾ ਯਤਨ ਕਰ ਰਿਹਾ ਸੀ। ਪਰ ਉਹਦੇ ਕੰਨ ਪਹਿਲਾਂ ਫੋਰਮੈਨ ਅਤੇ ਕਿਸ਼ਨੇ ਤੇ ਬਾਅਦ ਵਿੱਚ ਮਿੱਠੂ ਅਤੇ ਕਿਸ਼ਨੇ ਦੀ ਗੱਲਬਾਤ ਵੱਲ ਲੱਗੇ ਹੋਏ ਸਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਾਲ਼ੀ ਨੂੰ ਕਦੀ ਡਰ ਲੱਗਣ ਲੱਗ ਜਾਂਦਾ ਕਿ ਫੋਰਮੈਨ ਧੱਕੇ ਮਾਰ-ਮਾਰ ਕੇ ਉਸ ਨੂੰ ਕਾਰਖਾਨੇ ਵਿੱਚੋਂ ਬਾਹਰ ਕੱਢ ਦੇਵੇਗਾ। ਫਿਰ ਅਗਲੇ ਹੀ ਪੱਲ ਉਨ੍ਹਾਂ ਦੀ ਬਦਲੀ ਹੋਈ ਗੱਲ-ਬਾਤ ਸੁਣ ਕੇ ਖੁਸ਼ ਹੋ ਜਾਂਦਾ ਅਤੇ ਉਸ ਨੂੰ ਵਿਸ਼ਵਾਸ ਜਿਹਾ ਹੋ ਜਾਂਦਾ ਕਿ ਫੋਰਮੈਨ ਦੀ ਕਿਰਪਾ ਉਸ 'ਤੇ ਬਣੀ ਰਹੇਗੀ।

ਕਾਲ਼ੀ ਨੇ ਲੰਮਾ ਸਾਹ ਲਿਆ ਕਿ ਕੰਮ ਗੰਦਾ ਅਤੇ ਬਿਮਾਰੀਆਂ ਦਾ ਘਰ ਸਹੀ, ਪਰ ਮਜ਼ਦੂਰੀ ਵੀ ਤਾਂ ਜ਼ਿਆਦਾ ਮਿਲ਼ਦੀ ਹੈ। ਕੰਮ ਸਿੱਖ ਜਾਣ 'ਤੇ ਇੱਕ ਦਿਨ ਦੇ ਦੋ ਰੁਪਏ... ਵਾਧੂ ਕੰਮ ਦੇ ਅਲੱਗ ਪੈਸੇ। ਮਤਲਬ ਮਿਹਨਤ ਦਾ ਮੁੱਲ ਮਿਲ਼ ਹੀ ਜਾਂਦਾ ਹੈ।

ਕਾਲ਼ੀ ਨੇ ਦਿਮਾਗ 'ਤੇ ਜ਼ੋਰ ਦੇ ਕੇ ਹਿਸਾਬ ਲਾਇਆ ਕਿ ਦੋ ਰੁਪਏ ਦਿਹਾੜੀ ਦੇ ਹਿਸਾਬ ਨਾਲ਼ ਤੀਹਾਂ ਦਿਨਾਂ ਬਾਅਦ ਉਸ ਨੂੰ ਸੱਠ ਰੁਪਏ ਮਿਲ਼ਣਗੇ ਤਾਂ ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਅਤੇ ਹੈਰਾਨੀ ਨਾਲ਼ ਉਸ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਬੇਯਕੀਨੀ

ਅਤੇ ਖੁਸ਼ੀ ਦੇ ਇਨ੍ਹਾਂ ਪਲਾਂ ਵਿੱਚ ਉਹ ਖੱਲਾਂ ਦੀ ਬਦਬੂ, ਗਿਝਗਿਝੇਪਨ ਅਤੇ ਆਲ਼ੇ-ਦੁਆਲ਼ੇ ਦੀ ਗੰਦਗੀ ਨੂੰ ਬਿਲਕੁਲ ਹੀ ਭੁੱਲ ਗਿਆ। ਇਸ ਕਾਰਖਾਨੇ ਵਿੱਚ ਆਉਣ ਦੇ ਬਾਅਦ ਉਸ ਨੇ ਪਹਿਲੀ ਵਾਰ ਖੁੱਲ ਕੇ ਡੂੰਘਾ ਸਾਹ ਲਿਆ। ਉਸ ਨੂੰ ਬਹੁਤ ਲੰਬੇ ਸਮੇਂ ਬਾਅਦ ਆਪਣੀ ਅਹਿਮੀਅਤ ਅਤੇ ਹੈਸੀਅਤ ਦਾ ਅਹਿਸਾਸ ਹੋਇਆ ਅਤੇ ਉਸ ਨੇ ਗਰਦਨ ਉੱਪਰ ਚੁੱਕ ਕੇ ਆਪਣੇ ਚਾਰੇ ਪਾਸੇ ਦੇਖਿਆ ਅਤੇ ਇਸ ਤਰ੍ਹਾਂ ਨਜ਼ਰ ਦੁੜਾਈ ਜਿਵੇਂ ਹਰ ਚੀਜ਼ ਦਾ ਚੰਗੀ ਤਰ੍ਹਾਂ ਜਾਇਜ਼ਾ ਲੈਣਾ ਚਾਹੁੰਦਾ ਹੋਵੇ।

ਦਲਾਨਾਂ ਦੇ ਪਿੱਛੇ ਛੱਪੜ ਦੇ ਕੰਢੇ ਖੁੱਲੇ ਮੈਦਾਨ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਜਦ ਮੰਜੀ 'ਤੇ ਬੈਠੇ-ਬੈਠੇ ਫੋਰਮੈਨ ਨੇ ਝਿੜਕਾਂ ਮਾਰੀਆਂ ਅਤੇ ਇੱਕ ਹੀ ਸਾਹ ਵਿੱਚ ਬਹੁਤ ਸਾਰੀਆਂ ਗੰਦੀਆਂ ਗਾਲ਼ਾਂ ਕੱਢ ਕੇ ਉਨ੍ਹਾਂ ਦੀਆਂ ਸੱਤ ਪੁਸ਼ਤਾਂ ਨੂੰ ਪੁਣ ਦਿੱਤਾ ਤਾਂ ਕਾਲ਼ੀ ਵੀ ਸਾਵਧਾਨ ਹੋ ਗਿਆ। ਉਹ ਸੁਫਨਿਆਂ ਦੀ ਸੁਨਹਿਰੀ ਦੁਨੀਆਂ ਵਿੱਚੋਂ ਨਿਕਲ਼ ਕੇ ਇੱਕ ਵਾਰ ਫਿਰ ਉਸ ਜ਼ਮੀਨ 'ਤੇ ਆ ਗਿਆ ਜਿਥੇ ਚਾਰੇ ਪਾਸੇ ਗੰਦਗੀ ਅਤੇ ਬਦਬੂ-ਹੀ-ਬਦਬੂ ਸੀ।

ਜਦ ਹੌਜ ਵਿੱਚ ਚੌਥੀ ਖੱਲ ਸਿੱਟ ਕੇ ਕਾਲ਼ੀ ਪਾਣੀ ਦੇ ਛਿੱਟਿਆਂ ਤੋਂ ਬਚਣ ਲਈ ਪਿੱਛੇ ਹਟਿਆ ਤਾਂ ਫੋਰਮੈਨ ਨੇ ਮੰਜੀ 'ਤੇ ਬੈਠਿਆਂ ਹੀ ਅਵਾਜ਼ ਦਿੱਤੀ, "ਕੀ ਕਰ ਰਿਹੈਂ ਤੂੰ ? ਖੱਲ ਨੂੰ ਹੌਲ਼ੀ ਜਿਹੀ ਸਿੱਟ। ਜ਼ੋਰ ਨਾਲ਼ ਸਿੱਟਣ 'ਤੇ ਸਾਰਾ ਪਾਣੀ ਬਾਹਰ ਡੁੱਲਦਾ ਹੈ। ਇਹਨੂੰ ਦੁਬਾਰਾ ਕੀ ਤੇਰਾ ਬਾਪ ਭਰੂਗਾ ?"

ਕਾਲ਼ੀ ਨੇ ਇੱਕ ਵਾਰ ਫੋਰਮੈਨ ਵੱਲ ਦੇਖਿਆ। ਫਿਰ ਸਹਿਮ ਕੇ ਅੱਖਾਂ ਨੀਵੀਆਂ ਕਰ ਲਈਆਂ ਅਤੇ ਗਰਦਣ ਝੁਕਾ ਕੇ ਖੱਲਾਂ ਦੇ ਢੇਰ ਵੱਲ ਨੂੰ ਤੁਰ ਪਿਆ। ਢੇਰ 'ਤੇ ਸਭ ਤੋਂ ਉੱਪਰ ਪਈ ਖੱਲ ਨੂੰ ਛੂਹਦਿਆਂ ਹੀ ਇੱਕ ਵਾਰ ਫਿਰ ਉਸ ਦਾ ਦਿਲ ਕੱਚਾ ਹੋਣ ਲੱਗਾ। ਕਾਲ਼ੀ ਨੇ ਆਪਣੇ ਹੱਥ ਖਿੱਚ ਲਏ ਅਤੇ ਪਿਸ਼ਾਬ ਕਰਨ ਦੇ ਬਹਾਨੇ ਕੰਧ ਦੇ ਕੋਲ਼ ਜਾ ਖੜ੍ਹਾ ਹੋਇਆ। ਉਹ ਫੋਰਮੈਨ ਵੱਲ ਪਿੱਠ ਕਰਕੇ ਉਲ਼ਟੀ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਵਾਰ-ਵਾਰ ਥੁੱਕ ਰਿਹਾ ਸੀ ਲੇਕਿਨ ਨਮਕੀਨ ਅਤੇ ਖੱਟਾ ਪਾਣੀ ਜਿਵੇਂ ਉਹਦੇ ਮੂੰਹ ਵਿੱਚੋਂ ਉਛਲ-ਉਛਲ ਕੇ ਬਾਹਰ ਆਉਣਾ ਚਾਹੁੰਦਾ ਸੀ।

ਜਦ ਉਸ ਦਾ ਜੀਅ ਕਿਸੇ ਹੱਦ ਤੱਕ ਸੰਭਲ ਗਿਆ ਤਾਂ ਕਾਲ਼ੀ ਫਿਰ ਖੱਲਾਂ ਦੇ ਕੋਲ਼ ਆ ਖੜ੍ਹਾ ਹੋਇਆ। ਉਨ੍ਹਾਂ ਉੱਪਰ ਮੱਖੀਆਂ ਦੀ ਇੱਕ ਵੱਖਰੀ ਤਹਿ ਜਿਹੀ ਬਣੀ ਹੋਈ ਸੀ। ਇਹ ਖਿਆਲ ਆਉਂਦਿਆਂ ਹੀ ਕਾਲ਼ੀ ਦੇ ਹੱਥਾਂ ਵਿੱਚ ਇੱਕ ਵਾਰ ਫਿਰ ਫੁਰਤੀ ਆ ਗਈ ਕਿ ਕੰਮ ਸਿੱਖਣ ਪਿੱਛੋਂ ਉਹਨੂੰ ਦੋ ਰੁਪਏ ਦਿਹਾੜੀ ਮਿਲ਼ੇਗੀ ਜਦ ਕਿ ਇਸ ਤੋਂ ਪਹਿਲਾਂ ਉਸ ਨੇ ਸ਼ਹਿਰ ਵਿੱਚ ਦਸ-ਬਾਰਾਂ ਆਨੇ ਦਿਹਾੜੀ ਤੋਂ ਵੱਧ ਕਦੀ ਨਹੀਂ ਸੀ ਬਣਾਇਆ।

ਕਾਲ਼ੀ ਨੇ ਅੱਖਾਂ ਬੰਦ ਕਰਕੇ ਚੇਚਕ ਨਾਲ਼ ਮਰੇ ਪਸ਼ੂ ਦੀ ਖੱਲ ਨੂੰ ਦੋਵਾਂ ਹੱਥਾਂ ਨਾਲ਼ ਚੁੱਕਿਆ ਅਤੇ ਪੂਰੇ ਜ਼ੋਰ ਨਾਲ਼ ਖਿੱਚ ਕੇ ਹੌਜ ਵਿੱਚ ਸਿੱਟ ਦਿੱਤਾ। ਹੌਜ ਦੇ ਪਾਣੀ ਵਿੱਚ ਇੱਕ ਵਾਰ ਫਿਰ ਬੁਰੀ ਤਰ੍ਹਾਂ ਉਛਾਲ ਆਇਆ।

"ਇਸ ਬੇਵਕੂਫ ਨੂੰ ਸਮਝਾ ... ਹੌਜ ਵਿੱਚ ਖੱਲ ਕਿਸ ਤਰ੍ਹਾਂ ਪਾਈ ਜਾਂਦੀ ਹੈ। ਆ ਜਾਂਦੇ ਹੈ ਆਪਣੀ ਮਾਂ ਦੇ ਕੁੱਛੜੋਂ ਉੱਠ ਕੇ ... ਕਮਾਈ ਕਰਨ।" ਫੋਰਮੈਨ ਨੇ ਆਪਣੇ ਵਾਕ ਨੂੰ

ਗਾਲ਼ਾਂ ਨਾਲ਼ ਪਰੋਂਦਿਆਂ ਹੌਜ ਵੱਲ ਜਾ ਰਹੇ ਬੰਸੇ ਨੂੰ ਹਦਾਇਤ ਕੀਤੀ।

"ਫੋਰਮੈਨ ਜੀ, ਕੀ ਕੋਈ ਨਵਾਂ ਆਦਮੀ ਰੱਖਿਆ ਹੈ ?" ਬੰਸੇ ਨੇ ਕਾਲ਼ੀ ਵੱਲ ਭਰਪੂਰ ਨਜ਼ਰਾਂ ਨਾਲ਼ ਤੱਕਿਆ।

"ਹਾਂ, ਅੱਜ ਸਵੇਰੇ ਹੀ ਆਇਆ ਹੈ। ਕਿਸ਼ਨੇ ਦੇ ਪਿੰਡ ਦਾ ਕੋਈ ਆਦਮੀ ਇਸ ਨੂੰ ਇੱਥੇ ਲਿਆਇਆ ਸੀ। ਕੰਮ ਕਰ ਸਕਿਆ ਤਾਂ ਰੱਖ ਲਵਾਂਗੇ।" ਫੋਰਮੈਨ ਨੇ ਬੰਸੇ ਨੂੰ ਸਮਝਾਇਆ ਅਤੇ ਫਿਰ ਹੁੱਕਾ ਹੱਥ ਵਿੱਚ ਲਈ ਕਾਹਲ਼ੀ-ਕਾਹਲ਼ੀ ਕਦਮ ਪੁੱਟਦਾ ਅਤੇ ਮੋਟੀਆਂ-ਮੋਟੀਆਂ ਗਾਲ਼ਾਂ ਕੱਢਦਾ ਪਰਲੇ ਦਲਾਨ ਵੱਲ ਨੂੰ ਚਲੇ ਗਿਆ।

ਬੰਸਾ ਅਤੇ ਕਾਲ਼ੀ ਆਪਣੇ ਆਪਣੇ ਥਾਂ ਖੜ੍ਹੇ ਫੋਰਮੈਨ ਦੀਆਂ ਗਾਲ਼ਾਂ ਸੁਣਦੇ ਰਹੇ। ਦੂਰ ਚਲੇ ਜਾਣ ਦੇ ਕਾਰਨ ਉਸ ਦੀ ਅਵਾਜ਼ ਸਪਸ਼ਟ ਸੁਣਾਈ ਨਹੀਂ ਸੀ ਦੇ ਰਹੀ। ਬੰਸੇ ਨੇ ਸਿਰ ਨੂੰ ਹਲਕਾ ਜਿਹਾ ਝਟਕਾ ਮਾਰਿਆ ਅਤੇ ਹੌਲ਼ੀ-ਹੌਲ਼ੀ ਤੁਰਦਾ ਕਾਲ਼ੀ ਦੇ ਕੋਲ਼ ਆ ਖੜ੍ਹਾ ਹੋਇਆ। ਕਾਲ਼ੀ ਨੇ ਵੀ ਉਸ ਵੱਲ ਦੇਖਿਆ ਅਤੇ ਮੁਸਕਰਾ ਕੇ ਤੇ ਮੱਥੇ ਨੂੰ ਛੂਹ ਕੇ ਬੰਸੇ ਨੂੰ ਬੰਦਗੀ ਕੀਤੀ। ਜਵਾਬ ਵਿੱਚ ਬੰਸੇ ਦੇ ਹੋਠਾਂ 'ਤੇ ਵੀ ਹਲਕੀ ਜਿਹੀ ਮੁਸਕਰਾਹਟ ਫੈਲ ਗਈ। ਬੰਸੇ ਨੇ ਕੱਚੀਆਂ ਖੱਲਾਂ ਦੇ ਢੇਰ ਵੱਲ ਦੇਖਿਆ। ਦੋਵਾਂ ਸਿਰਿਆਂ ਨੂੰ ਛੂਹ ਕੇ ਅੱਖਾਂ ਬੰਦ ਕਰ ਲਈਆਂ ਅਤੇ ਹੱਥ ਜੋੜ ਕੁੱਝ ਪਲ ਗੁਣਗਣਾਇਆ। ਫਿਰ ਹੌਜ ਨੇੜੇ ਕਾਲ਼ੀ ਦੇ ਕੋਲ਼ ਆ ਕੇ ਉਹ ਪਈਆਂ ਖੱਲਾਂ ਵੱਲ ਦੇਖਣ ਲੱਗਾ।

"ਹੌਜ ਵਿੱਚ ਕਿੰਨੀਆਂ ਖੱਲਾਂ ਪਾਈਆਂ ਹਨ ?"

"ਚਾਰ।" ਕਾਲ਼ੀ ਨੇ ਇਕਦਮ ਜਵਾਬ ਦਿੱਤਾ ਜਿਵੇਂ ਉਸ ਨੂੰ ਸਭ ਕੁੱਝ ਜ਼ੁਬਾਨੀ ਯਾਦ ਸੀ।

"ਸੂਰਜ ਛਿਪਣ ਤੋਂ ਪਹਿਲਾਂ ਇਸ ਸਾਰੇ ਢੇਰ ਨੂੰ ਧੋਣਾ ਹੈ। ਨਹੀਂ ਤਾਂ ਹਨੇਰੇ ਵਿੱਚ ਕੰਮ ਕਰਨਾ ਪੈਣਾ ਹੈ ਅਤੇ ਰੋਟੀ ਦੀ ਥਾਂ ਫੋਰਮੈਨ ਦੀਆਂ ਮੋਟੀਆਂ-ਮੋਟੀਆਂ ਗਾਲ਼ਾਂ ਹੀ ਢਿੱਡ ਭਰਨ ਨੂੰ ਮਿਲ਼ਣਗੀਆਂ।" ਬੰਸੇ ਨੇ ਕਾਲ਼ੀ ਨੂੰ ਚਿਤਾਵਨੀ ਦਿੱਤੀ।

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਉਹ ਹੋਰ ਵੀ ਜ਼ਿਆਦਾ ਸਹਿਮ ਗਿਆ। ਉਸ ਦਾ ਸਾਹ ਰੁਕਣ ਲੱਗਾ ਕਿ ਜੇ ਉਸ ਨੇ ਕੰਮ ਚੰਗੀ ਤਰ੍ਹਾਂ ਨਾ ਕੀਤਾ ਤਾਂ ਇਹ ਨੌਕਰੀ ਵੀ ਚਲੇ ਜਾਏਗੀ।

ਇਸ ਤੋਂ ਅਗਾਂਹ ਉਹ ਕੁੱਝ ਨਾ ਸੋਚ ਸਕਿਆ। ਉਸ ਦੇ ਸਾਰੇ ਸਰੀਰ ਵਿੱਚ ਅਜਿਹੀ ਚੀਸ ਉੱਠੀ ਕਿ ਅੱਖਾਂ ਦੇ ਅੱਗੇ ਹਨੇਰਾ ਛਾ ਗਿਆ। ਉਹ ਹੱਥ ਜੋੜ ਕੇ ਬੰਸੇ ਅੱਗੇ ਮਿੰਨਤਾਂ ਕਰਨ ਲੱਗਾ, "ਮੈਂ ਪਹਿਲਾਂ ਕਦੇ ਅਜਿਹਾ ਕੰਮ ਨਹੀਂ ਕੀਤਾ। ਕੱਚਾ ਚਮੜਾ ਕਮਾਉਣਾ ਤਾਂ ਇੱਕ ਪਾਸੇ, ਮੈਂ ਤਾਂ ਕਦੇ ਖੱਲਾਂ ਨੂੰ ਹੱਥ ਵੀ ਨਹੀਂ ਲਾਇਆ। ਪਿੰਡ ਦੀ ਹੱਡਾ-ਰੋੜੀ ਵਿੱਚ ਲੋਕਾਂ ਨੂੰ ਜਾਨਵਰ ਦੀ ਖੱਲ ਲਾਹੁੰਦਿਆਂ ਇੱਕ-ਦੋ ਵਾਰ ਦੇਖਿਆ ਜ਼ਰੂਰ ਸੀ।"

"ਸਾਰੇ ਕੰਮ ਕਰਨ ਨਾਲ਼ ਹੀ ਆਉਂਦੇ ਹਨ। ਮਾਂ ਦੇ ਢਿੱਡ ਵਿੱਚੋਂ ਸਿੱਖ ਕੇ ਤਾਂ ਕੋਈ ਵੀ ਨਹੀਂ ਜੰਮਦਾ। ਢਿੱਡ ਸਭ ਕੁੱਝ ਸਿਖਾ ਦਿੰਦਾ ਹੈ।" ਬੰਸੇ ਨੇ ਪਿੱਛੇ ਮੁੜਦਿਆਂ ਕਾਲ਼ੀ ਨੂੰ ਉਪਦੇਸ਼ ਦਿੱਤਾ, "ਆ ਮੇਰੇ ਨਾਲ਼।"

ਉਹਦੇ ਪਿੱਛੇ-ਪਿੱਛੇ ਕਾਲ਼ੀ ਵੀ ਖੱਲਾਂ ਦੇ ਢੇਰ ਕੋਲ਼ ਪਹੁੰਚ ਗਿਆ। ਬੰਸੇ ਨੇ ਵਰਾਂਡੇ ਦੇ ਥੰਮ ਵਿੱਚ ਬਣੇ ਆਲ਼ੇ ਵਿੱਚੋਂ ਸਰੋਂ ਦੇ ਤੇਲ ਨਾਲ਼ ਭਰੀ ਇੱਕ ਮੈਲ਼ੀ ਜਿਹੀ ਕੁੱਪੀ ਚੁੱਕੀ ਅਤੇ ਉਸ ਨੂੰ ਉਲੱਦ ਕੇ ਖੱਬੇ ਹੱਥ ਦੀ ਤਲ਼ੀ 'ਤੇ ਤੇਲ ਪਾਇਆ। ਕੁੱਪੀ ਨੂੰ ਵਾਪਿਸ ਆਲ਼ੇ ਵਿੱਚ ਰੱਖ ਕੇ ਉਸ ਨੇ ਦੋਵਾਂ ਹੱਥਾਂ ਨੂੰ ਮਲ਼ਿਆ ਤਾਂ ਕਿ ਹਥੇਲੀਆਂ 'ਤੇ ਇਕੋ ਜਿਹਾ ਤੇਲ ਲੱਗ ਜਾਵੇ। ਫਿਰ ਉਸ ਨੇ ਸੱਜਾ ਹੱਥ ਖੱਬੀ ਬਾਂਹ ਉੱਤੇ ਅਤੇ ਖੱਬਾ ਹੱਥ ਸੱਜੀ ਬਾਂਹ 'ਤੇ ਫੇਰਿਆ। ਫਿਰ ਉਸ ਨੇ ਦੋਵਾਂ ਹੱਥਾਂ ਨੂੰ ਪੇਟ ਅਤੇ ਛਾਤੀ ਉੱਤੇ ਜ਼ੋਰ-ਜ਼ੋਰ ਨਾਲ਼ ਰਗੜਿਆ ਤਾਂ ਕਿ ਤੇਲ ਦੀ ਥੰਧਿਆਈ ਚੰਗੀ ਤਰ੍ਹਾਂ ਲੱਗ ਜਾਵੇ।

ਬੰਸੇ ਨੇ ਇੱਕ ਵਾਰ ਫਿਰ ਕੁੱਪੀ ਚੁੱਕੀ ਅਤੇ ਬਹੁਤ ਸਾਰਾ ਤੇਲ ਖੱਬੀ ਹਥੇਲੀ ਤੇ ਪਾਇਆ ਅਤੇ ਦੋਵਾਂ ਹੱਥਾਂ ਨਾਲ਼ ਲੱਤਾਂ ਤੇ ਰਗੜਿਆ। ਫਿਰ ਉਸ ਨੇ ਸੱਜੇ ਹੱਥ ਦੀ ਵੱਡੀ ਉਂਗਲੀ ਦੇ ਨਹੁੰ ਨਾਲ਼ ਪਹਿਲਾਂ ਸੱਜੀ ਅਤੇ ਫਿਰ ਖੱਬੀ ਲੱਤ ਨੂੰ ਖੁਰਚਿਆ ਅਤੇ ਉਂਗਲੀ ਤੇ ਮੈਲ਼ੀ ਚਿਕਨਾਹਟ ਦਾ ਜਾਇਜ਼ਾ ਲੈ ਕੇ ਦੋਵਾਂ ਲੱਤਾਂ 'ਤੇ ਖਾਜ ਦੀ ਲਕੀਰ ਦੇਖ ਕੇ ਉਸ ਨੇ ਲੰਮਾ ਸਾਹ ਲਿਆ। ਕਾਲ਼ੀ ਵੱਲ ਦੇਖ ਕੇ ਉਸ ਨੇ ਪੁੱਛਿਆ, "ਤੂੰ ਸਰੀਰ ਨੂੰ ਤੇਲ ਲਾਇਆ ਜਾਂ ਨਹੀਂ ?"

"ਨਹੀਂ।"

"ਤੂੰ ਪਹਿਲਾਂ ਤੇਲ ਲਾ ਲੈ। ਸਰੀਰ ਤੇ ਥੰਧਿਆਈ ਹੋਵੇ ਤਾਂ ਲੂਣ ਅਤੇ ਚੂਨੇ ਦੇ ਪਾਣੀ ਦਾ ਅਸਰ ਘੱਟ ਹੁੰਦਾ ਹੈ। ਆਦਮੀ ਖਾਜ-ਖੁਜਲੀ ਤੋਂ ਥੋੜ੍ਹਾ ਬਚਿਆ ਰਹਿੰਦਾ ਹੈ। ਚਰਬੀ ਦੇ ਛਿੱਟੇ ਵੀ ਸਰੀਰ 'ਤੇ ਨਹੀਂ ਟਿੱਕਦੇ।" ਬੰਸੇ ਨੇ ਕਾਲ਼ੀ ਨੂੰ ਸਮਝਾਇਆ।

ਬੰਸੇ ਦੇ ਕਹਿਣ 'ਤੇ ਕਾਲ਼ੀ ਵੀ ਆਪਣੇ ਸਰੀਰ 'ਤੇ ਤੇਲ ਲਾਉਣ ਲੱਗਾ। ਬੰਸੇ ਨੇ ਢੇਰ ਦੇ ਦੁਆਲ਼ੇ ਘੁੰਮ ਕੇ ਖੱਲਾਂ ਦੀ ਜਾਂਚ ਕੀਤੀ। ਫਿਰ ਕਾਲ਼ੀ ਵੱਲ ਨੂੰ ਮੁੜਦਾ ਹੋਇਆ ਬੁੜਬੁੜਾਇਆ, "ਠੇਕੇਦਾਰ ਨੇ ਬਹੁਤ ਗੰਦਾ ਮਾਲ ਭੇਜਿਆ ਹੈ। ਇਹੋ ਜਿਹੇ ਮਾਲ 'ਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ। ਸਮਾਂ ਜ਼ਿਆਦਾ ਲਗਦਾ ਹੈ ਪਰ ਪੈਸੇ ਉਨੇ ਹੀ ਮਿਲ਼ਦੇ ਹਨ। ਇਸ ਤਰ੍ਹਾਂ ਕੰਮ ਜ਼ਿਆਦਾ ਅਤੇ ਦਿਹਾੜੀ ਘੱਟ ਹੋ ਜਾਂਦੀ ਹੈ। ... ਸਾਲ਼ਾ, ਹਮੇਸ਼ਾ ਆਪਣਾ ਫਾਇਦਾ ਹੀ ਦੇਖਦਾ ਹੈ। ਕਾਮਾ ਬੇਸ਼ਕ ਮਰ ਜਾਵੇ। ... ਇਨ੍ਹਾਂ (ਪਸ਼ੂਆਂ) ਆਪਣੀ ਮਾਂ ਦੇ ਖਸਮਾਂ ਨੇ ਵੀ ਇੱਕ ਹੀ ਦਿਨ ਜਾਨ ਦੇਣੀ ਸੀ।"

ਬੰਸੇ ਨੂੰ ਖਿਝਿਆ ਦੇਖ ਕੇ ਅਤੇ ਉਸ ਦੀਆਂ ਤਲਖ ਗੱਲਾਂ ਸੁਣ ਕੇ ਕਾਲ਼ੀ ਸਹਿਮ ਗਿਆ ਅਤੇ ਭੈ-ਭੀਤ ਹੋਇਆ ਉਸ ਵੱਲ ਦੇਖਣ ਲੱਗਾ।

"ਪਤਾ ਨਹੀਂ, ਸਾਲ਼ੇ ਕਿਥੋਂ ਬਿਮਾਰੀ ਨਾਲ਼ ਮਰੇ ਪਸ਼ੂਆਂ ਦੀਆਂ ਖੱਲਾਂ ਲਿਆਉਂਦੇ ਹਨ। ਚਾਹੇ ਖੱਲ ਖਿੱਚਣ ਅਤੇ ਕਮਾਉਣ ਵਾਲ਼ੇ ਨੂੰ ਵੀ ਉਹ ਹੀ ਬਿਮਾਰੀ ਲੱਗ ਜਾਵੇ।" ਬੰਸਾ ਹੋਰ ਵੀ ਜ਼ਿਆਦਾ ਖਿੱਝ ਗਿਆ।

"ਤੇਰੇ ਲਈ ਕੀ ਸਲਾਟਰ ਹਾਊਸ ਤੋਂ ਭੇਡ-ਬੱਕਰੀ ਦੀਆਂ ਖੱਲਾਂ ਆਉਣਗੀਆਂ। ਉਹ ਖੱਲਾਂ ਤਾਂ ਸਿੱਧੀਆਂ ਮਸ਼ੀਨੀ ਕਾਰਖਾਨਿਆਂ ਨੂੰ ਜਾਂਦੀਆਂ ਹਨ। ਪੱਚੀ-ਤੀਹ ਰੁਪਏ ਦੀ ਇੱਕ ਖੱਲ ਹੁੰਦੀ ਹੈ। ਵਿਲਾਇਤੀ ਮਸ਼ੀਨਾਂ ਨਾਲ਼ ਚਮੜਾ ਕਮਾਉਂਦੇ ਹਨ ... ਵਿਲਾਇਤੀ ਬੂਟ

ਬਣਾਉਣ ਲਈ। ਮਰੇ ਹੋਏ ਝੋਟੇ, ਮੱਝਾਂ ਅਤੇ ਗਊਆਂ ਦੀਆਂ ਖੱਲਾਂ ਇੱਥੇ ਆਉਂਦੀਆਂ ਹਨ। ਇਨ੍ਹਾਂ ਨੂੰ ਕਮਾਉਂਦੇ-ਕਮਾਉਂਦੇ ਆਪਾਂ ਤਾਂ ਮਰ ਹੀ ਰਹੇ ਹਾਂ। ਜਿਹੜੇ ਉਨ੍ਹਾਂ ਦੀਆਂ ਜੁੱਤੀਆਂ ਪਾਉਂਦੇ ਹਨ ਉਨ੍ਹਾਂ ਦੇ ਪੈਰਾਂ ਵਿੱਚ ਵੀ ਇੱਕ-ਦੋ ਦਿਨਾਂ ਵਿੱਚ ਚਮਰਸ ਹੋ ਜਾਂਦਾ ਹੈ। ਚਮੜੇ ਨੂੰ ਨਰਮ ਕਰਨ ਲਈ ਉਸ ਨੂੰ ਚੰਗੀ ਤਰ੍ਹਾਂ ਸਰੋਂ ਦੇ ਤੇਲ ਵਿੱਚ ਭਿਉਣਾ ਪੈਂਦਾ ਹੈ।" ਬਰਾਂਡੇ ਦੇ ਕੋਲ਼ ਖੜ੍ਹਾ ਕਿਸ਼ਨਾ ਮੁਸਕਰਾਇਆ।

"ਪਤੰਦਰ ਨੇ ਤੈਨੂੰ ਇੱਥੇ ਦੇਖ ਲਿਆ ਤਾਂ ਤੇਰੀ ਵੀ ਖੱਲ ਖਿੱਚ ਲਵੇਗਾ।" ਬੰਸੇ ਨੇ ਕਿਸ਼ਨੇ ਨੂੰ ਚਿਤਾਵਨੀ ਦਿੱਤੀ।

"ਬੰਸੇ ਭਾਅ, ਚਿੰਤਾ ਨਾ ਕਰ। ਫੋਰਮੈਨ ਉੱਧਰ ਕਿਰਪੂ, ਜਿੰਦਰ ਅਤੇ ਬਾਕੀ ਲੋਕਾਂ ਨਾਲ਼ ਪ੍ਰੇਮ-ਅਲਾਪ ਕਰ ਰਿਹਾ ਹੈ। ਦਾਦਾ-ਦਾਦੀ, ਮਾਂ-ਬਾਪ, ਭੈਣ-ਭਰਾ, ਸਾਲ਼ਾ-ਭਣੋਈਆ ਸਾਰਿਆਂ ਨੂੰ ਇੱਕ ਹੀ ਲੜੀ ਵਿੱਚ ਪਰੋ ਰਿਹਾ ਹੈ।" ਕਿਸ਼ਨਾ ਮੁਸਕਰਾਇਆ। ਫਿਰ ਗੰਭੀਰ ਹੋ ਕੇ ਕਾਲ਼ੀ ਵੱਲ ਇਸ਼ਾਰਾ ਕੀਤਾ, "ਇਹਦਾ ਧਿਆਨ ਰੱਖੀਂ। ਨਵਾਂ ਆਦਮੀ ਹੈ ਚੰਗੀ ਤਰ੍ਹਾਂ ਕੰਮ ਸਿਖਾਉਣਾ। ਮੈਂ ਵੀ ਗੇੜਾ ਮਾਰਦਾ ਰਹੂੰਗਾ।"

"ਕੀ ਇਹ ਤੇਰਾ ਰਿਸ਼ਤੇਦਾਰ ਹੈ ?" ਬੰਸੇ ਨੇ ਇੱਕ ਅੱਖ ਦਬਾ ਦਿੱਤੀ।

"ਰਿਸ਼ਤੇਦਾਰ ਤਾਂ ਨਹੀਂ ਪਰ ਆਪਣੀ ਜਾਣ-ਪਹਿਚਾਣ ਦਾ ਹੈ।"

"ਇਹ ਕਿਹਦਾ ਆਦਮੀ ਹੈ ? ਫੋਰਮੈਨ ਨੇ ਵੀ ਇਹੀ ਤਾਗੀਦ ਕੀਤੀ ਹੈ। ਹੁਣ ਤੂੰ ਆ ਗਿਆ ਹੈਂ।" ਬੰਸੇ ਨੇ ਸ਼ਰਾਰਤ ਨਾਲ਼ ਮੁਸਕਰਾ ਦਿੱਤਾ, "ਲਗਦਾ ਹੈ ਇਹ ਕਾਰਖਾਨੇ ਦਾ ਜਵਾਈ ਹੈ।"

"ਬਸ, ਧਿਆਨ ਰੱਖੀਂ।" ਕਿਸ਼ਨਾ ਬੰਸੇ ਦਾ ਜਵਾਬ ਉਡੀਕੇ ਬਿਨਾਂ ਹੀ ਦਲਾਨ ਵੱਲ ਨੂੰ ਮੁੜ ਪਿਆ।

"ਗੱਲ ਤਾਂ ਸੁਣ," ਬੰਸੇ ਨੇ ਕਿਸ਼ਨੇ ਨੂੰ ਜ਼ਰਾ ਉੱਚੀ ਅਵਾਜ਼ ਵਿੱਚ ਹਾਕ ਮਾਰੀ।

"ਖੱਲ ਬੰਨ੍ਹ ਆਵਾਂ।" ਕਿਸ਼ਨੇ ਨੇ ਹੱਥ ਵਿੱਚ ਫੜਿਆ ਸੂਆ ਅਤੇ ਧਾਗਾ ਬੰਸੇ ਵੱਲ ਲਹਿਰਾ ਦਿੱਤਾ।

ਬੰਸਾ ਕੁੱਝ ਪੱਲ ਕਿਸ਼ਨੇ ਨੂੰ ਦੂਰ ਜਾਂਦਾ ਦੇਖਦਾ ਰਿਹਾ। ਉਹ ਦਲਾਨ ਦੇ ਅੰਦਰ ਵੜ੍ਹ ਗਿਆ ਤਾਂ ਬੰਸਾ ਹੱਥ ਮਲ਼ਦਾ ਹੋਇਆ ਖੱਲਾਂ ਦੇ ਢੇਰ ਵੱਲ ਦੇਖਣ ਲੱਗਾ। "ਚੁੱਕ ਉੱਧਰੋਂ। ਇਸ ਪਾਸੇ ਤੋਂ ਮੈਂ ਫੜਦਾ ਹਾਂ।"

ਕਾਲ਼ੀ ਨੂੰ ਪਲ ਭਰ ਲਈ ਝਿਜਕਦਾ ਦੇਖ ਕੇ ਬੰਸੇ ਨੇ ਉਸ ਨੂੰ ਝਿੜਕਿਆ, "ਪੁਸ਼ਤਾਂ ਤੋਂ ਇਹ ਧੰਦਾ ਚਲਿਆ ਆ ਰਿਹਾ ਹੈ। ਘਬਰਾਉਂਦਾ ਕਿਉਂ ਹੈ ?"

ਬੰਸੇ ਦੀ ਗੱਲ ਸੁਣ ਕੇ ਕਾਲ਼ੀ ਖੱਲਾਂ ਦੇ ਢੇਰ ਤੋਂ ਨਜ਼ਰਾਂ ਹਟਾ ਕੇ ਖੱਲ ਦੇ ਦੋਵਾਂ ਸਿਰਿਆਂ ਨੂੰ ਲੱਭਣ ਲੱਗਾ। ਪਰ ਜਦ ਉਸ ਨੂੰ ਯਾਦ ਆਇਆ ਕਿ ਇਸ ਕੰਮ ਲਈ ਉਸ ਨੂੰ ਰੋਜ਼ਾਨਾ ਸਵਾ-ਡੇਢ ਰੁਪਏ ਮਿਲ਼ਣਗੇ ਅਤੇ ਕੰਮ ਸਿੱਖ ਲੈਣ ਪਿੱਛੋਂ ਪੂਰੇ ਦੋ ਰੁਪਏ ਤਾਂ ਉਸ ਨੇ ਖੱਲਾਂ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਹ ਸੁਗੰਧਿਤ ਫੁੱਲਾਂ ਦਾ ਢੇਰ ਹੋਣ। ... ਉਸ ਨੇ ਖੱਲ ਦੇ ਦੋਵਾਂ ਸਿਰਿਆਂ ਨੂੰ ਫੜ੍ਹ ਕੇ ਮਜ਼ਬੂਤੀ ਨਾਲ਼ ਉੱਪਰ ਚੁੱਕਿਆ। ਉਨ੍ਹਾਂ ਵਿੱਚੋਂ ਖ਼ੂਨ ਅਤੇ ਲੂਣ

ਨਾਲ਼ ਲਿਬੜੀਆਂ ਮਾਸ ਅਤੇ ਚਰਬੀ ਦੀਆਂ ਕਈ ਬੋਟੀਆਂ ਥੱਲੇ ਡਿੱਗੀਆਂ ਅਤੇ ਉਨ੍ਹਾਂ ਨੂੰ ਕੁੱਝ ਹੀ ਪਲਾਂ ਵਿੱਚ ਮੱਖੀਆਂ ਨੇ ਆਪਣੇ ਪਰਾਂ ਥੱਲੇ ਛੁਪਾ ਲਿਆ।

"ਚੱਲ, ਖੱਲ ਨੂੰ ਝਾੜ ਦੇਈਏ। ਫੇਰ ਛੇਤੀ ਸਾਫ ਹੋ ਜਾਵੇਗੀ।" ਉਹ ਖੱਲ ਨੂੰ ਹੱਥਾਂ ਵਿੱਚ ਘੁੱਟੀ ਪੂਰੇ ਜ਼ੋਰ ਨਾਲ਼ ਝਾੜਦੇ ਰਹੇ। ਖੱਲ ਵਿੱਚੋਂ ਪਾਣੀ, ਖ਼ੂਨ, ਚਰਬੀ ਅਤੇ ਮਾਸ ਦੇ ਛੋਟੇ-ਛੋਟੇ ਟੁਕੜੇ ਮੀਂਹ ਦੀ ਤਰ੍ਹਾਂ ਕੱਚੇ ਫਰਸ਼ 'ਤੇ ਡਿੱਗਣ ਲੱਗੇ।

"ਚੱਲ, ਸਿੱਟ ਹੌਜ ਵਿੱਚ।" ਬੰਸਾ ਹੌਜ ਵੱਲ ਨੂੰ ਤੁਰ ਪਿਆ।

ਬੰਸੇ ਅਤੇ ਕਾਲ਼ੀ ਨੇ ਖੱਲ ਨੂੰ ਹੌਜ ਵਿੱਚ ਵਿਛਾ ਦਿੱਤਾ ਅਤੇ ਹੌਲ਼ੀ-ਹੌਲ਼ੀ ਉਹ ਪਾਣੀ ਵਿੱਚ ਭਿੱਜ ਕੇ ਖੁੱਲੇ ਕੱਪੜੇ ਦੀ ਤਰ੍ਹਾਂ ਸੁੰਗੜਦੀ ਹੋਈ ਡੁੱਬਣ ਲੱਗੀ।

"ਠੀਕ ਹੈ।" ਬੰਸੇ ਨੇ ਸਿਰ ਹਿਲਾਇਆ। "ਮਿਹਨਤ ਨਾਲ਼ ਕੰਮ ਸਿੱਖ ਜਾਵੇਂਗਾ। ...ਬੱਸ ਨੱਕ ਮਾਰਨਾ ਪੈਣਾ ਤੇ ਦਿਲ ਕਰੜਾ ਕਰਨਾ ਪੈਣਾ। ਫੇਰ ਇਹ ਕੰਮ ਤੇਰੇ ਅੱਗੇ-ਅੱਗੇ ਦੌੜੇਗਾ।"

ਬੰਸੇ ਦੀ ਗੱਲ ਸੁਣ ਕੇ ਕਾਲ਼ੀ ਮਨ ਹੀ ਮਨ ਵਿੱਚ ਕੁੱਝ ਖੁਸ਼ ਹੋਇਆ। ਉਸ ਨੇ ਅੱਖ ਚੁਰਾ ਕੇ ਬੰਸੇ ਵੱਲ ਦੇਖਣਾ ਚਾਹਿਆ ਪਰ ਉਹਦੀਆਂ ਅੱਖਾਂ ਆਪਣੇ 'ਤੇ ਟਿਕੀਆਂ ਦੇਖ ਕੇ ਕਾਲ਼ੀ ਨੇ ਮੂੰਹ ਫੇਰ ਲਿਆ।

"ਹੌਜ ਵਿੱਚ ਪਹਿਲਾਂ ਕਿੰਨੀਆਂ ਖੱਲਾਂ ਪਾਈਆਂ ਹਨ ?"

"ਚਾਰ।"

"ਹਾਂ। ਤੂੰ ਪਹਿਲਾਂ ਵੀ ਦੱਸਿਆ ਸੀ।" ਬੰਸਾ ਬੁੜਬੜਾਇਆ, "ਇਸ ਹੌਜ ਵਿੱਚ ਦੋ ਖੱਲਾਂ ਹੋਰ ਪਾ ਦਿੰਦੇ ਹਾਂ।"

ਬੰਸਾ ਖੱਲਾਂ ਦੇ ਢੇਰ ਕੋਲ਼ ਆ ਖੜ੍ਹਾ ਹੋਇਆ। ਉਹ ਖੱਲਾਂ ਦੀ ਗਿਣਤੀ ਬਾਰੇ ਅੰਦਾਜ਼ਾ ਲਾਉਣ ਲੱਗਾ। ਕੱਚਾ-ਪੱਕਾ ਜਿਹਾ ਹਿਸਾਬ ਲਾ ਕੇ ਉਹ ਬੋਲਿਆ, "ਕੁੱਲ ਚੌਵੀ ਕੁ ਖੱਲਾਂ ਹੋਣੀਆਂ ਚਾਹੀਦੀਆਂ। ...ਪੰਜ ਹੌਜ 'ਚ ਪਾ ਦਿੱਤੀਆਂ ਹਨ। ਉਨੀ ਕੁ ਹੋਰ ਪਾਉਣੀਆਂ ਹਨ। ਫਿਰ ਉਨ੍ਹਾਂ ਨੂੰ ਸਾਫ ਵੀ ਕਰਨਾ ਹੈ। ਚੂਨਾ ਲਾਉਣ ਲਈ।"

ਸੂਰਜ ਵੱਲ ਦੇਖ ਕੇ ਸਮੇਂ ਦਾ ਅੰਦਾਜ਼ਾ ਲਾਉਂਦਿਆ ਬੰਸਾ ਭੈ-ਭੀਤ ਹੋ ਗਿਆ, "ਤਕਰੀਬਨ ਅੱਧੀ ਦਿਹਾੜੀ ਤਾਂ ਨਿਕਲ਼ ਗਈ ਹੈ। ਲੋਕ ਰੋਟੀ-ਟੁੱਕ ਖਾਣ ਲਈ ਤਿਆਰ ਹੋ ਰਹੇ ਹਨ। ਕੰਮ ਹਰ ਹਾਲਤ ਵਿੱਚ ਮੁਕਾਉਣਾ ਪੈਣਾ ਹੈ ਨਹੀਂ ਤਾਂ ਫੋਰਮੈਨ ਨੇ ਆਪਣੀ ਖੱਲ ਲਾਹ ਦੇਣੀ ਹੈ।"

ਬੰਸੇ ਦੀ ਗੱਲ ਸੁਣ ਕੇ ਕਾਲ਼ੀ ਸਹਿਮ ਗਿਆ। ਲੇਕਿਨ ਜਦ ਉਹ ਹੱਲਾ ਮਾਰ ਕੇ ਖੱਲਾਂ ਦੇ ਢੇਰ ਵੱਲ ਨੂੰ ਤੁਰਿਆ ਤਾਂ ਕਾਲ਼ੀ ਵੀ ਉਹਦੇ ਮਗਰ ਤੁਰ ਪਿਆ।

"ਚੱਲ ਭਾਈ, ਮਾਰ ਹੰਭਲਾ।" ਬੰਸੇ ਨੇ ਖੱਲ ਨੂੰ ਦੋਵਾਂ ਸਿਰਿਆਂ ਤੋਂ ਫੜ ਕੇ ਉੱਪਰ ਚੁੱਕ ਦਿੱਤਾ।

ਕਾਲ਼ੀ ਨੇ ਦੂਸਰੇ ਸਿਰੇ ਤੋਂ ਖੱਲ ਨੂੰ ਉੱਪਰ ਚੁੱਕਿਆ। ਉਹਦੀਆਂ ਬਹੁਤ ਸਾਰੀਆਂ ਮੋਰੀਆਂ ਵਿੱਚੋਂ ਗੰਦਾ ਖ਼ੂਨ, ਮੈਲ਼ੀ ਚਰਬੀ ਅਤੇ ਕਾਲ਼ਾ ਜਿਹਾ ਪਾਣੀ ਡਿੱਗਦਾ ਦੇਖ ਕੇ ਕਾਲ਼ੀ

ਨੂੰ ਕਚਿਆਣ ਦਾ ਇੰਨਾ ਅਹਿਸਾਸ ਹੋਇਆ ਕਿ ਖੱਲ ਦੇ ਦੋਨੋ ਸਿਰੇ ਉਸਦੇ ਹੱਥਾਂ ਵਿੱਚੋਂ ਛੁੱਟ ਗਏ ਅਤੇ ਖੱਲ ਬੰਸੇ ਦੇ ਗੋਡਿਆਂ ਵਿੱਚ ਜਾ ਵੱਜੀ।

"ਕੀ ਕਰਦਾ ਆਂ ਤੂੰ ?" ਬੰਸੇ ਨੇ ਕਾਲ਼ੀ ਨੂੰ ਝਿੜਕਿਆ। ਫਿਰ ਖੱਲ ਨੂੰ ਪਰ੍ਹੇ ਸਿੱਟ ਦਿੱਤਾ। ਆਪਣੇ ਗੋਡਿਆਂ ਤੋਂ ਥੱਲੇ ਲੱਤਾਂ 'ਤੇ ਚਰਬੀ ਅਤੇ ਗੰਦੇ ਖ਼ੂਨ ਵਾਲ਼ੇ ਪਾਣੀ ਨੂੰ ਡਿੱਗਦਾ ਦੇਖ ਕੇ ਉਹ ਭੜਕ ਪਿਆ, "ਕਿਉਂ, ਤੂੰ ਮੇਰੀ ਜਾਨ ਲੈ ਕੇ ਹੀ ਰਹੇਗਾ ?" ਬੰਸੇ ਨੇ ਕਾਲ਼ੀ ਨੂੰ ਝਿੜਕਿਆ, "ਇਹ ਕੰਮ ਕਰਨ ਨੂੰ ਤੇਰਾ ਮਨ ਨਹੀਂ ਕਰਦਾ ਤਾਂ ਕਿਤੇ ਹੋਰ ਜਾ ਕੇ ਮਰ-ਖੱਪ। ਮੇਰੀ ਜਾਨ ਜ਼ਰੂਰ ਲੈਣੀ ਆਂ। ... ਮੈਂ ਹੁਣੇ ਫੋਰਮੈਨ ਨਾਲ਼ ਗੱਲ ਕਰਦਾ ਹਾਂ। ਜੇ ਅਜੇਹੇ ਆਦਮੀ ਹੀ ਕਾਰਖਾਨੇ ਵਿੱਚ ਰੱਖਣੇ ਹਨ ਤਾਂ ਮੇਰੀ ਛੁੱਟੀ ਕਰ ਦੇਵੇ। ਨਹੀਂ ਤਾਂ ਕਾਰਖਾਨਾ ਵੀ ਬੰਦ ਹੋਵੇਗਾ ਅਤੇ ਅਸੀਂ ਵੀ ਬਿਮਾਰੀ ਨਾਲ਼ ਹੱਡੀਆਂ ਰਗੜ-ਰਗੜ ਕੇ ਮਰਾਂਗੇ।"

ਬੰਸਾ ਦੋਵਾਂ ਲੱਤਾਂ ਨੂੰ ਛੰਡਕ-ਛੰਡਕ ਕੇ ਖ਼ੂਨ ਵਾਲ਼ੇ ਪਾਣੀ ਅਤੇ ਚਰਬੀ ਨੂੰ ਝਾੜਨੇ ਦੀ ਕੋਸ਼ਿਸ਼ ਕਰ ਰਿਹਾ ਸੀ। "ਆ ਜਾਂਦੇ ਹਨ ਘਰ ਤੋਂ ਨੌਕਰੀ ਕਰਨ। ... ਪਿਉ ਦਾ ਕਾਰਖਾਨਾ ਹੈ ਨਾ।"

ਬੰਸੇ ਨੇ ਗਰਦਨ ਘੁਮਾ ਕੇ ਫੋਰਮੈਨ ਵੱਲ ਦੇਖਿਆ। ਉਹ ਉਨ੍ਹਾਂ ਵੱਲ ਪਿੱਠ ਕਰਕੇ ਲੰਮਾ ਪਿਆ ਹੁੱਕਾ ਪੀ ਰਿਹਾ ਸੀ। ਬੰਸਾ ਕੁੱਝ ਪੈਰ ਫੋਰਮੈਨ ਵੱਲ ਨੂੰ ਵਧਿਆ ਤਾਂ ਕਾਲ਼ੀ ਦਾ ਕਲੇਜਾ ਧੱਕ ਕਰਕੇ ਮੂੰਹ ਨੂੰ ਆ ਗਿਆ ਅਤੇ ਸਾਹ ਰੁਕ ਜਿਹਾ ਗਿਆ।

ਬੰਸਾ ਰਾਹ ਵਿੱਚੋਂ ਹੀ ਮੁੜ ਆਇਆ। ਕਾਲ਼ੀ ਦੇ ਮੱਥੇ 'ਤੇ ਖਿਲਰੇ ਵਾਲ਼ਾਂ ਨੂੰ ਜ਼ੋਰ ਨਾਲ਼ ਫੜ ਕੇ ਉਸ ਨੂੰ ਝਟਕਾ ਦਿੱਤਾ, "ਜੇ ਤੂੰ ਕੰਮ ਨਹੀਂ ਕਰਨਾ ਤਾਂ ਇੱਥੇ ਆਇਆ ਕਿਉਂ ਸੀ ? ਇੰਨੀਆਂ ਸਿਫਾਰਿਸ਼ਾਂ ਪੁਆ ਰਿਹਾ ਹੈਂ ?"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਗਰਦਨ ਨੀਵੀਂ ਪਾਈ ਗੁਮ-ਸੁਮ ਖੜ੍ਹਾ ਰਿਹਾ। ਬੰਸੇ ਨੇ ਉਸ ਦੇ ਵਾਲ਼ਾਂ ਨੂੰ ਹੋਰ ਵੀ ਜ਼ੋਰ ਨਾਲ਼ ਇੱਕ ਹੋਰ ਝਟਕਾ ਦਿੱਤਾ, "ਬੋਲਦਾ ਕਿਉਂ ਨਹੀਂ। ਜਵਾਬ ਕਿਉਂ ਨਹੀਂ ਦਿੰਦਾ ?"

ਕਾਲ਼ੀ ਫਿਰ ਵੀ ਖਾਮੋਸ਼ ਰਿਹਾ। ਉਸ ਦੀਆਂ ਅੱਖਾਂ ਵਿੱਚ ਗੁੱਸੇ ਕਾਰਨ ਹੰਝੂ ਆ ਗਏ ਸੀ। ਉਹ ਦੰਦ ਪੀਂਹਦਾ ਹੋਇਆ ਆਪਣੇ ਗੁੱਸੇ ਅਤੇ ਹੰਝੂਆਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ।

"ਬੋਲਦਾ ਨਹੀਂ, ਜੀਭ ਸੁੱਕ ਗਈ ਆ ਤੇਰੀ ? ਗਲ਼ੀ ਵਿੱਚ ਕੁੱਤਾ ਭੌਂਕੇ ਤਾਂ ਪੂਰੇ ਮਹੱਲੇ ਦੇ ਕੁੱਤੇ ਭੌਂਕ-ਭੌਂਕ ਕੇ ਜਵਾਬ ਦਿੰਦੇ ਹਨ। ਕੀ ਤੇਰੀਆਂ ਨਜ਼ਰਾਂ ਵਿੱਚ ਮੇਰਾ ਐਨਾ ਵੀ ਮੁੱਲ ਨਹੀਂ ?" ਬੰਸੇ ਦੀਆਂ ਨਜ਼ਰਾਂ ਕਾਲ਼ੀ ਤੇ ਗੱਡੀਆਂ ਹੋਈਆਂ ਸਨ ।

"ਦੱਸਦਾ ਕਿਉਂ ਨਹੀਂ ?" ਬੰਸੇ ਨੇ ਕੜਕਦੀ ਅਵਾਜ਼ ਵਿੱਚ ਪੁੱਛਿਆ।

ਫੋਰਮੈਨ ਨੇ ਵੀ ਬੰਸੇ ਦੀ ਕੜਕ ਸੁਣੀ ਅਤੇ ਹੁੱਕੇ ਦੀ ਨਲ਼ ਛੱਡ ਕੇ ਉਸ ਨੇ ਪਿੱਛੇ ਗਰਦਨ ਘੁਮਾਈ। ਕਾਲ਼ੀ ਨੂੰ ਬੰਸੇ ਦੀ ਬਗਲ ਵਿੱਚ ਕਸਾਈ ਦੇ ਸਾਹਮਣੇ ਬੱਕਰੀ ਵਾਂਗ ਖੜ੍ਹਾ ਦੇਖ ਕੇ ਉਸ ਨੇ ਅੱਖਾਂ ਦੂਜੇ ਪਾਸੇ ਘੁਮਾ ਲਈਆਂ ਅਤੇ ਅਰਾਮ ਨਾਲ਼ ਹੁੱਕਾ ਗੁੜਗੜਾਉਣ

ਲੱਗਾ।

ਕਾਲ਼ੀ ਨੇ ਅੱਖਾਂ ਚੁੱਕ ਕੇ ਉੱਪਰ ਦੇਖਿਆ ਤਾਂ ਹੰਝੂਆਂ ਦੀਆਂ ਦੋ ਬੂੰਦਾਂ ਉਸ ਦੀਆਂ ਪਲਕਾਂ ਵਿੱਚੋਂ ਟੱਪਕ ਕੇ ਗੱਲ੍ਹਾਂ ਤੇ ਆ ਡਿੱਗੀਆਂ ਅਤੇ ਫਿਰ ਤਿਲਕ ਕੇ ਛਾਤੀ ਉੱਤੇ ਆ ਪਈਆਂ।

ਬੰਸੇ ਨੇ ਕਾਲ਼ੀ ਦੇ ਵਾਲ਼ ਛੱਡ ਦਿੱਤੇ ਅਤੇ ਇਕਦਮ ਪਿੱਛੇ ਹਟ ਗਿਆ। ਆਪਣੇ ਦੋਵੇਂ ਹੱਥ ਢਾਕਾਂ ਉੱਤੇ ਰੱਖ ਲਏ ਅਤੇ ਕਾਲ਼ੀ ਨੂੰ ਨਿਹਾਰਦਾ ਰਿਹਾ। ਫਿਰ ਉਸ ਨੂੰ ਸਮਝਾਉਣ ਲੱਗਾ, "ਦੇਖ ਬੱਲਿਆ, ਇਸ ਤਰ੍ਹਾਂ ਕੰਮ ਨਹੀਂ ਹੋਣਾ ਜਿਵੇਂ ਤੂੰ ਕਰ ਰਿਹਾ ਹੈ। ਠੀਕ ਹੈ ਕੋਈ ਵੀ ਆਦਮੀ ਕੰਮ ਸਿੱਖ ਕੇ ਨਹੀਂ ਜੰਮਦਾ ਪਰ ਇਹ ਵੀ ਸੱਚ ਹੈ ਕਿ ਬਿਨਾਂ ਮਨ ਲਾਇਆਂ, ਮਿਹਨਤ ਅਤੇ ਲਗਨ ਬਿਨ੍ਹਾਂ ਕੋਈ ਕੰਮ ਆਉਂਦਾ ਵੀ ਨਹੀਂ। ਅੱਗੇ ਤੂੰ ਸਮਝਦਾਰ ਆਂ।" ਬੰਸੇ ਨੇ ਅੱਖਾਂ ਗੱਡਦਿਆਂ ਕਾਲ਼ੀ ਨੂੰ ਆਖੀਰੀ ਚਿਤਾਵਨੀ ਦਿੱਤੀ।

"ਕੰਮ ਕਰੂੰਗਾ।" ਕਾਲ਼ੀ ਨੇ ਹਾਂ ਵਿੱਚ ਸਿਰ ਹਿਲਾਇਆ। ਫਿਰ ਉਹ ਹੱਥ ਮਲ਼ਣ ਲੱਗਾ, "ਨਵਾਂ ਕੰਮ ਹੈ, ਤੇ ਹੈ ਵੀ ਬਹੁਤ ਗੰਦਾ। ਅਣਚਾਹੇ ਕੋਈ ਗਲਤੀ ਹੋ ਹੀ ਜਾਂਦੀ ਹੈ। ਮਾਫੀ ਚਾਹੁੰਦਾ ਹਾਂ।" ਕਾਲ਼ੀ ਨੇ ਹੱਥ ਜੋੜ ਦਿੱਤੇ।

ਬੰਸੇ ਦਾ ਦਿਲ ਪਸੀਜ ਗਿਆ। ਉਹਦੇ ਹੋਠਾਂ ਤੇ ਹਲਕੀ ਜਿਹੀ ਮੁਸਕਾਣ ਆ ਗਈ, "ਇਹ ਕੰਮ ਕਰਨਾ ਹੀ ਹੈ ਤਾਂ ਇਸ ਵਿੱਚ ਦਿਲ ਲਾਉਣ ਦੀ ਕੋਸ਼ਿਸ਼ ਕਰ। ਫੋਰਮੈਨ ਨੇ ਉਲ਼ਟੀ ਕਰਦਿਆਂ ਦੇਖ ਲਿਆ ਤਾਂ ਕੰਨੋਂ ਫੜ੍ਹ ਕੇ ਛੱਪੜ ਦੇ ਰਸਤੇ ਤੈਨੂੰ ਕਾਰਖਾਨੇ ਤੋਂ ਬਾਹਰ ਕੱਢ ਦੇਵੇਗਾ। ਸਮਝੇ ?"

ਜਦ ਸੂਰਜ ਪੱਛਮ ਵੱਲ ਝੁਕਣ ਲੱਗਾ ਤਾਂ ਫੋਰਮੈਨ ਨੇ ਆਪਣਾ ਹੁੱਕਾ ਸੰਭਾਲਿਆ ਅਤੇ ਪੈਰਾਂ ਵਿੱਚ ਮੋਟੀ ਖੱਲ ਦੀ ਜੁੱਤੀ ਘਸੀਟਦਾ ਹੋਇਆ ਗੇਟ ਵੱਲ ਨੂੰ ਤੁਰ ਪਿਆ। ਇਹ ਸਾਰੇ ਕੰਮ ਕਰਨ ਵਾਲਿਆਂ ਲਈ ਸੰਕੇਤ ਸੀ ਕਿ ਰੋਟੀ ਲਈ ਛੁੱਟੀ ਹੋ ਗਈ ਹੈ।

ਫੋਰਮੈਨ ਇੱਕ ਪਲ ਲਈ ਹੌਜਾਂ ਦੇ ਕੋਲ਼ ਰੁਕਿਆ। ਧਿਆਨ ਨਾਲ਼ ਉਨ੍ਹਾਂ ਵੱਲ ਦੇਖਿਆ। ਖੱਲਾਂ ਦੇ ਢੇਰ ਵੱਲ ਦੇਖ ਕੇ ਉਸ ਨੇ ਬੰਸੇ ਅਤੇ ਕਾਲ਼ੀ ਨੂੰ ਪੁੱਛਿਆ, "ਕਿੰਨੀਆਂ ਖੱਲਾਂ ਹੌਜਾਂ ਵਿੱਚ ਪਾ ਹੋ ਗਈਆਂ ਹਨ ?"

"ਬਾਰਾਂ-ਚੌਦਾਂ ਤਾਂ ਪਾ ਦਿੱਤੀਆਂ ਹਨ। ਕੁੱਲ ਸ਼ਾਇਦ ਚੌਵੀ ਹਨ।" ਬੰਸਾ ਵੀ ਖੱਲਾਂ ਅਤੇ ਹੌਜਾਂ ਵੱਲ ਦੇਖਣ ਲੱਗਾ।

"ਹੂੰ।" ਫੋਰਮੈਨ ਨੇ ਸੰਤੁਸ਼ਟ ਹੋ ਕੇ ਸਿਰ ਹਿਲਾਇਆ।

ਫੋਰਮੈਨ ਨੂੰ ਸ਼ਾਂਤ ਦੇਖ ਕੇ ਬੰਸੇ ਨੇ ਹੌਸਲਾ ਕੀਤਾ, "ਫੋਰਮੈਨ ਜੀ, ਅੱਜ ਕੱਲ ਮਾਲ ਬਹੁਤ ਗੰਦਾ ਆ ਰਿਹਾ ਹੈ। ਚੇਚਕ ਨਾਲ਼ ਮਰੇ ਪਸ਼ੂ, ਹੈਜ਼ੇ ਦੇ ਸ਼ਿਕਾਰ ਡੰਗਰਾਂ ਦੀਆਂ ਖੱਲਾਂ ਹੀ ਆ ਰਹੀਆਂ ਹਨ। ਕੀ ਪਸ਼ੂਆਂ ਵਿੱਚ ਬਿਮਾਰੀ ਫੈਲ ਗਈ ਹੈ ?"

"ਇੱਥੇ ਉਹ ਹੀ ਮਾਲ ਆਵੇਗਾ ਜਿਹੜਾ ਮੰਡੀ ਵਿੱਚ ਪਹੁੰਚਦਾ ਹੈ।" ਫਿਰ ਉਸ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ, "ਇਹਨੂੰ ਛੇਤੀ-ਛੇਤੀ ਕੰਮ ਸਿਖਾ ਦੇ। ਫਿਰ ਤੂੰ ਅੱਧਾ ਦਿਨ ਇੱਧਰ ਹੌਜਾਂ 'ਤੇ ਕੰਮ ਕਰਿਆ ਕਰੇਂਗਾ ਅਤੇ ਅੱਧਾ ਦਿਨ ਖੱਲਾਂ ਦੀ ਛਿਲਾਈ 'ਤੇ। ... ਖੱਲਾਂ

ਵੀ ਹੁਣ ਚੌਵੀ ਦੀ ਜਗਾਹ ਬੱਤੀ ਆਇਆ ਕਰਨਗੀਆਂ। ਆਰਡਰ ਦਾ ਮਾਲ ਵੀ ਬਣੇਗਾ।"

"ਫੋਰਮੈਨ ਜੀ, ਉਹ ਤਾਂ ਠੀਕ ਹੈ। ਕੀ ਮਜ਼ਦੂਰੀ ਵੀ ਵਧੇਗੀ ?" ਬੰਸਾ ਮੁਸਕਰਾਇਆ ਅਤੇ ਨਾਲ਼ ਹੀ ਹੱਥ ਜੋੜ ਦਿੱਤੇ।

"ਹਰ ਸਮੇਂ ਜੀਭ ਨਹੀਂ ਲਟਕਾਉਣੀ ਚਾਹੀਦੀ ਅਤੇ ਨਾ ਹੀ ਹੱਥ ਫੈਲਾਉਣਾ ਚਾਹੀਦਾ। ਸੁਣਿਆ ? ਕੰਮ ਦਾ ਫਿਕਰ ਕਰ। ਲੋਕ ਜ਼ਿਆਦਾ ਖਾ ਕੇ ਤਾਂ ਮਰਦੇ ਸੁਣੇ ਹਨ ਪਰ ਕੰਮ ਕਰਨੇ ਨਾਲ਼ ਅੱਜ ਤੱਕ ਕਿਸੇ ਦੀ ਮੌਤ ਨਹੀਂ ਹੋਈ। ਸਮਝਿਆ ਮੇਰੀ ਗੱਲ ?" ਹੈਂਕੜ ਨਾਲ਼ ਸਿਰ ਮਾਰ ਕੇ ਫੋਰਮੈਨ ਅੱਗੇ ਲੰਘ ਗਿਆ।

"ਮਾਲਕ ਹੋ ਮਹਾਰਾਜ।" ਬੰਸਾ ਸ਼ਰਮਿੰਦਾ ਜਿਹਾ ਹੋ ਕੇ ਹੱਥ ਮਲ੍ਹਦਾ ਰਿਹਾ।

ਫੋਰਮੈਨ ਗੇਟ ਪਾਰ ਕਰ ਗਿਆ ਤਾਂ ਬੰਸਾ ਬੋਲਿਆ, "ਇਹ ਤਾਂ ਸਮਝਦਾ ਹੈ ਕਿ ਅਸੀਂ ਕਾਰਖਾਨੇ ਦੇ ਲਈ ਆਪਣੀ ਜ਼ਿੰਦਗੀ ਦਾ ਪਟਾ ਲਿਖਾ ਦਿੱਤਾ ਹੈ। ਭੁੱਖੇ ਮਰੋ ਪਰ ਕੰਮ ਜ਼ਿਆਦਾ ਕਰੋ।"

"ਸਾਰਿਆਂ ਦਾ ਢਿੱਡ ਗਾਲ਼ਾਂ ਨਾਲ਼ ਹੀ ਭਰ ਦਿੰਦਾ ਹੈ। ਫਿਰ ਪੈਸੇ ਦੀ ਕੀ ਜ਼ਰੂਰਤ ਹੈ ?"

ਕਿਸ਼ਨਾ ਹੱਸਿਆ ਅਤੇ ਬੰਸੇ ਨੂੰ ਮੋਢੇ ਤੋਂ ਫੜ ਕੇ ਮੋਹਰ ਨੂੰ ਧੱਕ ਦਿੱਤਾ। "ਚੱਲ, ਹੱਥ-ਪੈਰ ਧੋ ਲੈ। ਰੋਟੀ ਦਾ ਟੈਮ ਹੋ ਗਿਆ ਹੈ।"

ਕਾਰਖਾਨੇ ਵਿੱਚ ਕੰਮ ਕਰਨ ਵਾਲ਼ੇ ਬਹੁਤੇ ਲੋਕ ਨਾਲ਼ ਦੇ ਮੁਹੱਲੇ ਵਿੱਚ ਹੀ ਰਹਿੰਦੇ ਸਨ। ਬੰਸਾ, ਜਿੰਦਰ, ਨਿਹਾਲਾ ਅਤੇ ਭੀਮੇ ਦਾ ਡੇਰਾ ਕਾਰਖਾਨੇ ਦੇ ਪਿਛਵਾੜੇ ਕੋਠੜੀ ਵਿੱਚ ਸੀ। ਹਫਤੇ ਵਿੱਚ ਇੱਕ-ਅੱਧੀ ਵਾਰ ਉਹ ਵਾਰੀ-ਵਾਰੀ ਪਿੰਡ ਜਾਂਦੇ ਸਨ ਅਤੇ ਰਾਤ ਕੱਟ ਕੇ ਸਵੇਰ ਨੂੰ ਕੰਮ 'ਤੇ ਪਹੁੰਚ ਜਾਂਦੇ ਸਨ। ਉਹ ਇੱਕ-ਦੋ ਦਿਨ ਦਾ ਖਾਣਾ ਆਪਣੇ ਨਾਲ਼ ਲੈ ਆਉਂਦੇ ਸਨ।

ਸਾਰੇ ਲੋਕ ਕਾਰਖਾਨੇ ਦੇ ਨਾਲ਼ ਲਗਦੇ ਮੈਦਾਨ ਦੇ ਪਾਰ ਛੱਪੜ ਦੇ ਉਸ ਕੰਢੇ 'ਤੇ ਚਲੇ ਗਏ ਜਿਥੇ ਬਰਸਾਤ ਵਿੱਚ ਸਿਰਫ ਖੇਤਾਂ ਦਾ ਪਾਣੀ ਭਰਦਾ ਸੀ। ਕਾਰਖਾਨੇ ਜਾਂ ਮੁਹੱਲੇ ਦਾ ਗੰਦਾ ਪਾਣੀ ਉਸ ਹਿੱਸੇ ਵਿੱਚ ਨਹੀਂ ਆਉਂਦਾ ਸੀ। ਉਹ ਛਪ-ਛਪ ਦੀ ਅਵਾਜ਼ ਕਰਦੇ ਹੋਏ ਛੱਪੜ ਵਿੱਚ ਚਲੇ ਗਏ। ਉਨ੍ਹਾਂ ਨੇ ਆਪਣੇ ਹੱਥ-ਪੈਰ, ਬਾਹਾਂ ਅਤੇ ਲੱਤਾਂ ਚੰਗੀ ਤਰ੍ਹਾਂ ਮਲ਼-ਮਲ਼ ਕੇ ਧੋਤੀਆਂ ਅਤੇ ਬਾਹਰ ਨਿਕਲ ਕੇ ਜ਼ੋਰ-ਜ਼ੋਰ ਨਾਲ਼ ਪੈਰ ਮਾਰਦੇ ਆਪਣੇ ਆਪਣੇ ਠਿਕਾਣੇ ਵੱਲ ਨੂੰ ਤੁਰ ਪਏ।

"ਕਾਲ਼ੀ, ਤੂੰ ਰੋਟੀ ਦਾ ਕੀ ਕਰੇਂਗਾ ?" ਕਿਸ਼ਨੇ ਨੇ ਕੁੱਝ ਚਿੰਤਿਤ ਹੁੰਦਿਆਂ ਪੁੱਛਿਆ।

"ਨੇੜੇ-ਤੇੜੇ ਕਿਤੇ ਤੰਦੂਰ 'ਤੇ ਖਾ ਲਵਾਂਗਾ।"

"ਤੰਦੂਰ ਤਾਂ ਇੱਥੇ ਇੱਕ ਛੱਡ ਕੇ ਦੋ ਹਨ। ਗਲ਼ੀ ਦੇ ਦੋਹੀਂ ਪਾਸੀਂ ਤੰਦੂਰੀਏ ਬੈਠਦੇ ਹਨ। ਉੱਥੇ ਦਾਲ਼-ਰੋਟੀ ਮਿਲ਼ ਜਾਂਦੀ ਹੈ।"

"ਅਸੀਂ ਵੀ ਤਾਂ ਉੱਥੇ ਹੀ ਜਾ ਰਹੇ ਹਾਂ। ਨਾਲ਼ ਤੈਨੂੰ ਵੀ ਲੈ ਜਾਵਾਂਗੇ।" ਬੰਸਾ ਬੋਲਿਆ। ਫਿਰ ਕਿਸ਼ਨੇ ਤੋਂ ਪੁੱਛਿਆ,

"ਕਿਸ਼ਨੇ ਭਾਅ, ਅੱਜ ਕਾਰਖਾਨੇ ਵਿੱਚ ਪਹਿਰੇ 'ਤੇ ਕੌਣ ਰਹੇਗਾ ?"

"ਨਿਹਾਲੇ ਨੂੰ ਹੋਣਾ ਚਾਹੀਦਾ। ਉਹਦੀ ਵਾਰੀ ਹੈ।" ਕਿਸ਼ਨੇ ਨੇ ਸੋਚ ਵਿੱਚ ਡੁੱਬੀ ਅਵਾਜ਼ ਵਿੱਚ ਜਵਾਬ ਦਿੱਤਾ।

"ਠੀਕ ਹੈ।" ਬੰਸਾ, ਜਿੰਦਰ ਅਤੇ ਭੀਮਾ ਗੇਟ ਵੱਲ ਨੂੰ ਤੁਰ ਪਏ।

"ਬੰਸਿਆ ਕੀ ਤੂੰ ਪਿੰਡ ਨੂੰ ਗਿਆ ਸੀ, ਅੱਜ ਦੇਰ ਨਾਲ਼ ਆਇਆਂ ?" ਭੀਮੇ ਨੇ ਪੁੱਛਿਆ।

"ਪਿੰਡ ਹੀ ਗਿਆ ਸੀ। ਬਾਪੂ ਦਾ ਚਿਤ ਠੀਕ ਨਹੀਂ ਸੀ।" ਬੰਸੇ ਨੇ ਦੱਸਿਆ।

"ਕੀ ਹੋ ਗਿਆ ਬਾਪੂ ਨੂੰ ?" ਜਿੰਦਰ ਨੂੰ ਫਿਕਰ ਹੋ ਗਿਆ।

"ਰੱਬ ਹੀ ਜਾਣੇ। ਹਕੀਮ ਦੀ ਦਵਾਈ ਚੱਲ ਰਹੀ ਹੈ। ਖੰਘ ਨਾਲ਼ ਰੇਸ਼ਾ ਬਹੁਤ ਆਉਂਦੀ ਹੈ। ਛਾਤੀ ਵਿੱਚ ਦਰਦ ਵੀ ਰਹਿੰਦਾ ਹੈ।"

"ਕੀ ਤੂੰ ਪਿੰਡੋਂ ਰੋਟੀ ਨਹੀਂ ਲੈ ਕੇ ਆਇਆ ?"

"ਬੱਸ ਰੋਟੀ ਲਿਆਉਣੀ ਭੁੱਲ ਹੀ ਗਿਆ। ਤੜਕੇ ਤੋਂ ਚੌਧਰੀਆਂ ਦਾ ਤੂੜੀ ਦਾ ਕੁੱਪ ਬੰਨਣ ਲੱਗਾ ਰਿਹਾ। ਉੱਥੇ ਹੀ ਸ਼ਾਹ ਵੇਲਾ ਹੋ ਗਿਆ। ਚੌਧਰੀ ਦੇ ਕੋਠਿਆਂ ਤੋਂ ਸਿੱਧਾ ਹੀ ਇੱਥੇ ਆ ਗਿਆ। ਟੈਮ ਬਹੁਤ ਹੋ ਗਿਆ ਸੀ।"

ਉਹ ਤਿੰਨੇ ਗੇਟ ਰਾਹੀਂ ਗਲ਼ੀ ਵਿੱਚ ਆ ਗਏ ਤਾਂ ਪਿਛਿਉਂ ਨਿਹਾਲੇ ਨੇ ਹਾਕ ਮਾਰੀ, "ਉਏ ਬੰਸਿਆ, ਗੇਟ ਬੰਦ ਕਰਕੇ ਉੱਪਰ ਕੁੰਡਾ ਅੜਾ ਦਿਉ।"

"ਇੱਥੇ ਕੀ ਸੋਨਾ ਰੱਖਿਆ ਹੈ ਜਿਹੜੀ ਇੰਨੀ ਚੌਕੀਦਾਰੀ ਕਰ ਰਿਹਾ ਹੈ ?" ਬੰਸੇ ਨੇ ਮਜ਼ਾਕ ਕੀਤਾ। "ਚੇਚਕ ਨਾਲ਼ ਮਰੇ ਪਸ਼ੂਆਂ ਦੀਆਂ ਖੱਲਾਂ ਹੀ ਤਾਂ ਪਈਆਂ ਹਨ।"

"ਗਰੀਬਾਂ ਦੇ ਮਹੱਲਿਆਂ ਵਿੱਚ ਖੱਲਾਂ ਦੇ ਹੀ ਚੋਰ ਰਹਿੰਦੇ ਹਨ। ਦੋ-ਚਾਰ ਰੁਪਏ ਵੀ ਮਿਲ਼ ਗਏ ਤਾਂ ਦਿਹਾੜੀ ਬਣ ਜਾਂਦੀ ਹੈ।" ਨਿਹਾਲਾ ਦਲਾਨ ਵਿੱਚ ਖੜ੍ਹਾ-ਖੜ੍ਹਾ ਹੱਸਿਆ ਅਤੇ ਫਿਰ ਆਪਣੀ ਹੀ ਗੱਲ 'ਤੇ ਵਿਸ਼ਵਾਸ ਕਰਕੇ ਗੇਟ ਨੂੰ ਅੰਦਰੋਂ ਬੰਦ ਕਰਨ ਲੱਗ ਪਿਆ।

ਬੰਸੇ, ਜਿੰਦਰ ਅਤੇ ਭੀਮੇ ਦੇ ਪਿੱਛੇ-ਪਿੱਛੇ ਕਾਲ਼ੀ ਇੱਕ-ਦੋ ਕਦਮ ਛੱਡ ਕੇ ਤੁਰ ਰਿਹਾ ਸੀ। ਇਹ ਸੋਚ ਕੇ ਉਹ ਇਕਦਮ ਭੈ-ਭੀਤ ਹੋ ਗਿਆ ਕਿ ਇਹ ਵੀ ਉਹਦਾ ਨਾਂ, ਪਤਾ ਅਤੇ ਅੱਗਾ-ਪਿੱਛਾ ਪੁੱਛ ਸਕਦੇ ਹਨ। ਉਹ ਬਹੁਤ ਦੁਬਿਧਾ ਵਿੱਚ ਪੈ ਗਿਆ ਕਿ ਉਨ੍ਹਾਂ ਨੂੰ ਕੀ ਜਵਾਬ ਦੇਵੇਗਾ। ਉਨ੍ਹਾਂ ਦੀ ਕਿਸ ਤਰ੍ਹਾਂ ਤਸੱਲੀ ਕਰਾਏਗਾ। ਅਗਰ ਉਸ ਦੀ ਅਸਲੀਅਤ ਜ਼ਾਹਿਰ ਹੋ ਗਈ ਤਾਂ ਉਹ ਘਰ ਤੋਂ ਤਾਂ ਗਿਆ ਹੀ ਹੈ ਘਾਟ ਤੋਂ ਵੀ ਜਾਊਗਾ।

ਇਨ੍ਹਾਂ ਖਿਆਲਾਂ ਵਿੱਚ ਗੁਆਚਾ ਕਾਲ਼ੀ ਸਿਰ ਲਟਕਾਈ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦਾ ਰਿਹਾ। ਉਹ ਕਦੀ-ਕਦੀ ਆਪੋ ਵਿੱਚ ਗੱਲ ਕਰਨ ਲਗਦੇ ਤਾਂ ਕਾਲ਼ੀ ਦੀ ਪਰੇਸ਼ਾਨੀ ਥੋੜ੍ਹੀ ਘੱਟ ਜਾਂਦੀ ਲੇਕਿਨ ਜਦ ਉਹ ਖਮੋਸ਼ ਹੋ ਜਾਂਦੇ ਤਾਂ ਉਹ ਚੁਕੰਨਾ ਹੋ ਜਾਂਦਾ ਕਿ ਹੁਣੇ-ਹੁਣੇ ਉਨ੍ਹਾਂ ਵਿੱਚੋਂ ਕੋਈ ਜਣਾ ਗਰਦਨ ਘੁਮਾ ਕੇ ਉਸ ਵੱਲ ਦੇਖੇਗਾ ਅਤੇ ਉਸ ਦੇ ਪਿੰਡ ਅਤੇ ਪਤੇ ਬਾਰੇ ਪੁੱਛੇਗਾ।

ਕਾਲ਼ੀ ਨੂੰ ਇਹ ਸਮੱਸਿਆ ਉਸ ਦਿਨ ਤੋਂ ਹੀ ਆ ਰਹੀ ਸੀ ਜਿਸ ਦਿਨ ਤੋਂ ਉਸ ਨੇ

ਸ਼ਹਿਰ ਵਿੱਚ ਪੈਰ ਰੱਖਿਆ ਸੀ ਅਤੇ ਪਹਿਲੇ ਹੀ ਆਦਮੀ ਨੂੰ ਮਿਲ਼ਿਆ ਸੀ। ਬਾਅਦ ਵਿੱਚ ਉਹ ਜਿਸ ਦੇ ਕੋਲ਼ ਵੀ ਗਿਆ ਉਸ ਤੋਂ ਇਹ ਹੀ ਸਵਾਲ਼ ਪੁੱਛੇ ਗਏ ਅਤੇ ਉਹ ਕਿਸੇ ਨਾ ਕਿਸੇ ਤਰ੍ਹਾਂ ਟਾਲ਼ਦਾ ਰਿਹਾ। ਕੁਸ਼ ਨਾ ਕੁਸ਼ ਹੱਦ ਤੱਕ ਉਹ ਉਨ੍ਹਾਂ ਬੰਦਿਆਂ ਨੂੰ ਸੰਤੁਸ਼ਟ ਵੀ ਕਰਦਾ ਰਿਹਾ। ਉਸ ਨੂੰ ਖਿਆਲ ਆਇਆ ਕਿ ਉਹ ਉਨ੍ਹਾਂ ਸਵਾਲ਼ਾਂ ਦਾ ਇੱਕ ਪੱਕਾ ਜਵਾਬ ਹੀ ਕਿਉਂ ਨਾ ਬਣਾ ਲਵੇ। ਕਿਸੇ ਦੂਰ ਦੁਰਾਡੇ ਪਿੰਡ ਦਾ ਨਾਂ ਦੱਸ ਦੇਵੇ। ਬਹੁਤ ਸੋਚਣ ਦੇ ਬਾਅਦ ਉਸ ਨੂੰ ਦਸੂਹੇ ਦੇ ਪਰ੍ਹੇ, ਪਹਾੜ ਦੇ ਕੋਲ਼ ਇੱਕ ਪਿੰਡ ਦਾ ਨਾਂ ਯਾਦ ਆਇਆ ... "ਬਲਗੜਾਂ।"

ਇਹ ਨਾਂ ਉਸ ਨੇ ਰੇਲ ਗੱਡੀ ਵਿੱਚ ਦੋ ਮੁਸਾਫਰਾਂ ਦੀ ਗੱਲਬਾਤ ਵਿੱਚੋਂ ਸੁਣਿਆ ਸੀ। ਅਤੇ ਪਤਾ ਨਹੀਂ ਕਿਉਂ ਉਸ ਦੇ ਦਿਮਾਗ ਵਿੱਚ ਟਿਕ ਗਿਆ ਸੀ। ਉਸ ਨੇ ਮਨ ਹੀ ਮਨ ਇਸ ਨਾਂ ਨੂੰ ਪੱਕਾ ਕਰ ਲਿਆ ਅਤੇ ਆਪਣੇ ਆਪ ਵਿੱਚ ਸੰਤੁਸ਼ਟ ਹੋ ਕੇ ਆਤਮ-ਵਿਸ਼ਵਾਸ ਨਾਲ਼ ਗਰਦਨ ਉੱਪਰ ਚੁੱਕ ਕੇ ਬੰਸੇ ਅਤੇ ਉਹਦੇ ਸਾਥੀਆਂ ਦੇ ਪਿੱਛੇ ਤੁਰਨ ਲੱਗਾ।

ਜਦ ਉਹ ਤੰਦੂਰ 'ਤੇ ਪਹੁੰਚੇ ਤਾਂ ਉੱਥੇ ਕਾਫੀ ਭੀੜ ਸੀ।

"ਅੱਜ ਦੇਰ ਹੋ ਗਈ ਹੈ।" ਬੰਸੇ ਨੇ ਤੰਦੂਰ ਦੇ ਸਾਹਮਣੇ ਪਾਟੇ ਹੋਏ ਟਾਟ ਦੇ ਦੋਨੋ ਪਾਸੀਂ ਮੈਲ਼ੇ-ਕੁਚੈਲ਼ੇ ਲੋਕਾਂ ਦੀ ਕਤਾਰ ਵੱਲ ਦੇਖਿਆ।

"ਚੱਲੋ, ਦੂਜੇ ਤੰਦੂਰ 'ਤੇ ਚਲਦੇ ਹਾਂ।" ਜਿੰਦਰ ਨੇ ਸਲਾਹ ਦਿੱਤੀ।

"ਕਿਉਂ ਉੱਥੇ ਤੰਦੂਰੀਆ ਖਾਲੀ ਹੋਊਗਾ ? ਉੱਥੇ ਵੀ ਇਹੀ ਹਾਲ ਹੋਣਾ। ... ਫੋਰਮੈਨ ਨੂੰ ਕਹਾਂਗੇ ਕਿ ਦੁਪਿਹਰ ਨੂੰ ਆਪਣਾ ਹੁੱਕਾ ਥੋੜ੍ਹਾ ਛੇਤੀ ਚੁੱਕ ਲਿਆ ਕਰੇ।"

"ਚੰਗਾ, ਏਦਾਂ ਕਰਦੇ ਹਾਂ।" ਬੰਸੇ ਨੇ ਵਾਰੀ-ਵਾਰੀ ਸਾਰਿਆਂ ਵੱਲ ਦੇਖਿਆ।

"ਕੀ ?"

" ਦੋ ਜਣੇ ਇਸ ਤੰਦੂਰ 'ਤੇ ਬੈਠ ਜਾਂਦੇ ਹਾਂ ਅਤੇ ਦੋ ਸਾਹਮਣੇ ਵਾਲ਼ੇ 'ਤੇ। ਇਸ ਤਰ੍ਹਾਂ ਖਾਣ ਦਾ ਕੰਮ ਛੇਤੀ ਨਿਬੜ ਜਾਊਗਾ। ... ਇੱਕ ਹੀ ਜਗ੍ਹਾ ਬੈਠ ਗਏ ਤਾਂ ਹੁੱਕਾ ਪੀਣ ਦਾ ਟਾਇਮ ਨਹੀਂ ਰਹਿਣਾ।"

"ਤੇਰੀ ਸਲਾਹ ਠੀਕ ਹੈ। ਮੈਂ 'ਤੇ ਜਿੰਦਰ ਉੱਧਰ ਜਾਂਦੇ ਹਾਂ। ਤੁਸੀਂ ਦੋਨੋ ਇੱਥੇ ਬੈਠ ਜਾਉ।" ਭੀਮਾ ਤੇ ਜਿੰਦਰ ਦੂਜੇ ਤੰਦੂਰ ਵੱਲ ਨੂੰ ਚਲੇ ਗਏ।

ਤੰਦੂਰ ਦੇ ਸਾਹਮਣੇ ਪਏ ਟਾਟ ਤੋਂ ਆਦਮੀ ਉੱਠੇ ਤਾਂ ਬੰਸਾ ਅਤੇ ਕਾਲ਼ੀ ਨੱਠ ਕੇ ਖਾਲੀ ਜਗ੍ਹਾ 'ਤੇ ਜਾ ਬੈਠੇ। ਤੰਦੂਰੀਏ ਨੇ ਤੰਦੂਰ ਨੂੰ ਲੋਹੇ ਦੇ ਤਸਲੇ ਨਾਲ਼ ਢੱਕ ਦਿੱਤਾ, ਆਟੇ ਦੀ ਪਰਾਤ ਨੂੰ ਮੈਲ਼ੇ, ਗਿੱਲੇ ਕੱਪੜੇ ਨਾਲ਼ ਢੱਕ ਦਿੱਤਾ। ਉਸ ਨੇ ਖਾਲੀ ਥਾਲ਼ੀਆਂ, ਕੌਲੀਆਂ ਅਤੇ ਗਲਾਸ ਚੁੱਕੇ ਅਤੇ ਉਨ੍ਹਾਂ ਨੂੰ ਲੋਹੇ ਦੀ ਬਾਲਟੀ ਦੇ ਪਾਣੀ ਵਿੱਚ ਹਿਲਾਇਆ, ਧੋਤਾ ਤੇ ਸਾਫ ਕੀਤਾ। ਫਿਰ ਉਸ ਹੀ ਪਾਣੀ ਨਾਲ਼ ਹੱਥ ਧੋ ਕੇ ਉਸ ਹੀ ਥਾਂ ਆ ਬੈਠਾ ਅਤੇ ਭਾਂਡੇ ਖਿੱਚ ਕੇ ਕੋਲ਼ ਕਰ ਲਏ।

ਤੰਦੂਰੀਏ ਨੇ ਦੋ ਕੌਲੀਆਂ ਵਿੱਚ ਦਾਲ਼ ਪਾਈ, ਥਾਲ਼ੀ ਵਿੱਚ ਥੋੜ੍ਹਾ ਜਿਹਾ ਕੱਟਿਆ ਹੋਇਆ ਪਿਆਜ਼ ਰੱਖਿਆ ਅਤੇ ਸਰੋਂ ਦੇ ਤੇਲ ਵਿੱਚ ਬੁਰੀ ਤਰ੍ਹਾਂ ਲਿੱਬੜੀ ਕੁੱਜੀ ਵਿੱਚੋਂ ਅੰਬ ਦੇ ਅਚਾਰ ਦੀ ਇੱਕ-ਇੱਕ ਛੋਟੀ ਫਾੜੀ ਸਿੱਟ ਕੇ ਥਾਲ਼ੀਆਂ ਬੰਸੇ ਅਤੇ ਕਾਲ਼ੀ ਵੱਲ ਨੂੰ ਸਰਕਾ

ਦਿੱਤੀਆਂ। ਫਿਰ ਬੈਠੇ-ਬੈਠੇ ਨੇ ਥੋੜ੍ਹਾ ਜਿਹਾ ਵੱਖ ਘੁਮਾ ਕੇ ਘੜੇ ਵਿੱਚੋਂ ਪਾਣੀ ਦੇ ਦੋ ਗਲਾਸ ਭਰੇ ਅਤੇ ਹੱਥ ਵਧਾ ਕੇ ਉਨ੍ਹਾਂ ਦੇ ਮੋਹਰੇ ਰੱਖ ਦਿੱਤੇ। ਫਿਰ ਉਹ ਤੰਦੂਰ ਦੇ ਉੱਤੋਂ ਤਸਲਾ ਚੁੱਕ ਕੇ ਰੋਟੀਆਂ ਰਾੜ੍ਹਣ ਲੱਗਾ।

ਕਾਲ਼ੀ ਰੋਟੀ ਦੀ ਉਡੀਕ ਵਿੱਚ ਇੱਧਰ-ਉੱਧਰ ਦੇਖਣ ਲੱਗਾ। ਇੱਕ ਲੰਬਾ ਸਾਹ ਲਿਆ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਇੱਥੇ ਵੀ ਬਦਬੂ ਆਉਂਦੀ ਹੈ ਪਰ ਕਾਰਖਾਨੇ ਦੀ ਬਦਬੂ ਜਿੰਨੀ ਤੇਜ਼ ਨਹੀਂ।

ਤੰਦੂਰੀਏ ਨੇ ਤੰਦੂਰ ਵਿੱਚੋਂ ਇੱਕੋ ਵਾਰ ਅੱਠ ਰੋਟੀਆਂ ਕੱਢੀਆਂ। ਕੁੱਝ ਅੱਧ ਜਲ਼ੀਆਂ ਅਤੇ ਕੁੱਝ ਕੱਚੀਆਂ ਰਹਿ ਗਈਆਂ ਸਨ। ਉਸ ਨੇ ਦੋ-ਦੋ ਰੋਟੀਆਂ ਚਾਰ ਥਾਲ਼ੀਆਂ ਵਿੱਚ ਸਿੱਟ ਦਿੱਤੀਆਂ।

"ਉਸਤਾਦ, ਆਹ ਕੀ। ਰੋਟੀਆਂ ਤਾਂ ਕੱਚੀਆਂ ?" ਇੱਕ ਆਦਮੀ ਨੇ ਥਾਲ਼ੀ ਵਿੱਚੋਂ ਰੋਟੀ ਚੁੱਕ ਕੇ ਤੰਦੂਰੀਏ ਨੂੰ ਦਿਖਾਈ।

"ਯਾਰਾ, ਕੁੱਝ ਹੋਸ਼ ਕਰ, ਪੈਸੇ ਠੋਕ ਕੇ ਲੈਂਦਾ ਅਤੇ ਰੋਟੀਆਂ ਸੜੀਆਂ ਹੋਈਆਂ ਦਿੰਦਾ ਹੈਂ।" ਦੂਜੇ ਆਦਮੀ ਨੇ ਸੜੀ ਹੋਈ ਰੋਟੀ ਘੁੰਮਾਉਂਦਿਆਂ ਸ਼ਿਕਾਇਤ ਕੀਤੀ।

ਤੰਦੂਰੀਆ ਆਪਣੇ ਕੰਮ ਵਿੱਚ ਰੁੱਝਾ ਰਿਹਾ ਜਿਵੇਂ ਇਨ੍ਹਾਂ ਗੱਲਾਂ ਦਾ ਉਸ 'ਤੇ ਕੋਈ ਅਸਰ ਨਾ ਹਇਆ ਹੋਵੇ। ਪਰ ਜਦ ਬਾਕੀ ਦੇ ਗਾਹਕਾਂ ਨੇ ਵੀ ਉਹੋ ਗੱਲ ਹੀ ਕਹੀ ਤਾਂ ਉਸ ਨੇ ਸ਼ਾਂਤ ਅਵਾਜ਼ ਵਿੱਚ ਸਮਝਾਇਆ, "ਭਾਈ, ਕਾਹਲ਼ੀ ਵਿੱਚ ਤਾਂ ਅਜਿਹੀ ਰੋਟੀ ਹੀ ਮਿਲੂ। ਮਾਂ ਦੇ ਹੱਥ ਦੀ ਬਣੀ ਰੋਟੀ ਵਰਗੀ ਖਾਣੀ ਹੈ ਤਾਂ ਥੋੜ੍ਹਾ ਜ਼ਿਆਦਾ ਟੈਮ ਕੱਢ ਕੇ ਆਇਆ ਕਰੋ।"

ਤੰਦੂਰੀਏ ਦੀ ਗੱਲ ਸੁਣ ਕੇ ਸਾਰੇ ਲਾਜਵਾਬ ਹੋ ਗਏ ਅਤੇ ਬੁੜਬੁੜ ਕਰਦੇ ਸੜੀਆਂ ਅਤੇ ਕੱਚੀਆਂ ਰੋਟੀਆਂ ਖਾਣ ਲੱਗੇ। ਜਦ ਤੰਦੂਰੀਏ ਨੇ ਹੋਰ ਦੋ-ਦੋ ਰੋਟੀਆਂ ਉਨ੍ਹਾਂ ਦੀਆਂ ਥਾਲ਼ੀਆਂ ਵਿੱਚ ਸਿੱਟੀਆਂ ਤਾਂ ਬੰਸੇ ਨੇ ਮੂੰਹ ਘੁਮਾ ਕੇ ਕਾਲ਼ੀ ਵੱਲ ਦੇਖਿਆ, "ਤੇਰਾ ਚਿਤ ਖਰਾਬ ਹੈ, ਕਚਿਆਣ ਆਉਂਦੀ ਹੈ ਅਤੇ ਉਲ਼ਟੀ ਵੀ ਆਉਂਦੀ ਹੈ। ਤੂੰ ਰੋਟੀ ਥੋੜ੍ਹੀ ਖਾਈਂ। ਨਹੀਂ ਤਾਂ ਬਾਅਦ ਵਿੱਚ ਤਕਲੀਫ ਹੋਊਗੀ।"

ਕਾਲ਼ੀ ਚਾਰ ਰੋਟੀਆਂ ਖਾ ਕੇ ਹਟ ਗਿਆ। ਬੰਸੇ ਨੇ ਛੇ ਰੋਟੀਆਂ ਖਾਧੀਆਂ ਅਤੇ ਦੋ ਗਲਾਸ ਪਾਣੀ ਦੇ ਪੀਤੇ। ਪੈਸੇ ਦੇ ਕੇ ਉਹ ਸੜਕ 'ਤੇ ਆ ਖੜ੍ਹੇ ਹੋਏ। ਨਾਲ਼ੀ ਵਿੱਚ ਗੰਦਾ ਪਾਣੀ ਅਤੇ ਕੀੜਿਆਂ ਨੂੰ ਕੁਰਬਲ-ਕੁਰਬਲ ਕਰਦਿਆਂ ਦੇਖ ਕੇ ਕਾਲ਼ੀ ਨੇ ਮੂੰਹ ਘੁਮਾ ਲਿਆ।

"ਖਾ ਲਈ ਰੋਟੀ ?" ਬੰਸੇ ਨੇ ਜਿੰਦਰ ਅਤੇ ਭੀਮੇ ਨੂੰ ਪੁੱਛਿਆ।

"ਰੋਟੀ ਕੀ ਖਾਧੀ ਹੈ, ਜ਼ਹਿਰ ਮਾਰ ਹੀ ਕੀਤੀ ਹੈ।" ਭੀਮੇ ਨੇ ਭੈੜਾ ਜਿਹਾ ਮੂੰਹ ਬਣਾ ਲਿਆ।

"ਅੰਨ ਪਰਮੇਸ਼ਰ ਨੂੰ ਨਿੰਦਣਾ ਨਹੀਂ ਚਾਹੀਦਾ।" ਬੰਸੇ ਨੇ ਸਮਝਾਇਆ, "ਸ਼ੁਕਰ ਹੈ ਰੱਬ ਜੀ ਦਾ। ਚੰਗਾ ਨਾ ਸਹੀ, ਮਿਲ਼ ਤਾਂ ਰਿਹਾ ਹੈ।"

ਜਦ ਉਹ ਕਾਰਖਾਨੇ ਵਿੱਚ ਪਹੁੰਚੇ ਤਾਂ ਕੁੱਝ ਲੋਕ ਆ ਚੁੱਕੇ ਸਨ। ਉਹ ਸਾਰੇ ਦਲਾਨ

ਵਿੱਚ ਗੋਲ਼ ਦਾਇਰਾ ਬਣਾ ਕੇ ਬੈਠੇ ਸਨ। ਵਿਚਾਲੇ ਹੁੱਕਾ ਰੱਖਿਆ ਹੋਇਆ ਸੀ ਅਤੇ ਉਹ ਵਾਰੀ-ਵਾਰੀ ਹੁੱਕਾ ਪੀ ਰਹੇ ਸਨ। ਉਨ੍ਹਾਂ ਨੇ ਬੰਸੇ ਅਤੇ ਬਾਕੀ ਆਦਮੀਆਂ ਨੂੰ ਦੇਖ ਕੇ ਉਨ੍ਹਾਂ ਲਈ ਵੀ ਬੈਠਣ ਦੀ ਜਗ੍ਹਾ ਬਣਾ ਲਈ।

ਜ਼ਿਆਦਾ ਲੋਕ ਹੋ ਜਾਣ ਕਰਕੇ ਹੁੱਕਾ ਪੀਣ ਦੀ ਵਾਰੀ ਵੀ ਚਿਰ ਬਾਅਦ ਆਉਣ ਲੱਗ ਪਈ ਸੀ।

"ਯਾਰ, ਇੱਕ ਹੁੱਕਾ ਹੋਰ ਹੋਣਾ ਚਾਹੀਦਾ। ... ਇਹ ਹੁੱਕਾ ਤਾਂ ਖੱਲ ਸੀਣ ਅਤੇ ਕਿੱਕਰ ਦੀ ਛਿੱਲ ਦਾ ਪਾਣੀ ਭਰਨ ਵਾਲਿਆਂ ਦੇ ਹੀ ਕੰਮ ਆਉਣ ਜੋਗਾ ਹੈ। ਖੱਲ ਛਿੱਲਣ ਅਤੇ ਧੋਣ ਵਾਲਿਆਂ ਦਾ ਵੀ ਆਪਣਾ ਹੁੱਕਾ ਹੋਣਾ ਚਾਹੀਦਾ ਹੈ।"

"ਜ਼ਰੂਰ ਹੋਣਾ ਚਾਹੀਦਾ। ਫੋਰਮੈਨ ਨਾਲ਼ ਗੱਲ ਕਰ ਲਉ।" ਕਿਸ਼ਨੇ ਨੇ ਜ਼ੋਰ ਨਾਲ਼ ਕਸ਼ ਖਿੱਚ ਕੇ ਨਿਹਾਲੇ ਵੱਲ ਨੂੰ ਧੂੰਆਂ ਛੱਡ ਦਿੱਤਾ।

"ਫੋਰਮੈਨ ਨਾਲ਼ ਗੱਲ ਕੌਣ ਕਰੂਗਾ ?" ਭੀਮੇ ਨੇ ਨਿਰਾਸਤਾ ਨਾਲ਼ ਸਿਰ ਝਟਕਿਆ।

ਜਦ ਗੇਟ ਖੜਕਿਆ ਤਾਂ ਉਨ੍ਹਾਂ ਨੇ ਗਰਦਨ ਘੁਮਾ ਕੇ ਪਿੱਛੇ ਦੇਖਿਆ।

"ਫੋਰਮੈਨ ਆ ਗਿਆ ਹੈ।" ਕਿਸ਼ਨਾ ਜ਼ੋਰ ਨਾਲ਼ ਕਸ਼ ਖਿੱਚ ਕੇ ਉੱਠ ਖੜ੍ਹਾ ਹੋਇਆ। ਕਈ ਆਦਮੀ ਹੁੱਕੇ ਦਾ ਕਸ਼ ਲਏ ਬਿਨਾਂ ਹੀ ਉੱਠ ਕੇ ਆਪਣੇ ਆਪਣੇ ਕੰਮ ਵਾਲ਼ੀ ਥਾਂ ਵੱਲ ਨੂੰ ਤੁਰ ਪਏ।

ਜਦ ਫੋਰਮੈਨ ਬੰਸੇ ਅਤੇ ਕਾਲ਼ੀ ਦੇ ਬਰਾਬਰ ਪਹੁੰਚਿਆ ਤਾਂ ਉਹ ਆਪਣੇ ਹੱਥਾਂ-ਪੈਰਾਂ ਨੂੰ ਤੇਲ ਲਾਉਣ ਵਿੱਚ ਰੁੱਝੇ ਹੋਏ ਸਨ। ਫੋਰਮੈਨ ਨੇ ਉਡਦੀ ਜਿਹੀ ਨਿਗਾਹ ਉਨ੍ਹਾਂ ਵੱਲ ਮਾਰੀ ਤੇ ਅੱਗੇ ਚਲੇ ਗਿਆ। ਉਸ ਨੇ ਪੂਰੇ ਕਾਰਖਾਨੇ ਦਾ ਚੱਕਰ ਲਾਇਆ ਅਤੇ ਹਰ ਇੱਕ ਆਦਮੀ ਨੂੰ ਆਪਣੀ ਜਗ੍ਹਾ ਕੰਮ 'ਤੇ ਲੱਗਾ ਦੇਖ, ਸੰਤੁਸ਼ਟੀ ਨਾਲ਼ ਆਪਣੀ ਮੰਜੀ 'ਤੇ ਜਾ ਬੈਠਾ ਅਤੇ ਅਰਾਮ ਨਾਲ਼ ਹੁੱਕਾ ਪੀਣ ਲੱਗਾ।

ਸ਼ਾਮ ਤੱਕ ਬੰਸੇ ਅਤੇ ਕਾਲ਼ੀ ਨੇ ਸਾਰੀਆਂ ਖੱਲਾਂ ਧੋ ਦਿੱਤੀਆਂ। ਬਾਕੀ ਬੰਦਿਆਂ ਨੇ ਵੀ ਆਪਣਾ ਕੰਮ ਮੁਕਾ ਦਿੱਤਾ ਸੀ। ਸਾਰਿਆਂ ਨੇ ਆਪਣੇ ਆਪਣੇ ਸੰਦ ਸੰਭਾਲ ਕੇ ਕੋਠੜੀ ਵਿੱਚ ਬੰਦ ਕਰ ਦਿੱਤੇ। ਜਿਹੜਾ ਆਦਮੀ ਆਪਣਾ ਦਿਨ ਦਾ ਕੰਮ ਮੁਕਾ ਲੈਂਦਾ ਉਹ ਛੱਪੜ ਦੇ ਪਰਲੇ ਕੰਢੇ ਜਾ ਕੇ ਦੇਸੀ ਸਾਬਣ ਨਾਲ਼ ਹੱਥ-ਪੈਰ ਧੋਂਦਾ ਅਤੇ ਸਰੀਰ 'ਤੇ ਸਰੋਂ ਦੇ ਤੇਲ ਦੀ ਹਲਕੀ ਜਿਹੀ ਮਾਲਸ਼ ਕਰਕੇ ਜਾਂ ਤਾਂ ਆਪਣੇ ਘਰ ਨੂੰ ਤੁਰ ਪੈਂਦਾ ਜਾਂ ਖੁੱਲ੍ਹੀ ਜਗ੍ਹਾ ਖੜ੍ਹਾ ਹੋ ਕੇ ਆਪਣੇ ਸਾਥੀਆਂ ਦੀ ਉਡੀਕ ਕਰਨ ਲੱਗ ਪੈਂਦਾ।

ਛੱਪੜ ਤੋਂ ਬਾਹਰ ਨਿਕਲ ਕੇ ਕਿਸ਼ਨੇ ਨੇ ਪੈਰਾਂ ਦਾ ਪਾਣੀ ਸੁਕਾਉਣ ਲਈ ਉਨ੍ਹਾਂ ਨੂੰ ਜ਼ੋਰ-ਜ਼ੋਰ ਨਾਲ਼ ਜ਼ਮੀਨ 'ਤੇ ਥਪਥਪਾਇਆ। ਫਿਰ ਮੋਟੀ ਖੱਲ ਦੀ ਦੇਸੀ ਜੁੱਤੀ ਪਾ ਕੇ ਕਾਲ਼ੀ ਵੱਲ ਦੇਖਣ ਲੱਗਾ, "ਤੂੰ ਰਾਤ ਕਿੱਥੇ ਕੱਟਣੀ ਹੈ ? ਮਾਂਝੇ ਕੋਲ਼ ਜਾਣਾ ਹੈ ਜਾਂ ਇੱਥੇ ਕੋਠੜੀ ਵਿੱਚ ਰਹਿਣਾ ਹੈ ?"

ਇਹ ਸਵਾਲ਼ ਸੁਣ ਕੇ ਕਾਲ਼ੀ ਦੁਚਿੱਤੀ ਵਿੱਚ ਪੈ ਗਿਆ ਜਿਵੇਂ ਇਸ ਦਾ ਜਵਾਬ ਉਸ ਦੀ ਸਮਝ ਤੋਂ ਬਾਹਰ ਦਾ ਸੀ। ਉਹ ਖਾਲੀ-ਖਾਲੀ ਨਜ਼ਰਾਂ ਨਾਲ਼ ਕਿਸ਼ਨੇ ਵੱਲ ਝਾਕਦਾ

ਰਿਹਾ।

"ਮਾਂਝਾ ਕੌਣ ਹੈ ਅਤੇ ਕਿੱਥੇ ਰਹਿੰਦਾ ਹੈ ?" ਬੰਸੇ ਨੇ ਪੁੱਛਿਆ।

"ਆਪਣਾ ਆਦਮੀ ਹੈ। ਉਹ ਹੀ ਇਸ ਨੂੰ ਕਾਰਖਾਨੇ ਵਿੱਚ ਭਰਤੀ ਕਰਵਾ ਕੇ ਗਿਆ ਹੈ। ... ਰੇਲਵੇ ਸਟੇਸ਼ਨ ਦੇ ਕੋਲ਼ ਰਹਿੰਦਾ ਹੈ ... ਦਾਣਾ ਮੰਡੀ ਦੇ ਪਿਛਵਾੜੇ।"

ਟੇਸ਼ਨ ਤਾਂ ਇੱਥੋਂ ਬਹੁਤ ਦੂਰ ਹੈ। ਅੱਧੀ ਦਿਹਾੜੀ ਤਾਂ ਆਉਣ-ਜਾਣ ਵਿੱਚ ਹੀ ਲੱਗ ਜਾਣੀ ਹੈ। ਅਤੇ ਥਕਾਵਟ ਵਾਧੂ ਦੀ ਹੋਣੀ ਹੈ। ... ਇੱਥੇ ਕੋਠੜੀ ਵਿੱਚ ਹੀ ਪੈ ਜਾਵੇ। ਜਦ ਵੀ ਮੌਕਾ ਮਿਲੇ ਜਾ ਕੇ ਆਪਣਾ ਸਮਾਨ ਲੈ ਆਵੇ।" ਬੰਸੇ ਨੇ ਕਿਸ਼ਨੇ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਆਪਣੇ ਸੁਝਾਅ ਦੀ ਪੁਸ਼ਟੀ ਚਾਹੁੰਦਾ ਹੋਵੇ।

"ਤੇਰੀ ਗੱਲ ਠੀਕ ਹੈ, ਯਾਰਾ।" ਕਿਸ਼ਨੇ ਨੇ ਸਹਿਮਤੀ ਦਿੱਤੀ। ਫਿਰ ਕਾਲ਼ੀ ਵੱਲ ਦੇਖਿਆ, "ਠੀਕ ਹੈ ਕਾਲ਼ੀ, ਤੂੰ ਕੋਠੜੀ ਵਿੱਚ ਹੀ ਰਹਿ ਲੈ। ਇੱਥੇ ਤੈਨੂੰ ਸਾਥ ਵੀ ਮਿਲ਼ ਜਾਊਗਾ। ਕਿਸੇ ਦਿਨ ਇਕੱਠੇ ਜਾ ਕੇ ਤੇਰਾ ਸਮਾਨ ਲੈ ਆਵਾਂਗੇ। ਚਾਦਰ ਤਾਂ ਤੇਰੇ ਕੋਲ਼ ਹੈ ਹੀ। ਦਰੀ ਨਾ ਸਹੀ, ਥੱਲੇ ਦੋ ਬੋਰੀਆਂ ਵਿਛਾ ਲਈਂ।"

ਕਾਲ਼ੀ ਨੇ ਸਹਿਮਤੀ ਵਿੱਚ ਸਿਰ ਹਿਲਾਇਆ ਅਤੇ ਡੂੰਘਾ ਸਾਹ ਲੈ ਕੇ ਫਿਰ ਹੌਲ਼ੀ-ਹੌਲ਼ੀ ਛੱਡਿਆ ਜਿਵੇਂ ਬਹੁਤ ਹੀ ਜ਼ਿਆਦਾ ਅਰਾਮ ਮਹਿਸੂਸ ਕਰ ਰਿਹਾ ਹੋਵੇ।

ਸਾਰੇ ਚਲੇ ਗਏ ਤਾਂ ਬੰਸੇ ਨੇ ਕਾਰਖਾਨੇ ਦਾ ਗੇਟ ਅੰਦਰੋਂ ਬੰਦ ਕਰ ਦਿੱਤਾ। ਬੰਸਾ ਅਤੇ ਨਿਹਾਲਾ ਫੋਰਮੈਨ ਦੀ ਮੰਜੀ 'ਤੇ ਬੈਠ ਕੇ ਹੁੱਕਾ ਪੀਣ ਲੱਗੇ। ਨਿਹਾਲੇ ਨੇ ਹੁੱਕਾ ਕਾਲ਼ੀ ਵੱਲ ਘੁਮਾ ਦਿੱਤਾ ਪਰ ਕਾਲ਼ੀ ਨੇ ਹੱਥ ਚੁੱਕ ਕੇ ਨਾਂਹ ਕਰ ਦਿੱਤੀ, " ਨਾ ਜੀ, ਮੈਂ ਨਹੀਂ ਪੀਂਦਾ।"

ਨਿਹਾਲੇ ਨੇ ਹੁੱਕੇ ਦੀ ਨੜੀ ਆਪਣੇ ਵੱਲ ਖਿੱਚ ਲਈ। ਚਾਰ-ਪੰਜ ਲੰਬੇ ਕਸ਼ ਖਿੱਚ ਕੇ ਹੁੱਕਾ ਬੰਸੇ ਵੱਲ ਵਧਾ ਦਿੱਤਾ। ਬੰਸਾ ਬਹੁਤ ਅਰਾਮ ਨਾਲ਼ ਹੁੱਕਾ ਪੀਣ ਲੱਗਾ ਅਤੇ ਨੱਕ ਤੇ ਮੂੰਹ ਰਾਹੀਂ ਧੂੰਏਂ ਦੇ ਬੱਦਲ ਛੱਡਦਾ ਅਤੇ ਉਨ੍ਹਾਂ ਨੂੰ ਹਵਾ ਵਿੱਚ ਘੁਲਦੇ ਹੋਏ ਦੇਖ ਰਿਹਾ ਸੀ।

" ਨਿਹਾਲਿਆ, ਇਹ ਤਮਾਖੂ ਵਧੀਆ ਹੈ। ਸੀਰਾ ਚੰਗਾ ਰਲ਼ਾਇਆ ਹੋਇਆ ਹੈ। ਤਮਾਖੂ ਵਿੱਚ ਸੀਰਾ ਘੱਟ ਹੋਵੇ ਤਾਂ ਉਹ ਖੁਸ਼ਕ ਰਹਿ ਜਾਂਦਾ ਹੈ। ਧੂੰਆਂ ਗਲ਼ ਨੂੰ ਕੌੜਾ ਲਗਦਾ ਹੈ ਅਤੇ ਛਾਤੀ ਵਿੱਚ ਵੀ ਵੱਜਦਾ ਹੈ।" ਬੰਸੇ ਨੇ ਹੁੱਕਾ ਛੱਡ ਕੇ ਸਿੱਧਾ ਬੈਠਦਿਆਂ ਕਾਲ਼ੀ ਨੂੰ ਪੁੱਛਿਆ, "ਭਾਈ, ਤੂੰ ਹੁੱਕਾ ਹੀ ਨਹੀਂ ਪੀਂਦਾ ਜਾਂ ਕੋਈ ਹੋਰ ਨਸ਼ਾ-ਪਾਣੀ ਵੀ ਨਹੀਂ ਕਰਦਾ ?"

"ਨਾ ਭਾ ਜੀ, ਨਾ ਹੁੱਕਾ, ਨਾ ਬੀੜੀ, ਨਾ ਸਿਗਟ, ਨਾ ਨਸਵਾਰ, ਨਾ ਪਾਨ-ਚੂਨਾ।" ਕਾਲ਼ੀ ਨੇ ਮੁਸਕਰਾ ਦਿੱਤਾ।

"ਲਗਦਾ ਹੈ ਤੇਰਾ ਜ਼ਿਆਦਾ ਦਿਨ ਜੀਣ ਦਾ ਇਰਾਦਾ ਨਹੀਂ ਹੈ। ਸਿਆਣੇ ਕਹਿ ਗਏ ਹਨ ਕਿ ਇਸ ਦੁਨੀਆਂ ਵਿੱਚ ਭਲੇ ਆਦਮੀਆਂ ਦੀ ਜ਼ਿਆਦਾ ਜ਼ਰੂਰਤ ਨਹੀਂ। ਇਸ ਲਈ ਰੱਬ ਉਨ੍ਹਾਂ ਨੂੰ ਛੇਤੀ ਹੀ ਆਪਣੇ ਕੋਲ਼ ਸੱਦ ਲੈਂਦਾ ਹੈ।" ਬੰਸਾ ਜ਼ੋਰ-ਜ਼ੋਰ ਨਾਲ਼ ਹੱਸਿਆ। ਫਿਰ ਆਪਣੇ ਚਾਰੇ ਪਾਸੇ ਦੇਖ ਕੇ ਉਸ ਨੇ ਹਨੇਰੇ ਦੀ ਗਹਿਰਾਈ ਨਾਲ਼ ਸਮੇਂ ਦਾ ਅੰਦਾਜ਼ਾ ਲਾਇਆ, "ਚਲੋ ਰੋਟੀ ਖਾ ਆਈਏ। ਕਿਤੇ ਤੰਦੂਰੀਏ ਅੱਗ ਬੁਝਾ ਕੇ ਚਲੇ ਹੀ ਨਾ ਜਾਣ।"

ਰੋਟੀ ਖਾ ਕੇ ਉਹ ਆਪਣੀ ਕੋਠੜੀ ਵਿੱਚ ਆ ਗਏ। ਉਨ੍ਹਾਂ ਨੇ ਆਪਣੀ-ਆਪਣੀ

ਦਰੀ ਕੱਢ ਕੇ ਬਾਹਰ ਵਿਹੜੇ ਵਿੱਚ ਵਿਛਾ ਲਈ। ਕਾਲ਼ੀ ਨੇ ਵੀ ਇੱਕ ਪਾਸੇ ਆਪਣੀ ਚਾਦਰ ਵਿਛਾ ਦਿੱਤੀ। ਨਿਹਾਲਾ ਜਾ ਕੇ ਹੁੱਕਾ ਚੁੱਕ ਲਿਆਇਆ। ਅਤੇ ਉਹ ਆਪਣੀ-ਆਪਣੀ ਦਰੀ 'ਤੇ ਬੈਠ ਕੇ ਹੁੱਕਾ ਗੁੜਗੜਾਉਣ ਲੱਗੇ। ਛੱਪੜ ਵਿੱਚ ਬੀਂਡੇ, ਡੱਡੂ ਅਤੇ ਹੋਰ ਛੋਟੇ-ਮੋਟੇ ਕੀੜੇ-ਮਕੌੜੇ ਆਪਣੀਆਂ ਆਪਣੀਆਂ ਅਵਾਜ਼ਾਂ ਕੱਢਣ ਲੱਗ ਪਏ ਸਨ। ਧਿਆਨ ਨਾਲ਼ ਸੁਣਨ 'ਤੇ ਏਦਾਂ ਲਗਦਾ ਸੀ ਕਿ ਵੱਖਰੀ-ਵੱਖਰੀ ਜਗ੍ਹਾ 'ਤੇ ਹੋਣ ਅਤੇ ਭਿੰਨ-ਭਿੰਨ ਅਵਾਜ਼ਾਂ ਦੇ ਬਾਵਜੂਦ ਵੀ ਉਨ੍ਹਾਂ ਵਿੱਚ ਸੁਰ-ਤਾਲ ਦਾ ਮੇਲ਼ ਸੀ।

"ਇਸ ਸਮੇਂ ਗਰਮੀ ਹੈ ਅਤੇ ਅੱਧੀ ਰਾਤ ਦੇ ਬਾਅਦ ਠੰਡ ਹੋ ਜਾਂਦੀ ਹੈ।" ਭੀਮੇ ਨੇ ਅਸਮਾਨ ਵੱਲ ਦੇਖਿਆ।

"ਮੌਸਮ ਹੀ ਅਜਿਹਾ ਹੈ।"

"ਜਿਸ ਨੂੰ ਜਦੋਂ ਠੰਡ ਲੱਗੇ ਉਹ ਆਪਣੀ ਦਰੀ ਚੁੱਕ ਕੇ ਕੋਠੜੀ ਵਿੱਚ ਚਲਾ ਜਾਏ।" ਬੰਸੇ ਨੇ ਗੱਲ ਖਤਮ ਕੀਤੀ।

ਉਹ ਨੀਂਦ ਦੀ ਉਡੀਕ ਵਿੱਚ ਉਬਾਸੀਆਂ ਲੈ ਰਹੇ ਸੀ ਕਿ ਜਿੰਦਰ ਨੇ ਖੇਤ ਵਲੋਂ ਕੰਧ ਟੱਪ ਕੇ ਸਾਹਮਣੇ ਵਿਹੜੇ ਵਿੱਚ ਛਾਲ ਮਾਰੀ।

"ਕੌਣ ਹੈ ?" ਸੁਚੇਤ ਹੋ ਕੇ ਉਨ੍ਹਾਂ ਸਾਰਿਆਂ ਨੇ ਇੱਕ ਵਾਰ ਹੀ ਕਿਹਾ।

"ਮੈਂ ਹਾਂ।" ਜਿੰਦਰ ਲਾਘਾਂ ਭਰਦਾ ਉਨ੍ਹਾਂ ਵੱਲ ਆਇਆ ਅਤੇ ਹੱਫਦਾ ਹੋਇਆ ਬੋਲਿਆ "ਕੋਈ ਪੁੱਛੇ ਤਾਂ ਕਹਿ ਦੇਣਾ ਕਿ ਇੱਧਰ ਕੋਈ ਨਹੀਂ ਆਇਆ।"

ਜਿੰਦਰ ਕੋਠੜੀ ਵਿੱਚ ਜਾ ਵੜਿਆ। ਉਹ ਸਾਰੇ ਖਮੋਸ਼ ਹੋ ਗਏ ਅਤੇ ਫਿਕਰ ਵਿੱਚ ਇੱਕ ਦੂਸਰੇ ਵੱਲ ਦੇਖਣ ਲੱਗੇ। ਕੁੱਝ ਹੀ ਪਲਾਂ ਵਿੱਚ ਖੇਤਾਂ ਵੱਲ ਕੁੱਝ ਲੋਕਾਂ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ।

ਹੱਥਾਂ ਵਿੱਚ ਲਾਠੀਆਂ ਅਤੇ ਲਾਲਟੈਣਾਂ ਫੜੀ ਉਹ ਖੇਤਾਂ ਵਿੱਚ ਖੜ੍ਹੀ ਫਸਲ ਵਿੱਚ ਇਸ ਤਰ੍ਹਾਂ ਤੁਰ ਰਹੇ ਸਨ ਜਿਵੇਂ ਕਿਸੇ ਨੂੰ ਬਹੁਤ ਸਰਗਰਮੀ ਨਾਲ਼ ਟੋਲ਼ ਰਹੇ ਹੋਣ।

"ਲਗਦਾ ਹੈ ਅੱਗੇ ਨਿਕਲ਼ ਗਿਆ ਹੈ। ਖੇਤ ਵਿੱਚ ਹੁੰਦਾ ਤਾਂ ਜ਼ਰੂਰ ਫੜਿਆ ਜਾਂਦਾ।" ਇੱਕ ਅਵਾਜ਼ ਆਈ।

"ਇੱਥੇ ਟੋਲਣਾ ਫਜ਼ੂਲ ਆ। ਉਹ ਹੁਣ ਤੱਕ ਕਿਤੇ ਦਾ ਕਿਤੇ ਪਹੁੰਚ ਗਿਆ ਹੋਣਾਂ।" ਦੂਸਰੇ ਨੇ ਅੰਦਾਜ਼ਾ ਲਾਇਆ।

"ਚਲੋ ਚੱਲੀਏ ... ਕਿਸੇ ਨੇ ਉਸ ਨੂੰ ਪਛਾਣਿਆ ਵੀ ਕਿ ਨਹੀਂ ?" ਤੀਸਰੇ ਆਦਮੀ ਨੇ ਪੁੱਛਿਆ।

"ਨਾ ਕਿੱਥੇ, ਹਨੇਰਾ ਸੀ। ਅਸੀਂ ਤਾਂ ਸਿਰਫ ਚੀਕ ਹੀ ਸੁਣੀ ਸੀ।"

"ਕੌਣ ਸੀ ?"

"ਸ਼ਾਇਦ ਸ਼ਾਦੀ ਲਾਲ ਦੀ ਕੁੜੀ ਸੀ .... ਬਿਮਲਾ।"

"ਰੱਬ ਹੀ ਜਾਣੇ।" ਤੀਸਰੀ ਅਵਾਜ਼ ਆਈ।

"ਸ਼ਾਇਦ ਖੇਤ ਵਿੱਚੋਂ ਹੀ ਆਈ ਸੀ।"

ਜਦੋ ਅਵਾਜ਼ਾਂ ਅਤੇ ਲਾਲਟੈਣ ਦੀ ਰੌਸ਼ਨੀ ਦੂਰ ਚਲੇ ਗਈ ਤਾਂ ਆਪਣੀ-ਆਪਣੀ ਦਰੀ ਉੱਤੇ ਪਏ ਬੰਦਿਆਂ ਵਿੱਚ ਹਿਲਜੁਲ ਸ਼ੁਰੂ ਹੋ ਗਈ। ਬੰਸੇ ਦੇ ਨਾਲ਼ ਹੀ ਨਿਹਾਲਾ ਵੀ ਉੱਠ ਬੈਠਾ। ਫਿਰ ਭੀਮੇ ਅਤੇ ਕਾਲ਼ੀ ਨੇ ਵੀ ਗਰਦਨ ਉੱਪਰ ਚੁੱਕੀ।

"ਆ ਜਾ ਬਾਹਰ। ਚਲੇ ਗਏ ਉਹ।" ਬੰਸੇ ਨੇ ਜਿੰਦਰ ਨੂੰ ਹਾਕ ਮਾਰੀ। ਫਿਰ ਹੁੱਕਾ ਆਪਣੀ ਵੱਲ ਖਿੱਚ ਕੇ ਗੁੜਗੜਾਉਣ ਲੱਗਾ। ਉਸ ਨੇ ਤਿੰਨ-ਚਾਰ ਲੰਮੇ-ਲੰਮੇ ਕਸ਼ ਲਏ ਪਰ ਹੁੱਕਾ ਠੰਡਾ ਹੋ ਚੁੱਕਾ ਸੀ।

"ਇਹਨੇ ਸਾਡੀ ਸਾਰਿਆਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਇਹਨੂੰ ਕਹੋ ਪਹਿਲਾਂ ਹੁੱਕਾ ਤਾਜ਼ਾ ਕਰੇ।" ਬੰਸੇ ਨੇ ਸ਼ਰਤ ਰੱਖ ਦਿੱਤੀ। "ਬਾਅਦ ਵਿੱਚ ਹੀ ਇਹਦੀ ਕਹਾਣੀ ਸੁਣਾਂਗੇ।"

ਬੰਸੇ, ਨਿਹਾਲੇ ਅਤੇ ਭੀਮੇ ਨੇ ਵਾਰੀ-ਵਾਰੀ ਜਿੰਦਰ ਨੂੰ ਹਾਕ ਮਾਰੀ ਤਾਂ ਉਹ ਡਰਦਾ-ਡਰਦਾ ਬਾਹਰ ਨਿਕਲ਼ਿਆ। ਉਹ ਮੁੜ੍ਹਕੇ ਨਾਲ਼ ਭਿੱਜਿਆ ਹੋਇਆ ਸੀ। ਉਸ ਦਾ ਸਾਹ ਉੱਖੜਿਆ ਹੋਇਆ ਸੀ।

"ਕੀ ਹੋ ਜਾਂਦਾ ਹੈ ਤੈਨੂੰ ਹਫਤੇ-ਦਸ ਦਿਨ ਬਾਦ ? ਚੰਗਾ-ਭਲਾ ਤੁਰਦਾ-ਤੁਰਦਾ ਰੱਸਾ ਤੁੜਾ ਕੇ ਕਿਤੇ ਦੌੜ ਜਾਂਦਾ ਹੈਂ ?" ਬੰਸੇ ਨੇ ਹੈਰਾਨ ਅਤੇ ਪਰੇਸ਼ਾਨ ਹੋ ਕੇ ਪੁੱਛਿਆ।

"ਜੇ ਕਿਸੇ ਦਿਨ ਉਨ੍ਹਾਂ ਦੇ ਹੱਥੇ ਚੜ੍ਹ ਗਿਆ ਤਾਂ ਉਹ ਮਾਰ-ਮਾਰ ਕੇ ਤੇਰਾ ਭੜਥਾ ਬਣਾ ਦੇਣਗੇ। ਐਸਾ ਛਤਰੌਲ ਕਰਨਗੇ ਕਿ ਤੇਰੀ ਚਮੜੀ ਉੱਧੜ ਜਾਵੇਗੀ। ... ਜੁੱਤੀਆਂ ਦੇ ਇੰਨੇ ਹਾਰ ਪਾਉਣਗੇ, ਇੰਨੇ ਚਾਅ-ਮਲ੍ਹਾਰ ਕਰਨਗੇ ਕਿ ਸਾਰੀ ਉਮਰ ਲਾੜਾ ਬਣਨ ਦੀ ਤਮੰਨਾ ਨਹੀਂ ਰਹੇਗੀ।" ਨਿਹਾਲੇ ਨੇ ਚਿਤਾਵਨੀ ਦਿੱਤੀ।

ਜਿੰਦਰ ਨੇ ਤੁਰੰਤ ਕੋਈ ਜਵਾਬ ਨਾ ਦਿੱਤਾ। ਡਰ, ਤਣਾਅ ਅਤੇ ਥਕਾਵਟ ਕਰਕੇ ਉਸ ਦਾ ਸੰਤੁਲਨ ਅਜੇ ਤੱਕ ਵਿਗੜਿਆ ਹੋਇਆ ਸੀ ਅਤੇ ਸਾਹ ਉਖੜਿਆ ਹੋਇਆ ਸੀ।

" ਜੇ ਕਿਤੇ ਮੁਹੱਲੇ ਵਾਲਿਆਂ ਦੇ ਅੜਿੱਕੇ ਆ ਗਿਆ ਤਾਂ ਉਹ ਤੇਰੀ ਵੱਖਰੀ ਚਮੜੀ ਉਧੇੜਨਗੇ ਅਤੇ ਫਿਰ ਉਸ ਵਿੱਚ ਘਾਹ-ਫੂਸ ਭਰ ਕੇ ਸੜਕ ਦੇ ਕੰਢੇ ਦਰੱਖਤ ਨਾਲ਼ ਲਟਕਾ ਦੇਣਗੇ।" ਬੰਸੇ ਨੇ ਗੁੱਸੇ ਨਾਲ਼ ਕਿਹਾ।

"ਨਹੀਂ ਭਾਅ ... ਸਭ ਕੁੱਝ ਠੀਕ ਸੀ।" ਜਿੰਦਰ ਨੇ ਰੁਕ-ਰੁਕ ਕੇ ਕਹਿਣਾ ਸ਼ੁਰੂ ਕੀਤਾ, ਸਾਲ਼ੀ ਗੁਆਂਢਣ ਨੇ ਰੌਲ਼ਾ ਪਾ ਦਿੱਤਾ।"

"ਹੋਰ ਗੁਆਂਢਣ ਕੀ ਤੈਨੂੰ ਆਪਣੇ ਪੱਲੇ ਨਾਲ਼ ਹਵਾ ਝੱਲਦੀ ? ਤੂੰ ਉਹਦੇ ਗੁਆਂਢ ਵਿੱਚ ਸੰਨ੍ਹ ਲਾਈ ਤੇ ਉਹ ਤੈਨੂੰ ਚੂਰੀ ਕੁੱਟ-ਕੁੱਟ ਕੇ ਖਿਲਾਉਂਦੀ ? ਵਾਹ ਓਏ ਸ਼ੇਰਾ !" ਨਿਹਾਲੇ ਨੇ ਮਜ਼ਾਕ ਕੀਤਾ।

ਜਿੰਦਰ ਨੇ ਕੋਈ ਜਵਾਬ ਨਾ ਦਿੱਤਾ ਅਤੇ ਉਨ੍ਹਾਂ ਤੋਂ ਪਰ੍ਹੇ ਹੋ ਕੇ ਦਰੀ ਉੱਤੇ ਲੰਮਾ ਪੈ ਗਿਆ।

"ਇਹਦਾ ਕੁਸ਼ ਕਰਨਾ ਪਊਗਾ। ਬਦਨਾਮੀ ਤਾਂ ਆਪਣੀ ਸਾਰਿਆਂ ਦੀ ਹੋਵੇਗੀ। ਕਿੰਨੇ ਦਿਨ ਮੁਹੱਲੇ ਵਾਲਿਆਂ ਤੋਂ ਗੱਲ ਛਿਪੀ ਰਹੂਗੀ ਕਿ ਇਹ ਇਸ ਕਾਰਖਾਨੇ ਵਿੱਚ ਕੰਮ ਕਰਦਾ ਹੈ।" ਬੰਸੇ ਨੇ ਸੱਜੀ ਕੂਹਣੀ ਘੁਮਾ ਕੇ ਤਲ਼ੀ 'ਤੇ ਸਿਰ ਰੱਖਦਿਆਂ ਨਿਹਾਲੇ ਨੂੰ ਕਿਹਾ।

"ਹਾਂ। ਕੁੱਝ ਕਰਨਾ ਹੀ ਪਊਗਾ।" ਪਾਸਾ ਲੈ ਕੇ ਨਿਹਾਲਾ ਚੁੱਪ ਹੋ ਗਿਆ। ਉਨ੍ਹਾਂ ਨੂੰ ਖਮੋਸ਼ ਦੇਖ ਕੇ ਭੀਮੇ ਨੇ ਵੀ ਮੂੰਹ ਫੇਰ ਲਿਆ ਅਤੇ ਦਬਵੀਂ ਅਵਾਜ਼ ਵਿੱਚ ਗੁਣ-ਗੁਣਾਉਣ ਲੱਗਾ-

ਇਸ਼ਕ-ਮੁਸ਼ਕ ਨਾ ਛਿਪਾਇਆਂ ਰਹਿੰਦੇ, ਲੱਖ ਛਿਪਾਓ ਭਾਵੇਂ।

ਇਹ ਬੋਲ ਸੁਣ ਕੇ ਕਾਲ਼ੀ ਬੇਚੈਨ ਹੋ ਗਿਆ। ਗਿਆਨੋ ਦੀ ਯਾਦ ਨੇ ਧੁੱਪ ਦੀ ਤਰ੍ਹਾਂ ਉਸ ਦੇ ਦਿਲ-ਦਿਮਾਗ ਨੂੰ ਰੌਸ਼ਨ ਕਰ ਦਿੱਤਾ।

ਭੀਮਾ ਇਹ ਬੋਲ ਗੁਣ-ਗੁਣਾਉਂਦਾ ਸੌਂ ਗਿਆ ਪਰ ਕਾਲ਼ੀ ਖੁੱਲੇ ਤੇ ਸਾਫ ਅਸਮਾਨ ਵਿੱਚ ਟਿਮ-ਟਿਮਾਉਂਦੇ ਤਾਰਿਆਂ ਵਾਂਗ ਪੂਰਾ ਸੁਚੇਤ ਹੋਇਆ ਗਿਆਨੋ ਦੇ ਨਾਲ਼ ਆਪਣੇ ਪਿਆਰ ਵਿੱਚ ਗੁਆਚ ਗਿਆ ਸੀ।

ਜਦ ਮੁਹੱਲੇ ਦੇ ਪਹਿਲੇ ਸਿਰੇ 'ਤੇ ਚੌਂਕੀਦਾਰ ਦੀ ਤਿੱਖੀ ਅਵਾਜ਼ ਰਾਤ ਦੀ ਚੁੱਪ ਨੂੰ ਚੀਰਦੀ ਹੋਈ ਗੂੰਜ ਬਣ ਗਈ ਤਾਂ ਕਾਲ਼ੀ ਨੇ ਇਹ ਸੋਚ ਕੇ ਪਾਸਾ ਬਦਲ ਲਿਆ ਕਿ ਸ਼ਹਿਰ ਵਿੱਚ ਚੰਗੀ ਤਰ੍ਹਾਂ ਪੈਰ ਜੰਮਦਿਆਂ ਹੀ ਉਹ ਗਿਆਨੋ ਨੂੰ ਵੀ ਪਿੰਡੋਂ ਚੋਰੀ-ਛਿਪੇ ਆਪਣੇ ਕੋਲ਼ ਸ਼ਹਿਰ ਲੈ ਆਵੇਗਾ।

**ਦਸ**

ਲੱਕ ਦੁਆਲ਼ੇ ਪਤਲਾ ਜਿਹਾ ਸਾਫਾ ਲਪੇਟੀ ਕਾਲ਼ੀ ਕੋਠੜੀ ਦੇ ਬਾਹਰ ਨੰਗ-ਤੜੰਗਾ ਬੈਠਾ ਸੀ। ਉਸ ਨੂੰ ਪਿੱਠ ਵਿੱਚ ਖਾਜ ਮਹਿਸੂਸ ਹੁੰਦੀ ਤਾਂ ਉਹ ਨੌਂਹਾਂ ਨਾਲ਼ ਖਰੂਣ ਲੱਗ ਪੈਂਦਾ। ਖਾਜ ਕਰਨ ਪਿਛੋਂ ਉੱਥੇ ਕੁਸ਼ ਅਰਾਮ ਮਿਲਦਾ ਤਾਂ ਫੇਰ ਖੁੱਚਾਂ ਵਿੱਚ ਖੁਰਕ ਸ਼ੁਰੂ ਹੋ ਜਾਂਦੀ। ਉਹ ਖੁੱਚਾਂ ਨੂੰ ਖਰੂੰਦਾ ਤਾਂ ਖਾਜ ਬਾਹਾਂ ਉੱਪਰ ਹੋਣ ਲੱਗ ਪੈਂਦੀ। ਕਾਫੀ ਸਮਾਂ ਉਹ ਇਸ ਖਾਜ ਕਰਨ ਦੇ ਚੱਕਰ ਵਿੱਚ ਰੁੱਝਿਆ ਰਿਹਾ ਅਤੇ ਉਸ ਦੇ ਸਰੀਰ 'ਤੇ ਖਰੂਣ ਕਾਰਨ ਥਾਂ-ਥਾਂ 'ਤੇ ਨਹੁੰਆਂ ਦੀਆਂ ਝਰੀਟਾਂ ਦੇ ਨਿਸ਼ਾਨ ਪੈ ਗਏ ਸਨ ਅਤੇ ਕਿਤੇ-ਕਿਤੇ ਚਮੜੀ ਛਿੱਲ ਹੋ ਜਾਣ ਕਰਕੇ ਜ਼ਖਮ ਲਾਲ ਹੋ ਗਏ ਸਨ।

ਬੰਸਾ ਦਲਾਨ ਤੋਂ ਬਾਹਰ ਆਇਆ ਤਾਂ ਕਾਲ਼ੀ ਆਪਣੇ ਸਰੀਰ ਨੂੰ ਦੋਵਾਂ ਹੱਥਾਂ ਨਾਲ਼ ਖਰੂਣ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਬੰਸੇ ਨੇ ਇੱਕ ਪਲ ਉਹਦੀ ਵੱਲ ਦੇਖਿਆ ਅਤੇ ਕਾਹਲ਼ੀ ਨਾਲ਼ ਉਹਦੇ ਕੋਲ਼ ਆ ਖੜ੍ਹਾ ਹੋਇਆ, "ਕਾਲ਼ੀ ਦੇਖਿਆ ਤੂੰ। ਥੋੜ੍ਹੇ ਹੀ ਦਿਨਾਂ ਵਿੱਚ ਤੂੰ ਪੰਜ-ਕਲਿਆਣੀ ਮੱਝ ਵਰਗਾ ਹੋ ਗਿਆ ਹੈਂ। ਹੱਥ-ਪੈਰ ਭੂਰੇ ਰੰਗ ਦੇ ਹੋ ਗਏ ਹਨ। ਮੱਥੇ ਉੱਪਰ ਵਾਲ਼ਾਂ ਦਾ ਰੰਗ ਵੀ ਬਦਲ ਰਿਹਾ ਹੈ। ਅਗਰ ਅੱਠ-ਦਸ ਸਾਲ ਇੱਥੇ ਰਹਿ ਗਿਆ ਤਾਂ ਤੇਰਾ ਹੁਲੀਆ ਹੀ ਬਦਲ ਜਾਵੇਗਾ।" ਫਿਰ ਉਸ ਨੇ ਕਾਲ਼ੀ ਨੂੰ ਸਮਝਾਇਆ, "ਖਾਜ ਦਾ ਇੱਕ ਅਸੂਲ ਹੈ।"

"ਕੀ ?" ਕਾਲ਼ੀ ਨੇ ਉੱਤਸੁਕਤਾ ਨਾਲ਼ ਬੰਸੇ ਵੱਲ ਦੇਖਿਆ।

"ਉਹ ਇਹ ਕਿ ਤੁਸੀਂ ਜਿੰਨੀ ਜ਼ਿਆਦਾ ਖਾਜ ਕਰੋਗੇ, ਉਹ ਉਨੀ ਹੀ ਜ਼ਿਆਦਾ ਵਧੇਗੀ। ... ਇਸ ਦਾ ਇਲਾਜ ਇੱਕ ਹੀ ਹੈ।"

"ਉਹ ਕੀ ਹੈ ?" ਕਾਲ਼ੀ ਨੇ ਪਿੱਠ ਅਤੇ ਢਿੱਡ ਤੋਂ ਹੱਥ ਚੁੱਕ ਲਏ।

"ਇਹੀ ਕਿ ਖਾਜ ਨਾ ਕਰੋ। ਇਸ ਨੂੰ ਬਰਦਾਸ਼ਤ ਕਰੋ। ... ਜੀਅ ਕਰੜਾ ਰੱਖੋ। ਹੌਲ਼ੀ-ਹੌਲ਼ੀ ਖਾਜ ਦਾ ਅਹਿਸਾਸ ਖਤਮ ਹੋ ਜਾਵੇਗਾ। ਜਦ ਖਾਜ ਛਿੜਦੀ ਹੈ ਤਾਂ ਜੀਅ ਕਰਦਾ ਹੈ ਕਿ ਸਰੀਰ ਨੂੰ ਨਹੁੰਆਂ ਨਾਲ਼ ਛਿੱਲ ਦੇਈਏ," ਕਾਲ਼ੀ ਨੇ ਬੁੱਲ ਘੁੱਟ ਲਏ। "ਦੇਖ ਲਓ। ਇਹ ਇਲਾਜ ਹੈ ਬਹੁਤ ਮੁਸ਼ਕਲ। ਇਹ ਕਰਨ ਲਈ ਬਹੁਤ ਜਿਗਰਾ ਅਤੇ ਸਬਰ ਚਾਹੀਦਾ ਜੋ ਹਰ ਕਿਸੇ ਕੋਲ਼ ਨਹੀਂ ਹੁੰਦਾ।"

ਕੁੱਝ ਰੁੱਕ ਕੇ ਬੰਸਾ ਮੁਸਕਰਾਇਆ, "ਜਿਸ ਤਰ੍ਹਾਂ ਕਿਸੇ ਕੁੜੀ ਨਾਲ਼ ਪਿਆਰ ਕਰਨ ਵੇਲੇ ਸ਼ੁਰੂ-ਸ਼ੁਰੂ ਵਿੱਚ ਬਹੁਤ ਮਜ਼ਾ ਆਉਂਦਾ ਹੈ। ਸਰੀਰ ਵਿੱਚ ਮਿੱਠੀ ਜਿਹੀ ਗੁਦਗੁਦੀ ਹੁੰਦੀ ਹੈ। ਝਰਨਾਹਟ ਵੀ ਮਹਿਸੂਸ ਹੁੰਦੀ ਹੈ। ਪਰ ਜਿਉਂ-ਜਿਉਂ ਆਦਮੀ ਅੱਗੇ ਵਧਦਾ ਹੈ ਕੁੱਝ ਸਮੇਂ ਲਈ ਮਜ਼ਾ ਵੀ ਦੁੱਗਣਾ-ਤਿੱਗਣਾ ਹੁੰਦਾ ਜਾਂਦਾ ਹੈ ਅਤੇ ਫਿਰ ਅਜਿਹਾ ਵਕਤ ਆਉਂਦਾ ਹੈ ਕਿ ਸਿਵਾਏ ਖਿੱਝ ਅਤੇ ਪਛਤਾਵੇ ਦੇ ਹੱਥ ਵਿੱਚ ਕੁੱਝ ਨਹੀਂ ਰਹਿੰਦਾ। ਸਾਰਾ ਸਰੀਰ ਨਾਸੂਰ ਬਣ ਜਾਂਦਾ ਹੈ। ਐਸਾ ਨਾਸੂਰ ਜੋ ਕਦੀ ਨਹੀਂ ਹੱਟਦਾ, ਹਮੇਸ਼ਾ ਰਿਸਦਾ ਰਹਿੰਦਾ ਹੈ।"

ਬੰਸੇ ਦੀਆਂ ਗੱਲਾਂ ਸੁਣ ਕੇ ਕਾਲ਼ੀ ਨੇ ਅੱਖਾਂ ਉੱਪਰ ਚੁੱਕ ਕੇ ਉਹਦੀ ਵੱਲ ਦੇਖਿਆ ਅਤੇ ਇਸ ਤਰ੍ਹਾਂ ਹੌਲ਼ੀ-ਹੌਲ਼ੀ ਸਿਰ ਹਿਲਾਉਣ ਲੱਗਾ ਜਿਵੇਂ ਉਸ ਦੀ ਗੱਲ ਪੂਰੀ ਤਰ੍ਹਾਂ ਸਮਝ ਵਿੱਚ ਆ ਗਈ ਹੋਵੇ। ਉਹ ਖੜ੍ਹਾ ਹੋ ਗਿਆ। ਅੰਗੜਾਈ ਦੇ ਨਾਲ਼ ਹੀ ਉਸ ਨੂੰ ਉਬਾਸੀ ਵੀ ਆ ਗਈ ਅਤੇ ਉਸ ਨੂੰ ਰੋਕਣ ਲਈ ਕਾਲ਼ੀ ਨੇ ਮੂੰਹ 'ਤੇ ਹੱਥ ਰੱਖ ਲਿਆ। ਫਿਰ ਉਹ ਬੰਸੇ ਵੱਲ ਦੇਖਣ ਲੱਗਾ, "ਮੁਨਸ਼ੀ ਜੀ ਨੂੰ ਕਹੋ ਕਿ ਇੱਥੇ ਇੱਕ ਨਲ਼ਕਾ ਲੁਆ ਦੇਵੇ। ਘੱਟ-ਤੋਂ-ਘੱਟ ਤਾਜ਼ੇ ਸਾਫ ਪਾਣੀ ਨਾਲ਼ ਨਹਾ ਤਾਂ ਸਕੀਏ। ਛੱਪੜ ਵਿੱਚ ਰੋਜ਼-ਰੋਜ਼ ਨਹਾਉਣ ਨਾਲ਼ ਸਰੀਰ ਬਿਲਕੁਲ ਗਲ਼ ਜਾਵੇਗਾ।"

"ਫੋਰਮੈਨ ਨਾਲ਼ ਕਈ ਵਾਰ ਗੱਲ ਹੋ ਚੁੱਕੀ ਹੈ। ਉਹ ਮੰਨ ਵੀ ਗਿਆ ਹੈ। ਮੁਨਸ਼ੀ ਨੂੰ ਵੀ ਕਹਿ ਚੁੱਕੇ ਹਾਂ। ਉਹ ਵੀ ਮੰਨਦਾ ਹੈ ਕਿ ਇੱਥੇ ਨਹਾਉਣ-ਧੋਣ ਲਈ ਨਲ਼ਕਾ ਹੋਣਾ ਚਾਹੀਦਾ ਹੈ। ਪਰ ਅੱਜ ਤੱਕ ਨਲ਼ਕਾ ਲੱਗਾ ਨਹੀਂ ਹੈ।"

"ਕਿਉਂ ਨਹੀਂ ਲੱਗਾ ?" ਕਾਲ਼ੀ ਨੇ ਹੈਰਾਨ ਹੋ ਕੇ ਪੁੱਛਿਆ।

"ਨਲ਼ਕਾ ਲਾਉਣ ਵਾਲ਼ੇ ਠੇਕੇਦਾਰ ਨਾਲ਼ ਇੱਕ ਵਾਰ ਉਹਦੇ ਕਾਰੀਗਰ ਵੀ ਆਏ ਸੀ। ਥਾਂ ਵਗੈਰਾ ਸਭ ਦੇਖ ਗਏ ਸੀ।"

"ਫਿਰ ਨਲਕਾ ਕਿਉਂ ਨਹੀਂ ਲੱਗਾ ?"

"ਠੇਕੇਦਾਰ ਨੇ ਸਲਾਹ ਦਿੱਤੀ ਸੀ ਕਿ ਜਗ੍ਹਾ ਛੱਪੜ ਦੇ ਬਹੁਤ ਨੇੜੇ ਹੋਣ ਕਰਕੇ ਪਾਣੀ ਥੋੜ੍ਹੀ ਹੀ ਗਹਿਰਾਈ ਤੇ ਮਿਲ਼ ਜਾਣਾ ਹੈ ਪਰ ਪੂਰੀ ਤਰ੍ਹਾਂ ਸਾਫ ਨਹੀਂ ਹੋਣਾ। ਸਾਫ-ਸੁਥਰੇ ਅਤੇ ਚੰਗੇ ਪਾਣੀ ਲਈ ਨਲ਼ਕਾ ਥੋੜ੍ਹਾ ਡੂੰਘਾ ਪੱਟਣਾ ਪੈਣਾ ਹੈ। ਖਰਚ ਦੋ-ਤਿੰਨ ਗੁਣਾ ਵੱਧ ਜਾਵੇਗਾ।"

"ਫੇਰ ?"

ਮੁਨਸ਼ੀ ਨੇ ਟਾਲ਼ ਦਿੱਤਾ ਕਿ ਸੋਚ-ਵਿਚਾਰ ਕੇ ਦੱਸਾਂਗੇ।

"ਬਹੁਤ ਦਿਨਾਂ ਤੱਕ ਸੋਚ–ਵਿਚਾਰ ਵੀ ਹੁੰਦੀ ਰਹੀ ਪਰ ਗੱਲ ਅੱਗੇ ਨਹੀਂ ਵਧੀ।" ਬੰਸਾ ਨਿਰਾਸ਼ ਜਿਹਾ ਅੱਗੇ ਬੋਲਿਆ, "ਇੱਕ ਦਿਨ ਨਾਥੀ ਨੇ ਮੁਨਸ਼ੀ ਨਾਲ਼ ਗੱਲ ਕੀਤੀ ਤਾਂ ਉਸ ਨੇ ਬਹੁਤ ਹੀ ਟੇਡਾ ਜਵਾਬ ਦਿੱਤਾ ਕਿ ਕਾਰਖਾਨੇ ਵਿੱਚ ਉਹ ਹੀ ਚੀਜ਼ ਆਵੇਗੀ ਜਾਂ ਪੁਰਾਣੀ ਬਦਲੀ ਜਾਵੇਗੀ ਜਿਸ ਦੇ ਬਿਨਾਂ ਕੰਮ ਬੰਦ ਹੋ ਸਕਦਾ ਹੋਵੇ। ਨਹਾਉਣਾ, ਕੱਪੜੇ ਧੋਣਾ ਅਤੇ ਰੋਟੀ ਬਣਾਉਣਾ ਤੁਹਾਡਾ ਆਪਣਾ ਮਾਮਲਾ ਹੈ।" ਮੇਰੇ ਖਿਆਲ ਵਿੱਚ ਮੁਨਸ਼ੀ ਨੇ ਉਸ ਦਿਨ ਸੇਠ ਦੇ ਮਨ ਦੀ ਗੱਲ ਦੱਸ ਦਿੱਤੀ।

"ਹੁਣ ਫਿਰ ਕਈ ਮਹੀਨਿਆਂ ਤੋਂ ਸੁਣ ਰਹੇ ਹਾਂ ਕਿ ਸਰਕਾਰ ਨੇ ਕਾਰਖਾਨੇ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਕਈ ਕਾਨੂੰਨ ਬਣਾਏ ਹਨ। ਪਰ ਇੱਥੇ ਤਾਂ ਅਜੇ ਤੱਕ ਕੁਸ਼ ਨਹੀਂ ਹੋਇਆ। ... ਇੰਸਪੈਕਟਰ ਵੀ ਦੋ–ਤਿੰਨ ਚੱਕਰ ਲਾ ਗਿਆ ਹੈ। ਇੱਕ ਵਾਰ ਕਹਿ ਵੀ ਗਿਆ ਸੀ ਕਿ ਕਾਨੂੰਨ ਦੇ ਮੁਤਾਬਕ ਇੱਥੇ ਇੱਕ ਟਿਊਬਵੈਲ ਲੱਗੇਗਾ। ਗੋਡਿਆਂ ਤੱਕ ਲੰਮੇ ਰਬੜ ਦੇ ਬੂਟ ਅਤੇ ਕੂਹਣੀਆਂ ਤੱਕ ਲੰਮੇ ਦਸਤਾਨੇ ਮਿਲਣਗੇ। ਦਲਾਨ ਵਿੱਚ ਬਿਜਲੀ ਦੇ ਪੱਖੇ ਵੀ ਲੱਗਣਗੇ। ਉਸ ਨੇ ਗੱਲਾਂ–ਗੱਲਾਂ ਵਿੱਚ ਇਸ ਕਾਰਖਾਨੇ ਨੂੰ ਸਵਰਗ ਬਣਾ ਦਿੱਤਾ ਸੀ ਪਰ ਹੋਇਆ ਕੁਸ਼ ਵੀ ਨਹੀਂ।" ਬੰਸਾ ਹੋਰ ਵੀ ਜ਼ਿਆਦਾ ਨਿਰਾਸ਼ ਹੋ ਗਿਆ।

ਪਿੱਛੇ ਖੜ੍ਹਾ ਨਾਥੀ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਸ ਨੇ ਜ਼ੋਰ ਨਾਲ਼ ਹੱਥ ਝਟਕਿਆ, "ਕਹਿੰਦੇ ਹਨ ਕਿ ਦੇਸ਼ ਅਜ਼ਾਦ ਹੋ ਗਿਆ ਹੈ। ਪਰ ਲਗਦਾ ਹੈ ਕਿ ਅਜ਼ਾਦੀ ਸੇਠਾਂ, ਅਫਸਰਾਂ ਅਤੇ ਬੜੇ ਬੜੇ ਚੌਧਰੀਆਂ ਦੀਆਂ ਕੋਠੀਆਂ ਅਤੇ ਹਵੇਲੀਆਂ ਵਿੱਚ ਹੀ ਫੱਸ ਕੇ ਰਹਿ ਗਈ ਹੈ। ਉਹਨੂੰ ਛੋਟੀਆਂ–ਛੋਟੀਆਂ ਗਲ਼ੀਆਂ ਅਤੇ ਕੱਚੇ ਘਰਾਂ ਦਾ ਰਾਹ ਨਹੀਂ ਲੱਭਾ। ... ਸਾਲ਼ੇ ! ਕਿੰਨਾ ਵੱਡਾ ਧੋਖਾ ਹੈ।"

"ਯਾਰ, ਗੱਲ ਇੰਸਪੈਕਟਰ ਦੀ ਹੋ ਰਹੀ ਸੀ। ਤੂੰ ਵਿੱਚ ਅਜ਼ਾਦੀ ਨੂੰ ਲੈ ਆਇਆਂ।" ਬੰਸਾ ਖਿੱਝ ਗਿਆ।

"ਬੰਸਿਆ, ਤੇਰੀ ਅਕਲ ਵੀ ਨਾ ਪਸ਼ੂਆਂ ਵਰਗੀ ਹੈ। ਪਸ਼ੂ ਵੀ ਉਹ ਜਿਸ ਦੀਆਂ ਅੱਖਾਂ 'ਤੇ ਖੋਪੇ ਬੰਨੇ ਹੋਏ ਹੋਣ। ਇੰਸਪੈਕਟਰ ਵੀ ਤਾਂ ਅਜ਼ਾਦੀ ਦੀ ਹੀ ਪੈਦਾਵਾਰ ਹੈ। ਸੇਠ ਦੇ ਦਫਤਰ ਅਤੇ ਕੋਠੀ ਦਾ ਰਾਹ ਹੀ ਉਸ ਨੂੰ ਯਾਦ ਰਿਹਾ ਹੋਵੇਗਾ। ਉੱਥੇ ਦੀ ਹਾਲਤ ਦੇਖ ਕੇ ਕਾਰਖਾਨੇ ਦਾ ਅੰਦਾਜ਼ਾ ਵੀ ਲਾ ਲਿਆ ਹੋਵੇਗਾ। ਮਾਲਕ ਨਾਲ਼ ਮਾਮਲਾ ਵੀ ਤੈਹ ਹੋ ਗਿਆ ਹੋਵੇਗਾ। ਕਿਤਾਬਾਂ ਵਿੱਚ ਟਿਊਬਵੈਲ ਵੀ ਲੱਗ ਗਿਆ ਹੋਵੇਗਾ। ਲੰਬੇ ਬੂਟ ਅਤੇ ਦਸਤਾਨੇ ਵੀ ਆ ਗਏ ਹੋਣਗੇ। ਦਲਾਨ ਵਿੱਚ ਬਿਜਲੀ ਦੇ ਪੱਖੇ ਵੀ ਚਲਦੇ ਹੋਣਗੇ। ... ਕਿਤਾਬ ਦਾ ਢਿੱਡ ਭਰਿਆ ਹੋਣਾ ਚਾਹੀਦਾ ਬਾਕੀ ਅਭ ਅੱਲਾ–ਅੱਲਾ ਖੈਰ ਸੱਲਾ ਹੈ।" ਗੁੱਸੇ ਨਾਲ਼ ਨਾਥੀ ਦੀਆਂ ਨਾਸਾਂ ਫੁੱਲ ਗਈਆਂ। ਫਿਰ ਉਹ ਆਪਣੀ ਬਾਂਹ 'ਤੇ ਖਾਜ ਦੀ ਖਰੂਣ ਕਾਰਨ ਬਣੇ ਫੋੜੇ ਨੂੰ ਹੌਲ਼ੀ ਜਿਹੀ ਛੂਹ ਕੇ ਉਸ 'ਤੇ ਫੂਕ ਮਾਰਦਾ ਹੋਇਆ ਬੋਲਿਆ, "ਪਸ਼ੂ ਆਪ ਤਾਂ ਸਾਰੀ ਜ਼ਿੰਦਗੀ ਨਰਕ ਹੀ ਭੋਗਦੇ ਹਨ ਤੇ ਮਰ ਕੇ ਸਾਡੇ ਲਈ ਹੋਰ ਵੀ ਬੜਾ ਨਰਕ ਛੱਡ ਜਾਂਦੇ ਹਨ।"

ਕਾਲ਼ੀ ਦੇ ਸਰੀਰ 'ਤੇ ਇੱਕ ਵਾਰ ਫਿਰ ਖਾਜ ਹੋਣ ਲੱਗ ਪਈ ਸੀ। ਆਪਣੇ ਆਪ

’ਤੇ ਸਬਰ ਰੱਖਣ ਦੀ ਕੋਸ਼ਿਸ਼ ਦੇ ਬਾਵਜੂਦ ਉਸ ਕੋਲ਼ੋਂ ਖਾਜ ਬਰਦਾਸ਼ਤ ਨਹੀਂ ਸੀ ਹੋ ਰਹੀ। ਉਸ ਨੇ ਥੋੜ੍ਹੀ ਦੇਰ ਤਾਂ ਸਬਰ ਰੱਖਿਆ ਪਰ ਜਦ ਇੱਕ ਵਾਰ ਟੁੱਟ ਗਿਆ ਤਾਂ ਉਹ ਦੋਵਾਂ ਹੱਥਾਂ ਦੇ ਨਹੁੰਆਂ ਨਾਲ਼ ਖਰੂਣ ਲੱਗਾ।

ਨਾਥੀ ਛੋਟੇ ਦਲਾਨ ਵਿੱਚੋਂ ਲੋਹੇ ਦੀਆਂ ਪਤਲੀਆਂ ਤਾਰਾਂ ਦਾ ਬੁਰਸ਼ ਲੈ ਆਇਆ। ਇਸ ਨਾਲ਼ ਕਮਾਏ ਹੋਏ ਚਮੜੇ ਦੇ ਥੱਲੇ ਵਾਲ਼ੇ ਪਾਸੇ ਨੂੰ ਰਗੜ ਕੇ ਬੁਰਦਾਰ ਬਣਾਇਆ ਜਾਂਦਾ ਹੈ। ਉਸ ਨੇ ਬੁਰਸ਼ ਕਾਲ਼ੀ ਨੂੰ ਫੜਾਉਂਦਿਆਂ ਕਿਹਾ, “ਲੈ ਇਸ ਨੂੰ ਸਰੀਰ ’ਤੇ ਘੁਮਾ। ਸ਼ਾਇਦ ਇਸ ਨਾਲ਼ ਖਾਜ ਨੂੰ ਫਰਕ ਪੈ ਜਾਵੇ।”

“ਕਿਓਂ, ਮਾਰਨਾ ਹੈ ਇਸ ਨੂੰ ?” ਬੰਸੇ ਨੇ ਨਾਥੀ ਤੋਂ ਬੁਰਸ਼ ਖੋਹ ਕੇ ਦਲਾਨ ਵਿੱਚ ਸਿੱਟ ਦਿੱਤਾ। “ਇਸ ਨਾਲ਼ ਤਾਂ ਸਰੀਰ ਦੀ ਚਮੜੀ ਲਹਿ ਜਾਣੀ ਹੈ। ਚੰਗਾ ਇਲਾਜ ਦੱਸਦਾਂ ਆਂ ਤੂੰ ?”

“ਬੰਸੇ, ਜਦ ਤੱਕ ਚਮੜੀ ਹੈ, ਖਾਜ ਤਾਂ ਆਵੇਗੀ। ਚਮੜੀ ਲਹਿ ਜਾਵੇਗੀ ਤਾਂ ਖਾਜ ਆਪਣੇ-ਆਪ ਹਟ ਜਾਵੇਗੀ।” ਨਾਥੀ ਪਰੇਸ਼ਾਨ ਹੋ ਕੇ ਦਲਾਨ ਵੱਲ ਨੂੰ ਚਲੇ ਗਿਆ। “ਨਾ ਮੰਨ ਮੇਰੀ ਗੱਲ, ਪਰ ਇਲਾਜ ਇਹ ਹੀ ਹੈ। ਸਿਰ ਦਰਦ ਦਾ ਸਭ ਤੋਂ ਬੜਾ ਇਲਾਜ ਹੈ ਕਿ ਸਿਰ ਭੰਨ ਦਿਓ। ਨਾ ਰਹੇ ਬਾਂਸ ਨਾ ਵੱਜੇਗੀ ਬੰਸਰੀ। ਕਿੱਸਾ ਖਤਮ।”

ਜਦ ਨਾਥੀ ਦਲਾਨ ਪਾਰ ਕਰ ਗਿਆ ਤਾਂ ਬੰਸੇ ਨੇ ਕਾਲ਼ੀ ਦਾ ਹੱਥ ਫੜ ਲਿਆ, “ਉੱਠ, ਨਹਾ ਲੈ। ਫੇਰ ਰੋਟੀ ਖਾਣ ਚਲਦੇ ਹਾਂ। ਬਾਅਦ ਵਿੱਚ ਤੰਦੂਰ ’ਤੇ ਭੀੜ ਹੋ ਜਾਣੀ ਹੈ।”

“ਕਿੱਥੇ ਨਹਾਵਾਂ ?” ਕਾਲ਼ੀ ਨੇ ਮੂੰਹ ਉੱਤਾਂਹ ਚੁੱਕ ਕੇ ਬੰਸੇ ਵੱਲ ਦੇਖਿਆ।

“ਉੱਥੇ, ਜਿੱਥੇ ਹਰ ਰੋਜ਼ ਨਹਾਉਂਦੇ ਹਾਂ।” ਬੰਸੇ ਨੇ ਛੱਪੜ ਵੱਲ ਇਸ਼ਾਰਾ ਕੀਤਾ।

“ਕੁਸ਼ ਵੀ ਹੋ ਜਾਏ, ਇਸ ਛੱਪੜ ਵਿੱਚ ਮੈਂ ਨਹੀਂ ਨਾਉਣਾ।” ਕਾਲ਼ੀ ਆਕੜ ਗਿਆ। “ਜਿਸ ਛੱਪੜ ਵਿੱਚ ਪਸ਼ੂ ਵੀ ਨਹੀਂ ਨਹਾਉਂਦੇ, ਪਾਣੀ ਨੂੰ ਮੂੰਹ ਤੱਕ ਨਹੀਂ ਲਾਉਂਦੇ, ਕੁੱਤੇ ਝਾਕ ਕੇ ਵੀ ਨਹੀਂ ਦੇਖਦੇ, ਪੰਛੀ ਨਹੀਂ ਮੰਡਰਾਉਂਦੇ, ਕੀੜੇ-ਮਕੌੜੇ ਨਹੀਂ ਤੁਰੇ-ਫਿਰਦੇ, ਜਿਸ ਦੀ ਤਹਿ ਵਿੱਚ ਕੁੱਝ ਨਹੀਂ ਉੱਗਦਾ, ਉਹ ਪਾਣੀ ਜ਼ਹਿਰ ਤੋਂ ਵੀ ਬੁਰਾ ਹੈ।”

ਕਾਲ਼ੀ ਦੀਆਂ ਗੱਲਾਂ ਸੁਣ ਕੇ ਬੰਸਾ ਹੈਰਾਨ ਰਹਿ ਗਿਆ। ਉਹ ਹੈਰਾਨ-ਪਰੇਸ਼ਾਨ ਖੜ੍ਹਾ ਟਿਕਟਿਕੀ ਲਾਈ ਉਸ ਦੇ ਮੂੰਹ ਵੱਲ ਦੇਖ ਰਿਹਾ ਸੀ। ਉਹ ਸੋਚਣ ਲੱਗਾ ਕਿ ‘ਲਗਦਾ ਤਾਂ ਇਸ ਤਰ੍ਹਾਂ ਹੈ ਜਿਵੇਂ ਇਸ ਦੇ ਮੂੰਹ ਵਿੱਚ ਜ਼ੁਬਾਨ ਹੀ ਨਾ ਹੋਵੇ। ਇਸ ਦੇ ਸਿਰਫ ਕੰਨ ਹੀ ਹਨ। ਲੇਕਿਨ ਇਹ ਤਾਂ ਬਹੁਤ ਗੁਸੈਲਾ ਹੈ। ਮੂੰਹ ਤੋਂ ਗੱਲਾਂ ਕਰਨ ਦੀ ਬਜਾਏ ਅੱਗ ਉਗਲਦਾ ਹੈ।’

ਕਾਲ਼ੀ ਇਕਦਮ ਚੁੱਪ ਹੋ ਗਿਆ ਅਤੇ ਉਸ ਦੇ ਚਿਹਰੇ ’ਤੇ ਉਦਾਸੀ ਛਾਅ ਗਈ। ਉਹ ਦੰਦ ਪੀਂਹਦਾ ਰਿਹਾ ਜਿਵੇਂ ਗੁੱਸੇ ਅਤੇ ਪਰੇਸ਼ਾਨੀ ਨੂੰ ਇਕੋ ਵਾਰੀ ਚਬਾ ਰਿਹਾ ਹੋਵੇ। ਉਸ ਦੀ ਇਹ ਹਾਲਤ ਦੇਖ ਕੇ ਬੰਸੇ ਨੇ ਦਿਲਾਸਾ ਦਿੱਤਾ, “ਕੀ ਕਰੀਏ, ਯਾਰਾ। ਬਹੁਤ ਜ਼ੋਰ ਲਾਇਆ ਕਿ ਇੱਥੇ ਇੱਕ ਨਲ਼ਕਾ ਹੀ ਲੱਗ ਜਾਵੇ ਪਰ ਸਾਡੀ ਸੁਣਦਾ ਹੀ ਕੌਣ ਹੈ। ਗੱਲਾਂ ਟਿਊਬਵੈਲ ਲਾਉਣ ਦੀਆਂ ਹੁੰਦੀਆਂ ਹਨ, ਖਾਜ ਦੇ ਡਾਕਟਰੀ ਇਲਾਜ ਦੀਆਂ ਹੁੰਦੀਆਂ ਹਨ ਪਰ

ਮਿਲ਼ਦਾ ਹੈ, ਸਿਰਫ ਛੱਪੜ ਦਾ ਪਾਣੀ ਅਤੇ ਸਰੋਂ ਦਾ ਤੇਲ। ਉਹ ਵੀ ਸਸਤਾ, ਮਿਲਾਵਟ ਵਾਲ਼ਾ ਜਿਹਨੂੰ ਲਾਉਣ ਨਾਲ਼ ਖਾਜ ਹੋਰ ਵੱਧ ਜਾਂਦੀ ਹੈ।"

ਇੱਥੇ ਆਲ਼ੇ-ਦੁਆਲ਼ੇ ਕੋਈ ਨਲ਼ਕਾ ਜਾਂ ਖੂਹ ਤਾਂ ਹੋਵੇਗਾ ਹੀ ?" ਕਾਲ਼ੀ ਨੇ ਪੁੱਛਿਆ।

"ਖੂਹ ਤਾਂ ਪਿੰਡਾਂ ਵਿੱਚ ਹੁੰਦੇ ਹਨ। ਨਲ਼ਕਾ ਉੱਧਰ ਹੈ ਤਾਂ ਸਹੀ, ਸੜਕ ਦੇ ਕੰਢੇ। ਕਿਸੇ ਦਿਆਲੂ ਆਦਮੀ ਨੇ ਰਾਹਗੀਰਾਂ ਦੀ ਪਿਆਸ ਬੁਝਾਉਣ ਲਈ ਲੁਆਇਆ ਸੀ। ਪਰ ਕੋਈ ਭਲਾਮਾਣਸ ਉਸ ਦਾ ਹੈਂਡਲ ਹੀ ਲਾਹ ਕੇ ਲੈ ਗਿਆ। ... ਇਹ ਹੀ ਹਾਲ ਰਿਹਾ ਤਾਂ ਕੱਲ ਨੂੰ ਕੋਈ ਨਲ਼ਕਾ ਹੀ ਪੁੱਟ ਕੇ ਲੈ ਜਾਊਗਾ।" ਬੰਸੇ ਨੇ ਨਿਰਾਸ਼ਾ ਵਿੱਚ ਹੱਥ ਮਾਰਿਆ।

"ਪਾਣੀ ਦੇ ਘੜੇ ਕਿੱਥੋਂ ਭਰੇ ਜਾਂਦੇ ਹਨ ?"

"ਨਾਂ ਤਾਂ ਯਾਦ ਨਹੀਂ। ਕੋਈ ਗਾਗਰ ਵਿੱਚ ਪਾਣੀ ਲੈ ਕੇ ਆਉਂਦਾ ਹੈ ਤੇ ਘੜੇ ਭਰ ਜਾਂਦਾ ਹੈ। ਪਰ ਉਹ ਪਾਣੀ ਲਿਆਉਂਦਾ ਕਿੱਥੋਂ ਹੈ, ਇਹ ਤਾਂ ਰੱਬ ਹੀ ਜਾਣੇ।"

"ਆਪਾਂ ਸਾਰੇ ਇਨ੍ਹਾਂ ਘੜਿਆਂ ਵਿੱਚੋਂ ਪਾਣੀ ਪੀਂਦੇ ਹਾਂ। ਕਦੀ ਕਿਸੇ ਨੇ ਧਿਆਨ ਨਹੀਂ ਦਿੱਤਾ। ਘੜਿਆਂ ਦੇ ਅੰਦਰ ਇੰਨੀ ਹਰਿਆਈ ਜੰਮੀ ਹੋਈ ਹੈ ਕਿ ਹੱਥ ਤਿਲਕਦਾ ਹੈ।"

"ਤੈਨੂੰ ਹੋ ਕੀ ਗਿਆ ਹੈ ? ਤੂੰ ਤਾਂ ਚੰਗਾ-ਭਲਾ ਸੀ। ਇਸ ਗੰਦੇ-ਸੜੇ ਪਾਣੀ ਵਿੱਚ ਕੰਮ ਕਰਦਾ ਹੈਂ। ਮਸ਼ਕਾਂ ਭਰ-ਭਰ ਕੇ ਹੌਜ ਖਾਲੀ ਕਰਦਾ ਹੈ: ਫਿਰ ਛੱਪੜ ਦੇ ਪਾਣੀ ਨਾਲ਼ ਉਨ੍ਹਾਂ ਨੂੰ ਭਰਦਾ ਹੈ। ਇਸ ਬਦਬੂ-ਭਰੇ ਵਾਤਾਵਰਣ ਵਿੱਚ ਸਾਹ ਲੈਂਦਾ ਹੈ," ਬੰਸੇ ਨੇ ਇੱਕ-ਇੱਕ ਸ਼ਬਦ 'ਤੇ ਜ਼ੋਰ ਦਿੱਤਾ।

"ਸ਼ਾਇਦ ਬਦਬੂ ਮੇਰੇ ਦਿਮਾਗ ਵਿੱਚ ਵੜ੍ਹ ਗਈ ਹੈ ਅਤੇ ਛੱਪੜ ਦਾ ਪਾਣੀ ਜ਼ਹਿਰ ਬਣ ਕੇ ਮੇਰੇ ਸਰੀਰ ਵਿੱਚ ਫੈਲ ਗਿਆ ਹੈ।" ਕਾਲ਼ੀ ਨੇ ਉਸ ਦੇ ਦੋਵੇਂ ਹੱਥ ਫੜ ਲਏ, "ਬੰਸੇ ਭਾ ਜੀ।"

"ਹਾਂ ਭਾ।"

"ਤੁਸੀਂ ਮੇਰੇ ਬੜੇ ਭਾਈ ਆਂ। ਮੇਰੀ ਮਦਦ ਕਰੋ।"

ਕਾਲ਼ੀ ਮਿੰਨਤਾਂ ਕਰਨ ਲੱਗਾ, "ਜੇ ਮੈਂ ਅੱਜ ਇਸ ਛੱਪੜ ਦੇ ਪਾਣੀ ਨਾਲ਼ ਨਹਾ ਲਿਆ ਤਾਂ ਮਰ ਜਾਉਂਗਾ। ਮੈਂ ਖੂਹ ਜਾਂ ਨਲਕੇ ਦੇ ਤਾਜ਼ੇ ਅਤੇ ਠੰਡੇ ਪਾਣੀ ਨਾਲ਼ ਨਾਉਣਾ ਚਾਹੁੰਦਾ ਹਾਂ।"

"ਪਿੰਡ ਵਿੱਚ ਖੂਹ ਜ਼ਰੂਰ ਹੋਵੇਗਾ। ਮੈਂ ਪਿੰਡ ਕਦੇ ਗਿਆ ਨਹੀਂ। ਚਲੋ, ਪਤਾ ਕਰ ਲੈਂਦੇ ਹਾਂ।" ਬੰਸੇ ਨੇ ਮੰਜੇ ਨਾਲ਼ ਲਟਕਦੇ ਆਪਣੇ ਚੂਨੇ ਅਤੇ ਲੂਣ ਦੇ ਪਾਣੀ ਨਾਲ਼ ਧੋਤੇ ਹੋਏ ਕੱਪੜੇ ਦੀ ਤਰ੍ਹਾਂ ਆਕੜੇ ਕੱਛੇ ਨੂੰ ਚੁੱਕ ਲਿਆ।

ਕਾਲ਼ੀ ਵੀ ਆਪਣਾ ਕੱਛਾ ਅਤੇ ਸਾਫਾ ਲੈ ਕੇ ਬੰਸੇ ਦੇ ਨਾਲ਼ ਤੁਰ ਪਿਆ। ਬੰਸਾ ਫਾਟਕ ਕੋਲ਼ ਰੁਕ ਗਿਆ। "ਇੱਥੇ ਮੁਹੱਲੇ ਵਿੱਚ ਵੀ ਖੂਹ ਹੋਣਾਂ ਤਾਂ ਚਾਹੀਦਾ ਹੈ। ਕੁੱਝ ਘਰਾਂ ਵਿੱਚ ਸ਼ਾਇਦ ਨਲ਼ਕੇ ਵੀ ਹੋਣ ਪਰ ਇੱਥੇ ਕਿਸੇ ਨਾਲ਼ ਜਾਣ-ਪਹਿਚਾਣ ਨਹੀਂ ਹੈ। ... ਪਿੰਡ ਹੀ ਚਲਦੇ ਹਾਂ।"

"ਪਿੰਡ ਕਿਹੜਾ ਦੂਰ ਹੈ। ਵਿਚਾਲੇ ਛੱਪੜ ਹੀ ਤਾਂ ਹੈ। ਘੁੰਮ ਕੇ ਜਾਣ ਨਾਲ਼ ਥੋੜ੍ਹਾ ਦੂਰ ਤਾਂ ਹੈ। ਉੱਥੇ ਹੀ ਚਲਦੇ ਹਾਂ। ਸੁਣਿਆ ਹੈ ਕਿ ਪਿੰਡ ਵੀ ਆਪਣੀ ਬਰਾਦਰੀ ਵਾਲ਼ਿਆਂ ਦਾ ਹੀ ਹੈ। ਉੱਥੇ ਪੰਚਾਇਤੀ ਖ਼ੂਹ ਜ਼ਰੂਰ ਹੋਵੇਗਾ। ਅੱਵਲ ਤਾਂ ਉੱਥੇ ਲੱਜ-ਬਾਲ਼ਟੀ ਵੀ ਹੋਵੇਗੀ, ਨਾ ਹੋਈ ਤਾਂ ਕਿਸੇ ਤੋਂ ਮੰਗ ਲਵਾਂਗੇ। ਪਿੰਡ ਵਿੱਚ ਲੋਕ ਇੰਨੇ ਕੋਰੇ ਨਹੀਂ ਹੁੰਦੇ ਕਿ ਨਹਾਉਣ ਲਈ ਇੰਨੀ ਮਦਦ ਵੀ ਨਾ ਕਰਨ।"

ਪਿੰਡ ਦੇ ਲੋਕਾਂ ਬਾਰੇ ਬੰਸੇ ਦੀ ਟਿੱਪਣੀ ਸੁਣ ਕੇ ਕਾਲ਼ੀ ਨਫ਼ਰਤ ਨਾਲ਼ ਮੁਸਕਰਾਇਆ। ਆਪਣੀ ਬਰਾਦਰੀ ਦੀ ਸਾਂਝ ਵਾਲ਼ੀ ਗੱਲ ਸੁਣ ਕੇ ਕਾਲ਼ੀ ਤੜਫ ਉਠਿਆ ਜਿਵੇਂ ਉਸ ਦੇ ਸਾਹਮਣੇ ਕਿਸੇ ਨੇ ਸੱਚ ਦੇ ਨਾਂ 'ਤੇ ਬਹੁਤ ਵੱਡਾ ਝੂਠ ਬੋਲ ਦਿੱਤਾ ਹੋਵੇ। ਉਸ ਨੂੰ ਮਹਿਸੂਸ ਹੋਣ ਲੱਗਾ ਕਿ ਪਿੰਡ ਵਿੱਚ ਤਾਜੇ ਠੰਡੇ ਪਾਣੀ ਨਾਲ਼ ਨਹਾਉਣ ਦੀ ਬਜਾਏ ਛੱਪੜ ਦੇ ਪਾਣੀ ਨਾਲ਼ ਨਹਾ ਕੇ ਮਰ ਜਾਣਾ ਹੀ ਬੇਹਤਰ ਹੋਵੇਗਾ।

ਕਾਲ਼ੀ ਦੀ ਇੰਨੀ ਹਿੰਮਤ ਨਾ ਹੋਈ ਕਿ ਆਪਣੇ ਮਨ ਦੀ ਗੱਲ ਬੰਸੇ ਨੂੰ ਕਹਿ ਸਕੇ। ਪਰ ਉਹਦੇ ਪੈਰ ਰੁਕ ਰਹੇ ਸਨ ਅਤੇ ਉਹ ਵਾਰ-ਵਾਰ ਪਿੱਛੇ ਅਟਕ ਜਾਂਦਾ ਸੀ। ਬੰਸਾ ਪਿੱਛੇ ਮੁੜ ਕੇ ਦੇਖਦਾ ਤਾਂ ਉਹ ਦੌੜ ਕੇ ਉਹਦੇ ਨਾਲ਼ ਜਾ ਰਲ਼ਦਾ।

ਨਕੋਦਰ ਨੂੰ ਜਾਣ ਵਾਲ਼ੀ ਸੜਕ ਉੱਪਰ ਪਹੁੰਚ ਕੇ ਉਹ ਇੱਕ ਦੂਜੇ ਦੇ ਬਰਾਬਰ ਤੁਰਨ ਲੱਗੇ। ਸਵਾਰੀਆਂ ਨਾਲ਼ ਲੱਦੇ ਤਾਂਗੇ ਉਨ੍ਹਾਂ ਦੇ ਕੋਲ਼ੋਂ ਹਲਕੀ ਜਿਹੀ ਧੂੜ ਉੜਾਉਂਦੇ ਦੌੜੇ ਜਾ ਰਹੇ ਸਨ। ਕਾਲ਼ੀ ਸੱਜੇ ਪਾਸੇ ਖੇਤਾਂ ਵੱਲ ਦੇਖਣ ਲੱਗਾ। ਕਾਫੀ ਦੂਰ ਹਲ਼ਟ ਚੱਲ ਰਿਹਾ ਸੀ। ਉਸ ਦੀਆਂ ਟਿੰਡਾਂ ਵਿੱਚੋਂ ਡਿੱਗਦੇ ਪਾਣੀ ਨੂੰ ਧੁੱਪ ਨੇ ਹੋਰ ਵੀ ਨਿਖਾਰ ਦਿੱਤਾ ਸੀ। ਕਾਲ਼ੀ ਬਹੁਤ ਧਿਆਨ ਨਾਲ਼ ਹਲ਼ਟ ਵੱਲ ਦੇਖਦਾ ਰਿਹਾ। ਉਸ ਨੇ ਬੰਸੇ ਨੂੰ ਹਾਕ ਮਾਰੀ, "ਭਾ ਜੀ।"

"ਹਾਂ।" ਬੰਸਾ ਰੁਕ ਗਿਆ।

"ਕਿਉਂ ਨਾ ਹਲ਼ਟ 'ਤੇ ਨਹਾਉਣ ਚੱਲੀਏ। ਠੰਡੇ ਪਾਣੀ ਅਤੇ ਖੁੱਲੀ ਹਵਾ ਵਿੱਚ ਨਹਾਉਣ ਦਾ ਵੱਖਰਾ ਹੀ ਮਜ਼ਾ ਹੈ।" ਕਾਲ਼ੀ ਨੇ ਹਲ਼ਟ ਵੱਲ ਇਸ਼ਾਰਾ ਕਰਦਿਆਂ ਕਿਹਾ।

"ਮਜ਼ਾ ਤਾਂ ਜ਼ਰੂਰ ਆ ਜਾਵੇਗਾ ਪਰ ਜੇ ਮਾਲਕ ਨੇ ਮਨ੍ਹਾ ਕਰ ਦਿੱਤਾ ਤਾਂ?" ਬੰਸੇ ਨੇ ਦੁਚਿੱਤੀ ਜ਼ਾਹਿਰ ਕੀਤੀ।

"ਤੂੰ ਹੀ ਤਾਂ ਕਿਹਾ ਸੀ ਕਿ ਪਿੰਡ ਦੇ ਲੋਕਾਂ ਵਿੱਚ ਅਜੇ ਵੀ ਪਿਆਰ-ਮੁਹੱਬਤ ਬਾਕੀ ਹੈ। ... ਜੇ ਨਾ ਨਾਉਣ ਦੇਵੇਗਾ ਤਾਂ ਆਪਾਂ ਪਿੰਡ ਵੱਲ ਨੂੰ ਮੁੜ ਪਵਾਂਗੇ।" ਕਾਲ਼ੀ ਨੇ ਦਲੀਲ ਦਿੱਤੀ।

"ਫਿਰ ਕਿਸੇ ਦਿਨ ਚਲਾਂਗੇ। ਹਲ਼ਟ ਦੂਰ ਹੈ, ਉੱਥੇ ਪਹੁੰਚਦਿਆਂ ਅਤੇ ਨਹਾਉਂਦਿਆਂ ਦੇਰ ਹੋ ਜਾਵੇਗੀ। ਅਜੇ ਰੋਟੀ ਵੀ ਖਾਣੀ ਹੈ। ਫੋਰਮੈਨ ਤਾਂ ਆਉਂਦਿਆਂ ਹੀ ਦੇਖੇਗਾ ਕਿ ਸਾਰੇ ਕੰਮ ਕਰਨ ਵਾਲ਼ੇ ਆਪਣੀ-ਆਪਣੀ ਜਗ੍ਹਾ 'ਤੇ ਮੌਜੂਦ ਹਨ। ਨਹੀਂ ਤਾਂ ਮਾਂ-ਭੈਣ ਦੀਆਂ ਗਾਲ਼ਾਂ ਦੇਵੇਗਾ। ਇੱਕ-ਇੱਕ ਗਾਲ਼ ਵਿੱਚ ਸੱਤ-ਸੱਤ ਪੀੜ੍ਹੀਆਂ ਪੁਣ ਦੇਵੇਗਾ।" ਆਪਣਾ ਫੈਸਲਾ ਸੁਣਾ ਬੰਸਾ ਕਾਹਲ਼ੀ ਕਾਹਲ਼ੀ ਤੁਰਨ ਲੱਗਾ।

ਕਾਲ਼ੀ ਵਾਰ-ਵਾਰ ਹਲ਼ਟ ਵੱਲ ਦੇਖਦਾ ਹੋਇਆ ਬੰਸੇ ਦੇ ਪਿੱਛੇ ਤੁਰਦਾ ਰਿਹਾ।

ਜਦ ਉਹ ਪਿੰਡ ਵੱਲ ਮੁੜ ਗਏ ਤਾਂ ਕਾਲ਼ੀ ਦੀਆਂ ਅੱਖਾਂ ਦੇ ਸਾਹਮਣੇ ਟਿੰਡਾਂ ਵਿੱਚੋਂ ਡਿੱਗਦਾ ਪਾਣੀ ਇੱਕ ਪਲ ਲਈ ਲਿਸ਼ਕ ਕੇ ਸੁਫਨੇ ਦੀ ਤਰ੍ਹਾਂ ਅਲੋਪ ਹੋ ਗਿਆ।

ਪਿੰਡ ਦੇ ਬਾਹਰ ਉਹ ਇੱਕ ਦੁਕਾਨ ਵੱਲ ਚਲੇ ਗਏ, "ਭਾ ਜੀ, ਇੱਥੇ ਨੇੜੇ ਤੇੜੇ ਕੋਈ ਖੂਹ ਹੈ ?"

"ਖੱਬੇ ਪਾਸੇ ਜਾ ਕੇ ਸਕੂਲ ਦੇ ਕਮਰੇ ਹਨ। ਉਨ੍ਹਾਂ ਦੇ ਇੱਕ ਪਾਸੇ ਖੂਹ ਹੈ।" ਦੁਕਾਨਦਾਰ ਨੇ ਇਸ਼ਾਰਾ ਕੀਤਾ।

"ਉੱਥੇ ਲੱਜ-ਬਾਲਟੀ ਵੀ ਹੋਵੇਗੀ ?"

"ਲੱਜ-ਬਾਲਟੀ ਹੈ ਤਾਂ ਸਹੀ। ਪਰ ਲੱਜ ਪੁਰਾਣੀ ਅਤੇ ਘਸੀ ਹੋਈ ਹੈ ਅਤੇ ਬਾਲਟੀ ਵੀ ਟੁੱਟੀ ਹੋਈ ਹੈ। ਬਾਲਟੀ ਖਿੱਚਦਿਆਂ-ਖਿੱਚਦਿਆਂ ਸਾਰਾ ਪਾਣੀ ਮੁੜ ਕੇ ਖੂਹ ਵਿੱਚ ਜਾ ਡਿੱਗਦਾ ਹੈ। ਪੰਚਾਇਤੀ ਮਾਲ ਹੈ ਨਾ।" ਦੁਕਾਨਦਾਰ ਮੁਸਕਰਾਇਆ।

"ਇਹੋ ਜਿਹੀ ਲੱਜ-ਬਾਲਟੀ ਨਾਲ਼ ਤਾਂ ਸ਼ਾਇਦ ਆਪਾਂ ਪੂਰੇ ਦਿਨ ਵਿੱਚ ਵੀ ਨਹੀਂ ਨਹਾ ਸਕਾਂਗੇ।" ਬੰਸਾ ਵੀ ਮੁਸਕਰਾਇਆ। ਫਿਰ ਉਸ ਨੇ ਇੱਕ ਬੋਰੀ ਦੇ ਨਾਲ਼ ਪਈ ਲੱਜ-ਬਾਲਟੀ ਵੱਲ ਇਸ਼ਾਰਾ ਕੀਤਾ, "ਕੀ ਤੁਹਾਡੇ ਕੋਲ਼ੋਂ ਲੱਜ-ਬਾਲਟੀ ਮਿਲ਼ੇਗੀ ?"

ਦੁਕਾਨਦਾਰ ਨੂੰ ਪਤਾ ਲੱਗ ਗਿਆ ਸੀ ਕਿ ਬੰਸੇ ਨੇ ਬੋਰੀ ਦੇ ਨਾਲ਼ ਪਈ ਲੱਜ-ਬਾਲ਼ਟੀ ਦੇਖ ਲਈ ਹੈ। ਇੱਕ ਪਲ ਸੋਚ ਕੇ ਉਸ ਨੇ ਪੁੱਛਿਆ, "ਕਿੱਥੋਂ ਆਏ ਹੋ ?"

"ਚਮੜੇ ਦੇ ਕਾਰਖਾਨੇ ਵਿੱਚ ਕੰਮ ਕਰਦੇ ਹਾਂ।" ਬੰਸੇ ਨੇ ਕਾਰਖਾਨੇ ਦੀ ਦਿਸ਼ਾ ਵੱਲ ਇਸ਼ਾਰਾ ਕੀਤਾ।

"ਤਾਂ ਹੀ ਤੁਹਾਡੇ ਕੋਲ਼ੋਂ ਬਦਬੂ ਆ ਰਹੀ ਹੈ।" ਦੁਕਾਨਦਾਰ ਨੇ ਆਪਣਾ ਹੱਥ ਨੱਕ 'ਤੇ ਰੱਖ ਲਿਆ।

"ਕੀ ਕਰੀਏ, ਕੰਮ ਹੀ ਅਜਿਹਾ ਹੈ। ਤੁਹਾਨੂੰ ਨੰਗੇ ਪੈਰੀਂ ਤੁਰਨ ਤੋਂ ਬਚਾਉਣ ਲਈ ਕਿਸੇ ਨੂੰ ਤਾਂ ਇਹ ਬਦਬੂ ਅਤੇ ਗੰਦਗੀ ਬਰਦਾਸ਼ਤ ਕਰਨੀ ਹੀ ਪੈਣੀ ਹੈ।" ਬੰਸੇ ਨੇ ਬੁੱਲਾਂ 'ਤੇ ਮੁਸਕਾਨ ਵਿਛਾ ਦਿੱਤੀ।

"ਕੀ ਨਾਂ ਹੈ ਤੁਹਾਡਾ ?" ਦੁਕਾਨਦਾਰ ਨੇ ਦੋਵਾਂ ਵੱਲ ਧਿਆਨ ਨਾਲ਼ ਦੇਖਿਆ।

"ਮੇਰਾ ਨਾਂ ਬੰਸਾ ਹੈ। ਚਿੱਟੀ ਪਿੰਡ ਦਾ ਰਹਿਣ ਵਾਲ਼ਾ ਹਾਂ। ਇਹਦਾ ਨਾਂ ਕਾਲ਼ੀ ਹੈ।" ਬੰਸੇ ਨੇ ਪਹਿਲਾਂ ਆਪਣੀ ਵੱਲ ਤੇ ਫਿਰ ਕਾਲ਼ੀ ਵੱਲ ਇਸ਼ਾਰਾ ਕੀਤਾ।

"ਹੂੰ।" ਦੁਕਾਨਦਾਰ ਉਨ੍ਹਾਂ ਵੱਲ ਦੇਖਦਾ ਹੋਇਆ ਕੁੱਝ ਪਲ ਸਿਰ ਹਿਲਾਉਂਦਾ ਰਿਹਾ। "ਲੈ ਲਓ ਲੱਜ-ਬਾਲਟੀ। ਨਹਾ ਕੇ ਇੱਥੇ ਰੱਖ ਜਾਇਓ।"

"ਠੀਕ ਹੈ।" ਬੰਸੇ ਨੇ ਰੱਸੀ ਅਤੇ ਬਾਲ਼ਟੀ ਚੁੱਕਦਿਆਂ ਸਿਰ ਝੁਕਾ ਦਿੱਤਾ।

ਬੰਸਾ ਅਤੇ ਕਾਲ਼ੀ ਖੂਹ ਵੱਲ ਨੂੰ ਚਲੇ ਗਏ। ਉੱਥੇ ਉਸ ਸਮੇਂ ਕੋਈ ਰੌਣਕ ਨਹੀਂ ਸੀ। ਖੂਹ ਦੇ ਦੁਆਲ਼ੇ ਪੱਕਾ ਜੰਗਲਾ ਬਣਿਆ ਹੋਇਆ ਸੀ ਅਤੇ ਤਿੰਨੀ ਪਾਸੀਂ ਪੁਲ਼ੀਆਂ ਬਣੀਆਂ ਹੋਈਆਂ ਸਨ। ਖੂਹ ਵਿੱਚ ਦੇਖ ਕੇ ਕਾਲ਼ੀ ਪਿੱਛੇ ਹਟ ਗਿਆ, "ਬਹੁਤ ਡੂੰਘਾ ਨਹੀਂ ਹੈ।"

ਫਿਰ ਉਸ ਨੇ ਆਪਣੇ ਪਿੰਡ ਦੀ ਬਹੁਤ ਡੂੰਘੀ ਖੂਹੀ ਬਾਰੇ ਸੋਚਿਆ ਅਤੇ ਉਸ ਨੂੰ

ਭੁੱਲ ਜਾਣ ਲਈ ਸਿਰ ਝਟਕ ਦਿੱਤਾ।

"ਮੈਂ ਪਾਣੀ ਖਿੱਚਦਾ ਹਾਂ। ਪਹਿਲਾਂ ਤੂੰ ਨਹਾ ਲੈ। ਤੈਨੂੰ ਬਹੁਤ ਗਰਮੀ ਲੱਗੀ ਹੋਈ ਹੈ।" ਬੰਸੇ ਨੇ ਬਾਲਟੀ ਖੂਹ ਵਿੱਚ ਸਿੱਟ ਕੇ ਲੱਜ ਪੁਲੀ 'ਤੇ ਰੱਖ ਦਿੱਤੀ।

"ਨਾ ਭਾਅ, ਪਹਿਲਾਂ ਤੂੰ ਨਹਾ ਲੈ।"

"ਨਹੀਂ, ਪਹਿਲਾਂ ਤੂੰ ਨਹਾ ਲੈ। ਤੈਨੂੰ ਗਰਮੀ ਨੇ ਬਹੁਤ ਸਤਾਇਆ ਹੋਇਆ ਹੈ।"

"ਕੱਠੇ ਹੀ ਨਹਾ ਲੈਂਦੇ ਹਾਂ।" ਕਾਲ਼ੀ ਨੇ ਸੁਝਾਅ ਦਿੱਤਾ।

"ਬਚਪਨ ਵਿੱਚ ਭਰਾ-ਭਰਾ ਨਹਾਇਆ ਕਰਦੇ ਸੀ। ਕੋਈ ਬਜ਼ੁਰਗ ਉੱਪਰੋਂ ਪਾਣੀ ਪਾਉਂਦਾ ਰਹਿੰਦਾ ਸੀ। ਬੰਸਾ ਪੁਰਾਣੀ ਯਾਦ ਵਿੱਚ ਖੋਹ ਗਿਆ। ਫਿਰ ਉਹ ਖੁਸ਼ ਹੁੰਦਾ ਬੋਲਿਆ, "ਵਾਰੀ-ਵਾਰੀ ਨਾਉਣ ਨਾਲ਼ ਮੈਲ਼ ਚੰਗੀ ਤਰ੍ਹਾਂ ਲਹਿ ਜਾਵੇਗੀ। ਅੰਗ-ਅੰਗ ਨੂੰ ਦੋਵਾਂ ਹੱਥਾਂ ਨਾਲ਼ ਮਲ਼ ਕੇ ਨਾਉਣ ਦਾ ਮੌਕਾ ਮਿਲੇਗਾ।"

ਬੰਸਾ ਖੂਹ ਵਿੱਚੋਂ ਬਾਲਟੀ ਖਿੱਚ ਕੇ ਕਾਲ਼ੀ ਦੇ ਸਿਰ ਅਤੇ ਸਰੀਰ 'ਤੇ ਪਾਣੀ ਪਾਉਣ ਲੱਗਾ। ਆਪਣੀ ਛਾਤੀ, ਪਿੱਠ ਅਤੇ ਬਾਹਾਂ ਨੂੰ ਦੋਵਾਂ ਹੱਥਾਂ ਨਾਲ਼ ਜ਼ੋਰ-ਜ਼ੋਰ ਰਗੜਦਿਆਂ ਕਾਲ਼ੀ ਝੂਮਣ ਜਿਹਾ ਲੱਗ ਪਿਆ। "ਇੱਕ ਵਾਰ ਤਾਂ ਠੰਡ ਪੈ ਗਈ, ਬੰਸੇ ਭਾ ਜੀ।"

ਚੰਗੀ ਤਰ੍ਹਾਂ ਨਾਉਣ ਤੋਂ ਬਾਅਦ ਕਾਲ਼ੀ ਨੇ ਹੱਥਾਂ ਨਾਲ਼ ਸਿਰ, ਮੂੰਹ, ਛਾਤੀ ਅਤੇ ਬਾਹਾਂ ਤੋਂ ਪਾਣੀ ਪੂੰਝਿਆ ਅਤੇ ਲੱਕ ਦੁਆਲ਼ੇ ਸਾਫਾ ਲਪੇਟ ਕੇ ਗਿਲ੍ਹਾ ਕੱਛਾ ਲਾਹਿਆ ਅਤੇ ਸੁੱਕਾ ਕੱਛਾ ਪਾ ਕੇ ਸਾਫਾ ਲਾਹ ਦਿੱਤਾ। ਫਿਰ ਉਸ ਨੇ ਕੱਛੇ ਨੂੰ ਦੋਵਾਂ ਹੱਥਾਂ ਨਾਲ਼ ਮੱਲ਼-ਮੱਲ਼ ਕੇ ਧੋਤਾ ਅਤੇ ਫਿਰ ਗਿੱਲ੍ਹੇ ਕੱਛੇ ਨੂੰ ਸਿਰ 'ਤੇ ਲਪੇਟ ਲਿਆ, "ਸਿਰ 'ਤੇ ਗਿੱਲ੍ਹਾ ਕੱਪੜਾ ਰੱਖਣ ਨਾਲ਼ ਚੈਨ ਮਿਲ਼ਦਾ ਹੈ।"

ਨਹਾਉਣ ਲਈ ਬੰਸਾ ਚਬੂਤਰੇ ਤੋਂ ਥੱਲੇ ਆ ਖੜ੍ਹਾ ਹੋਇਆ। ਕਾਲ਼ੀ ਖੂਹ ਵਿੱਚੋਂ ਬਾਲ਼ਟੀ ਖਿੱਚ ਕੇ ਪਾਣੀ ਉਸ ਉੱਤੇ ਪਾਉਣ ਲੱਗਾ। ਬੰਸੇ ਨੇ ਸਰੀਰ ਨੂੰ ਮਲ਼ਦਿਆਂ ਠੰਡ ਮਹਿਸੂਸ ਕੀਤੀ ਅਤੇ ਉਹ ਬੱਚੇ ਵਾਂਗ ਚਹਿਕ ਪਿਆ, "ਸੱਚੀਂ ਮਜ਼ਾ ਆ ਰਿਹਾ ਹੈ। ਖੂਹ ਦੇ ਪਾਣੀ ਨਾਲ਼ ਨਾਉਣ ਦਾ ਵੱਖਰਾ ਹੀ ਸਵਾਦ ਹੈ।"

ਚੰਗੀ ਤਰ੍ਹਾਂ ਨਹਾ-ਧੋ ਅਤੇ ਕੱਪੜੇ ਬਦਲ ਕੇ ਉਹ ਦੁਕਾਨ 'ਤੇ ਆ ਗਏ। ਬੰਸੇ ਨੇ ਲੱਜ ਅਤੇ ਬਾਲਟੀ ਬੋਰੀ ਦੇ ਨਾਲ਼ ਟਿਕਾ ਕੇ ਹੱਥ ਜੋੜ ਦਿੱਤੇ। "ਸ਼ਾਹ ਜੀ, ਬਹੁਤ-ਬਹੁਤ ਧੰਨਵਾਦ।"

"ਧੰਨਵਾਦ ਕਿਸ ਗੱਲ ਦਾ ? ਪਾਣੀ ਦੀ ਸੇਵਾ ਤਾਂ ਸਭ ਤੋਂ ਬੜ੍ਹਾ ਪਰਉਪਕਾਰ ਹੈ। ਕੋਈ ਹੋਰ ਸੇਵਾ ਹੈ ਤਾਂ ਦੱਸੋ ?"

"ਬਹੁਤ-ਬਹੁਤ ਧੰਨਵਾਦ। ਕੋਈ ਕੰਮ ਹੋਇਆ ਤਾਂ ਤੁਹਾਡੇ ਕੋਲ਼ ਹੀ ਆਵਾਂਗੇ।" ਬੰਸੇ ਨੇ ਇੱਕ ਵਾਰ ਫਿਰ ਹੱਥ ਜੋੜ ਦਿੱਤੇ।

"ਮੇਰੀ ਦੁਕਾਨ 'ਤੇ ਆਟਾ, ਦਾਲ਼, ਲੂਣ, ਖੰਡ, ਚਾਹ-ਪੱਤੀ, ਸਾਬਣ-ਸੋਡਾ ਜਾਣੀ ਕੇ ਕਿਰਆਨੇ ਦਾ ਛੋਟਾ-ਵੱਡਾ ਹਰ ਪ੍ਰਕਾਰ ਦਾ ਸਮਾਨ ਮਿਲਦਾ ਹੈ। ਮੁਨਿਆਰੀ ਦਾ ਛੋਟਾ-ਮੋਟਾ ਸਮਾਨ ਵੀ ਰੱਖਿਆ ਹੈ। ... ਤਮਾਖੂ, ਸਿਗਰਟ, ਬੀੜੀ ਵੀ ਹੈ। ਜੋ ਵੀ ਸੇਵਾ ਹੋਵੇ

ਨਿਰਸੰਕੋਚ ਦੱਸ ਦੇਣਾ।" ਦੁਕਾਨਦਾਰ ਨੇ ਇੱਕ ਹੀ ਸਾਹ ਵਿੱਚ ਆਪਣੀ ਦੁਕਾਨ ਦਾ ਵੇਰਵਾ ਦੇ ਦਿੱਤਾ।

ਬੰਸੇ ਅਤੇ ਕਾਲ਼ੀ ਨੇ ਇੱਕ-ਦੂਜੇ ਵੱਲ ਦੇਖਿਆ। ਫਿਰ ਬੋਲਿਆ, "ਸ਼ਾਹ ਜੀ, ਰੋਟੀ, ਚਾਹ-ਪਾਣੀ ਦੇ ਕੰਮ ਲਈ ਅਸੀਂ ਤੰਦੂਰ 'ਤੇ ਹੀ ਜਾਂਦੇ ਹਾਂ। ਬਾਕੀ ਦੋ ਡੱਬੀਆਂ ਲੈਂਪ ਸਿਗਰਟ ਅਤੇ ਇੱਕ ਤੀਲਾਂ ਦੀ ਡੱਬੀ ਦੇ ਦਿਓ।"

ਉਸ ਨੇ ਸਾਫੇ ਦੇ ਲੜ ਵਿੱਚ ਬੰਨੇ ਪੈਸਿਆਂ ਦੀ ਗੱਠ ਖੋਲ੍ਹਦਿਆਂ ਕਿਹਾ, "ਇਹ ਤਾਂ ਖਰੀਦਣੇ ਹੀ ਸੀ। ਇੱਕ ਡੱਬੀ ਸਿਗਰਟ ਤਾਂ ਅਜੇ ਪਈ ਵੀ ਹੈ ਪਰ ਦੋ ਹੋਰ ਲੈਣ ਨਾਲ਼ ਕੋਈ ਫਰਕ ਨਹੀਂ ਪੈਂਦਾ। ਅੱਜ ਸ਼ਾਮ ਤੱਕ ਨਹੀਂ ਤਾਂ ਕੱਲ ਦੁਪਹਿਰ ਤੱਕ ਤਾਂ ਮੁੱਕ ਜਾਣਗੀਆਂ।"

ਦੁਕਾਨਦਾਰ ਨੇ ਟੱਪ ਕੇ ਛੋਟੀ ਜਿਹੀ ਅਲਮਾਰੀ ਵਿੱਚੋਂ ਲੈਂਪ ਦੀਆਂ ਦੋ ਡੱਬੀਆਂ ਅਤੇ ਇੱਕ ਤੀਲਾਂ ਦੀ ਡੱਬੀ ਬੰਸੇ ਨੂੰ ਫੜਾ ਦਿੱਤੀ। ਪੈਸੇ ਫੜ ਕੇ ਉਨ੍ਹਾਂ ਨੂੰ ਗਿਣਿਆ ਅਤੇ ਸੰਦੂਕੜੀ ਵਿੱਚ ਰੱਖ ਦਿੱਤੇ। "ਘਰ ਰੋਟੀ ਬਣਾਉਣ ਵਿੱਚ ਬਹੁਤ ਬੱਚਤ ਹੁੰਦੀ ਹੈ। ਘੱਟ ਤੋਂ ਘੱਟ ਅੱਧੇ ਖਰਚ ਦਾ ਫਰਕ ਪੈ ਜਾਂਦਾ ਹੈ। ... ਸੋਚ ਲਓ ... ਪੈਸੇ ਨਕਦ ਨਹੀਂ ਹਨ ਤਾਂ ਮਹੀਨੇ ਦਾ ਉਧਾਰ ਵੀ ਹੋ ਸਕਦਾ ਹੈ।"

"ਤੁਹਾਡੀ ਗੱਲ ਤਾਂ ਠੀਕ ਹੈ ਪਰ ਸਾਡੀਆਂ ਵੀ ਕੁੱਝ ਮਜ਼ਬੂਰੀਆਂ ਹਨ।"

"ਇਹੋ ਜਿਹੀ ਕੀ ਮਜ਼ਬੂਰੀ ਹੈ ਜੋ ਤੰਦੂਰ 'ਤੇ ਦੁਗਣੇ ਪੈਸੇ ਦੇ ਕੇ ਘਟੀਆ ਖਾਣਾ ਖਾਂਦੇ ਹੋ ?" ਫਿਰ ਉਹ ਉਨ੍ਹਾਂ ਨੂੰ ਸਮਝਾਉਣ ਲੱਗਾ, "ਤੰਦੂਰ ਵਾਲ਼ਾ ਸਭ ਤੋਂ ਘਟੀਆ ਅਤੇ ਸਸਤਾ ਆਟਾ-ਦਾਲ਼ ਖਰੀਦਦਾ ਹੈ, ਚਾਹੇ ਗਾਹਕ ਨੂੰ ਖਾਂਦਿਆਂ ਹੀ ਹੈਜ਼ਾ ਹੋ ਜਾਵੇ।"

"ਸ਼ਾਹ ਜੀ, ਗੱਲ ਇਹ ਹੈ ਕਿ ਸਾਡਾ ਇੱਥੇ ਘਰ-ਬਾਰ ਤਾਂ ਹੈ ਨਹੀਂ। ਜਿਹੜੇ ਵਿਆਹੇ ਹੋਏ ਹਨ ਉਨ੍ਹਾਂ ਦੇ ਬਾਲ-ਬੱਚੇ ਵੀ ਪਿੰਡ ਹੀ ਹਨ। ਇੱਥੇ ਸਾਰੇ ਛੜੇ-ਛਟਾਂਗ ਹੀ ਹਨ।"

"ਤੁਸੀਂ ਸਾਰੇ ਮਿਲ਼ ਕੇ ਵੀ ਤਾਂ ਰੋਟੀ ਬਣਾ ਸਕਦੇ ਹੋ ?" ਦੁਕਾਨਦਾਰ ਨੇ ਸਲਾਹ ਦਿੱਤੀ।

"ਸ਼ਾਹ ਜੀ, ਟੱਬਰ ਵਿੱਚ ਸਾਂਝ ਚੱਲ ਜਾਂਦੀ ਹੈ। ਘਰ ਵਿੱਚ ਮਾਂ-ਦਾਦੀ ਜਾਂ ਭੂਆ ਦਾ ਪੂਰਾ ਪਹਿਰਾ ਹੁੰਦਾ ਹੈ। ਖਾਣੇ ਵਾਲ਼ੇ ਵੀ ਟੱਬਰ ਦੇ ਬੰਦੇ ਹੁੰਦੇ ਹਨ। ਇਸ ਲਈ ਗੁਜ਼ਾਰਾ ਹੋ ਜਾਂਦਾ ਹੈ। ਇੱਥੇ ਤਾਂ ਸਾਰੇ ਲੰਡੇ ਹਨ। ਘਰ-ਘਾਟ ਤੋਂ ਦੂਰ। ਕੋਈ ਇੱਕ ਟਾਈਮ ਪੰਜ ਰੋਟੀਆਂ ਖਾਂਦਾ ਹੈ ਅਤੇ ਕੋਈ ਦਸ। ਕੋਈ ਚਾਹ ਵਿੱਚ ਐਨਾ ਮਿੱਠਾ ਪੀਂਦਾ ਹੈ ਕਿ ਬੁੱਲ ਆਪਸ ਵਿੱਚ ਜੁੜ ਜਾਣ ਅਤੇ ਕੋਈ ਬਹੁਤ ਘੱਟ। ਜ਼ਿਆਦਾ ਅਤੇ ਘੱਟ ਖਾਣੇ ਨੂੰ ਲੈ ਕੇ ਆਪਸ ਵਿੱਚ ਲੜ-ਲੜ ਕੇ ਮਰਨ-ਮਾਰਨੇ ਨੂੰ ਤਿਆਰ ਹੋ ਜਾਂਦੇ ਹਨ।" ਬੰਸੇ ਨੇ ਦੁਕਾਨਦਾਰ ਦੀ ਗੱਲ ਹਾਸੇ ਵਿੱਚ ਉਡਾ ਦਿੱਤੀ।

ਦੁਕਾਨਦਾਰ ਨੂੰ ਬੰਦਗੀ ਕਰਕੇ ਉਹ ਸੜਕ 'ਤੇ ਆ ਗਏ। ਕਾਲ਼ੀ ਦੇ ਸਰੀਰ 'ਤੇ ਇੱਕ ਵਾਰ ਫਿਰ ਖਾਜ ਸ਼ੁਰੂ ਹੋ ਗਈ ਸੀ ਅਤੇ ਆਪਣੇ ਹੱਥਾਂ ਨੂੰ ਰੋਕ ਕੇ ਰੱਖਣ ਵਿੱਚ ਉਸ ਨੂੰ ਬਹੁਤ ਮੁਸ਼ਕਲ ਲੱਗ ਰਿਹਾ ਸੀ, ਪਰ ਕਿਸੇ ਨਾ ਕਿਸੇ ਤਰ੍ਹਾਂ ਉਸ ਨੇ ਆਪਣੇ ਆਪ 'ਤੇ ਕਾਬੂ

ਪਾਇਆ ਹੋਇਆ ਸੀ। ਕਾਲ਼ੀ ਦੇ ਤਨ-ਮਨ ਦੀ ਹਾਲਤ ਨੂੰ ਭਾਂਪ ਕੇ ਬੰਸਾ ਬੋਲਿਆ, "ਇੱਕ ਗਲਤੀ ਹੋ ਗਈ।"

ਕਾਲ਼ੀ ਨੇ ਮੁੜ ਕੇ ਬੰਸੇ ਵੱਲ ਦੇਖਿਆ ਅਤੇ ਪੁੱਛਿਆ "ਕੀ ਹੋਇਆ ?"

"ਆਪਾਂ ਨੂੰ ਨਾਲ਼ ਤੇਲ ਦੀ ਸ਼ੀਸ਼ੀ ਲੈ ਕੇ ਆਉਣੀ ਚਾਹੀਦੀ ਸੀ। ਤੇਲ ਲਾਉਣ ਨਾਲ਼ ਸਰੀਰ ਦੀ ਖ਼ੁਸ਼ਕੀ ਦੂਰ ਹੋ ਜਾਂਦੀ ਹੈ ਅਤੇ ਖਾਜ ਘੱਟ ਆਉਂਦੀ ਹੈ।"

ਕਾਲ਼ੀ ਨੇ ਹੱਥਾਂ ਵਿੱਚ ਹੋ ਰਹੀ ਖਾਜ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਆਪਸ ਵਿੱਚ ਰਗੜਦਿਆਂ ਬੰਸੇ ਨੂੰ ਪੁੱਛਿਆ, "ਭਾ ਜੀ, ਹੱਥ ਵਿੱਚ ਖਾਜ ਹੋਵੇ ਤਾਂ ਕੀ ਹੁੰਦਾ ਹੈ ?"

"ਕੀ ਹੁੰਦਾ ਹੈ ?" ਬੰਸੇ ਨੇ ਹੈਰਾਨ ਹੋ ਕੇ ਸਵਾਲ਼ ਕੀਤਾ। ਫਿਰ ਆਪ ਹੀ ਜਵਾਬ ਦਿੱਤਾ, "ਖਾਜ ਹੁੰਦੀ ਹੈ ਹੋਰ ਕੀ।"

ਕਾਲ਼ੀ ਹੱਸ ਪਿਆ, "ਨਹੀਂ, ਭਾ ਜੀ। ਮੇਰੇ ਪਿੰਡ ਇੱਕ ਲਾਲਾ ਹੈ। ਉਹ ਕਹਿੰਦਾ ਹੁੰਦਾ ਸੀ ਕਿ ਜੇ ਸੱਜੇ ਹੱਥ 'ਤੇ ਖਾਜ ਹੋਵੇ ਤਾਂ ਪੈਸਾ ਆਉਂਦਾ ਹੈ। ਜੇ ਖੱਬੇ ਹੱਥ ਤੇ ਹੋਵੇ ਤਾਂ ਪੈਸਾ ਜਾਂਦਾ ਹੈ। ਪਰ ਜੇ ਦੋਵਾਂ ਹੱਥਾਂ 'ਤੇ ਖਾਜ ਹੋਵੇ ਤਾਂ ਕੀ ਹੁੰਦਾ ਹੈ ?"

"ਕੀ ਹੁੰਦਾ ਹੈ ?" ... ਕਹਿ ਨਹੀਂ ਸਕਦਾ। ਸ਼ਾਇਦ ਤੇਰੇ ਪਿੰਡ ਦਾ ਲਾਲਾ ਹੀ ਦੱਸ ਸਕੇ। ਮੈਂ ਤਾ ਸਿਰਫ ਇਹ ਹੀ ਕਹਿ ਸਕਦਾ ਹਾਂ ਕਿ ਸਾਡੇ ਕਿੱਤੇ ਵਿੱਚ ਖਾਜ ਸਾਡਾ ਮੁਕੱਦਰ ਹੈ।"

ਖਾਜ ਦੇ ਕਾਰਨ ਕਾਲ਼ੀ ਦਾ ਚੇਹਰਾ ਲਾਲ ਸੁਰਖ ਹੋ ਰਿਹਾ ਸੀ ਅਤੇ ਨਾਲ਼ ਹੀ ਮਨ ਵਿੱਚ ਬੇਚੈਨੀ ਅਤੇ ਚਿੜਚਿੜਾਪਨ ਵੱਧ ਰਿਹਾ ਸੀ। ਸੂਰਜ ਵੱਲ ਦੇਖ ਬੰਸੇ ਦੇ ਕਦਮ ਤੇਜ਼ ਹੋ ਗਏ, "ਛੇਤੀ ਚੱਲ। ਟੈਮ ਬਹੁਤ ਥੋੜ੍ਹਾ ਰਹਿ ਗਿਆ ਹੈ। ਅਜੇ ਰੋਟੀ ਵੀ ਖਾਣੀ ਹੈ। ਦੇਰ ਹੋ ਗਈ ਤਾਂ ਫੋਰਮੈਨ ਤੋਂ ਮਾਂ-ਭੈਣ ਦੀਆਂ ਗਾਲ਼ਾਂ ਸੁਣਨੀਆਂ ਪੈਣੀਆਂ ਹਨ।"

"ਗਾਲ਼ਾਂ ਦੇ ਕੇ ਤਾਂ ਦੇਖੇ। ਉਹਨੂੰ ਹੌਜ ਵਿੱਚ ਖੱਲ ਵਾਂਗ ਵਿਛਾ ਕੇ ਪੂਰੀ ਤਰ੍ਹਾਂ ਧੋ ਦੇਵਾਂਗਾ।" ਕਾਲ਼ੀ ਨੂੰ ਗੁੱਸਾ ਆ ਗਿਆ ਸੀ।

ਇਹ ਸੁਣ ਬੰਸੇ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ, "ਤੂੰ ਪਾਗਲ ਕੁੱਤੇ ਦੀ ਤਰ੍ਹਾਂ ਖਿੱਝ ਕਿਉਂ ਰਿਹਾ ਹੈ ?"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ ਤਾਂ ਬੰਸੇ ਨੇ ਪੁੱਛਿਆ, "ਤੈਨੂੰ ਇੱਥੇ ਕੰਮ ਕਰਦਿਆਂ ਨੌਂ-ਦਸ ਮਹੀਨੇ ਤਾਂ ਹੋ ਹੀ ਗਏ ਹੋਣੇ ਹਨ ?"

"ਲੱਗਭੱਗ ਗਿਆਰਾਂ ਮਹੀਨੇ।" ਕਾਲ਼ੀ ਨੇ ਮਨ-ਹੀ-ਮਨ ਹਿਸਾਬ ਲਾਇਆ।

ਕਾਲ਼ੀ ਨੂੰ ਧਿਆਨ ਨਾਲ਼ ਦੇਖਦਿਆਂ ਬੰਸਾ ਇੱਕ ਅਨੁਭਵੀ ਵਿਅਕਤੀ ਦੀ ਤਰ੍ਹਾਂ ਦੇ ਅੰਦਾਜ਼ ਵਿੱਚ ਬੋਲਿਆ, "ਤੇਰਾ ਪਾਗਲ ਹੋਣਾ ਠੀਕ ਹੀ ਹੈ। ... ਜੋ ਆਦਮੀ ਇੰਨੇ ਸਮੇਂ ਤੱਕ ਪੂਰਾ-ਪੂਰਾ ਦਿਨ ਲੂਣ ਅਤੇ ਚੂਨੇ ਦੇ ਪਾਣੀ ਵਿੱਚ ਰਿਹਾ ਹੋਵੇ, ਦਿਨ-ਰਾਤ ਬਦਬੂ ਸੁੰਘੀ ਹੋਵੇ, ਹਰ ਵਕਤ ਖੱਲਾਂ ਨਾਲ਼ ਘੁਲ਼ਦਾ ਹੋਵੇ, ਖਾਜ ਕਾਰਨ ਜਿਸ ਦਾ ਸਰੀਰ ਭੂਰੀ ਰੇਤ ਦੀ ਤਰ੍ਹਾਂ ਬਣ ਗਿਆ ਹੋਵੇ ਉਹ ਆਦਮੀ ਹਰ ਜਗ੍ਹਾ ਸਿੰਗ ਫਸਾਏਗਾ ਹੀ। ਰੱਸਾ ਤੁੜਾ ਕੇ ਦੌੜਨੇ ਦੀ ਕੋਸ਼ਿਸ਼ ਵੀ ਕਰੇਗਾ। ਪਰ ਜਾਵੇਗਾ ਨਹੀਂ। ਖਾਜ ਤੋਂ ਘਬਰਾ ਕੇ ਦੌੜ ਵੀ ਜਾਵੇ ਪਰ ਢਿੱਡ

ਦੇ ਅੰਦਰ ਦੀ ਖਾਜ ਤੋਂ ਤੰਗ ਹੁੰਦਿਆਂ ਹੀ ਫਿਰ ਮੁੜ ਆਵੇਗਾ। ਆਪਾਂ ਗੰਦੀ ਨਾਲ਼ੀ ਦੇ ਕੀੜੇ ਬਣ ਗਏ ਹਾਂ। ਫੁੱਲਾਂ ਦੀ ਕਿਆਰੀ ਵਿੱਚ ਰੱਖ ਦਿੱਤੇ ਜਾਈਏ ਤਾਂ ਜਾਂ ਤੇ ਮਰ ਜਾਵਾਂਗੇ ਜਾਂ ਫਿਰ ਰੀਂਘ-ਰੀਂਘ ਕੇ ਗੰਦੀ ਨਾਲ਼ੀ ਵਿੱਚ ਦੁਬਾਰਾ ਜਾ ਡਿੱਗਾਂਗੇ।"

"ਲਗਦਾ ਹੈ ਕਿ ਖਾਜ ਕਰ-ਕਰਕੇ ਸਰੀਰ ਦੀ ਚਮੜੀ ਲਹਿ ਜਾਵੇਗੀ।" ਕਾਲ਼ੀ ਬਹੁਤ ਨਿਰਾਸ਼ ਸੀ।

"ਦੇਖ ਕਾਲ਼ੀ, ਖਾਜ ਹੁਣ ਆਪਣੇ ਜੀਵਨ ਦਾ ਹਿੱਸਾ ਬਣ ਚੁੱਕੀ ਹੈ। ਅਸੀਂ ਇੱਕ-ਦੂਸਰੇ ਤੋਂ ਬਿਨਾਂ ਰਹਿ ਨਹੀਂ ਸਕਦੇ। ਇਹ ਸਾਡਾ ਮੁਕੱਦਰ ਹੈ। ਦੋਨੋ ਇਕੱਠੇ ਹੀ ਮਰਾਂਗੇ।"

"ਕਿਵੇਂ ?" ਕਾਲ਼ੀ ਨੇ ਦਿਲਚਸਪੀ ਨਾਲ਼ ਪੁੱਛਿਆ।

"ਸਿਵਿਆਂ ਵਿੱਚ ਜਾ ਕੇ। ਸੁੱਕੀ ਲੱਕੜੀ ਦੇ ਮਘਦੇ ਭਾਂਬੜ ਵਿੱਚ ਜਲ਼ ਕੇ ਸੁਆਹ ਬਣ ਕੇ। ਮੇਰੇ ਸਰੀਰ ਦੇ ਨਾਲ਼ ਖਾਜ ਦੇ ਸਾਰੇ ਜ਼ਖ਼ਮ ਵੀ ਮੁੱਕ ਜਾਣਗੇ ਅਤੇ ਦੋਵਾਂ ਨੂੰ ਇੱਕ-ਦੂਸਰੇ ਤੋਂ ਛੁੱਟੀ ਮਿਲ਼ ਜਾਵੇਗੀ।" ਬੰਸੇ ਨੇ ਕਾਲ਼ੀ ਵੱਲ ਸਰਲ ਭਾਵ ਨਾਲ਼ ਦੇਖਿਆ ਜਿਵੇਂ ਬਹੁਤ ਬੜੀ ਗੁੱਥੀ ਸੁਲਝਾ ਦਿੱਤੀ ਹੋਵੇ। "ਤੂੰ ਕਿਸੇ ਦਿਨ ਨੰਜੂ ਦੇ ਘਰ ਜਾਈਂ ਅਤੇ ਉਸ ਨੂੰ ਆਪਣੀਆਂ ਅੱਖਾਂ ਨਾਲ਼ ਦੇਖੀਂ। ਕਿਸ਼ਨੇ ਦੇ ਨਾਲ਼ ਚਲੇ ਜਾਈਂ। ਉਹ ਉੱਥੇ ਜਾਂਦਾ ਰਹਿੰਦਾ ਹੈ।"

"ਸ਼ਾਇਦ ਅੱਜ ਰਾਤ ਨੂੰ ਹੀ ਜਾਊਂਗਾ। ਉਸ ਨੇ ਖਾਜ ਦਾ ਇਲਾਜ ਦੱਸਣ ਦਾ ਵਾਅਦਾ ਕੀਤਾ ਹੈ।" ਕਾਲ਼ੀ ਨੇ ਦੱਸਿਆ।

"ਨੰਜੂ ਨੇ ਦਸ ਸਾਲ ਇਸ ਕਾਰਖਾਨੇ ਵਿੱਚ ਕੰਮ ਕੀਤਾ ਹੈ। ਜਦ ਖਾਜ ਦੇ ਕਾਰਨ ਉਸ ਦੇ ਹੱਥ-ਪੈਰ ਦੇ ਜ਼ਖ਼ਮ ਫੋੜੇ ਬਣ ਗਏ ਅਤੇ ਲੂਣ ਜਾਂ ਚੂਨੇ ਦੇ ਪਾਣੀ ਨੂੰ ਛੂੰਹਦਿਆਂ ਹੀ ਉਹ ਦੁਹਾਈ ਪਾਉਣ ਲਗਦਾ ਤਾਂ ਫੋਰਮੈਨ ਅਤੇ ਮੁਨਸ਼ੀ ਨੇ ਉਸ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਹੁਣ ਉਹ ਖਾਰਿਸ਼ ਖਾਧੇ ਕੁੱਤੇ ਦੀ ਤਰ੍ਹਾਂ ਆਪਣੇ-ਆਪ ਨੂੰ ਖਰੂੰਦਾ ਹੈ ਅਤੇ ਗਾਲ਼ਾਂ ਕੱਢਦਾ ਹੋਇਆ ਆਪਣਾ ਮੂੰਹ ਲੁਕੋ ਕੇ ਹਨੇਰੀ ਕੋਠੜੀ ਵਿੱਚ ਪਿਆ ਰਹਿੰਦਾ ਹੈ।" ਬੰਸਾ ਬਹੁਤ ਉਦਾਸ ਹੋ ਗਿਆ ਸੀ।

ਕਾਲ਼ੀ ਚੁੱਪ ਕਰਕੇ ਤੁਰਦਾ ਰਿਹਾ। ਉਹਦੇ ਮੱਥੇ ਦੀਆਂ ਨਸਾਂ ਤਣ ਗਈਆਂ ਸਨ ਜਿਵੇਂ ਉਸ ਦੇ ਮਨ 'ਤੇ ਬਹੁਤ ਤਣਾਅ ਹੋਵੇ। ਉਹ ਥਥਲਾਉਂਦਾ ਹੋਇਆ ਬੋਲਿਆ, "ਬੰਸੇ ਭਾ ਜੀ, ਮੈਂ ਫੋਰਮੈਨ ਨਾਲ਼ ਗੱਲ ਕਰਨੀ ਚਾਹੁੰਦਾ ਹਾਂ। ਜੋ ਸਹੂਲਤਾਂ ਸਾਨੂੰ ਕਾਇਦੇ-ਕਾਨੂੰਨ ਮੁਤਾਬਕ ਮਿਲ਼ਣੀਆਂ ਚਾਹੀਦੀਆਂ ਹਨ ਉਹ ਦਿੱਤੀਆਂ ਕਿਉਂ ਨਹੀਂ ਜਾਂਦੀਆਂ ? ਉਹ ਨਹੀਂ ਮੰਨੇਗਾ ਤਾਂ ਆਪਾਂ ਕਾਰਖਾਨੇ ਦੇ ਮਾਲਕ ਲਾਲੇ ਕੋਲ਼ ਜਾਵਾਂਗੇ।"

ਬੰਸਾ ਹੱਸ ਪਿਆ ਜਿਵੇਂ ਕਾਲ਼ੀ ਨੇ ਚੂਨੇ ਦੇ ਪਾਣੀ ਨਾਲ਼ ਭਰੇ ਹੌਜ ਵਿੱਚ ਖੜ੍ਹੇ-ਖੜ੍ਹੇ ਨੇ ਕੋਈ ਬਹੁਤ ਸੁਹਣਾ ਸੁਫਨਾ ਦੇਖ ਲਿਆ ਹੋਵੇ। ਉਸ ਨੇ ਕਾਲ਼ੀ ਦੇ ਮੋਢੇ 'ਤੇ ਹੱਥ ਰੱਖਿਆ, "ਲਾਲਾ ਤਾਂ ਬਹੁਤ ਦੂਰ ਦੀ ਗੱਲ ਹੈ। ਫੋਰਮੈਨ ਹੀ ਆਪਣੀ ਤਸੱਲੀ ਕਰ ਦੇਵੇਗਾ। ਤੈਨੂੰ ਇੱਕ ਹੀ ਜਵਾਬ ਦੇਵੇਗਾ ਕਿ ਤੂੰ ਉੱਥੇ ਜਾ ਕੇ ਨੌਕਰੀ ਕਰ ਲੈ ਜਿਥੇ ਤੈਨੂੰ ਇਹ ਸਹੂਲਤਾਂ ਮਿਲ਼ਦੀਆਂ ਹਨ। ਇਸ ਦਾ ਸਾਫ ਮਤਲਬ ਹੈ ਕਿ ਜੇ ਤੈਨੂੰ ਪਸੰਦ ਨਹੀਂ ਤਾਂ ਤੂੰ ਇਹ ਕੰਮ ਛੱਡ ਦੇ। ਅਜਿਹਾ

ਕਹਿਣਾ ਅਤੇ ਕਰਨਾ ਭੁੱਖ ਨੂੰ ਸੱਦਾ ਦੇਣ ਵਾਲ਼ੀ ਗੱਲ ਹੈ।" ਫਿਰ ਉਸ ਨੇ ਕਾਲ਼ੀ ਨੂੰ ਸਮਝਾਇਆ, "ਪਸ਼ੂ ਕਿਸੇ ਮਾੜੇ ਥਾਂ ਵੀ ਬੰਨ੍ਹਿਆਂ ਹੋਵੇ ਤਾਂ ਚੰਗਾ ਹੁੰਦਾ ਹੈ। ਉਹਦਾ ਇੱਕ ਮਾਲਕ ਹੁੰਦਾ ਹੈ ਜੋ ਉਸ ਤੋਂ ਕੰਮ ਤਾਂ ਲੈਂਦਾ ਹੈ ਪਰ ਉਸ ਦੇ ਚਾਰੇ-ਪਾਣੀ ਦਾ ਵੀ ਧਿਆਨ ਰੱਖਦਾ ਹੈ। ਜੇ ਉਹ ਆਪਣੇ ਥਾਂ ਤੋਂ ਛੁੱਟ ਜਾਵੇ ਤਾਂ ਢੇਰਾਂ 'ਤੇ ਮੂੰਹ ਮਾਰੇਗਾ 'ਤੇ ਹਰ ਕਿਸੇ ਤੋਂ ਡੰਡੇ ਖਾਵੇਗਾ।"

ਕਾਲ਼ੀ ਵੱਲ ਧਿਆਨ ਨਾਲ਼ ਦੇਖ ਕੇ ਬੰਸਾ ਅੱਗੇ ਬੋਲਿਆ, "ਜੇ ਤੈਨੂੰ ਤਾਜ਼ੇ ਪਾਣੀ ਨਾਲ਼ ਨਹਾਉਣਾ ਬਹੁਤ ਚੰਗਾ ਲਗਦਾ ਹੈ ਤਾਂ ਆਪਾਂ ਲੱਜ-ਬਾਲਟੀ ਆਪਣੀ ਖਰੀਦ ਲੈਂਦੇ ਹਾਂ। ਜਦੋਂ ਵੀ ਟਾਇਮ ਹੋਵੇ, ਕਿਸੇ ਖੂਹ 'ਤੇ ਜਾ ਕੇ ਨਹਾ ਲਿਆ ਕਰਾਂਗੇ।"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਅੰਦਰ ਹੀ ਅੰਦਰ ਸੁਲਗਦਾ ਹੋਇਆ ਉਹ ਬੰਸੇ ਦੇ ਮਗਰ ਕਾਰਖਾਨੇ ਵੱਲ ਨੂੰ ਤੁਰਦਾ ਰਿਹਾ।

ਉਹ ਤੰਦੂਰ 'ਤੇ ਪਹੁੰਚੇ ਤਾਂ ਉੱਥੇ ਭੀੜ ਨਹੀਂ ਸੀ। ਕੇਵਲ ਇੱਕ ਹੀ ਗਾਹਕ ਸੀ ਅਤੇ ਉਹ ਵੀ ਰੋਟੀ ਖਾਣ ਦੇ ਬਾਅਦ ਥਾਲੀ ਵਿੱਚ ਹੀ ਹੱਥ ਧੋ ਰਿਹਾ ਸੀ।

"ਉਸਤਾਦ, ਅੱਜ ਰੋਟੀ ਸੁਆਦ ਨਾਲ਼ ਤੇ ਥੋੜ੍ਹਾ ਛੇਤੀ ਖੁਆ ਦੇ। ਤੈਨੂੰ ਫੁਰਸਤ ਹੀ ਫੁਰਸਤ ਹੈ ਅਤੇ ਅਸੀਂ ਬਹੁਤ ਕਾਹਲ਼ੀ ਵਿੱਚ ਹਾਂ।" ਬੰਸਾ ਚੌਂਕੜੀ ਮਾਰਦਾ ਤੰਦੂਰੀਏ ਦੇ ਕੋਲ਼ ਇੱਕ ਪਾਸੇ ਨੂੰ ਬੈਠ ਗਿਆ।

"ਤੰਦੂਰ ਠੰਡਾ ਹੋ ਚੱਲਿਆ ਹੈ ਅਤੇ ਤੁਸੀਂ ਹੁਣ ਰੋਟੀ ਖਾਣ ਆਏ ਹੋ। ... ਆਟਾ ਵੀ ਮੁੱਕਣ ਵਾਲ਼ਾ ਹੈ ਅਤੇ ਦਾਲ਼ ਵੀ ਪਤੀਲੇ ਦੇ ਥੱਲੇ ਨਾਲ਼ ਲੱਗੀ ਹੋਈ ਹੈ। ਖ਼ੈਰ, ਬੈਠੋ... ਤੁਸੀਂ ਪੱਕੇ ਗਾਹਕ ਹੋ, ਕੁਸ਼ ਨਾ ਕੁਸ਼ ਦਾਲ਼- ਦਲ਼ੀਆ ਕਰਨਾ ਹੀ ਪਵੇਗਾ।" ਤੰਦੂਰੀਏ ਨੇ ਆਟੇ ਦੀ ਪਰਾਤ ਆਪਣੇ ਵੱਲ ਖਿੱਚ ਕੇ ਇੱਕ ਪੇੜਾ ਕਰਦਿਆਂ ਪੁੱਛਿਆ, "ਕਿੰਨੀਆਂ ਰੋਟੀਆਂ ਖਾਓਗੇ ?"

"ਐਨੇ ਚਿਰ ਤੋਂ ਤਿੰਨ ਟਾਇਮ ਤੇਰੇ ਕੋਲ਼ੋਂ ਹੀ ਰੋਟੀ ਖਾਂਦੇ ਹਾਂ ... ਤੈਨੂੰ ਹੁਣ ਤੱਕ ਹਿਸਾਬ ਹੋਣਾ ਚਾਹੀਦਾ।" ਬੰਸਾ ਮੁਸਕਰਾਇਆ।

ਤੰਦੂਰੀਆ ਕੁੱਝ ਝੇਂਪ ਗਿਆ। ਸ਼ਰਮਿੰਦਾ ਹੋਇਆ ਉਹ ਵੀ ਮੁਸਕਰਾ ਪਿਆ, "ਦਿਮਾਗ ਧੋਖਾ ਖਾ ਗਿਆ। ਪਛਾਨਣ ਵਿੱਚ ਗਲਤੀ ਹੋ ਗਈ। ... ਚਾਰ ਰੋਟੀਆਂ ਪਈਆਂ ਹਨ ... ਉਹ ਗਰਮ ਕਰ ਦਿੰਦਾ ਹਾਂ।"

"ਜੋ ਵੀ ਦੇਣਾ ਹੈ, ਛੇਤੀ ਦੇ।" ਬੰਸੇ ਨੇ ਸੂਰਜ ਵੱਲ ਦੇਖ ਕੇ ਬੇਚੈਨ ਹੁੰਦਿਆਂ ਪੈਂਤੜਾ ਬਦਲਿਆ।

ਤੰਦੂਰੀਏ ਨੇ ਚਾਰੇ ਰੋਟੀਆਂ ਤੰਦੂਰ ਵਿੱਚ ਰੱਖ ਦਿੱਤੀਆਂ। ਦਾਲ਼ ਦਾ ਪਤੀਲਾ ਚੁੱਕ ਕੇ ਦੋ ਕੌਲੀਆਂ ਵਿੱਚ ਇੱਕੋ ਜਿਹਾ ਬਰਾਬਰ ਉਲੱਦਿਆ ਅਤੇ ਕੱਟਿਆ ਹੋਇਆ ਪਿਆਜ਼ ਥਾਲੀਆਂ ਵਿੱਚ ਰੱਖ ਦਿੱਤਾ। ਉਸ ਨੇ ਤੰਦੂਰ ਵਿੱਚੋਂ ਰੋਟੀਆਂ ਕੱਢ ਕੇ ਉਨ੍ਹਾਂ ਨੂੰ ਝਾੜਿਆ ਅਤੇ ਦੋਵਾਂ ਥਾਲ਼ੀਆਂ ਵਿੱਚ ਰੱਖ ਕੇ ਬੰਸੇ ਅਤੇ ਕਾਲ਼ੀ ਵੱਲ ਨੂੰ ਸਰਕਾ ਦਿੱਤੀਆਂ।

ਰੋਟੀ ਖਾਂਦਾ-ਖਾਂਦਾ ਬੰਸਾ ਕਦੀ-ਕਦੀ ਕਾਰਖਾਨੇ ਨੂੰ ਜਾਣ ਵਾਲ਼ੀ ਗਲ਼ੀ ਦੇ ਮੋੜ

ਵੱਲ ਦੇਖ ਲੈਂਦਾ ਸੀ।

"ਛੇਤੀ ਕਰ, ਕਾਲ਼ੀ। ਆਪਣੇ ਜਾਣ ਤੋਂ ਪਹਿਲਾਂ ਜੇ ਫੋਰਮੈਨ ਪਹੁੰਚ ਗਿਆ ਤਾਂ ਸਾਰਾ ਮਜ਼ਾ ਕਿਰਕਿਰਾ ਹੋ ਜਾਵੇਗਾ।" ਘਬਰਾਹਟ ਵਿੱਚ ਬੰਸੇ ਨੇ ਇੱਕ ਹੀ ਸਾਹੇ ਪਾਣੀ ਦਾ ਪੂਰਾ ਗਲਾਸ ਖਾਲੀ ਕਰ ਦਿੱਤਾ।

"ਭਾ ਜੀ, ਤੁਸੀਂ ਫੋਰਮੈਨ ਤੋਂ ਐਨਾ ਡਰਦੇ ਕਿਉ ਹੋ ? ਆਦਮੀਆਂ ਵਰਗਾ ਆਦਮੀ ਹੈ।" ਕਾਲ਼ੀ ਨੇ ਆਪਣੀਆਂ ਅੱਖਾਂ ਬੰਸੇ ਦੇ ਚੇਹਰੇ 'ਤੇ ਗੱਡ ਦਿੱਤੀਆਂ।

"ਤੂੰ ਰੋਟੀ ਖਾ। ... ਤੈਨੂੰ ਅਜੇ ਉਸ ਦੇ ਹੱਥ ਨਹੀਂ ਲੱਗੇ। ਉਸ ਨੂੰ ਲੋਕਾਂ ਦੀ ਖਾਤਰਦਾਰੀ ਕਰਦਿਆਂ ਹੀ ਦੇਖਿਆ ਸੁਣਿਆ ਹੈ।" ਬੰਸਾ ਉੱਠ ਖੜ੍ਹਾ ਹੋਇਆ, ਉਸ ਨੇ ਤੰਦੂਰੀਏ ਨੂੰ ਪੈਸੇ ਫੜਾ ਕਾਲ਼ੀ ਵੱਲ ਦੇਖਿਆ, "ਮੈਂ ਤੇਰੇ ਪੈਸੇ ਵੀ ਦੇ ਦਿੱਤੇ ਹਨ। ਸ਼ਾਮ ਨੂੰ ਹਿਸਾਬ ਕਰ ਲਵਾਂਗੇ।"

"ਭਾ ਜੀ, ਇੰਨੇ ਕਾਹਲੇ ਕਿਉਂ ਹੋ। ਜੇ ਦੇਰ ਹੋ ਵੀ ਗਈ ਤਾਂ ਕੀ ਸੂਲੀ ਚਾੜ੍ਹ ਦੇਣਗੇ ?"

"ਭਾਈ, ਲੂਣ-ਚੂਨੇ ਦੇ ਪਾਣੀ ਤੋਂ ਨਵੀਂ-ਨਵੀਂ ਛੁੱਟੀ ਮਿਲ਼ੀ ਹੈ। ਚਾਰ-ਛੇ ਆਨੇ ਰੋਜ਼ ਦਾ ਫਾਇਦਾ ਵੀ ਹੋਇਆ ਹੈ। ਮੇਰੇ ਉੱਤੇ ਸੱਤਾਂ ਜੀਆਂ ਦੀ ਨਿਗਾਹ ਟਿਕੀ ਹੋਈ ਹੈ। ਉਹ ਇੱਕ-ਇੱਕ ਟੁੱਕੜ ਲਈ ਮੇਰੇ ਵੱਲ ਜੀਭ ਲਟਕਾ ਕੇ ਦੇਖਦੇ ਹਨ। ... ਤੂੰ ਅਜੇ ਛੜ੍ਹਾ-ਮਲੰਗ ਹੈ। ਪਿੱਛੇ ਝਾਕਣ ਲਈ ਨਾ ਮਾਂ-ਬਾਪ, ਨਾ ਭੈਣ-ਭਾਈ, ... ਨਾ ਸਾਲ਼ਾ-ਸਾਲ਼ੀ, ਨਾ ਸੱਸ-ਸਹੁਰਾ। ਰੱਬ ਜੀ ਨੇ ਸ਼ਾਇਦ ਤੈਨੂੰ ਇਸ ਕਾਰਖਾਨੇ ਵਿੱਚ ਕੰਮ ਕਰਨ ਲਈ ਹੀ ਪੈਦਾ ਕੀਤਾ ਹੈ। ਨਾ ਰੰਨ ਨਾ ਕੰਨ, ਛੜ੍ਹਾ-ਮਲੰਗ। ਹੁਣ ਛੇਤੀ ਉੱਠ।" ਬੰਸਾ ਸਾਰੀਆਂ ਗੱਲਾਂ ਇੱਕ ਹੀ ਸਾਹ ਵਿੱਚ ਕਹਿ ਗਿਆ।

ਕਾਲ਼ੀ ਉਦਾਸ ਹੋ ਗਿਆ। ਪਰ ਇਹ ਸੋਚ ਕੇ ਉਸ ਨੂੰ ਚੈਨ ਮਹਿਸੂਸ ਹੋਇਆ ਕਿ ਉਹਦੀ ਵਲੋਂ ਆਪਣੇ ਪਰਿਵਾਰ, ਖਾਸ ਕਰਕੇ ਵਿਆਹ ਦੇ ਬਾਰੇ ਬੋਲਿਆ ਝੂਠ, ਬਿਨਾਂ ਕਿਸੇ ਸੰਕੋਚ ਜਾਂ ਚੂੰ-ਚਰਾਂ ਤੋਂ ਮੰਨ ਲਿਆ ਗਿਆ ਹੈ। ਉਸ ਨੇ ਸਭ ਸਵਾਲ਼ਾਂ ਦੇ ਜਵਾਬ ਬਣਾਏ ਹੋਏ ਸਨ ਅਤੇ ਕਿਸੇ ਦੇ ਪੁੱਛਣ 'ਤੇ ਪੂਰੇ ਵਿਸ਼ਵਾਸ ਨਾਲ਼ ਦੱਸਦਾ ਸੀ। ਜਦ ਉਸ ਨੇ ਇਹ ਦੱਸਿਆ ਕਿ ਉਸ ਦੀ ਪਤਨੀ ਦੀ ਮੌਤ ਨਿਆਣੇ ਨੂੰ ਜਨਮ ਦੇਣ ਸਮੇਂ ਹੋ ਗਈ ਸੀ ਅਤੇ ਮਾਂ-ਬੇਟੇ ਦੀ ਅਰਥੀ ਇਕੋ ਸਮੇਂ ਉਠੀ ਸੀ ਤਾਂ ਸਾਰੇ ਸੁਣਨ ਵਾਲ਼ੇ ਹੈਰਾਨ ਰਹਿ ਗਏ ਸਨ। ਕੁੱਝ ਲੋਕਾਂ ਨੇ ਤਾਂ ਆਪਣਾ ਦੁੱਖ ਜ਼ਾਹਿਰ ਕਰਨ ਲਈ ਤੁਤ-ਤੁਤ ਦੀਆਂ ਅਵਾਜ਼ਾਂ ਵੀ ਕੱਢੀਆਂ ਸਨ।

"ਕਿਹੜੀ ਸੋਚ ਵਿੱਚ ਡੁੱਬ ਗਿਆ ਤੂੰ ...। ਛੇਤੀ ਕਰ ?" ਬੰਸੇ ਨੇ ਕਾਲ਼ੀ ਨੂੰ ਮੋਢੇ ਤੋਂ ਫੜ ਕੇ ਮੋਹਰ ਨੂੰ ਧੱਕਣ ਦੀ ਕੋਸ਼ਿਸ਼ ਕੀਤੀ।

"ਚਲਦਾ ਹਾਂ।" ਕਾਲ਼ੀ ਨੇ ਲੰਮਾ ਸਾਹ ਲਿਆ ਅਤੇ ਸਿਰ ਝੁਕਾਈ ਬੰਸੇ ਦੇ ਪਿੱਛੇ-ਪਿੱਛੇ ਲਾਘਾਂ ਭਰਨ ਲੱਗਾ।

ਉਹ ਕਾਰਖਾਨੇ ਪਹੁੰਚੇ ਤਾਂ ਫੋਰਮੈਨ ਦਰੱਖਤ ਥੱਲੇ ਮੰਜੀ 'ਤੇ ਬੈਠਾ ਹੁੱਕਾ ਪੀ ਰਿਹਾ ਸੀ। ਉਸ ਨੂੰ ਦੇਖਦਿਆਂ ਹੀ ਬੰਸੇ ਦਾ ਰੰਗ ਉੱਡ ਗਿਆ। "ਬੁੜਾ ਪਹਿਲਾਂ ਹੀ ਪਹੁੰਚ ਚੁੱਕਾ ਹੈ।

ਆਪਾਂ ਨੂੰ ਦੇਖ ਲਿਆ ਤਾਂ ਖ਼ੈਰ ਨਹੀਂ।"

ਬੰਸਾ ਅਤੇ ਕਾਲ਼ੀ ਦੱਬੇ ਪੈਰੀਂ ਦਲਾਨ ਕੋਲ਼ ਆ ਗਏ। ਉਨ੍ਹਾਂ ਨੇ ਛੇਤੀ-ਛੇਤੀ ਲੱਕ ਦੁਆਲਿਉਂ ਸਾਫੇ ਖੋਲ੍ਹੇ। ਗਿਲ੍ਹੇ ਕੱਛੇ ਕਿੱਲੀ 'ਤੇ ਲਟਕਾਏ ਅਤੇ ਆਪਣੇ ਆਪਣੇ ਕੰਮ 'ਤੇ ਇਸ ਤਰ੍ਹਾਂ ਜਾ ਲੱਗੇ ਜਿਵੇਂ ਸਵੇਰ ਦਿਆਂ ਨੇ ਦਮ ਵੀ ਨਾ ਲਿਆ ਹੋਵੇ। ਕਾਲ਼ੀ ਝੱਟਪੱਟ ਹੌਜ ਵਿੱਚ ਪਈਆਂ ਖੱਲਾਂ ਨੂੰ ਪੈਰਾਂ ਥੱਲੇ ਮਲ਼ਣ ਲੱਗਾ ਅਤੇ ਬੰਸਾ ਖੱਲਾਂ ਦੀ ਛਿਲਾਈ ਵਿੱਚ ਮਗਨ ਹੋ ਗਿਆ।

"ਕਿੱਥੇ ਰਹਿ ਗਏ ਸੀ ਤੁਸੀਂ ਦੋਨੋ ? ਫੋਰਮੈਨ ਪੁੱਛ ਰਿਹਾ ਸੀ।" ਕੰਮ ਤੋਂ ਅੱਖ ਚੁੱਕੇ ਬਿਨਾਂ ਨਾਥੀ ਨੇ ਪੁੱਛਿਆ।

"ਯਾਰ, ਕਾਲ਼ੀ ਦੇ ਬਹੁਤ ਖਾਜ ਹੋ ਰਹੀ ਸੀ। ਉਹ ਤਾਜ਼ੇ ਪਾਣੀ ਨਾਲ਼ ਨਹਾਉਣਾ ਚਾਹੁੰਦਾ ਸੀ। ਬੂਟਾ ਪਿੰਡ ਦੇ ਖੂਹ 'ਤੇ ਗਏ ਸੀ। ਚਿਰ ਤਾਂ ਲੱਗਣਾ ਹੀ ਸੀ।" ਬੰਸੇ ਨੇ ਘੁਟਵੀਂ ਅਵਾਜ਼ ਵਿੱਚ ਜਵਾਬ ਦਿੱਤਾ।

ਸਭ ਲੋਕ ਆਪਣੇ ਆਪਣੇ ਕੰਮ ਵਿੱਚ ਰੁਝੇ ਹੋਏ ਸਨ ਅਤੇ ਫੋਰਮੈਨ ਮੰਜੀ 'ਤੇ ਬੈਠਾ ਅਰਾਮ ਨਾਲ਼ ਹੁੱਕਾ ਗੁੜ-ਗੁੜਾ ਰਿਹਾ ਸੀ। ਉਸ ਦੀ ਅਵਾਜ਼ ਲੱਗਭੱਗ ਸੰਗੀਤਮਈ ਲੱਗ ਰਹੀ ਸੀ।

ਕੁੱਝ ਹੀ ਸਮੇਂ ਬਾਅਦ ਫੋਰਮੈਨ ਜ਼ੋਰ-ਜ਼ੋਰ ਹੁੱਕਾ ਗੁੜ-ਗੜਾਉਣ ਲੱਗਾ ਜਿਵੇਂ ਉਹਦੇ ਅੰਦਰ ਉਬਾਲ ਉੱਠ ਰਿਹਾ ਹੋਵੇ। ਫਿਰ ਉਸ ਨੇ ਹੁੱਕਾ ਇੱਕ ਪਾਸੇ ਖਿਸਕਾ ਦਿੱਤਾ ਅਤੇ ਪੈਰਾਂ ਵਿੱਚ ਜੁੱਤੀ ਘਸੀਟਦਾ ਦਲਾਨ ਵੱਲ ਨੂੰ ਤੁਰ ਪਿਆ। ਚੋਰੀ-ਚੋਰੀ ਉਹਦੀ ਵੱਲ ਦੇਖਦੇ ਹੋਏ ਸਾਰੇ ਕਾਮੇ ਆਪਣੇ ਆਪਣੇ ਕੰਮ ਵਿੱਚ ਇਸ ਤਰ੍ਹਾਂ ਮਗਨ ਦਿਖਾਈ ਦੇਣ ਲੱਗੇ ਜਿਵੇਂ ਉਨ੍ਹਾਂ ਨੂੰ ਕਿਸੇ ਹੋਰ ਚੀਜ਼ ਦੀ ਸੁਧ-ਬੁਧ ਹੀ ਨਾ ਹੋਵੇ। ਬੰਸਾ ਕਿਸੇ ਹੱਦ ਤੱਕ ਪਰੇਸ਼ਾਨ ਸੀ ਪਰ ਬਾਕੀ ਸਭ ਆਉਣ ਵਾਲ਼ੀ ਹਨੇਰੀ ਦੀ ਕਲਪਨਾ ਕਰਕੇ ਬੁੱਲਾਂ ਵਿੱਚ ਮੁਸਕਰਾ ਰਹੇ ਸਨ।

ਫੋਰਮੈਨ ਨਾਪੇ-ਤੋਲੇ ਪੈਰ ਚੱਕਦਾ ਉਨ੍ਹਾਂ ਵੱਲ ਆ ਰਿਹਾ ਸੀ। ਫਿਰ ਉਹ ਬੰਸੇ ਦੇ ਸਿਰ 'ਤੇ ਆ ਧਮਕਿਆ, "ਇਹ ਤੇਰੇ ਪਿਓ ਦਾ ਕਾਰਖਾਨਾ ਹੈ ਜਿਹੜਾ ਮਨਮਰਜ਼ੀ ਨਾਲ਼ ਆਉਂਦਾ-ਜਾਂਦਾ ਏਂ ?"

ਫੋਰਮੈਨ ਭੜਕ ਉੱਠਿਆ ਸੀ ਲੇਕਿਨ ਬੰਸਾ ਸਿਰ ਝੁਕਾਈ ਕੰਮ ਕਰਦਾ ਰਿਹਾ। ਬਾਅਦ ਵਿੱਚ ਉਹ ਕਾਲ਼ੀ ਵੱਲ ਮੁੜ ਗਿਆ। "ਉਏ ਟਿੱਡੇ ਦਿਆ ਪੁੱਤਰਾ। ਤੈਨੂੰ ਅਜੇ ਅੱਠ-ਦਸ ਦਿਨ ਹੋਏ ਆ ਇਸ ਕਾਰਖਾਨੇ ਵਿੱਚ ਆਏ ਨੂੰ ਅਤੇ ਤੇਰੇ ਪਰ ਵੀ ਨਿਕਲ਼ਣ ਲੱਗ ਪਏ ?"

ਕਾਲ਼ੀ ਦੇ ਉੱਪਰ-ਥੱਲੇ ਚਲਦੇ ਪੈਰ ਰੁਕ ਗਏ ਅਤੇ ਉਸ ਨੇ ਪਲ-ਭਰ ਲਈ ਫੋਰਮੈਨ ਵੱਲ ਦੇਖਿਆ। ਉਹਦੇ ਮਨ ਵਿੱਚ ਆਇਆ ਕਿ ਉਹ ਹੌਜ ਵਿੱਚੋਂ ਬਾਹਰ ਨਿਕਲ਼ ਕੇ ਹੀ ਫੋਰਮੈਨ ਨਾਲ਼ ਗੱਲ ਕਰੇ। ਪਰ ਬੰਸੇ ਦੀ ਦੁਰਦਸ਼ਾ ਦੇਖ ਕੇ ਉਹ ਚੁੱਪ ਰਿਹਾ ਅਤੇ ਸਿਰ ਸਿੱਟ ਕੇ ਖੱਲਾਂ ਨੂੰ ਮਲ੍ਹਣ ਲਈ ਲੱਤਾਂ ਹੋਰ ਵੀ ਤੇਜ਼ ਕਰ ਦਿੱਤੀਆਂ। ਲੇਕਿਨ ਫੋਰਮੈਨ ਦੀ ਇੱਕ-ਇੱਕ ਗਾਲ਼ ਉਸ ਦੇ ਦਿਮਾਗ ਵਿੱਚ ਗੋਲ਼ੀ ਵਾਂਗ ਵੱਜ ਰਹੀ ਸੀ। ਉਹ ਅੰਦਰ ਹੀ ਅੰਦਰ

ਉਬਾਲੇ ਖਾ ਰਿਹਾ ਸੀ ਅਤੇ ਹੈਰਾਨ ਸੀ ਕਿ ਉਸ ਦੀ ਬਰਾਦਰੀ ਦਾ ਫੋਰਮੈਨ ਉਨ੍ਹਾਂ ਨੂੰ ਇਸ ਤਰ੍ਹਾਂ ਮਾਂ-ਭੈਣ ਦੀਆਂ ਗਾਲ੍ਹਾਂ ਦੇ ਰਿਹਾ ਹੈ ਜਿਵੇਂ ਉਸ ਦਾ ਉਨ੍ਹਾਂ ਨਾਲ਼ ਕੋਈ ਰਿਸ਼ਤਾ ਹੀ ਨਾ ਹੋਵੇ।

ਫੋਰਮੈਨ ਸਾਰਿਆਂ ਨੂੰ ਗਾਲ੍ਹਾਂ ਅਤੇ ਧਮਕੀਆਂ ਦੇਣ ਲੱਗਾ। ਕਦੀ-ਕਦੀ ਉਹਦੀ ਅਵਾਜ਼ ਬਹੁਤ ਉੱਚੀ ਹੋ ਜਾਂਦੀ ਅਤੇ ਕਦੀ ਉਹ ਦੱਬਵੀਂ ਅਵਾਜ਼ ਵਿੱਚ ਗਾਲ੍ਹਾਂ ਦੇਣ ਲੱਗ ਪੈਂਦਾ। ਲੇਕਿਨ ਉਹ ਸਾਰੇ ਆਪਣੇ ਆਪਣੇ ਕੰਮ ਵਿੱਚ ਇਸ ਤਰ੍ਹਾਂ ਰੁੱਝੇ ਹੋਏ ਸਨ ਜਿਵੇਂ ਉਨ੍ਹਾਂ ਦੇ ਕੰਨਾਂ ਵਿੱਚ ਕੋਈ ਅਵਾਜ਼ ਪੈ ਹੀ ਨਹੀਂ ਰਹੀ ਸੀ।

ਦਲਾਨ ਅਤੇ ਕਾਰਖਾਨੇ ਦੇ ਬਾਕੀ ਹਿੱਸਿਆਂ ਦਾ ਚੱਕਰ ਲਾ ਕੇ ਫੋਰਮੈਨ ਆਪਣੀ ਮੰਜੀ ਵੱਲ ਚਲੇ ਗਿਆ। ਉਹਦੇ ਪਿੱਠ ਮੋੜਦਿਆਂ ਹੀ ਕਾਲ਼ੀ ਨੇ ਬਾਕੀ ਲੋਕਾਂ ਵੱਲ ਦੇਖਿਆ। ਉਹ ਸਾਰੇ ਆਪਣੇ ਆਪਣੇ ਕੰਮ ਵਿੱਚ ਮਸਤ ਸਨ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

ਸੂਰਜ ਛਿਪਦਿਆਂ ਹੀ ਸਾਰਿਆਂ ਨੇ ਆਪਣਾ-ਆਪਣਾ ਕੰਮ ਮੁਕਾ ਦਿੱਤਾ। ਫੋਰਮੈਨ ਨੇ ਲੂਣ ਲੱਗੀਆਂ ਖੱਲਾਂ, ਚੂਨੇ ਦੇ ਪਾਣੀ ਵਿੱਚ ਪਈਆ ਬੇਗਰਾਂ, ਛਿਲਾਈ ਅਤੇ ਮਲ੍ਹਾਈ ਲਈ ਤਿਆਰ ਕੀਤੀਆਂ ਖੱਲਾਂ ਨੂੰ ਚੈਕ ਕੀਤਾ ਅਤੇ ਉਨ੍ਹਾਂ ਦੀ ਸੰਭਾਲ ਲਈ ਜ਼ਰੂਰੀ ਹਦਾਇਤਾਂ ਦੇ ਆਪਣਾ ਹੁੱਕਾ ਚੁੱਕ ਕੇ ਦਫਤਰ ਵਿੱਚ ਵੜ੍ਹ ਗਿਆ। ਉਸ ਨੇ ਹੁੱਕਾ ਇੱਕ ਪਾਸੇ ਕੋਨੇ ਵਿੱਚ ਰੱਖ ਕੇ ਦਰਵਾਜ਼ੇ ਨੂੰ ਜਿੰਦਾ ਲਾਇਆ। ਫਿਰ ਗੁਦਾਮ ਦਾ ਜਿੰਦਾ ਖਿੱਚ ਕੇ ਦੇਖਿਆ ਅਤੇ ਸਭ ਕੁੱਝ ਤੋਂ ਨਿਸ਼ਚਿੰਤ ਹੋ ਕੇ ਖੰਘਦਾ ਹੋਇਆ ਚਲੇ ਗਿਆ।

ਰੋਜ਼ ਦੀ ਤਰ੍ਹਾਂ ਫੋਰਮੈਨ ਦੇ ਜਾਣ ਬਾਅਦ ਸਾਰਿਆਂ ਨੇ ਕੰਮ ਬੰਦ ਕਰ ਦਿੱਤਾ ਅਤੇ ਛੱਪੜ ਦੇ ਕੰਢੇ ਮੈਦਾਨ ਵਿੱਚ ਇਕੱਠੇ ਹੋਣ ਲੱਗੇ।

"ਮੈਨੂੰ ਅੱਜ ਤੱਕ ਇੱਕ ਗੱਲ ਦੀ ਸਮਝ ਨਹੀਂ ਆਈ।" ਕਾਲ਼ੀ ਬਹੁਤ ਹੈਰਾਨ ਸੀ।

"ਕੀ ?" ਇੱਕ ਹੀ ਵਾਰ ਕਈ ਅਵਾਜ਼ਾਂ ਆਈਆਂ ਅਤੇ ਸਾਰੇ ਕਾਲ਼ੀ ਵੱਲ ਦੇਖਣ ਲੱਗੇ।

"ਫੋਰਮੈਨ ਹਰ ਰੋਜ਼ ਗਾਲ੍ਹਾਂ ਕੱਢਦਾ ਹੈ। ਇੱਕ ਹੀ ਧਮਕੀ ਦੁਹਰਾਉਂਦਾ ਹੈ। ਲਹਿਜਾ ਵੀ ਹਰ ਰੋਜ਼ ਇੱਕੋ ਜਿਹਾ ਹੁੰਦਾ ਹੈ। ਉਰ ਟਰਰ-ਟਰਰ ਬੱਕਦਾ ਰਹਿੰਦਾ ਹੈ ਅਤੇ ਤੁਸੀਂ ਸਾਰੇ ਨੀਵੀਂ ਪਾਈ ਆਪਣੇ ਆਪਣੇ ਕੰਮ ਵਿੱਚ ਇਸ ਤਰ੍ਹਾਂ ਜੁਟੇ ਰਹਿੰਦੇ ਹੋ ਜਿਸ ਤਰ੍ਹਾਂ ਤੁਹਾਨੂੰ ਕੁੱਝ ਸੁਣਾਈ ਹੀ ਨਹੀਂ ਦੇ ਰਿਹਾ ਹੋਵੇ।"

ਕਾਲ਼ੀ ਦੀ ਗੱਲ ਸੁਣ ਕੇ ਸਾਰੇ ਖਿੜ-ਖਿੜਾ ਕੇ ਹੱਸ ਪਏ। ਉਮਰ ਦੇ ਹਿਸਾਬ ਨਾਲ਼ ਉਨ੍ਹਾਂ ਸਾਰਿਆਂ ਵਿੱਚੋਂ ਵੱਡਾ ਕਿਰਪੂ ਸੀ। ਉਸ ਦੇ ਸਿਰ ਦੇ ਵਾਲ਼ ਕੁਸ਼ ਧੁੱਪ ਅਤੇ ਕੁਸ਼ ਉਮਰ ਕਰਕੇ ਖਿਚੜੀ ਹੋ ਚੁੱਕੇ ਸਨ ਅਤੇ ਛਾਤੀ ਦੇ ਵਾਲ਼ਾਂ ਵਿੱਚ ਵੀ ਕਿਤੇ-ਕਿਤੇ ਸਫੈਦੀ ਝਲਕਣ ਲੱਗੀ ਸੀ। ਕਾਲ਼ੀ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਨੇ ਪੁੱਛਿਆ, "ਤੈਨੂੰ ਕਿੰਨੇ ਦਿਨ ਹੋ ਗਏ ਹਨ ਇੱਥੇ ਕੰਮ ਕਰਦਿਆਂ ?"

"ਲੱਗਭੱਗ ਗਿਆਰਾਂ ਮਹੀਨੇ। ... ਦਸ ਮਹੀਨੇ ਚੌਵੀ ਦਿਨ ...।" ਕਾਲ਼ੀ ਨੇ ਹਿਸਾਬ ਲਾਇਆ।

"ਮੈਨੂੰ ਬਾਰਾਂ ਸਾਲ ਹੋ ਗਏ ਹਨ। ਫੋਰਮੈਨ ਦੀ ਉਮਰ ਇਸ ਕਾਰਖਾਨੇ ਤੋਂ ਵੀ ਜ਼ਿਆਦਾ ਲੰਮੀ ਹੈ। ਇਸ ਤੋਂ ਪਹਿਲਾਂ ਉਹ ਇਕੱਲਾ ਹੀ ਮਰੇ ਹੋਏ ਜਾਨਵਰਾਂ ਦੀ ਖੱਲ ਖਿੱਚਣ ਤੋਂ ਲੈ ਕੇ ਚਮੜਾ ਕਮਾਉਣ ਤੱਕ ਦਾ ਸਾਰਾ ਕੰਮ ਆਪਣੇ ਹੱਥੀਂ ਕਰਦਾ ਰਿਹਾ ਹੈ। ਉਹ ਪੂਰੇ ਇਲਾਕੇ ਵਿੱਚ ਸਭ ਤੋਂ ਵੱਡਾ ਉਸਤਾਦ ਮੰਨਿਆ ਜਾਂਦਾ ਹੈ। ਇਸ ਲਈ ਉਸ ਨੂੰ ਕਿਸੇ ਵੀ ਕੰਮ ਵਿੱਚ ਧੋਖਾ ਨਹੀਂ ਦਿੱਤਾ ਜਾ ਸਕਦਾ। ਉਸ ਨੇ ਬਚਪਨ ਵਿੱਚ ਆਪਣੇ ਉਸਤਾਦ ਤੋਂ ਬਹੁਤ ਮੋਟੀਆਂ-ਮੋਟੀਆਂ ਗਾਲ੍ਹਾਂ ਇੰਨੇ ਲੰਮੇ ਸਮੇਂ ਲਈ ਸੁਣੀਆਂ ਹਨ ਕਿ ਉਸ ਨੂੰ ਅੱਜ ਤੱਕ ਜ਼ੁਬਾਨੀ ਯਾਦ ਹਨ।"

ਕਿਰਪੂ ਨੇ ਕਾਲ਼ੀ ਦੇ ਦੂਜੇ ਮੋਢੇ 'ਤੇ ਵੀ ਹੱਥ ਰੱਖ ਦਿੱਤਾ, "ਉਹ ਵੀ ਆਦਤ ਤੋਂ ਮਜਬੂਰ ਹੈ ਅਤੇ ਅਸੀਂ ਵੀ। ਉਸ ਨੂੰ ਗਾਲ੍ਹਾਂ ਕੱਢਣ ਦੀ ਆਦਤ ਹੈ, ਸਾਨੂੰ ਸੁਣਨ ਦੀ। ਹੁਣ ਤਾਂ ਇਹ ਹਾਲਤ ਹੋ ਗਈ ਹੈ ਕਿ ਜੇ ਕਿਸੇ ਦਿਨ ਗਾਲ਼ੀ-ਗਲੋਚ ਨਹੀਂ ਕਰਦਾ ਤਾਂ ਸਾਨੂੰ ਫਿਕਰ ਹੋ ਜਾਂਦਾ ਹੈ ਕਿ ਫੋਰਮੈਨ ਦੀ ਤਬੀਅਤ ਠੀਕ ਹੋਵੇ। ਤੂੰ ਇਹ ਗੱਲਾਂ ਸੋਚ ਕੇ ਆਪਣਾ ਮਨ ਕਿਉਂ ਖਰਾਬ ਕਰ ਰਿਹਾਂ ?"

"ਲੇਕਿਨ ਫੋਰਮੈਨ ਨੂੰ ਸਾਡੇ ਬਾਰੇ ਵੀ ਤਾਂ ਸੋਚਣਾ ਚਾਹੀਦਾ ਹੈ।" ਕਾਲ਼ੀ ਨੇ ਪੂਰੀ ਗਰਮਜੋਸ਼ੀ ਵਿੱਚ ਕਿਹਾ।

"ਕੀ ਸੋਚਣਾ ਚਾਹੀਦਾ ?"

"ਇਹੀ ਕਿ ਸਾਨੂੰ ਸਹੂਲਤਾਂ ਮਿਲ਼ਣ। ਕੰਮ ਬਹੁਤ ਹੀ ਗੰਦਾ ਹੈ। ਇਸ ਲਈ ਸਾਨੂੰ ਮਜ਼ਦੂਰੀ ਜ਼ਿਆਦਾ ਮਿਲ਼ੇ।" ਕਾਲ਼ੀ ਨੇ ਸੋਚ ਕੇ ਜਵਾਬ ਦਿੱਤਾ।

"ਇਹ ਸਵਾਲ਼ ਅੱਜ ਤੋਂ ਪਹਿਲਾਂ ਬਹੁਤ ਵਾਰ ਉਠਾਏ ਜਾ ਚੁੱਕੇ ਹਨ। ਪਰ ਹਰ ਵਾਰ ਉਨ੍ਹਾਂ ਸਭ ਸਵਾਲ਼ਾਂ ਦਾ ਜਵਾਬ ਵੀ ਘੜਿਆ-ਘੜਾਇਆ ਮਿਲ਼ਦਾ ਹੈ ਅਤੇ ਅਗਾਂਹ ਲਈ ਵੀ ਉਹ ਹੀ ਮਿਲ਼ੇਗਾ।" ਕਿਰਪੂ ਵੀ ਗੰਭੀਰ ਹੋ ਗਿਆ।

"ਕੀ ਜਵਾਬ ਮਿਲ਼ੇਗਾ ?"

"ਇਹੀ ਜੋ ਮੈਂ ਤੈਨੂੰ ਦੱਸਿਆ ਸੀ, ਜਦ ਆਪਾਂ ਨਾਉਣ ਗਏ ਸੀ।" ਬੰਸੇ ਨੇ ਕਿਹਾ।

"ਇਨ੍ਹਾਂ ਦੀ ਗੱਲ ਵੀ ਸੁਣ ਲੈਣ ਦੇ।" ਕਾਲ਼ੀ ਨੇ ਬੰਸੇ ਨੂੰ ਹੱਥ ਦੇ ਇਸ਼ਾਰੇ ਨਾਲ਼ ਰੋਕ ਦਿੱਤਾ।

"ਪਹਿਲਾ ਇਹ ਕਿ ਹਰ ਆਦਮੀ ਕੰਮ ਲੈਣ ਲਈ ਕਿਸੇ-ਨਾ-ਕਿਸੇ ਮੁਹਤਬਰ ਰਾਹੀਂ ਇੱਥੇ ਤੱਕ ਪਹੁੰਚਦਾ ਹੈ।"

"ਹਾਂ।" ਕਾਲ਼ੀ ਦੀਆਂ ਅੱਖਾਂ ਦੇ ਸਾਹਮਣੇ ਮਾਂਝਾ ਘੁੰਮ ਗਿਆ।

"ਇੱਕ ਹੋਰ ਗੱਲ ਵੀ ਬਹੁਤ ਸਾਫ ਹੈ।"

"ਉਹ ਕਿਹੜੀ ?" ਕਾਲ਼ੀ ਦੀ ਉੱਤਸੁਕਤਾ ਬੇਚੈਨੀ ਦੀ ਹੱਦ ਤੱਕ ਵੱਧ ਗਈ।

"ਮੰਗਤਾ ਭੀਖ ਮੰਗ ਸਕਦਾ ਹੈ ਪਰ ਭੀਖ ਨੂੰ ਆਪਣਾ ਹੱਕ ਨਹੀਂ ਬਣਾ ਸਕਦਾ। ਇੱਥੋਂ ਹੀ ਸਾਡੀ ਹਾਰ ਸ਼ੁਰੂ ਹੁੰਦੀ ਹੈ। ਜਦ ਅਸੀਂ ਕੰਮ ਕਰਨ ਲਈ ਆਉਂਦੇ ਹਾਂ ਤਾਂ ਰੰਗ ਦਾ ਪਤਾ ਮਾਲਕ ਦੇ ਹੱਥ ਵਿੱਚ ਹੁੰਦਾ ਹੈ ਅਤੇ ਉਹ ਹਮੇਸ਼ਾ ਇਸ ਦਾ ਫਾਇਦਾ ਉਠਾਉਂਦਾ ਹੈ।

ਜਦ ਵੀ ਗੱਲ ਕਰੋ, ਇੱਕ ਹੀ ਜਵਾਬ ਮਿਲ਼ਦਾ ਹੈ ਕਿ ਜਿਥੇ ਜ਼ਿਆਦਾ ਪੈਸੇ ਮਿਲ਼ਦੇ ਹਨ ਉੱਥੇ ਚਲੇ ਜਾਉ। ਫੋਰਮੈਨ ਨੂੰ ਸੇਠ ਤਿੰਨ ਸੌ ਰੁਪਏ ਮਹੀਨਾ ਦਿੰਦਾ ਹੈ। ਉਹ ਤਾਂ ਉਸ ਦੀ ਤਰਫਦਾਰੀ ਕਰੂਗਾ ਹੀ।" ਕਿਰਪੂ ਦੀ ਅਵਾਜ਼ ਭਾਰੀ ਹੋ ਗਈ ਅਤੇ ਉਹ ਬਹੁਤ ਡੂੰਘੀ ਸੋਚ ਵਿੱਚ ਡੁੱਬ ਗਿਆ, "ਇਸ ਲਈ ਹੀ ਸਿਆਣੇ ਕਹਿ ਗਏ ਹਨ ਕਿ ਉੱਤਮ ਖੇਤੀ, ਮੱਧਮ ਵਪਾਰ, ਨਿਖੱਧ ਨੌਕਰੀ ਅਤੇ ਭੀਖ ਨਿਦਾਨ।"

ਛੱਪੜ ਵਿੱਚ ਹੱਥ-ਪੈਰ ਧੋ ਕੇ ਸਾਰਿਆਂ ਨੇ ਸਰੀਰ 'ਤੇ ਸਰੋਂ ਦਾ ਤੇਲ ਲਾਇਆ ਅਤੇ ਆਪਣੇ ਆਪਣੇ ਟਿਕਾਣੇ ਨੂੰ ਜਾਣ ਲਈ ਤਿਆਰ ਹੋ ਗਏ।

"ਅੱਜ ਤੂੰ ਮੇਰੇ ਨਾਲ਼ ਜਾ ਰਿਹਾ ਹੈ, ਯਾਦ ਹੈ ਤੈਨੂੰ ?" ਕਿਸ਼ਨੇ ਨੇ ਕਾਲ਼ੀ ਦਾ ਹੱਥ ਫੜ ਲਿਆ। ਤੈਨੂੰ ਖਾਜ ਹਟਾਉਣ ਦੀ ਦਵਾਈ ਵੀ ਲੈ ਕੇ ਦੇਣੀ ਹੈ।"

ਕਿਸ਼ਨੇ ਦੀ ਗੱਲ ਕਾਲ਼ੀ ਦੀ ਸਮਝ ਵਿੱਚ ਨਹੀਂ ਆਈ ਸੀ ਪਰ ਉਸ ਨੇ ਜਵਾਬ ਵਿੱਚ ਮੁਸਕਰਾ ਦਿੱਤਾ। ਫਿਰ ਖਾਜ ਦੇ ਛਿੜ ਪੈਣ ਦੀ ਕਲਪਨਾ ਕਰ ਕੇ ਉਹ ਘਾਬਰ ਗਿਆ ਅਤੇ ਸਿਰ ਵਿੱਚ ਜ਼ੋਰਦਾਰ ਝੁਣਝੁਣੀ ਮਹਿਸੂਸ ਕਰਦਾ ਹੋਇਆ ਬੁੜਬੜਾਇਆ ਕਿ ਖਾਜ ਤੋਂ ਛੁਟਕਾਰਾ ਪਾਉਣ ਲਈ ਤਾਂ ਉਹ ਜ਼ਹਿਰ ਵੀ ਪੀ ਲਵੇਗਾ।

## ਗਿਆਰਾਂ

ਕਾਲ਼ੀ ਨੇ ਨਵੇਂ ਕੱਪੜੇ ਪਾ ਕੇ ਆਪਣੀ ਸਦੂੰਕੜੀ ਦਾ ਜਿੰਦਾ ਖਿੱਚ ਕੇ ਪੂਰੀ ਤਸੱਲੀ ਕੀਤੀ ਅਤੇ ਕੋਠੜੀ ਤੋਂ ਬਾਹਰ ਆ ਗਿਆ। ਉਹਦੀ ਵੱਲ ਦੇਖ ਕੇ ਸਾਰੇ ਦੰਗ ਰਹਿ ਗਏ। ਉਸ ਨੇ ਤੰਗ ਮੋਹਰੀ ਦਾ ਵਧੀਆ ਲੱਠੇ ਦਾ ਪਜਾਮਾ ਅਤੇ ਬਰੀਕ ਧਾਰੀਆਂ ਵਾਲ਼ੀ ਗੁਲਾਬੀ ਰੰਗ ਦੀ ਕਮੀਜ਼ ਪਾਈ ਹੋਈ ਸੀ ਅਤੇ ਪੈਰਾਂ ਵਿੱਚ ਦੇਸੀ ਜੁੱਤੀ ਦੀ ਬਜਾਏ ਕੱਪੜੇ ਦੇ ਚਿੱਟੇ ਬੂਟ ਸਨ।

"ਭਾਈ, ਕੁਸ਼ ਕਹੋ। ਨਵੇਂ ਕਪੜਿਆਂ ਵਿੱਚ ਕਾਲ਼ੀ ਸੁਹਣਾ ਲਗਦਾ ਹੈ।" ਬੰਸੇ ਨੇ ਉਸ ਨੂੰ ਧਿਆਨ ਨਾਲ਼ ਨਿਹਾਰਿਆ।

"ਯਾਰ, ਕਿਤੇ ਨਜ਼ਰ ਨਾ ਲਾ ਦਿਉ। ਤੁਸੀਂ ਤਾਂ ਉਸ ਦੀ ਇਸ ਤਰ੍ਹਾਂ ਪਰਖ ਕਰ ਰਹੇ ਆਂ ਜਿਵੇਂ ਬਲ਼ੀ ਦੇਣ ਜਾ ਰਿਹਾ ਹੋਵੇ।" ਨਿਹਾਲੇ ਨੇ ਅੱਖ ਦਬਾਈ।

"ਨਾ ਯਾਰਾ, ਇਹ ਕਹੋ ਕਿ ਮੂੰਹ ਨੂੰ ਛੁਆਰਾ ਲੁਆਉਣ ਜਾ ਰਿਹਾ ਹੈ।" ਕਿਰਪੂ ਨੇ ਕਾਲ਼ੀ ਦਾ ਮੋਢਾ ਥਾਪੜਿਆ।

ਕਾਲ਼ੀ ਚੁੱਪ ਕਰਕੇ ਉਨ੍ਹਾਂ ਦੀਆਂ ਟਿੱਪਣੀਆਂ ਸੁਣਦਾ ਰਿਹਾ। ਫਿਰ ਮੁਸਕਰਾ ਦਿੱਤਾ, "ਯਾਰੋ, ਗੱਲਾਂ ਤਾਂ ਬਹੁਤ ਹੋ ਗਈਆਂ। ਮੇਰੇ ਮੂੰਹ ਨੂੰ ਛੁਆਰਾ ਵੀ ਲੁਆ ਦਿੱਤਾ ਅਤੇ ਬਲ਼ੀ ਦਾ ਬੱਕਰਾ ਵੀ ਬਣਾ ਦਿੱਤਾ। ਹੁਣ ਦੋ-ਚਾਰ ਆਨੇ ਸ਼ਗਨ ਵੀ ਪਾ ਦਿਉ।"

ਉਹ ਖਿੜਖਿੜਾ ਕੇ ਹੱਸ ਪਏ। "ਚੱਲੋ, ਨਿਕਲੋ ਇਥੋਂ। ਫੋਰਮੈਨ ਨੂੰ ਪਤਾ ਲੱਗ ਗਿਆ ਕਿ ਆਪਾਂ ਸਾਰੇ ਇਕੱਠੇ ਖੜ੍ਹੇ ਸੀ ਤਾਂ ਉਸ ਨੂੰ ਸ਼ੱਕ ਹੋਣ ਲੱਗ ਪੈਣਾ ਕਿ ਜ਼ਰੂਰ ਦਾਲ਼ ਵਿੱਚ ਕੁੱਝ ਕਾਲ਼ਾ ਹੈ।" ਕਿਰਪੂ ਨੇ ਸਲਾਹ ਦਿੱਤੀ।

"ਰਾਤ ਨੂੰ ਮੁੜ ਆਉਣਾ ਜਾਂ ...?" ਬੰਸੇ ਨੇ ਕਾਲੀ ਨੂੰ ਪੁੱਛਿਆ।

"ਦੇਖਦੇ ਹਾਂ। ਇੱਥੇ ਕਿਹੜਾ ਇਸ ਦੀ ਗੈਰ-ਹਾਜ਼ਰੀ ਵਿੱਚ ਇਹਦਾ ਬਲਵੰਤ ਰੋਊਗਾ। ਚੀਕ-ਚੀਕ ਕੇ ਕੋਠੇ ਨੂੰ ਸਿਰ 'ਤੇ ਚੁੱਕ ਲਊਗਾ। ਨਾ ਹੀ ਇਹਦੀ ਜੋਰੂ ਇੱਥੇ ਹੈ ਜਿਹੜੀ ਤਵਾ-ਪਰਾਤ ਸਾਹਮਣੇ ਰੱਖ ਕੇ ਸੁਲਗਦੇ ਚੁੱਲੇ ਦੇ ਕੋਲ਼ ਬੈਠੀ ਇਹਦੀ ਉਡੀਕ ਕਰਦੀ ਅੱਕ ਜਾਵੇਗੀ ਅਤੇ ਚੁੱਲੇ ਦੀ ਅੱਗ ਨਾਲ਼ ਸਿਰ ਦੇ ਵਾਲ਼ਾਂ ਦੀਆਂ ਲਟਾਂ ਲੂਹ ਲਵੇਗੀ।" ਕਿਸ਼ਨਾ ਆਪਣੀ ਹੀ ਗੱਲ 'ਤੇ ਜ਼ੋਰ ਨਾਲ਼ ਹੱਸਿਆ। ਫਿਰ ਕਾਲ਼ੀ ਦਾ ਹੱਥ ਫੜ ਕੇ ਉਸ ਨੂੰ ਗੇਟ ਵੱਲ ਖਿੱਚਣ ਲੱਗਿਆ।

"ਚੰਗਾ ਬੰਸੇ ਭਾ ਜੀ, ਕੋਸ਼ਿਸ਼ ਤਾਂ ਕਰੂੰਗਾ ਕਿ ਰਾਤ ਨੂੰ ਮੁੜ ਆਵਾਂ। ਦੇਰ ਹੋ ਗਈ ਤਾਂ ਸਵੇਰ ਨੂੰ ਕਿਸ਼ਨੇ ਭਾ ਦੇ ਨਾਲ਼ ਹੀ ਆ ਜਾਵਾਂਗਾ।" ਕਾਲ਼ੀ ਨੇ ਹੱਥ ਹਿਲਾਇਆ।

"ਯਾਰਾ ਰਾਤ ਨੂੰ ਹੀ ਆ ਜਾਈਂ। ਦੇਰ ਵੀ ਹੋ ਗਈ ਤਾ ਕੀ ਫਰਕ ਪੈਂਦਾ ਹੈ। ਜਿੰਦਰ ਵਾਂਗ ਕੰਧ ਟੱਪ ਕੇ ਤੂੰ ਵੀ ਅੰਦਰ ਆ ਜਾਈਂ।" ਭੀਮਾ ਬੋਲਿਆ। ਫਿਰ ਕਾਲ਼ੀ ਦੇ ਚੇਹਰੇ ਵੱਲ ਦੇਖਦਾ ਸ਼ਰਾਰਤ ਨਾਲ਼ ਹੱਸਣ ਲੱਗਾ। "ਤੂੰ ਕਿਹੜੀਆ ਕੰਨਾਂ ਵਿੱਚ ਸੋਨੇ ਦੀਆਂ ਵਾਲ਼ੀਆਂ ਪਾਈਆਂ ਹੋਈਆਂ ਹਨ ਜੋ ਤੈਨੂੰ ਇਕੱਲਾ ਦੇਖ ਕੇ ਚੋਰ-ਉਚੱਕੇ ਜਾਂ ਡਾਕੂ ਘੇਰ ਲੈਣਗੇ।"

"ਅੱਛਾ, ਤੇਰੀ ਮਰਜ਼ੀ ਹੈ। ਦੇਖ ਲਈਂ। ਹੋ ਸਕੇ ਤਾਂ ਰਾਤ ਨੂੰ ਹੀ ਆ ਜਾਈਂ।" ਬੰਸੇ ਨੇ ਗੱਲ ਮੁਕਾ ਦਿੱਤੀ।

"ਸੜਕ 'ਤੇ ਪਹੁੰਚ ਕੇ ਕੁੱਝ ਲੋਕ ਆਪਣੇ ਆਪਣੇ ਮੁਹੱਲੇ ਨੂੰ ਮੁੜ ਗਏ ਅਤੇ ਬਾਕੀ ਸੜਕ ਦੇ ਨਾਲ਼-ਨਾਲ਼ ਨਕੋਦਰ ਅੱਡੇ ਵੱਲ ਨੂੰ ਤੁਰਦੇ ਗਏ।

ਥੋੜ੍ਹੀ ਦੂਰ ਜਾਣ ਪਿਛੋਂ ਫੇਰ ਬਦਬੂ ਆਉਣ ਲੱਗੀ, ਜਿਉਂ-ਜਿਉਂ ਉਹ ਅਗਾਂਹ ਜਾਂਦੇ ਸੀ, ਬਦਬੂ ਵੀ ਜ਼ਿਆਦਾ ਵੱਧ ਰਹੀ ਸੀ।

"ਕੀ ਇੱਧਰ ਵੀ ਚਮੜੇ ਦੇ ਕਾਰਖਾਨੇ ਹਨ?" ਕਾਲ਼ੀ ਨੇ ਨੱਕ ਸੁਕੇੜਦਿਆਂ ਪੁੱਛਿਆ।

"ਨਹੀਂ, ਇੱਥੇ ਕੱਚੀਆਂ ਖੱਲਾਂ ਦੀਆਂ ਦੁਕਾਨਾਂ ਹਨ।ਆਪਣੇ ਕਾਰਖਾਨੇ ਵਿੱਚ ਵੀ ਇੱਥੋਂ ਮਾਲ ਜਾਂਦਾ ਹੈ।" ਕਿਸ਼ਨੇ ਨੇ ਦੱਸਿਆ।

ਸੜਕ ਦੇ ਕੰਢੇ ਦੋਨੀਂ ਪਾਸੀਂ ਖੱਲਾਂ ਦੇ ਢੇਰਾਂ ਨੂੰ ਟਾਟ ਨਾਲ਼ ਢੱਕਿਆ ਹੋਇਆ ਸੀ। ਲੂਣ ਨਾਲ਼ ਲਿਬੜੀਆਂ ਖੱਲਾਂ ਵਿੱਚੋਂ ਚੋਂਦਾ ਪਾਣੀ ਸੜਕ ਵਿੱਚ ਫੈਲ ਗਿਆ ਸੀ ਅਤੇ ਉਸ ਉੱਤੇ ਅਣਗਿਣਤ ਮੱਖੀਆਂ ਬੈਠੀਆਂ ਸਨ। ਕਈ ਕੁੱਤੇ ਇੱਕ ਦੂਜੇ ਨੂੰ ਡਰਾਉਣ-ਧਮਕਾਉਣ ਲਈ ਭੌਂਕਦੇ ਹੋਏ ਖੱਲਾਂ ਵਿੱਚੋਂ ਚਰਬੀ ਅਤੇ ਮਾਸ ਖਿੱਚਣ ਦੀ ਕੋਸ਼ਿਸ਼ ਕਰ ਰਹੇ ਸਨ। ਕਦੀ-ਕਦੀ ਉਹ ਆਪਸ ਵਿੱਚ ਉਲਝ ਪੈਂਦੇ ਅਤੇ ਬਹੁਤ ਉੱਚੀ-ਉੱਚੀ ਭੌਂਕਦੇ ਹੋਏ ਇੱਕ ਦੂਸਰੇ ਨੂੰ ਪੈਂਦੇ ਸਨ।

ਸ਼ਾਮ ਹੋਣ ਦੇ ਬਾਵਜੂਦ ਬਜ਼ਾਰ ਦੇ ਉੱਪਰ ਅਕਾਸ਼ ਵਿੱਚ ਅਜੇ ਤੱਕ ਕੁੱਝ ਗਿਰਝਾਂ ਮੰਡਰਾ ਰਹੀਆਂ ਸਨ ਅਤੇ ਉਹ ਕਦੀ-ਕਦੀ ਨੰਗੀਆਂ ਖੱਲਾਂ ਦੇ ਢੇਰਾਂ ਵੱਲ ਝਪਟੀਆਂ ਵੀ ਸਨ।

"ਇੱਥੇ ਗਿਰਝਾਂ ਬਹੁਤ ਹਨ। ਸੁਣਿਆ ਹੈ ਇਹ ਝਪਟਾ ਮਾਰ ਕੇ ਆਦਮੀ ਦੀਆਂ

ਅੱਖਾਂ ਵੀ ਕੱਢ ਲੈਂਦੀਆਂ ਹਨ।" ਕਾਲ਼ੀ ਨੇ ਕੁਛ ਸਹਿਮੀ ਹੋਈ ਅਵਾਜ਼ ਵਿੱਚ ਕਿਹਾ।

"ਜਿਥੇ ਮੁਰਦਾਰ ਹੋਵੇਗਾ ਉੱਥੇ ਗਿਰਝਾਂ ਜ਼ਰੂਰ ਹੋਣਗੀਆਂ।" ਕਿਸ਼ਨੇ ਨੇ ਆਪਣੇ ਖੱਬੇ ਪਾਸੇ ਇਸ਼ਾਰਾ ਕੀਤਾ, "ਬਸਤੀ ਤੋਂ ਪਰ੍ਹੇ ਖੁੱਲੇ ਖੇਤਾਂ ਵਿੱਚ ਮੁਰਦਾਰਾਂ ਦੀਆਂ ਖੱਲਾਂ ਲਾਹੁਣ ਦਾ ਕਾਰਖਾਨਾ ਹੈ।"

"ਉੱਥੇ ਤਾਂ ਗਿਰਝਾਂ, ਚੀਲਾਂ ਅਤੇ ਕਾਵਾਂ ਦਾ ਪੂਰਾ ਸ਼ਹਿਰ ਵੱਸਿਆ ਹੋਇਆ ਹੈ। ਕਾਰਖਾਨੇ ਦੀਆਂ ਟੀਨ ਦੀਆਂ ਛੱਤਾਂ, ਕੰਧਾਂ, ਨੇੜੇ-ਤੇੜੇ ਦੇ ਦਰੱਖਤ ਉਨ੍ਹਾਂ ਨਾਲ਼ ਭਰੇ ਰਹਿੰਦੇ ਹਨ ਅਤੇ ਉਹ ਅਸਮਾਨ ਵਿੱਚ ਉੱਡਦੇ ਇਸ ਤਰ੍ਹਾਂ ਚੱਕਰ ਲਾਉਂਦੇ ਹਨ ਜਿਵੇਂ ਹਮਲਾ ਕਰਨਾ ਚਾਹੁੰਦੇ ਹੋਣ।"

"ਸੁਣਿਆ ਹੈ ਕਿ ਗਿਰਝ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਬਹੁਤ ਦੂਰ ਤੋਂ ਆਪਣਾ ਸ਼ਿਕਾਰ ਤਾੜ ਲੈਂਦੀ ਹੈ।"

"ਜ਼ਰੂਰ ਹੁੰਦੀ ਹੋਵੇਗੀ। ਪਰ ਕਦੀ-ਕਦੀ ਧੋਖਾ ਵੀ ਖਾ ਜਾਂਦੀ ਹੈ।" ਕਿਸ਼ਨਾ ਹੱਸਿਆ।

"ਉਹ ਕਿਵੇਂ ?"

"ਇੱਕ ਦਿਨ ਸਾਡੇ ਕਾਰਖਾਨੇ ਵਿੱਚ ਚਰਬੀ ਨਾਲ਼ ਲਿਬੜੀਆਂ ਰੱਸੀਆਂ ਪਈਆਂ ਸੀ। ... ਪਰ੍ਹੇ ਖੁੱਲ੍ਹੇ ਥਾਂ ਵਿੱਚ ਛੱਪੜ ਦੇ ਪਾਰ ਪਿੰਡ ਹੈ ਨਾ ... ?

"ਹਾਂ ਹੈ। ਮੈਂ ਬੰਸੇ ਭਾ ਨਾਲ਼ ਉੱਥੇ ਨਾਉਣ ਗਿਆ ਸੀ।

"ਉੱਥੇ ਇੱਕ ਪਿੱਪਲ ਦਾ ਦਰੱਖਤ ਹੈ ... ਉਸ ਦੀਆਂ ਉੱਪਰਲੀਆਂ ਟਾਹਣੀਆਂ 'ਤੇ ਇੱਕ ਗਿਰਝ ਬੈਠੀ ਸੀ। ਉੱਥੋਂ ਉਹ ਉੱਡੀ। ਸੱਜੇ ਪਾਸੇ ਨੂੰ ਚੱਕਰ ਲਾਇਆ। ਫੇਰ ਹੋਰ ਉੱਚੀ ਉੱਡੀ। ਉੱਥੇ ਇੱਕ ਗੋਲ਼ ਦਾਇਰੇ ਵਿੱਚ ਉੱਡਦੀ ਰਹੀ। ਫਿਰ ਉਸ ਨੇ ਇੰਨੇ ਜ਼ੋਰ ਨਾਲ਼ ਝਪਟਾ ਮਾਰਿਆ ਕਿ ਸਾਰਾ ਕਾਰਖਾਨਾ ਹਿਲ ਗਿਆ। ਸਾਡੇ ਪਿੰਡ ਵਿੱਚ ਇੱਕ ਫੌਜੀ ਹੈ। ਉਹ ਇਸੇ ਤਰ੍ਹਾਂ ਹਵਾਈ ਹਮਲੇ ਬਾਰੇ ਬਹੁਤ ਕਹਾਣੀਆਂ ਸੁਣਾਇਆ ਕਰਦਾ ਹੈ।" ਕਿਸ਼ਨਾ ਡਰ ਜਿਹਾ ਗਿਆ ਸੀ। ਫਿਰ ਉਸ ਨੇ ਆਪਣੇ-ਆਪ ਨੂੰ ਸੰਭਾਲਿਆ, "ਉੱਪਰ ਦੇਖਿਆ ਤਾਂ ਗਿਰਝ ਆਪਣੇ ਪੰਜਿਆਂ ਵਿੱਚ ਰੱਸੀ ਲਈ ਉੱਡੀ ਜਾ ਰਹੀ ਸੀ।"

ਇਸ ਡਰਾ ਦੇਣ ਵਾਲ਼ੀ ਛੋਟੀ ਜਿਹੀ ਘਟਨਾ ਤੋਂ ਭੈ-ਭੀਤ ਹੋ ਕੇ ਦੋਨੋ ਜਣੇ ਕੁੱਝ ਪਲ ਲਈ ਚੁੱਪ ਕਰ ਗਏ। ਕਾਲ਼ੀ ਨੇ ਆਪਣੇ ਦੋਨੀਂ ਪਾਸੀਂ ਦੁਕਾਨਾਂ ਅਤੇ ਉਨ੍ਹਾਂ ਦੇ ਸਾਹਮਣੇ ਪਏ ਖੱਲਾਂ ਦੇ ਢੇਰਾਂ ਵੱਲ ਇੱਕ ਵਾਰ ਹੋਰ ਧਿਆਨ ਨਾਲ਼ ਦੇਖਿਆ। ਫਿਰ ਆਪਣੀਆਂ ਨਾਸਾਂ ਨੂੰ ਪੋਲੇ ਜਿਹੇ ਘੁੱਟ ਲਿਆ, "ਇਹ ਬਜ਼ਾਰ ਵੀ ਕਾਫੀ ਬੜਾ ਹੈ। ਪਹਿਲਾਂ ਤਾਂ ਮੈਂ ਕਦੀ ਧਿਆਨ ਹੀ ਨਹੀਂ ਦਿੱਤਾ ਸੀ।"

ਕਾਲ਼ੀ ਨੇ ਦੁਕਾਨਾਂ ਵੱਲ ਇੱਕ ਵਾਰ ਫਿਰ ਨਜ਼ਰ ਦੁੜਾਈ, ਉਹ ਮੰਡੀ ਅਤੇ ਹੋਰ ਬਜ਼ਾਰਾਂ ਦੀਆਂ ਦੁਕਾਨਾਂ ਨਾਲ਼ ਮੁਕਾਬਲਾ ਕਰਨ ਲੱਗਾ, "ਮੰਡੀ ਅਤੇ ਹੋਰ ਬਜ਼ਾਰਾਂ ਦੀਆਂ ਦੁਕਾਨਾਂ ਦੇ ਮੁਕਾਬਲੇ ਵਿੱਚ ਇਹ ਦੁਕਾਨਾਂ ਬਹੁਤ ਛੋਟੀਆਂ ਹਨ। ਸ਼ਾਨ ਸ਼ੌਕਤ ਵੀ ਉਨਾਂ ਵਰਗੀ ਨਹੀਂ ਹੈ। ਕਿਸੇ-ਕਿਸੇ ਦੁਕਾਨ ਉੱਤੇ ਹੀ ਚੁਬਾਰਾ ਹੈ।"

"ਪਰ ਇੱਥੇ ਹਰ ਰੋਜ਼ ਹਜ਼ਾਰਾਂ-ਲੱਖਾਂ ਰੁਪਈਆਂ ਦਾ ਵਿਉਪਾਰ ਹੁੰਦਾ ਹੈ। ਇੱਥੇ ਬੜੇ-ਬੜੇ ਸੇਠਾਂ ਦੇ ਦਫਤਰ ਵੀ ਹਨ।" ਕਿਸ਼ਨੇ ਨੇ ਦੱਸਿਆ।

"ਅੱਛਾ।" ਹੈਰਾਨੀ ਨਾਲ਼ ਕਾਲ਼ੀ ਦੀਆਂ ਅੱਖਾਂ ਫੈਲ ਗਈਆਂ।"ਦੁਕਾਨਾਂ ਆਪਣੀ ਬਰਾਦਰੀ ਦੇ ਲੋਕਾਂ ਦੀਆਂ ਹਨ ਜਾਂ ...?"

"ਨਾ, ਆਪਣੀ ਬਰਾਦਰੀ ਦੇ ਲੋਕਾਂ ਦਾ ਤਾਂ ਛੋਟਾ-ਮੋਟਾ ਕੰਮ ਹੀ ਹੈ। ਬਾਕੀ ਤਾਂ ਲਾਲੇ ਹਨ। ਹਾਂ, ਇੱਕ ਸੇਠ ਆਪਣੀ ਬਰਾਦਰੀ ਦਾ ਵੀ ਹੈ। ਸੇਠ ਬਖਸ਼ੀਰਾਮ ... ਬਹੁਤ ਬੜਾ ਕਾਰੋਬਾਰ ਹੈ ਉਸ ਦਾ। ਚੂਨੇ, ਲੂਣ ਅਤੇ ਤੇਜ਼ਾਬ ਦਾ ਕੰਮ ਲਾਲਿਆਂ ਦੇ ਕੋਲ਼ ਹੀ ਹੈ।"

"ਕੀ ਲਾਲੇ ਇਸ ਬਦਬੂ ਵਿੱਚ ਆਪਣੀਆਂ ਦੁਕਾਨਾਂ 'ਤੇ ਬੈਠਦੇ ਹਨ?" ਕਾਲ਼ੀ ਨੇ ਇਸ ਵਾਰ ਆਪਣੀਆਂ ਨਾਸਾਂ ਨੂੰ ਜ਼ੋਰ ਨਾਲ਼ ਘੁੱਟਿਆ।

"ਨਾ, ਨਾ, ਨਾ। ਰੱਬ ਦਾ ਨਾਂ ਲੈ, ਉਨ੍ਹਾਂ ਦੇ ਕਾਮੇ ਕੰਮ ਕਰਦੇ ਹਨ। ਆਪਣਾ ਕਾਰਖਾਨਾ ਹੈ ਨਾ?"

"ਹਾਂ। ਉਸ ਦਾ ਮਾਲਕ ਵੀ ਇੱਕ ਲਾਲਾ ਹੈ। ਉੱਧਰ ਪੁਲਸ ਲਾਇਨ ਦੇ ਨਾਲ਼ ਬਹੁਤ ਬੜੀ ਕੋਠੀ ਹੈ ਉਸ ਦੀ। ਉਹ ਅੱਜ ਤੱਕ ਇੱਕ ਵਾਰ ਵੀ ਕਾਰਖਾਨੇ ਵਿੱਚ ਨਹੀਂ ਆਇਆ। ਮੈਂ ਅਜੇ ਤੱਕ ਉਸ ਦੀ ਸ਼ਕਲ ਵੀ ਨਹੀਂ ਦੇਖੀ। ... ਬੱਸ ਮੁਨਸ਼ੀ ਦੇ ਦਰਸ਼ਨ ਹੀ ਹੁੰਦੇ ਹਨ। ... ਉਹ ਕੋਠੀ ਜਾਂ ਦਫਤਰ ਜਾ ਕੇ ਸਾਰਾ ਹਿਸਾਬ-ਕਿਤਾਬ ਦੱਸ ਆਉਂਦਾ ਹੈ।"

"ਹੂੰ।" ਕਾਲ਼ੀ ਨੇ ਗਰਦਨ ਝੁਕਾ ਲਈ ਅਤੇ ਉਹ ਕਾਰਖਾਨੇ ਦੇ ਮਾਲਕ ਲਾਲੇ ਦੀ ਕਲਪਨਾ ਕਰਨ ਲੱਗਾ। ਪਰ ਉਸ ਦੇ ਦਿਮਾਗ ਵਿੱਚ ਕੋਈ ਤਸਵੀਰ ਨਾ ਉੱਭਰੀ।

ਕਾਲ਼ੀ ਦੇ ਮਨ ਦੀ ਹਾਲਤ ਨੂੰ ਭਾਂਪ ਕੇ ਕਿਸ਼ਨਾ ਚੌਂਕ ਗਿਆ, "ਕਦੇ ਮਾਲਕ ਦੇ ਬਾਰੇ ਫੋਰਮੈਨ ਨਾਲ਼ ਗੱਲ ਕਰਦੇ ਹਾਂ ਤਾਂ ਉਹ ਸਿਰ ਉੱਪਰ-ਥੱਲੇ ਹਿਲਾ-ਹਿਲਾ ਕੇ ਦੱਸਦਾ ਹੈ ਕਿ ਜਿਸ ਤਰ੍ਹਾਂ ਸਾਰੇ ਜੱਗ-ਜਹਾਨ ਦਾ ਅੰਨਦਾਤਾ ਹੈ, ਉਸੇ ਤਰ੍ਹਾਂ ਲਾਲਾ ਸਾਡਾ ਪਾਲਣਹਾਰ ਹੈ। ਜਿਸ ਤਰ੍ਹਾਂ ਰੱਬ ਕਿਸੇ ਵਿਰਲੇ, ਬਹੁਤ ਵੱਡੇ-ਪਹੁੰਚੇ ਹੋਏ ਸਾਧੂ-ਸੰਤ ਜਾਂ ਪੀਰ-ਫਕੀਰ ਨੂੰ ਹੀ ਦਰਸ਼ਨ ਦਿੰਦਾ ਹੈ। ਇਸ ਤਰ੍ਹਾਂ ਹੀ ਸਾਡਾ ਮਾਲਕ ਲਾਲਾ ਵੀ ਸਾਡੀਆਂ ਨਜ਼ਰਾਂ ਦੀ ਪਹੁੰਚ ਤੋਂ ਬਾਹਰ ਹੈ। ਜਿਸ ਤਰ੍ਹਾਂ ਰੱਬ ਸਾਰਿਆਂ ਦੀਆਂ ਨਜ਼ਰਾਂ ਤੋਂ ਉਹਲੇ ਰਹਿ ਕੇ ਵੀ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ, ਧਿਆਨ ਰੱਖਦਾ ਹੈ; ਉਸੇ ਤਰ੍ਹਾਂ ਸੇਠ ਵੀ ਸਾਡਾ ਖਿਆਲ ਰੱਖਦਾ ਹੈ। ਜਿਸ ਤਰ੍ਹਾਂ ਪੂਰੀ ਉਮਰ ਭੋਗ ਲੈਣ 'ਤੇ ਰੱਬ ਬੰਦੇ ਨੂੰ ਇਸ ਦੁਨੀਆਂ ਵਿੱਚੋਂ ਲੈ ਜਾਂਦਾ ਹੈ ਉਸੇ ਤਰ੍ਹਾਂ ਸੇਠ ਵੀ ਫੋਰਮੈਨ ਦੇ ਰਾਹੀਂ ਉਸ ਬੰਦੇ ਨੂੰ ਕਾਰਖਾਨੇ ਵਿੱਚੋਂ ਕੱਢਵਾ ਦਿੰਦਾ ਹੈ ਜਿਹੜਾ ਕੰਮ ਕਰਨ ਦੇ ਲਾਇਕ ਨਹੀਂ ਰਹਿੰਦਾ। ਸਾਨੂੰ ਤਾਂ ਇਹ ਹੀ ਸਮਝਾਇਆ ਗਿਆ ਹੈ ਕਿ ਰੱਬ ਅਤੇ ਸੇਠ ਦੇ ਕਾਰੋਬਾਰ ਵਿੱਚ ਕਿਸੇ ਨੂੰ ਵੀ ਦਖ਼ਲ ਨਹੀਂ ਦੇਣਾ ਚਾਹੀਦਾ ਕਿਉਂਕਿ ਇਸ ਨਾਲ਼ ਬਰਬਾਦੀ ਹੁੰਦੀ ਹੈ।"

ਕਿਸ਼ਨਾ ਇਸ ਤਰ੍ਹਾਂ ਖਾਮੋਸ਼ ਹੋ ਗਿਆ ਜਿਵੇਂ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਬੇਬੱਸ ਸਮਝਦਾ ਹੋਵੇ। ਕਾਲ਼ੀ ਵੀ ਡੂੰਘੀ ਸੋਚ ਵਿੱਚ ਡੁੱਬ ਗਿਆ। ਉਹ ਕੁੱਝ ਦੇਰ ਗਰਦਨ ਝੁਕਾਈ ਆਪੋ ਆਪਣੇ ਵਿਚਾਰਾਂ ਵਿੱਚ ਗੁਆਚੇ ਤੁਰਦੇ ਰਹੇ।

ਜਦੋਂ ਬਦਬੂ ਦੀ ਥਾਂ ਕੌੜੇ ਧੂੰਏਂ ਨੇ ਲੈ ਲਈ ਅਤੇ ਕਾਲ਼ੀ ਨੂੰ ਕੜਵਾਹਟ ਆਪਣੇ ਗਲ਼ ਅਤੇ ਅੱਖਾਂ ਵਿੱਚ ਮਹਿਸੂਸ ਹੋਣ ਲੱਗੀ ਤਾਂ ਉਹ ਚੌਂਕ ਗਿਆ। ਗਲ਼ ਦੀ ਕੁੜੱਤਣ ਨੂੰ ਦੂਰ ਕਰਨ ਲਈ ਉਹ ਖੰਘਣ ਲੱਗਾ ਅਤੇ ਅੱਖਾਂ ਦੀ ਖਾਜ ਤੋਂ ਛੁਟਕਾਰਾ ਪਾਉਣ ਲਈ ਅੱਖਾਂ ਨੂੰ ਮਲ਼ਿਆ।

ਹੋਰ ਥੋੜ੍ਹੀ ਦੂਰ ਜਾ ਕੇ ਕਿਸ਼ਨਾ ਖੱਬੇ ਪਾਸੇ ਵਾਲ਼ੀ ਗਲ਼ੀ ਵਿੱਚ ਮੁੜ ਗਿਆ। ਗਲ਼ੀ ਥੋੜ੍ਹੀ ਖੁੱਲੀ ਸੀ ਅਤੇ ਸਾਰੀ ਗਲ਼ੀ ਵਿੱਚ ਧੂੰਏ ਦੀ ਇੱਕ ਚਾਦਰ ਵਿਛੀ ਹੋਈ ਸੀ ਜਿਸ ਕਰਕੇ ਬਹੁਤੀ ਦੂਰ ਤੱਕ ਦੇਖਣਾ ਮੁਸ਼ਕਲ ਸੀ।

"ਇੱਥੇ ਧੂੰਆਂ ਬਹੁਤ ਹੈ।" ਕਾਲ਼ੀ ਨੂੰ ਗਲ਼ ਦੀ ਕੁੜੱਤਣ ਅਤੇ ਅੱਖਾਂ ਦੀ ਖਾਜ ਹੋਰ ਵੀ ਜ਼ਿਆਦਾ ਮਹਿਸੂਸ ਹੋਣ ਲੱਗੀ ਸੀ।

"ਇੱਥੇ ਇੱਕ-ਇੱਕ ਘਰ ਵਿੱਚ ਪੰਜ-ਪੰਜ, ਦਸ-ਦਸ ਪਰਿਵਾਰ ਰਹਿੰਦੇ ਹਨ। ਸ਼ਾਮ ਦੇ ਸਮੇਂ ਸਾਰਿਆਂ ਦੀਆਂ ਅੰਗੀਠੀਆਂ ਅਤੇ ਚੁੱਲੇ ਮੱਘਦੇ ਹਨ। ਉਹ ਵੀ ਭਾਂਤ-ਭਾਂਤ ਦੇ। ਕੋਈ ਲੱਕੜੀ ਬਾਲਦਾ ਹੈ ਕੋਈ ਪਾਥੀਆਂ। ਕੋਈ ਪੱਥਰ ਦਾ ਕੱਚਾ ਕੋਲ਼ਾ ਤੇ ਕੋਈ ਪੱਕਾ ਕੋਲ਼ਾ। ਆਪਣੀ-ਆਪਣੀ ਹੈਸੀਅਤ ਦੇ ਮੁਤਾਬਿਕ ਹਰ ਪਰਿਵਾਰ ਬਾਲਣ ਵਰਤਦਾ ਹੈ।" ਕਿਸ਼ਨੇ ਨੇ ਸਮਝਾਇਆ।

"ਇਹ ਧੂੰਆਂ ਸਾਰੀ ਰਾਤ ਇਸ ਹੀ ਤਰ੍ਹਾਂ ਰਹੇਗਾ?" ਕਾਲ਼ੀ ਨੇ ਜ਼ੋਰ ਨਾਲ਼ ਛਿੱਕਣ ਦੇ ਬਾਅਦ ਨੱਕ ਦਾ ਸੁੜ੍ਹਾਕਾ ਮਾਰਿਆ।

"ਕੀ ਤੂੰ ਵਲੈਤ ਤੋਂ ਆਇਆਂ ਹੈ ਜੋ ਇਸ ਤਰ੍ਹਾਂ ਦੇ ਸਵਾਲ਼ ਪੁੱਛ ਰਿਹਾ ਹੈ?" ਕਿਸ਼ਨਾ ਖਿੱਝ ਗਿਆ ਸੀ।

"ਵਲੈਤ ਤੋਂ ਤਾਂ ਨਹੀਂ ਆਇਆ, ਪਿੰਡ ਤੋਂ ਹੀ ਆਇਆਂ ਹਾਂ। ਸ਼ਹਿਰ ਵਿੱਚ ਵੀ ਰਿਹਾ ਤਾਂ ਕਾਰਖਾਨੇ ਦੀ ਆਪਣੀ ਹੀ ਅਬਾਦੀ ਸੀ। ਧੂੰਆਂ ਤਾਂ ਉੱਥੇ ਵੀ ਹੁੰਦਾ ਸੀ ਪਰ ਇਸ ਤਰ੍ਹਾਂ ਨਹੀਂ। ਲਗਦਾ ਹੈ ਕਿ ਦਮ ਘੁੱਟ ਜਾਵੇਗਾ।" ਕਾਲ਼ੀ ਆਪਣੀਆਂ ਪਾਣੀ ਨਾਲ਼ ਭਰੀਆਂ ਹੋਈਆਂ ਅੱਖਾਂ ਪੂੰਝਣ ਲੱਗਾ।

"ਬਸ, ਇੱਕ-ਡੇਢ ਘੰਟੇ ਦੀ ਗੱਲ ਹੈ। ਦਾਲ਼-ਰੋਟੀ ਪਕਾਉਣ ਦਾ ਕੰਮ ਮੁਕਦਿਆਂ ਹੀ ਚੁੱਲੇ ਅਤੇ ਅੰਗੀਠੀਆਂ ਠੰਡੀਆਂ ਹੋ ਜਾਣਗੀਆਂ ਅਤੇ ਧੂੰਆਂ ਉੱਡ ਜਾਵੇਗਾ।" ਕਿਸ਼ਨੇ ਨੇ ਕਾਲ਼ੀ ਵੱਲ ਦੇਖਿਆ, "ਇਸ ਧੂੰਏਂ ਦਾ ਇੱਕ ਬਹੁਤ ਫਾਇਦਾ ਵੀ ਹੈ।"

"ਕੀ?"

"ਧੂੰਆਂ ਹੁੰਦਿਆਂ ਹੀ ਮੱਛਰ-ਮੱਖੀਆਂ ਦੌੜ ਜਾਂਦੇ ਹਨ ਅਤੇ ਤੜਕੇ ਤੋਂ ਪਹਿਲਾਂ ਨਹੀਂ ਮੁੜਦੇ। ਨਹੀਂ ਤਾਂ ਇਸ ਗਲ਼ੀ ਵਿੱਚ ਰਾਤ ਨੂੰ ਇੱਕ ਪਲ ਵੀ ਟਿਕਣਾ ਮੁਸ਼ਕਲ ਹੋ ਜਾਵੇ।"

ਕਾਲ਼ੀ ਨੂੰ ਆਪਣਾ ਪਿੰਡ ਯਾਦ ਆ ਗਿਆ। ਉੱਥੇ ਗਰਮੀਆਂ ਅਤੇ ਬਰਸਾਤ ਵਿੱਚ, ਜਦੋਂ ਮੱਖੀਆਂ ਦੀ ਬਹੁਤਾਤ ਹੁੰਦੀ ਸੀ, ਲੋਕ ਗਾਂ ਜਾਂ ਮੱਝ ਚੋਣ ਤੋਂ ਪਹਿਲਾਂ ਘਾਹ-ਫੂਸ ਨੂੰ ਅੱਗ ਲਾ ਕੇ ਧੂੰਆਂ ਕਰ ਦਿੰਦੇ ਸਨ ਤਾਂ ਕਿ ਮੱਖੀ-ਮੱਛਰ ਨੂੰ ਉਡਾਣ ਲਈ ਪਸ਼ੂ ਨਾ ਤਾਂ

ਵਾਰ-ਵਾਰ ਪੂਛ ਘੁਮਾਵੇ ਅਤੇ ਨਾ ਹੀ ਲੱਤਾਂ ਹਿਲਾਵੇ। ਇਸ ਤਰ੍ਹਾਂ ਦੁੱਧ ਦੀ ਬਾਲਟੀ ਅਤੇ ਦੁੱਧ ਚੋਣ ਵਾਲ਼ਾ ਬੰਦਾ ਪਸ਼ੂ ਦੀ ਛੱੜ ਤੋਂ ਵੀ ਬੱਚ ਜਾਂਦਾ ਸੀ।

ਕਿਸ਼ਨੇ ਦੀਆਂ ਗੱਲਾਂ 'ਤੇ ਹੌਲ਼ੀ-ਹੌਲ਼ੀ ਸਿਰ ਹਿਲਾਉਂਦਾ ਕਾਲ਼ੀ ਆਪਣੀ ਪ੍ਰਸ਼ੰਸਾ ਦਾ ਇਜ਼ਹਾਰ ਕਰਦਾ ਹੋਇਆ ਗਲ਼ੀ ਵਿੱਚ ਅੱਗੇ ਤੁਰਦਾ ਰਿਹਾ।

ਵੱਡੀ ਸਾਰੀ ਗਲ਼ੀ ਵਿੱਚੋਂ ਸੱਜੇ-ਖੱਬੇ ਨੂੰ ਹੋਰ ਕਈ ਗਲ਼ੀਆਂ ਨਿਕਲ਼ ਰਹੀਆਂ ਸਨ ਜਿਹੜੀਆਂ ਕਿ ਬਹੁਤ ਹੀ ਤੰਗ ਸਨ। ਕੁੱਝ ਗਲ਼ੀਆਂ ਤਾਂ ਇੰਨੀਆਂ ਭੀੜੀਆਂ ਸਨ ਕਿ ਆਹਮਣੇ-ਸਾਹਮਣੇ ਦੇ ਮਕਾਨਾਂ ਦੀਆਂ ਛੱਤਾਂ 'ਤੇ ਖੜ੍ਹੇ ਹੋ ਕੇ ਅਸਾਨੀ ਨਾਲ਼ ਇੱਕ ਦੂਸਰੇ ਨਾਲ਼ ਹੱਥ ਮਿਲਾਇਆ ਜਾ ਸਕਦਾ ਸੀ।

ਹਰ ਛੋਟੀ ਗਲ਼ੀ ਵਿੱਚੋਂ ਗੰਦੇ ਪਾਣੀ ਦੀਆਂ ਨਾਲ਼ੀਆਂ, ਬੜੀ ਗਲ਼ੀ ਦੇ ਦੋਨੀਂ ਪਾਸੀਂ ਵਗਦੀਆਂ ਨਾਲ਼ੀਆਂ ਵਿੱਚ ਡਿੱਗਦੀਆਂ ਸਨ ਅਤੇ ਉਨ੍ਹਾਂ ਦਾ ਗੰਦਾ ਪਾਣੀ ਕਿਤੇ-ਕਿਤੇ ਨਾਲ਼ੀਆਂ ਵਿੱਚ ਰੁਕਾਵਟ ਦੇ ਕਾਰਨ ਗਲ਼ੀ ਵਿੱਚ ਵੱਗਣ ਲੱਗ ਪਿਆ ਸੀ।

ਗਲ਼ੀਆਂ ਵਿੱਚ ਥਾਂ-ਥਾਂ ਪਸ਼ੂ ਬੰਨੇ ਹੋਏ ਸਨ ਅਤੇ ਉਨ੍ਹਾਂ ਦੇ ਸਾਹਮਣੇ ਪੱਠੇ ਪਾਉਣ ਲਈ ਲੱਕੜੀ ਦੀਆਂ ਪੇਟੀਆਂ ਜਾਂ ਸ਼ਹਿਤੂਤ ਦੀਆਂ ਟਹਿਣੀਆਂ ਨਾਲ਼ ਬਣਾਏ ਟੋਕਰੇ ਰੱਖੇ ਹੋਏ ਸਨ। ਕਿਤੇ-ਕਿਤੇ ਡਿਉੜੀ ਦੇ ਬਾਹਰ ਭੱਖਦੀਆਂ ਹੋਈਆਂ ਅੰਗੀਠੀਆਂ ਪਈਆਂ ਸਨ।

ਗਲ਼ੀਆਂ ਵਿੱਚ ਖਾਲੀ ਥਾਵਾਂ 'ਤੇ ਅਧਨੰਗੇ ਬੱਚੇ ਖੇਡ ਰਹੇ ਸਨ। ਖੇਡਦੇ-ਖੇਡਦੇ ਕਈ ਵਾਰ ਇੱਕ ਦੂਜੇ ਨਾਲ਼ ਲੜ ਪੈਂਦੇ। ਕੁੱਝ ਬੱਚੇ ਕਿਸੇ ਕੋਲ਼ੋਂ ਕੁੱਟ ਖਾ ਕੇ ਜਾਂ ਖੇਲ ਵਿੱਚ ਹਾਰ ਜਾਣ ਕਰਕੇ ਰੋਣ ਲੱਗ ਪੈਂਦੇ ਸਨ।

ਮਕਾਨਾਂ ਦੀਆਂ ਸਰਦਲਾਂ ਵਿੱਚ ਗੋਦ ਵਿੱਚ ਬੱਚਿਆਂ ਨੂੰ ਲਈ ਔਰਤਾਂ ਕਦੀ ਆਪਣੇ ਖੇਡ ਰਹੇ ਬੱਚਿਆਂ ਨੂੰ ਝਿੜਕਣ ਲੱਗ ਪੈਂਦੀਆਂ ਅਤੇ ਕਦੀ ਗੁਆਂਢਣ ਨੂੰ ਉਸ ਦੇ ਬੱਚੇ ਦੀ ਜ਼ਿਆਦਤੀ ਬਾਰੇ ਹੱਥ ਮਾਰ-ਮਾਰ ਕੇ ਸ਼ਿਕਾਇਤ ਕਰਦੀਆਂ। ਕਿਤੇ-ਕਿਤੇ ਛੋਟੇ ਬੱਚੇ ਗਲ਼ੀ ਦੀ ਨਾਲ਼ੀ ਨਾਲ਼ ਬੈਠੇ ਟੱਟੀ ਕਰ ਰਹੇ ਸਨ।

ਬੜੀ ਗਲ਼ੀ ਦੇ ਅੰਤ ਤੱਕ ਪਹੁੰਚਣ ਤੋਂ ਪਹਿਲਾਂ ਹੀ ਅਖੀਰਲੀ ਗਲ਼ੀ ਵਿੱਚ ਕਿਸ਼ਨਾ ਸੱਜੇ ਪਾਸੇ ਮੁੜ ਗਿਆ। ਇੱਥੇ ਜ਼ਿਆਦਾਤਰ ਮਕਾਨ ਅਧੂਰੇ ਪਏ ਸੀ। ਕੁਸ਼ ਪਲਾਟ ਇੱਕ ਕਮਰਾ ਬਣਾ ਕੇ ਛੱਡ ਦਿੱਤੇ ਗਏ ਸਨ।

ਕਿਸ਼ਨਾ ਇੱਕ ਕੱਚੇ-ਪੱਕੇ ਮਕਾਨ ਦੇ ਸਾਹਮਣੇ ਆ ਖੜ੍ਹਾ ਹੋਇਆ। ਮਕਾਨ ਦੇ ਨਾਂ 'ਤੇ ਸਿਰਫ ਇੱਕ ਕਮਰਾ ਸੀ। ਪਲਾਟ ਦੀ ਹੱਦਬੰਦੀ ਲਈ ਚਾਰੇ ਪਾਸੇ ਛੋਟੀ ਜਿਹੀ ਕੱਚੀ ਕੰਧ ਬਣਾਈ ਹੋਈ ਸੀ। ਕਮਰੇ ਦੇ ਬੂਹੇ ਸਾਹਮਣੇ ਕੱਚੀ ਕੰਧ ਵਿੱਚ ਲਕੜੀ ਦੀਆਂ ਖਸਤਾ ਫੱਟੀਆਂ ਦਾ ਇੱਕ ਛੋਟਾ ਜਿਹਾ ਤਖਤਾ ਬਣਾਇਆ ਹੋਇਆ ਸੀ।

ਕਿਸ਼ਨੇ ਨੇ ਤਖਤੇ 'ਤੇ ਹੱਥ ਰੱਖ ਕੇ ਕਾਲ਼ੀ ਵੱਲ ਦੇਖਿਆ, "ਇਹ ਹੀ ਹੈ ਆਪਣਾ ਗਰੀਬਖਾਨਾ।"

ਇਹ ਸੁਣ ਕੇ ਕਾਲ਼ੀ ਨੂੰ ਕਿਸ਼ਨੇ ਨਾਲ਼ ਈਰਖਾ ਮਹਿਸੂਸ ਹੋਈ। "ਆਪਣਾ ਮਕਾਨ ਹੈ। ਮਤਲਬ ਆਪਣੀ ਮਲਕੀਅਤ ਹੈ ਨਾ ?"

"ਰੱਬ ਦਾ ਨਾਂ ਲੈ। ਆਪਣਾ ਮਕਾਨ ਅਤੇ ਉਹ ਵੀ ਸ਼ਹਿਰ ਵਿੱਚ ?" ਕਿਸ਼ਨੇ ਨੇ ਇਸ ਤਰ੍ਹਾਂ ਕਿਹਾ ਜਿਵੇਂ ਕਾਲ਼ੀ ਨੇ ਉਸ ਨਾਲ਼ ਮਜ਼ਾਕ ਕੀਤਾ ਹੋਵੇ ਅਤੇ ਜਵਾਬ ਵਿੱਚ ਉਹ ਵੀ ਉਸ ਦਾ ਮਜ਼ਾਕ ਉਡਾਉਣਾ ਚਾਹੁੰਦਾ ਹੋਵੇ।

ਤਖਤਾ ਖੋਲ ਕੇ ਕਿਸ਼ਨਾ ਅੰਦਰ ਵੜ੍ਹ ਗਿਆ ਅਤੇ ਇੱਕ ਪਾਸੇ ਹਟ ਕੇ ਕਾਲ਼ੀ ਦੀ ਉਡੀਕ ਕਰਨ ਲੱਗਾ। ਉਹ ਵੀ ਅੰਦਰ ਆ ਗਿਆ ਤਾਂ ਕਿਸ਼ਨੇ ਨੇ ਤਖਤਾ ਫਿਰ ਬੰਦ ਕਰ ਦਿੱਤਾ।

"ਕੱਲੂ ਉਏ ... ਉਹ ਕੱਲੂ ...।" ਹਾਕਾਂ ਮਾਰਦਾ ਕਿਸ਼ਨਾ ਕਮਰੇ ਦੇ ਬੂਹੇ ਵੱਲ ਦੇਖਣ ਲੱਗਾ। ਅਰਲ ਥੱਲੇ ਲਟਕ ਰਹੀ ਸੀ। ਕਿਸ਼ਨੇ ਨੇ ਅੰਦਾਜ਼ਾ ਲਾਇਆ ਕਿ ਕੱਲੂ ਇੱਥੇ ਘਰ ਵਿੱਚ ਹੀ ਹੋਣਾ ਚਾਹੀਦਾ। ਸ਼ਾਇਦ ਕਮਰੇ ਵਿੱਚ ਸੌਂ ਰਿਹਾ ਹੋਵੇਗਾ। ਉਹ ਉਸ ਨੂੰ ਲਗਾਤਾਰ ਹਾਕਾਂ ਮਾਰਦਾ ਰਿਹਾ।

ਕਾਲ਼ੀ ਤਖਤੇ ਤੋਂ ਥੋੜ੍ਹਾ ਅਗਾਂਹ ਆ ਗਿਆ ਅਤੇ ਚਾਰੇ ਪਾਸੇ ਦੇਖਣ ਲੱਗਾ। ਕਮਰੇ ਦੇ ਇੱਕੋ-ਇੱਕ ਬੂਹੇ ਦੇ ਬਾਹਰ ਟੁੱਟੀ-ਫੁੱਟੀ ਮੰਜੀ ਪਈ ਸੀ। ਮੰਜੀ ਦਾ ਬਾਣ ਕੰਢਿਆਂ ਤੋਂ ਟੁੱਟ ਕੇ ਥੱਲੇ ਨੂੰ ਲਟਕ ਰਿਹਾ ਸੀ। ਇਹੋ ਜਿਹੀ ਹੀ ਇੱਕ ਮੰਜੀ ਕੰਧ ਦੇ ਨਾਲ਼ ਖੜ੍ਹੀ ਸੀ। ਬੂਹੇ ਤੋਂ ਥੋੜ੍ਹਾ ਪਰ੍ਹੇ ਕੰਧ ਦੇ ਨਾਲ਼ ਕੱਚਾ ਚੁੱਲਾ ਸੀ ਅਤੇ ਉਹਦੇ ਉੱਪਰ ਛੱਤ ਤੱਕ ਕੰਧ ਦਾ ਹਿੱਸਾ ਧੂੰਏਂ ਨਾਲ਼ ਕਾਲ਼ਾ ਹੋ ਗਿਆ ਸੀ ।

"ਪਤਾ ਨਹੀਂ ਕੱਲੂ ਕਿੱਥੇ ਗਿਆ ਹੈ ?" ਕਿਸ਼ਨਾ ਹੈਰਾਨ ਸੀ।

"ਕੱਲੂ ਕੌਣ ਹੈ ?" ਕਾਲ਼ੀ ਨੇ ਪੁੱਛਿਆ।

"ਮੇਰਾ ਛੋਟਾ ਭਰਾ ... ਘਰ ਵਿੱਚ ਸਾਰਿਆਂ ਤੋਂ ਛੋਟਾ ਹੈ।" ਕਿਸ਼ਨਾ ਇੱਕ ਵਾਰ ਫੇਰ ਕੱਲੂ ਨੂੰ ਹਾਕਾਂ ਮਾਰਨ ਲੱਗਾ।

ਖੁੱਲ੍ਹੇ ਖੇਤਾਂ ਵੱਲ ਕੱਚੀ ਕੰਧ ਨੂੰ ਟੱਪ ਕੇ ਕੱਲੂ ਨੇ ਵਿਹੜੇ ਵਿੱਚ ਛਾਲ ਮਾਰੀ। ਉਹ ਬੁਰੀ ਤਰ੍ਹਾਂ ਹੌਂਕ ਰਿਹਾ ਸੀ।

"ਕਿੱਥੇ ਗਿਆ ਸੀ ਤੂੰ ?" ਕਿਸ਼ਨੇ ਨੇ ਗੁੱਸੇ ਨਾਲ਼ ਪੁੱਛਿਆ।

ਕੱਲੂ ਨੇ ਕੋਈ ਜਵਾਬ ਨਾ ਦਿੱਤਾ ਤਾਂ ਕਿਸ਼ਨਾ ਫਿਰ ਗਰਜਿਆ, "ਬੋਲਦਾ ਕਿਉਂ ਨਹੀਂ ?"

ਕਿਸ਼ਨੇ ਨੇ ਕੱਲੂ ਨੂੰ ਘੂਰਿਆ, "ਜਵਾਬ ਕਿਉਂ ਨਹੀਂ ਦਿੰਦਾ ? ... ਪਿੱਛੇ ਕੋਈ ਭਲਾਮਾਣਸ ਚਾਹੇ ਸਾਰਾ ਘਰ ਲੁੱਟ ਲੈਂਦਾ।"

ਘਰ ਦੇ ਸਮਾਨ ਦਾ ਖਿਆਲ ਆਉਂਦਿਆਂ ਹੀ ਕਿਸ਼ਨਾ ਸ਼ਰਮਿੰਦਾ ਜਿਹਾ ਹੋ ਗਿਆ, "ਚਾਹੇ ਚਾਰ ਕੱਚੇ-ਪੱਕੇ ਭਾਂਡੇ ਹੀ ਹਨ। ਪਰ ਅੱਜਕਲ ਨਵੀਂ ਚੀਜ਼ ਖਰੀਦਣਾ ਜਾਂ ਬਣਾਉਣਾ ਬਹੁਤ ਮੁਸ਼ਕਲ ਹੈ। ਭਾਅ ਇੰਨੇ ਵੱਧ ਗਏ ਹਨ ਕਿ ਚੀਜ਼ ਨੂੰ ਹੱਥ ਲਾਉਣ ਦਾ ਹੌਸਲਾ ਨਹੀਂ ਪੈਂਦਾ।"

ਕਿਸ਼ਨਾ ਇੱਕ ਪੱਲ ਕੱਲੂ ਵੱਲ ਦੇਖਦਾ ਰਿਹਾ। ਫਿਰ ਜ਼ੋਰ ਨਾਲ਼ ਪੁੱਛਿਆ, "ਦੱਸਦਾ ਕਿਉਂ ਨਹੀਂ, ਕਿੱਥੇ ਗਿਆ ਸੀ ?"

ਕੱਲੂ ਅਜੇ ਤੱਕ ਹੌਂਕ ਰਿਹਾ ਸੀ। ਉਹਦਾ ਸਾਹ ਫੁੱਲਿਆ ਹੋਇਆ ਸੀ। ਉਸ ਨੇ ਖੰਘ ਕੇ ਸਾਹ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਿਆਂ ਖੇਤਾਂ ਵੱਲ ਇਸ਼ਾਰਾ ਕੀਤਾ। "ਪਿਸ਼ਾਬ ਕਰਨ ਗਿਆ ਸੀ।"

"ਇੱਥੇ ਪਿਸ਼ਾਬ ਕਰਦੇ ਨੂੰ ਡਰ ਲਗਦਾ ਹੈ। ਗੰਦ ਜ਼ਿਆਦਾ ਪੈਂਦਾ ਹੈ ?" ਕਿਸ਼ਨੇ ਨੇ ਕੱਲੂ ਦੇ ਝੂਠ ਨੂੰ ਜਾਣਦਿਆਂ ਹੋਇਆਂ ਉਸ ਨੂੰ ਝਾੜ ਦਿੱਤਾ।

"ਨਹੀਂ ਭਾ ਜੀ, ਢਿੱਡ ਵਿੱਚ ਕੁੱਝ ਗੜਬੜ ਵੀ ਹੋ ਰਹੀ ਸੀ।" ਕੱਲੂ ਨੇ ਹੱਥ ਮਲ਼ਦਿਆ ਆਪਣੀ ਗੱਲ ਨੂੰ ਠੀਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ।

"ਕਿਉਂ ਮਕਾਰੀ ਕਰ ਰਿਹਾ ਹੈ। ਸਾਫ-ਸਾਫ ਦੱਸ ਖੇਤਾਂ ਵਿੱਚ ਕੀ ਕਰਨ ਗਿਆ ਸੀ ?"

"ਸੌਂਹ ਰੱਬ ਦੀ, ਭਾ ਜੀ।"

"ਪਿਸ਼ਾਬ ਕਰਨ ਖੇਤ ਵਿੱਚ ਗਿਆ ਸੀ ਜਾਂ ਅੱਗੇ ਸਿੰਘਾਪੁਰ ਨੂੰ ਚਲੇ ਗਿਆ ਸੀ ?"

ਦੋਵਾਂ ਭਰਾਵਾਂ ਦੀ ਗੱਲ-ਬਾਤ ਤੋਂ ਕਾਲ਼ੀ ਲੁਤਫ ਲੈ ਰਿਹਾ ਸੀ ਅਤੇ ਕਦੇ-ਕਦੇ ਮੁਸਕਰਾ ਵੀ ਦਿੰਦਾ ਸੀ।

"ਦੱਸਦਾ ਕਿਉਂ ਨਹੀਂ ?" ਕਿਸ਼ਨੇ ਨੇ ਆਪਣਾ ਰੋਅਬ ਪਾਉਣ ਲਈ ਕੜਕਦੀ ਅਵਾਜ਼ ਵਿੱਚ ਪੁੱਛਿਆ।

ਕੱਲੂ ਸਹਿਮ ਗਿਆ। ਫਿਰ ਉਹ ਹੱਥ ਮੱਲ਼ਣ ਲੱਗਿਆ, "ਖੇਤ ਵਿੱਚ ਮੈਂ ਇੱਕ ਸੈਹਾ ਦੇਖਿਆ। ਮੈਂ ਨਿਸ਼ਾਨਾ ਬੰਨ ਕੇ ਮਿੱਟੀ ਦੀ ਠੀਮ ਉਸ ਦੇ ਮਾਰੀ। ਨਿਸ਼ਾਨਾ ਠੀਕ ਲੱਗਾ ਸੀ। ਸੈਹਾ ਜਖ਼ਮੀ ਹੋ ਕੇ ਦੌੜਿਆ। ਮੈਂ ਉਹਦਾ ਪਿੱਛਾ ਕੀਤਾ ... ਸਾਲ਼ਾ, ਪਤਾ ਨਹੀਂ ਕਿੱਧਰ ਛਪਨ ਹੋ ਗਿਆ। ਹੱਥ ਨਹੀਂ ਲੱਗਾ।"

"ਆਇਆ ਬੜਾ ਸ਼ਿਕਾਰੀ। ਬਾਪ ਨਾ ਮਾਰੀ ਸੋਟੀ, ਬੇਟਾ ਤੀਰ ਅੰਦਾਜ਼।" ਕਿਸ਼ਨੇ ਨੇ ਸਿਰ ਝਟਕਿਆ, "ਜੇ ਤੂੰ ਇਸ ਤਰ੍ਹਾਂ ਘਰ ਦੀ ਰਖਵਾਲ਼ੀ ਕਰਨੀ ਹੈ ਤਾਂ ਕੱਲ ਤੋਂ ਮੈਂ ਘਰ ਨੂੰ ਜਿੰਦਾ ਲਾ ਕੇ ਜਾਇਆ ਕਰੂੰਗਾ। ਉਨੇ ਦਾ ਸੈਹਾ ਨਹੀਂ ਸੀ ਹੋਣਾ ਜਿਨੇ ਦੀ ਚੋਰੀ ਹੋ ਜਾਣੀ ਸੀ। ਸੈਹਾ ਫੜ੍ਹ ਵੀ ਲੈਂਦਾ ਤਾਂ ਰਿੰਨਣਾ ਕਾਹਦੇ ਵਿੱਚ ਸੀ ... ਜੇ ਮਗਰੋਂ ਤੇਰੇ ਜਿਹੜੇ ਚਾਰ ਭਾਂਡੇ ਸੀ ਉਹ ਵੀ ਕੋਈ ਚੁੱਕ ਕੇ ਲੈ ਜਾਂਦਾ ?"

ਕੱਲੂ ਸਿਰ ਸਿੱਟੀ ਚੁੱਪ ਕੀਤਾ ਕਿਸ਼ਨੇ ਦੀਆਂ ਝਿੜਕਾਂ ਸੁਣਦਾ ਰਿਹਾ।

"ਹੁਣ ਇੱਥੇ ਹੀ ਰਹੀਂ। ਅਸੀਂ ਨੰਜੂ ਚਾਚੇ ਨੂੰ ਮਿਲ਼ਣ ਚੱਲੇ ਹਾਂ। ਜਦੋਂ ਮੈਂ ਮੁੜ ਕੇ ਆਇਆ, ਤਾਂ ਤੂੰ ਘਰ ਨਾ ਹੋਇਆ ਤਾਂ ਮੈਂ ਤੇਰੇ ਆਏ 'ਤੇ ਤੇਰੀਆਂ ਲੱਤਾਂ ਤੋੜ ਦੇਣੀਆਂ ਹਨ।" ਕਿਸ਼ਨੇ ਨੇ ਕੱਲੂ ਨੂੰ ਧਮਕੀ ਦਿੱਤੀ। ਫਿਰ ਉਹ ਕਾਲ਼ੀ ਵੱਲ ਨੂੰ ਮੁੜ ਗਿਆ, "ਚੱਲ ਕਾਲ਼ੀ, ਤੈਨੂੰ ਨੰਜੂ ਚਾਚੇ ਨਾਲ਼ ਮਿਲਾ ਲਿਆਵਾਂ।"

"ਕੀ ਉਹ ਇਸ ਸਮੇਂ ਘਰ ਹੀ ਹੋਵੇਗਾ ?"

"ਹੋਰ ਉਸ ਨੇ ਕਿੱਥੇ ਜਾਣਾ ਹੈ। ਕਾਰਖਾਨੇ ਨੇ ਉਸ ਵਿੱਚ ਕੁੱਝ ਨਹੀਂ ਛੱਡਿਆ।

ਸਾਰਾ ਸਾਹ-ਸਤ ਪੂਰੀ ਤਰ੍ਹਾਂ ਨਿਚੋੜ ਲਿਆ ਸੀ। ਉਸ ਦੀ ਹਾਲਤ ਤਾਂ ਅਪਾਹਜਾਂ ਨਾਲ਼ੋਂ ਵੀ ਬੁਰੀ ਹੈ," ਕਿਸ਼ਨੇ ਨੇ ਬੁੱਲ ਇਸ ਤਰ੍ਹਾਂ ਘੁੱਟੇ ਜਿਵੇਂ ਨੰਜੂ ਦੀ ਹਾਲਤ ਬਾਰੇ ਕਲਪਨਾ ਕਰਕੇ ਉਸ ਨੂੰ ਝੁਣਝੁਣੀ ਮਹਿਸੂਸ ਹੋਣ ਲੱਗੀ ਸੀ।

ਕਾਲ਼ੀ ਇੱਕ ਵਾਰ ਫਿਰ ਤੰਗ, ਗੰਦੀਆਂ ਅਤੇ ਕੌੜੇ ਧੂੰਏਂ ਨਾਲ਼ ਭਰੀਆਂ ਹੋਈ ਗਲ਼ੀਆਂ ਵਿੱਚ ਕਿਸ਼ਨੇ ਦੇ ਪਿੱਛੇ-ਪਿੱਛੇ ਤੁਰਨ ਲੱਗਾ। ਕੁਸ਼ ਘਰਾਂ ਵਿੱਚ ਦੀਵੇ ਜਾਂ ਲਾਲਟੈਣਾਂ ਜਗ ਪਈਆਂ ਸਨ ਅਤੇ ਖੁੱਲੇ ਬੂਹਿਆਂ ਤੋਂ ਬਾਹਰ ਗਲ਼ੀਆਂ ਵਿੱਚ ਰੌਸ਼ਨੀ ਦੇ ਬਹੁਤ ਹੀ ਮੈਲ਼ੇ ਜਿਹੇ ਧੱਬੇ ਫੈਲ ਗਏ ਸਨ। ਰੌਸ਼ਨੀ ਵਿੱਚ ਧੂੰਆਂ ਇਸ ਤਰ੍ਹਾਂ ਦਿਖਾਈ ਦੇ ਰਿਹਾ ਸੀ ਜਿਵੇਂ ਗਲ਼ੀਆਂ ਵਿੱਚ ਉਸ ਨੂੰ ਬੰਨ੍ਹ ਦਿੱਤਾ ਗਿਆ ਹੋਵੇ।

ਕਈ ਗਲ਼ੀਆਂ ਵਿੱਚੋਂ ਲੰਘਦਾ ਹੋਇਆ ਕਿਸ਼ਨਾ ਮੁਹੱਲੇ ਦੇ ਦੂਸਰੇ ਸਿਰੇ 'ਤੇ ਪਹੁੰਚ ਗਿਆ। ਉੱਥੇ ਗੰਦੇ ਪਾਣੀ ਦੀਆਂ ਕਈ ਛੋਟੀਆਂ-ਵੱਡੀਆਂ ਛੱਪੜੀਆਂ ਸਨ। ਇਨ੍ਹਾਂ ਵਿੱਚ ਮੁਹੱਲੇ ਦੇ ਪੂਰਬੀ ਹਿੱਸੇ ਦਾ ਗੰਦਾ ਪਾਣੀ ਜਮਾਂ ਹੋ ਜਾਂਦਾ ਸੀ।

ਇਨ੍ਹਾਂ ਛੱਪੜੀਆਂ ਦੇ ਪਾਰ ਬਹੁਤ ਸਾਰੇ ਕੋਠੇ ਸਨ। ਕੱਚੀਆਂ ਕੰਧਾਂ 'ਤੇ ਛੱਤ ਦੀ ਜਗ੍ਹਾ ਬਾਂਸਾਂ ਦੇ ਉੱਪਰ ਸਿਰਕੀਆਂ ਵਿਛਾ ਕੇ ਉੱਤੇ ਮਿੱਟੀ ਪਾਈ ਹੋਈ ਸੀ। ਹਰ ਕੋਠੇ ਦੇ ਮੋਹਰੇ ਕੱਚੀਆਂ ਕੰਧਾਂ ਵਾਲ਼ਾ ਇੱਕ ਵਿਹੜਾ ਸੀ। ਕਿਸ਼ਨਾ ਇੱਕ ਕੋਠੇ ਦੇ ਬਾਹਰ ਜਾ ਕੇ ਖੜ੍ਹਾ ਹੋ ਗਿਆ। ਵਿਹੜੇ ਦੀ ਕੱਚੀ ਚਾਰ ਦੀਵਾਰੀ ਅੰਦਰ ਜਾਣ ਲਈ ਥੋੜ੍ਹਾ ਜਿਹਾ ਥਾਂ ਖਾਲੀ ਛੱਡਿਆ ਹੋਇਆ ਸੀ ਅਤੇ ਉਸ ਨੂੰ ਕੋਈ ਕੁੰਡਾ ਨਹੀਂ ਲਾਇਆ ਹੋਇਆ ਸੀ। ਕੋਠੇ ਦੇ ਅੰਦਰ ਹਨੇਰਾ ਸੀ ਅਤੇ ਕਿਸੇ ਕਿਸਮ ਦੀ ਕੋਈ ਅਵਾਜ਼ ਵੀ ਨਹੀਂ ਆ ਰਹੀ ਸੀ। ਕਿਸ਼ਨਾ ਸ਼ਸ਼ੋਪੰਜ ਵਿੱਚ ਪੈ ਗਿਆ। ਉਸ ਨੇ ਆਸ-ਪਾਸ ਦੇ ਕੋਠਿਆਂ ਵੱਲ ਨਜ਼ਰ ਮਾਰੀ ਅਤੇ ਆਪਣੇ-ਆਪ ਨਾਲ਼ ਹੀ ਬੁੜਬੜਾਇਆ, 'ਕੋਠਾ ਤਾ ਇਹ ਹੀ ਹੋਣਾ ਚਾਹੀਦਾ। ਮੈਂ ਪਹਿਲਾਂ ਵੀ ਕਈ ਵਾਰ ਇੱਥੇ ਆ ਚੁੱਕਾ ਹਾਂ, ਪਰ ਇੱਥੇ ਤਾਂ ਕੋਈ ਬੋਲਦਾ ਕੁਸਕਦਾ ਹੀ ਨਹੀਂ ਹੈ। ... ਕਿੱਥੇ ...।'

"ਕਿਸੇ ਤੋਂ ਪੁੱਛ ਲੈ।" ਕਾਲ਼ੀ ਨੇ ਸਲਾਹ ਦਿੱਤੀ।

"ਪੁੱਛਣਾ ਕੀ ਹੈ। ਕੋਠਾ ਤਾਂ ਇਹੀ ਹੈ। ਚਾਚਾ ਨੰਜੂ ਪਹਿਲਾਂ ਉਸ ਹੀ ਮਕਾਨ ਵਿੱਚ ਰਹਿੰਦਾ ਹੁੰਦਾ ਸੀ ਜਿਥੇ ਹੁਣ ਮੈਂ ਰਹਿੰਦਾ ਹਾਂ। ਮੈਂ ਹੀ ਉਸ ਦਾ ਛੋਟਾ-ਮੋਟਾ ਸਮਾਨ ਇੱਥੇ ਪੁਚਾਇਆ ਸੀ।" ਕਿਸ਼ਨਾ ਥੋੜ੍ਹਾ ਹੋਰ ਅੱਗੇ ਹੋ ਗਿਆ ਅਤੇ ਕੋਠੇ ਦੇ ਬੂਹੇ ਦੀ ਚੌਖਟ 'ਤੇ ਲਟਕ ਰਹੀ ਪਾਟੀ ਬੋਰੀ ਦੇ ਸਾਹਮਣੇ ਜਾ ਖੜ੍ਹਾ ਹੋਇਆ। "ਚਾਚਾ ... ਨੰਜੂ ਚਾਚਾ।"

ਅਗਲੇ ਹੀ ਪੱਲ ਪੰਜ-ਛੇ ਸਾਲ ਦੀ ਇੱਕ ਕੁੜੀ ਨੇ ਬੋਰੀ ਚੁੱਕ ਕੇ ਗਰਦਨ ਬਾਹਰ ਕੱਢੀ ਅਤੇ ਕਿਸ਼ਨੇ ਨੂੰ ਪਛਾਣ ਕੇ ਹੱਸ ਪਈ।

"ਸੁਣਾ ਨਿੱਕੀ ... ਕੀ ਹਾਲ ਹੈ ਤੇਰਾ ?" ਕਿਸ਼ਨੇ ਨੇ ਪਿਆਰ ਨਾਲ਼ ਪੁੱਛਿਆ। ਫਿਰ ਥੋੜ੍ਹਾ ਫਿਕਰਮੰਦ ਹੋ ਕੇ ਪੁੱਛਿਆ, "ਘਰ ਵਿੱਚ ਹਨੇਰਾ ਕਿਉਂ ਕੀਤਾ ਹੋਇਆ ?"

ਨਿੱਕੀ ਨੇ ਕੋਈ ਜਵਾਬ ਨਾ ਦਿੱਤਾ ਅਤੇ ਵਾਲ਼ਾਂ ਦੀਆਂ ਲਟਾਂ ਨੂੰ ਠੀਕ ਕਰਦੀ ਹੋਈ ਇੱਕ ਵਾਰ ਫਿਰ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਛਿੰਦੋ ਤੇ ਮਿੰਦਰੋ ਕਿੱਥੇ ਹਨ ?"

"ਕਿਸੇ ਦੇ ਘਰੀਂ ਕੰਮ ਕਰਨ ਗਈਆਂ ਹਨ।"

"ਅਜੇ ਤੱਕ ਮੁੜੀਆਂ ਨਹੀਂ ?" ਕਿਸ਼ਨਾ ਹੈਰਾਨ ਹੋ ਗਿਆ।

"ਨਹੀਂ।" ਨਿੱਕੀ ਨੇ ਨਾਂਹ ਵਿੱਚ ਹੌਲ਼ੀ ਜਿਹੇ ਸਿਰ ਹਿਲਾ ਦਿੱਤਾ।

"ਤੂੰ ਠੀਕ ਆਂ ... ਤੂੰ ਤਾਂ ਹਮੇਸ਼ਾਂ ਖਿੜੇ ਮੱਥੇ ਮਿਲ਼ਦੀ ਹੁੰਦੀ ਆਂ, ਕਿਲਕਾਰੀਆਂ ਮਾਰਦੀ ਹੋਈ।" ਕਿਸ਼ਨੇ ਦੀ ਅਵਾਜ਼ ਵਿੱਚ ਪਿਆਰ ਅਜੇ ਵੀ ਜਿਵੇਂ ਦਾ ਤਿਵੇਂ ਤਰ੍ਹਾਂ ਕਾਇਮ ਸੀ।

"ਤਾਪ ਚੜ੍ਹਿਆ ਹੋਇਆ।" ਨਿੱਕੀ ਨੇ ਆਪਣੀ ਫਰਾਕ ਦੇ ਪਾਟੇ ਹੋਏ ਹਿੱਸੇ ਨੂੰ ਕੱਠਾ ਕਰ ਲਿਆ।

"ਕਦੋਂ ਦਾ ?" ਕਿਸ਼ਨੇ ਨੇ ਉਸ ਦਾ ਮੱਥੇ ਨੂੰ ਛੂਣ ਲਈ ਹੱਥ ਵਧਾਇਆ।

"ਪਰਸੋਂ ਦਾ।"

"ਕੋਈ ਦਵਾ-ਦਾਰੂ ਲਿਆ ?"

ਤਾਪ ਅਤੇ ਕਮਜ਼ੋਰੀ ਦੇ ਕਾਰਨ ਨਿੱਕੀ ਲਈ ਜ਼ਿਆਦਾ ਸਮੇਂ ਤੱਕ ਖੜ੍ਹਨਾ ਮੁਸ਼ਕਲ ਹੋ ਰਿਹਾ ਸੀ। ਉਸ ਨੇ ਕੋਈ ਜਵਾਬ ਨਾ ਦਿੱਤਾ ਅਤੇ ਝੱਰ ਦੀ ਅਵਾਜ਼ ਕਰਦਾ ਹੋਇਆ ਬੋਰੀ ਦਾ ਲੜ੍ਹ ਉਸ ਦੇ ਹੱਥੋਂ ਛੁੱਟ ਗਿਆ।

"ਨਿੱਕੀ, ਚਾਚਾ ਕਿੱਥੇ ਹੈ ?"

"ਕੋਠੇ 'ਤੇ ਪਿਆ ਹੈ।" ਨਿੱਕੀ ਨੇ ਮੰਜੀ 'ਤੇ ਡਿੱਗਦਿਆਂ ਕਿਹਾ।

ਕਿਸ਼ਨਾ ਕੁੱਝ ਪੱਲ ਖਮੋਸ਼ ਖੜ੍ਹਾ ਰਿਹਾ। ਫਿਰ ਕਾਲ਼ੀ ਵੱਲ ਮੁੜ ਗਿਆ, "ਚਾਚੇ ਨੰਜੂ ਦੇ ਨਾਲ਼-ਨਾਲ਼ ਉਸ ਦਾ ਸਾਰਾ ਟੱਬਰ ਵੀ ਬਰਬਾਦ ਹੋ ਗਿਆ ਹੈ।"

"ਕਿਵੇਂ," ਕਾਲ਼ੀ, ਕਿਸ਼ਨੇ ਦੇ ਹੋਰ ਵੀ ਨੇੜੇ ਹੋ ਗਿਆ।

"ਦੱਸੂੰਗਾ।" ਕਿਸ਼ਨੇ ਨੇ ਕਿਹਾ। "ਜਿਸ ਘਰ ਵਿੱਚ ਰਾਤ ਦੇ ਸਮੇਂ ਵੀ ਦੀਵਾ ਨਹੀਂ ਬਲ਼ਦਾ, ਉਸ ਘਰ ਦੀ ਹਾਲਤ ਦਾ ਅੰਦਾਜ਼ਾ ਤੂੰ ਆਪਣੇ-ਆਪ ਲਾ ਸਕਦਾ ਹੈਂ।"

ਕਾਲ਼ੀ ਹੋਰ ਵੀ ਗਹਿਰੀ ਸੋਚ ਵਿੱਚ ਡੁੱਬ ਗਿਆ। ਕਿਸ਼ਨਾ ਕੋਠੇ ਦੇ ਖੱਬੇ ਪਾਸੇ ਲੱਗੀ ਬਾਂਸ ਦੀ ਪੌੜੀ ਵੱਲ ਨੂੰ ਤੁਰ ਪਿਆ ਅਤੇ ਹਿਲਾ-ਜੁਲਾ ਕੇ ਉਸ ਦੀ ਮਜ਼ਬੂਤੀ ਦਾ ਜਾਇਜ਼ਾ ਲੈਣ ਲੱਗਾ, "ਪੌੜੀ ਮਾੜੀ ਲਗਦੀ ਹੈ। ਵਾਰੀ-ਵਾਰੀ ਚੜ੍ਹਦੇ ਹਾਂ। ਜੇ ਅੱਗੇ-ਪਿੱਛੇ ਚੜ੍ਹੇ ਤਾਂ ਪੌੜੀ ਟੁੱਟ ਸਕਦੀ ਹੈ। ਆਪਣੀ ਹੱਡੀ-ਪਸਲੀ ਤਾਂ ਟੁੱਟਣੀ ਹੀ ਹੈ ਪਰ ਇਨ੍ਹਾਂ ਦੀ ਪੌੜੀ ਵੀ ਜਾਂਦੀ ਲੱਗੇਗੀ।" ਕਿਸ਼ਨੇ ਨੇ ਆਪਣੀ ਸੱਕ ਜ਼ਾਹਿਰ ਕੀਤੀ। "ਖੈਰ। ਹੱਡੀ-ਪਸਲੀ ਤਾਂ ਰੱਬ ਦੀ ਦਿੱਤੀ ਹੋਈ ਚੀਜ਼ ਹੈ। ਸਮਾਂ ਪੈ ਕੇ ਆਪਣੇ ਆਪ ਠੀਕ ਹੋ ਜਾਵੇਗੀ ਪਰ ਚਾਚੇ ਨੰਜੂ ਦੀ ਪੌੜੀ ਦੁਬਾਰਾ ਨਹੀਂ ਬਣੇਗੀ।"

ਕਿਸ਼ਨਾ ਹੌਲ਼ੀ-ਹੌਲ਼ੀ ਪੌੜੀ ਉੱਪਰ ਚੜ੍ਹਨ ਲੱਗਾ। ਉਹਦੇ ਭਾਰ ਨਾਲ਼ ਪੌੜੀ ਡੁੱਲਕ ਕੇ ਕੁੱਬੀ ਹੋ ਗਈ ਸੀ। ਜਦ ਉਸ ਨੇ ਆਪਣਾ ਖੱਬਾ ਪੈਰ ਬਨੇਰੇ 'ਤੇ ਰੱਖ ਕੇ ਸੱਜਾ ਪੈਰ ਪੌੜੀ ਦੇ ਆਖਰੀ ਡੰਡੇ ਤੋਂ ਚੁੱਕ ਲਿਆ ਤਾਂ ਕਾਲ਼ੀ ਨੇ ਆਪਣਾ ਸੱਜਾ ਪੈਰ ਪੌੜੀ ਦੇ ਸਭ ਤੋਂ ਥੱਲੇ ਵਾਲ਼ੇ

ਡੰਡੇ 'ਤੇ ਰੱਖ ਦਿੱਤਾ ਅਤੇ ਮੂੰਹ ਉੱਪਰ ਚੁੱਕ ਕੇ ਕਿਸ਼ਨੇ ਵੱਲ ਦੇਖਦਾ ਹੋਇਆ ਉਸ ਦੇ ਇਸ਼ਾਰੇ ਦੀ ਉਡੀਕ ਕਰਨ ਲੱਗਾ।

ਕਿਸ਼ਨਾ, ਢਿੱਲੀ ਮੰਜੀ ਉੱਪਰ ਗੱਠੜੀ ਬਣ ਕੇ ਪਏ ਆਦਮੀ ਵੱਲ ਦੇਖਣ ਲੱਗਾ ਜਿਹੜਾ ਆਪਣੇ ਹੱਥਾਂ ਨੂੰ ਹੌਲ਼ੀ-ਹੌਲ਼ੀ ਸਹਿਲਾ ਰਿਹਾ ਸੀ। ਉਸ ਨੇ ਨੰਜੂ ਦੀ ਹਲਕੀ ਜਿਹੀ ਸੀ-ਸੀ ਦੀ ਅਵਾਜ਼ ਤੋਂ ਪਛਾਣ ਲਿਆ ਅਤੇ ਪਿੱਛੇ ਮੁੜ ਕੇ ਆਪਣੀ ਵੱਲ ਝਾਕਦੇ ਕਾਲ਼ੀ ਨੂੰ ਉੱਪਰ ਆਉਣ ਦਾ ਇਸ਼ਾਰਾ ਕੀਤਾ।

ਕਾਲ਼ੀ ਵੀ ਛੱਤ 'ਤੇ ਪਹੁੰਚ ਗਿਆ ਤਾਂ ਕਿਸ਼ਨਾ ਮੰਜੀ ਕੋਲ਼ ਗਿਆ। ਉਹਦੀ ਵੱਲ ਪਿੱਠ ਕਰੀ ਨੰਜੂ ਜ਼ੋਰ-ਜ਼ੋਰ ਨਾਲ਼ ਖੱਬੀ ਲੱਤ ਨੂੰ ਖਰੂਣ ਲੱਗਾ ਹੋਇਆ ਸੀ।

"ਚਾਚਾ" ... ਨੰਜੂ ਚਾਚਾ ?" ਕਿਸ਼ਨਾ ਮੰਜੀ 'ਤੇ ਪਏ ਨੰਜੂ ਉੱਤੇ ਨੂੰ ਝੁੱਕ ਗਿਆ।

"ਕੌਣ ਹੈ ?" ਨੰਜੂ ਨੇ ਪਾਸਾ ਲੈਂਦਿਆਂ ਦੁੱਖ ਭਰੀ ਅਵਾਜ਼ ਵਿੱਚ ਪੁੱਛਿਆ।

"ਚਾਚਾ, ਮੈਂ ਹਾਂ ਕਿਸ਼ਨਾ ... ਤੇਰਾ ਸ਼ਗਿਰਦ।"

"ਅੱਛਾ ... ਅੱਛਾ ...।" ਨੰਜੂ ਨੇ ਉੱਠਣ ਦੀ ਕੋਸ਼ਿਸ਼ ਕੀਤੀ। "ਜਦ ਤੂੰ ਥੱਲੇ ਨਿੱਕੀ ਨਾਲ਼ ਗੱਲਾਂ ਕਰ ਰਿਹਾ ਸੀ ਤਾਂ ਮੈਂ ਸਮਝ ਗਿਆ ਸੀ ਕਿ ਕੋਈ ਜਾਣ-ਪਛਾਣ ਵਾਲ਼ਾ ਬੰਦਾ ਹੈ। ਅਵਾਜ਼ ਏਦਾਂ ਲੱਗ ਰਹੀ ਸੀ ਜਿਵੇਂ ਪਹਿਲਾਂ ਵੀ ਬਹੁਤ ਵਾਰੀ ਸੁਣੀ ਹੋਈ ਹੋਵੇ।"

"ਨਿੱਕੀ ਨੂੰ ਤਾਂ ਬੁਖਾਰ ਹੈ। ਕੋਈ ਦਵਾ-ਦਾਰੂ ਲਿਆਂਦਾ ਜਾਂ ਨਹੀਂ ?"

"ਦਵਾ-ਦਾਰੂ ਕੌਣ ਕਰੂਗਾ। ਮੇਰੇ ਕੋਲ਼ੋਂ ਤਾਂ ਉੱਠ ਵੀ ਨਹੀਂ ਹੁੰਦਾ। ਦਿਨ ਨੂੰ ਅੰਦਰ ਪਿਆ ਰਹਿੰਦਾ ਹਾਂ ਤੇ ਰਾਤ ਨੂੰ ਕੋਠੇ 'ਤੇ ਆ ਡਿੱਗਦਾ ਹਾਂ।" ਨੰਜੂ ਨੇ ਆਪਣੀ ਬੇਬਸੀ ਦੱਸੀ।

"ਨਿੱਕੀ ਦਾ ਬੁਖਾਰ ਤੇਜ਼ ਹੈ।"

"ਨਿਆਣੇ ਬਿਮਾਰ-ਠਮਾਰ ਹੁੰਦੇ ਹੀ ਰਹਿੰਦੇ ਹਨ। ਸਿਆਣੇ ਕਹਿੰਦੇ ਹਨ ਕਿ ਨਿਆਣੇ ਦੇ ਸਿਰ 'ਤੇ ਸਿਰਫ ਇੱਕ ਘਾਹ-ਫੂਸ ਨਹੀਂ ਉੱਗਦਾ। ਹੋਰ ਸਭ ਕੁਸ਼ ਹੋ ਸਕਦਾ ਹੈ। ਨਿੱਕੀ ਸਾਰਾ ਦਿਨ ਧੁੱਪ ਵਿੱਚ ਘੁੰਮਦੀ ਰਹਿੰਦੀ ਹੈ। ਗਰਮੀ ਲੱਗਣ ਨਾਲ਼ ਬੁਖਾਰ ਹੋ ਗਿਆ ਹੋਣਾ ਹੈ। ਆਪਣੇ-ਆਪ ਠੀਕ ਹੋ ਜਾਵੇਗੀ। ... ਜੋ ਬਿਮਾਰੀ ਬਿਨ ਬੁਲਾਏ ਆਉਂਦੀ ਹੈ, ਉਹ ਬਿਨਾਂ ਦੱਸੇ ਚਲੇ ਵੀ ਜਾਂਦੀ ਹੈ।" ਨੰਜੂ ਨੇ ਕਿਸ਼ਨੇ ਵੱਲ ਦੇਖਿਆ ਜਿਵੇਂ ਉਹ ਪੂਰਾ ਸੰਤੁਸ਼ਟ ਹੋਵੇ।

ਕਿਸ਼ਨਾ ਥੋੜ੍ਹੀ ਦੇਰ ਚੁੱਪ ਰਿਹਾ। ਨਿੱਕੀ ਦੀ ਸ਼ਕਲ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮ ਗਈ। ਉਹ ਉਦਾਸ ਹੋ ਗਿਆ ਕਿ ਪਿਉ ਦੇ ਨਾਲ਼ ਨਾਲ਼ ਬੱਚੇ ਵੀ ਸਜ਼ਾ ਭੁਗਤ ਰਹੇ ਹਨ।

"ਸ਼ਿੰਦੋ ਅਤੇ ਮਿੰਦਰੋ ਨਹੀਂ ਦਿਸਦੀਆਂ ?" ਨੰਜੂ ਨੂੰ ਇਹ ਪੁੱਛਦਿਆਂ ਕਿਸ਼ਨੇ ਨੂੰ ਨਿੱਕੀ ਦੀ ਕਹੀ ਗੱਲ ਯਾਦ ਆ ਗਈ।

ਨੰਜੂ ਨੇ ਤੁਰੰਤ ਕੋਈ ਜਵਾਬ ਨਾ ਦਿੱਤਾ। ਉਹ ਇਕਦਮ ਇਸ ਤਰ੍ਹਾਂ ਗੁੰਮ ਸੁੰਮ ਹੋ ਗਿਆ ਜਿਵੇਂ ਕਿਸ਼ਨੇ ਨੇ ਬਹੁਤ ਨਾਜ਼ਕ ਮਸਲਾ ਛੇੜ ਦਿੱਤਾ ਹੋਵੇ। "ਕੀ ਕਰਨ ਵਿਚਾਰੀਆਂ ... ਘਰ ਵੀ ਤਾਂ ਚਲ਼ਾਉਣਾ ਹੈ। ਸ਼ਹਿਰ ਜਾ ਕੇ ਘਰਾਂ ਵਿੱਚ ਝਾੜੂ-ਪੋਚਾ ਅਤੇ ਭਾਂਡੇ-ਕੱਪੜੇ ਸਾਫ ਕਰਦੀਆਂ ਹਨ। ਉਨ੍ਹਾਂ ਦੇ ਸਿਰ 'ਤੇ ਹੀ ਘਰ ਚੱਲ ਰਿਹਾ ਹੈ। ਸਾਰਿਆਂ ਨੂੰ ਦਾਲ਼-ਰੋਟੀ

ਮਿਲ਼ ਜਾਂਦੀ ਹੈ। ... ਨਿੱਕੀ ਵੀ ਨਾਲ਼ ਜਾਂਦੀ ਹੈ। ਅੱਜ ਬਿਮਾਰ ਹੋਣ ਕਰਕੇ ਨਹੀਂ ਗਈ। ਉਹ ਵੀ ਮਹੀਨੇ ਵਿੱਚ ਪੰਜ-ਸੱਤ ਰੁਪਏ ਕਮਾ ਹੀ ਲਿਆਉਂਦੀ ਹੈ।"

ਨੰਜੂ ਖਾਮੋਸ਼ ਹੋ ਗਿਆ ਅਤੇ ਡੂੰਘੀ ਸੋਚ ਵਿੱਚ ਡੁੱਬਿਆ ਹੌਲ਼ੀ-ਹੌਲ਼ੀ ਹੱਥਾਂ ਨੂੰ ਖੋਲ੍ਹ ਕੇ ਉਂਗਲੀਆਂ 'ਤੇ ਹੋਏ ਚਿੱਟੇ-ਚਿੱਟੇ ਫੋੜਿਆਂ ਨੂੰ ਦੇਖਦਾ ਰਿਹਾ। ਫਿਰ ਉਸ ਨੇ ਠੰਡਾ ਸਾਹ ਲਿਆ, "ਇਸ ਕਾਰਖਾਨੇ ਨੇ ਮੇਰੀ ਜਵਾਨੀ ਅਤੇ ਤੰਦਰੁਸਤੀ ਖਾ ਲਈ। ਜਦ ਆਦਮੀ ਦੇ ਕੋਲ਼ ਨਾ ਜਵਾਨੀ ਰਹੇ ਅਤੇ ਨਾ ਹੀ ਤੰਦਰੁਸਤੀ ਤਾਂ ਉਸ ਨੂੰ ਪੁੱਛਣ ਵਾਲ਼ਾ ਵੀ ਕੋਈ ਨਹੀਂ ਰਹਿੰਦਾ। ਇਹਨਾਂ ਦੀ ਮਾਂ ਮੈਨੂੰ ਛੱਡ ਕੇ ਹੀ ਚਲੇ ਗਈ। ਦੇਖੋ, ਬੱਚੇ ਕਦੋਂ ਤੱਕ ਸਾਥ ਦਿੰਦੇ ਹਨ।"

ਨੰਜੂ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਅਤੇ ਉਹ ਉਨ੍ਹਾਂ ਨੂੰ ਪੂੰਝਦਾ ਰੱਬ ਨੂੰ ਯਾਦ ਕਰਨ ਲੱਗਾ ਕਿ ਉਸ ਨੇ ਉਹਨੂੰ ਕਿਹੜੇ ਗੁਨਾਹਾਂ ਦੀ ਇੰਨੀ ਵੱਡੀ ਸਜ਼ਾ ਦਿੱਤੀ ਹੈ। ਫਿਰ ਉਹ ਰੋਣ ਲੱਗ ਪਿਆ, "ਨਿਆਣਿਆਂ ਦੇ ਖਾਣ-ਪੀਣ ਦੇ ਦਿਨ ਸੀ। ...ਪਰ ...।"

ਨੰਜੂ ਨੇ ਜ਼ੋਰ ਨਾਲ਼ ਸਿਸਕੀ ਲਈ। "ਕਿਸਮਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ... ਬਹੁਤ ਅਰਮਾਨ ਸਨ ਦਿਲ ਵਿੱਚ ... ਚੱਲੋ, ਜੋ ਕਿਸਮਤ ਵਿੱਚ ਲਿਖਿਆ ਹੈ, ਉਹ ਹੀ ਮਿਲ਼ੇਗਾ।"

ਆਪਣੇ-ਆਪ ਨੂੰ ਖਰੂੰਣਦਾ ਹੋਇਆ ਨੰਜੂ ਨਾਲ਼-ਨਾਲ਼ ਹੌਕੇ ਵੀ ਲਈ ਜਾਂਦਾ ਸੀ। ਕਿਸ਼ਨਾ ਮੰਜੀ ਦੇ ਕੋਲ਼ ਜ਼ਮੀਨ 'ਤੇ ਪੈਰਾਂ ਭਾਰ ਬੈਠ ਗਿਆ। ਕਾਲ਼ੀ ਵੀ ਥੋੜ੍ਹਾ ਪਿੱਛੇ ਹੋ ਕੇ ਖੜ੍ਹਾ ਰਿਹਾ ਤਾਂ ਕਿ ਨੰਜੂ ਨੂੰ ਚੰਗੀ ਤਰ੍ਹਾਂ ਦੇਖ ਸਕੇ।

"ਤੇਰੇ ਨਾਲ਼ ਕੌਣ ਹੈ ?" ਨੰਜੂ ਨੇ ਆਪਣੇ-ਆਪ ਨੂੰ ਸੰਭਾਲਦੇ ਹੋਏ ਕਾਲ਼ੀ ਵੱਲ ਇਸ਼ਾਰਾ ਕੀਤਾ।

"ਮੇਰੇ ਨਾਲ਼ ਕਾਰਖਾਨੇ ਵਿੱਚ ਹੀ ਕੰਮ ਕਰਦਾ ਹੈ। ਇਹਦਾ ਨਾਂ ਕਾਲ਼ੀ ਹੈ। ਮੇਰੇ ਪਿੰਡ ਦਾ ਮਾਂਝਾ ਹੈ ਨਾ ... ਜਿਹੜਾ ਮੈਨੂੰ ਕਦੀ-ਕਦੀ ਮਿਲ਼ਣ ਆਉਂਦਾ ਹੁੰਦਾ ਸੀ।"

ਨੰਜੂ ਨੂੰ ਸ਼ਸੋਪੰਜ ਵਿੱਚ ਦੇਖ ਕੇ ਕਿਸ਼ਨੇ ਨੇ ਕੁਛ ਉੱਚੀ ਅਵਾਜ਼ ਵਿੱਚ ਯਾਦ ਕਰਾਇਆ, "ਉਹ ਹੀ ਜਿਹੜਾ ਮੰਡੀ ਵਿੱਚ ਰੇੜ੍ਹਾ ਖਿੱਚਦਾ ਹੈ।"

"ਹਾਂ ... ਹਾਂ ... ਯਾਦ ਆਇਆ।" ਨੰਜੂ ਨੇ ਸਹਿਮਤੀ ਵਿੱਚ ਸਿਰ ਹਿਲਾਇਆ।

"ਉਹਦੀ ਜਾਣ-ਪਛਾਣ ਦਾ ਹੈ। ਪਹਿਲਾਂ ਉਨ੍ਹਾਂ ਦੇ ਨਾਲ਼ ਰੇੜ੍ਹਾ ਖਿੱਚਿਆ ਕਰਦਾ ਸੀ।" ... ਉੱਥੇ ਹੁਣ ਕੰਮ ਰਿਹਾ ਨਹੀਂ ਤਾਂ ਮਾਂਝਾ ਇਸ ਨੂੰ ਕਾਰਖਾਨੇ ਵਿੱਚ ਮੇਰੇ ਕੋਲ਼ ਛੱਡ ਗਿਆ।" ਕਿਸ਼ਨੇ ਨੇ ਕਾਫੀ ਵਿਸਤਾਰ ਨਾਲ਼ ਦੱਸਿਆ ਜਿਵੇਂ ਉਸ ਨੇ ਕੋਈ ਬਹੁਤ ਬੜਾ ਪਰਉਪਕਾਰ ਕੀਤਾ ਹੋਵੇ।

"ਕਾਰਖਾਨਾ ਕੀ, ਪੂਰਾ ਨਰਕ ਹੈ।" ਨੰਜੂ ਦੀ ਅਵਾਜ਼ ਵਿੱਚ ਬਹੁਤ ਕੜਵਾਹਟ ਸੀ।

"ਚਾਚਾ, ਜਦ ਮੈਂ ਕਾਰਖਾਨੇ ਵਿੱਚ ਲੱਗਿਆ ਸੀ ਤਾਂ ਤੇਰਾ ਸਰੀਰ ਬਹੁਤ ਤਕੜਾ ਸੀ। ਸਾਰੇ ਡਰਦੇ ਸੀ ਤੇਰੇ ਤੋਂ।" ਕਿਸ਼ਨੇ ਨੇ ਨੰਜੂ ਨੂੰ ਉਸ ਦਾ ਅਤੀਤ ਯਾਦ ਕਰਾਇਆ।

"ਭਾਈ, ਸਭ ਕੁਸ਼ ਸੀ। ਤੰਦਰੁਸਤੀ ਸੀ। ਜਵਾਨੀ ਸੀ। ਕਮਾਈ ਵੀ ਸੀ। ਉਸ ਸਮੇਂ ਸਭ ਕੁੱਝ ਠੀਕ ਸੀ। ਪਰ ਹੱਥਾਂ ਦੀ ਪਾਂਅ ਅਤੇ ਖਾਜ ਨੇ ਸਭ ਕੁੱਝ ਵਿਗਾੜ ਦਿੱਤਾ। ਗੇਲੀ ਵਰਗਾ ਸਰੀਰ ਸੁੱਕ ਕੇ ਕੰਡਾ ਬਣ ਗਿਆ।" ਨੰਜੂ ਇੱਕ ਵਾਰ ਫਿਰ ਬਹੁਤ ਉਦਾਸ ਹੋ ਗਿਆ।

"ਚਾਚਾ, ਖਾਜ ਅਤੇ ਪਾਂਅ ਤੋਂ ਹੁਣ ਕੁੱਝ ਫਾਇਦਾ ਹੈ ਜਾਂ ਨਹੀਂ ?"

"ਬਾਕੀ ਸਰੀਰ ਦੀ ਖਾਜ ਤਾਂ ਕਾਫੀ ਹੱਦ ਤੱਕ ਠੀਕ ਹੋ ਗਈ ਹੈ ਪਰ ਹੱਥਾਂ ਦੀ ਪਾਂਅ ਨਹੀਂ ਗਈ। ਸਿਆਲਾਂ ਵਿੱਚ ਤਾਂ ਫਿਰ ਵੀ ਕੁੱਝ ਚੈਨ ਰਹਿੰਦਾ ਹੈ ਲੇਕਿਨ ਗਰਮੀਆਂ ਅਤੇ ਬਰਸਾਤਾਂ ਬਹੁਤ ਔਖੀਆਂ ਨਿਕਲਦੀਆਂ ਹਨ।"

"ਕਿਸੇ ਡਾਕਟਰ ਨੂੰ ਪੁੱਛਣਾ ਸੀ ?" ਕਿਸ਼ਨੇ ਨੇ ਸਲਾਹ ਦਿੱਤੀ।

"ਡਾਕਟਰ ਦੇ ਕੋਲ਼ ਤਾਂ ਉਸ ਸਮੇਂ ਜਾਊਂ ਜਦ ਮੇਰੇ ਪੱਲੇ ਉਸ ਦੀ ਫੀਸ ਅਤੇ ਦਵਾਈ ਲਈ ਪੈਸੇ ਹੋਣਗੇ। ਆਪਣੇ ਹੀ ਮੁਹੱਲੇ ਵਿੱਚ ਦੇਬੂ ਨਾਈ ਹੈ। ਹੈ ਤਾਂ ਆਪਣੀ ਹੀ ਬਰਾਦਰੀ ਦਾ, ਲੇਕਿਨ ਕੰਮ ਨਾਈ ਦਾ ਕਰਦਾ ਹੈ। ਨਾਲ਼ ਹੀ ਮਲ੍ਹਮ-ਪੱਟੀ ਵਗੈਰਾ ਵੀ ਕਰ ਦਿੰਦਾ ਹੈ। ਉਹਨੇ ਇੱਕ ਮਲ੍ਹਮ ਬਣਾ ਕੇ ਦਿੱਤੀ ਹੈ। ਕਹਿੰਦਾ ਤਾਂ ਸੀ ਕਿ ਪੱਕਾ ਫਾਇਦਾ ਕਰੇਗੀ।" ਫਿਰ ਉਹ ਡਰ ਗਿਆ, "ਮੈਨੂੰ ਤਾਂ ਕਿਸੇ ਨੇ ਵਹਿਮ ਪਾ ਦਿੱਤਾ ਕਿ ਹੱਥਾਂ ਦੀ ਖਾਜ ਠੀਕ ਨਾ ਹੋਵੇ ਤਾਂ ਕੋਹੜ ਹੋ ਜਾਂਦਾ।"

"ਚਾਚਾ, ਚਿੰਤਾ ਨਾ ਕਰ। ਲੋਕ ਤਾਂ ਆਪਣਾ ਦਿਲ ਖੁਸ਼ ਕਰਨ ਲਈ ਦੁਖੀ ਆਦਮੀ ਨੂੰ ਹੋਰ ਵੀ ਦੁਖੀ ਕਰਦੇ ਹਨ। ਕੀ ਤੂੰ ਫੋਰਮੈਨ ਨੂੰ ਮਿਲਿਆ ਸੀ ?" ਕਿਸ਼ਨੇ ਨੇ ਤਸੱਲੀ ਦੇ ਕੇ ਅੱਗੇ ਪੁੱਛਿਆ।

"ਕਈ ਵਾਰ ਮਿਲ਼ ਚੁੱਕਿਆ ਹਾਂ। ਉਹਦੇ ਘਰ ਹੀ ਜਾਂਦਾ ਹਾਂ। ਕਾਰਖਾਨਾ ਤਾਂ ਬਹੁਤ ਦੂਰ ਹੈ। ਦੋ-ਚਾਰ ਰੁਪਏ ਦੇ ਕੇ ਟਾਲ਼ ਦਿੰਦਾ ਹੈ। ... ਉਹਨੂੰ ਸੇਠ ਦਾ ਜ਼ਿਆਦਾ ਫਿਕਰ ਰਹਿੰਦਾ ਹੈ।" ਨੰਜੂ ਨੇ ਨਿਰਾਸ਼ ਹੋ ਕੇ ਕਿਹਾ, "ਮੈਂ ਕਿਹਾ ਸੀ ਕਿ ਹੋਰ ਨਾ ਸਹੀ, ਕਾਰਖਾਨੇ ਵਿੱਚ ਚੌਕੀਦਾਰ ਦਾ ਹੀ ਕੰਮ ਦੇ ਦੇ।"

"ਫਿਰ ਕੀ ਬੋਲਿਆ ਉਹ ?"

"ਬੋਲਣਾ ਕੀ ਸੀ। ... ਕਹਿੰਦਾ ਉੱਥੇ ਕਿਹੜੀਆਂ ਸੋਨੇ ਦੀਆਂ ਇੱਟਾਂ ਪਈਆਂ ਹਨ ਜਿਹੜਾ ਪਹਿਰੇਦਾਰ ਬਿਠਾਵਾਂ। ਕੱਚੀਆਂ ਖੱਲਾਂ ਹਨ। ਚੋਰ ਚੋਰੀ ਕਰਕੇ ਕਿੱਥੇ ਲੈ ਜਾਉਗਾ। ਬਦਬੂ ਆਵੇਗੀ ਤਾਂ ਰਾਹ ਵਿੱਚ ਹੀ ਫੜਿਆ ਜਾਵੇਗਾ।" ਨੰਜੂ ਹੋਰ ਵੀ ਜ਼ਿਆਦਾ ਮਾਯੂਸ ਅਤੇ ਪਰੇਸ਼ਾਨ ਹੋ ਗਿਆ।

"ਤਾਂ ਅੱਜ ਕੱਲ ਕੋਈ ਕੰਮ-ਧੰਦਾ ਹੈ ਜਾਂ ... ?" ਕਿਸ਼ਨਾ ਆਪਣੀ ਗੱਲ ਪੂਰੀ ਨਾ ਸਕਿਆ ਕਿਉਂਕਿ ਉਸ ਨੂੰ ਆਪਣਾ ਸਵਾਲ਼ ਅਟ-ਪਟਾ ਜਿਹਾ ਲੱਗਾ। ਉਹਨੂੰ ਮਹਿਸੂਸ ਹੋਇਆ ਜਿਵੇਂ ਉਹ ਬਹੁਤ ਬਿਮਾਰ ਆਦਮੀ ਨੂੰ ਪੁੱਛ ਰਿਹਾ ਹੋਵੇ ਕਿ ਭੁੱਖ ਤਾਂ ਠੀਕ ਲੱਗਦੀ ਹੈ।

ਨੰਜੂ ਮੰਜੀ 'ਤੇ ਵਾਰ-ਵਾਰ ਪਾਸੇ ਮਾਰਦਾ ਰਿਹਾ। "ਠੀਕ ਤਰ੍ਹਾਂ ਉਠਿਆ-ਬੈਠਿਆ ਹੀ ਨਹੀਂ ਜਾਂਦਾ ਤਾਂ ਕੰਮ-ਧੰਦਾ ਕਿੱਦਾਂ ਕਰੂੰਗਾ। ਕਾਰਖਾਨੇ ਨੇ ਤਾਂ ਮੈਨੂੰ ਨਿੰਬੂ ਵਾਂਗ ਨਿਚੋੜ

ਕੇ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਹੈ। ...ਹੱਥ ਠੀਕ ਹੋ ਜਾਣ ਤਾਂ ਤਾਂ ਕੰਮ ਬਾਰੇ ਸੋਚ ਸਕਦਾ ਹਾਂ। ਅਜੇ ਤਾਂ ਰੋਟੀ ਵੀ ਠੀਕ ਤਰ੍ਹਾਂ ਨਹੀਂ ਫੜ ਹੁੰਦੀ।"

ਨੰਜੂ ਨੇ ਠੰਡੀ ਆਹ ਭਰੀ। ਫਿਰ ਢਿੱਲੀ ਮੰਜੀ ਵਿੱਚ ਹੋਰ ਵੀ ਧੱਸ ਗਿਆ ਅਤੇ ਕਾਹਲ਼ੀ ਕਾਹਲ਼ੀ ਹੱਥ ਖਰੂਣ ਲੱਗਾ। "ਹੁਣ ਖਾਜ ਦਾ ਦੌਰਾ ਸ਼ੁਰੂ ਹੋ ਗਿਆ ਹੈ। ਜਿੱਥੇ-ਜਿੱਥੇ ਹੱਥ ਲੱਗੇਗਾ, ਖਾਜ ਸ਼ੁਰੂ ਹੋ ਜਾਵੇਗੀ ਅਤੇ ਖਰੂਹ-ਖਰੂਹ ਕੇ ਸਾਰਾ ਸਰੀਰ ਰਿਸਦੀ ਕੱਚੀ ਫਿਨਸੀ ਵਰਗਾ ਹੋ ਜਾਵੇਗਾ।"

ਕਿਸ਼ਨਾ ਤੇ ਕਾਲ਼ੀ ਖੜ੍ਹੇ ਨੰਜੂ ਦੀ ਊਈ... ਊਈ ਦੀਆਂ ਅਵਾਜ਼ਾਂ ਸੁਣਦੇ ਰਹੇ। ਪਰ ਜਦ ਇਹ ਸੁਣਨਾ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਤਾਂ ਕਿਸ਼ਨਾ ਉੱਠ ਖੜ੍ਹਾ ਹੋਇਆ, "ਅੱਛਾ ਚਾਚਾ, ਹੁਣ ਮੈਂ ਚਲਦਾਂ। ਫਿਰ ਚੱਕਰ ਲਾਉਂਗਾ।"

"ਅੱਛਾ, ਤੇਰੀ ਮਰਜ਼ੀ ।" ਨੰਜੂ ਨੇ ਬਹੁਤ ਹੀ ਕਮਜ਼ੋਰ ਅਤੇ ਦਰਦ-ਭਰੀ ਅਵਾਜ਼ ਵਿੱਚ ਕਿਹਾ।

"ਅੱਛਾ ਚਾਚਾ, ਮੱਥਾ ਟੇਕਦਾ ਹਾਂ।" ਕਿਸ਼ਨੇ ਆਪਣੇ ਹੱਥ ਨੰਜੂ ਦੇ ਗੋਡਿਆਂ ਨੂੰ ਲਾਏ।

"ਅੱਛਾ ਕਿਸ਼ਨਿਆ, ਰੱਬ ਤੈਨੂੰ ਤੰਦਰੁਸਤੀ ਦੇਵੇ। ਖੁਸ਼ ਅਤੇ ਜੀਂਦਾ ਵਸਦਾ ਰਹਿ।"

ਨੰਜੂ ਨੇ ਉੱਠਣ ਦੀ ਕੋਸ਼ਿਸ਼ ਕਰਦਿਆਂ ਆਪਣਾ ਹੱਥ ਕਿਸ਼ਨੇ ਦੇ ਸਿਰ ਵੱਲ ਨੂੰ ਚੁੱਕਿਆ।

"ਚਾਚਾ, ਪਿਆ ਰਹਿ।" ਕਿਸ਼ਨੇ ਨੇ ਉਸ ਨੂੰ ਮਨ੍ਹਾ ਕੀਤਾ ਕਿਉਂਕਿ ਹੱਥ ਨਾਲ਼ ਮੰਜੀ ਦੀ ਬਾਹੀ ਫੜਨ ਸਮੇਂ ਭਾਰ ਪੈਣ ਨਾਲ਼ ਪਾਂਅ ਦੇ ਦੋ-ਤਿੰਨ ਛਾਲੇ ਛਿੱਲ ਹੋ ਗਏ ਸਨ ਅਤੇ ਉਨ੍ਹਾਂ ਵਿੱਚ ਜ਼ੋਰ ਦੀ ਚੀਸ ਪੈਣ ਕਰਕੇ ਨੰਜੂ ਦੀ ਚੀਕ ਨਿਕਲ ਗਈ ਸੀ।

ਕਿਸ਼ਨਾ ਮੰਜੀ ਤੋਂ ਪਿੱਛੇ ਹਟ ਕੇ ਇੱਕ ਪੱਲ ਲਈ ਰੁਕ ਗਿਆ। ਉਸ ਨੇ ਜੇਬ ਵਿੱਚੋਂ ਰੁਪਏ-ਰੁਪਏ ਦੇ ਦੋ ਸਿੱਕੇ ਕੱਢੇ ਅਤੇ ਨੰਜੂ ਵੱਲ ਵਧਾ ਦਿੱਤੇ, "ਚਾਚਾ, ਲੈ ਫੜ। ਨਿੱਕੀ ਲਈ ਦਵਾ ਲੈ ਆਇਉ।"

"ਕੀ ਹੈ ?" ਨੰਜੂ ਨੇ ਕਿਸ਼ਨੇ ਵੱਲ ਹੱਥ ਫੈਲਾਉਂਦਿਆਂ ਪੁੱਛਿਆ।

"ਕੁੱਸ਼ ਨਹੀ ਚਾਚਾ। ਕੁੱਝ ਪੈਸੇ ਹਨ।"

"ਇਹ ਕੀ ?" ਨੰਜੂ ਨੇ ਇਸ ਤਰ੍ਹਾਂ ਕਿਹਾ ਜਿਵੇਂ ਉਸ ਨੂੰ ਭੀਖ ਲੈਣ ਵਿੱਚ ਸਖ਼ਤ ਇਤਰਾਜ਼ ਸੀ।

"ਚਾਚਾ, ਮੈਂ ਤੇਰਾ ਸ਼ਾਗਿਰਦ ਰਿਹਾ ਹਾਂ। ਤੇਰੇ ਤੋਂ ਕੰਮ ਸਿਖਿਆ ਹੈ।"

"ਮੈਂ ਕਹਿੰਦਾ ਹਾਂ, ਤੂੰ ਰਹਿਣ ਦੇ। ਤੂੰ ਆਪ ਟੱਬਰਦਾਰ ਹੈ। ਮਹਿੰਗਾਈ ਇੰਨੀ ਵੱਧ ਗਈ ਹੈ ਕਿ ਘਰ ਦੇ ਖਰਚੇ ਚਲਾਉਣਾ ਮੁਸ਼ਕਲ ਹੋ ਰਿਹਾ ਹੈ।"

"ਨਹੀਂ ਚਾਚਾ, ਰੱਖ ਲੈ। ਤੇਰੀ ਟਹਿਲ-ਸੇਵਾ ਕਰਨਾ ਮੇਰਾ ਵੀ ਤਾਂ ਫਰਜ਼ ਹੈ।"

"ਅੱਛਾ ਤੇਰੀ ਮਰਜ਼ੀ ਹੈ।" ਨੰਜੂ ਨੇ ਦੋਵਾਂ ਸਿੱਕਿਆਂ ਨੂੰ ਹੱਥ ਵਿੱਚ ਘੁੱਟਦਿਆਂ ਕਿਹਾ, "ਰੱਬ ਤੈਨੂੰ ਭਾਗ ਲਾਵੇ। ਤੰਦਰੁਸਤੀ ਦੇਵੇ।"

ਨੰਜੂ ਕਿਸ਼ਨੇ ਨੂੰ ਪੌੜੀਆਂ ਉੱਤਰਦੇ ਨੂੰ ਉਸ ਸਮੇਂ ਤੱਕ ਦੇਖਦਾ ਰਿਹਾ ਜਦ ਤੱਕ ਉਹ ਉਸ ਦੀਆਂ ਨਜ਼ਰਾਂ ਤੋਂ ਉਹਲੇ ਨਹੀਂ ਹੋ ਗਿਆ। ਫਿਰ ਉਹ ਮੰਜੀ 'ਤੇ ਸਿੱਧਾ ਲੰਮਾ ਪੈ ਗਿਆ ਅਤੇ ਮੁੱਠ ਵਿੱਚ ਸਿੱਕਿਆਂ ਦੀ ਗਰਮੀ ਮਹਿਸੂਸ ਕਰਦਾ ਹੋਇਆ ਸੋਚਣ ਲੱਗਾ ਕਿ ਚਲੋ ਇਸ ਦੁਨੀਆਂ ਵਿੱਚ ਰੱਬ ਦੇ ਇਲਾਵਾ ਵੀ ਕੋਈ ਤਾਂ ਹਾਲ ਪੁੱਛਣ ਵਾਲ਼ਾ ਹੈ।

ਕਾਲ਼ੀ ਪੌੜੀ ਉੱਤਰ ਕੇ ਇੱਕ ਪਾਸੇ ਜਾ ਖੜ੍ਹਾ ਹੋਇਆ। ਕਿਸ਼ਨੇ ਨੇ ਪੌੜੀ ਦੇ ਆਖਰੀ ਡੰਡੇ ਤੋਂ ਉੱਤਰ ਕੇ ਪੈਰਾਂ ਨੂੰ ਦੋ-ਤਿੰਨ ਵਾਰ ਜ਼ਮੀਨ 'ਤੇ ਜ਼ੋਰ-ਜ਼ੋਰ ਨਾਲ਼ ਮਾਰਿਆ ਅਤੇ ਬਾਹਰਲੇ ਬੂਹੇ ਵੱਲ ਦੇਖਿਆ। ਬੋਰੀ ਦੇ ਪਿੱਛੇ ਮੱਧਮ ਜਿਹੀ ਰੌਸ਼ਨੀ ਦੇਖ ਕੇ ਉਹ ਉੱਧਰ ਨੂੰ ਚਲੇ ਗਿਆ ਅਤੇ ਬੋਰੀ ਦਾ ਇੱਕ ਸਿਰਾ ਥੋੜ੍ਹਾ ਜਿਹਾ ਸਰਕਾ ਦਿੱਤਾ, "ਨਿੱਕੀ!"

"ਕੌਣ ?" ਕੋਠੇ ਦੇ ਇੱਕ ਕੋਨੇ ਤੋਂ ਅਵਾਜ਼ ਆਈ ਅਤੇ ਨਾਲ਼ ਹੀ ਸ਼ਿੰਦੋ ਸਾਹਮਣੇ ਆ ਖੜ੍ਹੀ ਹੋਈ। ਕਿਸ਼ਨੇ ਨੂੰ ਦੇਖ ਕੇ ਉਸ ਨੇ ਮੋਢਿਆਂ 'ਤੇ ਰੱਖੀ ਪਾਟੀ ਹੋਈ ਚੁੰਨੀ ਛੇਤੀ-ਛੇਤੀ ਸਿਰ 'ਤੇ ਲੈ ਲਈ, "ਭਾਅ ਜੀ, ਰਾਮ ਸੱਤ।"

"ਰਾਮ ਸੱਤ ਸ਼ਿੰਦੋ।" ਕਿਸ਼ਨੇ ਨੇ ਖੁਸ਼ ਹੋ ਕੇ ਕਿਹਾ।

"ਸ਼ਿੰਦੋ, ਕੀ ਹਾਲ ਹੈ ਤੇਰਾ ?"

"ਠੀਕ ਹੈ ਭਾ ਜੀ," ਸ਼ਿੰਦੋ ਨੇ ਆਪਣੇ ਪਤਲੇ-ਕਮਜ਼ੋਰ ਸਰੀਰ ਨੂੰ ਹੋਰ ਵੀ ਇਕੱਠਾ ਕਰ ਲਿਆ।

"ਰੋਟੀ-ਪਾਣੀ ਬਣਾ ਲਿਆ ?"

"ਮੈਂ ਤੇ ਮਿੰਦਰੋ ਤਾਂ ਖਾ ਆਈਆਂ ਹਾਂ। ਬਾਪੂ ਤੇ ਨਿੱਕੀ ਦੇ ਲਈ ਵੀ ਲੈ ਆਈਆਂ। ਦੋ ਬੀਬੀਆਂ ਨੇ ਦੁਪਿਹਰ ਦੀਆਂ ਬਚੀਆਂ ਰੋਟੀਆਂ ਦੇ ਦਿੱਤੀਆਂ ਸੀ।" ਸ਼ਿੰਦੋ ਨੇ ਦੱਬਵੀਂ ਅਵਾਜ਼ ਵਿੱਚ ਕਿਹਾ।

"ਅੱਛਾ, ਮੈਂ ਫਿਰ ਕਿਸੇ ਦਿਨ ਆਉਂਗਾ। ਨਿੱਕੀ ਨੂੰ ਤਾਪ ਚੜ੍ਹਿਆ ਹੋਇਆ ਹੈ। ਉਹਦਾ ਧਿਆਨ ਰੱਖਿਓ।" ਕਿਸ਼ਨੇ ਨੇ ਇੱਕ ਹੀ ਸਾਹ ਵਿੱਚ ਸਭ ਕੁੱਝ ਕਹਿ ਦਿੱਤਾ, ਜਿਵੇਂ ਉਸ ਦਾ ਮਨ ਇੱਕ ਦਮ ਉਕਤਾਹਟ ਨਾਲ਼ ਭਰ ਗਿਆ ਹੋਵੇ।

"ਅੱਛਾ ਭਾ ਜੀ, ਰਾਮ ਸੱਤ।" ਸ਼ਿੰਦੋ ਨੇ ਬੋਰੀ ਦਾ ਪਰਦਾ ਥੱਲੇ ਕਰ ਦਿੱਤਾ।

ਕਿਸ਼ਨਾ ਅਤੇ ਕਾਲ਼ੀ ਗੰਦੇ ਪਾਣੀ ਦੀ ਸੜਾਂਦ ਮਾਰ ਰਹੀਆਂ ਛੋਟੀਆਂ-ਵੱਡੀਆਂ ਛੱਪੜੀਆਂ ਨੂੰ ਪਾਰ ਕਰਕੇ ਗਲ਼ੀ ਦੇ ਮੋੜ 'ਤੇ ਆ ਪਹੁੰਚੇ। ਦੋਵਾਂ ਨੇ ਜੁੱਤੀਆਂ ਨੂੰ ਲੱਗੇ ਚਿੱਕੜ ਨੂੰ ਲਾਹੁਣ ਲਈ ਪੈਰਾਂ ਨੂੰ ਜ਼ੋਰ-ਜ਼ੋਰ ਨਾਲ਼ ਜ਼ਮੀਨ 'ਤੇ ਮਾਰ ਕੇ ਝਾੜਿਆ।

"ਬਹੁਤ ਚਿੱਕੜ ਹੈ।" ਕਿਸ਼ਨੇ ਨੇ ਘਸਮੈਲ਼ੀ ਜਿਹੀ ਰੌਸ਼ਨੀ ਵਿੱਚ ਆਪਣੀ ਜੁੱਤੀ ਨੂੰ ਦੇਖਿਆ।

"ਬਹੁੱਤ ਗੰਦ ਸੀ ਉੱਥੇ। ਇੰਨੀ ਸੜਾਂਦ ਤਾਂ ਆਪਣੇ ਕਾਰਖਾਨੇ ਵਿੱਚ ਵੀ ਨਹੀਂ ਹੈ।" ਕਾਲ਼ੀ ਨੇ ਨੱਕ ਵੱਟਿਆ।

"ਪਰਲੇ ਪਾਸੇ ਕੋਲ਼ ਹੀ ਮੁਰਦਾਰਾਂ ਦੀਆਂ ਖੱਲਾਂ ਖਿੱਚਣ ਦਾ ਕਾਰਖਾਨਾ ਹੈ। ਉੱਥੇ ਦਾ ਸਾਰਾ ਗੰਦਾ ਪਾਣੀ ਕੋਠਿਆਂ ਦੇ ਤਿੰਨੀਂ ਪਾਸੀਂ ਜਮਾਂ ਹੋਇਆ ਰਹਿੰਦਾ ਹੈ। ਇਸ ਲਈ

ਇੱਥੇ ਕਿਰਾਏ ਵੀ ਘੱਟ ਹਨ। ਸੜਾਂਦ ਬਹੁਤ ਹੈ ਨਾ।" ਕਿਸ਼ਨੇ ਨੇ ਦੱਸਿਆ, "ਜਦ ਕਦੀ ਪੁਰੇ ਦੀ ਹਵਾ ਚਲਦੀ ਹੈ ਤਾਂ ਸਾਡੇ ਮੁਹੱਲੇ ਵਿੱਚ ਵੀ ਸੜਾਂਦ ਆਉਣ ਲੱਗ ਪੈਂਦੀ ਹੈ। ਸਾਹ ਲੈਣਾ ਵੀ ਮੁਸ਼ਕਲ ਹੋ ਜਾਂਦਾ ਹੈ। ਫੇਰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਮੁਰਦਾਰ ਸਿੱਧਾ ਫੇਫੜਿਆਂ ਵਿੱਚ ਵੜ ਗਿਆ ਹੈ ਅਤੇ ਆਪਣੀ ਬਦਬੂ ਨੱਕ ਅਤੇ ਮੂੰਹ ਰਾਹੀਂ ਕੱਢ ਰਿਹਾ ਹੈ।"

ਕਿਸ਼ਨੇ ਦੀ ਗੱਲ 'ਤੇ ਕਾਲ਼ੀ ਨੇ ਕੋਈ ਟਿੱਪਣੀ ਨਾ ਕੀਤੀ ਕਿਉਂਕਿ ਸੜਾਂਦ ਅਤੇ ਗੰਦਗੀ ਤੋਂ ਹਟ ਕੇ ਉਸ ਦਾ ਧਿਆਨ ਚਾਚੇ ਨੰਜੂ ਅਤੇ ਉਸ ਦੇ ਬੱਚਿਆਂ ਵੱਲ ਚਲੇ ਗਿਆ ਸੀ। ਉਨ੍ਹਾਂ ਦੀਆਂ ਸਹਿਮੀਆਂ ਅਤੇ ਬੁਝੀਆਂ ਹੋਈਆਂ ਸ਼ਕਲਾਂ ਯਾਦ ਕਰ ਕੇ ਕਾਲ਼ੀ ਬਹੁਤ ਉਦਾਸ ਹੋ ਗਿਆ ਸੀ। ਟੁੱਟੀ ਮੰਜੀ 'ਤੇ ਪਏ ਚਾਚੇ ਨੰਜੂ ਦੇ ਪਿੰਜਰ ਹੋਏ ਸਰੀਰ ਦਾ ਖਿਆਲ ਆਉਂਦਿਆਂ ਹੀ ਕਾਲ਼ੀ ਨੂੰ ਇੱਕ ਦਮ ਭੈਅ ਮਹਿਸੂਸ ਹੋਣ ਲੱਗਾ। ਉਹਨੂੰ ਉਸ ਹੀ ਤਰ੍ਹਾਂ ਉਵੱਤ ਆਉਣ ਲੱਗੇ ਜਿਵੇਂ ਕਾਰਖਾਨੇ ਵਿੱਚ ਪਹਿਲੇ ਦਿਨ ਚੇਚਕ ਨਾਲ਼ ਮਰੇ ਪਸ਼ੂਆਂ ਦੀਆਂ ਕੱਚੀਆਂ ਖੱਲਾਂ ਨੂੰ ਦੇਖ ਅਤੇ ਛੂਹ ਕੇ ਆਉਂਦੇ ਸਨ। ਕਾਲ਼ੀ ਨੂੰ ਬੁਰੀ ਤਰ੍ਹਾਂ ਝੁਣਝੁਣੀ ਆਈ ਅਤੇ ਉਹ ਤੜਫ ਉੱਠਿਆ।

ਉਹ ਸਭ ਤੋਂ ਛੋਟੀ ਕੁੜੀ ਨਿੱਕੀ ਬਾਰੇ ਸੋਚਣ ਲੱਗਾ। ਉਸ ਦੀ ਕਲਪਨਾ ਵਿੱਚ ਉਹ ਅਜੇ ਵੀ ਬੂਹੇ ਦੇ ਅੱਗੇ ਲਟਕ ਰਹੀ ਬੋਰੀ ਦਾ ਇੱਕ ਸਿਰਾ ਹਟਾ ਕੇ ਕਿਸ਼ਨੇ ਵੱਲ ਦੇਖਦੀ ਹੋਈ ਮੁਸਕਰਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਦੇ ਸਿਰ ਦੇ ਵਾਲ਼ ਐਨੇ ਖੁਸ਼ਕ ਅਤੇ ਉਲ਼ਝੇ ਹੋਏ ਸਨ ਜਿਵੇਂ ਉਨ੍ਹਾਂ ਨੂੰ ਕਈ ਮਹੀਨਿਆਂ ਤੋਂ ਪਾਣੀ ਅਤੇ ਤੇਲ ਨਾ ਛੁਆਇਆ ਹੋਵੇ। ਉਸ ਦੇ ਪੀਲ਼ੇ ਚਿਹਰੇ 'ਤੇ ਬੁਖਾਰ ਨਾਲ਼ ਲਾਲ-ਲਾਲ ਹੋਈਆਂ ਅੱਖਾਂ ਬੁਰੀ ਤਰ੍ਹਾਂ ਛਾਈਆਂ ਪਈਆਂ ਸਨ।

ਫਿਰ ਉਹ ਸ਼ਿੰਦੋ ਦੇ ਬਾਰੇ ਸੋਚਣ ਲੱਗਾ। ਉਹ ਦੀਵੇ ਦੀ ਮੈਲ਼ੀ-ਪੀਲ਼ੀ ਜਿਹੀ ਰੌਸ਼ਨੀ ਵਿੱਚ ਭੂਤ-ਪਰੇਤ ਵਰਗੀ ਦਿੱਸ ਰਹੀ ਸੀ ਅਤੇ ਮੰਗਵੇਂ ਛੋਟੇ-ਵੱਡੇ ਕਪੜਿਆਂ ਨਾਲ਼ ਆਪਣੇ ਸਰੀਰ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੀ ਸੀ। ਖੁੱਲੇ ਜੰਪਰ, ਤੰਗ ਸਲਵਾਰ ਅਤੇ ਪਾਟੀ ਹੋਈ ਚੁੰਨੀ ਵਿੱਚ ਉਹ ਨਾ ਤਾਂ ਬੱਚੀ ਲੱਗ ਰਹੀ ਸੀ ਅਤੇ ਨਾ ਹੀ ਜਵਾਨ, ਜਿਵੇਂ ਉਹਦੀ ਉਮਰ ਇੱਥੇ ਵਿੱਚ-ਵਿਚਾਲੇ ਹੀ ਅਟਕ ਗਈ ਸੀ।

ਕਾਲ਼ੀ ਨੇ ਬਹੁਤ ਲੰਮਾ ਸਾਹ ਛੱਡਿਆ ਤਾਂ ਕਿਸ਼ਨਾ ਰੁਕ ਗਿਆ ਅਤੇ ਥੋੜ੍ਹਾ ਹੈਰਾਨ ਹੋ ਕੇ ਉਹਦੀ ਵੱਲ ਦੇਖਣ ਲੱਗਾ।

"ਕੀ ਗੱਲ ਹੈ, ਪਹਿਲਵਾਨ ?"

"ਕੁਸ਼ ਨਹੀਂ।" ਕਾਲ਼ੀ ਨੇ ਇੱਕ ਵਾਰ ਫਿਰ ਲੰਮਾ ਸਾਹ ਛੱਡਿਆ।

"ਹਉਂਕੇ ਤਾਂ ਇਸ ਤਰ੍ਹਾਂ ਲੈ ਰਿਹਾ ਜਿਵੇਂ ਤਨ-ਮਨ-ਧੰਨ ਸਮੇਤ ਤੇਰਾ ਸਭ ਕੁੱਝ ਗੁਆਚ ਗਿਆ ਹੋਵੇ।" ਕਿਸ਼ਨੇ ਨੇ ਕਾਲ਼ੀ ਵੱਲ ਅੱਖਾਂ ਫੈਲਾ ਕੇ ਦੇਖਿਆ।

"ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ। ਮੇਰੇ ਕੋਲ਼ ਤਨ-ਮਨ ਦੇ ਸਿਵਾ ਹੋਰ ਕੁਸ਼ ਹੈ ਹੀ ਨਹੀਂ।"

ਉਹ ਇੱਕ ਪੱਲ ਲਈ ਖਾਮੋਸ਼ ਹੀ ਰਿਹਾ, "ਚਾਚੇ ਨੰਜੂ ਅਤੇ ਬੱਚਿਆਂ ਦੀ ਹਾਲਤ

ਯਾਦ ਕਰਕੇ ਮੈਂ ਬਹੁਤ ਉਦਾਸ ਹੋ ਗਿਆ ਸੀ। ਡਰ ਲੱਗਣ ਲੱਗ ਗਿਆ ਸੀ। ... ਪਤਾ ਨਹੀਂ ਅਜਿਹੀ ਜ਼ਿੰਦਗੀ ਨੂੰ ਵੀ ਲੋਕ ਕਿਉਂ ਮੋਹ ਕਰਦੇ ਹਨ ?"

"ਮੋਹ ਨਾ ਕਰਨ ਤਾਂ ਕੀ ਕਰਨ। ... ਡੁੱਬ ਮਰਨ ਜਾਂ ਗੱਡੀ ਦੇ ਥੱਲੇ ਸਿਰ ਦੇ ਦੇਣ।" ਕਿਸ਼ਨੇ ਨੇ ਆਪ ਹੀ ਸਵਾਲ਼ ਕੀਤਾ ਤੇ ਆਪ ਹੀ ਉਸ ਦਾ ਜਵਾਬ ਵੀ ਦੇ ਦਿੱਤਾ।

"ਚਾਚੀ ਦਾ ਕੀ ਹਾਲ ਹੈ ?" ਕਾਲ਼ੀ ਨੇ ਪੁੱਛਿਆ।

"ਕੌਣ ਚਾਚੀ ?"

"ਉਹੀ ਚਾਚੀ। ... ਚਾਚੇ ਨੰਜੂ ਦੇ ਘਰ ਵਾਲ਼ੀ।"

"ਨੰਜੂ ਦੇ ਘਰ ਵਾਲ਼ੀ।" ਕਿਸ਼ਨੇ ਨੇ ਲੰਮਾ ਸਾਹ ਛੱਡਿਆ ਜਿਵੇਂ ਉਸ ਦੇ ਮਨ 'ਤੇ ਕਾਲ਼ੀ ਦੇ ਸਵਾਲ਼ ਦਾ ਬੋਝ ਇੱਕ ਦਮ ਘੱਟ ਗਿਆ ਹੋਵੇ। "ਇੱਥੇ ਹੀ ਹੈ। ਇਸ ਹੀ ਸ਼ਹਿਰ ਵਿੱਚ ... ਸੜਕ ਦੇ ਪਾਰ ਜਿਹੜਾ ਮੁਹੱਲਾ ਹੈ ਉੱਥੇ ਹੀ ਰਹਿੰਦੀ ਹੈ।"

"ਅੱਛਾ ?" ਕਾਲ਼ੀ ਹੈਰਾਨ ਹੋ ਗਿਆ।

" ਹੁਣ ਤਾਂ ਦੂਜੇ ਘਰ ਵਾਲ਼ੇ ਦਾ ਉਸ ਦੇ ਇੱਕ ਨਿਆਣਾ ਵੀ ਹੈ। ... ਮੁੰਡਾ।" ਕਿਸ਼ਨੇ ਨੇ ਦੱਸਿਆ।

ਕਾਲ਼ੀ ਖਾਮੋਸ਼ ਰਿਹਾ। ਉਹ ਸੋਚ ਵਿੱਚ ਡੁੱਬਿਆ ਨੀਵੀਂ ਪਾਈ ਕਿਸ਼ਨੇ ਦੇ ਬਰਾਬਰ ਤੁਰਦਾ ਰਿਹਾ, ਫਿਰ ਇੱਕ ਦਮ ਰੁਕ ਗਿਆ ਅਤੇ ਕਿਸ਼ਨੇ ਦਾ ਹੱਥ ਫੜ ਲਿਆ, "ਕਿਸ਼ਨੇ ਭਾ ਜੀ ?"

"ਹਾਂ," ਕਿਸ਼ਨਾ ਵੀ ਰੁਕ ਗਿਆ।

"ਭਾ ਜੀ, ਚਾਚੇ ਨੰਜੂ ਦੀ ਘਰ ਵਾਲ਼ੀ ਮੁਸੀਬਤ ਪੈਣ 'ਤੇ ਉਹਨੂੰ ਛੱਡ ਕੇ ਦੂਸਰੇ ਆਦਮੀ ਕੋਲ਼ ਕਿਉਂ ਚਲੇ ਗਈ ?" ਕਾਲ਼ੀ ਬਹੁਤ ਭਾਵਕ ਹੋ ਗਿਆ ਸੀ।

"ਕਿਉਂ ਚਲੇ ਗਈ ? ਇਹ ਤਾਂ ਉਹਨੂੰ ਪਤਾ ਹੋਊ। ਪਰ ਮੈਂ ਇੱਕ ਗੱਲ ਜਾਣਦਾ ਹਾਂ।"

"ਕੀ ?" ਕਾਲ਼ੀ ਨੇ ਉੱਤਸੁਕਤਾ ਨਾਲ਼ ਪੁੱਛਿਆ।

"ਉਹ ਆਦਮੀ ਪਹਿਲਾਂ ਕਦੀ ਇਸ ਹੀ ਕਾਰਖਾਨੇ ਵਿੱਚ ਕੰਮ ਕਰਿਆ ਕਰਦਾ ਸੀ। ਚਾਚੇ ਨੰਜੂ ਦੇ ਨਾਲ਼ ਉਹਦੀ ਬਹੁਤ ਦੋਸਤੀ ਸੀ। ਰਾਤ ਨੂੰ ਦੋਨੋਂ ਇਕੱਠੇ ਬੈਠ ਕੇ ਦਾਰੂ ਪੀਂਦੇ ਸਨ। ਉਹ ਕਈ ਵਾਰ ਰਾਤ ਨੂੰ ਨੰਜੂ ਦੇ ਘਰ ਹੀ ਰਹਿ ਲੈਂਦਾ ਸੀ। ਕੁੱਝ ਲੋਕਾਂ ਦਾ ਖਿਆਲ ਹੈ ਕਿ ਉਸ ਨੇ ਨੰਜੂ ਦੀ ਘਰ ਵਾਲ਼ੀ 'ਤੇ ਉਸ ਦਿਨ ਤੋਂ ਹੀ ਅੱਖ ਰੱਖ ਲਈ ਸੀ ਜਿਸ ਦਿਨ ਤੋਂ ਉਸ ਨੂੰ ਪਹਿਲੀ ਵਾਰ ਦੇਖਿਆ ਸੀ।" ਕਿਸ਼ਨਾ ਸੰਘ ਨੂੰ ਠੀਕ ਕਰਦਾ ਹੋਇਆ ਅੱਗੇ ਬੋਲਿਆ, "ਜਦ ਮੈਂ ਚਾਚੇ ਨੰਜੂ ਦੀ ਘਰ ਵਾਲ਼ੀ ਨੂੰ ਦੇਖਿਆ ਤਾਂ ਉਸ ਦੀ ਜਵਾਨੀ ਢਲ਼ ਰਹੀ ਸੀ। ਪੰਜ ਨਿਆਣੇ ਜੰਮ ਚੁੱਕੀ ਸੀ ਜਿਨ੍ਹਾਂ ਵਿੱਚ ਦੋ ਜੌੜੇ ਸਨ ... ਲੜਕੇ। ਪਰ ਉਹ ਜੰਮਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਮਰ ਗਏ ਸਨ।"

"ਕਾਲ਼ੀ, ਇੰਨੀਆਂ ਸੁਹਣੀਆਂ ਤੇ ਸੁਨੱਖੀਆਂ ਔਰਤਾਂ ਆਪਣੀ ਬਰਾਦਰੀ ਵਿੱਚ ਘੱਟ ਹੀ ਹੁੰਦੀਆਂ ਹਨ। ਗੋਰਾ ਰੰਗ ... ਨੀਲੀਆਂ ਅੱਖਾਂ .... ਜੇ ਚੰਗੇ ਵਲਾਇਤੀ ਕੱਪੜੇ

ਪਾਉਂਦੀ ਤਾਂ ਬਿਲਕੁਲ ਮੇਮ ਹੀ ਲੱਗਣੀ ਸੀ। ਲਗਦਾ ਹੈ ਉਹਦੀ ਮਾਂ ਨੇ ਕਿਤਿਉਂ ਬਹੁਤ ਹੀ ਵਧੀਆ ਪੈਬੰਦ ਲੁਆਇਆ ਸੀ। ... ਇੰਨੀ ਸੋਹਣੀ ਅਤੇ ਸੁਨੱਖੀ ਜ਼ਨਾਨੀ ਚਾਚੇ ਨੰਜੂ ਵਰਗੇ ਬਿਮਾਰ, ਧਾਂਅ ਅਤੇ ਖਾਜ ਦੇ ਮਾਰੇ ਆਦਮੀ ਨਾਲ਼ ਕਿਸ ਤਰ੍ਹਾਂ ਰਹਿ ਸਕਦੀ ਸੀ। ... ਸ਼ੁਕਰ ਹੈ ਕਿ ਚਾਚੇ ਨੰਜੂ ਦੀਆਂ ਕੁੜੀਆਂ ਮਾਂ 'ਤੇ ਨਹੀਂ ਗਈਆਂ। ਉਹ ਬਾਪ ਦੀ ਤਰ੍ਹਾਂ ਬੇਡੋਲ ਅਤੇ ਬੀਬੀਆਂ ਜਿਹੀਆਂ ਹਨ।" ਕਿਸ਼ਨੇ ਨੇ ਕੰਨ ਛੂਹੇ।

"ਹੁਣ ਉਹਦਾ ਕੀ ਹਾਲ ਹੈ। ਕੀ ਉਹ ਨਵੇਂ ਘਰ ਵਿੱਚ ਖੁਸ਼ ਹੈ?" ਕਾਲ਼ੀ ਨੇ ਪੁੱਛਿਆ।

"ਪਤਾ ਨਹੀਂ। ਮੈਨੂੰ ਉਹਦੇ ਘਰ ਗਏ ਨੂੰ ਸਾਲ ਤੋਂ ਉੱਪਰ ਹੋ ਗਿਆ ਹੈ। ... ਉਸ ਮੁਹੱਲੇ ਵਿੱਚ ਮੇਰੇ ਕੁਸ਼ ਜਾਣ-ਪਛਾਣ ਦੇ ਬੰਦੇ ਰਹਿੰਦੇ ਹਨ। ... ਕਹੇਂ ਤਾਂ ਉਹਦੇ ਘਰ ਵੀ ਜਾ ਆਉਂਦੇ ਹਾਂ।" ਕਿਸ਼ਨੇ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ ਜਿਵੇਂ ਆਪਣੇ ਸੁਝਾਅ ਦਾ ਜਵਾਬ ਉਡੀਕਦਾ ਹੋਵੇ।

"ਚਲੋ, ਘਰੋਂ ਤਾਂ ਨਿਕਲ਼ੇ ਹੋਏ ਹੀ ਹਾਂ," ਕਾਲ਼ੀ ਦੇ ਮਨ ਦੀ ਉੱਤਸੁਕਤਾ ਉਹਦੇ ਚਿਹਰੇ 'ਤੇ ਛਾ ਗਈ।

"ਚਲੋ, ਅੱਜ ਚਾਚੇ ਦਾ ਹਾਲ ਪੁੱਛਿਆ ਹੈ ਤਾਂ ਲੱਗੇ ਹੱਥ ਚਾਚੀ ਨੂੰ ਵੀ ਦੇਖ ਚਲਦੇ ਹਾਂ।" ਕਿਸ਼ਨੇ ਨੇ ਆਪਣੀ ਰਫਤਾਰ ਤੇਜ਼ ਕਰ ਦਿੱਤੀ।

"ਉਸ ਆਦਮੀ ਦਾ ਪਹਿਲਾਂ ਵੀ ਵਿਆਹ ਹੋਇਆ ਸੀ ਜਾਂ ਛੜ੍ਹਾ ਹੀ ਸੀ?"

"ਵਿਆਇਆ ਹੋਇਆ ਸੀ। ਉਹ ਖਾਨਪੁਰ ਦਾ ਹੈ।" ਉਸ ਆਦਮੀ ਨਾਲ਼ ਆਪਣੀ ਨੇੜਤਾ ਦਿਖਾਉਣ ਲਈ ਕਿਸ਼ਨੇ ਨੇ ਵੇਰਵਾ ਦਿੱਤਾ।

"ਖਾਨਪੁਰ ... ਇਹ ਪਿੰਡ ਤਾਂ ਇੱਥੋਂ ਬਹੁਤ ਦੂਰ ਹੈ?" ਕਾਲ਼ੀ ਹੈਰਾਨ ਹੋ ਗਿਆ।

"ਨਹੀਂ। ਇਹ ਦੂਸਰਾ ਖਾਨਪੁਰ ਹੈ। ਇੱਥੋਂ ਕੋਈ ਪੰਜ ਕੋਹ ਦੂਰ ਪੂਰਬ ਵਾਲ਼ੇ ਪਾਸੇ। ਉਸ ਪਿੰਡ ਮੇਰੀ ਇੱਕ ਮਾਸੀ ਵੀ ਰਹਿੰਦੀ ਸੀ। ਜਦੋਂ ਅਸੀਂ ਛੋਟੇ ਸੀ ਤਾਂ ਮਾਸੀ ਕੋਲ਼ ਜਾਇਆ ਕਰਦੇ ਸੀ। ਮਾਸੀ ਦੇ ਮਰਨ ਬਾਅਦ ਰਿਸ਼ਤਾ ਖਤਮ ਹੋ ਗਿਆ।"

"ਖਤਮ ਕਿਉਂ ਹੋ ਗਿਆ? ਰਿਸ਼ਤੇ ਤਾਂ ਸੁਣਿਆ ਹੈ ਬਹੁਤ ਪੱਕੇ ਹੁੰਦੇ ਹਨ।"

"ਰਿਸ਼ਤਾ ਮੰਨਣ ਦਾ ਹੁੰਦਾ ਹੈ। ਮਾਸੜ ਨੇ ਦੂਜੀ ਔਰਤ ਲੈ ਆਂਦੀ। ਉਸ ਦੀ ਸਾਡੇ ਵਿੱਚ ਕੋਈ ਦਿਲਚਸਪੀ ਨਹੀਂ ਸੀ ਸੋ ਰਿਸ਼ਤੇਦਾਰੀ ਖਤਮ ਹੋ ਗਈ। ... ਹੌਲ਼ੀ-ਹੌਲ਼ੀ ਮੂੰਹ ਮੁਲਾਹਜਾ ਵੀ ਟੁੱਟ ਗਿਆ।" ਕਿਸ਼ਨੇ ਨੇ ਬੁੱਲ ਘੁੱਟ ਕੇ ਸਿਰ ਝਟਕਿਆ।

"ਮੇਰਾ ਸਵਾਲ਼ ਤਾਂ ਵਿੱਚ ਹੀ ਰਹਿ ਗਿਆ।"

"ਕੀ ਸਵਾਲ਼ ਸੀ ਤੇਰਾ?"

"ਇਹੀ ਕਿ ਉਸ ਆਦਮੀ ਦਾ ਪਹਿਲਾਂ ਵੀ ਵਿਆਹ ਹੋਇਆ ਸੀ ਜਾਂ ਨਹੀਂ?"

"ਹੋਇਆਂ ਸੀ ਹੀ ਨਹੀਂ, ਪੱਕੇ ਤੌਰ 'ਤੇ ਹੈ।" ਕਿਸ਼ਨੇ ਨੇ ਜ਼ੋਰ ਦੇ ਕੇ ਕਿਹਾ। "ਪਹਿਲੀ ਘਰ ਵਾਲ਼ੀ ਪਿੰਡ ਰਹਿੰਦੀ ਹੈ। ਉਸ ਦੇ ਵੀ ਚਾਰ-ਪੰਜ ਨਿਆਣੇ ਹਨ। ਬੜਾ ਮੁੰਡਾ ਤਾਂ ਆਪਣੇ ਕੱਲੂ ਦੀ ਉਮਰ ਦਾ ਹੋਵੇਗਾ। ਉਸ ਦਾ ਕਦ ਛੋਟਾ ਅਤੇ ਸਰੀਰ ਮੋਟਾ ਹੈ। ਮਿਸਤਰੀ

ਨੇ ਸ਼ਹਿਰ ਵਿੱਚ ਉਸ ਨੂੰ ਵੀ ਕਿਤੇ ਕੰਮ 'ਤੇ ਲੁਆ ਦਿੱਤਾ ਹੈ। ਪਰ ਉਹ ਰਹਿੰਦਾ ਪਿੰਡ ਹੀ ਹੈ।"

ਕਾਲ਼ੀ ਦੇ ਹੋਠਾਂ ਵਿੱਚੋਂ ਲੰਮੀ ਹੂੰਅ ਹੌਲ਼ੀ-ਹੌਲ਼ੀ ਤਿਲਕ ਕੇ ਨਿਕਲ਼ੀ। ਉਹ ਇੱਕ ਵਾਰ ਫਿਰ ਚਾਚੇ ਨੰਜੂ ਅਤੇ ਉਹਦੀਆਂ ਕੁੜੀਆਂ ਬਾਰੇ ਸੋਚਣ ਲੱਗਾ। ਰਿਸ਼ਤਿਆਂ ਦਾ ਇਹ ਅਦਲ-ਬਦਲ ਕਾਲ਼ੀ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ। ਥੋੜ੍ਹੀ ਹੀ ਦੇਰ ਬਾਅਦ ਉਹ ਜਜ਼ਬਾਤੀ ਹੋ ਗਿਆ ਅਤੇ ਕਿਸ਼ਨੇ ਦਾ ਹੱਥ ਘੁੱਟ ਕੇ ਫੜ੍ਹ ਲਿਆ, "ਕਿਸ਼ਨੇ ਭਾ ਜੀ, ਉਸ ਦੀ ਪਹਿਲੀ ਘਰ ਵਾਲ਼ੀ ਨੇ ਉਸ ਨੂੰ ਸਮਝਾਇਆ ਨਹੀਂ। ਰੋਕਿਆ ਨਹੀਂ ?"

"ਮੈਨੂੰ ਕੀ ਪਤਾ ?" ਕਿਸ਼ਨੇ ਨੇ ਝਟਕੇ ਨਾਲ਼ ਆਪਣਾ ਹੱਥ ਕਾਲ਼ੀ ਦੀ ਪਕੜ 'ਚੋਂ ਛੁਡਾ ਲਿਆ। "ਪਹਿਲਵਾਨ, ਦਿਲ ਦੇ ਮਾਮਲੇ ਵਿੱਚ ਕੌਣ ਸਮਝਾ ਸਕਦਾ ਹੈ ਅਤੇ ਕੌਣ ਸਮਝਦਾ ਹੈ। ਉਹ ਵੀ ਮਰਦ ਜਾਤ ਨੂੰ ਔਰਤ ਸਮਝਾਵੇ ? ਊਂਹ। ਜੁੱਤੀ ਪੈਰ ਨੂੰ ਵੱਢ ਤਾਂ ਸਕਦੀ ਹੈ, ਫੋੜਾ-ਫਿਨਸੀ ਵੀ ਬਣਾ ਸਕਦੀ ਹੈ ਲੇਕਿਨ ਬਣੂਗੀ ਪੈਰ ਦੇ ਨਾਪ ਦੀ ਹੀ। ਅੱਜ ਤੱਕ ਜੁੱਤੀ ਦੇ ਨਾਪ ਦੇ ਪੈਰ ਕਦੀ ਨਹੀਂ ਬਣੇ।"

ਕਿਸ਼ਨੇ ਦੀ ਗੱਲ ਕਾਲ਼ੀ ਦੇ ਪੱਲੇ ਪੈ ਗਈ ਸੀ। ਉਸ ਨੇ ਫਿਰ ਕੋਈ ਸਵਾਲ਼ ਨਹੀਂ ਕੀਤਾ। ਚੁੱਪ ਕਰਕੇ ਉਸ ਦੇ ਬਰਾਬਰ ਤੁਰਦਾ ਰਿਹਾ।

ਸੜਕ ਪਾਰ ਕਰਕੇ ਉਹ ਮੁਹੱਲੇ ਵਿੱਚ ਚਲੇ ਗਏ। ਦੋ ਗਲ਼ੀਆਂ ਦੇ ਚੌਂਕ ਵਿੱਚ ਕਿਸ਼ਨਾ ਰੁਕ ਗਿਆ ਅਤੇ ਸੋਚ ਵਿੱਚ ਡੁੱਬਿਆ ਚਾਰੇ ਪਾਸੇ ਦੇਖਣ ਲੱਗਾ, "ਇੱਥੋਂ ਉਸ ਦੇ ਘਰ ਨੂੰ ਰਸਤਾ ਜਾਂਦਾ ਹੈ। ਚਲੋ, ਪਹਿਲਾਂ ਇੱਧਰ ਦੇਖ ਲੈਂਦੇ ਹਾਂ।" ਕਿਸ਼ਨਾ ਸਾਹਮਣੀ ਗਲ਼ੀ ਵਿੱਚ ਚਲਾ ਗਿਆ। "ਪਹਿਲਵਾਨ, ਸੜਕ ਪਾਰ ਕਰਨ ਦੇ ਬਾਅਦ ਮੁਹੱਲੇ ਵਿੱਚ ਇਹ ਪਹਿਲਾ ਹੀ ਚੌਂਕ ਸੀ ਨਾ ?"

"ਨਹੀਂ ਜੀ, ਪਹਿਲਾਂ ਆਪਾਂ ਇੱਕ ਛੋਟਾ ਚੌਂਕ ਲੰਘ ਕੇ ਆਏ ਹਾਂ।"

"ਉਹਦਾ ਤਾਂ ਮੈਨੂੰ ਪਤਾ ਹੈ। ਉਸ ਨੂੰ ਚੌਂਕ ਨਹੀਂ ਮੰਨਦੇ। ਉਸ ਨੂੰ ਮੋੜ ਕਹਿੰਦੇ ਹਨ।" ਕਿਸ਼ਨਾ ਅੱਗੇ ਚੱਲ ਪਿਆ।

ਅਗਲੇ ਚੌਂਕ ਕੋਲ਼ ਪਹੁੰਚ ਕੇ ਉਹ ਫਿਰ ਰੁਕ ਗਏ। ਕਿਸ਼ਨੇ ਨੇ ਚਾਰੇ ਪਾਸੇ ਨਿਗਾਹ ਮਾਰ ਕੇ ਆਪਣੇ ਆਲ਼ੇ ਦੁਆਲ਼ੇ ਦਾ ਜਾਇਜ਼ਾ ਲਿਆ ਅਤੇ ਹੂੰ ...ਹੂੰ ਕਰਦਾ ਸਿਰ ਹਿਲਾਉਂਦਾ ਰਿਹਾ ਜਿਵੇਂ ਕਿ ਜਗ੍ਹਾ ਨੂੰ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਕਿਸ਼ਨੇ ਭਾ ਜੀ, ਕਿਸੇ ਕੋਲ਼ੋਂ ਪੁੱਛ ਲਉ। ਮੁਹੱਲੇ ਵਿੱਚ ਲੋਕਾਂ ਨੂੰ ਇੱਕ-ਦੂਸਰੇ ਬਾਰੇ ਪਤਾ ਹੁੰਦਾ ਹੈ।" ਕਾਲ਼ੀ ਨੇ ਸੁਝਾਅ ਦਿੱਤਾ।

"ਅਸਲ ਵਿੱਚ, ਮੈਂ ਪਹਿਲਾਂ ਕਦੀ ਇਸ ਪਾਸੇ ਆਇਆ ਹੀ ਨਹੀਂ ਹਾਂ। ਦੂਜੇ ਰਾਹ ਹੀ ਆਉਂਦਾ ਰਿਹਾ ਹਾਂ।" ਕਿਸ਼ਨੇ ਨੇ ਹੱਥ ਦੇ ਇਸ਼ਾਰੇ ਨਾਲ਼ ਦੱਸਿਆ, "ਵੈਸੇ ਵੀ ਮੈਨੂੰ ਉਸ ਦੇ ਘਰ ਗਏ ਨੂੰ ਕਾਫੀ ਦੇਰ ਹੋ ਗਈ ਹੈ।"

ਕਿਸ਼ਨਾ ਸਿਰ ਹਿਲਾਉਂਦਾ ਬੁੜ-ਬੁੜ ਕਰਨ ਲੱਗਾ, "ਘਰ ਇੱਥੇ ਕਿਤੇ ਨੇੜੇ-ਤੇੜੇ ਹੀ ਹੋਣਾ ਚਾਹੀਦਾ।" ਫਿਰ ਉਹ ਕਾਲ਼ੀ ਵੱਲ ਨੂੰ ਮੁੜ ਗਿਆ। "ਹਨੇਰੇ ਕਾਰਨ ਮਕਾਨਾਂ ਨੂੰ ਪਛਾਨਣਾ ਬਹੁਤ ਮੁਸ਼ਕਲ ਹੋ ਗਿਆ ਹੈ। ਦਿਨ ਹੁੰਦਾ ਤਾਂ ਹੁਣ ਤੱਕ ਉਸ ਦੇ ਘਰ ਪਹੁੰਚ ਗਏ

ਹੁੰਦੇ।"

"ਨਹੀਂ ਲੱਭਦਾ ਤਾਂ ਆਪਣੇ ਘਰ ਨੂੰ ਮੁੜ ਚਲਦੇ ਹਾਂ। ਟੈਮ ਬਰਬਾਦ ਕਰਨ ਦਾ ਕੋਈ ਫਾਇਦਾ ਨਹੀਂ।"

"ਤੂੰ ਠਹਿਰ ਪਹਿਲਵਾਨ, ਇੱਕ ਦੁਕਾਨ ਦੇ ਕੋਲ਼ੋਂ ਉਸ ਦੇ ਘਰ ਨੂੰ ਗਲ਼ੀ ਮੁੜਦੀ ਹੈ। ਦੁਕਾਨ ਦਿੱਸ ਪਈ ਤਾਂ ਚੁਟਕੀ ਵਿੱਚ ਉਸ ਦੇ ਘਰ ਪਹੁੰਚ ਜਾਵਾਂਗੇ।" ਕਿਸ਼ਨੇ ਨੇ ਸੱਚਮੁੱਚ ਚੁਟਕੀ ਵਜਾ ਦਿੱਤੀ।

ਕਾਲ਼ੀ ਖਮੋਸ਼ ਖੜ੍ਹਾ ਗਲ਼ੀਆਂ ਵਿੱਚ ਝਾਕਣ ਲੱਗਾ। ਇੱਕ ਮਕਾਨ ਵਿੱਚੋਂ ਹੱਥ ਵਿੱਚ ਹੁੱਕਾ ਲਈ ਖੰਘਦਾ ਹੋਇਆ ਇੱਕ ਆਦਮੀ ਬਾਹਰ ਨਿਕਲ਼ਿਆ। ਕਾਲ਼ੀ ਨੇ ਉਸ ਵੱਲ ਦੇਖਿਆ। ਕਿਸ਼ਨੇ ਨਾਲ਼ ਸਲਾਹ ਕੀਤੀ, "ਭਾ ਜੀ, ਇਹਦੇ ਕੋਲ਼ੋਂ ਪੁੱਛ ਲਉ। ਮੁਹੱਲੇਦਾਰ ਹੈ। ਇਸ ਨੂੰ ਪਤਾ ਹੋਣਾ।"

ਕਿਸ਼ਨੇ ਨੇ ਹਾਂ ਵਿੱਚ ਸਿਰ ਹਿਲਾਇਆ, "ਪੁੱਛ ਲੈਂਦਾ ਹਾਂ।"

ਜਦ ਉਹ ਆਦਮੀ ਉਨ੍ਹਾਂ ਦੇ ਨੇੜੇ ਪਹੁੰਚਿਆ ਤਾਂ ਕਿਸ਼ਨੇ ਨੇ ਨਿਮਰਤਾ ਨਾਲ਼ ਪੁੱਛਿਆ, "ਭਾਈ ਜੀ, ਇੱਥੇ ਕਿਤੇ ਨੇੜੇ ਤੇੜੇ ਮਿਸਤਰੀ ਜੀ ਰਹਿੰਦੇ ਹਨ।" ਕਿਸ਼ਨੇ ਨੇ ਹੱਥ ਦਾ ਇਸ਼ਾਰਾ ਕੀਤਾ।

"ਪੱਛਮ ਵਿੱਚ ਜਿਹੜਾ ਚਮੜੇ ਦਾ ਕਾਰਖਾਨਾ ਹੈ, ਉੱਥੇ ਕੰਮ ਕਰਦਾ ਹੈ।"

"ਮਿਸਤਰੀ ਦਾ ਨਾਂ ਕੀ ਹੈ ?"

"ਨਾਂ ਤਾਂ ਯਾਦ ਨਹੀਂ ਰਿਹਾ।" ਕਿਸ਼ਨੇ ਨੇ ਹੱਥ ਮਲਦਿਆਂ ਕਿਹਾ।

"ਹਰੀਆ ਤਾਂ ਨਹੀਂ ... ਖਾਨਪੁਰ ਵਾਲ਼ਾ ?"

"ਹਾਂ ਹਾਂ। ਹਰੀ ਰਾਮ ਨਾਂ ਹੈ। ਪਹਿਲਾਂ ਉਹ ਸੜਕ ਤੋਂ ਪਾਰ ਵਾਲ਼ੇ ਕਾਰਖਾਨੇ ਵਿੱਚ ਕੰਮ ਕਰਦਾ ਸੀ।"

"ਹਾਂ ... ਹਾਂ। ਉਹਦਾ ਨਾਂ ਹਰੀਰਾਮ ਹੀ ਹੈ।" ਆਦਮੀ ਨੇ ਸਹਿਮਤੀ ਨਾਲ਼ ਸਿਰ ਹਿਲਾਇਆ। "ਦੋ ਵਿਆਹ ਨੇ ਉਹਦੇ। ਉਸ ਹੀ ਕਾਰਖਾਨੇ ਵਿੱਚ ਕੰਮ ਕਰਨ ਵਾਲ਼ੇ ਕਿਸੇ ਬੰਦੇ ਦੀ ਘਰ ਵਾਲ਼ੀ ਨੂੰ ਕੱਢ ਲਿਆਇਆ ਅਤੇ ਫਿਰ ਕਾਰਖਾਨਾ ਤੇ ਮੁਹੱਲਾ ਦੋਨੋ ਛੱਡ ਦਿੱਤੇ।"

"ਹਾਂ ਜੀ ... ਹਾਂ ਜੀ।" ਕਿਸ਼ਨਾ ਖੁਸ਼ ਹੋ ਗਿਆ।

"ਤੁਸੀਂ ਹੋਰ ਅੱਗੇ ਚਲੇ ਜਾਉ। ਚੌਂਕ ਦੇ ਕੋਲ਼ੋਂ ਖੱਬੇ ਨੂੰ ਮੁੜ ਜਾਇਉ।"

"ਅੱਛਾ।"

"ਫਿਰ ਅਗਲੇ ਚੌਂਕ ਨੇੜੇ ਇੱਕ ਦੁਕਾਨ ਹੈ ...।"

"ਉੱਥੋਂ ਮੈਂ ਚਲੇ ਜਾਉਂਗਾ।" ਕਿਸ਼ਨੇ ਨੇ ਕਿਲਕਾਰੀ ਮਾਰੀ। ਪਰ ਆਦਮੀ ਨੇ ਉਸ ਦੀ ਉਕਸਾਹਟ ਨੂੰ ਨਜ਼ਰ ਅੰਦਾਜ਼ ਕਰ ਦਿੱਤਾ, "ਉੱਥੋਂ ਦੁਕਾਨ ਦੇ ਨਾਲ਼ ਵਾਲ਼ੀ ਗਲ਼ੀ ਵਿੱਚ ਜਾਣਾ। ਖੱਬੇ ਪਾਸੇ ਤੌੜ ਆਵੇਗਾ। ਉਹਦੇ ਨਾਲ਼ ਵਾਲ਼ਾ ਮਕਾਨ ਉਸ ਦਾ ਹੀ ਹੈ।"

"ਬਹੁਤ-ਬਹੁਤ ਮੇਹਰਬਾਨੀ। ਹੁਣ ਅਸੀਂ ਚਲੇ ਜਾਵਾਂਗੇ।" ਕਿਸ਼ਨੇ ਨੇ ਹੱਥ ਜੋੜ ਦਿੱਤੇ।

ਦੁਕਾਨ ਦੇ ਸਾਹਮਣੇ ਪਹੁੰਚ ਕੇ ਕਿਸ਼ਨਾ ਗਲ਼ੀ ਵਿੱਚ ਦੇਖਣ ਲੱਗਾ ਅਤੇ ਫਿਰ ਗਲ਼ੀ ਵਿੱਚ ਨੂੰ ਤੁਰ ਪਿਆ, "ਆ ਜਾ, ਪਹੁੰਚ ਗਏ ਹਾਂ।"

"ਭਾ ਜੀ ਤੁਸੀਂ ਮਿਸਤਰੀ ਨੂੰ ਜਾਣਦੇ ਆਂ ?"

"ਹਾਂ ... ਹਾਂ ... ਚੰਗੀ ਤਰ੍ਹਾਂ। ਉਹ ਕਾਰਖਾਨੇ ਵਿੱਚ ਛੋਟਾ ਫੋਰਮੈਨ ਸੀ। ਚਮੜੇ ਦੀ ਛਿਲਾਈ ਵਿੱਚ ਜਿੰਨਾ ਇਹਦਾ ਹੱਥ ਸਾਫ ਸੀ, ਸ਼ਹਿਰ ਵਿੱਚ ਸ਼ਾਇਦ ਹੀ ਕਿਸੇ ਹੋਰ ਆਦਮੀ ਦਾ ਹੋਵੇਗਾ। ਇਸ ਲਈ ਹਰ ਕਾਰਖਾਨੇਦਾਰ ਇਸ ਦੇ ਨਖਰੇ ਸਹਿੰਦਾ ਹੈ।" ਕਿਸ਼ਨੇ ਨੇ ਜ਼ੋਰ ਦੇ ਕੇ ਕਿਹਾ।

ਖਾਲੀ ਥਾਂ ਨੂੰ ਦੇਖ ਕੇ ਕਿਸ਼ਨਾ ਪੱਲ–ਭਰ ਲਈ ਰੁਕ ਗਿਆ। ਫਿਰ ਉਸ ਨੇ ਇੱਕ ਮਕਾਨ ਵੱਲ ਇਸ਼ਾਰਾ ਕੀਤਾ, "ਇਹ ਹੀ ਮਕਾਨ ਹੈ। ਮੈਂ ਬਨੇਰੇ ਦੇ ਕਿੰਗਰਿਆਂ ਤੋਂ ਪਛਾਣ ਲਿਆ ਹੈ।"

ਉਹ ਬੰਦ ਦਰਵਾਜ਼ੇ ਦੇ ਸਾਹਮਣੇ ਜਾ ਖੜ੍ਹੇ ਹੋਏ। ਵਿਹੜੇ ਵਿੱਚ ਜਗ ਰਹੀ ਲਾਲਟੈਣ ਦੀ ਰੌਸ਼ਨੀ ਤੇੜਾਂ ਰਾਹੀਂ ਛਣ–ਛਣ ਕੇ ਗਲ਼ੀ ਵਿੱਚ ਲੰਮੀਆਂ–ਪੀਲ਼ੀਆਂ ਲਕੀਰਾਂ ਬਣ ਕੇ ਵਿਛੀ ਹੋਈ ਸੀ। ਅੰਦਰੋਂ ਕਿਸੇ ਦੀ ਸਿਸਕੀਆਂ ਦੀ ਅਵਾਜ਼ ਆ ਰਹੀ ਸੀ। ਉਸ 'ਤੇ ਕਦੀ–ਕਦੀ ਖੰਘ ਭਾਰੀ ਹੋ ਜਾਂਦੀ ਸੀ। "ਲਗਦਾ ਹੈ ਅੰਦਰ ਕੋਈ ਤੀਵੀਂ ਰੋ ਰਹੀ ਹੈ।" ਕਾਲ਼ੀ ਨੇ ਡਰਦਿਆਂ–ਡਰਦਿਆਂ ਅੰਦਾਜ਼ਾ ਲਾਇਆ।

"ਘਰ ਵਿੱਚ ਇੱਕ ਹੀ ਤਾਂ ਤੀਵੀਂ ਹੈ।" ਕਿਸ਼ਨਾ ਬੂਹੇ ਵੱਲ ਨੂੰ ਵੱਧ ਗਿਆ, "ਜਦ ਇੰਨੀ ਦੂਰ ਆਏ ਹਾਂ ਤਾਂ ਮਿਸਤਰੀ ਅਤੇ ਮਿਸਤਰਾਣੀ ਨੂੰ ਮਿਲ਼ ਕੇ ਹੀ ਜਾਵਾਂਗੇ।"

ਕਿਸ਼ਨੇ ਨੇ ਹੌਲ਼ੀ ਜਿਹੀ ਬੂਹਾ ਖੜਕਾਇਆ। ਸਿਸਕੀਆਂ ਦੀ ਅਵਾਜ਼ ਬੰਦ ਹੋ ਗਈ ਅਤੇ ਖੰਘ ਦੇ ਵਿੱਚ ਹੀ ਕਿਸੇ ਆਦਮੀ ਨੇ ਰੋਹਬ ਨਾਲ਼ ਪੁੱਛਿਆ, "ਕੌਣ ਹੈ ਬੂਹੇ 'ਤੇ ?"

"ਮਿਸਤਰੀ ਜੀ ਮੱਥਾ ਟੇਕਦਾ ਹਾਂ। ... ਮੈਂ ਕਿਸ਼ਨਾ ਹਾਂ।" ਕਿਸ਼ਨੇ ਨੇ ਕੁੱਝ ਉੱਚੀ ਅਵਾਜ਼ ਵਿੱਚ ਆਪਣੀ ਪਛਾਣ ਦੱਸੀ।

ਕੁੱਝ ਹੀ ਪਲਾਂ ਵਿੱਚ ਬੂਹਾ ਖੁੱਲਿਆ। ਸਾਹਮਣੇ ਮਿਸਤਰੀ ਖੜ੍ਹਾ ਸੀ। ਲੇਕਿਨ ਉਸ ਦੇ ਪੈਰ ਡਗਮਗਾ ਰਹੇ ਸਨ ਜਿਵੇਂ ਉਸ ਨੇ ਬਹੁਤ ਜ਼ਿਆਦਾ ਨਸ਼ਾ ਕੀਤਾ ਹੋਇਆ ਹੋਵੇ। "ਮਿਸਤਰੀ ਜੀ ਮੱਥਾ ਟੇਕਦਾ ਹਾਂ।" ਥੋੜ੍ਹਾ ਅੱਗੇ ਹੋ ਕੇ ਕਿਸ਼ਨਾ ਆਦਰ ਨਾਲ਼ ਉਹਦੇ ਪੈਰਾਂ ਵੱਲ ਨੂੰ ਝੁਕ ਗਿਆ।

"ਤੂੰ ਕੀ ਲੈਣ ਆਇਆਂ ? ਤੈਨੂੰ ਕਿਸ ਨੇ ਸੱਦਿਆ ਹੈ ?" ਮਿਸਤਰੀ ਨੇ ਗੁੱਸੇ ਭਰੀ ਪਰ ਲੜਖੜਾਂਦੀ ਅਵਾਜ਼ ਵਿੱਚ ਪੁੱਛਿਆ।

"ਮਿਸਤਰੀ ਜੀ ਮੈਂ ਕਿਸ਼ਨਾ ਹਾਂ। ਸੜਕ ਤੋਂ ਪਾਰ ਵਾਲ਼ੇ ਚਮੜੇ ਦੇ ਕਾਰਖਾਨੇ ਵਿੱਚ ਕੰਮ ਕਰਦਾ ਹਾਂ।" ਕਿਸ਼ਨੇ ਨੇ ਆਪਣੇ ਬਾਰੇ ਵਿਸਥਾਰ ਨਾਲ਼ ਦੱਸਿਆ।

"ਉਹ ਤਾਂ ਮੈਂ ਸੁਣ ਲਿਆ। ਮੈਂ ਪੁੱਛ ਰਿਹਾ ਤੂੰ ਇੱਥੇ ਆਇਆਂ ਕਿਉਂ ?" ਮਿਸਤਰੀ ਦੇ ਵਾਕ ਦੇ ਆਖਰੀ ਸ਼ਬਦ ਗੂੰ ... ਗੂੰ ... ਦੀ ਅਵਾਜ਼ ਬਣ ਕੇ ਰਹਿ ਗਏ।

"ਮਿਸਤਰੀ ਜੀ, ਮੈਂ ਇੱਧਰ ਆਇਆ ਸੀ। ਸੋਚਿਆ ਤੁਹਾਡੇ ਤੇ ਚਾਚੀ ਜੀ ਦੇ

ਦਰਸ਼ਨ ਕਰਦਾ ਜਾਵਾਂ।" ਕਿਸ਼ਨੇ ਨੇ ਆਪਣਾਪਨ ਜਤਾਉਂਦਿਆਂ ਕਿਹਾ।

"ਹੂੰ। ਚਾਚੀ ਨੂੰ ਮਿਲਣ ਆਇਆਂ।" ਮਿਸਤਰੀ ਨੇ ਸ਼ੱਕ-ਭਰੀਆਂ ਨਜ਼ਰਾਂ ਨਾਲ਼ ਕਿਸ਼ਨੇ ਵੱਲ ਦੇਖਿਆ ਅਤੇ ਸਿਰ ਹਿਲਾਉਂਦਾ ਰਿਹਾ ਜਿਵੇਂ ਕਿਸੇ ਬਹੁਤ ਬੜੇ ਛੜਯੰਤਰ ਦੀ ਗਹਿਰਾਈ ਤੱਕ ਪਹੁੰਚ ਗਿਆ ਹੋਵੇ।

ਫਿਰ ਉਹ ਭੜਕ ਉੱਠਿਆ ਅਤੇ ਰਸੋਈ ਦੀ ਮੈਲ਼ੀ ਰੌਸ਼ਨੀ ਵਿੱਚ ਗੱਠੜੀ ਬਣੀ ਸਿਸਕੀਆਂ ਲੈਂਦੀ ਹੋਈ ਤੀਵੀਂ ਵੱਲ ਬਹੁਤ ਗੁਸੈਲੀਆਂ ਨਜ਼ਰਾਂ ਨਾਲ਼ ਦੇਖਦਾ ਹੋਇਆ ਚੀਕਿਆ, "ਲੈ, ਦੋ ਗਏ ਹਨ ... ਕੰਧ ਟੱਪ ਕੇ ... ਦੋ ਹੋਰ ਭਤੀਜੇ ਆ ਧਮਕੇ ਹਨ।"

ਮਿਸਤਰੀ ਲੜਖੜਾਂਦਾ ਰਸੋਈ ਵੱਲ ਨੂੰ ਚਲੇ ਗਿਆ ਅਤੇ ਉਸ ਨੂੰ ਸਿਰ ਦੇ ਵਾਲ਼ਾਂ ਤੋਂ ਫੜ ਕੇ ਘੜੀਸਣ ਦੀ ਕੋਸ਼ਿਸ਼ ਕਰਦਾ ਹੋਇਆ ਬਹੁਤ ਗੁੱਸੇ ਨਾਲ਼ ਬੋਲਿਆ, "ਲੈ ਉੱਠ, ਤੇਰੇ ਦੋ ਹੋਰ ਯਾਰ ਆ ਗਏ ਹਨ। ... ਸਾਲ਼ੀ, ਕਮਾਈ ਮੇਰੀ ਖਾਂਦੀ ਹੈ ਐਸ਼ ਦੂਜਿਆਂ ਨੂੰ ਕਰਾਉਂਦੀ ਹੈ।"

ਮਿਸਤਰੀ ਨੇ ਡਰੀ ਅਤੇ ਸੁੰਗੜ ਕੇ ਬੈਠੀ ਤੀਵੀਂ ਦੇ ਸਿਰ ਅਤੇ ਪਿੱਠ 'ਤੇ ਦੁਹੱਥੜ ਮਾਰਨ ਦੀ ਕੋਸ਼ਿਸ਼ ਕੀਤੀ। ਫਿਰ ਉਹ ਉਹਨੂੰ ਇਕੱਲੀ ਛੱਡ ਵਿਹੜੇ ਵਿੱਚ ਘੁੰਮਦਾ ਹੋਇਆ ਆਲ਼ੇ-ਦੁਆਲ਼ੇ ਖੂੰਜਿਆਂ ਵਿੱਚ ਧਿਆਨ ਨਾਲ਼ ਦੇਖਣ ਲੱਗਾ ਜਿਵੇਂ ਕੋਈ ਸੋਟਾ-ਲਾਠੀ ਲੱਭ ਰਿਹਾ ਹੋਵੇ।

ਜਦ ਉਸ ਨੂੰ ਕੁੱਝ ਵੀ ਨਾ ਲੱਭਾ ਤਾਂ ਉਹ ਬਾਂਹ ਲਹਿਰਾਉਂਦਾ ਹੋਇਆ ਕਿਸ਼ਨੇ ਅਤੇ ਕਾਲ਼ੀ ਵੱਲ ਨੂੰ ਦੌੜਿਆ, "ਖੜ੍ਹੇ ਹੋਵੋ ਬਦਮਾਸ਼ੋ, ਤੁਹਾਨੂੰ ਚਾਚੀ ਦੇ ਦਰਸ਼ਨਾਂ ਦੀ ਯਾਦ ਸਿਰਫ ਰਾਤ ਨੂੰ ਹੀ ਆਉਂਦੀ ਹੈ।"

ਤੀਵੀਂ ਨੇ ਰੋਂਦਿਆਂ ਹੱਥ ਜੋੜ ਦਿੱਤੇ। "ਰੱਬ ਦਾ ਖੌਫ ਖਾ। ਕਿਉਂ ਮੇਰੇ 'ਤੇ ਝੂਠੀਆਂ ਤੁਹਮਤਾਂ ਲਾਉਂਦਾ ਹੈਂ। ਆਪਣੇ ਪਾਪ ਮੇਰੇ ਸਿਰ ਮੜ੍ਹਦਾ ਹੈਂ।"

"ਤੂੰ ਪੂਰੀ ਬਦਮਾਸ਼ ਆਂ। ਤੂੰ ਜੀਂਦੇ-ਜਾਗਦੇ ਘਰ ਵਾਲ਼ੇ ਨੂੰ ਛੱਡ ਕੇ ਮੇਰੇ ਨਾਲ਼ ਆ ਗਈ ਕਿਉਂਕਿ ਮੈਂ ਤੈਨੂੰ ਜ਼ਿਆਦਾ ਐਸ਼ ਕਰਾ ਸਕਦਾ ਸੀ। ਹੋਰ ਕੋਈ ਮਿਲ਼ ਗਿਆ ਤਾਂ ਤੂੰ ਉਹਦੇ ਨਾਲ਼ ਚਲੇ ਜਾਏਗੀ।" ਮਿਸਤਰੀ ਨੇ ਉਹਨੂੰ ਮਾਰਨ ਲਈ ਹੱਥ ਚੁੱਕਿਆ।

ਮਿਸਤਰੀ ਨੂੰ ਬਹੁਤ ਹੀ ਗੁੱਸੇ ਵਿੱਚ ਦੇਖ ਕੇ ਕਿਸ਼ਨਾ ਅਤੇ ਕਾਲ਼ੀ ਬਾਹਰ ਦੌੜ ਗਏ। ਮਿਸਤਰੀ ਬੂਹੇ ਵਿੱਚ ਖੜ੍ਹਾ ਉਨ੍ਹਾਂ ਨੂੰ ਗਾਲ਼ਾਂ ਕੱਢਦਾ ਰਿਹਾ, "ਖੜ੍ਹੇ ਹੋਵੋ ਆਪਣੀ ਮਾਂ ਦਿਓ ਖਸਮੋਂ। ਹੁਣ ਦੌੜ ਕਿਉਂ ਗਏ। ਚਾਚੇ ਦੇ ਦਰਸ਼ਨ ਤਾਂ ਕਰਦੇ ਜਾਉ, ਖੁੱਲੇ ਦਰਸ਼ਨ ਦੇਵਾਂਗਾ। ਨਿਹਾਲ ਕਰ ਦੇਵਾਂਗਾ। ਮਾਰ-ਮਾਰ ਕੇ ਅੰਬ ਦੀ ਗਿਟੀ ਵਰਗੇ ਬਣਾ ਦੇਵਾਂਗਾ।"

ਜਦ ਕਿਸ਼ਨਾ ਤੇ ਕਾਲ਼ੀ ਮੋੜ ਮੁੜ ਕੇ ਮਿਸਤਰੀ ਦੀਆਂ ਅੱਖਾਂ ਤੋਂ ਉਹਲੇ ਹੋ ਗਏ ਤਾਂ ਉਸ ਨੇ ਬੂਹਾ ਅੰਦਰੋਂ ਬੰਦ ਕਰ ਲਿਆ। ਉਹ ਉੱਚੀ ਉੱਚੀ ਗਾਲ਼ਾਂ ਕੱਢਦਾ ਤੀਵੀਂ ਨੂੰ ਕੁੱਟਣ ਲੱਗਾ, "ਤੂੰ ਬਦਮਾਸ਼ ਆਂ। ਤੂੰ ਬਹੁਤ ਸਾਰੇ ਯਾਰ ਬਣਾਏ ਹੋਏ ਨੇ।"

ਕਿਸ਼ਨਾ ਤੇ ਕਾਲ਼ੀ ਆਪਣਾ ਸਾਹ ਦਰੁਸਤ ਕਰਨ ਲਈ ਪਿਸ਼ਾਬ ਕਰਨ ਦੇ ਬਹਾਨੇ ਕੰਧ ਨਾਲ਼ ਖੜ੍ਹੇ ਹੋ ਗਏ। ਜਦ ਤੀਵੀਂ ਦੀਆਂ ਚੀਕਾਂ ਅਤੇ ਮਿਸਤਰੀ ਦੀਆਂ ਗਾਲ਼ਾਂ ਦੀ

ਅਵਾਜ਼ ਕੰਨਾਂ ਦੇ ਪਰਦੇ ਪਾੜਣ ਲੱਗੀ ਤਾਂ ਉਹ ਉੱਥੋਂ ਤੁਰ ਪਏ ਅਤੇ ਕਾਹਲ਼ੀ-ਕਾਹਲ਼ੀ ਤੁਰਦੇ ਗਲ਼ੀਆਂ ਪਾਰ ਕਰਨ ਲੱਗੇ।

ਸੜਕ ਪਾਰ ਕਰਕੇ ਜਦ ਉਨ੍ਹਾਂ ਨੇ ਆਪਣੇ ਮੁਹੱਲੇ ਵਿੱਚ ਕਦਮ ਰੱਖਿਆ ਤਾਂ ਕਿਸ਼ਨੇ ਦੀ ਜਾਨ ਵਿੱਚ ਜਾਨ ਆਈ ਅਤੇ ਕੌੜਾ ਧੂੰਆਂ ਹੋਣ ਦੇ ਬਾਵਜੂਦ ਉਹ ਖੁੱਲ੍ਹ ਕੇ ਸਾਹ ਲੈਂਦਾ ਹੋਇਆ ਬੋਲਿਆ, "ਦੇਖ ਲਿਆ ਚਾਚੀ ਦਾ ਹਾਲ ? ਕਿੰਨਾ ਪਿਆਰ ਹੈ ਦੋਵਾਂ ਵਿੱਚ।"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਗਲ਼ੀ ਦੇ ਧੂੰਏਂ ਦੀ ਸਾਰੀ ਕੜਵਾਹਟ ਜਿਵੇਂ ਉਸ ਦੇ ਮੂੰਹ ਵਿੱਚ ਭਰ ਗਈ ਹੋਵੇ। ਉਹ ਬਹੁਤ ਪਰੇਸ਼ਾਨ ਸੀ। ਉਸ ਦੀ ਸਮਝ ਵਿੱਚ ਕੁਛ ਵੀ ਨਹੀਂ ਸੀ ਆ ਰਿਹਾ। ਸੋਚਣ-ਸਮਝਣ ਦੀ ਸ਼ਕਤੀ ਜਿਵੇਂ ਬਿਲਕੁਲ ਖਤਮ ਹੋ ਗਈ ਹੋਵੇ। ਕਾਲ਼ੀ ਨੂੰ ਇਕਦਮ ਸਾਰੇ ਸਰੀਰ ਵਿੱਚ ਖਾਜ ਦਾ ਅਹਿਸਾਸ ਹੋਣ ਲੱਗਾ। ਉਸ ਤੋਂ ਬਚਣ ਲਈ ਉਹ ਸਰੀਰ ਨੂੰ ਜ਼ੋਰ-ਜ਼ੋਰ ਨਾਲ਼ ਖਰੂਣ ਲੱਗਾ।

"ਕਿਉਂ, ਹੋ ਗਿਆ ਖਾਜ ਦਾ ਦੌਰਾ ਸ਼ੁਰੂ ?" ਕਿਸ਼ਨੇ ਨੇ ਪਿੱਛੇ ਮੁੜ ਕੇ ਇੱਕ ਪੱਲ ਲਈ ਕਾਲ਼ੀ ਵੱਲ ਦੇਖਿਆ। "ਚਲ, ਘਰ ਪਹੁੰਚ ਕੇ ਤੇਰੀ ਖਾਜ ਦਾ ਵੀ ਇਲਾਜ ਕਰਦੇ ਹਾਂ।"

"ਭਾ ਜੀ, ਛੇਤੀ ਕਰੋ। ਨਹੀਂ ਤਾਂ ਅੱਜ ਮੈਂ ਮਰ ਜਾਉਂਗਾ। ਆਪਣੀ ਚਮੜੀ ਆਪਣੇ ਹੀ ਹੱਥਾਂ ਨਾਲ਼ ਖਿੱਚ ਲਵਾਂਗਾ।" ਕਾਹਲ਼ੀ-ਕਾਹਲ਼ੀ ਖੁਰਕਦਾ ਹੋਇਆ ਕਾਲ਼ੀ ਇੱਕ ਤਰ੍ਹਾਂ ਚੀਕ ਉੱਠਿਆ।

## ਬਾਰ੍ਹਾਂ

ਕਿਸ਼ਨਾ ਤੇ ਕਾਲ਼ੀ ਘਰ ਪਹੁੰਚੇ ਤਾਂ ਕੱਲੂ ਬੂਹੇ ਨੂੰ ਪੂਰਾ ਖੋਲ੍ਹ ਕੇ ਇੱਕ ਖੂੰਜੇ ਵਿੱਚ ਖੜ੍ਹਾ ਸੀ। ਉਸ ਨੇ ਵਿਹੜੇ ਵਿੱਚ ਅਜਿਹੀ ਜਗ੍ਹਾ ਦੋ ਮੰਜੀਆਂ ਡਾਹ ਦਿੱਤੀਆਂ ਸਨ ਜਿਥੇ ਖੁੱਲ੍ਹੀ ਹਵਾ ਆਉਂਦੀ ਜਾਂਦੀ ਸੀ। ਕੱਚੇ ਥਾਂ 'ਤੇ ਪਾਣੀ ਵੀ ਛਿੜਕ ਦਿੱਤਾ ਸੀ ਤਾਂ ਕਿ ਸੇਕ ਕੁਛ ਘੱਟ ਹੋ ਜਾਵੇ। "ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਅਸੀਂ ਆ ਰਹੇ ਹਾਂ ?" ਕਿਸ਼ਨੇ ਨੇ ਕੱਲੂ ਵੱਲ ਸ਼ੱਕ ਭਰੀ ਨਜ਼ਰ ਨਾਲ਼ ਦੇਖਿਆ।

"ਮੈਂ ਛੱਤ ਤੋਂ ਤੁਹਾਨੂੰ ਆਉਂਦਿਆਂ ਨੂੰ ਦੇਖ ਲਿਆ ਸੀ,"

"ਤੂੰ ਛੱਤ 'ਤੇ ਕੀ ਲੈਣ ਗਿਆ ਸੀ ?"

ਕੱਲੂ ਨੇ ਕੋਈ ਜਵਾਬ ਨਾ ਦਿੱਤਾ ਤਾਂ ਕਿਸ਼ਨਾ ਖਿੱਝ ਗਿਆ, "ਕਾਕਾ ਤੂੰ ਭੈੜੇ ਕੰਮ ਛੱਡ ਦੇ। ਸਾਰਾ ਦਿਨ ਟੱਪਦਾ ਫਿਰਦਾ ਰਹਿੰਨਾ। ਕਦੀ ਖੇਤਾਂ ਵਿੱਚ, ਕਦੀ ਛੱਤ 'ਤੇ। ਬੰਦਾ ਬਣ ਕੇ ਘਰ ਦੇ ਅੰਦਰ ਬੈਠਿਆ ਕਰ।"

ਮੰਜੀ ਨੂੰ ਦੇਖ ਕੇ ਕਾਲ਼ੀ ਦੇ ਅੰਦਰ ਇਕਦਮ ਥਕਾਵਟ ਦਾ ਅਹਿਸਾਸ ਵੱਧ ਗਿਆ ਅਤੇ ਉਹ ਮੰਜੀ ਵੱਲ ਨੂੰ ਚਲੇ ਗਿਆ। ਆਪਣੀ ਖੱਬੀ ਕੂਹਣੀ ਮੰਜੀ 'ਤੇ ਰੱਖ ਕੇ ਤਲੀ 'ਤੇ ਸਿਰ ਟਿਕਾਈ ਅਧਲੇਟਿਆ ਜਿਹਾ ਦੋਵਾਂ ਭਰਾਵਾਂ, ਖਾਸ ਕਰਕੇ ਕੱਲੂ ਵੱਲ ਦੇਖਦਾ ਹੋਇਆ ਉਨ੍ਹਾਂ ਦੀ ਬਹਿਸ ਸੁਣਨ ਲੱਗਾ।

ਕੱਲੂ ਨੀਵੀਂ ਪਾਈ ਦਹਿਲੀਜ਼ 'ਤੇ ਖੜ੍ਹਾ ਸੀ। ਆਲ਼ੇ ਵਿੱਚ ਪਏ ਦੀਵੇ ਦੀ ਪੀਲੀ

ਰੌਸ਼ਨੀ ਵਿੱਚ ਉਸ ਦੇ ਚਿਹਰੇ ’ਤੇ ਕੋਈ ਪਰੇਸ਼ਾਨੀ ਜਾਂ ਉਦਾਸੀ ਦਿਖਾਈ ਨਹੀਂ ਦੇ ਰਹੀ ਸੀ। ਕੱਲੂ ਦੀ ਉਮਰ ਪੰਦਰਾਂ-ਸੋਲਾਂ ਸਾਲ ਦੀ ਸੀ ਅਤੇ ਉਸ ਦੇ ਮੁੱਛ ਫੁੱਟ ਰਹੀ ਸੀ। ਉਸ ਦਾ ਸਰੀਰ ਪਤਲਾ ਪਰ ਹੱਡ-ਪੈਰ ਖੁੱਲ੍ਹੇ ਸਨ ਅਤੇ ਉਹ ਹੋਰ ਵੀ ਜ਼ਿਆਦਾ ਵੱਧਣ-ਫੁੱਲਣ ਦੀ ਉਡੀਕ ਵਿੱਚ ਸਨ।

ਕਿਸ਼ਨਾ ਵੀ ਦੂਜੀ ਮੰਜੀ ’ਤੇ ਆ ਬੈਠਾ ਅਤੇ ਚਿਹਰੇ ’ਤੇ ਹੱਥ ਫੇਰਨ ਲੱਗਾ ਜਿਵੇਂ ਉਹ ਆਪਣੀ ਪ੍ਰੇਸ਼ਾਨੀ ਅਤੇ ਖਿੱਝ ਨੂੰ ਇਕੱਠੀ ਕਰਕੇ ਪਰ੍ਹੇ ਸੁੱਟ ਦੇਣੀ ਚਾਹੁੰਦਾ ਹੋਵੇ। ਕਾਲ਼ੀ ਵੱਲ ਦੇਖ ਕੇ ਉਹ ਪਿਆਰ ਨਾਲ਼ ਬੋਲਿਆ, “ਯਾਰਾ ਅਰਾਮ ਨਾਲ਼ ਲੰਮਾ ਪੈ। ਆਪਣਾ ਘਰ ਹੈ।”

ਫਿਰ ਉਸ ਨੇ ਹਾਕ ਮਾਰੀ, “ਕੱਲੂ ਉਏ, ਪੀਣ ਲਈ ਪਾਣੀ ਲੈ ਕੇ ਆ। ਤੇਹ ਲੱਗੀ ਹੈ। ਅੰਦਰੋਂ ਘੜੇ ਦਾ ਪਾਣੀ ਲਿਆਈਂ। ਸਵੇਰ ਦਾ ਭਰਿਆ ਹੋਇਆ ਹੈ। ਥੋੜ੍ਹਾ ਠੰਡਾ ਹੋਊਗਾ।”

ਮਕਾਨ ਦੇ ਚਾਰੇ ਪਾਸੇ ਧਿਆਨ ਨਾਲ਼ ਦੇਖ ਕੇ ਕਾਲ਼ੀ ਨੇ ਕਿਸ਼ਨੇ ਵੱਲ ਦੇਖਿਆ, “ਚੰਗਾ ਹੈ ...। ਅਲੱਗ ਹੈ। ... ਨਾ ਕਿਸੇ ਦੀ ਹਿੜਕ, ਨਾ ਝਿੜਕ।”

ਕਿਸ਼ਨਾ ਖੁਸ਼ ਹੋ ਗਿਆ। “ਕਿਰਾਇਆ ਕੁਸ਼ ਜ਼ਿਆਦਾ ਹੈ ਪਰ ਮੌਜ ਬਹੁਤ ਹੈ। ਮੁਹੱਲੇ ਵਿੱਚ ਕਮਰਾ ਲਵੋ ਤਾਂ ਰੁਪਇਆ-ਦੋ ਰੁਪਏ ਸਸਤਾ ਮਿਲ਼ ਸਕਦਾ ਹੈ ਪਰ ਸਿੜੀ-ਸਿਆਪੇ ਬਹੁਤ ਹਨ।

ਕਾਲ਼ੀ ਦਾ ਮੂੰਹ ਖੁੱਲ੍ਹਾ ਰਹਿ ਗਿਆ ਜਿਵੇਂ ਕਿਸ਼ਨੇ ਦੀ ਗੱਲ ਉਸ ਦੀ ਸਮਝ ਵਿੱਚ ਨਾ ਪਈ ਹੋਵੇ। ਉਸ ਦੀ ਸ਼ੰਕਾ ਨੂੰ ਤਾੜਦਿਆਂ ਕਿਸ਼ਨੇ ਨੇ ਸਮਝਾਇਆ, “ਮੁਹੱਲੇ ਦੇ ਘਰਾਂ ਵਿੱਚ ਬਹੁਤ ਕੁੱਝ ਸਾਂਝਾ ਹੁੰਦਾ ਹੈ ਜਿਵੇਂ ਕਿ ਰਸਤਾ, ਨਾਲ਼ੀ, ਪੌੜੀਆਂ ਅਤੇ ਛੱਤ ...। ਤੀਵੀਆਂ ਛੋਟੀ-ਛੋਟੀ ਗੱਲ ਨੂੰ ਲੈ ਕੇ ਆਪਸ ਵਿੱਚ ਝਗੜੇ ਪਾ ਲੈਂਦੀਆਂ ਹਨ ਅਤੇ ਘਰ-ਬਾਰ ਭੁੱਲ ਕੇ ਕਈ-ਕਈ ਦਿਨ ਲੜਦੀਆਂ ਰਹਿੰਦੀਆਂ ਹਨ।” ਕਿਸ਼ਨਾ ਹੱਸਿਆ। “ਨਿਆਣਿਆਂ ਦੀ ਵੱਖਰੀ ਖੈਹ-ਬਾਜ਼ੀ ਚਲਦੀ ਰਹਿੰਦੀ ਹੈ। ਔਰਤਾਂ ਅਤੇ ਨਿਆਣਿਆਂ ਦੇ ਝਗੜਿਆਂ ਨੂੰ ਲੈ ਕੇ ਆਦਮੀ ਵੀ ਸਿਰ ਪਾੜਨ-ਪੜਵਾਉਣ ਨੂੰ ਤਿਆਰ ਹੋ ਜਾਂਦੇ ਹਨ। ਇਸ ਲਈ ਅਲੱਗ ਕਮਰਾ ਹੀ ਠੀਕ ਰਹਿੰਦਾ ਹੈ। ਜਿਵੇਂ ਮਰਜ਼ੀ ਰਾਂਝਾ ਗਾਓ ਅਤੇ ਜੀਅ ਭਰ ਕੇ ਮੌਜ ਮਨਾਓ।”

ਕੱਲੂ ਅਲਮੀਨੀਅਮ ਦੇ ਦੋ ਗਲਾਸਾਂ ਵਿੱਚ ਪਾਣੀ ਲੈ ਆਇਆ ਅਤੇ ਇੱਕ-ਇੱਕ ਗਲਾਸ ਦੋਹਾਂ ਨੂੰ ਫੜਾ ਦਿੱਤਾ। ਕਾਲ਼ੀ ਨੇ ਕੱਲੂ ਵੱਲ ਧਿਆਨ ਨਾਲ਼ ਦੇਖਿਆ। “ਪੜ੍ਹਦਾ ਹੈ ਜਾਂ ਕੋਈ ਕੰਮ-ਧੰਦਾ ਕਰਦਾ ਹੈ ?”

“ਨਾ ਪੜ੍ਹਦਾ ਹੈ ਨਾ ਕੰਮ ਧੰਦਾ ਹੀ ਕਰਦਾ ਹੈ। ਅਜੇ ਤਾਂ ਲਫੰਡਰ ਤੁਰਿਆ ਫਿਰਦਾ ਹੈ। ਲੜਾਈਆਂ ਕਰਦਾ ਹੈ।”

ਕੱਲੂ ਝੇਂਪ ਗਿਆ ਅਤੇ ਦੱਬੇ ਪੈਰੀਂ ਕੋਠੇ ’ਤੇ ਚਲੇ ਗਿਆ। ਕਾਲ਼ੀ ਉਸ ਨੂੰ ਜਾਂਦੇ ਨੂੰ ਦੇਖਦਾ ਰਿਹਾ। “ਕਿੰਨੇ ਭੈਣ-ਭਾਈ ਹਨ ਤੇਰੇ ?

“ਕੋਈ ਕਮੀ ਨਹੀਂ ਹੈ। ਸੁਖ ਨਾਲ਼ ਕਾਫੀ ਹਨ।” ਕਿਸ਼ਨਾ ਹੱਸਿਆ। “ਕੁੱਲ ਬਾਰਾਂ

ਸਨ। ਇਸ ਸਮੇਂ ਛੇ ਭਰਾ–ਤਿੰਨ ਭੈਣਾਂ ਹਨ। ਸਾਰਿਆਂ ਦਾ ਵਿਆਹ ਹੋ ਚੁੱਕਾ ਹੈ। ਬੱਸ, ਇਹ ਹੀ ਇੱਕ ਕੁਆਰਾ ਹੈ।"

"ਭਰਾ ਸਾਰੇ ਪਿੰਡ ਹੀ ਰਹਿੰਦੇ ਹਨ ?"

"ਪਿੰਡ ਵਿੱਚ ਇੰਨੇ ਆਦਮੀ ਕਿਵੇਂ ਰਹਿ ਸਕਦੇ ਹਨ। ਤਿੰਨ ਪਿੰਡ ਹਨ, ਕੱਲੂ ਸਮੇਤ। ... ਸਾਰੇ ਸੇਪੀ ਦਾ ਕੰਮ ਕਰਦੇ ਹਨ। ਦੋ ਨਕੋਦਰ ਖੱਡੀ ਦਾ ਕੰਮ ਕਰਦੇ ਹਨ। ਮੈਂ ਇੱਥੇ ਹਾਂ।" ਕਿਸ਼ਨਾ ਵੱਖੀਆਂ ਨੂੰ ਦੋਵਾਂ ਹੱਥਾਂ ਨਾਲ਼ ਖੁਰਕਣ ਲੱਗਾ। "ਬਾਕੀ ਤਾਂ ਸਭ ਠੀਕ ਹੈ। ਬੱਸ ਇਹ ਹੀ ਇੱਕ ਰਹਿੰਦਾ ਹੈ ਜੋ ਅਜੇ ਤੱਕ ਲਫੰਡਰੀ ਕਰ ਰਿਹਾ ਹੈ। ਨੱਕ ਵਿੱਚ ਨਕੇਲ ਪਾ ਕੇ ਇਸ ਨੂੰ ਵੀ ਨੱਥੀ ਕਰਨ ਬਾਰੇ ਸੋਚ ਰਿਹਾ ਹਾਂ।"

"ਮੈਨੂੰ ਤਾਂ ਕੱਲੂ ਬਹੁਤ ਚੰਗਾ ਲੱਗਾ ਹੈ। ਆਪਣੀ ਬਰਾਦਰੀ ਵਿੱਚ ਇਹੋ ਜਿਹੇ ਮੁੰਡੇ ਘੱਟ ਹੀ ਮਿਲਦੇ ਹਨ। ਲੰਬਾ ਹੈ, ਸੋਹਣਾ ਹੈ, ਚੁਸਤ ਹੈ, ਠੀਕ ਖੁਰਾਕ ਮਿਲ਼ ਜਾਵੇ ਤਾਂ ਬਹੁਤ ਹੀ ਸੁਹਣਾ ਅਤੇ ਦਰਸ਼ਨੀ ਜਵਾਨ ਬਣੂਗਾ।"

"ਉਹ ਤਾਂ ਠੀਕ ਹੈ ਪਰ ਇਸ ਦੀ ਜਵਾਨੀ ਮੱਛਰੇ ਹੋਏ ਵੱਛੇ ਵਾਂਗ ਹੈ ਜਿਹੜਾ ਚਾਰੇ ਪਾਸੇ ਸੁੰਘਦਾ ਫਿਰਦਾ ਹੈ। ... ਸਿੰਗ ਫਸਾਉਂਦਾ ਹੈ।" ਕਿਸ਼ਨਾ ਕਾਲ਼ੀ ਵੱਲ ਨੂੰ ਝੁਕ ਗਿਆ, "ਇਸ ਨੇ ਪਿੰਡ ਵਿੱਚ ਇੱਕ ਚੌਧਰੀ ਦੀ ਕੁੜੀ ਫਸਾ ਲਈ ਸੀ। ਉਹ ਕੋਈ ਡੇਢ ਕੋਹ ਦੂਰ ਬੜੇ ਸਕੂਲ ਪੜ੍ਹਨ ਜਾਂਦੀ ਹੈ। ਇਸ਼ਕ–ਮੁਸ਼ਕ ਤਾਂ ਲੱਖ ਛੁਪਾਇਆਂ ਨਹੀਂ ਛੁਪਦੇ। ਗੱਲ ਨਿਕਲ਼ ਗਈ। ਕੁੜੀ ਦੇ ਪਿਉ ਤੇ ਭਰਾਵਾਂ ਨੂੰ ਵੀ ਪਤਾ ਲੱਗ ਗਿਆ। ਰੱਬ ਦਾ ਸ਼ੁਕਰ ਹੈ ਕਿ ਮੈਂ ਆਪਣਾ ਟੱਬਰ ਛੱਡਣ ਪਿੰਡ ਗਿਆ ਹੋਇਆ ਸੀ। ਘਰ ਵਾਲ਼ੇ ਬਹੁਤ ਪਰੇਸ਼ਾਨ ਸਨ। ਰਾਤੋ–ਰਾਤ ਇਹਨੂੰ ਲੈ ਕੇ ਸ਼ਹਿਰ ਆ ਗਿਆ। ਨਹੀਂ ਤਾਂ ਉਨ੍ਹਾਂ ਨੇ ਇਹਨੂੰ ਜਾਨ ਤੋਂ ਮਾਰ ਦੇਣਾ ਸੀ।"

"ਹੂੰ।" ਕਾਲ਼ੀ ਗਹਿਰੀ ਸੋਚ ਵਿੱਚ ਡੁੱਬ ਗਿਆ ਜਿਵੇਂ ਉਸ ਦੇ ਆਪਣੇ ਜ਼ਖਮ ਹਰੇ ਹੋ ਗਏ ਹੋਣ। ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣ ਦੀ ਕੋਸ਼ਿਸ਼ ਵਿੱਚ ਉਹ ਘੜੀ–ਘੜੀ ਪਾਸੇ ਮਾਰਨ ਲੱਗਾ। "ਪਿੰਡ ਵਿੱਚ ਲੋਕ ਆਪਣੀ–ਆਪਣੀ ਬਰਾਦਰੀ ਦੇ ਅੰਦਰ ਇਸ਼ਕ–ਮੁਸ਼ਕ ਬਰਦਾਸ਼ਤ ਨਹੀਂ ਕਰਦੇ। ਇਸ ਮਾਮਲੇ ਵਿੱਚ ਚੌਧਰੀ ਤਾਂ ਬਹੁਤ ਹੀ ਨਾਮੁਰਾਦ ਹਨ। ਖੈਰ, ਤੂੰ ਚੰਗਾ ਕੀਤਾ ਜਿਹੜਾ ਇਹਨੂੰ ਇੱਥੇ ਲੈ ਆਇਆਂ। ਹੁਣ ਕੀ ਸੋਚਿਆ ?"

"ਸੋਚਣਾ ਕੀ ਹੈ ? ਕੋਸ਼ਿਸ਼ ਕਰ ਰਿਹਾ ਹਾਂ ਕਿ ਇਹਨੂੰ ਕਿਸੇ ਕਾਰਖਾਨੇ ਵਿੱਚ ਭਰਤੀ ਕਰਾ ਦੇਵਾਂ। ਪੜ੍ਹਿਆ ਲਿਖਿਆ ਤਾਂ ਹੈ ਨਹੀਂ ਪਰ ਹੁਸ਼ਿਆਰ ਹੈ। ਦਿਮਾਗ ਬਹੁਤ ਤੇਜ਼ ਹੈ। ਖਰਾਦੀਏ–ਫਰਾਦੀਏ ਦਾ ਕੰਮ ਸਿੱਖ ਜਾਵੇ ਤਾਂ ਜ਼ਿੰਦਗੀ ਸੁਧਰ ਜਾਊਗੀ। ਛੋਟੀ ਉਮਰ ਵਿੱਚ ਆਦਮੀ ਬਹੁਤ ਛੇਤੀ ਕੰਮ ਸਿੱਖ ਜਾਂਦਾ।"

"ਕਿਤੇ ਗੱਲ ਕੀਤੀ ਹੈ ?"

"ਇੱਧਰ ਅੱਡੇ ਵੱਲ ਨੂੰ ਜਾਈਏ ਤਾਂ ਰਾਹ ਵਿੱਚ ਖੱਬੇ ਪਾਸੇ ਪਿੱਤਲ ਦਾ ਕਾਰਖਾਨਾ ਆਉਂਦਾ ਹੈ। ਕਾਫੀ ਵੱਡਾ ਕਾਰਖਾਨਾ ਹੈ। ਸੱਠ–ਸੱਤਰ ਆਦਮੀ ਕੰਮ ਕਰਦੇ ਹਨ। ਉੱਥੇ ਕੋਸ਼ਿਸ਼ ਕਰ ਰਿਹਾ ਹਾਂ।"

"ਜ਼ਰੂਰ ਕਰ। ਚੰਗਾ ਕਾਰੀਗਰ ਸਿਰਫ ਰੱਬ ਦੀ ਮਾਰ ਨਾਲ਼ ਹੀ ਮਰਦਾ ਹੈ। ਬੰਦੇ ਦੀ ਮਾਰ ਨਾਲ਼ ਨਹੀਂ, ਭਾਵੇਂ ਉਹ ਬੜੇ ਤੋਂ ਬੜਾ ਧਨਾਢ ਕਿਉਂ ਨਾ ਹੋਵੇ।"

"ਮੇਰੀ ਤਾਂ ਪੂਰੀ ਕੋਸ਼ਿਸ਼ ਹੈ। ਅੱਗੇ ਇਸ ਦੀ ਕਿਸਮਤ।" ਕਿਸ਼ਨਾ ਮੰਜੀ ਤੋਂ ਉੱਠ ਖੜ੍ਹਾ ਹੋਇਆ, "ਮੈਂ ਤੇਰੀ ਖਾਜ ਦਾ ਵੀ ਇਲਾਜ ਕਰਾਂ। ਦੌੜ ਕੇ ਦਵਾਈ ਲੈ ਆਵਾਂ।"

"ਮੈਂ ਵੀ ਨਾਲ਼ ਚਲਦਾ ਹਾਂ।"

"ਨਹੀਂ, ਤੂੰ ਅਰਾਮ ਕਰ।" ਕਿਸ਼ਨੇ ਨੇ ਕਾਲ਼ੀ ਨੂੰ ਰੋਕ ਦਿੱਤਾ।

"ਚੰਗਾ ਪੈਸੇ ਤਾਂ ਲੈ ਜਾ। ਦਵਾਈ ਮੁਫਤ ਥੋੜੋ ਆ ਜਾਣੀ ਹੈ।" ਕਾਲ਼ੀ ਨੇ ਜੇਬ ਵਿੱਚੋਂ ਪੈਸਿਆਂ ਵਾਲ਼ਾ ਰੁਮਾਲ ਕੱਢਿਆ।

"ਬਾਅਦ ਵਿੱਚ ਹਿਸਾਬ ਕਰ ਲਵਾਂਗੇ। ਦਵਾਈ ਮੈਨੂੰ ਵੀ ਤਾਂ ਚਾਹੀਦੀ ਹੈ।" ਕਿਸ਼ਨਾ ਮੁਸਕਰਾਇਆ।

ਤਖਤੇ ਨੂੰ ਬੰਦ ਕਰਕੇ ਕਿਸ਼ਨਾ ਬਾਹਰ ਨਿਕਲ ਗਿਆ। ਕਾਲੀ ਫਿਰ ਮੰਜੀ 'ਤੇ ਲੰਮਾ ਪੈ ਗਿਆ। ਕੱਲੂ ਵਾਰ-ਵਾਰ ਬਨੇਰੇ 'ਤੇ ਆ ਕੇ ਕਾਲ਼ੀ ਵੱਲ ਦੇਖਦਾ ਅਤੇ ਫਿਰ ਪਿੱਛੇ ਹਟ ਜਾਂਦਾ। ਕਾਲੀ ਦੇ ਖਾਜ ਸ਼ੁਰੂ ਹੋ ਗਈ ਸੀ। ਉਹ ਘੜੀ-ਘੜੀ ਪਾਸੇ ਮਾਰਦਾ ਸੀ। ਉਹ ਕਦੀ ਲੱਤਾਂ ਪਸਾਰ ਲੈਂਦਾ ਅਤੇ ਫਿਰ ਝੱਟਪੱਟ ਕੱਠੀਆਂ ਕਰਕੇ ਢਿੱਡ ਨਾਲ਼ ਲਾ ਲੈਂਦਾ।

ਉਸ ਨੂੰ ਪਤਾ ਸੀ ਕਿ ਕੋਠੇ 'ਤੇ ਘੁੰਮਦਾ-ਫਿਰਦਾ ਕੱਲੂ ਵਾਰ-ਵਾਰ ਬਨੇਰੇ 'ਤੇ ਆਉਂਦਾ ਹੈ ਅਤੇ ਉਹਦੀ ਵੱਲ ਵੇਖ ਕੇ ਪਿੱਛੇ ਹਟ ਜਾਂਦਾ ਹੈ। ਖਾਜ ਦੇ ਅਹਿਸਾਸ ਤੋਂ ਛੁਟਕਾਰਾ ਪਾਉਣ ਦੇ ਲਈ ਕਾਲ਼ੀ ਮੰਜੀ ਤੋਂ ਉਠਿਆ ਅਤੇ ਖੁੱਲ੍ਹੇ ਵਿਹੜੇ ਦੀ ਛੋਟੀ ਜਿਹੀ ਚਾਰ ਦੀਵਾਰੀ ਦੇ ਉਪਰੋਂ ਖੇਤਾਂ ਵੱਲ ਨੂੰ ਦੇਖਣ ਲੱਗਾ।

ਖੇਤਾਂ ਵਿੱਚ ਦੂਰ ਪਰ੍ਹੇ ਮੱਧਮ-ਮੱਧਮ ਰੌਸ਼ਨੀ ਨਜ਼ਰ ਆ ਰਹੀ ਸੀ। ਕਾਲ਼ੀ ਸੋਚਣ ਲੱਗਾ ਕਿ ਸ਼ਾਇਦ ਕੋਈ ਨਵੀਂ ਬਸਤੀ ਹੈ। ਉਹ ਉਨ੍ਹਾਂ ਰੌਸ਼ਨੀਆਂ ਨੂੰ ਧਿਆਨ ਨਾਲ਼ ਦੇਖਦਾ ਹੋਇਆ ਬਸਤੀ ਦੀ ਕਲਪਨਾ ਕਰਨ ਲੱਗਾ। ਉਹ ਆਪਣੀ ਕਲਪਨਾ ਵਿੱਚ ਗੁਆਚਿਆ ਹੋਇਆ ਸੀ ਕਿ ਉਸ ਨੂੰ ਧੜੰਮ ਦੀ ਅਵਾਜ਼ ਸੁਣਾਈ ਦਿੱਤੀ, ਜਿਵੇਂ ਮਿੱਟੀ ਦਾ ਬੜਾ ਢੇਲਾ ਜਾਂ ਅਨਾਜ ਦੀ ਭਰੀ ਹੋਈ ਬੋਰੀ ਡਿੱਗੀ ਹੋਵੇ।

ਕਾਲ਼ੀ ਨੇ ਪਿੱਛੇ ਮੁੜ ਕੇ ਦੇਖਿਆ ਅਤੇ ਕੱਲੂ ਨੂੰ ਹੱਥ ਤੇ ਕੱਪੜੇ ਝਾੜਦਿਆਂ ਦੇਖ ਉਹ ਹੈਰਾਨ ਹੋ ਗਿਆ। "ਕੱਲੂ ਕੀ ਹੋਇਆ ? ਕੌਣ ਡਿੱਗਿਆ ਹੈ ?"

"ਕੁੱਛ ਨਹੀ ਹੋਇਆ, ਭਾ ਜੀ," ਕੱਲੂ ਦੀ ਅਵਾਜ਼ ਥਿੜਕਦੀ ਸੀ ਜਿਵੇਂ ਕਿਸੇ ਗੱਲ 'ਤੇ ਪਰਦਾ ਪਾਉਣਾ ਚਾਹੁੰਦਾ ਹੋਵੇ ਜਾਂ ਫਿਰ ਗੱਲ ਟਾਲ਼ਦਾ ਹੋਵੇ।

"ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਕੋਈ ਭਾਰੀ ਜਿਹੀ ਚੀਜ਼ ਡਿਗੀ ਹੋਵੇ।"

"ਨਹੀਂ ਭਾ ਜੀ, ਏਦਾਂ ਦਾ ਤਾਂ ਕੁਛ ਨਹੀਂ ਹੋਇਆ।" ਕਾਲ਼ੀ ਨੂੰ ਯਕੀਨ ਦੁਆਉਣ ਲਈ ਕੱਲੂ ਨੇ ਜ਼ੋਰ-ਜ਼ੋਰ ਨਾਲ਼ ਇਨਕਾਰ ਵਿੱਚ ਸਿਰ ਹਿਲਾਇਆ।

"ਮੈਂ ਧੜੰਮ ਦੀ ਅਵਾਜ਼ ਆਪਣੇ ਕੰਨਾਂ ਨਾਲ਼ ਸੁਣੀ ਹੈ।" ਕਾਲ਼ੀ ਨੇ ਕੱਲੂ ਵੱਲ ਬਹੁਤ ਹੀ ਧਿਆਨ ਨਾਲ਼ ਦੇਖਿਆ।

"ਡਿੱਗਿਆ ਕੁਛ ਨਹੀਂ ਸੀ, ਭਾ ਜੀ। ਦਰਅਸਲ ਮੈਂ ਪੌੜੀਆਂ ਦੇ ਅੱਧ ਵਿਚਾਲਿਉ ਹੀ ਥੱਲੇ ਛਾਲ ਮਾਰ ਦਿੱਤੀ ਸੀ।"

"ਛਾਲ ਕਿਉਂ ਮਾਰੀ ਸੀ। ਕੀ ਕੋਈ ਭੂਤ-ਪਰੇਤ ਦਿਸ ਰਿਹਾ ਸੀ ?"

"ਨਾ-ਨਾ ਭਾ ਜੀ, ਮੈਨੂੰ ਭੂਤ ਪਰੇਤ ਨਜ਼ਰ ਨਹੀਂ ਆਉਂਦੇ। ਉਹ ਸ਼ਾਇਦ ਮੈਨੂੰ ਦੇਖ ਕੇ ਡਰਦੇ ਮਾਰੇ ਦੌੜ ਜਾਂਦੇ ਹਨ।" ਕੱਲੂ ਹੱਸਿਆ।

"ਤਾਂ ਹੋਰ ਕਿਸੇ ਪੁਰਾਣੀ ਯਾਦ ਨੇ ਪਰੇਸ਼ਾਨ ਕਰ ਦਿੱਤਾ ਸੀ ਜਿਹੜਾ ਬੇਬਸ ਹੋ ਕੇ ਛਾਲ ਮਾਰ ਦਿੱਤੀ ?" ਕਾਲ਼ੀ ਨੇ ਵੀ ਹੱਸਣ ਦੀ ਕੋਸ਼ਿਸ਼ ਕੀਤੀ ਤਾਂ ਕਿ ਕੱਲੂ ਨੂੰ ਉਸ ਦੇ ਸਵਾਲ਼ ਦੀ ਚੋਭ ਮਹਿਸੂਸ ਨਾ ਹੋਵੇ।

ਜਵਾਬ ਵਿੱਚ ਕੱਲੂ ਨੇ ਨੀਵੀਂ ਪਾ ਲਈ ਤੇ ਖਸਿਆਨਾ ਜਿਹਾ ਹੱਸ ਕੇ ਇੱਧਰ-ਉੱਧਰ ਦੇਖਣ ਲੱਗਾ।"

"ਬਰਖੁਰਦਾਰ, ਮੇਰੇ ਸਵਾਲ਼ ਦਾ ਜਵਾਬ ਤਾਂ ਦੇ ?" ਕਾਲ਼ੀ ਨੇ ਉਸ ਨੂੰ ਜ਼ੋਰ ਨਾਲ਼ ਪੁੱਛਿਆ।

ਕੱਲੂ ਹੱਸ ਪਿਆ ਅਤੇ ਫਿਰ ਪਰੇਸ਼ਾਨ ਹੋ ਕੇ ਕੋਠੇ ਵੱਲ ਇਸ ਤਰ੍ਹਾਂ ਦੇਖਣ ਲੱਗਾ ਜਿਵੇਂ ਉਸ ਵਿੱਚ ਕੋਈ ਅਚਾਨਕ ਤਬਦੀਲੀ ਆ ਗਈ ਹੋਵੇ। ਕਾਲ਼ੀ ਹੌਲ਼ੀ-ਹੌਲ਼ੀ ਤੁਰਦਾ ਉਸ ਦੇ ਬਰਾਬਰ ਜਾ ਖੜ੍ਹਾ ਹੋਇਆ। ਉਹ ਕਾਲ਼ੀ ਦੇ ਬਿਲਕੁਲ ਨਾਲ਼ ਖੜ੍ਹਾ ਸੀ। ਮੋਢੇ ਦੇ ਬਰਾਬਰ ਮੋਢਾ ਅਤੇ ਸਿਰ ਦੇ ਬਰਾਬਰ ਸਿਰ ਪਰ ਸਰੀਰ ਪੱਖੋਂ ਅਜੇ ਪਤਲਾ ਸੀ। ਕਿਸੇ ਪਾਸੇ ਵੀ ਵਾਧੂ ਚਰਬੀ ਨਹੀਂ ਸੀ।

ਕਾਲ਼ੀ ਖੁਸ਼ ਹੋ ਕੇ ਆਪਣਾ ਮੁੰਡਪੁਣਾ ਯਾਦ ਕਰਨ ਲੱਗ ਪਿਆ। ਉਸ ਸਮੇਂ ਉਹ ਵੀ ਕਾਲੂ ਵਾਂਗ ਵਿਹਲਾ ਤੁਰਿਆ ਫਿਰਦਾ ਹੁੰਦਾ ਸੀ। ਚੋਅ ਦੇ ਗਿੱਲੇ ਰੇਤੇ 'ਤੇ ਦੌੜਦਾ ਹੋਇਆ ਉਡਦੀਆਂ ਤਿਤਲੀਆਂ ਦਾ ਪਿੱਛਾ ਕਰਦਾ ਹੁੰਦਾ ਸੀ।

ਪੁਰਾਣੀਆਂ ਯਾਦਾਂ ਚੇਤੇ ਕਰਕੇ ਕਾਲ਼ੀ ਉਦਾਸ ਹੋ ਗਿਆ ਅਤੇ ਉਹ ਕੱਲੂ ਨੂੰ ਹੋਰ ਕੋਈ ਸਵਾਲ਼ ਪੁੱਛੇ ਬਿਨਾਂ ਹੀ ਮੰਜੀ 'ਤੇ ਜਾ ਪਿਆ। ਆਪਣੇ ਉਨ੍ਹਾਂ ਦਿਨਾਂ ਦੀਆਂ ਯਾਦਾਂ ਬਾਰੇ ਸੋਚਦਿਆਂ-ਸੋਚਦਿਆਂ ਅਚਾਨਕ ਉਸ ਦਾ ਧਿਆਨ ਫਿਰ ਕੱਲੂ ਵੱਲ ਚਲੇ ਗਿਆ।

ਉਹ ਕੰਧ ਦੇ ਕੋਲ਼ ਖੜ੍ਹਾ ਸਾਹਮਣੇ ਮਕਾਨ ਦੀ ਛੱਤ 'ਤੇ ਘੁੰਮ ਰਹੀ ਕੁੜੀ ਵੱਲ ਦੇਖ ਰਿਹਾ ਸੀ। ਉਹ ਸਾਫ ਤੌਰ 'ਤੇ ਨਜ਼ਰ ਨਹੀਂ ਆ ਰਹੀ ਸੀ ਕਿਉਂਕਿ ਵਾਤਾਵਰਣ 'ਚ ਮੈਲ਼ਾ ਜਿਹਾ ਹਨੇਰਾ ਅਤੇ ਧੂੰਆਂ ਛਾਇਆ ਹੋਇਆ ਸੀ।

ਛੱਤ 'ਤੇ ਕੁੜੀ ਨੂੰ ਦੇਖ ਕੇ ਕਾਲ਼ੀ ਨੂੰ ਗਿਆਨੋ ਦੀ ਯਾਦ ਆ ਗਈ ਅਤੇ ਉਹ ਵਿਆਕੁਲ ਹੋ ਗਿਆ ਜਿਵੇਂ ਉਸ 'ਤੇ ਕੋਈ ਬਹੁਤ ਬੜੀ ਆਫਤ ਆਉਣ ਵਾਲ਼ੀ ਸੀ। ਫਿਰ ਉਸ ਨੇ ਜ਼ੋਰ ਨਾਲ਼ ਅੱਖਾਂ ਬੰਦ ਕਰ ਲਈਆਂ ਜਿਵੇਂ ਗਿਆਨੋ ਦੀ ਯਾਦ ਨੂੰ ਆਪਣੇ ਤੋਂ ਬਹੁਤ ਦੂਰ ਰੱਖਣਾ ਚਾਹੁੰਦਾ ਹੋਵੇ।

"ਮਾਂ, ਆਉਂਦੀ ਹਾਂ।" ਕਾਲ਼ੀ ਦੇ ਕੰਨਾਂ ਵਿੱਚ ਕਿਸੇ ਕੁੜੀ ਦੀ ਅਵਾਜ਼ ਪਈ।

ਕਾਲ਼ੀ ਨੇ ਸਾਹਮਣੇ ਛੱਤ ਵੱਲ ਦੇਖਿਆ। ਉੱਥੇ ਘੁੰਮਦੀ-ਫਿਰਦੀ ਧੁੰਦਲੀ ਜਿਹੀ

ਪੁਤਲੀ ਅਲੋਪ ਹੋ ਚੁੱਕੀ ਸੀ। ਕਾਲ਼ੀ ਨੇ ਸੁੱਖ ਦਾ ਸਾਹ ਲਿਆ ਅਤੇ ਮੰਜੀ ਤੋਂ ਉੱਠ ਪਿਆ। ਕੱਲੂ ਵੀ ਕੰਧ ਤੋਂ ਪਿੱਛੇ ਹਟ ਗਿਆ ਸੀ।

"ਕੱਲੂ।" ਕਾਲ਼ੀ ਨੇ ਗਰਦਨ ਚੁੱਕ ਕੇ ਹਾਕ ਮਾਰੀ।

"ਹਾਂ, ਭਾ ਜੀ।"

"ਤੂੰ ਦੱਸਿਆ ਨਹੀਂ ?"

"ਕੀ, ਭਾ ਜੀ ?"

"ਇਹੀ ਕਿ ਤੂੰ ਅੱਧੀ ਪੌੜੀ ਤੋਂ ਥੱਲੇ ਛਾਲ ਕਿਉਂ ਮਾਰੀ ਸੀ ?"

"ਐਂਵੇਂ ਹੀ। ਕੋਈ ਖਾਸ ਗੱਲ ਨਹੀਂ ਸੀ।" ਕੱਲੂ ਹੱਥ ਮਲ਼ਣ ਲੱਗਾ।

"ਬਿਨਾਂ ਕਾਰਨ ਤਾਂ ਕੁਸ਼ ਹੁੰਦਾ ਨਹੀਂ। ਪੱਤਾ ਵੀ ਨਹੀਂ ਹਿਲਦਾ। ਛਾਲ ਮਾਰਨੀ ਤਾਂ ਬਹੁਤ ਬੜ੍ਹੀ ਗੱਲ ਹੈ।" ਕਾਲ਼ੀ ਨੇ ਸਮਝਾਇਆ।

ਉਹਦੇ ਸਵਾਲ਼ਾਂ ਤੋਂ ਕੱਲੂ ਪਰੇਸ਼ਾਨ ਵੀ ਹੋ ਰਿਹਾ ਸੀ ਅਤੇ ਖੁਸ਼ ਵੀ। ਘਰ ਵਿੱਚ ਕਿਸੇ ਨੇ ਇਸ ਤਰ੍ਹਾਂ ਦੋਸਤਾਨਾ ਢੰਗ ਨਾਲ਼ ਕਦੀ ਉਸ ਨੂੰ ਨਹੀਂ ਬੁਲਾਇਆ ਸੀ। ਘਰ ਦੇ ਜੀਅ ਜਾਂ ਤਾਂ ਝਿੜਕਦੇ ਹਨ ਜਾਂ ਫਿਰ ਪਿਆਰ ਕਰਦੇ ਹਨ। ਵਿੱਚ-ਵਿਚਾਲੇ ਕੁਸ਼ ਨਹੀਂ ਹੈ। ਕਾਲ਼ੀ ਨੇ ਜਦ ਆਪਣਾ ਸਵਾਲ਼ ਇੱਕ ਵਾਰ ਫਿਰ ਦੁਹਰਾਇਆ ਤਾਂ ਕੱਲੂ ਝਿਜਕ ਗਿਆ, "ਮੈਂ ਦੇਖਣਾ ਚਾਹੁੰਦਾ ਸੀ ਕਿ ਥੱਲੇ ਜ਼ਮੀਨ ਕਿੰਨੀ ਕੁ ਕਰੜੀ ਹੈ।"

"ਕਾਹਦੇ ਲਈ ਦੇਖਣਾ ਚਾਹੁੰਦਾ ਸੀ ?"

"ਬੱਸ ਐਂਵੇਂ ਹੀ। ਪੌੜੀ ਉੱਤਰਦਿਆਂ ਮਨ ਵਿੱਚ ਆ ਗਈ ਅਤੇ ਮੈਂ ਛਾਲ ਮਾਰ ਦਿੱਤੀ।" ਕੱਲੂ ਨੇ ਰੋਮਾਂਚਿਕ ਹੁੰਦਿਆਂ ਸਿਰ ਹਿਲਾਇਆ।

"ਜੇ ਤੇਰੇ ਹੱਥ-ਪੈਰ ਟੁੱਟ ਜਾਂਦੇ। ਸੱਟ-ਫੇਟ ਲੱਗ ਜਾਂਦੀ ?" ਕਾਲ਼ੀ ਨੇ ਕੱਲੂ ਨੂੰ ਡਰਾਇਆ।

"ਸੱਟ-ਸੁੱਟ ਤਾਂ ਲਗਦੀ ਹੀ ਰਹਿੰਦੀ ਹੈ।" ਕੱਲੂ ਨੇ ਸਿਰ ਝਟਕਦਿਆਂ ਇਸ ਤਰ੍ਹਾਂ ਬੇਪਰਵਾਹੀ ਨਾਲ਼ ਕਿਹਾ ਜਿਵੇਂ ਬਹੁਤ ਛੋਟੀ ਜਿਹੀ ਗੱਲ ਹੋਵੇ।

ਕਾਲ਼ੀ ਖਾਮੋਸ਼ ਬੈਠਾ ਕੱਲੂ ਵੱਲ ਲਗਾਤਾਰ ਦੇਖਦਾ ਰਿਹਾ। ਜਦ ਉਸ ਦੇ ਨੈਣ-ਨਕਸ਼ ਕਾਲ਼ੀ ਦੀ ਆਪਣੀ ਸ਼ਕਲ-ਸੂਰਤ ਵਿੱਚ ਬਦਲਣ ਲੱਗੇ ਤਾਂ ਉਸ ਦਾ ਮਨ ਇਕਦਮ ਕੱਲੂ ਲਈ ਪਿਆਰ ਨਾਲ਼ ਭਰ ਗਿਆ। ਉਸ ਨੇ ਕੱਲੂ ਦਾ ਹੱਥ ਫੜ੍ਹ ਲਿਆ। ਹੱਥ ਲੰਬਾ ਅਤੇ ਉਂਗਲੀਆਂ ਪਤਲੀਆਂ ਸਨ। ਉਸ ਦੇ ਹੱਥ ਦੀ ਮਜ਼ਬੂਤੀ ਅਤੇ ਗਰਮੀ ਨੂੰ ਮਹਿਸੂਸ ਕਰਕੇ ਕਾਲ਼ੀ ਨੂੰ ਬਹੁਤ ਹੀ ਸੁੱਖ ਦਾ ਅਨੁਭਵ ਹੋਇਆ।

ਕੱਲੂ ਨੂੰ ਕਾਲ਼ੀ ਨੇ ਆਪਣੇ ਕੋਲ਼ ਬਠਾਲ ਲਿਆ, "ਪਿੰਡੋਂ ਕਦ ਆਇਆ ਸੀ ?"

"ਕਈ ਦਿਨ ਹੋ ਗਏ ਹਨ।" ਕੱਲੂ ਨੇ ਹਿਸਾਬ ਲਾਉਣ ਦੀ ਕੋਸ਼ਿਸ਼ ਕੀਤੀ।

"ਪਿੰਡ ਦਾ ਚੇਤਾ ਆਉਂਦਾ ਹੈ ਕਿ ਨਹੀਂ ?"

ਕੱਲੂ ਨੇ ਤੁਰੰਤ ਕੋਈ ਜਵਾਬ ਨਾ ਦਿੱਤਾ। ਸੋਚ ਵਿੱਚ ਡੁੱਬੇ ਹੋਏ ਨੇ ਆਪਣਾ ਸਿਰ ਥੱਲੇ ਨੂੰ ਝੁਕਾ ਲਿਆ।

ਕਾਲ਼ੀ ਉਸ ਨੂੰ ਨਿਹਾਰਦਾ ਰਿਹਾ। "ਦੱਸਦਾ ਕਿਉਂ ਨਹੀਂ ?"

"ਕੀ ਦੱਸਾਂ, ਭਾ ਜੀ।" ਕੱਲੂ ਵੀ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਣ ਲੱਗਾ।

ਉਹਦਾ ਉੱਤਰ ਸੁਣ ਕੇ ਕਾਲ਼ੀ ਘਬਰਾ ਗਿਆ ਜਿਵੇਂ ਗਲਤ ਜਗ੍ਹਾ ਫੜਿਆ ਗਿਆ ਹੋਵੇ। ਉਹ ਆਪਣੇ-ਆਪ ਨੂੰ ਸੰਭਾਲਦਾ ਹੋਇਆ ਹੌਲ਼ੀ ਜਿਹੇ ਬੋਲਿਆ, "ਮੇਰੇ ਪੁੱਛਣ ਦਾ ਮਤਲਬ ਸੀ ਕਿ ਜਿੱਥੇ ਬਚਪਨ ਗੁਜ਼ਾਰਿਆ ਹੋਵੇ, ਮਾਂ-ਬਾਪ, ਭਰਾ-ਭੈਣ, ਦੋਸਤ-ਮਿੱਤਰ, ਹੋਣ, ਉਹ ਜਗ੍ਹਾ ਯਾਦ ਤਾਂ ਆਉਂਦੀ ਹੀ ਹੈ।"

ਕੱਲੂ ਨੇ ਫਿਰ ਵੀ ਕੋਈ ਜਵਾਬ ਨਾ ਦਿੱਤਾ। ਕਾਲ਼ੀ ਵੱਲ ਸਿਰਫ ਇੱਕ ਵਾਰ ਅੱਖਾਂ ਚੁੱਕ ਕੇ ਦੇਖਿਆ।

"ਕਿੰਨੀ ਦੂਰ ਹੈ ਪਿੰਡ ਇੱਥੋਂ ?"

"ਸੱਤ ਕੋਹ ਤਾਂ ਹੋਵੇਗਾ। ਸੜਕ ਵੱਲ ਦੀ ਜਾਈਏ ਤਾਂ ਦੋ-ਤਿੰਨ ਕੋਹ ਹੋਰ ਦੂਰ ਪੈਂਦਾ ਹੈ।"

"ਕੀ ਨਾਂ ਹੈ ਪਿੰਡ ਦਾ ?"

"ਸੰਧੜਾਂ।"

"ਸਕੂਲ ਹੈ ਪਿੰਡ ਵਿੱਚ ?"

"ਛੋਟਾ ਸਕੂਲ ਹੈ ... ਬੜਾ ਸਕੂਲ ਦੋ ਪਿੰਡ ਛੱਡ ਕੇ ਬਸਤੀ ਵਿੱਚ ਹੈ।"

"ਤੂੰ ਵੀ ਸਕੂਲ ਜਾਂਦਾ ਸੀ ?"

"ਹਾਂ, ਇੱਕ-ਦੋ ਸਾਲ ਗਿਆ ਸੀ।"

"ਫਿਰ ਛੱਡ ਦਿੱਤਾ ?"

"ਹਾਂ।"

"ਕਿਉਂ ?"

ਕੱਲੂ ਨੀਵੀਂ ਪਾ ਕੇ ਬੁੱਲ ਚਿੱਥਣ ਲੱਗਾ। ਜਦ ਜਵਾਬ ਦੇਣ ਲਈ ਕਾਲ਼ੀ ਨੇ ਜ਼ੋਰ ਪਾਇਆ ਤਾਂ ਉਹ ਬੁੜਬੜਾਇਆ, "ਸਕੂਲ ਵਿੱਚ ਦਿਲ ਨਹੀਂ ਸੀ ਲਗਦਾ। ਰੌਸ਼ਾ ਮਾਸਟਰ ਬਹੁਤ ਕੁੱਟਦਾ ਸੀ। ਅਸੀਂ ਸਕੂਲ ਤੋਂ ਦੌੜ ਕੇ ਟਾਹਲੀਆਂ ਦੀ ਝਿੜੀ ਵਿੱਚ ਜੰਗ-ਪਲੰਗਾ ਖੇਡਦੇ ਰਹਿੰਦੇ ਸੀ। ਬਾਂਦਰਾਂ ਵਾਂਗ ਇੱਕ ਦਰੱਖਤ ਤੋਂ ਦੂਸਰੇ ਦਰੱਖਤ 'ਤੇ ਟੱਪਦੇ ਰਹਿੰਦੇ ਸੀ। ਬਾਪੂ ਅਤੇ ਮਾਂ ਕੋਲ਼ ਹਰ ਰੋਜ਼ ਸ਼ਿਕਾਇਤ ਜਾਂਦੀ ਸੀ। ਦੋ-ਚਾਰ ਵਾਰ ਉਨ੍ਹਾਂ ਨੇ ਮੈਨੂੰ ਕੁੱਟਿਆ ਵੀ। ਫਿਰ ਘਰ ਦੇ ਕੰਮ ਵਿੱਚ ਲਾ ਲਿਆ। ... ਲੋਕਾਂ ਦੇ ਡੰਗਰ ਚਾਰਨ ਲਈ।"

"ਕੀ ਤੁਹਾਡਾ ਪਿੰਡ ਕਾਫੀ ਵੱਡਾ ਹੈ ?"

"ਹਾਂ, ਬਹੁਤ ਵੱਡਾ ਹੈ। ... ਜਿੰਨਾ ਵੱਡਾ ਇਹ ਮੁਹੱਲਾ ਹੈ, ਐਨਾ ਵੱਡਾ ਤਾਂ ਜ਼ਰੂਰ ਹੋਊਗਾ।"

"ਪਿੰਡ ਵਿੱਚ ਅਬਾਦੀ ਕਿਹੋ ਜਿਹੀ ਹੈ ?" ਕਾਲ਼ੀ ਥੋੜ੍ਹਾ ਉੱਠ ਕੇ ਕੱਲੂ ਦੇ ਨੇੜੇ ਹੋ ਗਿਆ।

"ਸਾਰੇ ਹਨ। ... ਸਰਦਾਰ ਅਤੇ ਚੌਧਰੀ ਜ਼ਿਆਦਾ ਹਨ। ਖੱਤਰੀਆਂ-ਮਹਾਜਨਾਂ ਦੇ

ਵੀ ਥੋੜ੍ਹੇ ਘਰ ਹੈਗੇ। ਲੋਹਾਰ, ਤਰਖਾਣ, ਨਾਈ, ਛੀਂਬੇ, ਝਿਊਰ ਅਤੇ ਸੁਨਿਆਰੇ ਵੀ ਹੈਗੇ।"

"ਆਪਣੀ ਬਰਾਦਰੀ ਦੇ ਕਿੰਨੇ ਘਰ ਹਨ।"

"ਆਪਣੀ ਬਰਾਦਰੀ ਦੇ ਵੀ ਕਾਫੀ ਘਰ ਹਨ। ਪੂਰੀ ਇੱਕ ਪੱਤੀ ਹੈ। ਪੰਜਾਹ-ਸੱਠ ਘਰ ਤਾਂ ਹੋਣੇ ਹੀ ਹਨ।"

"ਆਪਣੇ ਲੋਕਾਂ ਕੋਲ਼ ਜ਼ਮੀਨ ਵੀ ਹੈ ... ?"

"ਨਾ, ਜ਼ਮੀਨ ਕਿਸੇ ਦੇ ਕੋਲ਼ ਵੀ ਨਹੀਂ ਹੈ। ਸਾਰੇ ਸੇਪੀ ਦਾ, ਖੱਡੀ ਦਾ ਅਤੇ ਜੁੱਤੀਆਂ ਸੀਣ ਦਾ ਕੰਮ ਕਰਦੇ ਹਨ।" ਫਿਰ ਕਾਲ਼ੀ ਵੱਲ ਦੇਖਦਾ ਮਾਣ ਨਾਲ਼ ਬੋਲਿਆ, "ਸਾਡੇ ਪਿੰਡ ਦੇ ਕੁੱਝ ਲੋਕ ਵਲੈਤ ਨੂੰ ਵੀ ਗਏ ਹਨ।"

"ਅੱਛਾ, ਉਹ ਕਿਵੇਂ ?"

"ਬਹੁਤਾ ਤਾਂ ਮੈਨੂੰ ਪਤਾ ਨਹੀਂ। ਕੁਲਦੀਪਾ ਸਾਰਾ ਕੁੱਝ ਜਾਣਦਾ ਹੈ। ... ਉਸ ਦਾ ਮਾਮਾ ਵਲੈਤ ਰਹਿੰਦਾ ਹੈ। ਉਹਨੇ ਉਸ ਨੂੰ ਉੱਥੇ ਸੱਦਿਆ ਹੈ।"

"ਬਾਕੀ ਲੋਕ ਕਿਸ ਤਰ੍ਹਾਂ ਗਏ ਹਨ ?"

"ਕਿਹਾ ਤਾਂ ਹੈ ਕਿ ਮੈਨੂੰ ਪਤਾ ਨਹੀਂ। ਪਿੰਡ ਨੂੰ ਗਿਆ ਤਾਂ ਪੁੱਛ ਕੇ ਆਵਾਂਗਾ। ਇੱਥੇ ਸ਼ਹਿਰ ਵਿੱਚ ਵੀ ਕੁੱਝ ਅਜੰਟ ਹਨ ਜਿਹੜੇ ਲੋਕਾਂ ਨੂੰ ਬਾਹਰ ਭੇਜਦੇ ਹਨ ... ਪੈਸੇ ਲੈ ਕੇ।"

"ਅੱਛਾ। ਕਿੱਥੇ ਮਿਲਦੇ ਹਨ ਉਹ ਅਜੰਟ ?"

"ਮੈਨੂੰ ਪਤਾ ਨਹੀਂ। ਇਸ ਹੀ ਸ਼ਹਿਰ ਵਿੱਚ ਹਨ। ਚੌਧਰੀਆਂ ਦੇ ਕੁਲਦੀਪੇ ਨੂੰ ਸਾਰਾ ਕੁਸ਼ ਪਤਾ ਹੈ।"

ਕੱਲੂ ਦੇ ਮਨ ਦੀਆਂ ਕਾਲ਼ੀ ਬਾਰੇ ਬਹੁਤ ਸਾਰੀਆਂ ਸ਼ੰਕਾਵਾਂ ਦੂਰ ਹੋ ਗਈਆਂ ਸਨ। ਝਿਜਕ ਵੀ ਘੱਟ ਗਈ ਸੀ ਅਤੇ ਉਹ ਹੁਣ ਕਾਲ਼ੀ ਨਾਲ਼ ਖੁੱਲ ਕੇ ਗੱਲਾਂ ਕਰਨ ਲੱਗ ਪਿਆ ਸੀ। "ਹੁਣ ਕੀ ਸੋਚਿਆ ਹੈ ... ਪਿੰਡ ਵਿੱਚ ਡੰਗਰ ਚਾਰਨੇ ਹਨ ਜਾਂ ਸ਼ਹਿਰ ਵਿੱਚ ਕੰਮ ਧੰਦਾ ਕਰਨਾ ਹੈ ?" ਕਾਲ਼ੀ ਨੇ ਪੁੱਛਿਆ।

ਕੱਲੂ ਕੁੱਝ ਪਲ ਚੁੱਪ ਰਿਹਾ ਤਾਂ ਕਾਲ਼ੀ ਨੇ ਆਪਣਾ ਸਵਾਲ਼ ਦੁਹਰਾਇਆ। ਕੱਲੂ ਨੇ ਕਾਲ਼ੀ ਵੱਲ ਦੇਖਿਆ ਤੇ ਫਿਰ ਇਕਦਮ ਅੱਖਾਂ ਝੁਕਾ ਲਈਆਂ, "ਮੈਂ ਵੀ ਵਲੈਤ ਜਾਣਾ ਚਾਹੁੰਦਾ ਹਾਂ।"

ਉਹਦੀ ਗੱਲ ਸੁਣ ਕਾਲ਼ੀ ਚੁੱਪ ਹੋ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਕੱਲੂ ਨੇ ਦਲਦਲ ਵਿੱਚ ਫਸੇ ਹੋਏ ਨੇ ਵੀ ਅਸਮਾਨ ਵਿੱਚ ਉੱਡਣ ਦੀ ਗੱਲ ਸੋਚ ਲਈ ਹੈ।

ਕਾਲ਼ੀ ਅਤੇ ਕੱਲੂ ਪਿੰਡ ਤੇ ਸ਼ਹਿਰ ਦੀਆਂ ਗੱਲਾਂ ਵਿੱਚ ਮਗਨ ਸਨ ਜਦੋਂ ਉਨ੍ਹਾਂ ਨੇ ਤਖਤੇ ਵਿੱਚ ਪੈਰ ਦੀ ਠੋਕਰ ਸੁਣੀ। ਗੱਲਬਾਤ ਵਿਚਾਲੇ ਹੀ ਛੱਡ ਕੇ ਉਹ ਉੱਧਰ ਨੂੰ ਦੇਖਣ ਲੱਗ ਪਏ।

ਉੱਥੇ ਕਿਸ਼ਨਾ ਖੜ੍ਹਾ ਸੀ। ਉਸ ਦੇ ਦੋਨੋ ਹੱਥ ਭਰੇ ਹੋਏ ਸਨ। ਮੰਜੀ ਦੇ ਨੇੜੇ ਆ ਕੇ ਉਸ ਨੇ ਇੱਕ ਹੱਥ ਵਿੱਚ ਫੜੀ ਬਰਫ ਰੱਖ ਦਿੱਤੀ ਅਤੇ ਦੂਸਰੇ ਹੱਥ ਵਿੱਚ ਅਖਬਾਰ ਦੇ ਕਾਗਜ਼ ਵਿੱਚ ਲਪੇਟੀ ਬੋਤਲ ਨੂੰ ਹੌਲ਼ੀ ਜਿਹੇ ਟਿਕਾ ਦਿੱਤਾ। ਫਿਰ ਕੰਧ ਕੋਲ਼ ਖੜ੍ਹੇ ਕੱਲੂ ਨੂੰ ਹਾਕ ਮਾਰੀ,

"ਓਏ ਕੱਲੂ। ਛੋਟੀ ਬਾਲਟੀ ਪਾਣੀ ਦੀ ਭਰ ਕੇ ਬਰਫ ਉਸ ਵਿੱਚ ਪਾ ਦੇ। ਬਾਲਟੀ ਪਹਿਲਾਂ ਚੰਗੀ ਤਰ੍ਹਾਂ ਧੋ ਲਈਂ। ਦੋ ਗਲਾਸ ਅਤੇ ਕੌਲੀ ਵਿੱਚ ਅੰਬ ਦਾ ਅਚਾਰ ਦੇ ਜਾ।"

ਕਿਸ਼ਨੇ ਨੇ ਕਮੀਜ਼ ਦੀ ਜੇਬ ਵਿੱਚ ਹੱਥ ਪਾ ਕੇ ਪਿਆਜ਼ ਕੱਢੇ ਅਤੇ ਉਨ੍ਹਾਂ ਨੂੰ ਮੰਜੀ 'ਤੇ ਰੱਖ ਦਿੱਤਾ। ਕੱਲੂ ਬਰਫ ਚੁੱਕ ਕੇ ਕਮਰੇ ਵੱਲ ਨੂੰ ਤੁਰ ਪਿਆ।

"ਇਹ ਸਭ ਕੀ ਹੈ ?" ਕਾਲ਼ੀ ਨੇ ਹੈਰਾਨ ਹੁੰਦਿਆਂ ਪੁੱਛਿਆ।

"ਦਵਾਈ ਹੈ।" ਕਿਸ਼ਨਾ ਹੱਸ ਪਿਆ। "ਮੈਂ ਥੋੜ੍ਹਾ ਅੱਗੇ ਚਲੇ ਗਿਆ ਸੀ। ਬਰਫ ਦੇ ਕਾਰਖਾਨੇ ਵੱਲ ਨੂੰ। ਸੋਚਿਆ, ਤੈਨੂੰ ਦਵਾਈ ਕਾਇਦੇ ਤੇ ਢੰਗ ਨਾਲ਼ ਪਿਲਾਵਾਂ। ਬਰਫ ਪਾਉਣ ਨਾਲ਼ ਦਵਾਈ ਦਾ ਸਵਾਦ ਥੋੜ੍ਹਾ ਚੰਗਾ ਹੋ ਜਾਂਦਾ ਹੈ। ਅਚਾਰ ਅਤੇ ਪਿਆਜ਼ ਖਾਣ ਨਾਲ਼ ਇਸ ਦੀ ਕੜਵਾਹਟ ਘੱਟ ਹੋ ਜਾਂਦੀ ਹੈ ਅਤੇ ਅਸਰ ਵੀ ਹੌਲ਼ੀ-ਹੌਲ਼ੀ ਹੁੰਦਾ ਹੈ ਅਤੇ ਦੇਰ ਤੱਕ ਰਹਿੰਦਾ ਹੈ।"

ਕਾਲੀ ਮੁਸਕਰਾਉਂਦਾ ਹੋਇਆ ਉਹਦੀ ਵੱਲ ਦੇਖਣ ਲੱਗਾ। "ਕਿਹਨੂੰ ਚਾਰ ਰਿਹਾਂ ... ਮੈਨੂੰ ? ਮੈਂ ਜਾਣਦਾ ਹਾਂ ਕਿ ਤੂੰ ਕਿਹੜੀ ਦਵਾਈ ਲੈ ਕੇ ਆਇਆਂ।"

"ਕਿਹੜੀ ਦਵਾਈ ਹੈ ?"

"ਸ਼ਰਾਬ, ਹੋਰ ਕਿਹੜੀ ?" ਕਾਲ਼ੀ ਨੇ ਗੂੜ੍ਹ-ਗਿਆਨੀ ਵਾਲ਼ੇ ਲਹਿਜੇ ਵਿੱਚ ਕਿਹਾ।

"ਇਹਨੂੰ ਸ਼ਰਾਬ ਨਾ ਕਹਿ। ਇਹ ਸੌ ਦਵਾਈਆਂ ਦੀ ਇੱਕ ਦਵਾ ਹੈ।" ਕਿਸ਼ਨੇ ਨੇ ਸਮਝਾਇਆ, "ਜ਼ਿੰਦਗੀ ਵਿੱਚ ਇੱਕ ਹੀ ਤਾਂ ਸੁੱਖ ਹੈ, ਜੋ ਮੈਂ ਕਦੀ ਕਦੀ ਮਾਣ ਲੈਂਦਾ ਹਾਂ। ਬਾਕੀ ਕਾਰਖਾਨੇ ਵਿੱਚ ਬਦਬੂ, ਖਾਜ, ਫੋਰਮੈਨ ਦੀਆਂ ਗਾਲ਼ਾਂ, ਝਿੜਕਾਂ, ਮੱਖੀਆਂ, ਮੱਛਰ ਅਤੇ ਘਰ ਪਹੁੰਚ ਕੇ ਥਕਾਵਟ, ਦਮ ਘੋਟੂ ਧੂੰਆਂ, ਰੌਲ਼ਾ, ਰੋਣਾ-ਧੋਣਾ, ਚੀਕਾਂ-ਚਿਹਾੜਾ, ਲੜਾਈ-ਝਗੜੇ ਦੀਆਂ ਅਵਾਜ਼ਾਂ। ਦਵਾਈ ਪੀ ਲੈਣ ਦੇ ਬਾਅਦ ਆਦਮੀ ਖੰਭਾਂ ਵਾਲ਼ੇ ਘੋੜੇ 'ਤੇ ਸਵਾਰੀ ਕਰਦਾ ਹੈ। ਪਲੰਘ 'ਤੇ ਬੇਫਿਕਰ ਹੋ ਕੇ ਸੌਂਦਾ ਹੈ। ਨਾ ਮੱਖੀਆਂ ਸਤਾਉਂਦੀਆਂ ਹਨ ਅਤੇ ਨਾ ਮੱਛਰ ਵੱਢਦਾ ਹੈ। ਨਾ ਖਾਜ ਦਾ ਪਤਾ ਲਗਦਾ ਹੈ। ਬੱਸ ਇਹ ਦੋ-ਚਾਰ ਘੜੀਆਂ ਹੀ ਆਪਣੇ ਐਸ਼ ਅਰਾਮ ਦੀਆਂ ਹੁੰਦੀਆਂ ਹਨ।"

ਸ਼ਰਾਬ ਦੀ ਸਿਫਤ ਵਿੱਚ ਕਿਸ਼ਨੇ ਦਾ ਵਖਿਆਨ ਸੁਣ ਕਾਲ਼ੀ ਹੱਸ ਪਿਆ। ਪਰ ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਹ ਉਸ ਦਾ ਮਖੌਲ ਉਡਾ ਰਿਹਾ ਹੋਵੇ। ਕਿਸ਼ਨਾ ਹੋਰ ਵੀ ਗੰਭੀਰ ਹੋ ਗਿਆ, "ਸੱਚ ਕਹਿੰਦਾ ਹਾਂ। ਜੇ ਮੈਂ ਇਹ ਨਸ਼ਾ ਨਾ ਕਰਦਾ ਹੁੰਦਾ ਤਾਂ ਕਦੋਂ ਦਾ ਮਰ ਗਿਆ ਹੁੰਦਾ। ਚਮੜੇ ਦਾ ਕੰਮ ਕਰਨ ਵਾਲ਼ੇ ਸਾਰੇ ਨਸ਼ਾ ਕਰਦੇ ਹਨ। ਸ਼ਰਾਬ ਨਹੀਂ ਪੀਂਦੇ ਤਾਂ ਅਫੀਮ ਖਾਂਦੇ ਹੋਣਗੇ। ਡੋਡੇ ਪੀਂਦੇ ਹੋਣਗੇ ਤਾਂ ਕਿ ਘੜੀ ਅੱਖ ਲੱਗ ਜਾਵੇ, ਖਾਜ ਤੋਂ ਛੁੱਟੀ ਮਿਲ ਜਾਵੇ। ਸਰੀਰ ਨੂੰ ਥੋੜ੍ਹਾ ਅਰਾਮ ਮਿਲ਼ ਸਕੇ।"

"ਮੈਂ ਤਾਂ ਨਹੀਂ ਪੀਂਦਾ। ਫਿਰ ਵੀ ਤੁਹਾਡੇ ਸਾਰਿਆਂ ਤੋਂ ਜ਼ਿਆਦਾ ਕੰਮ ਕਰਦਾ ਹਾਂ। ਲੂਣ ਅਤੇ ਚੂਨੇ ਦੇ ਪਾਣੀ ਵਿੱਚ ਸਾਰਾ ਸਾਰਾ ਦਿਨ ਨਹਾਂਦਾ ਹਾਂ" ਕਾਲ਼ੀ ਕੁੱਝ ਭਾਵਕ ਹੋ ਗਿਆ।

"ਸਰੀਰ ਨੂੰ ਤੋੜ ਤੋੜ ਕੇ ਵੀ ਤਾਂ ਤੂੰ ਹੀ ਸਿੱਟਦਾ ਹੈ। ... ਦਸ-ਗਿਆਰਾਂ ਮਹੀਨਿਆਂ

ਵਿੱਚ ਤੇਰੀ ਜੋ ਹਾਲਤ ਹੋ ਗਈ ਹੈ, ਕਿਸੇ ਹੋਰ ਕਿੱਤੇ ਵਿੱਚ ਕਈ ਸਾਲਾਂ ਵਿੱਚ ਨਹੀਂ ਸੀ ਹੋਣੀ।"

"ਸਭ ਕਿੱਤਿਆਂ ਵਿੱਚ ਇਹ ਹੀ ਹਾਲ ਹੈ। ਭਾਅ ਜੀ, ਤੁਸੀਂ ਜਾਣਦੇ ਹੀ ਹੋ। ਪਹਿਲਾਂ ਮੈਂ ਰੇੜ੍ਹਾ ਖਿੱਚਦਾ ਸੀ – ਮਾਂਝੇ, ਛਿੱਬੂ ਅਤੇ ਕਾਲੂ ਦੇ ਨਾਲ਼।" ਕਾਲ਼ੀ ਨੇ ਉਸ ਵੱਲ ਦੇਖਿਆ।

"ਹਾਂ ... ਹਾਂ। ਮੈਨੂੰ ਕੀ ਦੱਸ ਰਿਹਾ ਹੈ। ਮੈਨੂੰ ਸਭ ਪਤਾ ਹੈ। ਮਾਂਝਾ ਹੀ ਤੈਨੂੰ ਮੇਰੇ ਕੋਲ਼ ਲਿਆਇਆ ਸੀ।"

"ਹਾਂ ... ਮੈਨੂੰ ਯਾਦ ਹੈ। ਤੇਰੀ ਸਿਫਾਰਿਸ਼ ਨਾਲ਼ ਹੀ ਤਾਂ ਮੈਨੂੰ ਕਾਰਖਾਨੇ ਵਿੱਚ ਕੰਮ ਮਿਲਿਆ ਹੈ। ... ਭਾਅ, ਸ਼ਹਿਰ ਵਿੱਚ ਸਿਰਨਾਵੇ ਦੇ ਬਿਨਾਂ ਕੋਈ ਕਿਸੇ ਨੂੰ ਨਹੀਂ ਪੁੱਛਦਾ।" ਕਾਲ਼ੀ ਨੇ ਗੱਲ ਪਲਟ ਦਿੱਤੀ ਕਿਉਂਕਿ ਛਿੱਬੂ ਅਤੇ ਬਹੁਤ ਸਾਰੇ ਹੋਰ ਲੋਕਾਂ ਦੀ ਯਾਦ ਆਉਂਦਿਆਂ ਹੀ ਉਹ ਉਦਾਸ ਹੋ ਗਿਆ ਸੀ।

"ਸਿਰਨਾਵੇ ਬਿਨਾਂ ਕੌਣ ਪੁੱਛੇਗਾ ? ... ਸਿਰਫ ਚੋਰ ਉਚੱਕਿਆਂ ਦਾ ਸਿਰਨਾਵਾਂ ਨਹੀਂ ਹੁੰਦਾ। ਇਸ ਲਈ ਚੋਰੀ ਅਤੇ ਉਠਾਈਗੀਰੀ ਕਰਦੇ ਹਨ। ਸ਼ਹਿਰ ਵਿੱਚ ਇੱਜ਼ਤਦਾਰ ਉਹ ਹੀ ਹੈ ਜਿਸ ਦਾ ਸਿਰਨਾਵਾ ਹੈ।" ਕਿਸ਼ਨੇ ਨੇ ਕਾਲ਼ੀ ਦੇ ਮੋਢੇ ਨੂੰ ਹਲਕਾ ਜਿਹਾ ਝੰਜੋੜਿਆ, "ਤੂੰ ਗੱਲ ਨੂੰ ਕਿੱਧਰ ਦਾ ਕਿੱਧਰ ਲੈ ਗਿਆਂ ?"

"ਕੀ ਕਹਿ ਰਿਹਾ ਸੀ ਮੈਂ।" ਸਿਰ-ਮੱਥਾ ਫੜ ਕੇ ਕਾਲ਼ੀ ਸੋਚ ਵਿੱਚ ਡੁੱਬ ਗਿਆ ਜਿਵੇਂ ਵਿੱਚੇ ਰਹਿ ਗਈ ਗੱਲ ਦਾ ਲੜ ਸਿਰਾ ਲੱਭ ਰਿਹਾ ਹੋਵੇ।

"ਇਹ ਹੀ ਦੱਸ ਰਿਹਾ ਸੀ ਕਿ ਤੂੰ ਪਹਿਲਾਂ ਮਾਂਝੇ, ਛਿੱਬੂ ਅਤੇ ਕਾਲੂ ਦੇ ਨਾਲ਼ ਰੇੜ੍ਹਾ ਖਿੱਚਦਾ ਸੀ।" ਕਿਸ਼ਨੇ ਨੇ ਯਾਦ ਕਰਾਇਆ।

"ਹਾਂ ... ਹਾਂ। ਮਾਂਝਾ ਹਰ ਰੋਜ਼ ਅਫੀਮ ਦੀ ਗੋਲ਼ੀ ਖਾਂਦਾ ਸੀ ਕਿਉਂਕਿ ਉਸ ਦੇ ਬਿਨਾਂ ਬੀਂਡੀ ਬਣ ਕੇ ਰੇੜ੍ਹਾ ਖਿੱਚਿਆ ਨਹੀਂ ਜਾਂਦਾ ਸੀ। ਛਿੱਬੂ ਅਤੇ ਕਾਲੂ ਸਾਰਾ ਦਿਨ ਚੂਨੇ ਵਿੱਚ ਤਮਾਖੂ ਰਲ਼ਾ ਕੇ ਖਾਂਦੇ ਸਨ।" ਕਾਲ਼ੀ ਨੇ ਦੱਸਿਆ।

"ਅਤੇ ਤੂੰ ਕੀ ਕਰਦਾ ਸੀ ?"

"ਮੈਂ ਤਾਂ ਕਦੀ ਕਦੀ ਲੱਸੀ ਜਾਂ ਦੁੱਧ ਪੀ ਲੈਂਦਾ ਸੀ। ... ਇੱਕ-ਦੋ ਵਾਰ ਚੂਨਾ-ਤਮਾਖੂ ਖਾਧਾ ਸੀ ਪਰ ਉਲਟੀ ਆ ਗਈ। ਸਿਰ ਜ਼ਰੂਰ ਘੁੰਮ ਗਿਆ ਸੀ।" ਕਾਲ਼ੀ ਨੇ ਆਪਣਾ ਤਜਰਬਾ ਯਾਦ ਕੀਤਾ।

"ਬੱਸ ਸਿਰ ਹੀ ਘੁੰਮਣਾ ਚਾਹੀਦਾ। ਚਾਹੇ ਅਫੀਮ ਖਾ ਕੇ ਘੁੰਮਾ ਲਉ ਜਾਂ ਡੋਡੇ ਪੀ ਕੇ। ਸ਼ਰਾਬ ਪੀ ਕੇ ਜਾਂ ਚੂਨਾ-ਤੁੰਮਾਖੂ ਖਾ ਕੇ।" ਕਿਸ਼ਨੇ ਦੀ ਅਵਾਜ਼ ਉੱਚੀ ਹੋ ਗਈ। "ਪਰ ਇੱਕ ਗੱਲ ਕਹੂੰਗਾ।"

"ਕੀ ?"

"ਸ਼ਰਾਬ ਸ਼ਾਹੀ ਨਸ਼ਾ ਹੈ। ਰਾਜਿਆਂ, ਮਹਾਰਾਜਿਆਂ, ਧਨਾਢਾਂ, ਸੇਠਾਂ ਅਤੇ ਬੜੇ ਜ਼ਿਮੀਦਾਰਾਂ ਦਾ। ਪਰ ਫਰਕ ਇਹ ਹੈ ਕਿ ਉਹ ਖੁਸ਼ੀ ਅਤੇ ਸੁੱਖ ਲਈ ਪੀਂਦੇ ਹਨ ਅਤੇ ਅਸੀਂ,

ਸਾਡੇ ਵਰਗੇ ਹੋਰ ਗਰੀਬ ਲੋਕ ਦੁੱਖ-ਦਰਦ, ਥਕਾਵਟ ਅਤੇ ਦਿਨ ਭਰ ਦੀ ਤਲਖੀ ਭੁਲਾਉਣ ਲਈ ਪੀਂਦੇ ਹਨ।" ਕਿਸ਼ਨਾ ਜ਼ੋਰ ਨਾਲ਼ ਹੱਸਿਆ।

ਕੱਲੂ ਅਜੇ ਤੱਕ ਗਲਾਸ ਅਤੇ ਪਾਣੀ ਲੈ ਕੇ ਨਹੀਂ ਆਇਆ ਸੀ। ਕਿਸ਼ਨੇ ਨੇ ਗਰਦਨ ਪਿੱਛੇ ਨੂੰ ਘੁਮਾ ਕੇ ਹਾਕ ਮਾਰੀ, "ਓਹ ਕੱਲੂ। ... ਕੱਲੂ ਉਏ।"

ਕੋਈ ਜਵਾਬ ਨਾ ਆਉਣ ਕਰਕੇ ਕਿਸ਼ਨੇ ਨੇ ਹੋਰ ਵੀ ਉੱਚੀ ਤੇ ਕੁਰੱਖਤ ਲਹਿਜੇ ਵਿੱਚ ਹਾਕ ਮਾਰੀ ਪਰ ਫਿਰ ਵੀ ਉਸ ਨੂੰ ਕੋਈ ਜਵਾਬ ਨਾ ਮਿਲਿਆ। "ਮੇਰੇ ਖਿਆਲ ਵਿੱਚ ਬਾਹਰ ਗਿਆ ਹੈ। ਉਹਦੇ ਹੱਥ ਵਿੱਚ ਕੋਈ ਭਾਂਡਾ ਸੀ। ਸ਼ਾਇਦ ਬਾਲਟੀ ਸੀ। ਮੈਂ ਤਖਤੇ ਨੂੰ ਧੱਕਣ ਦੀ ਅਵਾਜ਼ ਸੁਣੀ ਸੀ।" ਕਾਲ਼ੀ ਨੇ ਦੱਸਿਆ।

"ਪਾਣੀ ਲੈਣ ਗਿਆ ਹੋਵੇਗਾ। ਹੁਣੇ ਆ ਜਾਵੇਗਾ" ਫਿਰ ਉਹ ਇਕਦਮ ਖਿੱਝ ਗਿਆ, "ਪਰ ਹੁਣ ਤੱਕ ਉਸ ਨੂੰ ਮੁੜ ਆਉਣਾ ਚਾਹੀਦਾ ਸੀ। ਨਲ਼ਕੇ 'ਤੇ ਇਸ ਸਮੇਂ ਜ਼ਿਆਦਾ ਭੀੜ ਨਹੀਂ ਹੁੰਦੀ।"

ਕਾਲ਼ੀ ਖਮੋਸ਼ ਰਿਹਾ। ਕਿਸ਼ਨਾ ਵੀ ਕੁੱਝ ਪੱਲ ਚੁੱਪ ਰਿਹਾ। ਫਿਰ ਉਸ ਨੇ ਬੋਤਲ ਚੁੱਕ ਲਈ। "ਦਾਰੂ ਸਾਹਮਣੇ ਹੋਵੇ ਤਾਂ ਉਡੀਕਣਾ ਔਖਾ ਹੋ ਜਾਂਦਾ ਹੈ।"

ਬੋਤਲ ਨੂੰ ਸਲਾਹੁੰਦਾ ਹੋਇਆ ਕਿਸ਼ਨਾ ਖੁਸ਼ੀ ਨਾਲ਼ ਝੂਮ ਰਿਹਾ ਸੀ, "ਹੁਣ ਸ਼ਰਾਬ ਪੀਣ ਦੀ ਮੈਨੂੰ ਇੰਨੀ ਬੇਸਬਰੀ ਰਹਿੰਦੀ ਹੈ ਜਿੰਨੀ ਨਵੇਂ ਨਵੇਂ ਵਿਆਹ ਤੋਂ ਬਾਅਦ ਵਹੁਟੀ ਨਾਲ਼ ਇਕੱਲੇ ਹੋਣ ਦੀ ਹੁੰਦੀ ਹੈ।"

ਕਿਸ਼ਨੇ ਦੀ ਗੱਲ ਸੁਣ ਕੇ ਕਾਲ਼ੀ ਜ਼ੋਰ ਨਾਲ਼ ਹੱਸਿਆ। "ਕੀ ਵਹੁਟੀ ਨੂੰ ਦੇਖ ਕੇ ਹੁਣ ਬੇਸਬਰੀ ਨਹੀਂ ਹੁੰਦੀ ?"

"ਪਹਿਲਾਂ ਵਰਗੀ ਨਹੀਂ ਹੁੰਦੀ। ਹੁਣ ਹਰ ਰੋਜ਼ ਦੀ ਗੱਲ ਹੋ ਗਈ ਹੈ। ਨਵਾਂਪਨ ਖਤਮ ਹੋ ਗਿਆ ਹੈ।" ਕਿਸ਼ਨਾ ਮੁਸਕਰਾਇਆ।

"ਮਾੜੀ ਗੱਲ ਹੈ। ਬਹੁਤ ਹੀ ਮਾੜੀ ਗੱਲ ਹੈ।" ਕਾਲ਼ੀ ਜਿਵੇਂ ਕਿਸ਼ਨੇ ਨੂੰ ਧਤਕਾਰ ਰਿਹਾ ਹੋਵੇ।

"ਕੀ ਤੇਰਾ ਵਿਆਹ ਹੋਇਆ ਹੈ ?" ਕਿਸ਼ਨੇ ਨੇ ਗੱਲ ਬਦਲਣ ਲਈ ਪੁੱਛਿਆ।

"ਭਾਅ ਜੀ, ਤੈਨੂੰ ਦੱਸਿਆ ਤਾਂ ਸੀ।"

"ਹਾਂ ... ਹਾਂ। ਯਾਰ, ਤੂੰ ਦੂਜਾ ਵਿਆਹ ਕਰਾ ਲੈ।" ਕਿਸ਼ਨੇ ਨੇ ਸਲਾਹ ਦਿੱਤੀ।

"ਵਿਆਹ ਕਿਸ ਤਰ੍ਹਾਂ ਹੋਵੇਗਾ। ਸਿਰ 'ਤੇ ਨਾ ਮਾਂ ਨਾ ਬਾਪ। ਨਾ ਕੋਈ ਭੈਣ, ਨਾ ਭਾਈ। ਨਾ ਕੋਈ ਤਾਇਆ ਨਾ ਚਾਚਾ। ਮੈਨੂੰ ਕੁੜੀ ਕੌਣ ਦੇਵੇਗਾ ?" ਕਾਲ਼ੀ ਨੇ ਬੇਬਸੀ ਵਿੱਚ ਹੱਥ ਝਟਕ ਦਿੱਤੇ।

"ਤਾਂ ਉਦਾਂ ਹੀ ਕੋਈ ਤੀਵੀਂ ਘਰ ਲੈ ਆ।"

"ਕਿਥੇ ਲਿਆਵਾਂ। ਜੇ ਘਰ ਹੋਵੇ ਤਾਂ ਹੀ ਲੈ ਕੇ ਆਵਾਂ। ਸਿਰ 'ਤੇ ਛੱਤ ਅਤੇ ਆਲ਼ੇ ਦੁਆਲ਼ੇ ਕੰਧਾਂ ਹੋਣ ਤਾਂ ਹੀ ਮਕਾਨ ਬਣਦਾ ਹੈ।" ਕਾਲ਼ੀ ਹੋਰ ਵੀ ਜ਼ਿਆਦਾ ਉਦਾਸ ਹੋ ਗਿਆ। "ਤੀਵੀਂ ਅਤੇ ਨਿਆਣੇ ਹੋਣ ਤਾਂ ਹੀ ਘਰ ਬਣਦਾ ਹੈ।"

"ਇਹਦਾ ਮਤਲਬ ਹੈ ਕਿ ਤੂੰ ਨਾ ਤਾਂ ਔਰਤ ਦਾ ਮਜ਼ਾ ਲਿਆ ਹੈ ਅਤੇ ਨਾ ਹੀ ਸ਼ਰਾਬ ਦਾ ਸੁਆਦ।" ਕਿਸ਼ਨੇ ਨੇ ਮੰਜੀ 'ਤੇ ਚੌਕੜੀ ਮਾਰ ਲਈ।

"ਨਹੀਂ। ਇਹ ਗੱਲ ਨਹੀਂ ਹੈ।" ਮੂੰਹੋਂ ਇਹ ਸ਼ਬਦ ਨਿਕਲ਼ਦਿਆਂ ਹੀ ਕਾਲ਼ੀ ਨੇ ਆਪਣੀ ਜੀਭ ਨੂੰ ਕੱਸ ਕੇ ਦੰਦਾਂ ਥੱਲੇ ਦਬਾ ਲਿਆ।

ਕੱਲੂ ਨੇ ਤਖਤੇ 'ਤੇ ਜ਼ੋਰ ਨਾਲ਼ ਠੁੱਡ ਮਾਰ ਕੇ ਪੂਰਾ ਖੋਲ੍ਹ ਦਿੱਤਾ। ਜ਼ੋਰਦਾਰ ਖੜਕਾ ਸੁਣ ਕੇ ਕਿਸ਼ਨਾ ਚੌਂਕ ਗਿਆ, "ਕੀ ਹੈ, ਕੱਲੂ ?"

ਪਰ ਇੱਕ ਹੱਥ ਵਿੱਚ ਘੜਾ ਅਤੇ ਦੂਜੇ ਹੱਥ ਵਿੱਚ ਬਾਲਟੀ ਦੇਖ ਕਿਸ਼ਨਾ ਨਰਮ ਪੈ ਗਿਆ, "ਬਾਲਟੀ ਜ਼ਮੀਨ 'ਤੇ ਰੱਖ ਕੇ ਤਖਤੇ ਨੂੰ ਹੱਥ ਨਾਲ਼ ਧੱਕ ਦਿੰਦਾ। ਇਸ ਤਰ੍ਹਾਂ ਦੋ ਚਾਰ ਵਾਰ ਪੈਰ ਦੀ ਜ਼ੋਰ ਨਾਲ਼ ਠੁੱਡ ਮਾਰਿਆ ਤਾਂ ਤਖਤਾ ਪੋਰੀ ਪੋਰੀ ਹੋ ਜਾਣਾ। ਸਾਰੇ ਕੰਮ ਧਿਆਨ ਨਾਲ਼ ਕਰਿਆ ਕਰ।" ਕਿਸ਼ਨੇ ਨੇ ਸਮਝਾਇਆ, "ਲਿਆ, ਛੇਤੀ ਕਰ। ਪਹਿਲਾਂ ਹੀ ਅੱਧੀ ਰਾਤ ਕਰ ਦਿੱਤੀ ਆ। ਪਾਣੀ ਦਿਨ ਨੂੰ ਹੀ ਭਰ ਲਿਆ ਕਰ।"

ਕਿਸ਼ਨਾ ਬਿਨਾਂ ਕਿਸੇ ਗੱਲ ਤੋਂ ਕੱਲੂ ਨੂੰ ਝਿੜਕੀ ਜਾ ਰਿਹਾ ਸੀ। ਲੇਕਿਨ ਉਹ ਬੇਪ੍ਰਵਾਹ ਆਪਣੀ ਰਫਤਾਰ ਨਾਲ਼ ਸਾਰੇ ਕੰਮ ਕਰ ਰਿਹਾ ਸੀ। ਉਸ ਨੇ ਪਾਣੀ ਦੀ ਬਾਲਟੀ ਵਿੱਚ ਬਰਫ ਪਾ ਕੇ ਮੰਜੀ ਦੇ ਕੋਲ਼ ਰੱਖ ਦਿੱਤੀ। ਕਿਸ਼ਨਾ ਗਲਾਸਾਂ ਬਾਰੇ ਕਹਿਣ ਹੀ ਲੱਗਾ ਸੀ ਕਿ ਕੱਲੂ ਨੇ ਬਗਲ 'ਚੋਂ ਗਲਾਸ ਕੱਢੇ ਅਤੇ ਕੱਲਾ ਕੱਲਾ ਕਰਕੇ ਮੰਜੀ 'ਤੇ ਟਿਕਾ ਦਿੱਤੇ। ਕਿਸ਼ਨਾ ਖੁਸ਼ ਹੋ ਗਿਆ, "ਸ਼ਾਬਸ਼ ... ਹੁਣ ਅੰਬ ਦਾ ਅਚਾਰ ਵੀ ਲਿਆ ਦੇ।"

ਕਿਸ਼ਨੇ ਨੇ ਇੱਕ ਗਲਾਸ ਨੂੰ ਧਿਆਨ ਨਾਲ਼ ਫੜਿਆ। ਉਸ ਨੂੰ ਇੱਕ ਚੌਥਾਈ ਭਰ ਕੇ ਠੰਡਾ ਪਾਣੀ ਪਾਇਆ ਅਤੇ ਕਾਲ਼ੀ ਵੱਲ ਵਧਾ ਦਿੱਤਾ, "ਲੈ ਫੜ ... ਪੀ ਤੇ ਫਿਰ ਦੇਖ ਇਸ ਦਾ ਨਜ਼ਾਰਾ।"

"ਮੈਂ ਪਹਿਲਾਂ ਕਦੇ ਪੀਤੀ ਨਹੀਂ। ਮੈਨੂੰ ਬਹੁਤ ਥੋੜ੍ਹੀ ਦੇ।" ਕਾਲ਼ੀ ਨੇ ਝਿਜਕਦਿਆਂ ਗਲਾਸ ਵੱਲ ਹੱਥ ਵਧਾਇਆ।

"ਪਹਿਲਾਂ ਹੀ ਥੋੜ੍ਹੀ ਦਿੱਤੀ ਹੈ।"

"ਜ਼ਿਆਦਾ ਹੈ।"

"ਲੈ, ਫੜ੍ਹ, ਬਹੁਤੇ ਨਖਰੇ ਨਾ ਕਰ। ਅਖੀਰ ਤੇਰਾ ਹਾਲ ਵੀ ਮੇਰੀ ਘਰਵਾਲ਼ੀ ਵਰਗਾ ਹੋਣਾ। ਸਾਲ਼ੀ, ਪਹਿਲਾਂ ਲੱਖ ਨਖਰੇ ਕਰਦੀ ਹੁੰਦੀ ਸੀ। ਹੌਲ਼ੀ ਹੌਲ਼ੀ ਐਸਾ ਭੁਸ ਪਿਆ ਕਿ ਹੁਣ ਮੈਂ ਨਖਰੇ ਕਰਦਾ ਹਾਂ।" ਕਿਸ਼ਨਾ ਜ਼ੋਰ ਨਾਲ਼ ਹੱਸਿਆ।

ਕਿਸ਼ਨੇ ਨੇ ਦੂਸਰੇ ਗਲਾਸ ਨੂੰ ਲੱਗ ਭੱਗ ਅੱਧਾ ਭਰ ਲਿਆ। ਫਿਰ ਥੋੜ੍ਹਾ ਜਿਹਾ ਪਾਣੀ ਪਾਇਆ। ਉਸ ਨੇ ਉਂਗਲੀ ਨਾਲ਼ ਦੋ-ਚਾਰ ਬੂੰਦਾਂ ਫਰਸ਼ 'ਤੇ ਛਿੜਕ ਦਿੱਤੀਆਂ ਅਤੇ ਗਲਾਸ ਨੂੰ ਬੁੱਲਾਂ ਨਾਲ਼ ਲਾ ਕੇ ਅੱਧਾ ਖਾਲੀ ਕਰ ਦਿੱਤਾ। ਉਸ ਨੇ ਕੜਵਾਹਟ ਨੂੰ ਦੂਰ ਕਰਨ ਲਈ ਖੂੰਅ-ਖੂੰਅ ਦੀ ਅਵਾਜ਼ ਕੱਢੀ। ਥੋੜ੍ਹਾ ਜਿਹਾ ਅੰਬ ਦਾ ਅਚਾਰ ਮੂੰਹ ਵਿੱਚ ਪਾਇਆ ਅਤੇ ਉਸ ਨੂੰ ਹੌਲ਼ੀ ਹੌਲ਼ੀ ਖਾਂਦਾ ਰਿਹਾ।

ਜਦ ਮੂੰਹ ਦੀ ਕੜਵਾਹਟ ਦੂਰ ਹੋ ਗਈ ਅਤੇ ਸਿਰਫ ਅੰਬ ਦੇ ਅਚਾਰ ਦਾ ਸੁਆਦ

ਹੀ ਰਹਿ ਗਿਆ ਤਾਂ ਕਿਸ਼ਨੇ ਨੇ ਬਾਕੀ ਬਚਿਆ ਗਲਾਸ ਵੀ ਖਾਲੀ ਕਰ ਦਿੱਤਾ। ਉਸ ਨੇ ਇੱਕ ਪਿਆਜ਼ ਚੁੱਕਿਆ ਅਤੇ ਮੰਜੀ ਦੇ ਪਾਵੇ 'ਤੇ ਰੱਖ ਕੇ ਉੱਪਰ ਜ਼ੋਰ ਨਾਲ਼ ਮੁੱਕਾ ਮਾਰਿਆ। ਪਿਆਜ਼ ਫਿੱਸ ਕੇ ਖੁੱਲ੍ਹ ਗਿਆ। ਹੱਥਾਂ ਵਿੱਚ ਘੁੱਟ ਕੇ ਉਸ ਨੇ ਉਸ ਦਾ ਪਾਣੀ ਨਚੋੜ ਦਿੱਤਾ ਅਤੇ ਦੋ ਡੱਕਰੇ ਕਰ ਦਿੱਤੇ। ਇੱਕ ਡੱਕਰਾ ਕਾਲ਼ੀ ਦੇ ਹੱਥ ਫੜਾ ਦਿੱਤਾ, "ਲੈ ਦਾਰੂ ਦੇ ਨਾਲ਼ ਪਿਆਜ਼ ਵੀ ਖਾਹ ਅਤੇ ਅਚਾਰ ਵੀ। ਦਾਰੂ ਦਾ ਸੁਆਦ ਦੁੱਗਣਾ ਹੋ ਜਾਊਗਾ।"

ਕਾਲ਼ੀ ਹੌਲ਼ੀ ਹੌਲ਼ੀ ਪੀ ਰਿਹਾ ਸੀ ਅਤੇ ਘੁੱਟ ਭਰਨ ਪਿੱਛੋਂ ਬੁਰਾ ਜਿਹਾ ਮੂੰਹ ਵੀ ਬਣਾਉਂਦਾ ਸੀ ਜਿਵੇਂ ਉਸ ਵਿੱਚ ਜ਼ਹਿਰ ਘੁਲ਼ ਰਿਹਾ ਹੋਵੇ। ਕਿਸ਼ਨਾ ਧਿਆਨ ਨਾਲ਼ ਉਸ ਵੱਲ ਦੇਖ ਰਿਹਾ ਸੀ। ਫਿਰ ਜਿਵੇਂ ਉਸ ਦਾ ਸਬਰ ਇਕਦਮ ਟੁੱਟ ਗਿਆ ਹੋਵੇ। "ਯਾਰ ਤੂੰ ਦਾਰੂ ਪੀ ਰਿਹਾ ਹੈ ਜਾਂ ਜ਼ਹਿਰ। ਇੰਨੀ ਵਧੀਆ ਮਸਾਲ਼ੇਦਾਰ ਠੇਕੇ ਦੀ ਸ਼ਰਾਬ ਲਿਆਇਆ ਹਾਂ ਅਤੇ ਤੂੰ ਬੁਰੇ ਬੁਰੇ ਮੂੰਹ ਬਣਾ ਰਿਹਾ ਹੈ। ਗਾਂਧੀ ਮਾਰਕਾ ਦਾਰੂ ਐਨਿਆਂ ਪੈਸਿਆਂ ਵਿੱਚ ਤਿੰਨ ਬੋਤਲਾਂ ਆ ਜਾਂਦੀਆਂ ਹਨ।"

"ਕਿਸ਼ਨੇ ਭਾਅ ਜੀ, ਸਬਰ ਕਰ। ਆਦਤ ਬਣ ਜਾਵੇ ਤਾਂ ਜ਼ਹਿਰ ਵੀ ਮਿੱਠਾ ਲਗਦਾ ਹੈ।" ਕਿਸ਼ਨੇ ਦੀ ਤਲਖੀ ਨੂੰ ਘੱਟ ਕਰਨ ਲਈ ਕਾਲ਼ੀ ਮੁਸਕਰਾਇਆ। "ਬੱਸ, ਨੱਥ ਉੱਤਰਨ ਦੀ ਹੀ ਉਡੀਕ ਹੁੰਦੀ ਹੈ। ਫਿਰ ਤਾਂ ਚੱਲ ਹੀ ਚੱਲ।"

ਕਾਲ਼ੀ ਨੇ ਆਪਣਾ ਗਲਾਸ ਚੁੱਕਿਆ ਅਤੇ ਗਟਾਗਟ ਪੂਰਾ ਪੀ ਕੇ ਜੇਤੂਆਂ ਵਾਂਗ ਗਲਾਸ ਮੰਜੀ 'ਤੇ ਸਿੱਟ ਦਿੱਤਾ।

"ਆਹ ਹੋਈ ਨਾ ਮਰਦਾਂ ਵਾਲ਼ੀ ਗੱਲ। ਸ਼ਰਾਬ ਇਸ ਤਰ੍ਹਾਂ ਹੀ ਪੀਣੀ ਚਾਹੀਦੀ ਹੈ। ਪਹਿਲਾਂ ਤਾਂ ਤੂੰ ਇਸ ਤਰ੍ਹਾਂ ਪੀ ਰਿਹਾ ਸੀ ਜਿਵੇਂ ਤੇਰੇ ਗਲਾਸ ਵਿੱਚ ਮਿੱਠੀ ਲੱਸੀ ਹੋਵੇ।" ਕਿਸ਼ਨੇ ਨੇ ਕਾਲ਼ੀ ਦੇ ਪੱਟ 'ਤੇ ਜ਼ੋਰ ਦੀ ਹੱਥ ਮਾਰਿਆ। ਫਿਰ ਝੁੱਕ ਕੇ ਮੰਜੀ ਥੱਲਿਉਂ ਬੋਤਲ ਚੁੱਕੀ ਅਤੇ ਕਾਲ਼ੀ ਦੇ ਗਲਾਸ ਵਿੱਚ ਪਾਉਣ ਲੱਗਾ, "ਘੱਟ ਪਾਵਾਂ ਜਾਂ ਬਰਾਬਰ ਰੱਖਾਂ ?"

ਕਾਲ਼ੀ ਨੇ ਇੱਕ ਪੱਲ ਸੋਚਿਆ ਕਿ ਸ਼ਰਾਬ ਦੀ ਬੋਤਲ ਅਤੇ ਬਾਕੀ ਹੋਰ ਚੀਜ਼ਾਂ ਦੀ ਕੀਮਤ ਦਾ ਅੱਧਾ ਹਿੱਸਾ ਤਾਂ ਉਸ ਨੇ ਵੀ ਦੇਣਾ ਹੈ। ਹਿਸਾਬ ਲਾ ਕੇ ਉਹ ਚਹਿਕ ਉਠਿਆ, "ਜਦ ਪੀਣ ਬੈਠ ਹੀ ਗਏ ਤਾਂ ਘੱਟ ਕਿਉਂ। ਇਕੋ ਜਿਹੀ ਪਾਵੋ।"

"ਅਸ਼ਕੇ ਉਏ ਪੁੱਤਰਾ। ਤੂੰ ਤਾਂ ਨਿਰੋਲ ਮਰਦ ਨਿਕਲਿਆ।"

ਕਿਸ਼ਨੇ ਨੇ ਗਲਾਸਾਂ ਵਿੱਚ ਇੱਕੋ ਜਿਹੀ ਸ਼ਰਾਬ ਪਾਈ। ਬਲਕਿ ਆਪਣਾ ਗਲਾਸ ਕੁੱਝ ਭਾਰਾ ਹੀ ਰੱਖਿਆ। ਕਾਲ਼ੀ ਨੂੰ ਬੋਤਲ ਵੱਲ ਧਿਆਨ ਨਾਲ਼ ਦੇਖਦਾ ਦੇਖ ਕੇ ਕਿਸ਼ਨੇ ਨੇ ਉਸ ਨੂੰ ਸਮਝਾਇਆ, "ਤੂੰ ਪਹਿਲਾਂ ਕਦੀ ਪੀਤੀ ਨਹੀਂ ਹੈ ਇਸ ਲਈ ਥੋੜ੍ਹਾ ਹੌਲ਼ੀ ਹੌਲ਼ੀ ਪੀ। ਕਿਤੇ ਏਦਾਂ ਨਾ ਹੋਵੇ ਕਿ ਛੇਤੀ ਹੀ ਲਮਲੇਟ ਹੋ ਜਾਵੇਂ। ਪਾਣੀ ਜਿੰਨਾ ਕੁ ਤੂੰ ਚਾਹੁੰਦਾ ਹੈਂ ਪਾ ਲੈ। ਮੈਂ ਤਾਂ ਬੱਸ ਬੇਮਲੂਮ ਜਿਹਾ ਹੀ ਪਾਉਣਾ ਹੈ।"

ਕਾਲ਼ੀ ਨੇ ਆਪਣੇ ਗਲਾਸ ਦਾ ਖਾਲੀ ਹਿੱਸਾ ਪਾਣੀ ਨਾਲ਼ ਭਰ ਲਿਆ ਅਤੇ ਦੋ-ਤਿੰਨ ਘੁੱਟ ਇਕੋ ਵਾਰ ਭਰੇ। ਫਿਰ ਸ਼ਰਾਰਤ ਨਾਲ਼ ਮੁਸਕਰਾਇਆ, "ਪਾਣੀ ਜ਼ਿਆਦਾ ਪੈ ਗਿਆ। ਫਿੱਕੀ ਜਿਹੀ ਹੋ ਗਈ।"

"ਪਾਣੀ ਘੱਟ ਪਾਉਣਾ ਸੀ।" ਕਿਸ਼ਨੇ ਨੇ ਕਾਲ਼ੀ ਨੂੰ ਝਿੜਕਿਆ। ਉਸ ਨੇ ਆਪਣਾ ਗਲਾਸ ਅੱਧੇ ਤੋਂ ਜ਼ਿਆਦਾ ਖਾਲੀ ਕਰ ਦਿੱਤਾ ਅਤੇ ਖੰਘ ਕੇ ਆਪਣਾ ਗਲ਼ਾ ਸਾਫ ਕੀਤਾ। "ਕਾਲ਼ੀ, ਸਾਡੇ ਪਿੰਡ ਦੇ ਇੱਕ ਚੌਧਰੀ ਨੇ ਮੈਨੂੰ ਇੱਕ ਵਾਰ ਭੱਠੀ ਤੋਂ ਨਿਕਲਦੀ ਨਿਕਲਦੀ ਪਹਿਲੇ ਤੋੜ ਦੀ ਗਰਮ ਗਰਮ ਸ਼ਰਾਬ ਪਿਲਾ ਦਿੱਤੀ ਸੀ। ਕਈ ਸਾਲ ਪੁਰਾਣੀ ਗੱਲ ਹੈ। ਬਿਲਕੁਲ ਨਿਆਣੀ ਉਮਰ ਸੀ ਕੋਈ ਬਾਰਾਂ-ਤੇਰਾਂ ਸਾਲ ਦੀ। ਸੋਚ ਲੈ ਕਿ ਮੇਰੇ ਗਲ਼ ਦੀ ਅਜੇ ਘੰਡੀ ਨਹੀਂ ਫੁੱਟੀ ਸੀ। ਅਵਾਜ਼ ਪੀਪਨੀ ਤੋਂ ਪੀਪਾ ਨਹੀਂ ਬਣੀ ਸੀ। ... ਸਾਲ਼ੀ ਐਸੀ ਚੜ੍ਹੀ ... ਐਸੀ ਚੜ੍ਹੀ ... ਐਸੀ ਚੜ੍ਹੀ ਕਿ ਤਿੰਨ ਦਿਨ ਬੇਸੁੱਧ ਪਿਆ ਰਿਹਾ। ਘਰ ਵਾਲ਼ੇ ਬਹੁਤ ਪਰੇਸ਼ਾਨ। ਮੂੰਹ ਵਿੱਚੋਂ ਝੱਗ ਨਿਕਲਣ ਲੱਗ ਪਈ ਸੀ। ਉਨ੍ਹਾਂ ਨੂੰ ਡਰ ਲੱਗਣ ਲੱਗਾ ਕਿ ਕਿਤੇ ਮਿਰਗੀ ਦਾ ਦੌਰਾ ਨਾ ਪੈ ਗਿਆ ਹੋਵੇ। ਭੂਤ ਪਰੇਤ ਦਾ ਸਾਇਆ ਨਾ ਪੈ ਗਿਆ ਹੋਵੇ। ਕਈ ਸਿਆਣੇ ਸੱਦੇ, ਜਾਦੂ ਟੂਣੇ ਕਰਾਏ। ਸੁੱਖਾਂ ਸੁੱਖੀਆਂ ਪਰ ਕੋਈ ਫਾਇਦਾ ਨਾ ਹੋਇਆ। ... ਚੌਥੇ ਦਿਨ ਅੱਖ ਖੁੱਲੀ ਤਾਂ ਵੀ ਮੂੰਹ ਵਿੱਚ ਕੁੜੱਤਣ ਸੀ।"

ਗਲਾਸ ਖਾਲੀ ਕਰਕੇ ਕਿਸ਼ਨਾ ਅਚਾਰ ਤੇ ਪਿਆਜ਼ ਖਾਣ ਲੱਗ ਪਿਆ। ਫਿਰ ਉਸ ਨੇ ਕੱਲੂ ਨੂੰ ਹਾਕ ਮਾਰੀ। ਉਸ ਨੇ ਜਵਾਬ ਨਾ ਦਿੱਤਾ ਤਾਂ ਕਿਸ਼ਨੇ ਨੇ ਹੋਰ ਵੀ ਉੱਚੀ ਅਵਾਜ਼ ਵਿੱਚ ਹਾਕ ਮਾਰੀ। ਕਿਸ਼ਨੇ ਦੇ ਚਾਰ-ਪੰਜ ਵਾਰ ਅਵਾਜ਼ ਦੇਣ ਪਿੱਛੋਂ ਕੱਲੂ ਉਨ੍ਹਾਂ ਦੇ ਸਾਹਮਣੇ ਆ ਖੜ੍ਹਾ ਹੋਇਆ। ਉਸ ਨੂੰ ਦੇਖ ਕੇ ਕਿਸ਼ਨਾ ਭੜਕ ਉੱਠਿਆ, "ਕਿੱਥੇ ਮਰ ਗਿਆ ਸੀ ? ਹਾਕਾਂ ਮਾਰ ਮਾਰ ਕੇ ਮੇਰਾ ਸੰਘ ਸੁੱਕ ਗਿਆ।"

"ਕੋਠੇ 'ਤੇ ਸੀ।" ਕੱਲੂ ਨੇ ਹਲੀਮੀ ਨਾਲ਼ ਹੌਲ਼ੀ ਜਿਹੀ ਜਵਾਬ ਦਿੱਤਾ।

"ਕੋਠੇ ਦੀ ਛੱਤ 'ਤੇ ਕੀ ਮਮੀਰੇ ਦੀਆਂ ਗੁੱਥਲੀਆਂ ਪਈਆਂ ਹਨ ਜਿਹੜਾ ਟਪੂਸੀ ਮਾਰ ਕੇ ਝੱਟ ਕੋਠੇ ਚੜ੍ਹ ਜਾਂਦਾ ਹੈਂ ?" ਕਿਸ਼ਨੇ ਨੇ ਕੁਰੱਖਤ ਅਵਾਜ਼ ਵਿੱਚ ਉਸ ਨੂੰ ਡਾਂਟਿਆ। ਫਿਰ ਉਸ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਹੀ ਬੋਲਿਆ, "ਜਾ ਦੌੜ ਕੇ ਤੰਦੂਰ ਤੋਂ ਰੋਟੀ ਲੈ ਆ। ਦਾਲ਼ ਲਈ ਛੋਟੀ ਪਤੀਲੀ ਲੈ ਜਾ।"

"ਕਿੰਨੀਆਂ ਰੋਟੀਆਂ ਲਿਆਉਣੀਆਂ ਹਨ ?"

"ਇਹ ਵੀ ਦੱਸਣਾ ਪਵੇਗਾ।" ਕਿਸ਼ਨੇ ਨੇ ਕੱਲੂ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਸ ਦੇ ਮੂੰਹੋ ਕੋਈ ਗਲਤ ਗੱਲ ਨਿਕਲ਼ ਗਈ ਹੋਵੇ, "ਆਪਣੇ ਹਿਸਾਬ ਨਾਲ਼ ਲੈ ਆਈਂ।"

"ਉਨੀਆਂ ਹੀ ਲੈ ਆਵਾਂ ਜਿੰਨੀਆਂ ਰੋਜ਼ ਲਿਆਉਂਦਾ ਹੈ ?"

"ਇਹ ਭੁੱਖਾ ਈ ਸੌਂਊਗਾ ਜਾਂ ਇਸ ਦੇ ਢਿੱਡ ਨਹੀਂ ਲੱਗਾ ਹੋਇਆ ?" ਕਾਲ਼ੀ ਵੱਲ ਇਸ਼ਾਰਾ ਕਰਕੇ ਕਿਸ਼ਨੇ ਨੇ ਵਿਅੰਗ ਨਾਲ਼ ਕਿਹਾ।

"ਭਾਅ ਜੀ ਲਈ ਵੀ ਉਨੀਆਂ ਹੀ ਲੈ ਆਵਾਂ ਜਿੰਨੀਆਂ ਤੇਰੇ ਲਈ ਲਿਆਈ ਦੀਆਂ ਹਨ।"

"ਹਾਂ ... ਹਾਂ ... ਠੀਕ ਹੈ। ਜ਼ਿਆਦਾ ਹੋਈਆਂ ਤਾਂ ਸਵੇਰ ਨੂੰ ਖਾ ਲਵਾਂਗੇ।" ਕਾਲ਼ੀ ਨੇ ਗੱਲ ਖਤਮ ਕਰਨ ਲਈ ਕੱਲੂ ਨੂੰ ਜਾਣ ਦਾ ਇਸ਼ਾਰਾ ਕੀਤਾ।

"ਜੇ ਘੱਟ ਗਈਆਂ ਤਾਂ ਕਿਹਦਾ ਦਰ ਖੜਕਾਂਵਾਂਗੇ। ਇਥੇ ਨਾ ਤਾਂ ਸਾਡੇ ਪੇਕੇ ਹਨ

ਤੇ ਨਾ ਹੀ ਸਹੁਰੇ।"

"ਯਾਰ, ਪੰਜ-ਸੱਤ ਵਾਧੂ ਲੈ ਆਵੀਂ। ਕਿਹਾ ਤਾਂ ਹੈ ਕਿ ਜੇ ਵਾਧੂ ਹੋਈਆਂ ਤਾਂ ਸਵੇਰ ਨੂੰ ਖਾ ਲਵਾਂਗੇ। ਰੋਟੀਆਂ ਵਿਅਰਥ ਨਹੀਂ ਜਾਣ ਦਿੰਦੇ।" ਕਾਲ਼ੀ ਨੇ ਸਮਝਾਇਆ।

"ਚੱਲੋ, ਠੀਕ ਹੈ।" ਕੱਲੂ ਕਮਰੇ ਵੱਲ ਨੂੰ ਮੁੜ ਗਿਆ।

"ਪੈਸੇ ਹੈ ਜਾਂ ਦੇਵਾਂ ?"

"ਪੈਸੇ ਦਿੱਤੇ ਹੋਏ ਹਨ। ਤੂੰ ਹੁਣ ਕੋਈ ਗੜਬੜ ਨਾ ਕਰੀਂ, ਆਪਣੀ ਜੇਬ 'ਚੋਂ ਪੈਸੇ ਦੇ ਕੇ। ਅਸੀਂ ਪੂਰਾ ਹਿਸਾਬ ਕਿਤਾਬ ਸਵੇਰੇ ਕਰਾਂਗੇ। ਹੁਣ ਹਿਸਾਬ ਕਰਕੇ ਦਾਰੂ ਦਾ ਮਜ਼ਾ ਖਰਾਬ ਨਾ ਕਰ।" ਕਿਸ਼ਨੇ ਨੇ ਕਾਲ਼ੀ ਨੂੰ ਰੋਕ ਦਿੱਤਾ।

ਕੱਲੂ ਪਤੀਲੀ ਅਤੇ ਪਰਨਾ ਫੜ ਤਖਤਾ ਬੰਦ ਕਰਕੇ ਗਲ਼ੀ ਵਿੱਚ ਚਲਾ ਗਿਆ ਤਾਂ ਕਿਸ਼ਨੇ ਨੇ ਬੋਤਲ ਉੱਪਰ ਨੂੰ ਚੁੱਕ ਕੇ ਧਿਆਨ ਨਾਲ਼ ਦੇਖਿਆ। ਜਦ ਉਹ ਬੋਤਲ ਵਿੱਚ ਬਚੀ ਸ਼ਰਾਬ ਦਾ ਅੰਦਾਜ਼ਾ ਨਾ ਲਾ ਸਕਿਆ ਤਾਂ ਉਸ ਨੇ ਬੋਤਲ ਕਾਲ਼ੀ ਨੂੰ ਫੜਾ ਦਿੱਤੀ, "ਦੇਖ ਯਾਰਾ, ਇਹਦੇ ਵਿੱਚ ਕਿੰਨੀ ਕੁ ਹੋਰ ਬਚੀ ਹੈ। ਮੈਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਬੋਤਲ ਹੱਸ ਰਹੀ ਹੈ।"

ਕਾਲ਼ੀ ਮੰਜੀ ਤੋਂ ਉੱਠ ਕੇ ਕੰਧ ਦੇ ਕੋਲ਼ ਚਲਾ ਗਿਆ ਅਤੇ ਦੂਰ ਜਗਮਗਾਉਂਦੀ ਰੌਸ਼ਨੀ ਵਿੱਚ ਬੋਤਲ ਨੂੰ ਦੇਖਣ ਲੱਗਾ। ਉਸ ਨੇ ਬੋਤਲ ਦਾ ਢੱਕਣ ਚੰਗੀ ਤਰ੍ਹਾਂ ਬੰਦ ਕਰਕੇ ਉਸ ਨੂੰ ਮੂਧਾ ਕਰ ਦਿੱਤਾ ਅਤੇ ਅੱਖਾਂ ਦੇ ਕੋਲ਼ ਲਿਜਾ ਕੇ ਬਹੁਤ ਧਿਆਨ ਨਾਲ਼ ਦੇਖਦਾ ਮੁੜ ਆਇਆ ਅਤੇ ਬੋਤਲ ਕਿਸ਼ਨੇ ਵੱਲ ਵਧਾ ਦਿੱਤੀ, "ਅੱਧੀ ਤੋਂ ਥੋੜ੍ਹੀ ਹੀ ਘੱਟ ਹੈ।"

"ਸ਼ੁਕਰ ਹੈ ਰੱਬ ਜੀ ਦਾ। ਮੈਂ ਤਾਂ ਘਬਰਾ ਹੀ ਗਿਆ ਸੀ ਕਿ ਅਜੇ ਪੀਣ ਹੀ ਲੱਗੇ ਸੀ ਤੇ ਬੋਤਲ ਹੱਸਣ ਵੀ ਲੱਗ ਪਈ ਹੈ।" ਕਿਸ਼ਨਾ ਆਪਣਾ ਗਲਾਸ ਚੁੱਕ ਕੇ ਸੋਚ ਵਿੱਚ ਪੈ ਗਿਆ। ਫਿਰ ਉਸ ਨੇ ਸਿਰ ਹਿਲਾਇਆ ਜਿਵੇਂ ਸਮੱਸਿਆ ਹੱਲ ਹੋ ਗਈ ਹੋਵੇ। ਉਸ ਨੇ ਇੱਕੋ ਜਿਹੀ ਸ਼ਰਾਬ ਪਾਈ ਅਤੇ ਆਪਣੇ ਗਲਾਸ ਵਿੱਚ ਬਿਨਾਂ ਪਾਣੀ ਪਾਉਣ ਦੇ ਹੀ ਖਾਲੀ ਕਰ ਦਿੱਤਾ। ਉਸ ਨੇ ਅਚਾਰ ਦੀ ਬੜੀ ਸਾਰੀ ਫਾੜੀ ਮੂੰਹ ਵਿੱਚ ਪਾ ਲਈ, ਫਿਰ ਪਿਆਜ਼ ਨੂੰ ਤੋੜੇ ਬਿਨਾਂ ਹੀ ਖਾਣ ਲੱਗਾ।

"ਕਿਸ਼ਨੇ ਭਾਅ ਜੀ, ਤੂੰ ਅਰਾਮ ਨਾਲ਼ ਪੀ। ... ਐਨਾ ਬੇਸਬਰਾ ਕਿਉ ਹੋ ਰਿਹਾ ਹੈਂ ?"

"ਯਾਰਾ ਦੇਖ ਕੇ ਸਬਰ ਹੁੰਦਾ ਨਹੀਂ।" ਕਿਸ਼ਨੇ ਨੇ ਮੂੰਹ ਵਿੱਚੋਂ ਪਿਆਜ਼ ਦੀਆਂ ਛਿੱਲਾਂ ਥੁੱਕਦਿਆਂ ਹੱਥ ਹਿਲਾਇਆ।

ਕਾਲ਼ੀ ਚੁੱਪ ਰਿਹਾ। ਉਹ ਬਹੁਤ ਧਿਆਨ ਨਾਲ਼ ਕਿਸ਼ਨੇ ਵੱਲ ਦੇਖ ਰਿਹਾ ਸੀ, "ਕਿਸ਼ਨੇ ਭਾਅ ਜੀ।"

"ਹਾਂ"

"ਇੱਕ ਗੱਲ ਕਹਿਣੀ ਚਾਹੁੰਦਾ ਹਾਂ।"

"ਕੋਈ ਐਵੇਂ ਸੜੀ ਬੁਝੀ ਗੱਲ ਨਾ ਕਰੀਂ ਜਿਸ ਨਾਲ਼ ਨਸ਼ਾ ਹੀ ਲਹਿ ਜਾਵੇ। ਐਸੀ

ਚੋਂਦੀ ਚੋਂਦੀ ਵਧੀਆ ਜਿਹੀ ਗੱਲ ਕਰ ਕਿ ਨਸ਼ਾ ਖਿੜ ਜਾਵੇ।" ਕਿਸ਼ਨਾ ਚੰਗੀ ਤਰ੍ਹਾਂ ਹੋ ਕੇ ਬੈਠ ਗਿਆ ਜਿਵੇਂ ਕਿ ਕਾਲ਼ੀ ਕੋਈ ਮਸਾਲੇਦਾਰ ਬੋਲੀ ਸੁਣਾਉਂਣ ਲੱਗਾ ਹੋਵੇ।

ਕਾਲ਼ੀ ਕੁੱਝ ਪੱਲ ਚੁੱਪ ਰਿਹਾ। ਫਿਰ ਇੱਕ ਇੱਕ ਸ਼ਬਦ ਨੂੰ ਤੋਲਦਾ ਹੋਇਆ ਬੋਲਿਆ, "ਕਿਸ਼ਨੇ ਭਾਅ ਜੀ।"

"ਯਾਰ, ਤੂੰ ਸਿੱਧੀ ਤਰ੍ਹਾਂ ਗੱਲ ਕਰ। ਤੇਰੇ ਕਿਸ਼ਨੇ ਭਾਅ ਜੀ ਨੇ ਮਾਰ ਲਿਆ। ਤੂੰ ਗੱਲ ਨੂੰ ਲਟਕਾ ਕੇ ਉਸ ਦਾ ਸਤਿਆਨਾਸ ਕਰ ਦਿੰਦਾ ਹੈ।" ਕਿਸ਼ਨਾ ਸਟਪਟਾਇਆ।

"ਜਦ ਤੂੰ ਪਹਿਲਾਂ ਹੀ ਗੁੱਸੇ ਵਿੱਚ ਹੈਂ ਤਾਂ ਗੱਲ ਕਰਨ ਦਾ ਕੀ ਫਾਇਦਾ।"

"ਮੈਂ ਗੁੱਸੇ ਵਿੱਚ ਨਹੀਂ ਹਾਂ। ਚੱਲ ਤੂੰ ਗੱਲ ਕਰ।" ਇੱਕ ਵਾਰ ਫਿਰ ਹਿੱਲ ਜੁੱਲ ਕੇ ਕਿਸ਼ਨਾ ਸਬਰ ਨਾਲ਼ ਬੈਠ ਗਿਆ।

"ਮੈਂ ਕਹਿਣਾ ਚਾਹੁੰਦਾ ਸੀ ਕਿ ਕੱਲੂ ਬਹੁਤ ਚੰਗਾ ਮੁੰਡਾ ਹੈ।"

"ਅੱਗੇ ਬੋਲ। ਕੋਈ ਰਿਸ਼ਤਾ ਹੈ ਉਹਦੇ ਲਈ ?"

"ਰਿਸ਼ਤਾ ਤਾਂ ਅਜੇ ਤੱਕ ਮੈਨੂੰ ਨਹੀਂ ਮਿਲ਼ਿਆ, ਉਹਦੇ ਲਈ ਕਿੱਥੋਂ ਲੈ ਕੇ ਆਉਂਗਾ।" ਕਾਲ਼ੀ ਹੱਸਿਆ। ਫਿਰ ਗੰਭੀਰ ਹੋ ਗਿਆ, "ਤੂੰ ਉਹਨੂੰ ਇਸ ਤਰ੍ਹਾਂ ਝਿੜਕਿਆ ਨਾ ਕਰ। ਮੁੰਡਾ ਅਜਿਹੀ ਉਮਰ ਵਿੱਚੋਂ ਲੰਘ ਰਿਹਾ ਹੈ ਜੋ ਕਿ ਬਹੁਤ ਨਾਜ਼ਕ ਹੁੰਦੀ ਹੈ। ਬਹਿਕ ਸਕਦਾ ਹੈ, ਗੁੱਸੇ ਵਿੱਚ ਆ ਕੇ ਗਲਤ ਰਾਹ ਪੈ ਸਕਦਾ ਹੈ।"

"ਇਹ ਕੱਲੂ ?" ਕਿਸ਼ਨਾ ਕਾਲ਼ੀ ਵੱਲ ਨੂੰ ਮੂਧਾ ਹੋ ਗਿਆ, "ਇਹ ਕੱਲੂ, ਆਪਣੀ ਮਾਂ ਦਾ ਖਸਮ ਹੈ। ਜੋ ਕੁਝ ਇਹਨੇ ਕੀਤਾ, ਤੈਨੂੰ ਪਤਾ ਨਹੀਂ ਹੈ। ਮੈਂ ਤਾਂ ਤੈਨੂੰ ਇਸ਼ਾਰਾ ਹੀ ਕੀਤਾ ਹੈ। ਇਸ ਮਾਂ ਦੇ ਖਸਮ ਦੀਆਂ ਕਰਤੂਤਾਂ ਦੀ ਵਜ੍ਹਾ ਕਰਕੇ ਸਾਡਾ ਸਾਰਾ ਘਰ ਤਬਾਹ ਹੋ ਜਾਣਾ ਸੀ।"

ਕਿਸ਼ਨੇ ਦੀ ਗੱਲ ਸੁਣ ਕੇ ਕਾਲ਼ੀ ਸਹਿਮ ਗਿਆ ਅਤੇ ਹੱਥ ਦਾ ਗਲਾਸ ਥੱਲੇ ਫਰਸ਼ 'ਤੇ ਰੱਖ ਦਿੱਤਾ। ਕਿਸ਼ਨੇ ਨੇ ਆਪਣੇ ਗਲਾਸ ਵਿੱਚ ਦੇਖਿਆ। ਉਹ ਖਾਲੀ ਸੀ। ਉਹ ਨੇ ਕਾਲ਼ੀ ਦਾ ਗਲਾਸ ਚੁੱਕਿਆ ਅਤੇ ਗਟਾਗਟ ਪੀ ਗਿਆ। ਫਿਰ ਖਾਲੀ ਗਲਾਸ ਮੰਜੀ 'ਤੇ ਸਿੱਟ ਦਿੱਤਾ ਅਤੇ ਬੁੱਲਾਂ 'ਤੇ ਜੀਭ ਫੇਰਨ ਲੱਗਾ। "ਪਹਿਲਵਾਨ, ਪਿੰਡ ਵਿੱਚ ਰਹਿ ਕੇ ਚੌਧਰੀਆਂ ਨਾਲ਼ ਪੰਗਾ ਲੈਣਾ ਆਪਣੀ ਤਬਾਹੀ ਨੂੰ ਸੱਦਾ ਦੇਣਾ ਹੈ। ਉਹ ਜ਼ਮੀਨਾਂ, ਜਾਈਦਾਦਾਂ ਦੇ ਮਾਲਕ ਹਨ ਅਤੇ ਸਾਡੇ ਪੱਲੇ ਮਿਹਨਤ ਅਤੇ ਗਰੀਬੀ ਦੇ ਸਿਵਾ ਕੁੱਝ ਨਹੀਂ। ਥਾਣੇ ਜਾਉ ਤਾਂ ਪੁਲਸ ਉਨਾਂ ਦੀ ਹੈ। ਕਚਹਿਰੀ ਜਾਉ ਤਾਂ ਜੱਜ-ਮਜਿਸਟਰੇਟ ਉਨਾਂ ਦੇ ਹਨ। ਕਿੱਦਾਂ ਮੁਕਾਬਲਾ ਕਰਾਂਗੇ।"

"ਚਲੋ, ਉਹ ਗੱਲ ਤਾਂ ਖਤਮ ਹੋ ਗਈ। ਤੂੰ ਉਹਨੂੰ ਪਿੰਡੋਂ ਸ਼ਹਿਰ ਲੈ ਆਇਆ। ਬਹੁਤ ਚੰਗਾ ਕੀਤਾ। ਉਹਦੇ ਨਾਲ਼ ਥੋੜ੍ਹਾ ਪਿਆਰ ਨਾਲ਼ ਗੱਲ ਕਰਿਆ ਕਰ। ਬਰਾਬਰ ਦਾ ਭਰਾ ਹੈ। ਮੋਹਰੇ ਖੜ੍ਹਾ ਹੋ ਗਿਆ ਤਾਂ ਤੇਰੀ ਕੀ ਇੱਜ਼ਤ ਰਹੇਗੀ ?"

ਕਿਸ਼ਨਾ ਪਹਿਲਾਂ ਤਾਂ ਸਬਰ ਨਾਲ਼ ਕਾਲ਼ੀ ਦੀ ਗੱਲ ਸੁਣਦਾ ਰਿਹਾ। ਫਿਰ ਉਹ ਇਕਦਮ ਭੜਕ ਉਠਿਆ, "ਤੂੰ ਮੇਰਾ ਬਾਪ ਲਗਦਾਂ ਜਾਂ ਸਹੁਰਾ। ਦਾਦਾ ਲਗਦਾ ਹੈਂ ਜਾਂ ਨਾਨਾ ?"

"ਮੈਂ ਤਾਂ ਸਿਰਫ ਤੇਰੇ ਨਾਲ਼ ਕੰਮ ਕਰਦਾ ਹਾਂ। ਕਹਿ ਲਓ ਦੋਸਤ ਹਾਂ।" ਕਿਸ਼ਨੇ ਨੂੰ ਸ਼ਾਂਤ ਕਰਨ ਲਈ ਕਾਲ਼ੀ ਨੇ ਉਸ ਦੇ ਦੋਨੋਂ ਗੋਡੇ ਫੜ ਲਏ।

"ਗੱਲਾਂ ਤਾਂ ਤੂੰ ਇਸ ਤਰ੍ਹਾਂ ਕਰ ਰਿਹਾ ਹੈ ਜਿਵੇਂ ਮੇਰਾ ਬੜਾ ਬਜ਼ੁਰਗ ਹੋਵੇਂ। ਉਹ ਮੇਰਾ ਭਰਾ ਹੈ। ਮਾਂ ਜਾਇਆ ਹੈ। ਮੈਂ ਉਹਨੂੰ ਝਿੜਕਾਂ, ਉਹਦੀ ਗਰਦਨ ਲਾਹ ਦਿਆਂ, ਉਹਨੂੰ ਪਿਆਰ ਕਰਾਂ, ਉਹਦੇ ਲਈ ਆਪਣੀ ਜਾਨ ਦੇ ਦਿਆਂ, ਉਹਦੀ ਜਾਨ ਲੈ ਲਵਾਂ, ਤੂੰ ਵਿੱਚ ਦਖਲ ਦੇਣ ਵਾਲ਼ਾ ਕੌਣ ਹੈਂ ?" ਕਿਸ਼ਨਾ ਖਿੱਝਿਆ ਹੋਇਆ ਸੀ। ਫਿਰ ਅਫਸੋਸ ਵਿੱਚ ਸਿਰ ਹਿਲਾਉਣ ਲੱਗਾ, "ਕੀ ਯਾਰ, ਐਨਾ ਸੁਹਣਾ ਨਸ਼ਾ ਆਇਆ ਹੋਇਆ ਸੀ। ਘਰ ਦੀਆਂ ਗੱਲਾਂ ਛੇੜ ਕੇ ਸਾਰਾ ਖਰਾਬ ਕਰ ਦਿੱਤਾ।"

ਕਿਸ਼ਨਾ ਬੋਤਲ ਵਿੱਚ ਬਚੀ ਸ਼ਰਾਬ ਆਪਣੇ ਗਲਾਸ ਵਿੱਚ ਉਲੱਦ ਕੇ ਗਟਾਗਟ ਪੀ ਗਿਆ। ਫਿਰ ਉਸ ਨੇ ਦੋ ਘੁੱਟ ਪਾਣੀ ਪੀਤਾ ਅਤੇ ਖੰਘਦਾ ਹੋਇਆ ਮੰਜੀ ਤੋਂ ਉੱਠ ਕੇ ਖੜ੍ਹਾ ਹੋ ਗਿਆ। ਹਵਾ ਥੋੜ੍ਹੀ ਠੰਡੀ ਹੋ ਗਈ ਸੀ ਅਤੇ ਖੇਤਾਂ ਦੇ ਨੇੜੇ ਹੋਣ ਕਰਕੇ ਵਿਹੜੇ ਵਿੱਚ ਬਹੁਤ ਸੁਹਣੀ ਹਵਾ ਆ ਰਹੀ ਸੀ। ਕਿਸ਼ਨੇ ਨੂੰ ਨਸ਼ਾ ਚੜ੍ਹ ਗਿਆ ਸੀ। ਉਹ ਕਾਲ਼ੀ ਦੇ ਕੋਲ਼ ਆ ਕੇ ਖੜ੍ਹ ਗਿਆ ਅਤੇ ਉਹਦਾ ਹੱਥ ਫੜ ਕੇ ਉਸਨੂੰ ਮੰਜੀ ਤੋਂ ਉਠਾ ਲਿਆ, "ਤੂੰ ਮੇਰਾ ਭਰਾ। ਸਕਾ ਭਰਾ।"

"ਕਿਸ਼ਨੇ ਨੇ ਕਾਲ਼ੀ ਨੂੰ ਕਲਾਵੇ ਵਿੱਚ ਲੈ ਲਿਆ ਅਤੇ ਪੂਰੇ ਜ਼ੋਰ ਨਾਲ਼ ਘੁੱਟ ਕੇ ਆਪਣੀ ਛਾਤੀ ਨਾਲ਼ ਲਾ ਲਿਆ, "ਤੂੰ ਮੇਰਾ ਭਰਾ ਹੈ ਕਿ ਨਹੀਂ ?"

"ਪਤਾ ਨਹੀਂ।" ਕਾਲ਼ੀ ਨੇ ਉਹਦੇ ਕਲਾਵੇ ਵਿੱਚੋਂ ਨਿਕਲ਼ਣ ਲਈ ਆਪਣੀਆਂ ਬਾਹਾਂ ਅਤੇ ਸਰੀਰ ਨੂੰ ਹਿਲ਼ਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਲੋਹੇ ਦੇ ਸ਼ਿਕੰਜੇ ਵਿੱਚ ਜਕੜਿਆ ਹੋਇਆ ਹੋਵੇ।

"ਦੱਸਦਾ ਕਿਉਂ ਨਹੀਂ ?" ਕਿਸ਼ਨੇ ਨੇ ਆਪਣੇ ਕਲ਼ਾਵੇ ਨੂੰ ਹੋਰ ਵੀ ਘੁੱਟ ਲਿਆ।

"ਮੈਨੂੰ ਨਾ ਤੇਰੀ ਉਮਰ ਦਾ ਪਤਾ ਹੈ ਨਾ ਆਪਣੀ ਦਾ।"

"ਮੇਰੀ ਉਮਰ ਦਾ ਤਾਂ ਮੇਰੀ ਮਾਂ ਨੂੰ ਪਤਾ ਹੈ। ਕਦੇ ਕਦੇ ਦੱਸਦੀ ਹੁੰਦੀ ਸੀ। ਦਾਦੇ ਤੇ ਦਾਦੀ ਨੂੰ ਵੀ ਪਤਾ ਸੀ। ਉਹ ਤਿੰਨੇ ਆਪਣੇ ਆਪਣੇ ਅਲੱਗ ਅਲੱਗ ਢੰਗ ਨਾਲ਼ ਦੱਸਿਆ ਕਰਦੇ ਸੀ।" ਕਿਸ਼ਨੇ ਨੇ ਕਾਲ਼ੀ ਨੂੰ ਚੁੰਮ ਕੇ ਭੈੜਾ ਜਿਹਾ ਮੂੰਹ ਬਣਾ ਲਿਆ, "ਤੇਰੀ ਦਾੜ੍ਹੀ ਬਹੁਤ ਕਰੜ੍ਹੀ ਹੈ। ਕੰਡੇਦਾਰ ਚੂਹੇ ਦੇ ਵਾਲ਼ਾਂ ਵਾਂਗ।"

"ਕਈਆਂ ਦਿਨਾਂ ਦਾ ਨਾਈ ਕੋਲ਼ ਨਹੀਂ ਗਿਆ। ਉਦਾਂ ਵੀ ਚੂਨੇ ਵਾਲ਼ੇ ਪਾਣੀ ਦੇ ਵਾਰ ਵਾਰ ਛਿੱਟੇ ਪੈਣ ਕਰਕੇ ਮੂੰਹ ਦੀ ਚਮੜੀ ਬਹੁਤ ਸਖਤ ਹੋ ਗਈ ਹੈ।"

"ਹਾਂ, ਬਹੁਤ ਸਖਤ ਹੋ ਗਈ ਹੈ।" ਕਿਸ਼ਨੇ ਨੇ ਸਹਿਮਤੀ ਨਾਲ਼ ਸਿਰ ਹਿਲਾਇਆ। ਫਿਰ ਉਹ ਫੋਰਮੈਨ ਨੂੰ ਗਾਲ਼ਾਂ ਕੱਢਣ ਲੱਗਾ, "ਉਹ ਮੇਰੇ ਭਰਾ ਨੂੰ ਮਾਰ ਦੇਵੇਗਾ। ਸਾਰਾ ਦਿਨ ਸਾਲ਼ਾ ਮੰਜੀ 'ਤੇ ਬੈਠਾ ਹੁੱਕਾ ਪੀਂਦਾ ਹੈ ਤੇ ਮੇਰੇ ਭਰਾ ਨੂੰ ਲੂਣ-ਚੂਨੇ ਦੇ ਪਾਣੀ ਵਿੱਚ ਖੜ੍ਹਾ ਰੱਖਦਾ ਹੈ। ਲਿਆ ਮੈਨੂੰ ਚਾਕੂ ਦੇ। ਮੈਂ ਹੁਣੇ ਉਹਦਾ ਖ਼ੂਨ ਕਰਨ ਜਾਂਦਾ ਹਾਂ।"

ਕਾਲ਼ੀ ਨੇ ਮਿੰਨਤਾਂ ਕਰਕੇ ਆਪਣੇ ਆਪ ਨੂੰ ਕਿਸ਼ਨੇ ਦੇ ਕਲ਼ਾਵੇ ਵਿੱਚੋਂ ਕੱਢਿਆ।

ਹੁਣ ਉਸ ਨੇ ਕਿਸ਼ਨੇ ਨੂੰ ਕਲ਼ਾਵੇ ਵਿੱਚ ਲਿਆ ਹੋਇਆ ਸੀ ਕਿਉਂਕਿ ਉਹ ਪੂਰੇ ਜ਼ੋਰ ਨਾਲ਼ ਆਪਣੇ ਆਪ ਨੂੰ ਛੁਡਾਉਂਦਾ ਹੋਇਆ ਵਾਰ-ਵਾਰ ਧਮਕੀ ਦੇ ਰਿਹਾ ਸੀ, "ਭਾਈ, ਛੱਡ ਦੇ ਮੈਨੂੰ। ਮੈਂ ਆਪਣੇ ਭਰਾ ਦੇ ਦੁਸ਼ਮਣਾਂ ਨੂੰ ਜ਼ਿੰਦਾ ਨਹੀਂ ਰਹਿਣ ਦੇਣਾ। ਉਨਾਂ ਨੂੰ ਕੱਲ ਦਾ ਸੂਰਜ ਨਹੀਂ ਦੇਖਣ ਦੇਵਾਂਗਾ।"

"ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਉਂਦਾ ਹੈ ?" ਕਾਲ਼ੀ ਨੇ ਉਹ ਦੇ ਮੂੰਹ 'ਤੇ ਹੱਥ ਰੱਖਣ ਦੀ ਕੋਸ਼ਿਸ਼ ਕੀਤੀ।

"ਕਿਹੜਾ ਤਮਾਸ਼ਾ। ਲੋਕ ਕੀ ਮਾਮੇ ਲਗਦੇ ਆ। ਮੈਂ ਆਪਣੇ ਘਰ ਜੋ ਮਰਜੀ ਕਰਾਂ। ਕੌਣ ਮਾਈ ਦਾ ਲਾਲ ਮੈਨੂੰ ਰੋਕ ਸਕਦਾ ਹੈ ?"

ਕਿਸ਼ਨਾ ਅਵਾ ਤਵਾ ਬੋਲ ਰਿਹਾ ਸੀ। ਉਹਦੇ ਕੋਲ਼ੋਂ ਚੰਗੀ ਤਰ੍ਹਾਂ ਖੜ੍ਹਾ ਵੀ ਨਹੀਂ ਸੀ ਹੋ ਹੁੰਦਾ। ਉਸ ਦੀਆਂ ਲੱਤਾਂ ਥਰਥਰਾ ਰਹੀਆਂ ਸਨ ਤੇ ਉਸ ਕੋਲ਼ੋਂ ਆਪਣਾ ਸਰੀਰ ਸਾਂਭਿਆ ਨਹੀਂ ਸੀ ਜਾਂਦਾ ਸੀ। ਉਹ ਘੜੀ ਮੁੜੀ ਸੱਜੇ-ਖੱਬੇ ਨੂੰ ਝੂਲ ਰਿਹਾ ਸੀ। ਫਿਰ ਉਹ ਮੰਜੀ 'ਤੇ ਡਿੱਗ ਪਿਆ ਅਤੇ ਜ਼ੋਰ ਜ਼ੋਰ ਨਾਲ਼ ਹੌਂਕਣ ਲੱਗਾ।

"ਪਾਣੀ ਪੀਣਾ ਹੈ ?"

"ਪਾਣੀ ਕਿਉਂ ਪੀਊਂਗਾ ? ਕੀ ਦਾਰੂ ਖਤਮ ਹੋ ਗਈ ਹੈ ? ਕਿਸ਼ਨਾ ਬੋਤਲ ਟੋਲਣ ਲੱਗ ਪਿਆ। ਜਦ ਉਸ ਨੂੰ ਬੋਤਲ ਨਾ ਮਿਲੀ ਤਾਂ ਉਹ ਕਾਲ਼ੀ ਵੱਲ ਨੂੰ ਮੂਧਾ ਹੋ ਗਿਆ। ਉਹਦੀਆਂ ਅੱਖਾਂ ਭਾਰੀ ਹੋ ਗਈਆਂ ਅਤੇ ਹੱਥ ਕੰਬ ਰਹੇ ਸਨ, "ਤੂੰ ਬੋਤਲ ਟੋਲ੍ਹ ਕੇ ਮੈਨੂੰ ਦਾਰੂ ਪਿਲਾ। ਤੂੰ ਮੇਰਾ ਛੋਟਾ ਭਾਈ ਹੈ। ਮੇਰੀ ਸੇਵਾ ਕਰਨਾ ਤੇਰਾ ਧਰਮ ਹੈ।" ਕਿਸ਼ਨੇ ਨੇ ਕਾਲ਼ੀ ਦੇ ਹੱਥ 'ਤੇ ਜ਼ੋਰ ਨਾਲ਼ ਹੱਥ ਮਾਰਿਆ।

"ਬਿਲਕੁਲ ਹਾਂ।" ਕਾਲ਼ੀ ਨੇ ਬੋਤਲ ਵਿੱਚ ਬਚੀ ਸ਼ਰਾਬ ਦੀਆਂ ਬੂੰਦਾਂ ਗਲਾਸ ਵਿੱਚ ਨਚੋੜ ਦਿੱਤੀਆਂ ਤੇ ਗਲਾਸ ਕਿਸ਼ਨੇ ਨੂੰ ਫੜਾ ਦਿੱਤਾ, "ਬਹੁਤ ਥੋੜ੍ਹੀ ਹੈ। ਪਾਣੀ ਪਾ ਦਿੰਦਾ ਹਾਂ।"

"ਨਾ ... ਨਾ। ਏਦਾਂ ਨਾ ਕਰੀਂ। ਦਾਰੂ ਸਿੱਧੀ ਹਿੱਕ ਵਿੱਚ ਲੱਗੇ ਤਾਂ ਬਹੁਤ ਮਜ਼ਾ ਆਉਂਦਾ ਹੈ।" ਕਿਸ਼ਨੇ ਨੇ ਇੱਕ ਬਾਂਹ ਦੇ ਸਹਾਰੇ ਬੈਠ ਕੇ ਗਲਾਸ ਨੂੰ ਇੱਕ ਹੀ ਘੁੱਟ ਵਿੱਚ ਖਾਲੀ ਕਰ ਦਿੱਤਾ ਅਤੇ ਗਲਾਸ ਥੱਲੇ ਸਿੱਟ ਕੇ ਮੰਜੀ ਉੱਤੇ ਟੇਡਾ ਹੋ ਗਿਆ।

ਉਹ ਬੇਸੁਧ ਪਿਆ ਕੁੱਝ ਬੋਲ ਰਿਹਾ ਸੀ ਪਰ ਉਸ ਦੀ ਅਵਾਜ਼ ਬਿਲਕੁਲ ਅਸਪਸ਼ਟ ਸੀ। ਕਾਲ਼ੀ ਦੀ ਸਮਝ ਵਿੱਚ ਕੁੱਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਹਿ ਰਿਹਾ ਸੀ।

ਤਖਤਾ ਖੁੱਲਣ ਦੀ ਅਵਾਜ਼ ਸੁਣ ਕੇ ਕਾਲ਼ੀ ਦਾ ਧਿਆਨ ਉੱਧਰ ਚਲੇ ਗਿਆ। ਕੱਲੂ ਨੇ ਹੌਲ਼ੀ ਜਿਹੇ ਤਖਤਾ ਬੰਦ ਕਰ ਦਿੱਤਾ ਅਤੇ ਲੰਮੀਆਂ ਲੰਮੀਆਂ ਲਾਂਘਾਂ ਭਰਦਾ ਕਮਰੇ ਵੱਲ ਨੂੰ ਚਲੇ ਗਿਆ।

ਕਾਲ਼ੀ ਨੇ ਮੰਜੀ ਤੋਂ ਉੱਠ ਕੇ ਜ਼ੋਰ ਨਾਲ਼ ਉਬਾਸੀ ਲਈ ਅਤੇ ਕੱਲੂ ਵੱਲ ਨੂੰ ਤੁਰ ਪਿਆ, "ਆ ਗਿਆ ਕੱਲੂ ?"

"ਹਾਂ, ਭਾਅ ਜੀ।"

"ਇਹ ਤਾਂ ਸੌਂ ਗਿਆ ਹੈ।" ਕਾਲ਼ੀ ਨੇ ਕਿਸ਼ਨੇ ਵੱਲ ਇਸ਼ਾਰਾ ਕੀਤਾ।

"ਹਾਂ, ਮੈਨੂੰ ਪਤਾ ਸੀ। ਕਿਸ਼ਨਾ ਭਾਅ ਮੇਰੇ ਮੁੜ ਕੇ ਆਉਣ ਤੱਕ ਸੌਂ ਜਾਵੇਗਾ।" ਕੱਲੂ ਨੇ ਸਧਾਰਣ ਲਹਿਜੇ ਵਿੱਚ ਕਿਹਾ।

"ਤੈਨੂੰ ਕਿਵੇਂ ਪਤਾ ਸੀ ?" ਕਾਲ਼ੀ ਨੇ ਹੈਰਾਨ ਹੋ ਕੇ ਪੁੱਛਿਆ।

"ਹਰ ਰੋਜ਼ ਦਾ ਕੰਮ ਹੈ। ... ਐਨਾ ਸ਼ੁਕਰ ਹੈ, ਕਿ ਅੱਜ ਇਹਦਾ ਤਮਾਸ਼ਾ ਦੇਖਣ ਲਈ ਲੋਕ ਆਪਣੇ ਆਪਣੇ ਕੋਠਿਆਂ 'ਤੇ ਇਕੱਠੇ ਨਹੀਂ ਹੋਏ।" ਕੱਲੂ ਨੇ ਲੰਮਾ ਜਿਹਾ ਸਾਹ ਛੱਡਿਆ।

"ਕਿਉਂ ?"

"ਜਦ ਵੀ ਭਾਬੀ ਪਿੰਡ ਚਲੇ ਜਾਂਦੀ ਹੈ, ਇਥੇ ਰੋਜ਼ ਇਹ ਹੀ ਹੁੰਦਾ ਹੈ। ਆਮ ਤੌਰ 'ਤੇ ਭਾਅ ਦੇ ਨਾਲ਼ ਕਾਰਖਾਨੇ ਦਾ ਹੀ ਇੱਕ ਅੱਧਾ ਦੋਸਤ ਹੁੰਦਾ ਹੈ। ਸ਼ਰਾਬ ਵੰਡਣ ਵੇਲੇ ਝਗੜਾ। ਫਿਰ ਗਾਲ਼ਾਂ ਅਤੇ ਜੋ ਮੂੰਹ ਵਿੱਚ ਆਇਆ ਬੋਲੀ ਜਾਣਾ। ਜਾਨ ਤੋਂ ਮਾਰ ਦੇਣ ਦੀਆਂ ਧਮਕੀਆਂ।" ਕੱਲੂ ਉਦਾਸ ਹੋ ਗਿਆ।

"ਹੂੰ।" ਕਾਲ਼ੀ ਡੂੰਘੀ ਸੋਚ ਵਿੱਚ ਡੁੱਬ ਗਿਆ, "ਹੁਣ ਇਹ ਰੋਟੀ ਕਿਵੇਂ ਖਾਏਗਾ ?"

"ਇਹਨੇ ਹੁਣ ਰੋਟੀ ਨਹੀਂ ਖਾਣੀ। ਅੱਧੀ ਰਾਤ ਤੱਕ ਨਸ਼ਾ ਉੱਤਰੇ 'ਤੇ ਇਹਦੀ ਅੱਖ ਖੁੱਲੇਗੀ। ਫਿਰ ਇਹ ਅੱਧਾ ਘੜਾ ਪਾਣੀ ਦਾ ਪੀਵੇਗਾ ਤਾਂ ਕਿ ਅੰਦਰ ਦੀ ਅੱਗ ਬੁਝਾ ਸਕੇ। ਇਸ ਦੇ ਬਾਅਦ ਮੱਛਰ ਜਾਂ ਮੱਖੀ ਪੁਰਾਣੀ ਖਾਜ ਨੂੰ ਜਗਾ ਦੇਣਗੇ ਤੇ ਇਸ ਨੂੰ ਖਰੂਣ ਦਾ ਦੌਰਾ ਪੈ ਜਾਵੇਗਾ।

ਫਿਰ ਇਹ ਵਿਹੜੇ ਵਿੱਚ ਘੁੰਮਦਾ ਹੋਇਆ ਆਪਣੇ ਆਪ ਨੂੰ ਜ਼ੋਰ-ਜ਼ੋਰ ਨਾਲ਼ ਖਰੂਵੇਗਾ। ਜਦ ਖਾਜ ਦਾ ਜ਼ੋਰ ਘੱਟ ਜਾਵੇਗਾ ਤਾਂ ਇਸ ਨੂੰ ਯਾਦ ਆਵੇਗਾ ਕਿ ਰਾਤੀਂ ਉਹਨੇ ਰੋਟੀ ਨਹੀਂ ਖਾਧੀ ਸੀ। ਫਿਰ ਇਹ ਰੋਟੀ ਖਾਏਗਾ। ਕੱਲੂ ਨੇ ਵਿਸਥਾਰ ਨਾਲ਼ ਦੱਸਿਆ।

"ਰੋਟੀ ਕਿਥੋਂ ਲਵੇਗਾ ?"

"ਮੈਂ ਇਸ ਦੇ ਹਿੱਸੇ ਦੀ ਰੋਟੀ, ਦਾਲ਼ ਅਤੇ ਪਿਆਜ਼ ਕੱਪੜੇ ਵਿੱਚ ਬੰਨ੍ਹ ਕੇ ਪੌੜੀ ਦੇ ਡੰਡੇ ਨਾਲ਼ ਲਟਕਾ ਦੇਣੀ ਆ। ਇਹਨੂੰ ਇਸ ਟਿਕਾਣੇ ਦਾ ਪਤਾ ਹੈ। ਆਪੇ ਉੱਥੋਂ ਰੋਟੀ ਲੈ ਲਵੇਗਾ। ਬਾਕੀ ਦੀ ਰਾਤ ਸੌਂ ਕੇ ਜਾਂ ਜਾਗ ਕੇ ਕੱਢ ਲਵੇਗਾ। ... ਚਲੋ, ਤੁਸੀਂ ਤਾਂ ਰੋਟੀ ਖਾ ਲਉ।"

"ਚਲੋ, ਖਾ ਲੈਂਦੇ ਹਾਂ। ਕਾਲ਼ੀ ਨੇ ਬਾਲਟੀ ਵਿੱਚੋਂ ਪਾਣੀ ਲੈ ਕੇ ਹੱਥ ਧੋਤੇ।

ਕੱਲੂ ਨੇ ਮਿੱਟੀ ਦੇ ਤੇਲ ਦੀ ਲਾਲਟੈਣ ਜਗਾਈ ਅਤੇ ਇੱਕ ਹੀ ਮੰਜੀ 'ਤੇ ਬੈਠ ਕੇ ਦੋਨੋਂ ਰੋਟੀ ਖਾਣ ਲੱਗੇ। ਜਦ ਉਨਾਂ ਨੇ ਖਾਣਾ ਖਤਮ ਕਰ ਲਿਆ ਤਾਂ ਕਿਸ਼ਨਾ ਜ਼ੋਰ ਜ਼ੋਰ ਨਾਲ਼ ਘੁਰਾੜੇ ਮਾਰ ਰਿਹਾ ਸੀ। ਮੂੰਹ ਦੇ ਕੋਨੇ ਵਿੱਚੋਂ ਪਾਣੀ ਨਿਕਲ਼ ਨਿਕਲ਼ ਕੇ ਉਸ ਦੀ ਪੂਰੀ ਬਾਂਹ ਗਿੱਲੀ ਹੋ ਗਈ ਸੀ।

"ਇਹਨੂੰ ਇਹ ਬੇਫਿਕਰੀ ਦੀ ਨੀਂਦ ਕਹਿੰਦਾ ਹੈ।" ਕਾਲ਼ੀ ਨੇ ਸੋਚਿਆ ਅਤੇ ਉਸ ਨੇ ਆਪਣੇ ਸਾਰੇ ਸਗੀਰ ਵਿੱਚ ਝਰਨਾਹਟ ਮਹਿਸੂਸ ਕੀਤੀ।

ਕੱਲੂ ਨੂੰ ਭਾਂਡੇ ਅਤੇ ਬਾਕੀ ਦਾ ਸਮਾਨ ਸੰਭਾਲਦੇ ਨੂੰ ਕਾਲ਼ੀ ਬਹੁਤ ਧਿਆਨ ਨਾਲ਼ ਦੇਖਦਾ ਰਿਹਾ। ਉਸ ਦੇ ਮਨ ਵਿੱਚ ਉਬਾਲ਼ ਜਿਹਾ ਉਠਿਆ ਕਿ ਜੇ ਉਸ ਦਾ ਕੋਈ ਛੋਟਾ ਭਰਾ ਹੁੰਦਾ ਤਾਂ ਉਹ ਕੱਲੂ ਵਰਗਾ ਹੀ ਹੁੰਦਾ।

"ਕੱਲੂ। ਕੀ ਇਸ ਸਮੇ ਬਜ਼ਾਰ ਖੁੱਲ੍ਹਾ ਹੁੰਦਾ ਹੈ ?"

"ਹਾਂ, ਖੁੱਲ੍ਹਾ ਹੈ।"

"ਜੇ ਆਪਾਂ ਦੋਨੋ ਬਾਹਰ ਜਾਈਏ ਤਾਂ ਇਥੇ ਕੋਈ ਖਤਰਾ ਤਾਂ ਨਹੀਂ ਹੋਵੇਗਾ।"

"ਖਤਰਾ ਕਿਹੋ ਜਿਹਾ। ਕਮਰੇ ਨੂੰ ਜਿੰਦਾ ਲਾ ਦਿੰਦੇ ਹਾਂ। ਬਾਕੀ ਸ਼ਰਾਬੀ ਨੂੰ ਜਗਾ ਕੇ ਕੋਈ ਕਿਥੇ ਲੈ ਜਾਵੇਗਾ।" ਕੱਲੂ ਹੱਸ ਪਿਆ।

"ਚਲ, ਫਿਰ ਬਜ਼ਾਰ ਚੱਲੀਏ। ਕੁਲਫੀ ਖਾਣ ਨੂੰ ਦਿਲ ਕਰਦਾ ਹੈ।" ਕਾਲ਼ੀ ਨੇ ਝਿਜਕਦਿਆਂ ਕਿਹਾ।

ਕੱਲੂ ਨੇ ਛੇਤੀ ਛੇਤੀ ਸਾਰਾ ਸਮਾਨ ਕਮਰੇ ਵਿੱਚ ਰੱਖ ਦਿੱਤਾ। ਦਰਵਾਜ਼ੇ ਨੂੰ ਜਿੰਦਾ ਲਾ ਕੇ ਉਹ ਕਾਲ਼ੀ ਕੋਲ਼ ਆ ਗਿਆ। ਕਾਲ਼ੀ ਨੇ ਹੌਲ਼ੀ-ਹੌਲ਼ੀ ਦਰਵਾਜ਼ਾ ਬੰਦ ਕੀਤਾ ਅਤੇ ਕੱਲੂ ਦਾ ਹੱਥ ਆਪਣੇ ਹੱਥ ਵਿੱਚ ਲੈ ਕੇ ਉਸ ਦੀ ਤਪਸ਼ ਨੂੰ ਮਹਿਸੂਸ ਕਰਦਾ ਹੋਇਆ ਗਲ਼ੀ ਵਿੱਚ ਤੁਰਨ ਲੱਗਾ।

## ਤੇਰਾਂ

ਕਾਲ਼ੀ ਨੂੰ ਆਪਣੀ ਮੰਜੀ 'ਤੇ ਬੈਠਾ ਦੇਖ ਕੇ ਕੱਲੂ ਕੋਠੇ ਤੋਂ ਥੱਲੇ ਆ ਗਿਆ।

"ਸੁਣਾ ਕੱਲੂ, ਉੱਠ ਖੜਿਆ ਤੂੰ ਵੀ ?" ਕਾਲ਼ੀ ਨੇ ਖਿੜੇ ਮੱਥੇ ਉਸ ਦਾ ਸਵਾਗਤ ਕੀਤਾ।

"ਹਾਂ ਜੀ, ਭਾਅ ਜੀ।" ਕੱਲੂ ਨੇ ਉਬਾਸੀ ਨੂੰ ਰੋਕਣ ਲਈ ਮੂੰਹ 'ਤੇ ਹੱਥ ਰੱਖ ਕੇ ਭਾਂਅ ... ਭਾਂਅ ਦੀ ਅਵਾਜ਼ ਕੱਢੀ।

"ਤੂੰ ਬਾਹਰ ਖੇਤਾਂ ਵਿੱਚ ਜਾ ਆਇਆਂ ਹੈ ਜਾਂ ਅਜੇ ਜਾਣਾ ਹੈ ?"

"ਨਹੀਂ ਜੀ, ਅਜੇ ਜਾਣਾ ਹੈ।" ਕੱਲੂ ਨੇ ਇੱਕ ਵਾਰ ਫਿਰ ਉਬਾਸੀ ਲਈ।

"ਕਦੋਂ ਜਾਣਾ ਹੈ ?"

"ਜਦ ਕਹੋਂ, ਭਾਅ ਜੀ।"

"ਕਿਸ਼ਨਾ ਤਾਂ ਅਜੇ ਸੁੱਤਾ ਪਿਆ ਹੈ। ਘਰ ਨੂੰ ਕਿਹਦੇ ਹਵਾਲ਼ੇ ਛੱਡ ਕੇ ਜਾਵਾਂਗੇ ?" ਕਾਲ਼ੀ ਨੇ ਮੰਜੇ 'ਤੇ ਪਏ ਕਿਸ਼ਨੇ ਵੱਲ ਇਸ਼ਾਰਾ ਕੀਤਾ। ਉਹ ਰਾਤ ਦੇ ਆਖਰੀ ਪਹਿਰ ਦੀ ਠੰਡੀ ਹਵਾ ਨਾਲ਼ ਖਾਜ ਨੂੰ ਕੁੱਛ ਅਰਾਮ ਆਉਣ ਕਾਰਨ ਗਹਿਰੀ ਨੀਂਦ ਸੁੱਤਾ ਪਿਆ ਸੀ ਅਤੇ ਹੌਲ਼ੀ ਹੌਲ਼ੀ ਘੁਰਾੜੇ ਵੀ ਮਾਰ ਰਿਹਾ ਸੀ।

"ਮੈਂ ਜਿੰਦਾ ਲਾ ਕੇ ਕੁੰਜੀ ਉਹਦੀ ਜੇਬ ਵਿੱਚ ਪਾ ਦੇਵਾਂਗਾ। ਭਾਬੀ ਇਥੇ ਨਾ ਹੋਵੇ ਤਾਂ ਅਸੀਂ ਇਸ ਤਰ੍ਹਾਂ ਹੀ ਕਰਦੇ ਹਾਂ।" ਕੱਲੂ ਥੋੜ੍ਹਾ ਜਿਹਾ ਮੁਸਕਰਾਇਆ।

ਕਮਰੇ ਦਾ ਜਿੰਦਾ ਖੋਲ੍ਹ ਕੇ ਕੱਲੂ ਨੇ ਆਪਣਾ ਤੇ ਕਾਲ਼ੀ ਦਾ ਬਿਸਤਰਾ ਅੰਦਰ ਰੱਖ

ਦਿੱਤਾ। ਮੰਜੀ ਕੰਧ ਨਾਲ਼ ਖੜ੍ਹੀ ਕਰ ਦਿੱਤੀ ਅਤੇ ਬੂਹੇ ਨੂੰ ਜਿੰਦਾ ਲਾ ਕੇ ਚਾਬੀ ਕਿਸ਼ਨੇ ਦੀ ਜੇਬ ਵਿੱਚ ਪਾ ਦਿੱਤੀ। ਇੱਕ ਪੱਲ ਲਈ ਕਿਸ਼ਨੇ ਨੇ ਪਾਸਾ ਬਦਲਿਆ। ਘੁਰਾੜੇ ਥੋੜ੍ਹੀ ਦੇਰ ਲਈ ਹੌਲ਼ੀ ਹੋਏ ਅਤੇ ਕੁੱਝ ਸਕਿੰਟਾਂ ਬਾਅਦ ਫੇਰ ਪਹਿਲਾਂ ਵਾਲ਼ੀ ਰਫਤਾਰ ’ਤੇ ਪਹੁੰਚ ਗਏ।

ਤਖਤੇ ਨੂੰ ਹੌਲ਼ੀ ਪਰ ਮਜਬੂਤੀ ਨਾਲ਼ ਬੰਦ ਕਰ ਕੇ ਕੱਲੂ ਅਤੇ ਕਾਲ਼ੀ ਖੇਤਾਂ ਵੱਲ ਨੂੰ ਤੁਰ ਪਏ। ਦੂਰ ਰੇਲਗੱਡੀ ਦੇ ਇੰਜਣ ਦੀਆਂ ਸੀਟੀਆਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਕਾਲ਼ੀ ਇਨ੍ਹਾਂ ਅਵਾਜ਼ਾਂ ਨੂੰ ਧਿਆਨ ਨਾਲ਼ ਸੁਣਨ ਲੱਗਾ, “ਕੱਲੂ, ਟੇਸ਼ਨ ਤਾਂ ਇਥੋਂ ਬਹੁਤ ਦੂਰ ਹੈ ... ਗੱਡੀ ਦੀ ਇਹ ਅਵਾਜ਼ ਕਿਥੋਂ ਆ ਰਹੀ ਹੈ ?”

“ਨਕੋਦਰ ਵਾਲੀ ਗੱਡੀ ਜਾ ਰਹੀ ਹੈ।” ਕੱਲੂ ਨੇ ਸਾਮ੍ਹਣੇ ਦੂਰ ਅਸਮਾਨ ਵਿੱਚ ਪਿੱਛੇ ਨੂੰ ਉੱਡੇ ਜਾ ਰਹੇ ਧੂੰਏ ਵੱਲ ਇਸ਼ਾਰਾ ਕੀਤਾ, “ਸਵੇਰ ਨੂੰ ਹਰ ਰੋਜ਼ ਇਸ ਸਮੇਂ ਨਕੋਦਰ ਵਾਲ਼ੀ ਗੱਡੀ ਜਾਂਦੀ ਹੈ। ਥੋੜ੍ਹੇ ਚਿਰ ਵਿੱਚ ਨਕੋਦਰ ਤੋਂ ਵੀ ਗੱਡੀ ਆਊਗੀ। ਰਾਹ ਵਿੱਚ ਦੋਹਾਂ ਦਾ ਮੇਲ਼ ਹੁੰਦਾ ਹੈ।”

ਕੱਲੂ ਇਸ ਤਰ੍ਹਾਂ ਯਕੀਨ ਨਾਲ਼ ਦੱਸ ਰਿਹਾ ਸੀ ਜਿਵੇਂ ਇਸ ਰੇਲ ਲਾਈਨ ’ਤੇ ਉਸ ਨੇ ਅਕਸਰ ਸਫਰ ਕੀਤਾ ਹੋਵੇ ਅਤੇ ਗੱਡੀਆਂ ਦੇ ਵਕਤ ਦੀ ਉਸ ਨੂੰ ਪੂਰੀ ਜਾਣਕਾਰੀ ਹੋਵੇ।

ਖੁੱਲ੍ਹੇ ਖੇਤਾਂ ਵਿੱਚ ਹਵਾ ਚੱਲ ਰਹੀ ਸੀ। ਜਿੱਥੇ ਕਿਤੇ ਹਵਾ ਦਾ ਬੁੱਲਾ ਕੁੱਝ ਤੇਜ਼ ਹੁੰਦਾ ਉੱਤੇ ਹਵਾ ਦੇ ਨਾਲ਼ ਥੋੜ੍ਹੀ ਜਿਹੀ ਧੂੜ ਵੀ ਉੱਡਦੀ ਸੀ। ਕੁੱਝ ਖੇਤਾਂ ਵਿੱਚ ਮੱਕੀ ਦੇ ਛੋਟੇ ਛੋਟੇ ਬੂਟੇ ਇਸ ਤਰ੍ਹਾਂ ਲਹਿਰਾ ਰਹੇ ਸਨ ਜਿਵੇਂ ਬਹੁਤ ਛੋਟੇ ਬੱਚੇ ਆਪਣੇ ਹੱਥਾਂ ਦੀਆਂ ਉਂਗਲੀਆਂ ਫੈਲਾ ਕੇ ਨਚਾ ਰਹੇ ਹੋਣ।

ਕਾਲ਼ੀ ਨੇ ਦੂਰ ਦੂਰ ਤੱਕ ਫੈਲੀ ਜ਼ਮੀਨ ’ਤੇ ਨਿਗਾਹ ਮਾਰੀ ਅਤੇ ਹੈਰਾਨ ਹੋ ਕੇ ਬੋਲਿਆ, “ਕੱਲੂ, ਇਥੇ ਜ਼ਮੀਨ ਬੰਜਰ ਬਹੁਤ ਪਈ ਹੈ ? ਫਸਲ ਤਾਂ ਕਿਤੇ ਕਿਤੇ ਹੀ ਦਿਖਾਈ ਦਿੰਦੀ ਹੈ।”

“ਭਾਅ ਜੀ, ਇਹ ਜ਼ਮੀਨ ਮੁਸਲਮਾਨਾਂ ਦੀ ਸੀ। ... ਬਾਹਰ ਸੜਕ ’ਤੇ ਬਰਫ ਵੇਚਣ ਵਾਲ਼ੇ ਦੀ ਦੁਕਾਨ ਹੈ ਨਾ, ਉਹ ਦੱਸਦਾ ਸੀ। ਸਰਕਾਰ ਨੇ ਇਹ ਜ਼ਮੀਨ ਰਿਹਾਇਸ਼ ਦੇ ਮਕਾਨ ਬਣਾਉਣ ਲਈ ਖਾਲੀ ਰੱਖੀ ਹੋਈ ਹੈ।”

ਕਾਲ਼ੀ ਨੇ ਇੱਕ ਵਾਰ ਫਿਰ ਖਾਲੀ ਅਤੇ ਖੁੱਲ੍ਹੇ ਖੇਤਾਂ ਵੱਲ ਨਜ਼ਰ ਮਾਰੀ, ਉਹ ਇਹ ਕਲਪਨਾ ਕਰਕੇ ਹੈਰਾਨ ਰਹਿ ਗਿਆ ਕਿ ਇਸ ਜ਼ਮੀਨ ’ਤੇ ਕਿਸੇ ਨਾ ਕਿਸੇ ਦਿਨ ਇੱਕ ਨਵਾਂ ਸ਼ਹਿਰ ਵੱਸ ਜਾਵੇਗਾ। ਬਹੁਤ ਰੌਣਕ ਹੋ ਜਾਵੇਗੀ।

ਥੋੜ੍ਹੀ ਦੂਰ ਅੱਗੇ ਜਾ ਕੇ ਕਾਲ਼ੀ ਅਤੇ ਕੱਲੂ ਅਲੱਗ ਅਲੱਗ ਦਿਸ਼ਾਵਾਂ ਵੱਲ ਚਲੇ ਗਏ। ਥੋੜ੍ਹੇ ਚਿਰ ਬਾਅਦ ਉਹ ਫਿਰ ਇਕੱਠੇ ਹੋ ਗਏ। ਇੱਕ ਖੇਤ ਵਿੱਚ ਟਾਹਲੀ ਦੇ ਦਰੱਖਤ ਨੂੰ ਦੇਖ ਕੇ ਕਾਲ਼ੀ ਉਹਦੇ ਕੋਲ਼ ਠਹਿਰ ਗਿਆ। “ਦਰੱਖਤ ਨਾਲ਼ੋਂ ਟਾਹਣੀ ਤੋੜ ਕੇ ਦਾਤਣ ਬਣਾ ਲਈਏ। ... ਅੱਜ ਟਾਹਲੀ ਦੀ ਦਾਤਣ ਹੀ ਸਹੀ।”

“ਭਾਅ ਜੀ, ਟਾਹਲੀ ਦੀ ਦਾਤਣ ਚੰਗੀ ਨਹੀਂ ਹੁੰਦੀ। ਦਾਤਣ ਤਾਂ ਫਲਾਹ ਦੀ ਹੀ ਚੰਗੀ ਮੰਨੀ ਜਾਂਦੀ ਹੈ।”

"ਹਾਂ। ਉਹ ਤਾਂ ਮਸ਼ਹੂਰ ਹੈ। ... ਦਾਤਣ ਫਲਾਹ ਦੀ, ਰਨ ਕੁੰਜਾਹ ਦੀ।" ਕਾਲ਼ੀ ਹੱਸ ਪਿਆ।

"ਮੈਂ ਤੈਨੂੰ ਫਲਾਹ ਦੀ ਦਾਤਣ ਬਣਾ ਕੇ ਦਿੰਦਾ ਹਾਂ।" ਕੱਲੂ ਥੋੜ੍ਹੀ ਦੂਰ ਫਲਾਹ ਦੇ ਦਰੱਖਤ ਵੱਲ ਨੂੰ ਤੁਰ ਪਿਆ।

"ਵੱਢੇਂਗਾ ਕਿਵੇਂ ? ਤੇਰੇ ਹੱਥਾਂ ਵਿੱਚ ਕੰਡੇ ਚੁੱਭ ਜਾਣੇ ਹਨ।"

"ਭਾਅ ਜੀ, ਮੈਂ ਸਾਰਾ ਇੰਤਜ਼ਾਮ ਕੀਤਾ ਹੋਇਆ ਹੈ।" ਕੱਲੂ ਨੇ ਪੁਰਾਣੇ, ਮੈਲ਼ੇ ਕੁਚੈਲ਼ੇ ਫੱਟੇਦਾਰ ਪਜਾਮੇ ਦੇ ਨੇਫੇ ਵਿੱਚੋਂ ਚਾਕੂ ਕੱਢਿਆ, "ਮੈਂ ਰੋਜ਼ ਇਥੋਂ ਤਾਜ਼ੀ ਦਾਤਣ ਬਣਾਉਂਦਾ ਹਾਂ।"

ਕੱਲੂ ਨੇ ਦਰੱਖਤ ਦੇ ਦੁਆਲ਼ੇ ਘੁੰਮ ਕੇ ਇੱਕ ਨਰਮ ਟਾਹਣੀ ਟੋਹਲੀ ਅਤੇ ਫਿਰ ਉਸ ਨੂੰ ਚਾਕੂ ਨਾਲ਼ ਕੱਟਣ ਲੱਗਾ। ਕੋਲ਼ ਖੜ੍ਹਾ ਕਾਲ਼ੀ ਸਭ ਕੁੱਝ ਬਹੁਤ ਧਿਆਨ ਅਤੇ ਦਿਲਚਸਪੀ ਨਾਲ਼ ਦੇਖ ਰਿਹਾ ਸੀ। ਕੱਲੂ ਨੇ ਟਾਹਣੀ ਨੂੰ ਤਣੇ ਨਾਲ਼ੋਂ ਅਲੱਗ ਕਰਕੇ ਉਹਦੇ ਪੱਤੇ ਅਤੇ ਕੰਡੇ ਛਿੱਲ ਦਿੱਤੇ। ਉਸ ਨੂੰ ਚੰਗੀ ਤਰ੍ਹਾਂ ਤਰਾਸ਼ ਕੇ ਤਿੰਨ ਹਿੱਸਿਆਂ ਵਿੱਚ ਵੱਢ ਦਿੱਤਾ। ਉਸ ਨੇ ਇੱਕ ਦਾਤਣ ਕਾਲ਼ੀ ਵੱਲ ਨੂੰ ਕਰ ਦਿੱਤੀ, "ਲੈ ਭਾਅ ਜੀ, ਬਿਲਕੁਲ ਨਰਮ ਦਾਤਣ ਹੈ।"

ਇੱਕ ਦਾਤਣ ਕੱਲੂ ਨੇ ਆਪਣੇ ਦੰਦਾਂ ਥੱਲੇ ਦੇ ਲਈ ਅਤੇ ਤੀਜੀ ਦਾਤਣ ਜੇਬ ਵਿੱਚ ਪਾ ਲਈ, "ਇਹ ਕਿਸ਼ਨੇ ਭਾਅ ਲਈ ਹੈ। ਵੇਲੇ ਸਿਰ ਉੱਠ ਗਿਆ ਤਾਂ ਅੱਜ ਹੀ ਕਰ ਲਵੇਗਾ। ਨਹੀਂ ਤਾਂ ਕੱਲ ਨੂੰ ਕੰਮ ਆ ਜਾਵੇਗੀ।"

ਕਾਲ਼ੀ ਅਤੇ ਕੱਲੂ ਆਪਣੀ ਆਪਣੀ ਦਾਤਣ ਚੱਬਦੇ ਹੋਏ ਘਰ ਵੱਲ ਨੂੰ ਤੁਰ ਪਏ। ਕੱਲੂ ਇੱਕ ਥਾਂ ਖੜ੍ਹ ਗਿਆ। ਉਹਨੇ ਖੁੱਲੇ ਖੇਤਾਂ ਨੂੰ ਧਿਆਨ ਨਾਲ਼ ਦੇਖ ਕੇ ਕਾਲ਼ੀ ਨੂੰ ਕਿਹਾ, "ਭਾਅ ਜੀ, ਜੇ ਮੈਂ ਵਲੈਤ ਚਲਾ ਗਿਆ ਤਾਂ ਐਨਾ ਪੈਸਾ ਕਮਾਊਂਗਾ ਕਿ ਇੱਕ ਥਾਂ ਰੱਖਣ ਨਾਲ਼ ਜ਼ਿਮੀਦਾਰ ਦੀ ਫਸਲ ਦੇ ਬੋਹਲ ਜਿੰਨਾ ਵੱਡਾ ਦਿਖਾਈ ਦੇਵੇ। ਮੈਂ ਘੱਟ ਤੋਂ ਘੱਟ ਇੱਕ-ਡੇਢ ਘੁਮਾ ਵਿੱਚ ਪੱਕਾ ਮਕਾਨ ਬਣਾਵਾਂਗਾ।"

"ਹਾਂ, ਕੱਲੂ ਤੂੰ ਵਲੈਤ ਜਾਣ ਬਾਰੇ ਗੱਲ ਕੀਤੀ ਸੀ।" ਕਾਲ਼ੀ ਨੇ ਦਾਤਣ ਮੂੰਹ ਵਿੱਚੋਂ ਕੱਢ ਲਈ। ਕੱਲੂ ਦੀ ਗੱਲ 'ਤੇ ਉਹ ਹੈਰਾਨ ਵੀ ਸੀ ਤੇ ਪਰੇਸ਼ਾਨ ਵੀ। ਉਹ ਲਗਾਤਾਰ ਉਸ ਦੇ ਮੂੰਹ ਵੱਲ ਦੇਖੀ ਗਿਆ ਜਿਵੇਂ ਕੱਲੂ ਦੇ ਮੂੰਹੋਂ ਬਹੁਤ ਅਣਹੋਣੀ ਗੱਲ ਨਿਕਲ਼ ਗਈ ਹੋਵੇ ਅਤੇ ਉਹ ਬਹੁਤ ਬੜੇ ਖਤਰੇ ਨਾਲ਼ ਟਾਕਰਾ ਕਰਨ ਵਾਲ਼ਾ ਹੋਵੇ।

ਪਰ ਕਾਲ਼ੀ ਦੇ ਪ੍ਰਤੀਕਰਮ ਤੋਂ ਬੇਪ੍ਰਵਾਹ ਕੱਲੂ ਬੋਲਦਾ ਗਿਆ, "ਮੈਂ ਸ਼ਹਿਰ ਦੇ ਬਾਹਰ ਕੁੱਛ ਕੋਠੀਆਂ ਦੇਖੀਆਂ ਵੀ ਹਨ। ਬਹੁਤ ਸੁਹਣੀਆਂ ਹਨ ਪਰ ਮੈਂ ਉਨਾਂ ਤੋਂ ਵੀ ਵੱਡੀ ਅਤੇ ਆਲੀਸ਼ਾਨ ਕੋਠੀ ਬਣਾਵਾਂਗਾ।"

ਕੱਲੂ ਦੀਆਂ ਗੱਲਾਂ ਤੋਂ ਕਾਲ਼ੀ ਬਹੁਤ ਹੈਰਾਨ ਸੀ। ਉਸ ਦੇ ਪੱਕਾ ਮਕਾਨ ਬਣਾਉਣ ਦੀ ਆਪਣੀ ਖਾਹਿਸ਼ ਯਾਦ ਆ ਗਈ ਅਤੇ ਉਹ ਇੱਕ ਦਮ ਸਹਿਮ ਗਿਆ। ਉਸ ਨੇ ਸੋਚਿਆ ਕਿ ਪਿੰਡ ਵਿੱਚ ਪੱਕਾ ਮਕਾਨ ਬਣਾਉਣ ਦੀ ਇੱਛਾ ਨੂੰ ਪੂਰਾ ਕਰਦਾ ਕਰਦਾ ਉਹ ਇਸ

ਹਾਲਤ ਵਿੱਚ ਪਹੁੰਚ ਗਿਆ ਹੈ। ਸ਼ਹਿਰ ਵਿੱਚ ਆਲੀਸ਼ਾਨ ਕੋਠੀ ਬਣਾਉਣ ਦਾ ਸੁਫਨਾ ਦੇਖਣ ਵਾਲ਼ੇ ਕੱਲੂ ਦਾ ਅੰਤ ਕੀ ਹੋਵੇਗਾ। ਉਹਦਾ ਦਮ ਘੁੱਟਣ ਲੱਗਾ ਅਤੇ ਅੱਖਾਂ ਫੱਟਣ ਲੱਗੀਆਂ। ਉਸ ਨੇ ਕਾਹਲ਼ੀ ਨਾਲ਼ ਕੱਲੂ ਦਾ ਹੱਥ ਘੁੱਟ ਕੇ ਫੜ੍ਹ ਲਿਆ ਜਿਵੇਂ ਉਸ ਨੂੰ ਯਮਰਾਜ ਦੀ ਪਕੜ ਤੋਂ ਬਚਾਉਣਾ ਚਾਹੁੰਦਾ ਹੋਵੇ। ਉਹ ਸੋਚਣ ਲੱਗਾ ਕਿ ਉਨਾਂ ਲਈ ਸੁਹਣੇ ਸੁਫਨੇ ਦੇਖਣਾ ਸਿਰਫ ਮ੍ਰਿਗ ਤ੍ਰਿਸ਼ਨਾ ਹੈ ਜੋ ਅਕਸਰ ਘਾਤਕ ਸਿੱਧ ਹੁੰਦੀ ਹੈ, ਬਰਬਾਦੀ ਦਾ ਕਾਰਨ ਬਣ ਜਾਂਦੀ ਹੈ।

ਕਾਲ਼ੀ ਦੇ ਹਾਵ ਭਾਵ ਦੇਖ ਕੇ ਅਤੇ ਆਪਣੇ ਹੱਥ 'ਤੇ ਉਸ ਦੀ ਮਜ਼ਬੂਤ ਪਕੜ ਨੂੰ ਮਹਿਸੂਸ ਕਰਕੇ ਕੱਲੂ ਨੇ ਉਸ ਵੱਲ ਹੈਰਾਨੀ ਨਾਲ਼ ਦੇਖਿਆ। ਕਾਲ਼ੀ ਬਹੁਤ ਪ੍ਰੇਸ਼ਾਨ ਸੀ। ਉਹ ਦਾ ਜੀਅ ਕਰਦਾ ਸੀ ਕਿ ਉਹ ਕੱਲੂ ਦੇ ਮੂੰਹ 'ਤੇ ਜ਼ੋਰ ਨਾਲ਼ ਥੱਪੜ ਮਾਰੇ। ਉਸ ਨੂੰ ਚੇਤਾਵਨੀ ਦੇਵੇ ਕਿ ਜੇ ਉਸ ਨੇ ਫੇਰ ਕਦੇ ਇਹੋ ਜਿਹੀ ਗੱਲ ਸੋਚੀ ਤਾਂ ਉਹ ਸਿੱਧਾ ਮੌਤ ਦੇ ਮੂੰਹ ਵਿੱਚ ਜਾਵੇਗਾ।

ਪਰ ਹੌਲ਼ੀ ਹੌਲ਼ੀ ਕਾਲ਼ੀ ਨੇ ਆਪਣੇ ਭੈਅ 'ਤੇ ਕਾਬੂ ਪਾ ਲਿਆ ਅਤੇ ਸਵੇਰ ਦੀ ਸੁਹਣੀ ਤੇ ਸੁਹਾਵਣੀ ਰੌਸ਼ਨੀ, ਰੇਤ ਬਣਕੇ ਅੱਖਾਂ ਵਿੱਚ ਚੁੱਭਣੋ ਹੱਟ ਗਈ। ਉਹਦਾ ਮਾਨਸਿਕ ਅਤੇ ਸਰੀਰਕ ਤਣਾਅ ਵੀ ਘੱਟ ਗਿਆ। ਉਸ ਨੇ ਕੱਲੂ ਦਾ ਹੱਥ ਛੱਡ ਦਿੱਤਾ ਅਤੇ ਪਿਆਰ ਨਾਲ਼ ਉਹਦੀ ਵੱਲ ਦੇਖਦਾ ਹੋਇਆ ਸਿਰ 'ਤੇ ਹੱਥ ਫੇਰਦਾ ਰਿਹਾ ਜਿਵੇਂ ਕਿ ਉਹਦੇ ਸੁਫਨਿਆਂ ਨੂੰ ਸਹਿਲਾਅ ਰਿਹਾ ਹੋਵੇ। ਫਿਰ ਕੱਲੂ ਦੇ ਦੋਨਾਂ ਮੋਢਿਆਂ 'ਤੇ ਹੱਥ ਰੱਖ ਕੇ ਉਸ ਨੂੰ ਆਪਣੇ ਸਾਹਮਣੇ ਤੇ ਬਰਾਬਰ ਖੜ੍ਹਾ ਕਰਕੇ ਬੋਲਿਆ, "ਕੱਲੂ, ਆਦਮੀ ਉੱਚਾ ਸੋਚੇਗਾ ਤਾਂ ਹੀ ਉੱਚਾ ਉੱਠਣ ਦੀ ਕੋਸ਼ਿਸ਼ ਕਰੇਗਾ। ਜਿਹੜਾ ਆਦਮੀ ਨਾਲ਼ੀ ਦਾ ਕੀੜਾ ਬਣਿਆ ਰਹੇਗਾ, ਉਹ ਖੁਸ਼ਬੂ ਦੀ ਕਲਪਨਾ ਕਿਵੇਂ ਕਰ ਸਕੇਗਾ। ਜਿਹੜਾ ਆਦਮੀ ਝੌਂਪੜੀਆਂ 'ਤੇ ਰੀਝੇਗਾ ਉਹ ਕੋਠੀਆਂ ਦੇ ਸੁਫਨੇ ਕਿਸ ਤਰ੍ਹਾਂ ਦੇਖੇਗਾ।"

ਕੱਲੂ ਦੇ ਨਾਲ਼ ਨਾਲ਼ ਤੁਰਦਾ ਹੋਇਆ ਕਾਲ਼ੀ ਉਸ ਦਾ ਮੋਢਾ ਲਗਾਤਾਰ ਥਾਪੜਦਾ ਰਿਹਾ ਜਿਵੇਂ ਉਸ ਦਾ ਹੌਸਲਾ ਵਧਾ ਰਿਹਾ ਹੋਵੇ ਅਤੇ ਸੁਫਨੇ ਨੂੰ ਪੂਰਾ ਕਰਨ ਲਈ ਉਸ ਦੇ ਇਰਾਦੇ ਨੂੰ ਹੋਰ ਵੀ ਜ਼ਿਆਦਾ ਦ੍ਰਿੜ ਬਣਾ ਰਿਹਾ ਹੋਵੇ। "ਕੱਲੂ, ਵਲੈਤ ਜਾ ਕੇ ਤੂੰ ਕਰੇਂਗਾ ਕੀ ?" ਕਾਲ਼ੀ ਨੇ ਬਹੁਤ ਹੀ ਪਿਆਰ ਨਾਲ਼ ਪੁੱਛਿਆ।

"ਜੋ ਬਾਕੀ ਦੁਨੀਆਂ ਕਰਦੀ ਹੈ ...ਮੇਹਨਤ-ਮਜ਼ਦੂਰੀ। ਭਾਅ ਜੀ, ਉੱਥੇ ਪਹੁੰਚਣਾ ਮੁਸ਼ਕਲ ਹੈ, ਕੰਮ ਧੰਦੇ ਦੀ ਕੋਈ ਕਮੀ ਨਹੀਂ ਹੈ।" ਕੱਲੂ ਨੇ ਇਸ ਤਰ੍ਹਾਂ ਆਤਮ ਵਿਸ਼ਵਾਸ ਨਾਲ਼ ਕਿਹਾ ਜਿਵੇਂ ਕਿ ਉਸ ਨੂੰ ਇਸ ਮਾਮਲੇ ਵਿੱਚ ਪੂਰੀ ਜਾਣਕਾਰੀ ਹੋਵੇ। ਉਹ ਸਿਰ ਹਿਲਾਉਂਦਾ ਹੋਇਆ ਅੱਗੇ ਬੋਲਿਆ, "ਇੱਕ ਵਾਰ ਅਜੰਟ, ਕਿਰਾਇਆ-ਭਾੜਾ ਅਤੇ ਰਾਹਦਾਰੀ ਦੇ ਖਰਚ ਦਾ ਪ੍ਰਬੰਧ ਹੋ ਜਾਵੇ। ਫੇਰ ਕੋਈ ਚਿੰਤਾ ਨਹੀਂ ਹੈ। ਆਦਮੀ ਤਿੰਨ ਚਾਰ ਮਹੀਨਿਆਂ ਵਿੱਚ ਹੀ ਸਾਰਾ ਖਰਚਾ ਕਮਾ ਲੈਂਦਾ ਹੈ।"

"ਜਦ ਤੱਕ ਤੂੰ ਵਲੈਤ ਨਹੀਂ ਜਾਂਦਾ ਤਦ ਤੱਕ ਇਥੇ ਕੋਈ ਚੰਗਾ ਜਿਹਾ ਕੰਮ ਧੰਦਾ ਸਿੱਖ ਲੈ। ਕਿਸ਼ਨਾ ਭਾਅ ਜੀ ਕਹਿ ਰਿਹਾ ਸੀ ਤੇਰੇ ਲਈ ਉਸ ਨੇ ਪਿੱਤਲ ਦੇ ਕਾਰਖਾਨੇ ਦੇ ਇੱਕ

ਕਾਰੀਗਰ ਨਾਲ਼ ਗੱਲ ਕੀਤੀ ਵੀ ਹੋਈ ਹੈ।" ਕਾਲ਼ੀ ਨੇ ਸਲਾਹ ਦਿੱਤੀ।

"ਭਾਅ ਨੇ ਮੈਨੂੰ ਵੀ ਦੱਸਿਆ ਸੀ, ਪਰ ਉਹਦੇ ਨਾਲ਼ ਕੋਈ ਫਾਇਦਾ ਨਹੀਂ ਹੋਣਾ।"

"ਫਾਇਦਾ ਕਿਉਂ ਨਹੀਂ ਹੋਣਾ। ਕੋਈ ਕਿੱਤਾ ਜਾਂ ਹੁਨਰ ਸਿੱਖਣ ਨਾਲ਼ ਫਾਇਦਾ ਕਿਉਂ ਨਹੀਂ ਹੋਵੇਗਾ ? ਭਰਾਵਾ, ਇਹ ਗੱਲ ਮੇਰੀ ਸਮਝ ਤੋਂ ਤਾਂ ਬਾਹਰ ਹੈ।"

"ਭਾਅ ਜੀ, ਉਸਤਾਦ ਦੋ-ਤਿੰਨ ਸਾਲ ਤਾਂ ਕੰਮ ਸਿਖਾਉਂਣ ਵਿੱਚ ਲਾ ਦਿੰਦੇ ਹਨ। ਉਦੋਂ ਤੱਕ ਆਪਣੇ ਪੱਲਿਉ ਰੋਟੀ ਪਾਣੀ ਖਾਉ ਅਤੇ ਉਸਤਾਦ ਦੀ ਟਹਿਲ ਸੇਵਾ ਵੱਖਰੀ ਕਰੋ। ਕੰਮ ਸਿੱਖ ਵੀ ਜਾਉ ਤਾਂ ਮਾਲਕ ਪੂਰੀ ਮਜ਼ਦੂਰੀ ਨਹੀਂ ਦਿੰਦਾ। ਕਦੇ ਕੱਚੇ ਕੰਮ ਦਾ ਬਹਾਨਾ ਕਦੇ ਮਾੜੇ ਦੀ ਸ਼ਿਕਾਇਤ। ਇਹ ਰੋਣਾ ਧੋਣਾ ਰੋਜ਼ ਹੁੰਦਾ ਹੀ ਰਹਿੰਦਾ ਹੈ।" ਕੱਲੂ ਨੇ ਸਿਰ ਹਿਲਾਉਂਦਿਆਂ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਕਾਲ਼ੀ ਨੇ ਤੁਰੰਤ ਕੋਈ ਜਵਾਬ ਨਹੀਂ ਦਿੱਤਾ। ਉਹ ਸੋਚ ਵਿੱਚ ਡੁੱਬਿਆ ਹੋਇਆ ਚੁੱਪਚਾਪ ਕੱਲੂ ਦੇ ਬਰਾਬਰ ਤੁਰਦਾ ਰਿਹਾ। ਖਮੋਸ਼ੀ ਦੇ ਕਾਰਨ ਦੋਨਾਂ ਵਿੱਚ ਤਣਾਅ ਜਿਹਾ ਬਣਿਆ ਰਿਹਾ। ਇਸ ਤਣਾਅ ਨੂੰ ਖਤਮ ਕਰਨ ਲਈ ਕਾਲ਼ੀ ਨੇ ਕੱਲੂ ਦੇ ਮੋਢੇ 'ਤੇ ਹੱਥ ਰੱਖ ਦਿੱਤਾ, "ਤੇਰੇ ਪਿੰਡੋਂ ਕਿੰਨੇ ਲੋਕ ਵਲੈਤ ਨੂੰ ਗਏ ਹਨ ?"

"ਅਜੇ ਤਾਂ ਦੋ ਹੀ ਗਏ ਹਨ। ਦੋ ਜਾਣ ਦੀ ਤਿਆਰੀ ਕਰ ਰਹੇ ਹਨ। ਵਲੈਤ ਤੋਂ ਆਪਣੇ ਰਿਸ਼ਤੇਦਾਰ ਦੀ ਚਿੱਠੀ ਦੀ ਉਡੀਕ ਕਰ ਰਹੇ ਹਨ। ਜਿਸ ਦਿਨ ਚਿੱਠੀ ਆ ਗਈ, ਉਹ ਅਜੰਟ ਨੂੰ ਮਿਲ਼ ਕੇ ਜਹਾਜ਼ ਦੀ ਟਿਕਟ ਲੈ ਲੈਣਗੇ।"

"ਤੇਰਾ ਤਾਂ ਵਲੈਤ ਵਿੱਚ ਕੋਈ ਰਿਸ਼ਤੇਦਾਰ ਜਾਂ ਦੋਸਤ-ਮਿੱਤਰ ਹੈ ਨਹੀਂ। ਤੈਨੂੰ ਚਿੱਠੀ ਕੌਣ ਦੇਵੇਗਾ ?"

"ਰਿਸ਼ਤੇਦਾਰ ਤਾਂ ਨਹੀਂ ਹੈ।" ਕੱਲੂ ਨੇ ਨਿਰਾਸ਼ਾ ਨਾਲ਼ ਸਿਰ ਹਿਲਾਇਆ। "ਉਹ ਤਾਂ ਪੂਰੀ ਤਰ੍ਹਾਂ ਅਜੇ ਪਿੰਡ ਤੋਂ ਬਾਹਰ ਵੀ ਨਹੀਂ ਨਿਕਲ਼ੇ। ਨਕੋਦਰ ਅਤੇ ਜਲੰਧਰ ਤੋਂ ਪਰ੍ਹੇ ਨਹੀਂ ਗਏ ?"

ਫਿਰ ਉਹ ਕੁੱਝ ਚਹਿਕ ਉਠਿਆ, "ਦੋਸਤ-ਮਿੱਤਰ ਜ਼ਰੂਰ ਹਨ ਜੋ ਵਲੈਤ ਜਾ ਰਹੇ ਹਨ। ਕਹਿੰਦੇ ਤਾਂ ਹਨ ਕਿ ਉੱਥੇ ਜਾ ਕੇ ਪੈਰ ਜੰਮਦਿਆਂ ਹੀ ਮੈਨੂੰ ਚਿੱਠੀ ਭੇਜ ਦੇਣਗੇ।"

"ਦੋਸਤ-ਮਿੱਤਰ ਆਪਣੀ ਹੀ ਬਰਾਦਰੀ ਦੇ ਹਨ ਜਾਂ ... ?"

"ਨਾ ਭਾਅ ਜੀ, ਆਪਣੀ ਬਰਾਦਰੀ ਦੇ ਤਾਂ ਨਹੀਂ ਹਨ। ਇੱਕ ਤਾਂ ਨਾਈਆਂ ਦਾ ਮੁੰਡਾ ਹੈ। ਮੇਰਾ ਪੱਕਾ ਦੋਸਤ ਹੈ। ਦੂਜਾ ਦਰਜੀ ਦਾ ਕੰਮ ਕਰਦਾ ਹੈ। ਉਹ ਦੋਨੋ ਅਜੰਟ ਦੀ ਮਾਰਫਤ ਵਲੈਤ ਜਾਣ ਦਾ ਅੱਟਾ ਸੱਟਾ ਲਾ ਰਹੇ ਹਨ।"

"ਉਨਾਂ ਕੋਲ਼ ਪੈਸੇ ਹਨ ?"

"ਮੇਰਾ ਖਿਆਲ ਹੈ ਕਿ ਉਨਾਂ ਕੋਲ਼ ਪੈਸੇ ਹਨ ...। ਜੇ ਨਾ ਹੋਏ ਤਾਂ ਉਨਾਂ ਨੂੰ ਮਿਲ਼ ਜਾਣਗੇ।"

"ਕਿੱਦਾਂ ਤੇ ਕਿੱਥੋਂ ਮਿਲ਼ ਜਾਣਗੇ ?"

"ਘਰ ਵਾਲ਼ੇ ਉਨਾਂ ਦੇ ਨਾਲ਼ ਹਨ। ਕੁੱਝ ਜਾਇਦਾਦ ਵੀ ਹੈ। ਪੈਸਿਆਂ ਲਈ ਗਹਿਣੇ

ਰੱਖ ਦੇਣਗੇ ਜਾਂ ਵੇਚ ਦੇਣਗੇ। ਚਿਰ ਤਾਂ ਅਜੰਟ ਹੀ ਲਾ ਰਿਹਾ ਹੈ। ਪੈਸੇ ਤਾਂ ਉਹ ਦੋ ਦਿਨ ਵਿੱਚ ਇਕੱਠੇ ਕਰ ਲੈਣਗੇ।"

ਕਾਲ਼ੀ ਨੀਵੀਂ ਪਾਈ ਚੁੱਪ ਚਾਪ ਤੁਰਿਆ ਜਾ ਰਿਹਾ ਸੀ। ਕੱਲੂ ਨੂੰ ਲੱਗਿਆ ਜਿਵੇਂ ਕਾਲ਼ੀ ਨੂੰ ਉਸ ਦੀ ਗੱਲ ਦਾ ਯਕੀਨ ਨਹੀਂ ਹੋ ਰਿਹਾ ਸੀ। ਉਸ ਨੇ ਕਾਲ਼ੀ ਦਾ ਹੱਥ ਫੜ ਲਿਆ, "ਭਾਅ ਜੀ, ਉਨਾਂ ਨੂੰ ਮੋਹਰੇ ਬਹੁਤ ਪੈਸੇ ਦਿੱਸਦੇ ਹਨ। ਮੁੰਡੇ ਅਜੇ ਇਥੇ ਹੀ ਤੁਰੇ ਫਿਰਦੇ ਹਨ। ਉਸਤਰਾ-ਕੈਂਚੀ ਹੀ ਚਲਾ ਰਹੇ ਹਨ ਪਰ ਮਾਂ, ਬਾਪ ਸ਼ਹਿਰ ਵਿੱਚ ਮਹਿਲ ਬਾੜੀਆਂ ਬਣਾਉਣ ਦੇ ਸੁਫਨੇ ਦੇਖ ਰਹੇ ਹਨ।"

"ਉਹ ਕਿਵੇਂ ?" ਕਾਲ਼ੀ ਦੇ ਮਨ ਵਿੱਚ ਉੱਤਸੁਕਤਾ ਵੱਧ ਰਹੀ ਸੀ।

"ਜਿਹੜੇ ਦੋ ਮੁੰਡੇ ਪਿੰਡੋਂ ਵਲੈਤ ਨੂੰ ਗਏ ਹਨ ਉਹ ਦੋਨੋ ਚੌਧਰੀਆਂ ਦੇ ਹਨ। ਜ਼ਮੀਨ ਗਹਿਣੇ ਰੱਖ ਕੇ ਘਰ ਵਾਲਿਆਂ ਨੇ ਪੈਸੇ ਇਕੱਠੇ ਕੀਤੇ ਸਨ। ਉਨ੍ਹਾਂ ਮੁੰਡਿਆਂ ਨੇ ਐਨੇ ਪੈਸੇ ਭੇਜੇ ਹਨ ਕਿ ਇੱਕ ਸਾਲ ਦੇ ਅੰਦਰ ਅੰਦਰ ਨਾ ਸਿਰਫ ਗਹਿਣੇ ਰੱਖੀ ਜ਼ਮੀਨ ਛੁਡਾ ਲਈ ਹੈ, ਸਗੋਂ ਚਾਰ ਚਾਰ ਖੇਤ ਹੋਰ ਖਰੀਦ ਲਏ ਹਨ। ਮੁੰਡਿਆਂ ਲਈ ਰਿਸ਼ਤਿਆਂ ਦਾ ਤਾਂਤਾ ਬੱਝ ਗਿਆ ਹੈ। ਪਰ ਉਨ੍ਹਾਂ ਨੂੰ ਤਾਂ ਹੁਣ ਕਿਸੇ ਰਜਵਾੜੇ ਦੀ ਕੁੜੀ ਚਾਹੀਦੀ ਹੈ, ਖਾਨਦਾਨ ਉੱਚਾ ਹੋਣਾ ਚਾਹੀਦਾ ਹੈ। ਪਿੰਡ ਵਿੱਚ ਸਨ ਤਾਂ ਉਨਾਂ ਨੂੰ ਚੰਗੀ ਤਰ੍ਹਾਂ ਨੱਕ ਪੂੰਝਣ ਦੀ ਵੀ ਤਮੀਜ਼ ਨਹੀਂ ਸੀ। ਸਾਡੇ ਵਾਂਗ ਹੀ ਪਸ਼ੂ ਚਾਰਿਆ ਕਰਦੇ ਸਨ।" ਕੱਲੂ ਦੇ ਲਹਿਜੇ ਵਿੱਚ ਵਿਅੰਗ ਅਤੇ ਈਰਖਾ ਸੀ।

ਕਾਲ਼ੀ ਇੱਕ ਵਾਰ ਫਿਰ ਸੋਚ ਵਿੱਚ ਡੁੱਬ ਗਿਆ। ਨਾਲ਼ ਹੀ ਉਹਨੂੰ ਕੱਲੂ 'ਤੇ ਤਰਸ ਵੀ ਆ ਰਿਹਾ ਸੀ ਅਤੇ ਮਨ ਵਿੱਚ ਉਸ ਲਈ ਆਦਰ ਅਤੇ ਮਾਣ ਦੀ ਭਾਵਨਾ ਵੀ ਵਧਦੀ ਜਾ ਰਹੀ ਸੀ। ਤੁਰਦੇ ਤੁਰਦੇ ਉਸ ਨੇ ਕੱਲੂ ਵੱਲ ਧਿਆਨ ਨਾਲ਼ ਦੇਖਿਆ। ਲੰਮਾ ਇਕਹਿਰੇ ਕੱਦ ਦਾ ਮੁੰਡਾ ਜਿਹੜਾ ਜਵਾਨੀ ਵਿੱਚ ਪੈਰ ਰੱਖ ਰਿਹਾ ਸੀ, ਉਸ ਦੀਆਂ ਸੱਧਰਾਂ ਵੀ ਬਹੁਤ ਜਵਾਨ ਸਨ। ਇੱਕ ਪਾਸੇ ਕਾਲ਼ੀ ਨੂੰ ਡਰ ਮਹਿਸੂਸ ਹੋ ਰਿਹਾ ਸੀ ਕਿ ਗਲਤ ਹੱਥੀਂ ਚੜ੍ਹ ਕੇ ਕਿਤੇ ਕੱਲੂ ਬਰਬਾਦ ਹੀ ਨਾ ਹੋ ਜਾਵੇ। ਦੂਜੇ ਪਾਸੇ ਉਸ ਦੇ ਸੁਫਨਿਆਂ ਦੀ ਕਲਪਨਾ ਕਰਕੇ ਉਹ ਆਪਣੇ ਆਪ ਨੂੰ ਕੱਲੂ ਦੇ ਨਾਲ਼ ਅਕਾਸ਼ ਵਿੱਚ ਉਡਦਾ ਹੋਇਆ ਮਹਿਸੂਸ ਕਰ ਰਿਹਾ ਸੀ।

"ਕਦੀ ਕਿਸ਼ਨੇ ਨਾਲ਼ ਗੱਲ ਕੀਤੀ ਹੈ ?"

"ਘਰ ਸਾਰਿਆਂ ਦੇ ਸਾਹਮਣੇ ਕੀਤੀ ਸੀ। ... ਬਾਪੂ ਵੀ ਉੱਥੇ ਸੀ। ਨਕੋਦਰ ਵਾਲ਼ੇ ਭਾਅ ਜੀ ਵੀ ਸਨ। ਕਿਸ਼ਨਾ ਭਾਅ ਜੀ ਵੀ ਸੀ।"

"ਉਨ੍ਹਾਂ ਨੇ ਕੀ ਕਿਹਾ ?" ਕਾਲ਼ੀ ਰੁਕ ਗਿਆ ਤਾਂ ਕਿ ਕੱਲੂ ਦਾ ਜਵਾਬ ਚੰਗੀ ਤਰ੍ਹਾਂ ਸੁਣ ਸਕੇ।

"ਕਹਿਣਾ ਕੀ ਸੀ ? ... ਸਾਰਿਆਂ ਨੇ ਝਿੜਕ ਦਿੱਤਾ ... ਬੁਰੀ ਤਰ੍ਹਾਂ। ਸਾਰੇ ਮੈਨੂੰ ਮਖੌਲ ਕਰਨ ਲੱਗ ਪਏ। ਗਾਂਡ 'ਚ ਗੂੰਹ ਨਾ, ਕਾਂਵਾਂ ਨੂੰ ਨੇਂਦੇ। ... ਪਰ ਬਾਪੂ ਨੇ ਸਾਰਿਆਂ ਨੂੰ ਝਿੜਕ ਦਿੱਤਾ ਅਤੇ ਮੈਨੂੰ ਸਮਝਾਉਣ ਲੱਗਾ ਕਿ ਪੈਸੇ ਕਿੱਥੋਂ ਆਉਣਗੇ। ਤੂੰ ਵਲੈਤ ਚਲੇ ਵੀ ਜਾਵੇਂ ਤਾਂ ਤੈਨੂੰ ਉੱਥੇ ਸਾਂਭੂੰਗਾ ਕੌਣ। ... ਇੱਕ ਗੱਲ ਹੈ ?" ਕੱਲੂ ਦੀਆਂ ਉੱਤੇਜਨਾ ਨਾਲ਼

ਨਾਂਸਾਂ ਫੁੱਲ ਗਈਆਂ ਜਿਵੇਂ ਉਹ ਕੋਈ ਬਹੁਤ ਬੜਾ ਭੇਦ ਖੋਲ੍ਹਣ ਲੱਗਾ ਹੋਵੇ।

"ਕੀ ?" ਕਾਲ਼ੀ ਦੇ ਭਰਵੱਟੇ ਵੀ ਉੱਪਰ ਨੂੰ ਚੜ੍ਹ ਗਏ।

"ਬਾਪੂ ਦਿਲੋਂ ਤਾ ਚਾਹੁੰਦਾ ਹੈ ਕਿ ਮੈਂ ਵਲੈਤ ਚਲੇ ਜਾਵਾਂ। ਅੰਦਰ ਖਾਤੇ ਉਹ ਪੈਸਿਆਂ ਦਾ ਵੀ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮੁਸ਼ਕਿਲ ਇਹ ਹੈ ਕਿ ਉਹਦੇ ਕੋਲ਼ ਵੇਚਣ ਜਾਂ ਗਹਿਣੇ ਰੱਖਣ ਲਈ ਕੋਈ ਜਾਇਦਾਦ ਨਹੀਂ ਹੈ। ... ਉਹ ਜਾਣਦਾ ਹੈ ਕਿ ਜੇ ਮੈਂ ਇੱਕ ਵਾਰ ਵਲੈਤ ਪਹੁੰਚ ਗਿਆ ਤਾਂ ਸੱਤ ਪੁਸ਼ਤਾਂ ਤੱਕ ਦੇ ਕਸ਼ਟ ਕੱਟ ਦੇਵਾਂਗਾ।" ਕੱਲੂ ਨੇ ਆਪਣਾ ਹੱਥ ਛਾਤੀ 'ਤੇ ਰੱਖ ਲਿਆ।

ਕਾਲ਼ੀ ਨੇ ਲੰਮਾ ਸਾਹ ਲਿਆ ਅਤੇ ਬੁੱਲਾਂ ਵਿੱਚ ਮੁਸਕਰਾਇਆ। ਫਿਰ ਕੱਲੂ ਦੀ ਪਿੱਠ 'ਤੇ ਹੱਥ ਫੇਰਨ ਲੱਗਾ, "ਬਰਖੁਰਦਾਰ, ਹਿੰਮਤ ਨਾ ਹਾਰੀਂ। ਹੌਸਲਾ ਰੱਖੀਂ। ਤਕਦੀਰ ਬੁਰੀ ਨਾ ਹੋਵੇ ਤਾਂ ਕੰਮ ਔਖੇ ਸੌਖੇ ਬਣ ਹੀ ਜਾਂਦੇ ਹਨ। ... ਮੈਂ ਵੀ ਕੋਸ਼ਿਸ਼ ਕਰੂੰਗਾ। ਕਿਤੇ ਹੱਥ ਪੈ ਗਿਆ ਤਾਂ ਤੇਰੀ ਜ਼ਰੂਰ ਮਦਦ ਕਰੂੰਗਾ। ਬਰਾਦਰੀ ਦਾ ਬੰਦਾ ਉੱਚਾ ਉਠੇ ਤਾਂ ਅਸੀਂ ਸਾਰੇ ਵੀ ਮਾਣ ਮਹਿਸੂਸ ਕਰਦੇ ਹਾਂ। ਅਸੀਂ ਕਹਿ ਸਕਦੇ ਹਾਂ ਸਾਡਾ ਭਾਈ ਭਤੀਜਾ ਵੀ ਵਲੈਤ ਵਿੱਚ ਰਹਿੰਦਾ ਹੈ। ਸ਼ਹਿਰ ਵਿੱਚ ਵੱਡੀ ਕੋਠੀ ਬਣਾ ਰਿਹਾ ਹੈ। ਬੜੇ ਬੜੇ ਅਫਸਰਾਂ, ਸ਼ਾਹੂਕਾਰਾਂ, ਰਜਵਾੜਿਆਂ ਅਤੇ ਜ਼ਿਮੀਦਾਰਾਂ ਦੇ ਬਰਾਬਰ ਬੈਠਦਾ ਹੈ।"

ਕਾਲ਼ੀ ਦੀ ਸਹਿਮਤੀ ਨਾਲ਼ ਕੱਲੂ ਖੁਸ਼ ਹੋ ਗਿਆ। ਉਹਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ ਕਿਉਂਕਿ ਅੱਜ ਤੱਕ ਬਹੁਤੇ ਲੋਕਾਂ ਨੇ ਵਲੈਤ ਨੂੰ ਜਾਣ ਵਾਲ਼ੀ ਗੱਲ ਸੁਣ ਕੇ ਉਸ ਦਾ ਮਜ਼ਾਕ ਹੀ ਉਡਾਇਆ ਸੀ, ਉਸ ਨੂੰ ਪਾਗਲ ਸਮਝਦੇ ਸਨ ਅਤੇ ਨਿਖੱਟੂ ਤੇ ਵੇਹਲੜ ਕਹਿੰਦੇ ਸਨ। ਕਾਲ਼ੀ ਪਹਿਲਾ ਆਦਮੀ ਸੀ ਜਿਸ ਨੇ ਉਸ ਦੀ ਸਾਰੀ ਗੱਲਬਾਤ ਬਹੁਤ ਦਿਲਚਸਪੀ ਅਤੇ ਧਿਆਨ ਨਾਲ਼ ਸੁਣੀ ਸੀ।

"ਭਾਅ ਜੀ, ਮੈਂ ਇੱਕ ਵਾਰ ਵਲੈਤ ਪਹੁੰਚ ਗਿਆ ਤਾਂ ਸਾਰਿਆਂ ਤੋਂ ਪਹਿਲਾਂ ਤੈਨੂੰ ਆਪਣੇ ਕੋਲ਼ ਸੱਦੂੰਗਾ।" ਕੱਲੂ ਨੇ ਕਾਲੀ ਦੇ ਦੋਨੋਂ ਹੱਥ ਫੜ੍ਹ ਲਏ।

"ਪਹਿਲਾਂ ਤੂੰ ਤਾਂ ਪਹੁੰਚ। ਮੈਂ ਜ਼ਰੂਰ ਆਊਂਗਾ।" ਕਾਲ਼ੀ ਨੇ ਪਿਆਰ ਨਾਲ਼ ਕੱਲੂ ਦੀ ਗੱਲ੍ਹ ਥਪਥਪਾਈ।

ਕਾਲ਼ੀ ਤੇ ਕੱਲੂ ਜਦ ਘਰ ਪਹੁੰਚੇ ਤਾਂ ਸੂਰਜ ਪੂਰਾ ਉੱਪਰ ਆ ਗਿਆ ਸੀ ਅਤੇ ਸੋਨੇ ਦਾ ਗੋਲ਼ ਥਾਲ ਪੂਰੀ ਸ਼ਾਨ ਨਾਲ਼ ਚਮਕਣ ਲੱਗ ਪਿਆ ਸੀ। ਤਖਤਾ ਬੰਦ ਕਰਕੇ ਕੱਲੂ ਕਮਰੇ ਵੱਲ ਚਲੇ ਗਿਆ। ਦਰਵਾਜੇ 'ਤੇ ਅਜੇ ਵੀ ਜਿੰਦਾ ਲਟਕ ਰਿਹਾ ਸੀ ਅਤੇ ਮੂੰਹ ਦੇ ਭਾਰ ਪਿਆ ਕਿਸ਼ਨਾ ਅਜੇ ਵੀ ਘੁਰਾੜੇ ਮਾਰ ਰਿਹਾ ਸੀ।

"ਭਾਅ ਤਾਂ ਅਜੇ ਵੀ ਸੌਂ ਰਿਹਾ ਹੈ।" ਕੱਲੂ ਨੇ ਕਾਲ਼ੀ ਵੱਲ ਦੇਖਦਿਆਂ ਸਰਗੋਸ਼ੀ ਕੀਤੀ।

"ਸੁੱਤਾ ਰਹਿਣ ਦੇ।" ਕਾਲ਼ੀ ਨੇ ਬੁੱਲਾਂ 'ਤੇ ਉਂਗਲੀ ਰੱਖ ਲਈ।

"ਕਾਰਖਾਨੇ ਨੂੰ ਵੀ ਤਾਂ ਜਾਣਾ ਹੈ।"

"ਕਾਰਖਾਨੇ ਵੀ ਚਲੇ ਜਾਵਾਂਗੇ। ਰੋਜ਼ ਜਾਂਦੇ ਹਾਂ। ਅੱਜ ਕੋਈ ਨਵਾਂ ਤਾਂ ਜਾਣਾ

ਨਹੀਂ।" ਕਾਲ਼ੀ ਨੇ ਕੱਲੂ ਨੂੰ ਇਸ਼ਾਰੇ ਨਾਲ਼ ਰੋਕ ਦਿੱਤਾ।

"ਭਾਅ ਜੀ, ਜੇ ਕਿਸ਼ਨੇ ਭਾਅ ਨੂੰ ਕਾਰਖਾਨੇ ਪਹੁੰਚਣ ਲਈ ਦੇਰ ਹੋ ਗਈ ਤਾਂ ਉਹ ਮੈਨੂੰ ਗਾਲ਼ਾਂ ਕੱਢੂਗਾ, ਝਿੜਕੇਗਾ ਅਤੇ ਕੁੱਟ ਵੀ ਸਕਦਾ ਹੈ।"

"ਕੁੱਟੂਗਾ ਕਿਉਂ ?"

"ਉਹ ਇਸ ਲਈ ਕਿ ਦਿਨ ਚੜ੍ਹਨ 'ਤੇ ਉਸ ਨੂੰ ਜਗਾਇਆ ਕਿਉਂ ਨਹੀਂ ?" ਕੱਲੂ ਹੋਰ ਵੀ ਜ਼ਿਆਦਾ ਸਹਿਮ ਗਿਆ।

"ਸਾਨੂੰ ਪੂਰੀ ਨੀਂਦ ਆਉਂਦੀ ਹੀ ਕਿੱਥੇ ਹੈ। ਜੇ ਉਸ ਨੂੰ ਕਿਸੇ ਤਰ੍ਹਾਂ ਨੀਂਦ ਆ ਹੀ ਗਈ ਹੈ ਤਾਂ ਜਗਾਣਾ ਨਹੀਂ ਚਾਹੀਦਾ।" ਕਾਲ਼ੀ ਨੇ ਕੱਲੂ ਦਾ ਮੋਢਾ ਥਾਪੜ ਕੇ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। "ਕਹਿ ਦਊਂਗਾ ਕਿ ਮੈਂ ਤੈਨੂੰ ਹਟਾਇਆ ਸੀ।"

ਕੱਲੂ ਨੇ ਪੱਲ ਕੁ ਲਈ ਧਿਆਨ ਨਾਲ਼ ਕਾਲ਼ੀ ਵੱਲ ਦੇਖਿਆ। ਫਿਰ ਮੁਸਕਰਾਂਦਾ ਹੋਇਆ ਪਿਛਵਾੜੇ ਵੱਲ ਨੂੰ ਚਲੇ ਗਿਆ। ਕਾਲ਼ੀ ਮੂੰਹ ਵਿੱਚ ਦਾਤਣ ਪਾਈ ਹੌਲ਼ੀ ਹੌਲ਼ੀ ਵਿਹੜੇ ਵਿੱਚ ਟਹਿਲਦਾ ਰਿਹਾ।

"ਭਾਅ ਜੀ, ਤੁਸੀਂ ਕੁਰਲੀ ਕਰਕੇ ਮੂੰਹ ਹੱਥ ਧੋ ਲਉ।" ਕਾਲ਼ੀ ਦੇ ਕੰਨ ਕੋਲ਼ ਮੂੰਹ ਕਰਕੇ ਕੱਲੂ ਨੇ ਕਿਹਾ।

ਕਾਲ਼ੀ ਪਿਆਰ ਭਰੀਆਂ ਨਜ਼ਰਾਂ ਨਾਲ਼ ਲਗਾਤਾਰ ਕੱਲੂ ਨੂੰ ਨਿਹਾਰ ਰਿਹਾ ਸੀ।

"ਭਾਅ ਜੀ, ਆ ਜਾਉ ਹੁਣ। ਮੈਂ ਖੁਰੇ ਵਿੱਚ ਪਾਣੀ ਦੀ ਛੋਟੀ ਬਾਲ਼ਟੀ ਰੱਖ ਦਿੱਤੀ ਹੈ।" ਕੱਲੂ ਨੇ ਮੂੰਹ ਘੁਮਾ ਲਿਆ ਕਿਉਂਕਿ ਉਸ ਤੋਂ ਕਾਲ਼ੀ ਦੀਆਂ ਅੱਖਾਂ ਦੀ ਤਾਬ ਝੱਲੀ ਨਹੀਂ ਸੀ ਜਾ ਰਹੀ।

ਕਾਲ਼ੀ ਨੇ ਕੱਲੂ ਨੂੰ ਆਪਣੀ ਗੱਲਵਕੜੀ ਵਿੱਚ ਲੈ ਕੇ ਮੂੰਹ ਦੂਜੇ ਪਾਸੇ ਘੁਮਾ ਲਿਆ ਤਾਂ ਕਿ ਦਾਤਣ ਨਾਲ਼ ਉਹਦੇ ਨੱਕ, ਅੱਖ ਜਾਂ ਚੇਹਰੇ 'ਤੇ ਝਰੀਟ ਜਾਂ ਸੱਟ ਨਾ ਲੱਗ ਜਾਵੇ ਅਤੇ ਫਿਰ ਉਸ ਨੂੰ ਛਾਤੀ ਨਾਲ਼ ਲਾ ਕੇ ਘੁੱਟ ਲਿਆ। ਕਾਲ਼ੀ ਨੂੰ ਬਹੁਤ ਸੁਖ ਮਹਿਸੂਸ ਹੋ ਰਿਹਾ ਸੀ। ਉਸ ਨੇ ਦਾਤਣ ਮੂੰਹ ਵਿੱਚੋਂ ਕੱਢ ਕੇ ਹੱਥ ਵਿੱਚ ਫੜ੍ਹ ਲਈ ਅਤੇ ਕੱਲੂ ਦੇ ਸਿਰ 'ਤੇ ਮੱਥੇ ਨੂੰ ਹੌਲ਼ੀ ਜਿਹੀ ਚੁੰਮਿਆ ਅਤੇ ਫਿਰ ਉਸ ਦੇ ਸਿਰ 'ਤੇ ਹੱਥ ਫੇਰਨ ਲੱਗਾ। ਉਹ ਸੋਚ ਰਿਹਾ ਸੀ ਕਿ ਛੋਟੇ ਭਰਾ ਦੇ ਕਿੰਨੇ ਸੁੱਖ ਹੁੰਦੇ ਹਨ। ਉਹ ਇੱਕ ਸਮੇਂ ਦੋਸਤ ਅਤੇ ਪੁੱਤਰ ਦਾ ਰੂਪ ਧਾਰਨ ਕਰ ਲੈਂਦਾ ਹੈ। ਦਿਲ ਦੀ ਗੱਲ ਵੀ ਸਮਝ ਲੈਂਦਾ ਹੈ ਅਤੇ ਸਮੇਂ ਮੁਤਾਬਕ ਸੇਵਾ ਭਾਵ ਵੀ ਦਿਖਾਉਂਦਾ ਹੈ।

ਕੱਲੂ ਨੇ ਹੌਲ਼ੀ ਹੌਲ਼ੀ ਆਪਣੇ ਆਪ ਨੂੰ ਕਾਲ਼ੀ ਦੀ ਜੱਫੀ ਤੋਂ ਅਜ਼ਾਦ ਕਰਾ ਲਿਆ ਅਤੇ ਸੂਰਜ ਵੱਲ ਦੇਖ ਕੇ ਦੁਆਰਾ ਕਿਹਾ, "ਕਾਲ਼ੀ ਭਾਅ ਜੀ, ਤੁਸੀਂ ਤਿਆਰ ਹੋ ਜਾਉ। ਕਿਸ਼ਨਾ ਭਾਅ ਜੀ ਤਾਂ ਕਈ ਵਾਰ ਕੁਰਲੀ ਕਰਨ ਤੋਂ ਬਿਨਾਂ ਹੀ ਕਾਰਖਾਨੇ ਨੂੰ ਦੌੜ ਜਾਂਦਾ ਹੈ।"

"ਕੱਲੂ, ਤੂੰ ਚਿੰਤਾ ਨਾ ਕਰ। ਮੇਰੇ ਹੁੰਦੇ ਹੋਏ ਤੈਨੂੰ ਕਿਸੇ ਕਿਸਮ ਦਾ ਫਿਕਰ ਕਰਨ ਦੀ ਲੋੜ ਨਹੀਂ।" ਕਾਲ਼ੀ ਨੇ ਕੱਲੂ ਦਾ ਹੱਥ ਫੜ੍ਹ ਲਿਆ। ਫਿਰ ਆਪਣੀ ਹੀ ਕਹੀ ਗੱਲ ਬਾਰੇ ਸੋਚ ਕੇ ਇਕਦਮ ਬਹੁਤ ਹੀ ਜ਼ਿਆਦਾ ਗੰਭੀਰ ਹੋ ਗਿਆ ਅਤੇ ਹੌਲ਼ੀ ਹੌਲ਼ੀ ਕੱਲੂ ਦਾ ਹੱਥ ਛੱਡ

ਦਿੱਤਾ। ਕਾਲ਼ੀ ਦੀ ਉਦਾਸੀ ਅਤੇ ਪਰੇਸ਼ਾਨੀ ਹੋਰ ਵੀ ਗਹਿਰੀ ਹੋ ਗਈ ਕਿ ਕੱਲੂ ਨੂੰ ਮਨ ਵਿੱਚ ਛੋਟਾ ਭਰਾ ਮੰਨ ਕੇ ਵੀ ਉਹ ਉਸ ਪ੍ਰਤੀ ਵੱਡੇ ਭਰਾ ਦਾ ਫਰਜ਼ ਨਿਭਾ ਨਹੀਂ ਸਕੇਗਾ। ਵਲਾਇਤ ਜਾਣ ਵਿੱਚ ਉਸ ਦੀ ਥੋੜ੍ਹੀ ਜਿਹੀ ਵੀ ਸਹਾਇਤਾ ਕਰਨ ਲਈ ਉਹ ਆਪਣੇ ਆਪ ਨੂੰ ਬਿਲਕੁਲ ਅਸਮਰਥ ਸਮਝ ਰਿਹਾ ਸੀ।

ਕੱਲੂ ਵੱਲ ਇੱਕ ਪੱਲ ਦੇਖ ਕੇ ਕਾਲ਼ੀ ਨੇ ਲੰਮੀ ਤੇ ਠੰਡੀ ਆਹ ਭਰੀ ਤਾਂ ਉਹ ਚੌਂਕ ਗਿਆ ਅਤੇ ਹੈਰਾਨ ਹੋ ਕੇ ਉਸ ਵੱਲ ਦੇਖਣ ਲੱਗਾ। ਫਿਰ ਕਾਲ਼ੀ ਦੇ ਬਹੁਤ ਨੇੜੇ ਆ ਗਿਆ, "ਭਾਅ ਜੀ, ਕੀ ਹੋਇਆ। ਤੇਰਾ ਹਾਵ ਭਾਵ ਕਿਉਂ ਬਦਲ ਗਿਆ, ਚਿੱਤ ਤਾਂ ਠੀਕ ਹੈ ਨਾ ?"

"ਕੁੱਸ਼ ਨਹੀਂ, ਕੱਲੂ।" ਕਾਲ਼ੀ ਨੇ ਉਸ ਦਾ ਹੱਥ ਫੜ ਕੇ ਬੁੱਲਾਂ 'ਤੇ ਹਲਕੀ ਜਿਹੀ ਮੁਸਕਾਣ ਲਿਆਉਣ ਦੀ ਕੋਸ਼ਿਸ਼ ਕੀਤੀ। ਫਿਰ ਮੂੰਹ ਦੂਜੇ ਪਾਸੇ ਫੇਰ ਲਿਆ, "ਮੈਂ ਕੁਰਲੀ ਕਰਕੇ ਮੂੰਹ ਹੱਥ ਧੋ ਹੀ ਲਵਾਂ। ਕਿਸ਼ਨਾ ਭਾਅ ਉਠ ਪਿਆ ਤਾਂ ਉਹ ਭਗਦੜ ਮਚਾ ਦੇਵੇਗਾ। ਉਹਨੂੰ ਕਾਰਖਾਨੇ ਪਹੁੰਚਣ ਦਾ ਬਹੁਤ ਫਿਕਰ ਹੋ ਜਾਵੇਗਾ।"

ਕਾਲ਼ੀ ਪੈਰਾਂ ਭਾਰ ਬੈਠ ਕੇ ਪਾਣੀ ਦੀ ਭਰੀ ਛੋਟੀ ਬਾਲਟੀ ਦੇ ਨੇੜੇ ਜਾ ਬੈਠਾ ਅਤੇ ਦਾਤਣ ਦੇ ਨਾਲ਼ ਕੁਰਲੀ ਕਰਨ ਲੱਗਾ।

"ਭਾਅ ਜੀ, ਨਾਉਣਾ ਹੈ ਤਾਂ ਪਾਣੀ ਦਾ ਘੜਾ ਲੈ ਲਉ। ਅਜੇ ਨਲ਼ਕੇ 'ਤੇ ਜ਼ਿਆਦਾ ਭੀੜ ਨਹੀਂ ਹੋਣੀ। ਮੈਂ ਦੌੜ ਕੇ ਜਾ ਕੇ ਪਾਣੀ ਭਰ ਲਿਆਵਾਂਗਾ।" ਕੱਲੂ ਨੇ ਘੜੇ ਅਤੇ ਬਾਲ਼ਟੀ ਵੱਲ ਇਸ਼ਾਰਾ ਕੀਤਾ।

ਕਾਲ਼ੀ ਸੋਚਾਂ ਵਿੱਚ ਪੈ ਗਿਆ। ਸਾਫ ਠੰਡੇ ਪਾਣੀ ਨਾਲ਼ ਨਾਉਣ ਦੇ ਖਿਆਲ ਨਾਲ਼ ਉਸ ਦੇ ਦਿਲ ਦਿਮਾਗ ਵਿੱਚ ਤਾਜ਼ਗੀ ਭਰਨ ਲੱਗੀ। ਉਹ ਖੁਸ਼ ਹੋ ਗਿਆ, ਪਰ ਕੱਲੂ ਦੀ ਮਦਦ ਕਰਨ ਵਿੱਚ ਆਪਣੀ ਬੇਬਸੀ ਅਤੇ ਤੰਗੀ ਦਾ ਅਹਿਸਾਸ ਹੁੰਦਿਆਂ ਹੀ ਉਹ ਉਦਾਸ ਹੋ ਗਿਆ।

"ਨਹੀਂ ਕੱਲੂ, ਨਾਉਣਾ ਕੀ ਹੈ ? ਮੇਰੇ ਕੋਲ਼ ਨਾਉਣ ਵਾਸਤੇ ਕੱਛਾ ਤੇ ਪਰਨਾ ਵੀ ਨਹੀਂ ਹੈ।"

"ਭਾਅ ਜੀ, ਮੇਰਾ ਪਰਨਾ ਲੈ ਲਵੋ।" ਕੱਲੂ ਨੇ ਕਿੱਲੀ ਤੋਂ ਪਰਨਾ ਲਾਹ ਕੇ ਕਾਲ਼ੀ ਵੱਲ ਵਧਾਇਆ।

"ਨਾ ਕੱਲੂ, ਰਹਿਣ ਦੇ। ਹਰ ਰੋਜ਼ ਛੱਪੜ ਦੇ ਪਾਣੀ ਨਾਲ਼ ਨਾਉਂਦੇ ਹਾਂ। ਨਲ਼ਕੇ ਦੇ ਤਾਜ਼ੇ ਪਾਣੀ ਨਾਲ਼ ਨਹਾਉਣ ਲੱਗਾ ਤਾਂ ਆਦਤ ਵਿਗੜ ਜਾਊਗੀ। ਤਬੀਅਤ ਖਰਾਬ ਹੋ ਸਕਦੀ ਹੈ।" ਕਾਲ਼ੀ ਦੇ ਬੁੱਲਾਂ 'ਤੇ ਉਦਾਸ ਜਿਹੀ ਮੁਸਕਾਨ ਫੈਲ ਗਈ।

"ਭਾਅ ਜੀ, ਤੁਹਾਡੀ ਮਰਜ਼ੀ ਹੈ। ਮੇਰੀ ਵਲੋਂ ਤਾਂ ਸਭ ਤਿਆਰੀ ਹੈ।" ਕੱਲੂ ਦੀ ਅਵਾਜ਼ ਬੁੱਝ ਗਈ ਸੀ ਕਿਉਂਕਿ ਕਾਲ਼ੀ ਨੇ ਉਸ ਨੂੰ ਸੇਵਾ ਦਾ ਮੌਕਾ ਨਹੀਂ ਸੀ ਦਿੱਤਾ।

ਕਾਲ਼ੀ ਨੂੰ ਡਰ ਮਹਿਸੂਸ ਹੋਣ ਲੱਗਾ ਸੀ। ਉਸ ਨੇ ਜਲਦੀ ਜਲਦੀ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ। ਉਹ ਇਸ ਹੱਦ ਤੱਕ ਆਪਣੇ ਆਪ ਨੂੰ ਉਖੜਿਆ ਜਿਹਾ ਮਹਿਸੂਸ ਕਰ ਰਿਹਾ ਸੀ ਕਿ ਠੰਡੇ ਪਾਣੀ ਦੇ ਛਿੱਟਿਆਂ ਨਾਲ਼ ਅੱਖਾਂ ਅਤੇ ਚੇਹਰੇ ਨੂੰ ਮਿਲੀ ਤਾਜ਼ਗੀ ਦਾ ਵੀ ਲੁਤਫ

ਨਾ ਲੈ ਸਕਿਆ। ਉਸ ਨੇ ਕਮੀਜ਼ ਦੇ ਪੱਲੇ ਨਾਲ਼ ਮੂੰਹ ਪੂੰਝਦਿਆਂ ਕਿਸ਼ਨੇ ਵੱਲ ਦੇਖਿਆ। ਉਹ ਅਜੇ ਵੀ ਸੁੱਤਾ ਪਿਆ ਹੌਲ਼ੀ ਹੌਲ਼ੀ ਘੁਰਾੜੇ ਮਾਰ ਰਿਹਾ ਸੀ। ਅੱਖਾਂ ਨੂੰ ਸੂਰਜ ਦੀ ਰੌਸ਼ਨੀ ਤੋਂ ਬਚਾਉਣ ਲਈ ਉਸਨੇ ਪਾਸਾ ਬਦਲਿਆ ਅਤੇ ਚੇਹਰੇ ਨੂੰ ਬਾਂਹ ਨਾਲ਼ ਢੱਕ ਲਿਆ ਸੀ।

ਪਰ ਮੱਖੀਆ ਨੇ ਕਿਸ਼ਨੇ ਨੂੰ ਜ਼ਿਆਦਾ ਦੇਰ ਤੱਕ ਚੈਨ ਨਾਲ਼ ਸੌਣ ਨਾ ਦਿੱਤਾ। ਧੁੱਪ ਨਿਕਲਦਿਆਂ ਹੀ ਮੱਖੀਆਂ ਦੇ ਦਲ ਦੇ ਦਲ ਚਾਰੇ ਪਾਸੇ ਮੰਡਰਾਉਣ ਲੱਗ ਪਏ ਸਨ। ਸਰੀਰ ’ਤੇ ਬੈਠੀਆਂ ਮੱਖੀਆਂ ਨੂੰ ਉਡਾਉਣ ਲਈ ਉਹ ਹੱਥ ਪੈਰ ਮਾਰਨ ਲੱਗਾ। ਨਾਲ਼ ਹੀ ਉਹ ਮੂੰਹ ਚੋਂ ਅਜੀਬ ਜਿਹੀਆਂ ਅਵਾਜ਼ਾਂ ਵੀ ਕੱਢ ਰਿਹਾ ਸੀ।

"ਹੁਣ ਭਾਅ ਛੇਤੀ ਹੀ ਉੱਠ ਪਵੇਗਾ।" ਕੱਲੂ ਨੇ ਕਾਲ਼ੀ ਵੱਲ ਦੇਖ ਕੇ ਇਸ਼ਾਰਾ ਕੀਤਾ।

"ਮੱਖੀ-ਮੱਛਰ ਦਾ ਹਮਲਾ ਤਾਂ ਖੁਰਕ ਨਾਲ਼ੋਂ ਵੀ ਮਾੜਾ ਹੁੰਦਾ ਹੈ। ਦੋਨੋਂ ਇੱਕ ਵਾਰ ਹੀ ਛਿੜ ਪੈਣ ਤਾਂ ਫੁੱਲਾਂ ਦੀ ਸੇਜ ’ਤੇ ਸੁੱਤੇ ਆਦਮੀ ਦੀ ਵੀ ਨੀਂਦ ਖਰਾਬ ਕਰ ਦੇਣ।"

ਕਿਸ਼ਨੇ ਨੇ ਕਾਲ਼ੀ ਦੀ ਗੱਲ ਸੁਣ ਲਈ ਸੀ। ਉਸ ਨੇ ਮੰਜੀ ’ਤੇ ਪਏ ਪਏ ਨੇ ਕਈ ਵਾਰ ਪਾਸਾ ਬਦਲਿਆ ਜਿਵੇਂ ਕਿ ਨੀਂਦ ਦਾ ਆਖਰੀ ਖੁਮਾਰ ਲਾਹ ਰਿਹਾ ਹੋਵੇ। ਫਿਰ ਉਹ ਉੱਠ ਕੇ ਮੰਜੀ ’ਤੇ ਬੈਠ ਗਿਆ। ਉਬਾਸੀਆਂ ਲੈਂਦਾ ਹੋਇਆ ਉਹ ਰੱਬ ਦਾ ਨਾਂ ਵੀ ਲੈ ਰਿਹਾ ਸੀ। ਫਿਰ ਉਸ ਨੇ ਬਾਹਾਂ ਅਤੇ ਲੱਤਾਂ ਨੂੰ ਝਟਕਿਆ ਜਿਵੇਂ ਕਿ ਸੁਸਤੀ ਨੂੰ ਲਾਹ ਕੇ ਸਿੱਟ ਰਿਹਾ ਹੋਵੇ। ਉਸ ਨੇ ਪੂਰੀਆਂ ਅੱਖਾਂ ਖੋਲ੍ਹ ਕੇ ਸੂਰਜ ਵੱਲ ਦੇਖਿਆ। ਉਸ ਦੀਆਂ ਅੱਖਾਂ ਧੁੱਪ ਦੀ ਤਾਬ ਨਾ ਝੱਲ ਸਕੀਆਂ ਅਤੇ ਸੁੰਗੜ ਕੇ ਲੱਗਭੱਗ ਬੰਦ ਹੋ ਗਈਆਂ।

"ਤੂੰ ਕਦੋਂ ਉਠਿਆ ਪਹਿਲਵਾਨ ?" ਕਿਸ਼ਨੇ ਨੇ ਅੱਧਖੁੱਲੀਆਂ ਅੱਖਾਂ ਨਾਲ਼ ਕਾਲ਼ੀ ਵੱਲ ਦੇਖਿਆ।

"ਕਾਲ਼ੀ ਭਾਅ ਜੀ ਤਾਂ ਖੇਤਾਂ ਵੱਲ ਵੀ ਹੋ ਆਏ ਹਨ। ਦਾਤਨ-ਕੁਰਲੀ ਕਰਕੇ ਮੂੰਹ ਹੱਥ ਵੀ ਧੋ ਲਿਆ ਹੈ। ਮੈਂ ਤਾਂ ਨਾਉਣ ਲਈ ਵੀ ਕਿਹਾ ਸੀ ਪਰ ਭਾਅ ਜੀ ਮੰਨਿਆਂ ਹੀ ਨਹੀਂ।" ਕੱਲੂ ਨੇ ਮੁਸਕਰਾਂਦਿਆਂ ਕਾਲੀ ਵੱਲ ਦੇਖਿਆ ਜਿਵੇਂ ਉਹ ਉਸ ਤੇ ਬਹੁਤ ਹੀ ਖੁਸ਼ ਹੋਵੇ।

"ਅੱਛਾ !" ਕਿਸ਼ਨਾ ਹੈਰਾਨ ਰਹਿ ਗਿਆ, "ਮੈਨੂੰ ਵੀ ਜਗਾ ਦਿੰਦੇ।"

"ਭਾਅ ਜੀ, ਤੁਸੀਂ ਬਹੁਤ ਮਿੱਠੀ ਨੀਂਦ ਸੌਂ ਰਹੇ ਸੀ।"

"ਮਿੱਠੀ ਕਿੱਥੇ ਯਾਰਾ, ਮੂੰਹ ਵਿੱਚ ਤਾਂ ਸੰਖੀਏ ਵਰਗੀ ਕੁੜੱਤਣ ਭਰੀ ਹੋਈ ਹੈ।" ਕਿਸ਼ਨੇ ਨੇ ਬਹੁਤ ਹੀ ਭੈੜਾ ਜਿਹਾ ਮੂੰਹ ਬਣਾਇਆ। "ਕੱਲੂ, ਜਾ ਪਰਲੇ ਪਾਸੇ ਦੇਖ ਕੇ ਆ ਕਿ ਸੂਰਜ ਕਿਤੇ ਕੋਠੇ ਦੇ ਬਨੇਰੇ ਤੋਂ ਉੱਪਰ ਤਾਂ ਨਹੀਂ ਆ ਗਿਆ।"

ਕੱਲੂ ਜਦ ਮਕਾਨ ਦੇ ਪੱਛਮ ਵਾਲ਼ੇ ਪਾਸੇ ਨੂੰ ਚਲੇ ਗਿਆ ਤਾਂ ਕਿਸ਼ਨਾ ਇੱਕ ਵਾਰ ਫਿਰ ਮੂੰਹ ’ਤੇ ਹੱਥ ਰੱਖ ਕੇ ਉਬਾਸੀਆਂ ਲੈਂਦਾ ਹੋਇਆ ਭਾਂਅ ... ਭਾਂਅ ਦੀ ਅਵਾਜ਼ ਕੱਢਣ ਲੱਗਾ। ਉਸ ਨੇ ਕਾਲ਼ੀ ਵੱਲ ਦੇਖ ਕੇ ਇੱਕ ਹੋਰ ਉਬਾਸੀ ਲਈ, "ਪਹਿਲਵਾਨ ਰਾਤ ਨੂੰ ਚੰਗੀ ਤਰ੍ਹਾਂ ਨੀਂਦ ਵੀ ਆਈ ?"

"ਹਾਂ, ਠੀਕ ਸੀ। ਬਸ ਇੱਕ ਵਾਰ ਅੱਖ ਲੱਗੀ ਤਾਂ ਫਿਰ ਸਵੇਰੇ ਪਹੁ ਫਟੇ ਹੀ ਅੱਖ ਖੁੱਲੀ।"

"ਇਸ ਦਾ ਮਤਲਬ ਹੈ ਕਿ ਦਵਾਈ ਕੰਮ ਕਰ ਗਈ।" ਕਿਸ਼ਨੇ ਨੇ ਖੁਸ਼ ਹੁੰਦਿਆਂ ਕਿਹਾ, "ਨੀਂਦ ਤਾਂ ਮੈਨੂੰ ਵੀ ਬਹੁਤ ਚੰਗੀ ਆਈ ਸੀ ਪਰ ਰਾਤ ਦੇ ਤੀਜੇ ਪਹਿਰ ਬਹੁਤ ਭੁੱਖ ਤੇ ਤਿਆਹ ਲੱਗੀ। ਰੋਟੀ ਖਾਧੀ, ਪਾਣੀ ਪੀਤਾ ਪਰ ਨੀਂਦ ਉੱਡ ਗਈ। ਖਾਜ ਦੇ ਦੌਰੇ ਨੇ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ। ਤਬੀਅਤ ਬਹੁਤ ਖਰਾਬ ਰਹੀ। ਮੈਂ ਖਾਜ ਕਰਕੇ ਪਰੇਸ਼ਾਨ ਹੋਇਆ ਤੁਰਿਆ ਫਿਰਦਾ ਰਿਹਾ ਅਤੇ ਤੂੰ ਘੁਰਾੜੇ ਮਾਰ ਰਿਹਾ ਸੀ ਜਿਵੇਂ ਸੁਰ-ਲੈਅ ਦੇ ਬਗੈਰ ਅਲਗੋਜੇ ਬਜਾ ਰਿਹਾ ਹੋਵੇਂ।"

ਜਵਾਬ ਵਿੱਚ ਕਾਲ਼ੀ ਸਿਰਫ ਮੁਸਕਰਾਇਆ ਕਿਉਂਕਿ ਉਸ ਨੂੰ ਨਾ ਤਾਂ ਆਪਣੇ ਘੁਰਾੜਿਆਂ ਦੇ ਸੁਰੀਲੇਪਨ ਬਾਰੇ ਪਤਾ ਸੀ ਅਤੇ ਨਾ ਹੀ ਆਪਣੀ ਘੂਕ ਨੀਂਦ ਦੇ ਬਾਰੇ ਵਿੱਚ।

"ਪਹਿਲਵਾਨ, ਤੂੰ ਕੁੱਝ ਪਰੇਸ਼ਾਨ ਦਿਖਾਈ ਦੇ ਰਿਹਾ ਏਂ। ਤੇਰਾ ਜੀਅ ਤਾਂ ਠੀਕ ਹੈ ?" ਕਿਸ਼ਨੇ ਨੇ ਫਿਕਰਮੰਦ ਹੋ ਕੇ ਪੁੱਛਿਆ।

"ਭਾਅ ਜੀ, ਮੈਂ ਬਿਲਕੁਲ ਠੀਕ ਹਾਂ। ਨੌਂ ਬਰ ਨੌਂ।" ਕਾਲ਼ੀ ਚੰਗੀ ਤਰ੍ਹਾਂ ਖੁੱਲ੍ਹ ਕੇ ਹੱਸਿਆ। ਪਰ ਕੱਲੂ ਬਾਰੇ ਸੋਚ ਕੇ ਉਹ ਉਦਾਸ ਹੋ ਗਿਆ ਅਤੇ ਰੋਕਦਿਆਂ ਰੋਕਦਿਆਂ ਵੀ ਇੱਕ ਠੰਡੀ ਆਹ ਬੁੱਲਾਂ ਵਿੱਚੋਂ ਤਿਲਕ ਗਈ।

"ਭਾਅ ਜੀ, ਸੂਰਜ ਬਨੇਰੇ 'ਤੇ ਆਉਣ ਹੀ ਵਾਲ਼ਾ ਹੈ। ਪੱਬਾਂ ਭਾਰ ਖੜ੍ਹੇ ਹੋ ਕੇ ਦੇਖਣ ਨਾਲ਼ ਬਨੇਰੇ ਦੇ ਥੋੜ੍ਹਾ ਜਿਹੇ ਪਿੱਛੇ ਦਿਖਾਈ ਦਿੰਦਾ ਹੈ।" ਕੱਲੂ ਨੇ ਕਿਸ਼ਨੇ ਨੂੰ ਦੱਸਿਆ।

"ਬੇੜਾ ਗਰਕ ਹੋ ਜਾਵੇ।" ਕਿਸ਼ਨੇ ਨੇ ਮੰਜੀ ਤੋਂ ਛਾਲ ਮਾਰੀ ਅਤੇ ਲੱਕ ਨਾਲ਼ ਲਪੇਟੇ ਪਰਨੇ ਨੂੰ ਦੋਹਾਂ ਹੱਥਾਂ ਨਾਲ਼ ਸੰਭਾਲਦਾ ਹੋਇਆ ਕੱਚੀ ਕੰਧ ਵੱਲ ਨੂੰ ਦੌੜ ਗਿਆ, "ਉਏ ਕੱਲੂ, ਤੂੰ ਛੇਤੀ ਨਾਲ਼ ਮੈਨੂੰ ਪਾਣੀ ਦੀ ਬੋਤਲ ਦੇ ਦੇ।"

"ਲਿਆਉਂਦਾ ਹਾਂ ਭਾ ਜੀ।" ਕੱਲੂ ਨੇ ਦੌੜ ਕੇ ਰਾਤ ਦੀ ਖਾਲੀ ਬੋਤਲ ਚੁੱਕੀ ਅਤੇ ਪਾਣੀ ਦੀ ਭਰ ਕੇ ਕੰਧ ਵੱਲ ਨੂੰ ਤੁਰ ਪਿਆ।

"ਲਉ ਭਾਅ ਜੀ।" ਕੱਲੂ ਨੇ ਪਾਣੀ ਦੀ ਬੋਤਲ ਕਿਸ਼ਨੇ ਦੇ ਹੱਥ ਫੜਾ ਦਿੱਤੀ।

ਕਿਸ਼ਨਾ ਇੱਕ ਹੱਥ ਨਾਲ਼ ਲੱਕ ਦਾ ਸਾਫਾ ਫੜੀ ਤੇ ਦੂਜੇ ਹੱਥ ਵਿੱਚ ਪਾਣੀ ਦੀ ਬੋਤਲ ਫੜੀ ਖੇਤ ਵੱਲ ਦੌੜਨ ਲੱਗਾ।

ਇਹ ਦੇਖ ਕੇ ਕਾਲ਼ੀ ਫਿਕਰਮੰਦ ਹੋ ਗਿਆ ਪਰ ਕੱਲੂ ਹੱਸਣ ਲੱਗਾ। ਉਸ ਨੇ ਆਪਣੀ ਗੱਲ੍ਹ ਕਾਲ਼ੀ ਦੀ ਬਾਂਹ ਨਾਲ਼ ਲਾ ਲਈ, "ਭਾਅ ਜੀ, ਜੇ ਸੂਰਜ ਨਾ ਚੜ੍ਹਿਆ ਹੁੰਦਾ ਜਾਂ ਅਜੇ ਥੋੜ੍ਹਾ ਹਨੇਰਾ ਹੁੰਦਾ ਤਾਂ ਕਿਸ਼ਨੇ ਭਾਅ ਜੀ ਨੇ ਸਿਰਫ ਕੰਧ ਹੀ ਟੱਪਣੀ ਸੀ ਤੇ ਇਥੇ ਨਾਲ਼ ਹੀ ਬੈਠ ਜਾਣਾ ਸੀ।"

ਖੇਤ ਵਿੱਚ ਛੋਟੀ ਮੋਟੀ ਝਾੜੀ ਦੇਖਦਿਆਂ ਹੀ ਕਿਸ਼ਨਾ ਉਸ ਦੇ ਉਹਲੇ ਬੈਠ ਗਿਆ।

"ਕਿਸ਼ਨੇ ਭਾਅ ਨੂੰ ਦੇਰ ਹੋ ਜਾਵੇ ਤਾਂ ਉਹ ਇਸ ਤਰ੍ਹਾਂ ਹੀ ਟੱਪਦਾ ਤੇ ਭੁੜਕਦਾ ਹੈ ਜਿਵੇਂ ਉਸ ਦੇ ਪੈਰਾਂ ਥੱਲੇ ਅੱਗ ਬੱਲ ਰਹੀ ਹੋਵੇ। ਚਾਰੇ ਪਾਸੇ ਮਾਰੋ ਮਾਰ ਕਰਦਾ ਫਿਰਦਾ ਹੈ।

ਕੰਧਾਂ ਤੇ ਬੂਹਿਆਂ ਨਾਲ਼ ਵੀ ਸਿੰਗ ਫਸਾਉਂਦਾ ਫਿਰਦਾ ਹੈ।" ਕੱਲੂ ਅਜੇ ਵੀ ਆਪਣੀ ਗੱਲ੍ਹ ਕਾਲੀ ਦੀ ਬਾਂਹ ਨਾਲ਼ ਚਿਪਕਾਈ ਹੱਸ ਹੱਸ ਕੇ ਦੱਸ ਰਿਹਾ ਸੀ।

ਕਾਲ਼ੀ ਨੇ ਗਰਦਨ ਘੁਮਾ ਕੇ ਕੱਲੂ ਵੱਲ ਦੇਖਿਆ। ਉਸ ਦੀ ਨਜ਼ਰ ਉਹਦੇ ਸੰਘਣੇ, ਮੁਲਾਇਮ ਵਾਲ਼ਾਂ ਤੋਂ ਹੁੰਦੀ ਹੋਈ ਨੱਕ ਦੀ ਕੋਠੀ 'ਤੇ ਜਾ ਟਿੱਕੀ ਜਿਸ ਦੇ ਥੱਲੇ ਉਸ ਦੇ ਬੁੱਲ ਫੈਲੇ ਹੋਏ ਸਨ। ਕਾਲ਼ੀ ਨੇ ਉਸੇ ਤਰ੍ਹਾਂ ਖੜ੍ਹੇ ਖੜ੍ਹੇ ਕੱਲੂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਅਤੇ ਉਸ ਨੂੰ ਸਲਾਹੁਣ ਲੱਗਾ।

"ਕੱਲੂ।"

"ਹਾਂ, ਭਾਅ ਜੀ।"

"ਕੱਲੂ, ਕੀ ਤੂੰ ਹਰ ਰੋਜ਼ ਸੇਰ, ਅੱਧ ਸੇਰ ਦੁੱਧ ਪੀਂਦਾ ਹੈ ?" ਕਾਲ਼ੀ ਦੇ ਮੂੰਹ ਤੋਂ ਇਹ ਸਵਾਲ਼ ਸਹਿਜ ਸੁਭਾਅ ਹੀ ਨਿਕਲ਼ ਗਿਆ ਸੀ।

"ਰੱਬ ਦਾ ਨਾਂ ਲਉ ਭਾਅ ਜੀ।" ਕੱਲੂ ਨੇ ਕੰਨਾਂ ਨੂੰ ਦੋਨਾਂ ਹੱਥਾਂ ਨਾਲ਼ ਫੜ੍ਹ ਕੇ ਖਿੱਚਿਆ ਜਿਵੇਂ ਉਸ ਨੇ ਬਹੁਤ ਬੜਾ ਝੂਠ ਸੁਣ ਲਿਆ ਹੋਵੇ। "ਮੈਂ ਤਾਂ ਭੁੱਖ ਨਾਲ਼ੋ ਇੱਕ ਅੱਧ ਰੋਟੀ ਵੀ ਘੱਟ ਹੀ ਖਾਂਦਾ ਹਾਂ।"

ਆਪਣੇ ਸਵਾਲ਼ ਅਤੇ ਕੱਲੂ ਦੇ ਜਵਾਬ ਨਾਲ਼ ਕਾਲ਼ੀ ਬੁਰੀ ਤਰ੍ਹਾਂ ਝੇਪ" ਗਿਆ। ਉਹ ਬਹੁਤ ਪਰੇਸ਼ਾਨ ਸੀ ਕਿ ਉਸ ਦੇ ਮੂੰਹ ਤੋਂ ਅਜਿਹਾ ਸਵਾਲ਼ ਨਿਕਲ਼ ਕਿਸ ਤਰ੍ਹਾਂ ਗਿਆ। ਉਹ ਆਪਣੇ ਆਪ ਨੂੰ ਸੰਭਾਲਦਾ ਹੋਇਆ ਬੋਲਿਆ, "ਮੇਰੇ ਕਹਿਣ ਦਾ ਮਤਲਬ ਸੀ ਕਿ ਜੇ ਤੂੰ ਵਲੈਤ ਜਾਣਾ ਹੈ ਤਾਂ ਸਿਹਤ ਚੰਗੀ ਹੋਣੀ ਚਾਹੀਦੀ ਹੈ। ਕਾਂਗੜੀ ਪਹਿਲਵਾਨ ਦੀ ਬਜਾਏ ਸਰੀਰ ਮੋਟਾ ਤਾਜ਼ਾ ਹੋਣਾ ਚਾਹੀਦਾ ਹੈ। ਤਾਂ ਹੀ ਤੂੰ ਮਿਹਨਤ ਕਰ ਸਕੇਂਗਾ ... ਪੈਸੇ ਕਮਾ ਸਕੇਂਗਾ।"

ਕੱਲੂ ਖਾਮੋਸ਼ ਰਿਹਾ। ਉਸ ਨੇ ਆਪਣੀ ਸੱਜੀ ਬਾਂਹ ਇਕੱਠੀ ਕੀਤੀ 'ਤੇ ਡੌਲਿਆਂ ਉੱਤੇ ਉੱਭਰੇ ਪੱਠਿਆਂ ਨੂੰ ਧਿਆਨ ਨਾਲ਼ ਦੇਖਦਾ ਰਿਹਾ। ਅਤੇ ਫਿਰ ਖੱਬੇ ਹੱਥ ਨਾਲ਼ ਉਨ੍ਹਾਂ ਨੂੰ ਦਬਾਉਣ ਲੱਗਾ, "ਪੱਠੇ ਪਤਲੇ ਪਰ ਮਜ਼ਬੂਤ ਹਨ। ਬਹੁਤ ਜ਼ੋਰ ਨਾਲ਼ ਹੀ ਇਸ ਵਿੱਚ ਕਿੱਲ ਠੋਕੀ ਜਾ ਸਕਦੀ ਹੈ।"

ਕਾਲ਼ੀ ਨੇ ਕਮੀਜ਼ ਦੇ ਥੱਲੇ ਪਹਿਨੀ ਹੋਈ ਪਤੂਹੀ ਵਰਗੀ ਬੁਨੈਣ ਦੀ ਅੰਦਰਲੀ ਜੇਬ ਵਿੱਚੋਂ ਇੱਕ ਰੁਮਾਲ ਕੱਢਿਆ ਅਤੇ ਉਸ ਦੀ ਗੱਠ ਵਿੱਚ ਬੰਨੇ ਰੁਪਏ ਖੋਲ੍ਹ ਕੇ ਉਨਾਂ 'ਚੋ ਪੰਜ ਸਿੱਕੇ ਗਿਣੇ ਤੇ ਕੱਲੂ ਦੀ ਮੁੱਠ ਵਿੱਚ ਦੇ ਦਿੱਤੇ। "ਲੈ, ਆ ਪੈਸੇ ਰੱਖ ਲਾ। ਰੋਜ਼ ਅੱਧ ਸੇਰ ਦੁੱਧ ਪੀ ਲਿਆ ਕਰ। ਰੋਟੀ ਖਾਣ ਸਮੇਂ ਦਾਲ਼ ਨੂੰ ਦੇਸੀ ਘਿਉ ਦਾ ਤੁੜਕਾ ਲੁਆ ਲਿਆ ਕਰ। ਤੁੜਕਾ ਨਾ ਵੀ ਲੁਆਇਆ, ਉਦਾਂ ਹੀ ਗਰਮ ਦਾਲ਼ ਵਿੱਚ ਘਿਉ ਪਾ ਲਿਆ ਕਰ। ਇਸ ਨਾਲ਼ ਤੰਦਰੁਸਤ ਰਹੇਂਗਾ। ਸਰੀਰ ਵਧੇ ਫੁੱਲੇਗਾ। ਤੇਰੇ ਵੱਧਣ ਫੁੱਲਣ ਦੇ ਇਹ ਹੀ ਦਿਨ ਹਨ।"

"ਭਾਅ ਜੀ, ਰਹਿਣ ਦੇ। ਮੈਂ ਕਿਸ਼ਨੇ ਭਾਅ ਤੋਂ ਲੈ ਲਵਾਂਗਾ।" ਕੱਲੂ ਨੇ ਰੁਪਏ ਮੋੜਨ ਦੀ ਕੋਸ਼ਿਸ਼ ਕੀਤੀ।

"ਤੂੰ ਰੱਖ ਲਾ।" ਕਾਲ਼ੀ ਨੇ ਜ਼ੋਰ ਨਾਲ਼ ਕਿਹਾ। ਫਿਰ ਉਸ ਨੇ ਕੱਲੂ ਨੂੰ ਸਮਝਾਇਆ,

"ਕਿਸ਼ਨਾ ਭਾਅ ਟੱਬਰਦਾਰ ਆਦਮੀ ਹੈ। ਉਸ ਦਾ ਖ਼ੂਨ ਚੂਸਣ ਲਈ ਉਸ ਨੂੰ ਪਹਿਲਾਂ ਹੀ ਜੋਕਾਂ ਚੁੰਬੜੀਆਂ ਹੋਈਆਂ ਹਨ। ... ਤੂੰ ਉਹ ਹੀ ਕਰ ਜੋ ਮੈਂ ਕਹਿੰਦਾ ਹਾਂ ... । ਵਲੈਤ ਜਾ ਕੇ ਤੂੰ ਚੰਗੀ ਤਰ੍ਹਾਂ ਕਮਾਈ ਨਾ ਕਰ ਸਕਿਆ ਤਾਂ ਮੈਨੂੰ ਕਿਦਾਂ ਲੰਘਾਏਂਗਾ। ਕਿਰਾਏ ਭਾੜੇ ਦੇ ਵੀ ਬਹੁਤ ਸਾਰੇ ਪੈਸੇ ਲੱਗ ਜਾਣਗੇ।

ਕੱਲੂ ਨੇ ਕੋਈ ਜਵਾਬ ਨਾ ਦਿੱਤਾ ਕਿਉਂਕਿ ਕਿਸ਼ਨਾ ਇੱਕ ਹੱਥ ਨਾਲ਼ ਬੋਤਲ ਅਤੇ ਦੂਜੇ ਹੱਥ ਨਾਲ਼ ਲੱਕ ਦਾ ਸਾਫਾ ਫੜੀ ਕੰਧ ਕੋਲ਼ ਪਹੁੰਚ ਗਿਆ ਸੀ।

"ਕਿਸੇ ਨਾਲ਼ ਇਹਦੇ ਬਾਰੇ ਗੱਲ ਨਾ ਕਰੀਂ। ਕਿਸ਼ਨੇ ਭਾਅ ਨਾਲ਼ ਵੀ ਨਹੀਂ।" ਕਾਲ਼ੀ ਨੇ ਤਾਗੀਦ ਕੀਤੀ।

ਕੱਲੂ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਕੋਠੇ ਦੀ ਪਿਛਲੀ ਕੰਧ ਦੀ ਨੀਂਹ ਕੋਲ਼ੋਂ ਮਿੱਟੀ ਦਾ ਡਲ਼ਾ ਚੁੱਕ ਕੇ ਪੈਸੇ ਉਸ ਦੇ ਥੱਲੇ ਰੱਖ ਦਿੱਤੇ ਅਤੇ ਡਲ਼ਾ ਦੁਬਾਰਾ ਉਸ ਹੀ ਤਰ੍ਹਾਂ ਟਿਕਾ ਦਿੱਤਾ। ਉਹ ਹੱਥਾਂ ਦੀ ਮਿੱਟੀ ਨੂੰ ਪਜਾਮੇ ਨਾਲ਼ ਪੂੰਝਦਾ ਕਾਲ਼ੀ ਵੱਲ ਨੂੰ ਮੁੜ ਆਇਆ।

ਕਿਸ਼ਨੇ ਨੇ ਬੋਤਲ ਦੂਰੋਂ ਹੀ ਕੰਧ ਦੇ ਦੂਜੇ ਪਾਸੇ ਸਿੱਟ ਦਿੱਤੀ ਅਤੇ ਬਾਲਟੀ ਵਿੱਚੋਂ ਦੋਨਾਂ ਹੱਥਾਂ ਨਾਲ਼ ਪਾਣੀ ਲੈ ਕੇ ਮੂੰਹ 'ਤੇ ਛਿੱਟੇ ਮਾਰਨ ਲੱਗਾ।

"ਭਾਅ ਜੀ, ਦਾਤਣ ਕਰ ਲਉ।" ਕੱਲੂ ਨੇ ਤਾਜ਼ੀ ਦਾਤਣ ਕਿਸ਼ਨੇ ਵੱਲ ਵਧਾ ਦਿੱਤੀ।

"ਮੇਰੀ ਗਾਂਡ ਵਿੱਚ ਦੇ ਦੇ।" ਕਿਸ਼ਨਾ ਬਹੁਤ ਗੁੱਸੇ ਵਿੱਚ ਸੀ, ਦਿਸਦਾ ਨਹੀਂ ਕਿ ਸੂਰਜ ਕਿੱਥੇ ਪਹੁੰਚ ਗਿਆ ਹੈ ?"

ਕਿਸ਼ਨਾ ਮੂੰਹ ਵਿੱਚ ਹੀ ਬੁੜਬੁੜ ਕਰ ਰਿਹਾ ਸੀ ਜਿਵੇਂ ਕਿਸੇ ਕਰੜੀ ਚੀਜ਼ ਨੂੰ ਚੱਬਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਫਿਰ ਉਹ ਕੱਲੂ ਵੱਲ ਦੇਖ ਕੇ ਭੜਕ ਉੱਠਿਆ, "ਮੇਰਾ ਮੂੰਹ ਕੀ ਦੇਖ ਰਿਹਾ ? ਰਾਤ ਦੀ ਜੇ ਕੋਈ ਰੋਟੀ ਬਚੀ ਹੈ ਤਾਂ ਉਹ ਲੈ ਆ। ਦੋ ਦੋ ਬੁਰਕੀਆਂ ਖਾ ਕੇ ਕਾਰਖਾਨੇ ਨੂੰ ਦੌੜੀਏ।"

ਕਾਲ਼ੀ ਨੀਵੀਂ ਪਾਈ ਕਿਸ਼ਨੇ ਨੂੰ ਝਿੜਕਾਂ ਮਾਰਦੇ ਨੂੰ ਸੁਣਦਾ ਰਿਹਾ। ਝਿੜਕਾਂ ਉੱਚੀ ਤੇ ਜ਼ਿਆਦਾ ਸਖਤ ਹੋ ਗਈਆਂ ਤਾਂ ਕਾਲ਼ੀ ਵਿਆਕੁਲ ਹੋ ਗਿਆ। ਉਹ ਕਿਸ਼ਨੇ ਕੋਲ਼ ਗਿਆ, "ਕਿਸ਼ਨੇ ਭਾਅ, ਕੀ ਹੋ ਗਿਆ ਹੈ। ਕਿਉਂ ਐਨੇ ਗਰਮ ਹੋ ਗਏ ਹੋ ?"

"ਲੇਟ ਹੋ ਗਏ ਤਾਂ ਫੋਰਮੈਨ ਖੜ੍ਹਾ ਖੜ੍ਹਾ ਆਪਣੀ ਖੱਲ ਲਾਹ ਦੇਵੇਗਾ। ਪੂਛਾਂ ਵਾਲ਼ੀਆਂ ਲੰਮੀਆਂ ਲੰਮੀਆਂ ਗਾਲ਼ਾਂ ਕੱਢੇਗਾ।" ਕਿਸ਼ਨੇ ਦਾ ਲਹਿਜਾ ਬਹੁਤ ਸਖਤ ਸੀ।

"ਫੋਰਮੈਨ ਵੀ ਤੇਰੇ ਮੇਰੇ ਵਾਂਗ ਬੰਦਾ ਹੀ ਹੈ, ਰੱਬ ਨਹੀਂ। ਕਾਰਖਾਨੇ ਪਹੁੰਚਣ ਵਿੱਚ ਅੱਵਲ ਤਾਂ ਆਪਾਂ ਲੇਟ ਹੋਣਾ ਹੀ ਨਹੀਂ, ਜੇ ਹੋ ਵੀ ਗਏ ਤਾਂ ਕੀ ਕਾਰਖਾਨਾ ਢਹਿਣ ਲੱਗਾ ਹੈ। ਫੋਰਮੈਨ ਨੂੰ ਫਾਂਸੀ ਦਾ ਹੁਕਮ ਹੋ ਜਾਊਗਾ ?" ਕਾਲ਼ੀ ਨੇ ਲੱਕ ਦੇ ਦੋਨੀਂ ਪਾਸੀਂ ਹੱਥ ਰੱਖ ਲਏ ਜਿਵੇਂ ਉਹ ਕਿਸੇ ਵੀ ਸਥਿਤੀ ਦਾ ਮੁਕਾਬਲਾ ਕਰਨ ਲਈ ਤਿਆਰ ਸੀ।

ਤੂੰ ਬਿਟਰ ਬਿਟਰ ਮੇਰੀ ਵੱਲ ਕੀ ਦੇਖ ਰਿਹਾਂ ? ਜਾ, ਕਮਰੇ 'ਚੋਂ ਮੇਰਾ ਝੱਗਾ ਲੈ ਕੇ ਆ। ਪੁਰਾਣੀ ਪਤੂਹੀ ਵੀ।" ਕਿਸ਼ਨੇ ਨੇ ਕੱਲੂ ਨੂੰ ਫਿਰ ਝਿੜਕਿਆ।

ਕਾਲੀ ਨੂੰ ਮਹਿਸੂਸ ਹੋਇਆ ਕਿ ਫੋਰਮੈਨ ਜਿਹੜਾ ਆਪਣਾ ਗੁੱਸਾ ਕਿਸ਼ਨੇ 'ਤੇ ਕੱਢੇਗਾ, ਉਹ ਗੁੱਸਾ, ਕਿਸ਼ਨਾ ਹੁਣੇ ਹੀ ਕੱਲੂ 'ਤੇ ਝਾੜ ਰਿਹਾ ਹੈ। ਸਿਰਫ ਫੋਰਮੈਨ ਦੇ ਕਾਰਨ ਹੀ ਕਿਸ਼ਨਾ ਕੱਲੂ 'ਤੇ ਕਹਿਰ ਢਾਹ ਰਿਹਾ ਹੈ। ਕਾਲੀ ਨੂੰ ਫੋਰਮੈਨ 'ਤੇ ਗੁੱਸਾ ਆਉਣ ਲੱਗਾ।

"ਡਿੱਗੀ ਗਧੇ ਤੋਂ ਅਤੇ ਗੁੱਸਾ ਘੁਮਿਆਰ 'ਤੇ।" ਕਾਲ਼ੀ ਬੁੜਬੁੜਾਇਆ ਅਤੇ ਕਿਸ਼ਨੇ ਵੱਲ ਦੇਖਣ ਲੱਗਾ ਜੋ ਕਿ ਕੱਲੂ ਦੀ ਥਾਂ ਮੱਖੀਆਂ 'ਤੇ ਖਫਾ ਹੋ ਕੇ ਉਨ੍ਹਾਂ ਨੂੰ ਹੀ ਗਾਲ਼ਾਂ ਕੱਢੀ ਜਾ ਰਿਹਾ ਸੀ।

ਤਿਆਰ ਹੋ ਕੇ ਕਿਸ਼ਨੇ ਨੇ ਕਾਲ਼ੀ ਵੱਲ ਦੇਖਿਆ, "ਚੱਲ ... ਫਟਾਫਟ ਚੱਲ। ਲੇਟ ਹੋ ਗਏ ਹਾਂ।"

ਕਿਸ਼ਨੇ ਦੇ ਪਿੱਛੇ ਪਿੱਛੇ ਕਾਲ਼ੀ ਵੀ ਤਖਤੇ ਵੱਲ ਨੂੰ ਤੁਰ ਪਿਆ। ਕੱਲੂ ਵੀ ਉਨ੍ਹਾਂ ਦੇ ਨਾਲ਼ ਸੀ। ਤਖਤਾ ਲੰਘ ਕੇ ਕਾਲ਼ੀ ਰੁਕ ਗਿਆ। ਕੱਲੂ ਦੇ ਮੋਢੇ 'ਤੇ ਹੱਥ ਰੱਖ ਕੇ ਪਿਆਰ ਨਾਲ਼ ਬੋਲਿਆ, "ਚੰਗਾ ਕੱਲੂ। ਤੂੰ ਮੇਰੀਆਂ ਗੱਲਾਂ ਚੇਤੇ ਰੱਖੀਂ। ਹੈਂ ?"

"ਹਾਂ ਭਾਅ ਜੀ।" ਕੱਲੂ ਨੇ ਹਾਂ ਵਿੱਚ ਸਿਰ ਹਿਲਾਇਆ, "ਭਾਅ ਜੀ, ਤੁਸੀਂ ਫਿਰ ਕਦੋਂ ਆਉਂਗੇ ?"

"ਛੇਤੀ ਹੀ ਆਉਂਗਾ। ਕਦੇ ਤੂੰ ਕਾਰਖਾਨੇ ਵੱਲ ਆਇਆ ਤਾਂ ਮੈਨੂੰ ਜ਼ਰੂਰ ਮਿਲ਼ ਕੇ ਆਈਂ।" ਕਾਲ਼ੀ ਨੇ ਤਾਗੀਦ ਕੀਤੀ।

ਕਾਲ਼ੀ ਨੇ ਪਿੱਛੇ ਮੁੜ ਕੇ ਦੇਖਿਆ। ਕਿਸ਼ਨਾ ਗਲ਼ੀ ਵਿੱਚ ਅਗਾਂਹ ਜਾ ਚੁੱਕਾ ਸੀ। ਇਹ ਦੇਖ ਕੇ ਉਸ ਨੇ ਕੱਲੂ ਨੂੰ ਤਾਕੀਦ ਕੀਤੀ, "ਤੂੰ ਆਪਣੀ ਖੁਰਾਕ ਦਾ ਖਿਆਲ ਰੱਖੀਂ। ਪੈਸੇ ਦਾ ਫਿਕਰ ਨਾ ਕਰੀਂ, ਮੈਂ ਉਹਦੀ ਕਮੀ ਨਹੀਂ ਰਹਿਣ ਦਊਂਗਾ। ਤੂੰ ਵਲੈਤ ਜਾਵੇਂ ਤਾਂ ਤੇਰਾ ਕੱਦ ਕਾਠ ਦੇਖ ਅਤੇ ਸਿਹਤ ਦੇਖ ਕੇ ਗੋਰੇ ਅੱਸ਼ ਅੱਸ਼ ਕਰ ਉਠਣ।"

ਜਵਾਬ ਵਿੱਚ ਕੱਲੂ ਹੱਸ ਪਿਆ।

ਕਿਸ਼ਨੇ ਨੇ ਗਲ਼ੀ ਵਿੱਚ ਖੜ੍ਹ ਕੇ ਪਿੱਛੇ ਦੇਖਿਆ। ਕਾਲ਼ੀ ਨੂੰ ਤਖਤੇ ਦੇ ਕੋਲ਼ ਕੱਲੂ ਦੇ ਨਾਲ਼ ਖੜ੍ਹੇ ਦੇਖ ਕੇ ਉਸ ਨੇ ਹਾਕ ਮਾਰੀ, "ਯਾਰਾ, ਵਹੁਟੀ ਪੇਕਿਆਂ ਤੋਂ ਪਹਿਲੀ ਵਾਰੀ ਤੁਰਨ ਲੱਗੀ ਵੀ ਐਨਾ ਚਿਰ ਨਹੀਂ ਲਾਉਂਦੀ ਜਿੰਨਾ ਤੂੰ ਲਾ ਰਿਹਾ ਹੈਂ। ਛੇਤੀ ਕਰ ਨਹੀਂ ਤਾਂ ਫੋਰਮੈਨ ਆਪਾਂ ਨੂੰ ਕੱਚਿਆਂ ਖਾ ਜਾਊਗਾ।"

"ਚੰਗਾ ਕੱਲੂ। ਤੂੰ ਆਪਣਾ ਖਿਆਲ ਰੱਖੀਂ। ਮੈਂ ਛੇਤੀ ਹੀ ਆਉਂਗਾ।" ਕਾਲ਼ੀ ਨੇ ਕੱਲੂ ਦੇ ਮੋਢੇ ਥਪਥਪਾਏ ਅਤੇ ਕਾਹਲ਼ੀ ਕਾਹਲ਼ੀ ਕਿਸ਼ਨੇ ਵੱਲ ਨੂੰ ਤੁਰ ਪਿਆ।

**ਚੌਦਾਂ**

ਫੋਰਮੈਨ ਆਮ ਵਾਂਗ ਦਲਾਨ ਦੇ ਖੂੰਜੇ ਵਿੱਚ ਮੰਜੀ 'ਤੇ ਪਿਆ ਹੁੱਕਾ ਪੀ ਰਿਹਾ ਸੀ ਅਤੇ ਕਦੀ ਕਦੀ ਗਰਦਨ ਘੁਮਾ ਕੇ ਆਪਣੀਆਂ ਛੋਟੀਆਂ ਛੋਟੀਆਂ ਪਰ ਤਿੱਖੀਆਂ ਅੱਖਾਂ ਨਾਲ਼ ਕਾਰੀਗਰਾਂ 'ਤੇ ਵੀ ਨਜ਼ਰ ਮਾਰ ਲੈਂਦਾ ਸੀ।

ਕਾਰਖਾਨੇ ਦੇ ਗੇਟ ਵੱਲ ਜ਼ੋਰਦਾਰ ਘੰਟੀ ਸੁਣ ਕੇ ਉਸ ਦੀ ਗਰਦਨ ਆਪਣੇ ਆਪ

ਹੀ ਉੱਧਰ ਨੂੰ ਘੁੰਮ ਗਈ। ਉਸ ਨੇ ਅੰਦਾਜ਼ਾ ਲਾਇਆ ਕਿ ਮੁਨਸ਼ੀ ਆਇਆ ਹੋਣਾ ਹੈ। ਪਰ ਉਸ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਇਸ ਵੇਲੇ ਮੁਨਸ਼ੀ ਨੇ ਏਥੇ ਕੀ ਲੈਣ ਆਉਣਾ ਹੈ।

ਫੋਰਮੈਨ ਨੇ ਮੰਜੀ ਤੋਂ ਉੱਠਦਿਆਂ ਹਲਕੀ ਜਿਹੀ ਅੰਗੜਾਈ ਲਈ ਅਤੇ ਲੱਕ ਦੇ ਦੁਆਲ਼ੇ ਤਹਿਮਤ ਨੂੰ ਕੱਸ ਕੇ ਬੰਨਿਆ। ਉਹ ਸਾਰੇ ਕੰਮ ਆਪਣੇ ਹੀ ਹਿਸਾਬ ਨਾਲ਼ ਕਰ ਰਿਹਾ ਸੀ ਪਰ ਮੁਨਸ਼ੀ ਦੇ ਨਾਲ਼ ਇੱਕ ਸਫੈਦਪੋਸ਼ ਨੌਜਵਾਨ ਨੂੰ ਦੇਖ ਕੇ ਉਹ ਛੇਤੀ ਛੇਤੀ ਹੱਥ ਮਾਰਨ ਲੱਗਾ।

ਫੋਰਮੈਨ ਨੂੰ ਅਚਾਨਕ ਖਿਆਲ ਆਇਆ ਕਿ ਨੌਜਵਾਨ ਕਿਤੇ ਨਵਾਂ ਮਾਲਕ, ਉਸ ਦਾ ਪੁੱਤ ਜਾਂ ਭਤੀਜਾ ਨਾ ਹੋਵੇ। ਉਸ ਨੇ ਮੰਡੀ ਵਿੱਚ ਉੱਡਦੀ ਉੱਡਦੀ ਗੱਲ ਸੁਣੀ ਸੀ ਕਿ ਕਾਰਖਾਨੇ ਦਾ ਮਾਲਕ ਇਸ ਦਾ ਸੌਦਾ ਕਰ ਰਿਹਾ ਹੈ ਅਤੇ ਕਿਸੇ ਚੰਗੇ ਗਾਹਕ ਦੀ ਭਾਲ ਕਰ ਰਿਹਾ ਹੈ। ਉਸ ਨੇ ਇਹ ਵੀ ਸੁਣਿਆ ਸੀ ਕਿ ਮਾਲਕ ਆਗਰੇ ਵਿੱਚ ਵਲੈਤੀ ਮਸ਼ੀਨਾਂ ਨਾਲ਼ ਵਧੀਆ ਚਮੜਾ ਤਿਆਰ ਕਰਨ ਅਤੇ ਅੰਗਰੇਜ਼ੀ ਬੂਟ ਬਣਾਉਣ ਦਾ ਕਾਰਖਾਨਾ ਖੋਲ੍ਹਣਾ ਚਾਹੁੰਦਾ ਹੈ। ਇਸ ਕੰਮ ਲਈ ਪੈਸੇ ਇਕੱਠੇ ਕਰਨ ਲਈ ਉਹ ਹਰ ਹੀਲਾ ਵਸੀਲਾ ਕਰ ਰਿਹਾ ਹੈ।

ਫੋਰਮੈਨ ਨੂੰ ਇਹ ਵੀ ਚੇਤੇ ਆਇਆ ਕਿ ਉਸ ਨੇ ਇਸ ਗੱਲ ਦਾ ਮੁਨਸ਼ੀ ਕੋਲ਼ ਵੀ ਜ਼ਿਕਰ ਕੀਤਾ ਸੀ ਪਰ ਉਹ ਬਹੁਤ ਜ਼ੋਰ ਨਾਲ਼ ਹੱਸਿਆ ਸੀ। ਉਸ ਨੇ ਇਸ ਕਰਕੇ ਮੈਨੂੰ ਲੰਮਾ ਚੌੜਾ ਭਾਸ਼ਣ ਦਿੱਤਾ ਸੀ ਪਰ ਸਪੱਸ਼ਟ ਰੂਪ ਵਿੱਚ ਮੇਰੇ ਪੱਲੇ ਕੁੱਝ ਨਹੀਂ ਪਾਇਆ ਸੀ।

ਫੋਰਮੈਨ ਨਵੇਂ ਆਏ ਆਦਮੀ ਕਰਕੇ ਅਜੇ ਸ਼ਸੋਪੰਜ ਵਿੱਚ ਹੀ ਸੀ ਕਿ ਕਾਲ਼ੀ ਉਸ ਦੇ ਸਾਹਮਣੇ ਆ ਖੜ੍ਹਾ ਹੋਇਆ। ਉਸ ਦੇ ਹੱਥ ਚੂਨੇ ਅਤੇ ਲੂਣ ਦੇ ਪਾਣੀ ਨਾਲ਼ ਲਿਬੜੇ ਹੋਏ ਸਨ ਅਤੇ ਕਿਤੇ ਕਿਤੇ ਚਰਬੀ ਦੇ ਟੁਕੜੇ ਵੀ ਲੱਗੇ ਹੋਏ ਸਨ।

"ਕੀ ਹੋਇਆ?" ਫੋਰਮੈਨ ਨੇ ਆਕੜ ਨਾਲ਼ ਸਿਰ ਉੱਪਰ ਚੁੱਕ ਕੇ ਪੁੱਛਿਆ।

"ਫੋਰਮੈਨ ਜੀ, ਮੁਨਸ਼ੀ ਜੀ ਤੁਹਾਨੂੰ ਬੁਲਾ ਰਹੇ ਹਨ।" ਕਾਲ਼ੀ ਨੇ ਦਫਤਰ ਵੱਲ ਇਸ਼ਾਰਾ ਕੀਤਾ।

ਫੋਰਮੈਨ ਘਬਰਾ ਗਿਆ। ਅੱਜ ਤੱਕ ਮੁਨਸ਼ੀ ਨੇ ਉਸ ਨੂੰ ਕਦੀ ਦਫਤਰ ਵਿੱਚ ਨਹੀਂ ਬੁਲਾਇਆ ਸੀ। ਕੋਈ ਗੱਲ ਕਰਨੀ ਹੁੰਦੀ ਸੀ ਤਾਂ ਆਪ ਹੀ ਉਹਦੇ ਕੋਲ਼ ਆ ਜਾਂਦਾ ਸੀ। ਉਸ ਨੂੰ ਯਕੀਨ ਹੋਣ ਲੱਗਾ ਕਿ ਦਾਲ਼ ਵਿੱਚ ਕੁੱਛ ਕਾਲ਼ਾ ਜ਼ਰੂਰ ਹੈ। ਉਹ ਹੈਰਾਨ ਸੀ ਕਿ ਜਿਸ ਥਾਂ 'ਤੇ ਬਾਹਰ ਦਾ ਕੁੱਤਾ ਨਹੀਂ ਫਟਕਦਾ ਉੱਥੇ ਇਸ ਤਰ੍ਹਾਂ ਦੇ ਸੋਹਣੇ ਕਪੜਿਆਂ ਵਾਲ਼ੇ ਆਦਮੀ ਦਾ ਆਉਣਾ ਕਿਸੇ ਖਾਸ ਮਕਸਦ ਦੇ ਬਿਨਾਂ ਨਹੀਂ ਹੋ ਸਕਦਾ।

ਕਾਲ਼ੀ ਨੂੰ ਆਪਣੇ ਕੋਲ਼ ਖੜ੍ਹਾ ਦੇਖ ਕੇ ਫੋਰਮੈਨ ਖਿੱਝ ਗਿਆ, "ਲੱਠ ਬਣ ਕੇ ਮੇਰੇ ਸਿਰ 'ਤੇ ਕਿਉਂ ਖੜ੍ਹਾ ਆਂ? ਜਾ, ਆਪਣਾ ਕੰਮ ਕਰ।"

"ਫੋਰਮੈਨ ਜੀ।" ਕਾਲ਼ੀ ਹੱਥ ਮਲ਼ਣ ਲੱਗਾ, "ਲਗਦਾ ਹੈ ਮੁਨਸ਼ੀ ਜੀ ਦੇ ਨਾਲ਼ ਮਾਲਕ ਦਾ ਕੋਈ ਖਾਸ ਬੰਦਾ ਆਇਆ ਹੈ।"

"ਤੈਨੂੰ ਕਿੱਦਾਂ ਪਤਾ?" ਹੈਰਾਨੀ ਨਾਲ਼ ਫੋਰਮੈਨ ਦੀਆਂ ਅੱਖਾਂ ਚੌੜੀਆਂ ਹੋ ਗਈਆਂ।

"ਮੁਨਸ਼ੀ ਜੀ ਨੇ ਉਸ ਨੂੰ ਆਪਣੀ ਕੁਰਸੀ 'ਤੇ ਬਿਠਾਇਆ ਹੈ। ਉਹ ਆਪ ਬੈਂਚ 'ਤੇ ਬੈਠਾ ਹੈ ਤੇ ਬਹੁਤ ਹਲੀਮੀ ਨਾਲ਼ ਗੱਲਾਂ ਕਰ ਰਿਹਾ ਹੈ।"

"ਹੂੰ।" ਫੋਰਮੈਨ ਗਹਿਰੀ ਸੋਚ ਵਿੱਚ ਡੁੱਬ ਗਿਆ। ਫਿਰ ਉਸ ਨੇ ਠੰਡਾ ਸਾਹ ਲਿਆ ਜਿਵੇਂ ਸਾਰੀ ਚਿੰਤਾ ਮੁਕਾ ਦੇਣੀ ਚਾਹੁੰਦਾ ਹੋਵੇ। ਉਸ ਨੇ ਹੁੱਕਾ ਚੁੱਕਿਆ ਤੇ ਫੇਰ ਇਹ ਸੋਚ ਕੇ ਉੱਥੇ ਹੀ ਰੱਖ ਦਿੱਤਾ ਕਿ ਕਿਤੇ ਸਫੈਦਪੋਸ਼ ਆਦਮੀ ਉਸ ਦੇ ਹੱਥ ਵਿੱਚ ਹੁੱਕਾ ਦੇਖ ਕੇ ਗੁੱਸੇ ਨਾ ਹੋ ਜਾਵੇ। ਉਹ ਖਾਲ਼ੀ ਹੱਥ ਹੀ ਦਫਤਰ ਨੂੰ ਤੁਰ ਪਿਆ।

"ਫੋਰਮੈਨ ਜੀ ਇੱਕ ਬੇਨਤੀ ਕਰਨੀ ਸੀ।"

"ਬੋਲ।" ਫੋਰਮੈਨ ਰੁਕ ਗਿਆ।

"ਜੇ ਉਹ ਆਦਮੀ ਮਾਲਕ ਦਾ ਹੀ ਬੰਦਾ ਹੈ ਤਾਂ ਮੈਂ ਵੀ ਉਸ ਨਾਲ਼ ਗੱਲ ਕਰਨੀ ਚਾਹੁੰਦਾ ਹਾਂ।" ਕਾਲ਼ੀ ਨੇ ਹੱਥ ਜੋੜੇ।

"ਕਿਹੜੀ ਗੱਲ ਕਰਨੀ ਹੈ ?" ਫੋਰਮੈਨ ਨੇ ਕਾਲ਼ੀ ਵੱਲ ਸ਼ੱਕ ਨਾਲ਼ ਦੇਖਿਆ।

"ਇਹੀ ਕਿ ਸਾਨੂੰ ਕੁੱਝ ਸਹੂਲਤਾਂ ਮਿਲ਼ਣੀਆਂ ਚਾਹੀਦੀਆਂ ਹਨ। ਕੰਮ ਬਹੁਤ ਗੰਦਾ ਹੈ। ਪਾਂਅ ਅਤੇ ਖਾਜ ਵਰਗੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਜਿਹੜੀਆਂ ਬਾਅਦ ਵਿੱਚ ਵੱਧ ਕੇ ਕੋੜ੍ਹ ਬਣ ਸਕਦੀਆਂ ਹਨ। ਹੋਰ ਨਾ ਸਹੀ, ਜੋ ਸਰਕਾਰ ਨੇ ਸਹੂਲਤਾਂ ਕਾਨੂੰਨੀ ਤੌਰ 'ਤੇ ਮਨਜ਼ੂਰ ਕੀਤੀਆਂ ਹਨ ਉਹ ਤਾਂ ਮਿਲ਼ਣੀਆਂ ਹੀ ਚਾਹੀਦੀਆਂ ਹਨ।" ਕਾਲ਼ੀ ਥੋੜ੍ਹਾ ਤਾਅ ਵਿੱਚ ਆ ਗਿਆ ਸੀ।

"ਹੂੰ।" ਸੋਚ ਵਿੱਚ ਡੁੱਬਿਆ ਫੋਰਮੈਨ ਸਿਰ ਹਿਲਾਉਂਦਾ ਰਿਹਾ।

ਮੁਨਸ਼ੀ ਨੇ ਬੈਂਚ 'ਤੇ ਬੈਠੇ ਬੈਠੇ ਨੇ ਹੀ ਗਰਦਨ ਘੁਮਾ ਕੇ ਫੋਰਮੈਨ ਨੂੰ ਦਫਤਰ ਵਿੱਚ ਆਉਣ ਲਈ ਹਾਕ ਮਾਰੀ ਤਾਂ ਉਹ ਡਰ ਗਿਆ ਜਿਵੇਂ ਉਸ ਨੂੰ ਗਹਿਰੀ ਨੀਂਦ 'ਚੋਂ ਕਿਸੇ ਨੇ ਅਚਾਨਕ ਜਗਾ ਦਿੱਤਾ ਹੋਵੇ। ਉਸ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ, "ਕੌਣ ਗੱਲ ਕਰੂਗਾ ?"

"ਕੋਈ ਵੀ ਕਰ ਲਵੇਗਾ। ਕਿਰਪੂ ਭਾਅ ਜੀ ਹੈ ... ਮੈਂ ਹਾਂ।"

ਫੋਰਮੈਨ ਫਿਰ ਸੋਚ ਵਿੱਚ ਪੈ ਗਿਆ। ਉਸ ਨੂੰ ਲੱਗਾ ਕਿ ਕਾਰਖਾਨਾ ਉਸ ਦੇ ਹੱਥੋਂ ਖਿਸਕ ਰਿਹਾ ਹੈ। ਉਸ ਨੇ ਸਾਰੀ ਉਮਰ ਇਨ੍ਹਾਂ ਨੂੰ ਝਿੜਕਿਆ ਹੈ, ਗਾਲ਼ਾਂ ਕੱਢੀਆਂ ਹਨ, ਤੰਗ ਕੀਤਾ ਹੈ, ਇਹਨਾਂ ਦਾ ਖ਼ੂਨ ਪਸੀਨਾ ਮਾਲਕ ਲਈ ਨਿਚੋੜਿਆ ਹੈ। ਜੇ ਫਿਰ ਵੀ ਮਾਲਕ ਆਪਣੇ ਫਾਇਦੇ ਲਈ ਉਸ ਨੂੰ ਗਲਤ ਦੱਸ ਰਿਹਾ ਹੈ, ਮੁਨਸ਼ੀ ਨੂੰ ਮੇਰਾ ਹਾਕਮ ਬਣਾ ਰਿਹਾ ਹੈ ਤਾਂ ਇਹਨਾਂ ਦੀਆਂ ਬਾਗਾਂ ਖੋਲ੍ਹ ਕੇ ਖ਼ੂੰਖਾਰ ਕੁੱਤਿਆਂ ਵਾਂਗ ਮਾਲਕ ਅਤੇ ਮੁਨਸ਼ੀ ਦੇ ਪਿੱਛੇ ਲਾਉਣ ਵਿੱਚ ਮੈਨੂੰ ਸੰਕੋਚ ਨਹੀਂ ਕਰਨੀ ਚਾਹੀਦੀ।

ਫੋਰਮੈਨ ਨੇ ਲੰਮਾ ਸਾਹ ਲਿਆ ਅਤੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ, "ਬੰਦੇ ਦੀ ਜ਼ੁਬਾਨ ਹੁੰਦੀ ਹੈ, ਗੱਲ ਨਹੀਂ ਹੁੰਦੀ। ਲੇਲੇ ਦੀ ਮਿਮਆਹਟ ਨਹੀਂ ਹੁੰਦੀ, ਸ਼ੇਰ ਦੀ ਦਹਾੜ ਹੁੰਦੀ ਹੈ, ਸਮਝਿਆ। ਗੱਲ ਕਰਨੀ ਹੀ ਹੈ ਤਾਂ ਧੜੱਲੇ ਨਾਲ਼ ਕਰਨੀ ਹੈ। ਹੱਥ ਜੋੜ ਕੇ ਜਾਂ ਸਿਰ ਝੁਕਾ ਕੇ ਨਹੀਂ, ਸਗੋਂ ਛਾਤੀ ਤਾਣ ਕੇ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਤਾਂ ਕਿ ਅਗਲੇ ਨੂੰ

ਅਹਿਸਾਸ ਹੋ ਜਾਵੇ ਕਿ ਕਿਸੇ ਮਰਦ ਨਾਲ਼ ਵਾਸਤਾ ਪਿਆ ਹੈ। ਸਮਝ ਗਿਆ ਨਾ ?"

"ਹਾਂ ਜੀ ਸਮਝ ਗਿਆ।" ਕਾਲ਼ੀ ਨੇ ਸਿਰ ਹਿਲਾਇਆ।

"ਚੰਗਾ, ਪਹਿਲਾਂ, ਮੈਂ ਤਾਂ ਉਨ੍ਹਾਂ ਦੀ ਗੱਲ ਸੁਣ ਲਵਾਂ। ਮੁਨਸ਼ੀ ਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਆਪਣੇ ਕਮਰੇ ਵਿੱਚ ਬੁਲਾਇਆ ਹੈ। ਉਹਦੇ ਨਾਲ਼ ਜ਼ਰੂਰ ਕੋਈ ਬੜੀ ਅਸਾਮੀ ਹੋਵੇਗੀ।" ਫੋਰਮੈਨ ਬੁੜਬੁੜਾਇਆ।

ਕਾਲ਼ੀ ਨੇ ਕਾਰਖਾਨੇ ਵਿੱਚ ਆਪਣੀ ਨੌਕਰੀ ਦੌਰਾਨ ਪਹਿਲੀ ਵਾਰ ਫੋਰਮੈਨ ਨੂੰ ਪਰੇਸ਼ਾਨ ਦੇਖਿਆ ਸੀ। ਉਹ ਇਸ ਗੱਲ 'ਤੇ ਹੈਰਾਨ ਸੀ ਕਿ ਫੋਰਮੈਨ ਕਿਸੇ ਨਾਲ਼ ਸਿੱਧੇ ਮੂੰਹ ਗੱਲ ਤਾਂ ਕਰਦਾ ਨਹੀਂ। ਪਰ ਅੱਜ ਉਹਨੂੰ ਮਰਦ ਬਣਨ ਦੀ ਨਸੀਹਤ ਕਿਉਂ ਦੇ ਰਿਹਾ ਹੈ ?

ਫੋਰਮੈਨ ਛੋਟੇ ਛੋਟੇ ਪੈਰ ਚੁੱਕਦਾ ਦਫ਼ਤਰ ਵੱਲ ਨੂੰ ਤੁਰ ਪਿਆ ਜਿਵੇਂ ਭੁੱਖੇ ਸ਼ੇਰ ਦੀ ਗੁਫਾ ਵਿੱਚ ਜਾ ਰਿਹਾ ਹੋਵੇ। ਉਹ ਬੂਹੇ ਦੇ ਬਾਹਰ ਪਲ ਕੁ ਲਈ ਰੁਕਿਆ ਤਾਂ ਮੁਨਸ਼ੀ ਨੇ ਬੈਂਚ 'ਤੇ ਬੈਠੇ ਬੈਠੇ ਹੀ ਹਾਕ ਮਾਰੀ, "ਫੋਰਮੈਨ ਜੀ, ਆਉਣ ਨੂੰ ਬੜਾ ਚਿਰ ਲਾ ਦਿੱਤਾ। ਸੇਠ ਜੀ ਐਨੇ ਚਿਰ ਦੇ ਉਡੀਕ ਕਰ ਰਹੇ ਹਨ।"

ਸੇਠ ਜੀ ਸ਼ਬਦ ਸੁਣ ਕੇ ਫੋਰਮੈਨ ਦਾ ਰਹਿੰਦਾ ਖੂੰਹਦਾ ਹੌਸਲਾ ਵੀ ਢਹਿ ਗਿਆ ਅਤੇ ਉਸ ਨੂੰ ਲੱਗਾ ਕਿ ਸਾਰੀ ਉਮਰ ਦੀ ਮਿਹਨਤ ਤੇ ਕਮਾਈ ਮਿੱਟੀ ਵਿੱਚ ਮਿਲ਼ ਰਹੀ ਹੈ। ਹੁਣ ਬੁਢਾਪੇ ਵਿੱਚ ਨਵੇਂ ਸਿਰੇ ਤੋਂ ਜੀਵਨ ਸ਼ੁਰੂ ਕਰਨਾ ਪਵੇਗਾ।

ਸਰਦਲ ਦੇ ਅੰਦਰ ਪੈਰ ਰੱਖਦਿਆਂ ਹੀ ਫੋਰਮੈਨ ਦੀ ਨਜ਼ਰ ਸਾਹਮਣੇ ਕੁਰਸੀ 'ਤੇ ਬੈਠੇ ਨੌਜਵਾਨ 'ਤੇ ਪਈ। ਉਸ ਦਾ ਰੰਗ ਸਾਂਵਲਾ, ਕੱਦ ਦਰਮਿਆਨਾ ਪਰ ਸਰੀਰ ਗੱਠਿਆ ਹੋਇਆ ਸੀ। ਉਸ ਨੇ ਸਿਲਕ ਦਾ ਕੁਰਤਾ ਅਤੇ ਪਜਾਮਾ ਪਾਇਆ ਹੋਇਆ ਸੀ। ਤਿੰਨਾਂ ਉਂਗਲੀਆਂ ਵਿੱਚ ਵੱਖਰੇ ਵੱਖਰੇ ਨਗਾਂ ਨਾਲ਼ ਜੜ੍ਹੀਆਂ ਮੁੰਦੀਆਂ ਪਾਈਆਂ ਹੋਈਆਂ ਸਨ। ਕੁੜਤੇ ਨੂੰ ਸੰਗਲੀ ਨਾਲ਼ ਬੰਨੇ ਹੋਏ ਸੋਨੇ ਦੇ ਬਟਣ ਲੱਗੇ ਹੋਏ ਸਨ। ਗੱਲ਼ ਵਿੱਚ ਵੀ ਸੋਨੇ ਦੀ ਸੰਗਲੀ ਪਾਈ ਹੋਈ ਸੀ। ਸਿਰ ਦੇ ਵਾਲ਼ ਅਤੇ ਮੁੱਛਾਂ ਬਹੁਤ ਚੰਗੀ ਤਰ੍ਹਾਂ ਤਰਾਸ਼ ਕੇ ਬਣਾਈਆਂ ਹੋਈਆਂ ਸਨ।

ਨੌਜਵਾਨ ਦੀ ਸ਼ਾਨ ਤੋਂ ਫੋਰਮੈਨ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਦੇ ਹੱਥ ਆਪਣੇ ਆਪ ਹੀ ਜੁੜ ਗਏ ਅਤੇ ਸਿਰ ਝੁਕ ਗਿਆ। ਮੁਨਸ਼ੀ ਵੀ ਉੱਠ ਗਿਆ ਅਤੇ ਫੋਰਮੈਨ ਵੱਲ ਇਸ਼ਾਰਾ ਕੀਤਾ, "ਸੇਠ ਜੀ, ਇਹ ਸਾਡਾ ਫੋਰਮੈਨ ਹੈ ... ਡੁੰਮਣ ਰਾਮ ... ਇਹ ਸਮਝੋ ਕਿ ਇਹ ਕਾਰਖਾਨਾ ਇਹਦਾ ਹੀ ਲਾਇਆ ਹੋਇਆ ਹੈ ਅਤੇ ਇਹ ਹੀ ਇਸ ਨੂੰ ਚਲਾਉਂਦਾ ਹੈ। ਲਾਲਾ ਜੀ ਤਾਂ ਅੱਜ ਤੱਕ ਇਥੇ ਇੱਕ ਵਾਰ ਵੀ ਨਹੀਂ ਆਏ।"

ਮੁਨਸ਼ੀ ਦੇ ਮੂੰਹੋਂ ਆਪਣੀ ਸਿਫਤ ਸੁਣ ਕੇ ਫੋਰਮੈਨ ਦਾ ਹੌਸਲਾ ਕੁੱਛ ਵੱਧ ਗਿਆ ਅਤੇ ਉਸ ਨੇ ਨਜ਼ਰ ਭਰ ਕੇ ਇੱਕ ਵਾਰ ਫਿਰ ਨੌਜਵਾਨ ਵੱਲ ਦੇਖਿਆ। ਉਸ ਨੂੰ ਮਹਿਸੂਸ ਹੋਇਆ ਕਿ ਮੁਨਸ਼ੀ ਨੇ ਉਸ ਨੂੰ ਦਫਤਰ ਵਿੱਚ ਸੱਦ ਕੇ ਠੀਕ ਹੀ ਕੀਤਾ ਹੈ।

"ਫੋਰਮੈਨ ਜੀ।" ਮੁਨਸ਼ੀ ਦੇ ਮੂੰਹੋਂ ਆਪਣੇ ਲਈ "ਜੀ" ਦਾ ਸੰਬੋਧਨ ਸੁਣ ਕੇ ਉਹ ਚੌਂਕ ਗਿਆ ਅਤੇ ਖੁਸ਼ੀ ਅਤੇ ਹੈਰਾਨੀ ਦੇ ਮਿਲ਼ੇ ਜੁਲ਼ੇ ਜਜ਼ਬਾਤ ਨਾਲ਼ ਉਸ ਵੱਲ ਦੇਖਿਆ।

"ਇਹ ਸੇਠ ਰਾਮ ਪ੍ਰਕਾਸ਼ ਜੀ ਹਨ।"

ਫੋਰਮੈਨ ਨੇ ਇਸ ਵਾਰ ਕੁਰਸੀ 'ਤੇ ਬੈਠੇ ਨੌਜਵਾਨ ਵੱਲ ਬਹੁਤ ਆਦਰ ਨਾਲ਼ ਦੇਖਿਆ ਅਤੇ ਉਸ ਦੇ ਹੱਥ ਇੱਕ ਵਾਰ ਫਿਰ ਆਪਣੇ ਆਪ ਜੁੜ ਗਏ ਅਤੇ ਮੱਥਾ ਝੁੱਕ ਕੇ ਛਾਤੀ ਨਾਲ਼ ਜਾ ਲੱਗਿਆ।

"ਫੋਰਮੈਨ ਜੀ।" ਮੁਨਸ਼ੀ ਦੀ ਅਵਾਜ਼ ਕੁੱਝ ਉੱਚੀ ਹੋ ਗਈ।

"ਜੀ, ਮੁਨਸ਼ੀ ਜੀ।"

"ਸੇਠ ਜੀ ਆਦਿਧਰਮੀ ਬਰਾਦਰੀ ਦੇ ਸ਼੍ਰੋਮਣੀ ਨੇਤਾ, ਦਾਨਵੀਰ ਸੇਠ ਬਖਸ਼ੀ ਰਾਮ ਜੀ ਦੇ ਸਕੇ ਭਤੀਜੇ ਹਨ।" ਮੁਨਸ਼ੀ ਨੇ ਕਿ ਇੱਕ ਇੱਕ ਸ਼ਬਦ 'ਤੇ ਜ਼ੋਰ ਦਿੱਤਾ ਤਾਂ ਕਿ ਫੁੰਮਣ ਰਾਮ ਨੂੰ ਸੇਠ ਰਾਮ ਪ੍ਰਕਾਸ਼ ਦੀ ਪੂਰੀ ਜਾਣ ਪਹਿਚਾਣ ਦੱਸ ਕੇ ਉਸ ਦੀ ਹੈਸੀਅਤ ਅਤੇ ਵਡੱਤਣ ਦਾ ਅਹਿਸਾਸ ਕਰਾ ਦੇਵੇ।

"ਧੰਨ ਭਾਗ ਸਾਡੇ ਜੋ ਐਨੇ ਬੜੇ ਮਹਾਂਪੁਰਖ ਸਾਡੇ ਮੁਸ਼ਕ ਭਰੇ ਕਾਰਖਾਨੇ ਵਿੱਚ ਪਧਾਰੇ ਹਨ।" ਫੋਰਮੈਨ ਨੇ ਜ਼ਮੀਨ ਨੂੰ ਛੂਹ ਕੇ ਹੱਥ ਆਪਣੇ ਮੱਥੇ ਨੂੰ ਲਾਇਆ।

"ਸੇਠ ਜੀ ਆਪ ਚੱਲ ਕੇ ਆਪਾਂ ਸਾਰਿਆਂ ਨੂੰ ਨੇਂਦਾ ਦੇਣ ਆਏ ਹਨ।"

"ਨੇਂਦਾ ਕਿਸ ਗੱਲ ਦਾ।" ਫੋਰਮੈਨ ਨੇ ਹੈਰਾਨ ਹੋ ਕੇ ਪੁੱਛਿਆ।

"ਅੱਜ ਰਾਤ ਨੂੰ ਇਹਨਾਂ ਦੇ ਪਰਲੇ ਦਫਤਰ ਦੇ ਕੋਲ਼ ਖੁੱਲ੍ਹੀ ਜਗ੍ਹਾ ਵਿੱਚ ਆਦਿਧਰਮੀ ਬਰਾਦਰੀ ਦਾ ਜਲਸਾ ਹੋ ਰਿਹਾ ਹੈ। ਤੁਹਾਨੂੰ ਸਾਰਿਆਂ ਨੂੰ, ਜਾਣੀ ਕਿ ਕਾਰਖਾਨੇ ਦੇ ਸਾਰੇ ਕਾਮਿਆਂ ਨੂੰ ਇਸ ਜਲਸੇ ਵਿੱਚ ਸ਼ਾਮਲ ਹੋਣ ਦਾ ਸੱਦਾ ਹੈ।"

"ਇਸ ਛੋਟੇ ਜਿਹੇ ਕੰਮ ਲਈ ਸੇਠ ਸਾਹਿਬ ਨੂੰ ਇੰਨੀ ਤਕਲੀਫ ਕਰਨ ਦੀ ਕੀ ਲੋੜ ਸੀ ?" ਫੋਰਮੈਨ ਨੇ ਵਿਸਵਾਸ਼ ਭਰੇ ਲਹਿਜੇ ਵਿੱਚ ਕਿਹਾ, ਜਿਵੇਂ ਉਸ ਦੀ ਮਰਜ਼ੀ ਦੇ ਬਿਨਾਂ ਇਸ ਕਾਰਖਾਨੇ ਵਿੱਚ ਪੱਤਾ ਵੀ ਨਾ ਹਿੱਲਦਾ ਹੋਵੇ।

"ਅੱਛਾ ਮੈਂ ਚਲਦਾ ਹਾਂ। ਕਈ ਹੋਰ ਥਾਂਈਂ ਵੀ ਜਾਣਾ ਹੈ।" ਸੇਠ ਰਾਮ ਪ੍ਰਕਾਸ਼ ਨੇ ਉੱਠਦਿਆਂ ਹੱਥ ਜੋੜੇ, "ਦਰਸ਼ਨ ਜ਼ਰੂਰ ਦੇਣਾ। ਬਹੁਤ ਹੀ ਜ਼ਰੂਰੀ ਗੱਲਾਂ ਕਰਨੀਆਂ ਹਨ। ਬਰਾਦਰੀ ਦੀ ਇੱਜ਼ਤ ਅਤੇ ਸ਼ਾਨ ਦਾ ਸਵਾਲ਼ ਹੈ।"

"ਸੇਠ ਜੀ, ਤੁਸੀਂ ਬਿਲਕੁਲ ਬੇਫਿਕਰ ਰਹੋ। ਇਥੇ ਫੋਰਮੈਨ ਸਭ ਕੁੱਝ ਦੇਖ ਲਵੇਗਾ।" ਮੁਨਸ਼ੀ ਨੇ ਫੋਰਮੈਨ ਵੱਲ ਦੇਖ ਕੇ ਸੇਠ ਰਾਮ ਪ੍ਰਕਾਸ਼ ਨੂੰ ਵਿਸ਼ਵਾਸ ਦੁਆਇਆ।

ਮੁਨਸ਼ੀ ਦੀ ਗੱਲ ਸੁਣ ਕੇ ਫੋਰਮੈਨ ਹੋਰ ਵੀ ਚੌੜਾ ਹੋ ਗਿਆ ਅਤੇ ਕੁੱਝ ਹੰਕਾਰ ਅਤੇ ਨਫਰਤ ਭਰੀ ਅਵਾਜ਼ ਵਿੱਚ ਬੋਲਿਆ, "ਸੇਠ ਜੀ, ਤੁਸੀਂ ਤਾਂ ਖਾਹਮਖਾਹ ਇਸ ਗੰਦਗੀ ਵਿੱਚ ਆਏ, ਪਰੇਸ਼ਾਨ ਹੋਏ। ਤੁਸੀਂ ਕਿਸੇ ਕੁੱਤੇ ਦੇ ਹੱਥ ਸੁਨੇਹਾ ਭੇਜ ਦਿੰਦੇ ਤਾਂ ਮੈਂ ਸਾਰਿਆਂ ਨੂੰ ਰੱਸੀ ਨਾਲ਼ ਬੰਨ ਕੇ ਲੈ ਆਉਂਦਾ।"

ਦਲਾਨਾਂ ਵਿੱਚ ਲੁਕ ਕੇ ਖੜ੍ਹੇ ਲੋਕਾਂ ਵਿੱਚ ਥੋੜ੍ਹੀ ਹੱਲਚੱਲ ਹੋਈ। ਉਨ੍ਹਾਂ ਨੇ ਇੱਕ ਦੂਜੇ ਵੱਲ ਦੇਖਿਆ ਪਰ ਅੱਖਾਂ ਝੁਕਾ ਲਈਆਂ ਜਿਵੇਂ ਕਿ ਫੋਰਮੈਨ ਦੀ ਗੱਲ ਉਨਾਂ ਨੂੰ ਮਨਜ਼ੂਰ ਸੀ। ਕਾਲ਼ੀ ਵੀ ਆਪਣੇ ਹੌਜ ਦੇ ਕੋਲ਼ ਖੜ੍ਹਾ ਸਭ ਕੁੱਝ ਸੁਣ ਰਿਹਾ ਸੀ। ਉਹ ਫੋਰਮੈਨ ਦੇ ਵਤੀਰੇ

’ਤੇ ਬਹੁਤ ਹੈਰਾਨ ਸੀ। ਥੋੜ੍ਹਾ ਸਮਾਂ ਪਹਿਲਾਂ ਹੀ ਫੋਰਮੈਨ ਨੇ ਉਸ ਦੀ ਗੱਲ ਬਹੁਤ ਧਿਆਨ ਨਾਲ਼ ਸੁਣੀ ਸੀ। ਉਹ ਨਾ ਸਿਰਫ ਇਸ ਗੱਲ ਲਈ ਸਹਿਮਤ ਸੀ ਕਿ ਸੇਠ ਨਾਲ਼ ਸਹੂਲਤਾਂ ਬਾਰੇ ਗੱਲ ਕੀਤੀ ਜਾਵੇ ਸਗੋਂ ਚਾਹੁੰਦਾ ਸੀ ਕਿ ਗੱਲ ਕਰਨੀ ਹੀ ਹੈ ਤਾਂ ਮਰਦ ਬਣ ਕੇ ਕੀਤੀ ਜਾਏ।

ਕਾਲ਼ੀ ਨੇ ਦਲਾਨਾਂ ਵਿੱਚ ਲੁਕੇ ਹੋਏ ਆਪਣੇ ਸਾਥੀਆਂ ਵੱਲ ਦੇਖਿਆ। ਫਿਰ ਕਿਰਪੂ ਨੂੰ ਹਾਕ ਮਾਰੀ, “ਭਾਅ ਜੀ, ਆਇਉ, ਗੱਲ ਕਰਨੀ ਹੈ।”

ਕਿਰਪੂ ਆ ਤਾਂ ਗਿਆ ਪਰ ਬਹੁਤ ਝਿਜਕ ਰਿਹਾ ਸੀ। “ਕਾਲ਼ੀ, ਰਹਿਣ ਦੇ। ਫਿਰ ਕਦੇ ਕਰਾਂਗੇ।” ਹੱਥ ਘੁੱਟ ਕੇ ਕਿਰਪੂ ਨੇ ਉਸ ਦੇ ਕੰਨ ਵਿੱਚ ਕਿਹਾ।

“ਭਾਅ ਜੀ, ਕਿਉਂ ਰਹਿਣ ਦੇਈਏ। ਜੇ ਗੱਲ ਕਰਨੀ ਹੀ ਹੈ ਤਾਂ ਅੱਜ ਹੀ ਕਿਉਂ ਨਾ ਕਰ ਲਈਏ। ਅੱਜ ਤੇ ਕੱਲ੍ਹ ਵਿੱਚ ਕੋਈ ਫਰਕ ਨਹੀਂ ਪੈਣ ਲੱਗਾ।”

“ਫਰਕ ਤਾਂ ਸਾਲਾਂ ਵਿੱਚ ਵੀ ਨਹੀਂ ਪਿਆ। ਦਿਨਾਂ ਵਿੱਚ ਕਿਵੇਂ ਪਏਗਾ।”

ਸੇਠ ਰਾਮ ਪ੍ਰਕਾਸ਼ ਦਫਤਰ ਵਿੱਚੋਂ ਬਾਹਰ ਨਿਕਲਿਆ ਤਾਂ ਕਾਲ਼ੀ ਦੌੜ ਕੇ ਉਹਦੇ ਸਾਹਮਣੇ ਜਾ ਖੜ੍ਹਾ ਹੋਇਆ ਅਤੇ ਹੱਥ ਜੋੜ ਦਿੱਤੇ, “ਸੇਠ ਜੀ ਤੁਹਾਡੇ ਨਾਲ਼ ਇੱਕ ਗੱਲ ਕਰਨੀ ਸੀ।”

ਕਾਲ਼ੀ ਨੂੰ ਦੇਖ ਕੇ ਫੋਰਮੈਨ ਭੜਕ ਉਠਿਆ, “ਕੁੱਤੇ ਦੀ ਔਲਾਦ, ਤੇਰੀ ਐਨੀ ਹਿੰਮਤ ਕਿ ਸੇਠ ਸਾਹਬ ਦਾ ਰਾਹ ਰੋਕੇਂ। ਪਿੱਛੇ ਹਟ, ਨਹੀਂ ਤਾਂ ਤੇਰਾ ਤਾਣਾ ਪੇਟਾ ਇੱਕ ਕਰ ਦੇਊਂਗਾ। ਤੇਜ਼ਾਬ ਦੇ ਹੌਜ ਵਿੱਚ ਸੁੱਟ ਕੇ ਤੈਨੂੰ ਚੰਗੀ ਤਰ੍ਹਾਂ ਮਲ਼ ਦੇਵਾਂਗਾ।”

ਫੋਰਮੈਨ ਨੂੰ ਲਾਲ ਪੀਲਾ ਹੋਇਆ ਦੇਖ ਕੇ ਤੇ ਉਸ ਦੀਆਂ ਭੱਬਕੀਆਂ ਸੁਣਕੇ ਕਾਲ਼ੀ ਦੇ ਵੀ ਤੌਰ ਬਦਲਣ ਲੱਗੇ। ਉਸ ਦੀਆਂ ਨਾਸਾਂ ਫਰਕਣ ਲੱਗੀਆਂ।

ਕਾਲ਼ੀ ਨੂੰ ਪਿੱਛੇ ਧੱਕ ਕੇ ਸੇਠ ਲਈ ਰਸਤਾ ਬਣਾਉਣ ਦੀ ਕੋਸ਼ਿਸ਼ ਵਿੱਚ ਫੋਰਮੈਨ ਨੇ ਆਪਣੀਆਂ ਬਾਹਾਂ ਮੋਹਰੇ ਕੀਤੀਆਂ ਤਾਂ ਕਾਲ਼ੀ ਨੇ ਵੀ ਮੋਢੇ ਮਾਰ ਕੇ ਆਪਣੀਆਂ ਬਾਹਾਂ ਸਿੱਧੀਆਂ ਕਰ ਲਈਆਂ।

“ਚੱਲ, ਦੌੜ ਇੱਥੋਂ। ਬੜਾ ਚੌਧਰੀ ਬਣਿਆ ਫਿਰਦਾ ਹੈ ਕਾਰਖਾਨੇ ਦਾ।” ਫੋਰਮੈਨ ਨੇ ਲਾਲ ਅੱਖਾਂ ਕੱਢਦਿਆਂ ਕਾਲ਼ੀ ਵੱਲ ਦੇਖਿਆ।

“ਨਹੀਂ, ਨਹੀਂ। ਫੋਰਮੈਨ ਜੀ ਗੱਲ ਕਰਨ ਦੇ ਇਹਨੂੰ ...। ਆਖਰ ਜਮਹੂਰੀਅਤ ਦਾ ਜ਼ਮਾਨਾ ਹੈ। ਜਨਤਾ ਦਾ ਆਪਣਾ ਰਾਜ ਹੈ। ਗੱਲ ਕਰਨ ਦਾ ਹਰ ਆਦਮੀ ਨੂੰ ਹੱਕ ਹੈ।” ਸੇਠ ਰਾਮ ਪ੍ਰਕਾਸ਼ ਕਾਲ਼ੀ ਕੋਲ਼ ਚਲੇ ਗਿਆ।

ਫੋਰਮੈਨ ਨੇ ਜਦ ਇੱਕ ਵਾਰ ਫਿਰ ਕਾਲ਼ੀ ਨੂੰ ਟੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਖਿੱਝ ਗਿਆ, “ਫੋਰਮੈਨ ਜੀ, ਤੁਹਾਡਾ ਵੀ ਕੁਸ਼ ਪਤਾ ਨਹੀਂ ਲੱਗਦਾ। ਘੜੀ ’ਚ ਤੋਲਾ, ਪਲ ’ਚ ਮਾਸਾ। ... ਪਹਿਲਾਂ ਆਪ ਸਿਰਫ ਨਾ ਸੇਠ ਸਾਹਬ ਨਾਲ਼ ਗੱਲ ਕਰਨ ਦੇ ਹੀ ਹੱਕ ਵਿੱਚ ਸੀ, ਸਗੋਂ ਚਾਹੁੰਦੇ ਸੀ ਕਿ ਗੱਲ ਮਰਦਾਂ ਵਾਂਗ ਕੀਤੀ ਜਾਵੇ।”

“ਇਹ ਉਹ ਸੇਠ ਸਾਹਿਬ ਨਹੀਂ ਹਨ। ਕਾਰਖਾਨੇ ਦੇ ਮਾਲਕ ਸੇਠ ਸਾਹਬ ਹੋਰ

ਹਨ।" ਮੁਨਸ਼ੀ ਨੇ ਕਾਲ਼ੀ ਨੂੰ ਦੱਸਿਆ।

"ਓਹ ... ਹੋਅ, ਉਹਨੂੰ ਗੱਲ ਤਾਂ ਕਰਨ ਦੇ।" ਸੇਠ ਰਾਮ ਪ੍ਰਕਾਸ਼ ਨੇ ਹੱਥ ਨਾਲ਼ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਹਾਂ ਬੋਲੋ, ਕੀ ਕਹਿਣਾ ਹੈ ?" ਸੇਠ ਰਾਮ ਪ੍ਰਕਾਸ਼ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਦਿਆਂ ਪੁੱਛਿਆ।

"ਸੇਠ ਜੀ, ਤੁਸੀਂ ਦੇਖ ਹੀ ਰਹੇ ਹੋ।" ਕਾਲ਼ੀ ਲਗਾਤਾਰ ਆਪਣੇ ਹੱਥ ਮਲ਼ ਰਿਹਾ ਸੀ ਜਿਵੇਂ ਢੁੱਕਵੇਂ ਸ਼ਬਦ ਸੋਚ ਰਿਹਾ ਹੋਵੇ।"ਸੇਠ ਜੀ, ਕੰਮ ਬਹੁਤ ਹੀ ਗੰਦਾ ਹੈ।ਮੁਰਦਾਰ ਦੀ ਕੱਚੀ ਖੱਲ ਨਾਲ਼ ਕੰਮ ਕਰਨਾ ਪੈਂਦਾ ਹੈ।ਸਾਰਾ ਦਿਨ ਗੰਦਗੀ, ਲੂਣ, ਚੂਨੇ ਅਤੇ ਤੇਜ਼ਾਬ ਦੇ ਪਾਣੀ ਨਾਲ਼ ਵਾਹ ਰਹਿੰਦਾ ਹੈ।ਖਾਜ ਅਤੇ ਖੁਰਕ ਨਾਲ਼ ਸੌ ਬਿਮਾਰੀਆਂ ਲਗਦੀਆਂ ਹਨ। ਹੱਥਾਂ ਪੈਰਾਂ ਨੂੰ ਲੱਗੀ ਪਾਂਅ ਵਿਗੜ ਜਾਵੇ ਤਾਂ ਕੋੜ੍ਹ ਦਾ ਰੋਗ ਵੀ ਲੱਗ ਸਕਦਾ ਹੈ ...।ਪਰ ਇਥੇ ਕੋਈ ਸਹੂਲਤ ਨਹੀਂ ਹੈ।ਪੀਣ ਲਈ ਤਾਜ਼ਾ ਪਾਣੀ ਅਤੇ ਨਹਾਉਣ ਲਈ ਕੋਈ ਨਲ਼ਕਾ ਵੀ ਨਹੀਂ ਹੈ ...।

ਥੋੜ੍ਹੇ ਹੀ ਚਿਰ ਵਿੱਚ ਕਾਲ਼ੀ ਦੀ ਝਿਜਕ ਦੂਰ ਹੋ ਗਈ ਸੀ ਅਤੇ ਉਹ ਫਰ ... ਫਰ ਬੋਲਣ ਲੱਗਾ। ਬਾਕੀ ਲੋਕਾਂ ਦਾ ਡਰ ਵੀ ਬਹੁਤ ਹੱਦ ਤੱਕ ਘੱਟ ਗਿਆ ਅਤੇ ਉਹ ਵੀ ਦਲਾਨਾਂ ਵਿੱਚੋਂ ਬਾਹਰ ਨਿਕਲ਼ ਕੇ ਵਿਹੜੇ ਵਿੱਚ ਆ ਖੜ੍ਹੇ ਹੋਏ।

"ਮੈਂ ਤੁਹਾਡੀ ਗੱਲ ਸਮਝ ਗਿਆ ਹਾਂ।" ਸੇਠ ਰਾਮ ਪ੍ਰਕਾਸ਼ ਨੇ ਕਾਲ਼ੀ ਨੂੰ ਚੁੱਪ ਹੋਣ ਦਾ ਇਸ਼ਾਰਾ ਕੀਤਾ, "ਰਾਤ ਨੂੰ ਤੁਸੀਂ ਸਾਰੇ ਉੱਥੇ ਆ ਹੀ ਰਹੇ ਹੋ।ਕਾਰਖਾਨੇ ਦੇ ਮਾਲਕ ਸੇਠ ਸਾਹਬ ਵੀ ਉੱਥੇ ਹੀ ਹੋਣਗੇ।ਉਨਾਂ ਨੇ ਜਲਸੇ ਵਿੱਚ ਆਉਣ ਦਾ ਵਾਅਦਾ ਕੀਤਾ ਹੈ।ਜਲਸੇ ਦੇ ਬਾਅਦ ਉੱਥੇ ਹੀ ਉਨਾਂ ਨਾਲ਼ ਗੱਲ ਹੋ ਜਾਵੇਗੀ।ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਉੱਥੇ ਹੀ ਕਰ ਦਿੱਤਾ ਜਾਵੇਗਾ।ਸ਼ੁਕਰੀਆ।" ਸੇਠ ਰਾਮ ਪ੍ਰਕਾਸ਼ ਨੇ ਹੱਥ ਜੋੜ ਦਿੱਤੇ ਅਤੇ ਨਾਲ਼ ਹੀ ਉਸ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ।

ਹੋਰ ਕੋਈ ਗੱਲ ਕਹੇ ਸੁਣੇ ਬਿਨਾਂ ਉਹ ਗਲ਼ੀ ਵੱਲ ਨੂੰ ਚਲੇ ਗਿਆ। ਮੁਨਸ਼ੀ ਵੀ ਉਸ ਦੇ ਪਿੱਛੇ ਪਿੱਛੇ ਤੁਰ ਪਿਆ।ਫੋਰਮੈਨ ਨੇ ਥੋੜ੍ਹੀ ਦੂਰ ਤੱਕ ਉਸ ਦਾ ਪਿੱਛਾ ਕੀਤਾ ਪਰ ਜਦ ਸੇਠ ਰਾਮ ਪ੍ਰਕਾਸ਼ ਜਾਂ ਮੁਨਸ਼ੀ ਨੇ ਪਿੱਛੇ ਮੁੜਕੇ ਨਾ ਦੇਖਿਆ ਤਾਂ ਉਹ ਕਾਰਖਾਨੇ ਨੂੰ ਮੁੜ ਆਇਆ।

ਸਾਰੇ ਬੰਦੇ ਅਜੇ ਤੱਕ ਆਪਣੀ ਆਪਣੀ ਜਗ੍ਹਾ ਖੜ੍ਹੇ ਖੁਸਰ ਫੁਸਰ ਕਰ ਰਹੇ ਸਨ। ਫੋਰਮੈਨ ਨੂੰ ਦੇਖ ਕੇ ਉਹ ਚੁੱਪ ਹੋ ਗਏ ਅਤੇ ਉਸ ਦਾ ਸਾਹਮਣਾ ਕਰਨ ਤੋਂ ਕੰਨੀਂ ਕਤਰਾਉਣ ਲੱਗੇ।

ਫੋਰਮੈਨ ਕਾਲ਼ੀ ਦੇ ਕੋਲ਼ ਇੱਕ ਪੱਲ ਲਈ ਖੜ੍ਹਾ ਹੋਇਆ। ਉਹਦੇ ਵੱਲ ਦੇਖਿਆ ਪਰ ਕੁੱਝ ਕਹੇ ਬਿਨਾਂ ਹੀ ਅਗਾਂਹ ਤੁਰ ਪਿਆ ਅਤੇ ਮੰਜੀ 'ਤੇ ਬੈਠ ਕੇ ਹੁੱਕਾ ਪੀਣ ਲੱਗਾ।

ਸਾਰੇ ਜਣੇ ਆਪਣੇ ਆਪਣੇ ਕੰਮਾਂ 'ਤੇ ਲੱਗ ਗਏ।ਕਾਰਖਾਨੇ ਵਿੱਚ ਸਿਰਫ ਹੁੱਕੇ ਦੀ ਗੁੜਗੁੜਾਹਟ ਸੁਣ ਰਹੀ ਸੀ।ਫੋਰਮੈਨ ਡੂੰਘੀ ਸੋਚ ਵਿੱਚ ਡੁੱਬਿਆ ਹੋਇਆ ਸੀ।ਉਸ ਨੇ ਹੁੱਕੇ

ਦੀ ਨੜੀ ਪਰ੍ਹੇ ਨੂੰ ਘੁਮਾ ਦਿੱਤੀ ਅਤੇ ਮੂਧੇ ਮੂੰਹ ਮੰਜੀ ’ਤੇ ਲੰਮਾ ਪੈ ਗਿਆ। ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਣ ਲੱਗਾ ਕਿ ਉਸ ਦਾ ਵਰ੍ਹਿਆਂ ਦਾ ਬਣਿਆ ਦਬਦਬਾ ਇੱਕ ਪਲ ਵਿੱਚ ਹੀ ਖਤਮ ਹੋ ਗਿਆ ਹੈ। ਜਿਸ ਕਾਰਖਾਨੇ ਵਿੱਚ ਉਸ ਦੀ ਇਜਾਜ਼ਤ ਦੇ ਬਿਨਾਂ ਕੋਈ ਉੱਚੀ ਸਾਹ ਵੀ ਨਹੀਂ ਲੈਂਦਾ ਸੀ, ਅੱਜ ਉਹ ਹੀ ਕੰਮ ਕਰਨ ਵਾਲ਼ੇ ਉਸ ਦੇ ਸਾਹਮਣੇ ਮਾਲਕਾਂ ਨਾਲ਼ ਸਿੱਧੀ ਗੱਲ ਕਰਨਾ ਚਾਹੁੰਦੇ ਹਨ।

ਫੋਰਮੈਨ ਦਾ ਖਿਆਲ ਮੁੜ ਮੁੜ ਕੇ ਕਾਲ਼ੀ ’ਤੇ ਚਲੇ ਜਾਂਦਾ। ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਉਸ ਨਾਲ਼ ਕਿਸ ਤਰ੍ਹਾਂ ਦਾ ਵਰਤਾਰਾ ਕਰੇ। ਉਹ ਇਸ ਗੱਲ ਕਰਕੇ ਕਾਲ਼ੀ ’ਤੇ ਖੁਸ਼ ਸੀ ਕਿ ਉਹ ਬਦਤਮੀਜ਼ ਨਹੀਂ ਹੈ। ਉਸ ਨੇ ਸੇਠ ਰਾਮ ਪ੍ਰਕਾਸ਼ ਨਾਲ਼ ਗੱਲ ਬਾਤ ਬਹੁਤ ਹੀ ਸੁਚੱਜੇ ਢੰਗ ਨਾਲ਼ ਕੀਤੀ ਹੈ। ਪਰ ਉਸ ਨੂੰ ਇਹ ਗੱਲ ਹਜ਼ਮ ਕਰਨੀ ਔਖੀ ਹੋ ਰਹੀ ਸੀ ਕਿ ਉਹਦੇ ਸਾਹਮਣੇ ਕੋਈ ਵੀ ਆਪਣਾ ਮੂੰਹ ਖੋਲ੍ਹੇ ਅਤੇ ਮੋਹਰੇ ਹੋ ਕੇ ਗੱਲ ਕਰੇ।

ਫੋਰਮੈਨ ਦੀ ਜਦੋਂ ਇਹ ਪਰੇਸ਼ਾਨੀ ਬਰਦਾਸ਼ਤ ਤੋਂ ਬਾਹਰ ਹੋ ਗਈ ਅਤੇ ਪਾਸੇ ਮਾਰ ਮਾਰ ਕੇ ਉਹ ਥੱਕ ਗਿਆ ਤਾਂ ਉਹ ਮੰਜੀ ਤੋਂ ਉੱਠ ਪਿਆ। ਉਸ ਨੇ ਆਪਣੀ ਤਹਿਮਤ ਕੱਸ ਕੇ ਬੰਨੀ ਅਤੇ ਕਿਸੇ ਦਾ ਨਾਂ ਲਏ ਬਿਨਾਂ ਉੱਚੀ ਅਵਾਜ਼ ਵਿੱਚ ਕਿਹਾ ਕਿ ਆਪਣਾ ਆਪਣਾ ਕੰਮ ਖਤਮ ਕਰਨ ਦੇ ਬਾਅਦ ਸਮਾਨ ਸੰਭਾਲ ਕੇ ਸਿੱਧੇ ਜਲਸੇ ਵਿੱਚ ਪਹੁੰਚ ਜਾਇਉ।

ਅਜੇ ਦਿਨ ਕਾਫੀ ਰਹਿੰਦਾ ਸੀ ਪਰ ਫੋਰਮੈਨ ਕਾਰਖਾਨੇ ’ਚੋਂ ਚਲੇ ਗਿਆ। ਜਦ ਸਾਰਿਆਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਕਿ ਫੋਰਮੈਨ ਗਲ਼ੀ ਦੇ ਪਾਰ ਸੜਕ ’ਤੇ ਪਹੁੰਚ ਗਿਆ ਹੋਵੇਗਾ ਤਾਂ ਉਹ ਖੁੱਲ ਕੇ ਗੱਲਾਂ ਕਰਨ ਲੱਗੇ।

“ਕਿਰਪੂ ਭਾਅ ਜੀ, ਫੋਰਮੈਨ ਨੂੰ ਇੱਕ ਦਮ ਕੀ ਹੋ ਗਿਆ ?” ਨਾਥੀ ਨੇ ਪੁੱਛਿਆ।

“ਰੱਬ ਹੀ ਜਾਣੇ ਜਾਂ ਫੋਰਮੈਨ ਜਾਣੇ।” ਕਿਰਪੂ ਖੱਲ ਸੀਣ ਵਿੱਚ ਮਗਨ ਰਿਹਾ।

“ਲਗਦਾ ਹੈ ਉਸ ਨੂੰ ਸੱਪ ਸੁੰਘ ਗਿਆ ਹੈ। ਸੁਣਿਆ ਹੈ ਕਿ ਸੱਪ ਦੇ ਸੁੰਘੇ ਦੀ ਜੀਭ ਤਾਲੂ ਨਾਲ਼ ਜਾ ਚਿਪਕਦੀ ਹੈ ਅਤੇ ਮੂੰਹ ’ਚੋਂ ਅਵਾਜ਼ ਨਹੀਂ ਨਿਕਲ਼ਦੀ।” ਪਰਲੇ ਦਲਾਨ ਵਿੱਚੋਂ ਕਿਸ਼ਨੇ ਦੇ ਹੱਸਣ ਦੀ ਅਵਾਜ਼ ਆਈ।

“ਭਾਈ, ਜੋ ਮਰਜ਼ੀ ਹੈ ਕਹੋ। ਕਾਲ਼ੀ ਨੇ ਸ਼ੇਰ ਦੇ ਮੂੰਹ ਵਿੱਚ ਹੱਥ ਦਿੱਤਾ ਹੈ। ਅੱਗੇ ਦੇਖੋ ਕੀ ਹੁੰਦਾ ਹੈ।” ਬੰਸੇ ਨੇ ਕਾਲ਼ੀ ਨੂੰ ਥਾਪੀ ਦਿੱਤੀ।

“ਬਸ ਮੂੰਹ ਵਿੱਚ ਪੰਜਾ ਦੇਣ ਤੱਕ ਹੀ ਰਹੀਂ। ਪਿੱਛੇ ਨੂੰ ਹੱਥ ਨਾ ਵਧਾਈ।” ਕਿਸ਼ਨੇ ਨੇ ਸ਼ਰਾਰਤ ਨਾਲ਼ ਅੱਖ ਮਾਰੀ, “ਫੋਰਮੈਨ ਕਾਫੀ ਖੂੰਖਾਰ ਆਦਮੀ ਹੈ।”

ਕਾਲ਼ੀ ਚੁੱਪ ਕਰਕੇ ਉਨਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਆਪਣੇ ਕੰਮ ਵਿੱਚ ਇਸ ਤਰ੍ਹਾਂ ਰੁੱਝਿਆ ਹੋਇਆ ਸੀ ਜਿਵੇਂ ਉਸ ਨੂੰ ਖਬਰ ਹੀ ਨਹੀਂ ਸੀ ਕਿ ਕਾਰਖਾਨੇ ਵਿੱਚ ਕੁੱਝ ਹੋਇਆ ਹੈ।

ਛੱਪੜ ਕੰਢੇ ਹੱਥ ਮੂੰਹ ਧੋਂਦੇ ਸਮੇਂ ਫੋਰਮੈਨ ਬਾਰੇ ਗੱਲਬਾਤ ਹੁੰਦੀ ਰਹੀ ਅਤੇ ਵੱਖਰੀਆਂ ਵੱਖਰੀਆਂ ਰਾਵਾਂ ਆਉਂਦੀਆਂ ਰਹੀਆਂ। ਸਾਰੇ ਜਣੇ ਤਿਆਰ ਹੋ ਗਏ ਤਾਂ ਕਾਲ਼ੀ ਨੇ ਪੁੱਛਿਆ, “ਭਰਾਵੋ, ਕੀ ਕਰਨਾ ਹੈ। ਜਲਸੇ ਵਿੱਚ ਜਾਣਾ ਹੈ ?”

"ਜ਼ਰੂਰ ਜਾਣਾ ਹੈ। ਸੇਠ ਜੀ ਤੈਨੂੰ ਨੇਂਦਾ ਦੇ ਗਏ ਹਨ।" ਇਕੋ ਵਾਰ ਕਈ ਅਵਾਜ਼ਾਂ ਆਈਆਂ।

"ਆਪਣੇ ਬਾਰੇ ਵੀ ਗੱਲ ਬਾਤ ਕਰਨੀ ਹੈ ?"

"ਜ਼ਰੂਰ ਕਰਨੀ ਹੈ।" ਕਈ ਜਣਿਆਂ ਨੇ ਇਕੱਠਿਆਂ ਹੀ ਕਿਹਾ।

ਕਾਲ਼ੀ ਨੂੰ ਅਹਿਸਾਸ ਹੋਇਆ ਕਿ ਉਹ ਇਕਦਮ ਕਾਰਖਾਨੇ ਦਾ ਲੀਡਰ ਬਣ ਗਿਆ ਹੈ ਅਤੇ ਉਹਦੇ ਸਾਥੀ ਆਪਣੀਆਂ ਸਾਰੀਆਂ ਉਮੀਦਾਂ ਉਹਦੇ 'ਤੇ ਲਾਈ ਬੈਠੇ ਹਨ। "ਕਾਲ਼ੀ ਭਾਅ ਜੀ, ਇੱਕ ਸ਼ੇਰ ਦੇ ਨੱਕ 'ਚ ਤਾਂ ਤੂੰ ਨਕੇਲ ਪਾ ਹੀ ਦਿੱਤੀ।" ਬੰਸਾ ਮੁਸਕਰਾਇਆ।

"ਕਿਹਦੇ ?"

"ਫੋਰਮੈਨ ਦੇ ...।" ਬੰਸਾ ਖਿੜ ਉਠਿਆ, "ਲੱਗੇ ਹੱਥ ਅੱਜ ਸੇਠ ਨਾਲ਼ ਵੀ ਗੱਲ ਹੋ ਹੀ ਜਾਏ। ਆਪਾਂ ਬਹੁਤ ਦੁੱਖ ਝੱਲੇ ਹਨ।"

"ਇਹ ਤਾ ਦੱਸੋ ਕਿ ਕੀ ਗੱਲ ਕਰਨੀ ਹੈ। ਉਹਦੇ ਸਾਹਮਣੇ ਕਿਹੜੀਆਂ ਮੰਗਾਂ ਰੱਖਣੀਆਂ ਹਨ ?"

"ਮੰਗਾਂ ਕਿਹੜੀਆਂ ਰੱਖਣੀਆਂ ਹਨ ?" ਸਾਰੇ ਬੁੜਬੁੜ ਕਰਦੇ ਇੱਕ ਦੂਜੇ ਵੱਲ ਦੇਖਣ ਲੱਗੇ।

"ਦੱਸ ਯਾਰ, ਆਪਣੀਆਂ ਕੀ ਮੰਗਾਂ ਹਨ ?" ਨਿਹਾਲੇ ਨੇ ਜਿੰਦਰ ਨੂੰ ਹਲੂਣਿਆ।

"ਜਿੰਦਰ ਦੀ ਤਾਂ ਇੱਕ ਹੀ ਮੰਗ ਹੈ।" ਭੀਮਾ ਸ਼ਰਾਰਤ ਨਾਲ਼ ਹੱਸਿਆ।

"ਕੀ ਮੰਗ ਹੈ ਇਹਦੀ ?" ਨਿਹਾਲੇ ਨੇ ਪੁੱਛਿਆ।

"ਇਹੀ ਕਿ ਇਹਦੀ ਮਸ਼ੂਕ ਦੀ ਗੁਆਂਢਣ ਨੂੰ ਜਾਂ ਤਾਂ ਸੱਪ ਲੜ ਜਾਵੇ ਜਾਂ ਉਹਨੂੰ ਸੰਖੀਆ ਦੇ ਦਿੱਤਾ ਜਾਵੇ।"

"ਯਾਰਾ, ਮਜ਼ਾਕ ਕਰਨੇ ਛੱਡੋ। ਮਸਲਾ ਬਹੁਤ ਗੰਭੀਰ ਹੈ।" ਕਿਰਪੂ ਨੇ ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਕਾਲ਼ੀ ਤੂੰ ਹੀ ਦੱਸ। ਸਾਡੀਆਂ ਮੰਗਾਂ ਕੀ ਹੋਣੀਆਂ ਚਾਹੀਦੀਆਂ ਹਨ ?"

"ਭਾਅ ਜੀ, ਤੁਹਾਡਾ ਸਾਰਿਆਂ ਦਾ ਇਸ ਕਾਰਖਾਨੇ ਵਿੱਚ ਮੇਰੇ ਨਾਲ਼ੋਂ ਕਿਤੇ ਜ਼ਿਆਦਾ ਤਜਰਬਾ ਹੈ। ਤੁਹਾਨੂੰ ਇਹੋ ਜਿਹੇ ਹੋਰ ਕਾਰਖਾਨਿਆਂ ਦਾ ਵੀ ਪਤਾ ਹੋਵੇਗਾ। ਉੱਥੇ ਮਜ਼ਦੂਰਾਂ ਨੂੰ ਕੋਈ ਸਹੂਲਤ ਮਿਲ਼ਦੀ ਹੈ ਜਾਂ ਨਹੀਂ ?" ਕਾਲ਼ੀ ਨੇ ਵਾਰੀ ਵਾਰੀ ਸਾਰਿਆਂ ਵੱਲ ਦੇਖਿਆ।

ਸਾਰੇ ਜਣੇ ਸ਼ਰਾਰਤਾਂ ਭੁੱਲ ਕੇ ਗੰਭੀਰ ਹੋ ਗਏ ਸਨ। ਉਨ੍ਹਾਂ ਵਿੱਚੋਂ ਕੁੱਝ ਖੜ੍ਹੇ ਸਨ, ਕੁੱਝ ਪੈਰਾਂ ਭਾਰ ਬੈਠੇ ਸਨ ਅਤੇ ਕੁੱਝ ਸਿਰ ਦਾ ਸਾਫਾ ਵਿਛਾ ਕੇ ਫਰਸ਼ 'ਤੇ ਅਰਾਮ ਨਾਲ਼ ਬੈਠ ਗਏ ਅਤੇ ਆਪਣੇ ਖਾਜ ਭਰੇ ਅੰਗਾਂ ਨੂੰ ਦੇਖ ਰਹੇ ਸਨ।

"ਭਾਅ ਜੀ, ਸੇਠ ਦੇ ਨਾਲ਼ ਗੱਲ ਕਰਨ ਤੋਂ ਪਹਿਲਾਂ ਆਪਾਂ ਨੂੰ ਆਪਸ ਵਿੱਚ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਾਡੀਆ ਮੰਗਾਂ ਕੀ ਹਨ ? ... ਦੂਜੀ ਗੱਲ ਇਹ ਹੈ ਕਿ ਜੇ ਸੇਠ ਨੇ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਆਪਾਂ ਅਗਲੀ ਕਾਰਵਾਈ ਕੀ ਕਰਾਂਗੇ ? ਕੰਮ ਬੰਦ

ਕਰਨਾ ਹੈ ਜਾਂ ... ?"

ਕਾਲ਼ੀ ਦੀਆਂ ਗੱਲਾਂ ਸੁਣ ਕੇ ਸਾਰਿਆਂ ਦੇ ਸਾਹ ਜਿਹੇ ਬੰਦ ਹੋ ਗਏ। ਉਹ ਕਦੀ ਸੋਚ ਵੀ ਨਹੀਂ ਸਕਦੇ ਸਨ ਕਿ ਉਹ ਕਾਰਖਾਨੇ ਵਿੱਚ ਕੰਮ ਬੰਦ ਵੀ ਕਰ ਸਕਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਬੁਰੀ ਤਰ੍ਹਾਂ ਅਹਿਸਾਸ ਸੀ ਕਿ ਉਨਾਂ ਦੀ ਸਥਿਤੀ ਬਹੁਤ ਕਮਜ਼ੋਰ ਹੈ।

ਸਾਰਿਆਂ ਦੀਆਂ ਗਰਦਨਾਂ ਝੁੱਕ ਗਈਆਂ ਅਤੇ ਉਹ ਸਹਿਮੇ ਹੋਏ ਬਹੁਤ ਡੂੰਘੀ ਸੋਚ ਵਿੱਚ ਡੁੱਬ ਗਏ। ਕਾਲ਼ੀ ਨੇ ਵਾਰੀ ਵਾਰੀ ਉਨਾਂ ਵੱਲ ਦੇਖਿਆ ਅਤੇ ਫਿਰ ਆਪਣੀ ਨਿਗਾਹ ਕਿਰਪੂ 'ਤੇ ਟਿਕਾ ਦਿੱਤੀ, "ਕਿਰਪੂ ਭਾਅ ਜੀ, ਤੁਸੀਂ ਹੀ ਕੋਈ ਸਲਾਹ ਦਿਉ।"

"ਕੀ ਸਲਾਹ ਦੇਵਾਂ ਮੈਂ।" ਕਿਰਪੂ ਨੇ ਲੰਮੀ ਆਹ ਭਰੀ, "ਸਾਡੇ ਹੱਥ ਪੈਰ ਤਾਂ ਕੀ, ਵਾਲ਼ ਵਾਲ਼ ਮਾਲਕ ਦੇ ਕੋਲ਼ ਪੱਕਾ ਬੰਨਿਆ ਹੋਇਆ ਹੈ।"

"ਭਾਅ ਜੀ ਮੈਂ ਸਮਝਿਆ ਨਹੀਂ।" ਕਾਲ਼ੀ ਨੇ ਅੱਖਾਂ ਭਰ ਕੇ ਕਿਰਪੂ ਵੱਲ ਦੇਖਿਆ।

"ਇਸ ਲਈ, ਕਿ ਤੈਨੂੰ ਇਥੇ ਆਏ ਨੂੰ ਅਜੇ ਸਾਲ ਵੀ ਨਹੀਂ ਹੋਇਆ। ਤੂੰ ਅਜੇ ਛੜਾ ਮਲੰਗ ਹੈ ਤੇ ਤੈਨੂੰ ਕੋਈ ਐਬ ਵੀ ਨਹੀਂ ਹੈ।" ਕਿਰਪੂ ਨੇ ਕਾਲ਼ੀ ਵੱਲ ਦੇਖ ਕੇ ਲੰਮਾ ਸਾਹ ਖਿੱਚਦਿਆਂ ਮੱਥੇ 'ਤੇ ਹੱਥ ਮਾਰਿਆ ਜਿਵੇਂ ਉਹ ਬੇਹੱਦ ਬੇਬੱਸ ਹੋਵੇ।

ਹੋਰ ਬੰਦੇ ਵੀ ਬਹੁਤ ਗੰਭੀਰ ਅਤੇ ਉਦਾਸ ਸਨ। ਕਾਲ਼ੀ ਉਨਾਂ ਦੀ ਇਹ ਹਾਲਤ ਦੇਖ ਕੇ ਬੇਚੈਨ ਹੋ ਗਿਆ ਅਤੇ ਅੱਗੇ ਹੋ ਕੇ ਕਿਰਪੂ ਦੇ ਦੋਨੋ ਹੱਥ ਫੜ੍ਹ ਲਏ, "ਭਾਅ ਜੀ, ਮੈਨੂੰ ਕੁੱਸ਼ ਤਾਂ ਦੱਸੋ ?"

ਕਿਰਪੂ ਨੇ ਜ਼ੋਰ ਜ਼ੋਰ ਨਾਲ਼ ਸਿਰ ਝਟਕਿਆ, 'ਰੱਬ ਸਾਡੇ ਵਰਗਾ ਕਿਸੇ ਨੂੰ ਪੈਦਾ ਨਾ ਕਰੇ। ਇਹ ਕਿੱਦਾਂ ਦਾ ਜੀਣ ਹੈ ਕਿ ਸਾਨੂੰ ਆਪਣੇ ਆਪ ਉੱਪਰ ਵੀ ਕੋਈ ਹੱਕ ਨਹੀਂ।"

ਕਾਲ਼ੀ ਹੋਰ ਵੀ ਪਰੇਸ਼ਾਨ ਹੋ ਗਿਆ। ਕਿਰਪੂ ਨੇ ਮੂਧਾ ਹੋ ਕੇ ਘੜੇ ਵਿੱਚੋਂ ਪਾਣੀ ਪੀਤਾ ਅਤੇ ਮੂੰਹ 'ਤੇ ਛਿੱਟੇ ਮਾਰੇ। ਉਹਦਾ ਮਨ ਥੋੜ੍ਹਾ ਜਿਹਾ ਸ਼ਾਂਤ ਹੋ ਗਿਆ ਤਾਂ ਉਸ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਦੇਖਿਆ, "ਤੇਰੇ ਤੋਂ ਅਜੇ ਮੁਨਸ਼ੀ ਨੇ ਪੱਕੇ ਕਾਗਜ (ਅਸ਼ਟਾਮ) ਤੇ ਅਗੂੰਠਾ ਲੁਆਇਆ ਕਿ ਨਹੀਂ ?"

"ਨਹੀਂ।" ਕਾਲ਼ੀ ਨੇ ਹੌਲ਼ੀ ਜਿਹੇ ਨਾਂਹ ਵਿੱਚ ਸਿਰ ਹਿਲਾਇਆ।

"ਇਸੇ ਕਰਕੇ ਤੂੰ ਕੰਮ ਬੰਦ ਕਰਨ ਦੀ ਸਲਾਹ ਦੇ ਰਿਹਾਂ।" ਕਿਰਪੂ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਦੇਖਿਆ। ਉਸ ਨੂੰ ਦੁਚਿੱਤੀ ਵਿੱਚ ਦੇਖ ਕੇ ਆਪਣੇ ਦੋਨੋ ਹੱਥ ਉਸ ਦੇ ਮੋਢਿਆਂ 'ਤੇ ਰੱਖ ਦਿੱਤੇ, "ਬੱਲਿਆ, ਅਸੀਂ ਸਾਰੇ ਇਸ ਕਾਰਖਾਨੇ ਦੇ ਕਰਜਾਈ ਹਾਂ। ਹਰੇਕ ਕਾਮੇ ਦੇ ਸਿਰ ਡੇਢ-ਦੋ ਸੌ ਰੁਪਏ ਦਾ ਉਧਾਰ ਹੈ ਅਤੇ ਪੱਕੇ ਕੋਰੇ ਕਾਗਜ਼ਾਂ 'ਤੇ ਸਭ ਦੇ ਅਗੂੰਠੇ ਲੱਗੇ ਹੋਏ ਹਨ .... ਤਸਦੀਕਸ਼ੁਦਾ। ਅਸੀਂ ਇਸ ਕਾਰਖਾਨੇ ਨਾਲ਼ ਪੂਰੀ ਤਰ੍ਹਾਂ ਨੂੜੇ ਹੋਏ ਹਾਂ। ਸਾਨੂੰ ਇਥੋਂ ਕੋਈ ਦੂਜਾ ਮਾਲਕ ਖਰੀਦ ਕੇ ਤਾਂ ਲਿਜਾ ਸਕਦਾ ਹੈ ... ਸਾਡਾ ਉਧਾਰ ਚੁਕਾ ਕੇ। ਅਸੀਂ ਆਪਣੀ ਮਰਜ਼ੀ ਨਾਲ਼ ਕੁੱਝ ਨਹੀਂ ਕਰ ਸਕਦੇ। ਥੋੜ੍ਹੀ ਵੀ ਹਿੜਕ ਭਿੜਕ ਕੀਤੀ ਤਾਂ ਪੱਕਾ ਕਾਗਜ਼ ਲੋਹੇ ਦੀਆਂ ਬੇੜੀਆਂ ਬਣ ਕੇ ਸਾਨੂੰ ਸਿੱਧਾ ਅਦਾਲ਼ਤ ਅਤੇ ਫਿਰ ਜੇਲ੍ਹ ਲੈ ਜਾਊਗਾ। ਅਸੀਂ ਆਪਣਾ ਤਨ ਮਨ ਮਾਲਕ ਦੇ ਕੋਲ਼ ਗਹਿਣੇ ਕੀਤਾ ਹੋਇਆ ਹੈ।"

ਕਿਰਪੂ ਦੀਆ ਗੱਲਾਂ ਸੁਣ ਕੇ ਸਾਰਿਆਂ ਦੀ ਉਦਾਸੀ ਹੋਰ ਵੀ ਡੂੰਘੀ ਹੋ ਗਈ। ਕਾਲ਼ੀ ਦੀ ਗਰਦਨ ਵੀ ਝੁੱਕ ਗਈ। ਉਹ ਬਹੁਤ ਹੀ ਪਰੇਸ਼ਾਨ ਹੋ ਗਿਆ। ਉਸ ਦੇ ਬੁੱਲਾਂ ਵਿੱਚੋਂ ਠੰਡਾ ਸਾਹ ਮੱਲੋਮੱਲੀ ਤਿਲਕ ਗਿਆ। ਆਪਣੀ ਅਤੇ ਆਪਣੇ ਸਾਥੀਆਂ ਦੀ ਅਜਿਹੀ ਹਾਲਤ 'ਤੇ ਗੁੱਸਾ ਆ ਰਿਹਾ ਸੀ ਅਤੇ ਬੇਬਸੀ 'ਤੇ ਰੋਣਾ ਵੀ। "ਜੋ ਮੁਕੱਦਰ ਵਿੱਚ ਲਿਖਿਆ ਹੈ ਉਹ ਹੀ ਮਿਲੇਗਾ। ਕਿਉਂ ਐਨੇ ਪਰੇਸ਼ਾਨ ਹੁੰਦੇ ਹੋ।" ਕਿਰਪੂ ਨੇ ਮਾਹੌਲ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ। "ਫਿਰ ਵੀ ਗੱਲ ਕਰਨ ਵਿੱਚ ਕੋਈ ਹਰਜ ਨਹੀਂ ਹੈ। ਪੱਕੇ ਕਾਗਜ਼ਾਂ 'ਤੇ ਲੱਗੇ ਅੰਗੂਠਿਆ ਦਾ ਅਲੱਗ ਮਾਮਲਾ ਹੈ। ਸਹੂਲਤਾਂ ਮੰਗਣੀਆਂ ਹੋਰ ਗੱਲ ਹੈ।"

ਸਭ ਚੁੱਪ ਅਤੇ ਸਹਿਮੇ ਹੋਏ ਸਨ। ਕਾਲ਼ੀ ਡੂੰਘੀ ਸੋਚ ਵਿੱਚ ਡੁੱਬਿਆ ਹੋਇਆ ਬੇਬਸੀ ਅਤੇ ਮਜਬੂਰੀ ਦੇ ਅਹਿਸਾਸ ਥੱਲੇ ਬੁਰੀ ਤਰ੍ਹਾਂ ਦੱਬ ਗਿਆ ਸੀ। ਉਹ ਬੇਹੱਦ ਪਰੇਸ਼ਾਨ ਸੀ ਕਿ ਉਨ੍ਹਾਂ ਦੀ ਮਿਹਨਤ ਵੀ ਉਨਾਂ ਦੇ ਅਖਤਿਆਰ ਤੋਂ ਬਾਹਰ ਹੈ।

"ਛੱਡੋ ਮੰਗਾਂ ਸ਼ੰਗਾਂ ਨੂੰ। ਸੰਸਾਰ ਦਾ ਚੱਕਰ ਸਦਾ ਇਸ ਹੀ ਤਰ੍ਹਾਂ ਚਲਦਾ ਆਇਆ ਹੈ ਅਤੇ ਇਸ ਤਰ੍ਹਾਂ ਚਲਦਾ ਰਹੇਗਾ।" ਕਾਰਖਾਨੇ ਦੇ ਸਭ ਤੋਂ ਜ਼ਿਆਦਾ ਬਜ਼ੁਰਗ ਕਾਰੀਗਰ ਵਰਿਆਮੇ ਨੇ ਲੰਬੀ ਚੁੱਪ ਨੂੰ ਤੋੜਿਆ।

"ਕਿੱਦਾਂ ਚਲਦਾ ਹੈ ਸੰਸਾਰ ਦਾ ਕਾਰੋਬਾਰ ਚਾਚਾ ?" ਨਾਥੀ ਨੇ ਪੁੱਛਿਆ।

"ਉਏ ਤੇਰੇ ਸਾਮ੍ਹਣੇ ਹੀ ਹੈ। ਮਾਂ ਬਾਪ ਆਪਣੀ ਔਲਾਦ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ, ਤਾਂ ਫੇਰ ਮਾਲਕ ਕਿਉਂ ਕਰੇਗਾ ? ਜਦ ਆਵਾ ਹੀ ਊਤ ਜਾਵੇ ਤਾਂ ਕਿਸ ਕਿਸ ਨੂੰ ਸਾਂਭੋਗੇ। ਤੰਦ ਤਾਂ ਜੋੜਿਆ ਜਾ ਸਕਦਾ ਹੈ, ਟੁੱਟੀ ਹੋਈ ਤਾਣੀ ਨੂੰ ਕੌਣ ਗੱਠਾਂ ਮਾਰੂਗਾ।" ਵਰਿਆਮੇ ਨੇ ਰੱਬ ਨੂੰ ਯਾਦ ਕੀਤਾ ਅਤੇ ਜ਼ਮੀਨ ਤੋਂ ਆਪਣਾ ਸਾਫਾ ਚੁੱਕ ਕੇ ਬਿਨਾਂ ਝਾੜੇ ਸਿਰ 'ਤੇ ਲਪੇਟ ਲਿਆ।

ਇਸ ਤਰ੍ਹਾਂ ਘੁਲ਼ ਘੁਲ਼ ਕੇ ਮਰਨ ਦੀ ਥਾਂ ਸੰਖੀਆ ਖਾ ਕੇ ਇੱਕੋ ਵਾਰ ਕਿਉਂ ਨਾ ਜ਼ਿੰਦਗੀ ਤੋਂ ਛੁਟਕਾਰਾ ਪਾ ਲਿਆ ਜਾਵੇ ?" ਕਿਰਪੂ ਨੇ ਵਰਿਆਮੇ ਵੱਲ ਅੱਖਾਂ ਕੱਢੀਆਂ।

"ਯਾਰ, ਤੁਸੀਂ ਤਾਂ ਆਪਸ ਵਿੱਚ ਹੀ ਲੜਨਾ ਸ਼ੁਰੂ ਕਰ ਦਿੱਤਾ। ਸੇਠ ਨਾਲ਼ ਕੌਣ ਲੜੇਗਾ ?" ਕਿਸ਼ਨਾ ਸਾਰਿਆਂ ਨੂੰ ਸ਼ਾਂਤ ਰਹਿਣ ਲਈ ਜ਼ੋਰ ਜ਼ੋਰ ਦੀ ਹੱਥ ਲਹਿਰਾਉਣ ਲੱਗਾ।

"ਆਪਸ ਵਿਚਲੀ ਲੜਾਈ ਦੀ ਗੱਲ ਨਹੀਂ ਹੈ। ਸਲਾਹ ਮਸ਼ਵਰਾ ਤਾਂ ਕਰਨਾ ਹੀ ਹੈ।"

ਅੱਧੇ ਘੰਟੇ ਤੱਕ ਗੱਲ ਬਾਤ ਕਰਨ ਬਾਅਦ ਵੀ ਉਹ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੇ। ਨਤੀਜਾ ਤਾਂ ਦੂਰ ਰਿਹਾ, ਕੋਈ ਗੱਲ ਬਾਤ ਸ਼ੁਰੂ ਹੀ ਨਹੀਂ ਹੋ ਸਕੀ। ਜਿੰਨੇ ਬੰਦੇ ਸਨ ਉਨਾਂ ਨਾਲ਼ੋਂ ਕਿਤੇ ਜ਼ਿਆਦਾ ਸੁਝਾਅ ਸਨ।

"ਮੇਰਾ ਖਿਆਲ ਹੈ ਕਿ ਜੇ ਸੇਠ ਉੱਥੇ ਮਿਲ਼ ਗਿਆ ਤਾਂ ਗੱਲ ਕਰ ਲਵਾਂਗੇ। ਉਹ ਕਿਹੜਾ ਸਾਡੀਆਂ ਸਮੱਸਿਆਵਾਂ ਦੇ ਹੱਲ ਨਾਲ਼ ਲੈ ਕੇ ਆਇਆ ਹੋਣਾ।" ਜਿੰਦਰ ਬੋਲਿਆ।

"ਯਾਰਾ ਇੱਕ ਗੱਲ ਤਾਂ ਮੰਨਵਾ ਹੀ ਲਿਉ।" ਨਿਹਾਲੇ ਨੇ ਸਿਰ ਖੁਰਕਿਆ।

"ਕੀ ?"

"ਇਥੇ ਅੱਵਲ ਤਾਂ ਬਿਜਲੀ, ਨਹੀਂ ਤਾਂ ਇੰਜਣ ਨਾਲ਼ ਚੱਲਣ ਵਾਲ਼ਾ ਟਿਊਬਵੈਲ ਲੱਗਣਾ ਚਾਹੀਦਾ। ਉਸ ਵਿੱਚੋਂ ਮੋਟੀ ਧਾਰ ਬੰਨ੍ਹ ਕੇ ਠੰਡਾ ਪਾਣੀ ਡਿੱਗੂਗਾ। ਉਸ ਪਾਣੀ ਨਾਲ਼ ਨਹਾਵਾਂਗੇ ਤਾਂ ਸਰੀਰ ਵਿੱਚ ਠੰਡ ਪਵੇਗੀ।" ਨਿਹਾਲੇ ਨੇ ਆਪਣੇ ਆਪ ਨੂੰ ਇਕੱਠਾ ਕਰਦਿਆਂ ਇਸ ਤਰ੍ਹਾਂ ਕਿਹਾ ਜਿਵੇਂ ਉਸ ਨੂੰ ਸੱਚਮੁੱਚ ਠੰਡ ਲੱਗਣ ਲੱਗੀ ਹੋਵੇ।

"ਉਠੋ ਯਾਰੋ, ਜਲਸੇ ਵਿੱਚ ਜਾਣਾ ਹੈ। ਤੁਹਾਡੇ ਕੋਲ਼ੋਂ ਕੋਈ ਫੈਸਲਾ ਨਹੀਂ ਹੋਣਾ। ਮੌਕੇ 'ਤੇ ਜਿਹੜੀ ਗੱਲ ਸੁੱਝ ਗਈ, ਉਹ ਹੀ ਠੀਕ ਰਹੇਗੀ।" ਨਾਥੀ ਸਿਰ 'ਤੇ ਸਾਫਾ ਲਪੇਟਣ ਲੱਗਾ।

"ਹਾਂ, ਇਹ ਠੀਕ ਹੈ।" ਬਾਕੀ ਲੋਕ ਵੀ ਉੱਠ ਖੜ੍ਹੇ ਹੋਏ।

ਕਾਲ਼ੀ ਹੈਰਾਨ ਅਤੇ ਪਰੇਸ਼ਾਨ ਹੋਇਆ ਆਪਣੇ ਸਾਥੀਆਂ ਵੱਲ ਦੇਖਦਾ ਰਿਹਾ।

"ਚੱਲ, ਤੂੰ ਕਿਉ ਪਰੇਸ਼ਾਨ ਹੋ ਰਿਹਾਂ। ਦੁਨੀਆਂ ਦਾ ਸਾਰਾ ਕਾਰੋਬਾਰ ਇਸੇ ਤਰ੍ਹਾਂ ਚਲਦਾ ਹੈ। ਕਿਸੇ ਸਲਾਹ ਮਸ਼ਵਰੇ ਤੋਂ ਬਿਨਾਂ, ਕਿਸੇ ਵਿਉਂਤ ਦੇ ਵਗੈਰ ਹੀ।" ਵਰਿਆਮੇ ਨੇ ਕੰਨ ਨੂੰ ਜ਼ੋਰ ਨਾਲ਼ ਖੁਰਕਿਆ। ਫਿਰ ਭਰਵੱਟੇ ਉੱਪਰ ਨੂੰ ਚੜ੍ਹਾ ਕੇ ਇਸ ਤਰ੍ਹਾਂ ਬੋਲਿਆ ਜਿਵੇਂ ਉਸ ਨੂੰ ਅਕਾਸ਼ਬਾਣੀ ਹੋ ਰਹੀ ਹੋਵੇ। "ਹਰ ਚੀਜ਼ ਦਾ ਟੈਮ ਬੰਨਿਆ ਹੋਇਆ ਹੈ। ਹਰ ਗੱਲ ਆਪਣੇ ਟੈਮ ਨਾਲ਼ ਹੀ ਹੋਵੇਗੀ, ਨਾ ਇੱਕ ਪੱਲ ਅੱਗੇ ਨਾ ਪਿੱਛੇ। ਜੇ ਕਾਰਖਾਨੇ ਵਿੱਚ ਨਲ਼ਕਾ ਲੱਗਣ ਦਾ ਟੈਮ ਨਹੀਂ ਆਇਆ ਤਾਂ ਲੱਖ ਖੂਹ ਪੱਟ ਲਉ, ਬੜੇ ਤੋਂ ਬੜਾ ਮਿਸਤਰੀ ਸੱਦ ਲਉ, ਪਾਣੀ ਹੀ ਨਹੀਂ ਆਊਗਾ। ਨਾ ਨਲ਼ਕਾ ਹੀ ਚੱਲੂਗਾ ਅਤੇ ਨਾ ਹੀ ਖੂਹ ਕਿਸੇ ਕੰਮ ਆਉਗਾ।"

ਕਾਲ਼ੀ ਨੇ ਵਰਿਆਮੇ ਵੱਲ ਧਿਆਨ ਨਾਲ਼ ਦੇਖਿਆ। ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸ ਦਾ ਦਿਮਾਗ ਹਿੱਲ ਗਿਆ ਹੋਵੇ ਅਤੇ ਖਾਜ ਖੁਰਕ ਤੋਂ ਇਲਾਵਾ ਉਸ ਨੂੰ ਪਾਗਲਪਨ ਦਾ ਦੌਰਾ ਵੀ ਪੈ ਗਿਆ ਹੋਵੇ।

ਆਪਣੀ ਵੱਲ ਕਾਲ਼ੀ ਨੂੰ ਧਿਆਨ ਨਾਲ਼ ਦੇਖਦਾ ਦੇਖ ਕੇ ਵਰਿਆਮਾ ਉਸ ਦੇ ਬਿਲਕੁਲ ਸਾਹਮਣੇ ਆ ਖੜ੍ਹਾ ਹੋਇਆ ਅਤੇ ਆਪਣਾ ਹੱਥ ਉਹ ਦੇ ਮੂੰਹ ਵਿੱਚ ਦੇ ਕੇ ਲਾਲ ਲਾਲ ਅੱਖਾਂ ਕੱਢੀਆਂ, "ਮੈਨੂੰ ਪਤਾ ਹੈ ਤੂੰ ਮੈਨੂੰ ਪਾਗਲ ਸਮਝ ਰਿਹਾਂ। ਮੇਰੀਆਂ ਗੱਲਾਂ 'ਤੇ ਹੱਸ ਰਿਹਾਂ।"

"ਨਾ ਬੜੇ ਭਾਅ ਜੀ, ਇਹ ਤੁਸੀਂ ਕੀ ਕਹਿੰਦੇ ਆਂ।" ਕਾਲ਼ੀ ਨੇ ਨਰਮੀ ਨਾਲ਼ ਵਰਿਆਮੇ ਦਾ ਹੱਥ ਪਰ੍ਹੇ ਕਰ ਦਿੱਤਾ।

"ਸੁਣ ਓਏ ਮੁੰਡਿਆ।" ਵਰਿਆਮੇ ਨੇ ਕਾਲ਼ੀ ਦੇ ਸਾਹਮਣੇ ਸਿੱਧਾ ਖੜ੍ਹਾ ਹੋ ਕੇ ਸਿਰ ਟੇਢਾ ਕਰ ਲਿਆ, "ਮੈਂ ਪਾਗਲ ਨਹੀਂ ਹਾਂ। ਮੈਂ ਬਹੁਤ ਵਧੀਆ ਅਤੇ ਪਹੁੰਚੀ ਹੋਈ ਗੱਲ ਕਹਿ ਰਿਹਾ ਹਾਂ।"

"ਹਾਂ ... ਹਾਂ ... ਭਾਅ ਜੀ।" ਕਿਰਪੂ ਨੇ ਵਰਿਆਮੇ ਦੇ ਦੋਨੋ ਹੱਥ ਫੜ੍ਹ ਕੇ ਉਸ ਨੂੰ ਪਰ੍ਹੇ ਹਟਾ ਦਿੱਤਾ, "ਤੇਰੀਆਂ ਗੱਲਾਂ ਬਹੁਤ ਗੂੜ੍ਹ ਗਿਆਨ ਦੀਆਂ ਹਨ। ਇਹਨਾਂ ਛੋਕਰਿਆਂ ਦੇ ਪੱਲੇ ਕੁੱਝ ਨਹੀਂ ਪੈਣਾ। ਆ ਜਾ, ਆਪਾਂ ਵੱਖਰੇ ਚਲਦੇ ਹਾਂ। ਵੱਛਿਆਂ ਦੇ ਨਾਲ਼ ਬੁੱਢੇ ਸਾਨ੍ਹ ਤੁਰੇ ਜਾਂਦੇ ਉਦਾਂ ਵੀ ਸੁਹਣੇ ਨਹੀਂ ਲਗਦੇ।"

ਉਹ ਗੇਟ ਨੂੰ ਜਿੰਦਾ ਲਾ ਕੇ ਸੜਕ 'ਤੇ ਆ ਗਏ ਅਤੇ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਹੌਲ਼ੀ ਹੌਲ਼ੀ ਜਲਸੇ ਵਾਲ਼ੀ ਥਾਂ ਵੱਲ ਨੂੰ ਤੁਰ ਪਏ। ਉਹ ਅਜੇ ਮੈਦਾਨ ਤੋਂ ਦੂਰ ਹੀ ਸਨ ਕਿ ਰੌਲ਼ਾ ਉਨ੍ਹਾਂ ਨੂੰ ਸੁਣਾਈ ਦੇਣ ਲੱਗਾ। ਲਾਊਡਸਪੀਕਰ ਤੇ ਕੁਰੱਖਤ ਅਵਾਜ਼ ਗੂੰਜ ਰਹੀ ਸੀ। ਉਸ ਵਿੱਚ ਗਾਣਾ ਘੱਟ ਅਤੇ ਰੌਲ਼ਾ ਜ਼ਿਆਦਾ ਸੀ।

"ਜਲਸੇ ਵਿੱਚ ਕੀ ਹੋਵੇਗਾ ?" ਕਿਸ਼ਨੇ ਨੇ ਕਾਲ਼ੀ ਨੂੰ ਪੁੱਛਿਆ।

"ਭਾਅ ਜੀ, ਉੱਥੇ ਪਹੁੰਚ ਕੇ ਹੀ ਪਤਾ ਲੱਗੂਗਾ। ਬਿਨਾਂ ਜਾਣੇ ਬੁੱਝੇ ਅਤੇ ਬਿਨਾਂ ਸੁਣੇ ਸੁਣਾਏ ਕੀ ਕਿਹਾ ਜਾ ਸਕਦਾ ਹੈ ?"

"ਸੇਠ ਹੋਇਆ ਤਾਂ ਉਹਦੇ ਨਾਲ਼ ਗੱਲ ਕਰੇਂਗਾ ?" ਬੰਸਾ ਇੱਕ ਕਦਮ ਮੋਹਰੇ ਹੋ ਕੇ ਕਾਲ਼ੀ ਦੇ ਬਰਾਬਰ ਆ ਗਿਆ।

"ਜ਼ਰੂਰ ਕਰਾਂਗੇ। ਗੱਲ ਕਰਨ ਵਿੱਚ ਕੀ ਹਰਜ ਹੈ। ਅਸੀਂ ਬੇਨਤੀ ਤਾਂ ਕਰ ਹੀ ਸਕਦੇ ਹਾਂ। ਆਪਣੀਆਂ ਮੁਸ਼ਕਲਾਂ ਬਾਰੇ ਦੱਸ ਤਾਂ ਸਕਦੇ ਹਾਂ।"

"ਲੜਾਈ ਤਾਂ ਨਹੀਂ ਹੋ ਜਾਊਗੀ ?" ਕਿਸ਼ਨਾ ਸਹਿਮ ਗਿਆ।

"ਭਾਅ ਜੀ, ਲੜਾਈ ਕਿਸ ਗੱਲ ਦੀ। ਮੁੱਲਾ ਜੇ ਸਬਕ ਨਾ ਪੜ੍ਹਾਊ, ਘਰ ਨੂੰ ਤਾਂ ਆਉਣ ਦੇਊਗਾ।" ਕਾਲ਼ੀ ਹਲਕਾ ਜਿਹਾ ਹੱਸਿਆ।

ਉਹ ਕਿਸੇ ਹੱਦ ਤੱਕ ਆਸਵੰਦ ਹੋ ਗਏ ਸਨ ਅਤੇ ਉਨ੍ਹਾਂ ਦੇ ਚੇਹਰਿਆਂ ਤੋਂ ਪਰੇਸ਼ਾਨੀ ਖਤਮ ਹੋ ਗਈ ਸੀ। ਉਹ ਇੱਕ ਦੂਸਰੇ ਨਾਲ਼ ਠੱਠਾ ਮਜ਼ਾਕ ਕਰਦੇ ਤੁਰਦੇ ਰਹੇ।

ਉਹ ਜਲਸੇ ਵਾਲ਼ੀ ਥਾਂ ਦੇ ਨੇੜੇ ਪਹੁੰਚੇ ਤਾਂ ਰੌਲ਼ਾ ਬਹੁਤ ਹੀ ਵੱਧ ਗਿਆ ਸੀ। ਲਾਊਡਸਪੀਕਰ ਦੀ ਅਵਾਜ਼ ਬਹੁਤ ਉੱਚੀ ਸੀ ਅਤੇ ਸਿੱਧੀ ਕੰਨਾਂ ਦੇ ਪਰਦਿਆਂ ਨਾਲ਼ ਟਕਰਾ ਰਹੀ ਸੀ। ਉੱਥੇ ਕੋਈ ਗੀਤ ਗਾ ਰਿਹਾ ਸੀ। ਅਵਾਜ਼ ਟੁੱਟ ਜਾਣ ਕਰਕੇ ਗੀਤ ਬੰਦ ਹੋ ਜਾਂਦਾ ਅਤੇ ਮਾਹੌਲ ਵਿੱਚ ਤਿੱਖੀਆਂ ਜਿਹੀਆਂ ਚੀਕਾਂ ਫੈਲ ਜਾਂਦੀਆਂ। "ਜਲਸੇ ਵਿੱਚ ਅਸੀਂ ਸਾਰੇ ਇਕੱਠੇ ਬੈਠਾਂਗੇ। ਕਿਉਂ ਕਾਲ਼ੀ ?" ਕਿਰਪੂ ਨੇ ਸਲਾਹ ਦਿੱਤੀ।

'ਹਾਂ ਭਾਅ ਜੀ, ਇਕੱਠੇ ਹੀ ਬੈਠਣਾ ਚਾਹੀਦਾ। ਸੇਠ ਜੀ ਮਿਲ ਗਏ ਤਾਂ ਸਾਰੇ ਮਿਲ਼ ਕੇ ਗੱਲ ਕਰ ਲਵਾਂਗੇ। ਵੈਸੇ ਵੀ ਏਕਤਾ ਵਿੱਚ ਬਰਕਤ ਹੁੰਦੀ ਹੈ।"

ਜਲਸੇ ਦਾ ਇੰਤਜ਼ਾਮ ਖੁੱਲ੍ਹੀ ਅਤੇ ਖਾਲੀ ਜਗ੍ਹਾ ਵਿੱਚ ਕੀਤਾ ਗਿਆ ਸੀ। ਇੱਕ ਖੂੰਜੇ ਵਿੱਚ ਸਟੇਜ ਲਾਈ ਗਈ ਸੀ। ਤੰਬੂ ਵੀ ਲਾਇਆ ਹੋਇਆ ਸੀ ਤਾਂ ਕਿ ਆਉਣ ਵਾਲ਼ੇ ਨੇਤਾਂਵਾਂ ਉੱਪਰ ਛਾਂ ਰਹੇ। ਸਟੇਜ ਉੱਪਰ ਮੇਜ਼ ਦੇ ਪਿੱਛੇ ਪੰਜ ਕੁਰਸੀਆਂ ਰੱਖੀਆਂ ਹੋਈਆਂ ਸਨ। ਉਨਾਂ ਦੇ ਦੋਨੀਂ ਪਾਸੀਂ ਮਾਣਯੋਗ ਮਹਿਮਾਨਾਂ ਲਈ ਤਿੰਨ ਕਤਾਰਾਂ ਵਿੱਚ ਕੁਰਸੀਆਂ ਰੱਖੀਆਂ ਹੋਈਆ ਸਨ। ਸਟੇਜ ਦੇ ਸਾਹਮਣੇ ਖਾਲੀ ਜਗ੍ਹਾ ਨਿਆਣਿਆਂ ਨੇ ਮੱਲੀ ਹੋਈ ਸੀ ਅਤੇ ਉਹ ਆਪਸ ਵਿੱਚ ਲੜਦੇ ਝਗੜਦੇ ਰੌਲ਼ਾ ਪਾ ਰਹੇ ਸਨ। ਉਹ ਇੱਕ ਦੂਸਰੇ 'ਤੇ ਮਿੱਟੀ ਪਾ ਰਹੇ ਸਨ ਜਿਸ ਕਰਕੇ ਲੋਕਾਂ ਦੇ ਆਉਣ ਜਾਣ ਕਰਕੇ ਉੱਡਦੀ ਗਰਦ ਹੋਰ ਵੀ ਸੰਘਣੀ ਹੋ ਗਈ ਸੀ। ਇੱਕ ਪਾਸੇ ਜਨਾਨੀਆਂ ਬੈਠੀਆਂ ਸਨ ਅਤੇ ਉਹ ਵੀ ਮੂੰਹ ਮੋਹਰੇ ਚੁੰਨੀਆਂ ਲੈ ਕੇ ਖੀਂਅ … ਖੀਂਅ ਹੱਸਦੀਆਂ ਹੋਈਆਂ ਆਪਸ ਵਿੱਚ ਠੱਠਾ ਮਜ਼ਾਕ ਕਰ ਰਹੀਆਂ ਸਨ।

ਬੱਚਿਆਂ ਅਤੇ ਔਰਤਾਂ ਦੇ ਪਿੱਛੇ ਆਦਮੀ ਬੈਠੇ ਸਨ। ਉਨ੍ਹਾਂ ਵਿੱਚੋਂ ਕਈ ਸਿਗਰਟਾਂ ਪੀਂਦੇ ਧੂੰਏ ਦੇ ਨਾਲ਼ ਨਾਲ਼ ਮਿੱਟੀ ਵੀ ਫੇਫੜਿਆਂ ਵਿੱਚ ਖਿੱਚ ਰਹੇ ਸਨ। ਬਹੁਤ ਸਾਰੇ ਆਦਮੀ ਇੱਧਰ ਉੱਧਰ ਟਹਿਲ ਰਹੇ ਸਨ ਜਾਂ ਛੋਟੇ ਛੋਟੇ ਗਰੁੱਪਾਂ ਵਿੱਚ ਖੜ੍ਹੇ ਗੱਲਾਂ ਕਰਨ ਵਿੱਚ ਮਗਨ ਸਨ। ਉਹ ਇਸ ਉਡੀਕ ਵਿੱਚ ਸਨ ਕਿ ਜਲਸਾ ਸ਼ੁਰੂ ਹੋਵੇ ਤਾਂ ਉਹ ਆਪਣੇ ਬੈਠਣ ਦੀ ਥਾਂ ਲੈਣ।

"ਲੀਡਰ ਕਿੱਥੇ ਹਨ ?" ਇੱਕ ਆਦਮੀ ਨੇ ਪੁੱਛਿਆ।

"ਸੇਠ ਜੀ ਦੇ ਦੀਵਾਨਖਾਨੇ ਵਿੱਚ ਚਾਹ ਪੀਂਦੇ ਆਪਸ ਵਿੱਚ ਲੜ ਰਹੇ ਹਨ।" ਦੂਸਰੇ ਨੇ ਜਵਾਬ ਦਿੱਤਾ।

"ਲੜਦੇ ਕਿਉਂ ਹਨ ?" ਤੀਜਾ ਆਦਮੀ ਘਬਰਾ ਗਿਆ।

"ਲੜਦੇ ਹੀ ਸਮਝੋ। ਬਹੁਤ ਉੱਚੀ ਉੱਚੀ ਬੋਲ ਰਹੇ ਹਨ। ਪ੍ਰੇਮ-ਪਿਆਰ ਵਾਲ਼ੀ ਗੱਲ ਤਾਂ ਸੰਘ ਪਾੜ ਪਾੜ ਕੇ ਨਹੀਂ ਹੁੰਦੀ।" ਇੱਕ ਹੋਰ ਆਦਮੀ ਬੋਲਿਆ।

"ਭਾਈ, ਆਪਣੇ ਲੀਡਰਾਂ ਦਾ ਮਜ਼ਾਕ ਨਾ ਉਡਾਓ। ਬਰਾਦਰੀ ਦੇ ਸਾਹਮਣੇ ਜੋ ਵੀ ਪ੍ਰੋਗਰਾਮ ਕਰਨਾ ਹੈ ਉਸ ਨੂੰ ਆਖਰੀ ਰੂਪ ਦੇ ਰਹੇ ਹਨ। ਬਹੁਤ ਗੰਭੀਰ ਸਮੱਸਿਆਵਾਂ 'ਤੇ ਗੱਲ ਬਾਤ ਕਰ ਰਹੇ ਹਨ।" ਇੱਕ ਤਕੜੇ ਸਰੀਰ ਵਾਲ਼ੇ ਨੌਜਵਾਨ ਨੇ ਸੂਚਨਾ ਦਿੱਤੀ। ਉਸ ਦਾ ਰੰਗ ਕਾਲ਼ਾ ਅਤੇ ਚੇਹਰੇ 'ਤੇ ਮਾਤਾ ਦੇ ਦਾਗ ਸਨ। ਉਸ ਦੀ ਅਵਾਜ਼ ਭਾਰੀ ਅਤੇ ਸਿਰ ਦੇ ਵਾਲ਼ ਸੰਘਣੇ ਸਨ। ਉਸ ਨੇ ਖੱਦਰ ਦਾ ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ ਸੀ।

ਉਹ ਨੌਜਵਾਨ ਜਨਾਨੀਆਂ ਅਤੇ ਨਿਆਣਿਆਂ ਦੀ ਭੀੜ ਤੋਂ ਬੱਚਦਾ ਹੋਇਆ ਸਟੇਜ 'ਤੇ ਪਹੁੰਚ ਗਿਆ ਅਤੇ ਮਾਇਕ ਆਪਣੇ ਹੱਥ ਵਿੱਚ ਲੈ ਕੇ ਹੈਲੋ ਹੈਲੋ ਕਰਨ ਲੱਗਾ। ਮਾਇਕ 'ਤੇ ਆਪਣੀ ਅਵਾਜ਼ ਸੁਣ ਕੇ ਉਹ ਖੁਸ਼ ਹੋ ਗਿਆ ਅਤੇ ਫਿਰ ਮਾਇਕ 'ਤੇ ਹੀ ਗਲ਼ਾ ਸਾਫ ਕਰਦਾ ਹੋਇਆ ਬੋਲਿਆ, "ਭਾਈਓ, ਭੈਣੋ, ਬਜ਼ੁਰਗੋ ਅਤੇ ਬੱਚਿਓ! ਤੁਹਾਡਾ ਦਾਸ ਮਾਲੀਰਾਮ ਤੁਹਾਨੂੰ ਇਹ ਬੇਨਤੀ ਕਰਨ ਲਈ ਸਟੇਜ 'ਤੇ ਹਾਜ਼ਰ ਹੋਇਆ ਹੈ ਕਿ ਆਪਣੇ ਮਾਣਯੋਗ ਨੇਤਾ ਛੇਤੀ ਹੀ ਜਲਸੇ ਵਿੱਚ ਆ ਰਹੇ ਹਨ। ਤੁਸੀਂ ਆਪਣੀ ਆਪਣੀ ਜਗ੍ਹਾ 'ਤੇ ਅਰਾਮ ਨਾਲ਼ ਬੈਠ ਜਾਉ ਅਤੇ ਚੁੱਪ ਦਾ ਦਾਨ ਬਖਸ਼ੋ। ਸ਼ੁਕਰੀਆ।"

ਮਾਲੀਰਾਮ ਦੇ ਮਾਈਕ ਰੱਖਦਿਆਂ ਹੀ ਇੱਕ ਪਾਸਿਉਂ ਤਾੜੀਆਂ ਗੂੰਜ ਉੱਠੀਆਂ ਅਤੇ ਦੂਸਰੇ ਪਾਸਿਉਂ ਮਾਈਕ ਤੋਂ ਚੀਕਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ। "ਯਾਰ ਪ੍ਰੇਮਿਆ, ਤੇਰਾ ਇਹ ਲਾਊਡ ਸਪੀਕਰ ਬਹੁਤ ਚੀਕਦਾ। ਇਹਨੂੰ ਠੀਕ ਕਰ।" ਮਾਲੀਰਾਮ ਨੇ ਹੁਕਮ ਦਿੱਤਾ।

"ਲਾਊਡ ਸਪੀਕਰ ਦਾ ਕੀ ਕਸੂਰ ਹੈ ? ਬੋਲਣ ਵਾਲ਼ੇ ਹੀ ਇਹੋ ਜਿਹੇ ਹਨ। ਕੁੱਝ ਅਵਾਜ਼ਾਂ ਉਹ ਕੱਢਦੇ ਹਨ ਤੇ ਕੁੱਝ ਆਪਣੀ ਵਲੋਂ ਇਹ ਜੋੜ ਦਿੰਦਾ ਹੈ।" ਪ੍ਰੇਮਾ ਮੁਸਕਰਾਇਆ।

"ਜੇ ਲਾਊਡ ਸਪੀਕਰ ਨੇ ਗੜਬੜ ਕੀਤੀ, ਤਾਂ ਯਾਦ ਰੱਖ, ਇੱਕ ਪੈਸਾ ਵੀ ਨਹੀਂ ਮਿਲ਼ਣਾ। ਲਾਊਡ ਸਪੀਕਰ ਸਮੇਤ ਤੈਨੂੰ ਬੂਟਾ ਪਿੰਡ ਦੇ ਛੱਪੜ ਵਿੱਚ ਸੁੱਟ ਦਊਂਗਾ। ਦੇਖ ਲੈ। ਇੱਕ ਗੋਤਾ ਖਾਣ ਤੋਂ ਪਹਿਲਾਂ ਹੀ ਤੂੰ ਉੱਪਰ ਉੱਚੀ ਦਰਗਾਹ ਵਿੱਚ ਪਹੁੰਚ ਜਾਵੇਂਗਾ।"

ਮਾਲੀਰਾਮ ਨੇ ਪ੍ਰੇਮੇ ਨੂੰ ਚਿਤਾਵਨੀ ਦਿੱਤੀ।

"ਯਾਰਾ, ਚਾਰ ਵਜੇ ਦਾ ਟੈਮ ਦਿੱਤਾ ਸੀ। ਛੇ ਵੱਜ ਗਏ ਹਨ। ਬੈਟਰੀ ਡਾਊਨ ਹੋ ਰਹੀ ਹੈ। ਜੇ ਇੱਕ ਘੰਟਾ ਹੋਰ ਲੱਗ ਗਿਆ ਤਾਂ ਇਹ ਬਿਲਕੁਲ ਹੀ ਬੰਦ ਹੋ ਜਾਣੀ ਹੈ। ਆਹ ਜਿਹੜੀਆਂ ਚੀਕਾਂ ਮਾਰਦਾ ਉਹ ਵੀ ਬੰਦ ਹੋ ਜਾਣੀਆਂ।"

ਜਦ ਸੜਕ ਦੇ ਪਾਰ ਚਹਿਲ ਪਹਿਲ ਕੁੱਝ ਜ਼ਿਆਦਾ ਹੀ ਵੱਧ ਗਈ ਤਾਂ ਪ੍ਰੇਮੇ ਨੂੰ ਛੱਡ ਮਾਲੀਰਾਮ ਸਟੇਜ ਦੀ ਇੱਕ ਕੁਰਸੀ 'ਤੇ ਖੜ੍ਹਾ ਹੋ, ਗਰਦਨ ਪੂਰੀ ਉੱਪਰ ਚੁੱਕ ਕੇ ਸੜਕ ਦੇ ਦੂਜੇ ਪਾਸੇ ਦੇਖਣ ਲੱਗਾ। ਉੱਥੇ ਕਾਫੀ ਲੋਕ ਇਕੱਠੇ ਹੋ ਗਏ ਸਨ ਅਤੇ ਉਨ੍ਹਾਂ ਦੇ ਫੁੱਲਾਂ ਦੇ ਹਾਰ ਪਾਏ ਜਾ ਰਹੇ ਸਨ। ਮਾਲੀਰਾਮ ਨੇ ਇਕਦਮ ਕੁਰਸੀ ਛੱਡ ਦਿੱਤੀ ਅਤੇ ਸਟੇਜ ਤੋਂ ਥੱਲੇ ਉੱਤਰਨ ਲਈ ਛਾਲ ਮਾਰਨ ਹੀ ਲੱਗਾ ਸੀ ਕਿ ਕੁੱਝ ਸੋਚ ਕੇ ਉੱਥੇ ਹੀ ਖੜ੍ਹ ਗਿਆ। ਉਹ ਕਾਹਲ਼ੀ ਨਾਲ਼ ਪ੍ਰੇਮੇ ਵੱਲ ਗਿਆ ਅਤੇ ਮੂਧਾ ਹੁੰਦਿਆਂ ਬੋਲਿਆ, "ਪ੍ਰੇਮੇ, ਲਾਊਡ ਸਪੀਕਰ ਚੰਗੀ ਤਰ੍ਹਾਂ ਚਲਾ। ਦੌੜ ਕੇ ਹੋਰ ਬੈਟਰੀ ਲੈ ਆ। ਅੱਜ ਗੱੜਬੜ ਹੋ ਗਈ ਤਾਂ ਤੇਰੀ ਟਿੰਡ ਫਾਹੂੜੀ ਸਦਾ ਲਈ ਚੱਕਵਾ ਦਊਂਗਾ। ਤੂੰ ਸੇਠ ਸਾਹਬ ਦਾ ਗੁੱਸਾ ਜਾਣਦਾ ਹੀ ਹੈ।"

"ਤੂੰ ਆਪਣਾ ਕੰਮ ਕਰ। ਜੇ ਲਾਊਡ ਸਪੀਕਰ ਤੇਰੀ ਗੱਲ ਨਹੀਂ ਮੰਨਦਾ, ਤੈਨੂੰ ਝੂਠਾ ਸਮਝ ਇਤਰਾਜ਼ ਕਰਦਾ ਹੈ ਤਾਂ ਇਸ ਵਿੱਚ ਮੇਰਾ ਕੀ ਕਸੂਰ ਹੈ?" ਪ੍ਰੇਮੇ ਨੇ ਉਸ ਨੂੰ ਹੱਥ ਨਾਲ਼ ਦੂਰ ਹੱਟਣ ਦਾ ਇਸ਼ਾਰਾ ਕੀਤਾ। "ਜਾ ਦੌੜ ਇੱਥੋਂ। ਨੰਬਰ ਬਣਾਉਣੇ ਹਨ ਤਾਂ ਲੀਡਰਾਂ ਦੀ ਜੈ ਜੈ ਕਾਰ ਬੁਲਾ ਜਾ ਕੇ।"

ਕੁੱਝ ਹੀ ਸਮੇਂ ਬਾਅਦ ਫੁੱਲਾਂ ਦੇ ਹਾਰਾਂ ਨਾਲ਼ ਲੱਦੇ ਸੇਠ ਬਖਸ਼ੀ ਰਾਮ ਦੇ ਨਾਲ਼ ਸਰਦਾਰ ਕਿਸ਼ਨ ਸਿੰਘ, ਲਾਲਾ ਘਸੀਟਾ ਰਾਮ, ਪੰਡਤ ਬਾਲਮੁਕੰਦ ਅਤੇ ਸੇਠ ਰਾਮ ਪ੍ਰਕਾਸ਼ ਵਾਰੀ ਵਾਰੀ ਸਟੇਜ ਉੱਪਰ ਚੜ੍ਹੇ ਅਤੇ ਕੁਰਸੀਆ 'ਤੇ ਬੈਠ ਗਏ।

ਜਦ ਤੱਕ ਉਹ ਬੈਠ ਨਾ ਗਏ, ਮਾਲੀਰਾਮ ਲੱਕ ਦੋਹਰਾ ਕਰੀ, ਬਾਂਹ ਘੁਮਾ ਘੁਮਾ ਅਤੇ ਸੰਘ ਪਾੜ ਪਾੜ ਕੇ ਉਨਾਂ ਦੀ ਜੈ ਜੈ ਕਾਰ ਬੁਲਾਉਂਦਾ ਰਿਹਾ। ਉਸ ਨੇ ਸੇਠ ਬਖਸ਼ੀਰਾਮ ਅਤੇ ਸੇਠ ਰਾਮ ਪ੍ਰਕਾਸ਼ ਦੀ ਖਾਸ ਰੂਪ ਵਿੱਚ ਜੈ ਜੈ ਕਾਰ ਬੁਲਾਈ ਅਤੇ ਲੋਕਾਂ ਨੇ ਵੀ ਖੂਬ ਤਾੜੀਆਂ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਕਾਲ਼ੀ ਅਤੇ ਹੋਰ ਲੋਕ ਬੈਠਣ ਦੀ ਬਜਾਏ ਸਟੇਜ ਤੋਂ ਥੋੜ੍ਹਾ ਪਰ੍ਹੇ ਆਪਣੀ ਵੱਖਰੀ ਟੋਲੀ ਬਣਾ ਕੇ ਖੜ੍ਹੇ ਹੋ ਗਏ। ਬੈਠਣ ਨਾਲ਼ ਉਹ ਸਾਰਾ ਕੁੱਝ ਦੇਖ ਨਹੀਂ ਸਕਦੇ ਸੀ ਅਤੇ ਸਾਰਿਆਂ 'ਤੇ ਅੱਖ ਰੱਖਣੀ ਉਨ੍ਹਾਂ ਲਈ ਬਹੁਤ ਜ਼ਰੂਰੀ ਸੀ।

"ਭਾਅ ਜੀ, ਇਨ੍ਹਾਂ ਵਿੱਚੋਂ ਆਪਣਾ ਸੇਠ ਕਿਹੜਾ ਹੈ?" ਕਾਲ਼ੀ ਨੇ ਕਿਰਪੂ ਨੂੰ ਪੁੱਛਿਆ।

"ਮੈਂ ਸੇਠ ਨੂੰ ਕਦੇ ਦੇਖਿਆ ਤਾਂ ਨਹੀਂ। ਪਰ ਜੋ ਹੁਲੀਆ ਸੁਣਿਆ ਹੋਇਆ ਹੈ, ਉਹਦੇ ਮੁਤਾਬਿਕ ਤਾਂ ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੈ।" ਕਿਰਪੂ ਨੇ ਕਿਹਾ।

"ਪਰ ਉਹ ਤਾਂ ਕਹਿ ਕੇ ਗਿਆ ਸੀ ... ਸੇਠ ਰਾਮ ਪ੍ਰਕਾਸ਼, ਕਿ ਕਾਰਖਾਨੇ ਦੇ ਮਾਲਕ ਸੇਠ ਜੀ ਜਲਸੇ ਵਿੱਚ ਜ਼ਰੂਰ ਆਉਣਗੇ।" ਕਾਲ਼ੀ ਸੋਚ ਵਿੱਚ ਡੁੱਬ ਗਿਆ।

"ਬੜੇ ਆਦਮੀਆਂ ਦਾ ਕੀ ਭਰੋਸਾ। ਕੋਈ ਕੰਮ ਪੈ ਗਿਆ ਹੋਵੇਗਾ।" ਕਿਰਪੂ ਨੇ ਹੱਥ ਮਾਰਿਆ। ਫਿਰ ਉਹ ਕਾਲ਼ੀ ਵੱਲ ਨੂੰ ਮੂਧਾ ਹੋ ਕੇ ਉਸ ਦੇ ਕੰਨ ਵਿੱਚ ਕਹਿਣ ਲੱਗਾ, "ਪਰ ਫੋਰਮੈਨ ਬੈਠਾ ਹੈ, ਮੁਨਸ਼ੀ ਦੇ ਨਾਲ਼।"

"ਕਿੱਥੇ ?" ਕਾਲ਼ੀ ਨੇ ਪੱਬਾਂ ਭਾਰ ਹੋ ਕੇ ਗਰਦਨ ਮੋਹਰ ਨੂੰ ਕਰਕੇ ਉੱਧਰ ਨੂੰ ਦੇਖਿਆ ਜਿੱਧਰ ਨੂੰ ਕਿਰਪੂ ਨੇ ਇਸ਼ਾਰਾ ਕੀਤਾ ਸੀ।

"ਸਟੇਜ ਦੇ ਖੱਬੇ ਹੱਥ। ਕੁਰਸੀਆਂ ਦੀ ਤੀਸਰੀ ਕਤਾਰ ਵਿੱਚ, ਪਰਲੇ ਪਾਸੇ।"

"ਹਾਂ।" ਕਾਲ਼ੀ ਨੇ ਉਨ੍ਹਾਂ ਨੂੰ ਦੇਖ ਕੇ ਪੱਬਾਂ ਨੂੰ ਥੱਲੇ ਕਰ ਲਿਆ ਅਤੇ ਮੋਢੇ ਹਿਲਾਉਣ ਲੱਗਾ, "ਆਪਸ ਵਿੱਚ ਬੜੇ ਫਸ ਕੇ ਬੈਠੇ ਹਨ।"

"ਉਹ ਤਾਂ ਬੈਠਣਗੇ ਹੀ।" ਸਿਰ ਹਿਲਾ ਕਿਰਪੂ ਸਟੇਜ ਵੱਲ ਦੇਖਣ ਲੱਗਾ।

ਜਦ ਮਾਲੀਰਾਮ ਨੇ ਮਾਈਕ 'ਤੇ ਐਲਾਨ ਕੀਤਾ ਕਿ ਹੁਣ ਆਪ ਸਾਰਿਆਂ ਦੇ ਦਿਲਾਂ ਦੀ ਧੜਕਣ, ਕੌਮ ਦਾ ਮਾਣ, ਨੌਜਵਾਨ ਨੇਤਾ, ਸੇਠ ਰਾਮ ਪ੍ਰਕਾਸ਼ ਤੁਹਾਡੇ ਸਾਹਮਣੇ ਆਪਣੇ ਕੀਮਤੀ ਵਿਚਾਰ ਰੱਖਣਗੇ ਤਾਂ ਸਟੇਜ ਦੇ ਮੋਹਰੇ ਬੈਠੇ ਹਜੂਮ ਨੇ ਪੂਰੇ ਜ਼ੋਰ ਨਾਲ਼ ਤਾੜੀਆ ਮਾਰ ਕੇ ਇਸ ਐਲਾਨ ਦਾ ਸਵਾਗਤ ਕੀਤਾ। ਤਾੜੀਆਂ ਦੀ ਗੂੰਜ ਸੁਣ ਕੇ ਮਾਲੀਰਾਮ ਹੋਰ ਵੀ ਜ਼ਿਆਦਾ ਉੱਤਸ਼ਾਹ ਵਿੱਚ ਆ ਗਿਆ ਅਤੇ ਉਸ ਸਮੇਂ ਤੱਕ ਰਾਮ ਪ੍ਰਕਾਸ਼ ਦੀ ਜੈ ਜੈ ਕਰਦਾ ਰਿਹਾ ਜਦ ਤੱਕ ਕਿ ਉਸ ਦਾ ਗਲ਼ ਅਤੇ ਫੇਫੜੇ ਉਸ ਦਾ ਸਾਥ ਦਿੰਦੇ ਰਹੇ।

ਰਾਮ ਪ੍ਰਕਾਸ਼ ਨੇ ਮਾਈਕ ਦੇ ਸਾਹਮਣੇ ਖੜ੍ਹੇ ਹੋ ਕੇ ਹੱਥ ਜੋੜੇ ਅਤੇ ਸਿਰ ਝੁਕਾ ਕੇ ਪ੍ਰਣਾਮ ਕੀਤਾ। ਫਿਰ ਉਸ ਨੇ ਆਦਰ ਨਾਲ਼ ਪਿੱਛੇ ਕੁਰਸੀਆਂ ਵੱਲ ਦੇਖਿਆ, "ਤੁਹਾਡੇ ਵਰਗੇ ਬਜ਼ੁਰਗ ਅਤੇ ਤਜਰਬੇਕਾਰ ਲੀਡਰਾਂ ਦੇ ਸਾਹਮਣੇ ਮੂੰਹ ਖੋਲ੍ਹਦਿਆਂ ਮੈਨੂੰ ਨਾ ਸਿਰਫ ਝਿਜਕ ਮਹਿਸੂਸ ਹੋ ਰਹੀ ਸਗੋਂ ਸ਼ਰਮ ਦਾ ਵੀ ਅਹਿਸਾਸ ਹੋ ਰਿਹਾ ਹੈ। ... ਡਰ ਹੈ ਕਿ ਕਿਤੇ ਛੋਟੇ ਮੂੰਹ ਤੋਂ ਵੱਡੀ ਗੱਲ ਨਾ ਨਿਕਲ਼ ਜਾਵੇ।"

"ਬਸ। ਉੱਚੀ ਦੁਕਾਨ ਫਿੱਕਾ ਪਕਵਾਨ ਨਹੀਂ ਹੋਣਾ ਚਾਹੀਦਾ।" ਕਿਸ਼ਨ ਸਿੰਘ ਖੁੱਲੀ ਦਾੜ੍ਹੀ 'ਤੇ ਹੱਥ ਫੇਰਦਾ ਹੱਸਿਆ, "ਬਰਖੁਰਦਾਰ, ਤੁਸੀਂ ਸੇਠ ਬਖਸ਼ੀ ਰਾਮ ਦੇ ਵਾਰਿਸ ਹੋ। ਇਹਨਾਂ ਨੇ ਹੀ ਸਾਰਿਆਂ ਨੂੰ ਪਾਲ਼ਿਆ ਹੈ। ਅੱਗੇ ਵਧਾਇਆ ਹੈ।"

ਕਿਸ਼ਨ ਸਿੰਘ ਦੀ ਗੱਲ ਸਟੇਜ 'ਤੇ ਬੈਠੇ ਬਾਕੀ ਲੀਡਰਾਂ, ਥੱਲੇ ਕੁਰਸੀਆਂ 'ਤੇ ਬੈਠੇ ਮਾਣਯੋਗ ਮਹਿਮਾਨਾਂ ਅਤੇ ਲੋਕਾਂ ਨੇ ਮਖੌਲ ਵਿੱਚ ਉਡਾ ਦਿੱਤੀ। ਪਰ ਰਾਮ ਪ੍ਰਕਾਸ਼ ਉਸ ਦੀ ਗੱਲ ਦਾ ਮਤਲਬ ਚੰਗੀ ਤਰ੍ਹਾਂ ਸਮਝ ਗਿਆ ਸੀ। ਉਸ ਨੇ ਕਿਸ਼ਨ ਸਿੰਘ ਵੱਲ ਦੇਖਿਆ ਅਤੇ ਹੌਲ਼ੀ ਹੌਲ਼ੀ ਸਿਰ ਹਿਲਾਇਆ ਜਿਵੇਂ ਉਸ ਨੂੰ ਦੱਸਣਾ ਚਾਹੁੰਦਾ ਹੋਵੇ ਕਿ ਉਹ ਉਸ ਦੇ ਪਾਏ ਚੋਗੇ ਨੂੰ ਮੂੰਹ ਨਹੀਂ ਲਾਏਗਾ।

ਰਾਮ ਪ੍ਰਕਾਸ਼ ਨੇ ਇਸ ਵਾਰ ਫਿਰ ਸਾਹਮਣੇ ਬੈਠੇ ਹਜ਼ੂਮ 'ਤੇ ਨਜ਼ਰ ਮਾਰੀ ਅਤੇ ਗਿਣਵੇਂ ਮਿਣਵੇਂ ਸ਼ਬਦਾਂ ਨਾਲ਼ ਆਪਣਾ ਭਾਸ਼ਣ ਸ਼ੁਰੂ ਕੀਤਾ। "ਪਿਆਰੇ ਬੱਚਿਉ, ਭੈਣੋ, ਭਰਾਵੋ ਅਤੇ ਸਤਿਕਾਰਯੋਗ ਬਜ਼ੁਰਗੋ ! ਮੈਂ ਤੁਹਾਡੇ ਸਾਹਮਣੇ ਭਾਸ਼ਣ ਦੇਣ ਲਈ ਖੜ੍ਹਾ ਨਹੀਂ ਹੋਇਆ ਕਿਉਂਕਿ ਮੈਂ ਲੀਡਰ ਨਹੀਂ ਹਾਂ। ਮੈਂ ਤਾਂ ਤੁਹਾਡਾ ਸੇਵਕ ਹਾਂ ਅਤੇ ਤੁਹਾਡੀ ਸੇਵਾ

ਕਰਨਾ ਹੀ ਮੇਰਾ ਧਰਮ ਹੈ। ਮੇਰੀ ਜ਼ਿੰਦਗੀ ਦਾ ਮਕਸਦ ਹੈ।"

ਜਦ ਤਾੜੀਆਂ ਦੀ ਗੂੰਜ ਘੱਟ ਗਈ ਤਾਂ ਰਾਮ ਪ੍ਰਕਾਸ਼ ਨੇ ਗੱਲ ਜਾਰੀ ਰੱਖੀ। "ਤੁਸੀਂ ਸਾਰੇ ਜਾਣਦੇ ਹੀ ਹੋ ਕਿ ਮੈਂ ਬਹੁਤ ਉੱਚੀ ਵਿਦਿਆ ਪ੍ਰਾਪਤ ਕੀਤੀ ਹੈ। ਲਾਹੌਰ ਦੇ ਉਸ ਮਸ਼ਹੂਰ ਸਰਕਾਰੀ ਕਾਲਜ ਵਿੱਚ ਪੜ੍ਹਿਆ ਹਾਂ ਜਿਥੇ ਸਿਰਫ ਅਮੀਰਾਂ ਅਤੇ ਰਈਸਾਂ ਦੇ ਨਿਆਣਿਆਂ ਨੂੰ ਹੀ ਦਾਖਲ ਕੀਤਾ ਜਾਂਦਾ ਸੀ ਅਤੇ ਜਿਥੇ ਦਾ ਹਰ ਵਿਦਿਆਰਥੀ ਘੱਟ ਤੋਂ ਘੱਟ ਤਹਿਸੀਲਦਾਰ ਜ਼ਰੂਰ ਬਣਦਾ ਸੀ। ... ਪਰ ਮੈਂ ਉਸ ਕਾਲਜ ਵਿੱਚ ਪੜ੍ਹਾਈ ਨੌਕਰੀ ਲੈਣ ਲਈ ਨਹੀਂ ਕੀਤੀ ਸੀ। ਮੇਰੇ ਸਾਹਮਣੇ ਇੱਕ ਹੀ ਮਕਸਦ ਸੀ ਕਿ ਮੇਰਾ ਦਿਲ ਅਤੇ ਦਿਮਾਗ ਵਿਦਿਆ ਦੇ ਚਾਨਣ ਨਾਲ਼ ਰੌਸ਼ਨ ਹੋ ਜਾਣ। ਇਸ ਚਾਨਣ ਦੀ ਮਦਦ ਨਾਲ਼ ਮੈਂ ਦੂਰ ਭਵਿੱਖ ਵਿੱਚ ਦੇਖ ਸਕਾਂ ਅਤੇ ਮੈਂ ਤੁਹਾਡੀ, ਆਪਣੀ ਸਮੁੱਚੀ ਬਰਾਦਰੀ ਦੀ ਚੰਗੇ ਢੰਗ ਨਾਲ਼ ਸੇਵਾ ਕਰ ਸਕਾਂ।"

ਇਸ ਵਾਰ ਤਾੜੀਆਂ ਦੀ ਗੂੰਜ ਕਾਫੀ ਦੇਰ ਤੱਕ ਰਹੀ ਅਤੇ ਮਾਲੀਰਾਮ ਤਾਂ 'ਸੇਠ ਰਾਮ ਪ੍ਰਕਾਸ਼-ਜ਼ਿੰਦਾਬਾਦ' ਦੇ ਨਾਹਰੇ ਲਾਉਂਦਾ ਲਾਉਂਦਾ ਦੋਹਰਾ ਹੋ ਗਿਆ। ਜਦੋਂ ਲੋਕ ਇੱਕ ਵਾਰ ਫਿਰ ਟਿਕ ਗਏ ਤਾਂ ਰਾਮ ਪ੍ਰਕਾਸ਼ ਅੱਗੇ ਬੋਲਿਆ, "ਮੈਂ ਆਪਣੇ ਦੇਸ਼ ਅਤੇ ਦੁਨੀਆਂ ਦੀ ਤਾਰੀਖ ਦਾ ਬਹੁਤ ਅਧਿਐਨ ਕੀਤਾ ਹੈ। ਅਖੀਰ ਵਿੱਚ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਦੁਨੀਆਂ ਵਿੱਚ ਸਿਰਫ ਉਨਾਂ ਲੋਕਾਂ ਅਤੇ ਬਰਾਦਰੀਆਂ ਨੇ ਤਰੱਕੀ ਕੀਤੀ ਹੈ, ਆਪਣੀ ਧਾਂਕ ਜਮਾਈ ਹੈ ਜਿਹਨਾਂ ਦੀ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਕੀ ਆਪਣੀ ਬਰਾਦਰੀ ਦੀ ਕੋਈ ਵੱਖਰੀ ਪਹਿਚਾਣ ਹੈ ?"

ਸਾਰੇ ਲੋਕ ਖਮੋਸ਼ ਬੈਠੇ ਰਹੇ ਜਿਵੇਂ ਰਾਮ ਪ੍ਰਕਾਸ਼ ਦਾ ਸਵਾਲ਼ ਉਨਾਂ ਦੀ ਸਮਝ ਵਿੱਚ ਹੀ ਨਾ ਆਇਆ ਹੋਵੇ। ਇਹ ਦੇਖ ਕੇ ਰਾਮ ਪ੍ਰਕਾਸ਼ ਨੇ ਜ਼ੋਰ ਨਾਲ਼ ਬਾਂਹ ਘੁਮਾਈ ਅਤੇ ਅਵਾਜ਼ ਹੋਰ ਉੱਚੀ ਕਰਕੇ ਕਿਹਾ, "ਜੇ ਸਾਡੀ ਆਪਣੀ ਵੱਖਰੀ ਪਹਿਚਾਣ ਹੁੰਦੀ ਤਾਂ ਸਾਡੀ ਇਹ ਦੁਰਦਸ਼ਾ ਨਾ ਹੁੰਦੀ।"

ਆਖਰੀ ਸ਼ਬਦ ਕਹਿੰਦਿਆਂ ਕਹਿੰਦਿਆਂ ਰਾਮ ਪ੍ਰਕਾਸ਼ ਦੀ ਅਵਾਜ਼ ਡੁੱਬ ਜਿਹੀ ਗਈ ਜਿਵੇਂ ਦੁੱਖ ਅਤੇ ਨਿਰਾਸ਼ਾ ਕਾਰਨ ਉਸ ਦਾ ਗਲ਼ਾ ਭਰ ਗਿਆ ਹੋਵੇ।

ਇਸ ਵਾਰ ਤਾਲੀਆਂ ਦੀ ਗੂੰਜ ਅਤੇ ਗਰਜ ਹੋਰ ਵੀ ਦੇਰ ਤੱਕ ਰਹੀ। ਮਾਲੀਰਾਮ ਨਾਹਰੇ ਲਾਉਂਦਾ ਲਾਉਂਦਾ ਮੁੜ੍ਹਕੇ ਨਾਲ਼ ਤਰ ਹੋ ਗਿਆ।

"ਕਹਿੰਦੇ ਹਨ ਗੁਰੂ ਦੇ ਬਿਨਾਂ ਗਿਆਨ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਗੁਰੂ ਦੇ ਬਿਨਾਂ ਪਹਿਚਾਣ ਵੀ ਨਹੀਂ ਹੈ।" ਰਾਮ ਪ੍ਰਕਾਸ਼ ਆਪਣੀਆ ਗੱਲਾਂ 'ਤੇ ਲੋਕਾਂ ਦੇ ਸਿਰ ਹਿਲਦੇ ਦੇਖ ਕੇ ਹੋਰ ਵੀ ਜ਼ਿਆਦਾ ਭਾਵੁਕ ਹੋ ਗਿਆ, "ਸਾਡੇ ਗੁਰੂ ਸਾਡੇ ਸਾਰਿਆਂ ਦੇ ਭਗਵਾਨ ਹਨ ... ਰਵਿਦਾਸ ਜੀ-ਜਿਹਨਾਂ ਨੂੰ ਉੱਚੀ ਜਾਤ ਵਾਲਿਆਂ ਨੇ ਰੈਦਾਸ ਦਾ ਨਾਂ ਦੇ ਦਿੱਤਾ ਹੈ। ਭਗਵਾਨ ਨੂੰ ਭਗਤ ਬਣਾ ਦਿੱਤਾ ਹੈ।"

ਇਸ ਵਾਰ ਜਦ ਤਾੜੀਆਂ ਦੇਰ ਨਾਲ਼ ਵੱਜਦੀਆਂ ਰਹੀਆਂ ਤਾਂ ਰਾਮ ਪ੍ਰਕਾਸ਼ ਖਿੱਝ ਗਿਆ, "ਤੁਸੀਂ ਜਾਂ ਤਾਂ ਮੇਰੇ ਵਿਚਾਰ ਸੁਣੋ ਜਾਂ ਫਿਰ ਤਾੜੀਆਂ ਵਜਾ ਲਉ।"

ਜਦ ਲੋਕ ਸ਼ਾਂਤ ਹੋ ਗਏ ਤਾਂ ਰਾਮ ਪ੍ਰਕਾਸ਼ ਨੇ ਖੰਘ ਕੇ ਆਪਣਾ ਗਲ਼ਾ ਸਾਫ ਕੀਤਾ,

"ਤੁਸੀਂ ਬਾਕੀ ਬਰਾਦਰੀਆਂ ਵੱਲ ਦੇਖੋ। ਬਾਕੀ ਧਰਮਾਂ ਵੱਲ ਧਿਆਨ ਦਿਓ। ... ਕਿੰਨੀ ਸ਼ਾਨ ਸ਼ੌਕਤ ਨਾਲ਼ ਆਪਣੇ ਗੁਰੂਆਂ, ਭਗਵਾਨਾਂ ਦੇ ਗੁਰਪੂਰਬ ਅਤੇ ਉੱਤਸਵ ਮਨਾਉਂਦੇ ਹਨ। ਅਦਭੁੱਤ ਸ਼ਰਧਾ ਦਿਖਾਉਂਦੇ ਹਨ। ਉਨ੍ਹਾਂ ਨੂੰ ਉੱਚਾ ਚੁੱਕਦੇ ਹਨ ਅਤੇ ਆਪ ਵੀ ਬੜਾ ਦਰਜਾ ਪਾਉਂਦੇ ਹਨ ...। ਇੱਕ ਅਸੀਂ ਹਾਂ ਕਿ ਆਪਣੇ ਗੁਰੂ ਅਤੇ ਭਗਵਾਨ ਨੂੰ ਭੁਲਾ ਚੁੱਕੇ ਹਾਂ, ਵਿਸਾਰ ਚੁੱਕੇ ਹਾਂ। ਇਸ ਲਈ ਅਸੀਂ ਗੰਦੀ ਨਾਲ਼ੀ ਦੇ ਕੀੜੇ ਬਣੇ ਬੈਠੇ ਹਾਂ।"

ਲੋਕਾਂ ਦੇ ਚੇਹਰਿਆਂ 'ਤੇ ਛਾਈ ਉਦਾਸੀ ਅਤੇ ਪਰੇਸ਼ਾਨੀ ਦੇਖ ਕੇ ਰਾਮ ਪ੍ਰਕਾਸ਼ ਨੇ ਉਨ੍ਹਾਂ ਨੂੰ ਸਮਝਾਇਆ, "ਸਿਆਣੇ ਕਹਿੰਦੇ ਹਨ ਕਿ ਡੁੱਲੇ ਬੇਰਾਂ ਦਾ ਕੁਸ਼ ਨਹੀਂ ਵਿਗੜਦਾ। ਅਜੇ ਸਮਾਂ ਹੈ ਕਿ ਅਸੀਂ ਹੋਸ਼ ਤੋਂ ਕੰਮ ਲਈਏ। ਆਪਣੇ ਗੁਰੂ, ਭਗਵਾਨ ਅਤੇ ਦਇਆਵਾਨ ਦੇ ਪ੍ਰਤੀ ਆਪਣਾ ਫਰਜ਼ ਪਛਾਣੀਏ। ਉਸ ਦੀ ਵਡਿਆਈ ਕਰੀਏ ਕਿਉਂਕਿ ਇਸ ਵਿੱਚ ਹੀ ਸਾਡੀ ਭਲਾਈ ਹੈ।"

ਰਾਮ ਪ੍ਰਕਾਸ਼ ਨੇ ਸਰੋਤਿਆਂ 'ਤੇ ਨਜ਼ਰ ਮਾਰੀ ਅਤੇ ਦੋਵੇਂ ਹੱਥ ਉੱਪਰ ਚੁੱਕੇ, 'ਮੇਰਾ ਇੱਕ ਸੁਝਾਅ ਹੈ, ਸਗੋਂ ਕਹਿਣਾ ਚਾਹੀਦਾ ਕਿ ਮੇਰਾ ਇੱਕ ਵਿਸ਼ਵਾਸ ਹੈ ...।"

ਉਹ ਜ਼ਰਾ ਕੁ ਠਹਿਰ ਕੇ ਅੱਗੇ ਬੋਲਿਆ, "ਮੇਰਾ ਸੁਝਾਅ ਹੈ ਕਿ ਇਸ ਸਾਲ ਭਗਵਾਨ ਰਵਿਦਾਸ ਉੱਤਸਵ ਬਹੁਤ ਧੂਮਧਾਮ ਨਾਲ਼ ਮਨਾਇਆ ਜਾਏ ਤਾਂ ਕਿ ਸਾਰਿਆਂ ਨੂੰ ਪਤਾ ਲੱਗ ਸਕੇ ਉਨਾਂ ਦੇ ਸ਼ਰਧਾਲੂ, ਉਨਾਂ ਦੇ ਸੇਵਕ, ਨਾ ਸਿਰਫ ਜੀਂਦੇ ਹਨ ਸਗੋਂ ਦੇਸ਼ ਵਿੱਚ, ਸਮਾਜ ਵਿੱਚ ਆਪਣਾ ਉਚਿੱਤ ਸਥਾਨ ਬਣਾਉਣ ਲਈ ਵੀ ਬਚਨਬੱਧ ਹਨ।"

ਇਸ ਵਾਰ ਤਾੜੀਆਂ ਦੀ ਅਵਾਜ਼ ਲਹਿਰਾਂ ਵਾਂਗ ਆ ਰਹੀ ਸੀ। ਤਾੜੀਆਂ ਇੱਕ ਸਿਰੇ ਵਿੱਚ ਵੱਜਣੀਆਂ ਬੰਦ ਹੁੰਦੀਆਂ ਤਾਂ ਦੂਜੇ ਸਿਰੇ ਵਿੱਚ ਸ਼ੁਰੂ ਹੋ ਜਾਂਦੀਆਂ। ਇਹ ਸਿਲਸਿਲਾ ਮੁੱਕਣ ਵਿੱਚ ਨਹੀਂ ਆ ਰਿਹਾ ਸੀ। ਸੇਠ ਬਖਸ਼ੀਰਾਮ ਬਹੁਤ ਖੁਸ਼ ਅਤੇ ਪ੍ਰਸੰਨ ਹੋਇਆ ਲੋਕਾਂ ਵੱਲ ਦੇਖ ਰਿਹਾ ਸੀ ਜਦ ਕਿ ਕਿਸ਼ਨ ਸਿੰਘ ਬਹੁਤ ਔਖਾ ਸੀ ਜਿਵੇਂ ਜ਼ਮੀਨ ਉਸ ਦੇ ਪੈਰਾਂ ਥੱਲਿਉਂ ਖਿਸਕ ਰਹੀ ਸੀ।

"ਭਰਾਵੋ ਤੇ ਭੈਣੋ! ਮੈਨੂੰ ਆਪਣੀ ਗੱਲ ਮੁਕਾਉਣ ਦਾ ਮੌਕਾ ਦਿਉ ...।" ਰਾਮ ਪ੍ਰਕਾਸ਼ ਹੱਥ ਜੋੜ ਕੇ ਚਾਰੇ ਪਾਸੇ ਘੁੰਮ ਗਿਆ। "ਗੱਲ ਭਗਵਾਨ ਰਵਿਦਾਸ ਦਾ ਉੱਤਸਵ ਮਨਾਉਣ ਦੇ ਨਾਲ਼ ਹੀ ਖਤਮ ਨਹੀਂ ਹੋਣੀ, ਬਲਕਿ ਉਸ ਤੋਂ ਵੀ ਬਹੁਤ ਅੱਗੇ ਵੱਧਣਾ ਹੈ। ਆਪਾਂ ਜੇ ਬਾਕੀ ਲੋਕਾਂ ਤੋਂ ਅੱਗੇ ਨਹੀਂ ਨਿਕਲ਼ਣਾ ਤਾਂ ਘੱਟ ਤੋਂ ਘੱਟ ਉਨਾਂ ਦੇ ਬਰਾਬਰ ਜ਼ਰੂਰ ਆਉਣਾ ਹੈ। ... ਇਸ ਦਾ ਇੱਕ ਹੀ ਤਰੀਕਾ ਹੈ ਕਿ ਥਾਂ ਥਾਂ ਭਗਵਾਨ ਰਵਿਦਾਸ ਦੇ ਮੰਦਰ ਬਣਾਏ ਜਾਣ। ਉਨਾਂ ਮੰਦਰਾਂ ਵਿੱਚ ਉਨਾਂ ਦੀ ਪਵਿੱਤਰ ਬਾਣੀ ਦਾ ਪਾਠ ਕੀਤਾ ਜਾਵੇ। ਸ਼ਰਧਾਲੂ ਹੁੰਮ ਹੁੰਮਾ ਕੇ ਉੱਥੇ ਜਾਣ ਅਤੇ ਪਵਿੱਤਰ ਬਾਣੀ ਸਰਵਣ ਕਰਨ ਅਤੇ ਉਸ ਤੋਂ ਪ੍ਰੇਰਨਾ ਲੈਣ। ... ਭਗਵਾਨ ਰਵਿਦਾਸ ਦਾ ਪਹਿਲਾ ਮੰਦਰ ਇਸ ਥਾਂ 'ਤੇ, ਜਿਥੇ ਹੁਣ ਤੁਸੀਂ ਸਾਰੇ ਬੈਠੇ ਆਂ, ਇਥੇ ਬਣਾਇਆ ਜਾਵੇ ਅਤੇ ਉਸ ਦਾ ਨੀਂਹ ਪੱਥਰ ਉੱਤਸਵ ਵਾਲ਼ੇ ਦਿਨ ਰੱਖ ਦਿੱਤਾ ਜਾਵੇਗਾ।"

ਇਸ ਵਾਰ ਤਾਂ ਤਾੜੀਆਂ ਐਨੇ ਜ਼ੋਰ ਨਾਲ਼ ਵੱਜੀਆਂ ਕਿ ਨੇੜੇ ਤੇੜੇ ਦਰੱਖਤਾਂ 'ਤੇ

ਬੈਠੇ ਜਾਨਵਰ ਡਰ ਕੇ ਉੱਡ ਗਏ। ਤਾੜੀਆਂ ਦੇ ਨਾਲ਼ ਨਾਲ਼ 'ਸੇਠ ਰਾਮ ਪ੍ਰਕਾਸ਼ ਜ਼ਿੰਦਾਬਾਦ' ਦੇ ਨਾਹਰੇ ਵੀ ਗੂੰਜ ਰਹੇ ਸਨ। ਲੋਕਾਂ ਨੂੰ ਚੁੱਪ ਕਰਾਉਣ ਦੇ ਲਈ ਪਹਿਲਾਂ ਘਸੀਟਾ ਰਾਮ ਅਤੇ ਬਾਅਦ ਵਿੱਚ ਕਿਸ਼ਨ ਸਿੰਘ ਮਾਈਕ 'ਤੇ ਆਇਆ ਪਰ ਲੋਕਾਂ ਨੇ ਹੋਰ ਵੀ ਜ਼ੋਰ ਨਾਲ਼ ਤਾੜੀਆਂ ਮਾਰ ਕੇ ਉਨਾਂ ਨੂੰ ਦੂੜਾ ਦਿੱਤਾ। ਸੇਠ ਬਖਸ਼ੀ ਰਾਮ ਦੀ ਅਪੀਲ ਸੁਣਨ ਲਈ ਲੋਕ ਖਾਮੋਸ਼ ਹੋ ਗਏ।

ਜਦ ਸੇਠ ਬਖਸ਼ੀ ਰਾਮ ਮਾਈਕ ਤੋਂ ਪਰ੍ਹੇ ਹੋਇਆ ਤਾਂ ਰਾਮ ਪ੍ਰਕਾਸ਼ ਨੇ ਸਾਹਮਣੇ ਬੈਠੇ ਲੋਕਾਂ ਵੱਲ ਧਿਆਨ ਨਾਲ਼ ਦੇਖਿਆ। ਕਾਲ਼ੇ, ਪੀਲ਼ੇ, ਮਾਤਾ ਦੇ ਦਾਗਾਂ ਵਾਲ਼ੇ, ਅੱਖਾਂ 'ਚੋਂ ਪਾਣੀ ਵਗਦੇ, ਨੱਕ ਚੋਂਦੇ ਮੂੰਹਾਂ ਨੂੰ ਦੇਖ ਕੇ ਉਹ ਘਬਰਾ ਗਿਆ ਪਰ ਅਗਲੇ ਹੀ ਪੱਲ ਆਪਣੇ ਆਪ ਨੂੰ ਸੰਭਾਲ ਲਿਆ, "ਮੰਦਰ ਬਣਾਉਣ ਲਈ ਪੈਸੇ ਚਾਹੀਦੇ ਹਨ ... ਮੰਦਰ ਜਿੰਨਾ ਸ਼ਾਨਦਾਰ ਬਣੇਗਾ, ਸਾਡੀ ਉਨੀ ਹੀ ਸ਼ੋਭਾ ਵਧੇਗੀ। ਮੰਦਰ ਜਿੰਨਾ ਵੱਡਾ ਅਤੇ ਸੁਹਣਾ ਹੋਵੇਗਾ ਉਨੇ ਜ਼ਿਆਦਾ ਪੈਸੇ ਖਰਚ ਹੋਣਗੇ। ... ਮੈਂ ਹੁਣ ਤੁਹਾਨੂੰ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਤੁਸੀਂ ਭਗਵਾਨ ਰਵਿਦਾਸ ਦਾ ਮੰਦਰ ਬਣਾਉਣ ਲਈ ਦਿਲ ਖੋਲ੍ਹ ਕੇ ਦਾਨ ਦਿਉ।"

ਰਾਮ ਪ੍ਰਕਾਸ਼ ਨੇ ਗਰਦਨ ਘੁਮਾ ਕੇ ਸਟੇਜ 'ਤੇ ਬੈਠੇ ਲੋਕਾਂ ਵੱਲ ਦੇਖਿਆ। ਸਭ ਤੋਂ ਪਹਿਲਾਂ ਸੇਠ ਬਖਸ਼ੀ ਰਾਮ ਉੱਠਿਆ ਅਤੇ ਹੱਥ ਜੋੜ ਦਿੱਤੇ, "ਮੇਰੀ ਇੰਨੀ ਪਹੁੰਚ ਤਾਂ ਨਹੀਂ ਹੈ ਪਰ ਇਸ ਨੇਕ ਅਤੇ ਮਹਾਨ ਕੰਮ ਲਈ ਮੈਂ ਦਸ ਹਜ਼ਾਰ ਰੁਪਏ ਦੇਣ ਦਾ ਐਲਾਨ ਕਰਦਾ ਹਾਂ। ਇਸ ਤੋਂ ਬਿਨਾਂ ਸਮੇਂ ਸਮੇਂ 'ਤੇ ਜੋ ਸੇਵਾ ਸੰਭਵ ਹੋ ਸਕੇ, ਜ਼ਰੂਰ ਕਰੂੰਗਾ।"

ਸੇਠ ਬਖਸ਼ੀਰਾਮ ਲੋਕਾਂ ਦੇ ਸਾਹਮਣੇ ਹੱਥ ਜੋੜ ਅਤੇ ਸਿਰ ਝੁਕਾ ਕੇ ਮੁੜ ਆਪਣੀ ਕੁਰਸੀ 'ਤੇ ਆ ਬੈਠਾ। ਤਾੜੀਆਂ ਦੀ ਗੂੰਜ ਖਤਮ ਹੋਈ ਤਾਂ ਪੰਡਤ ਬਾਲ ਮੁਕੰਦ ਨੇ ਮਾਈਕ ਫੜ ਲਿਆ, "ਆਉਣਾ ਤਾਂ ਲਾਲਾ ਰਾਧੇ ਸ਼ਿਆਮ ਨੇ ਖੁਦ ਸੀ ਪਰ ਬਹੁਤ ਜ਼ਰੂਰੀ ਕੰਮ ਕਰਕੇ ਉਨਾਂ ਨੂੰ ਸਹਾਰਨਪੁਰ ਜਾਣਾ ਪੈ ਗਿਆ। ਉਨ੍ਹਾਂ ਨੇ ਮੇਰੀ ਡਿਊਟੀ ਲਾਈ ਹੈ ਕਿ ਮੈਂ ਤੁਹਾਡੇ ਸਾਹਮਣੇ ਪੇਸ਼ ਹੋ ਕੇ ਉਨ੍ਹਾਂ ਵਲੋਂ ਚੰਦ ਲਫਜ਼ ਕਹਾਂ।"

ਪੰਡਤ ਬਾਲਮੁਕੰਦ ਨੇ ਕੋਟ ਦੀ ਉਪਰਲੀ ਜੇਬ ਵਿੱਚੋਂ ਐਨਕ ਕੱਢੀ ਅਤੇ ਨੱਕ ਦੀ ਕੋਠੀ 'ਤੇ ਚੰਗੀ ਤਰ੍ਹਾਂ ਟਿਕਾ ਕੇ ਕੋਟ ਦੀ ਅੰਦਰਲੀ ਜੇਬ ਵਿੱਚੋਂ ਕਾਗਜ਼ ਦਾ ਟੁਕੜਾ ਕੱਢਿਆ। ਉਸ ਨੇ ਸਾਵਧਾਨੀ ਨਾਲ਼ ਕਾਗਜ਼ ਦੀਆਂ ਤਹਿਆਂ ਖੋਲ੍ਹ ਕੇ ਪਹਿਲਾਂ ਸਾਹਮਣੇ ਬੈਠੇ ਲੋਕਾਂ ਅਤੇ ਬਾਅਦ ਵਿੱਚ ਸਟੇਜ ਉੱਪਰ ਬੈਠੇ ਨੇਤਾਵਾਂ, ਖਾਸ ਕਰਕੇ ਸੇਠ ਬਖਸ਼ੀ ਰਾਮ ਵੱਲ ਦੇਖਿਆ। ਫਿਰ ਕਾਗਜ਼ ਤੋਂ ਪੜ੍ਹਨਾ ਸ਼ੁਰੂ ਕੀਤਾ, "ਮੈਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਈ ਹੈ ਕਿ ਸੇਠ ਬਖਸ਼ੀ ਰਾਮ ਜੀ ਦੇ ਖਾਨਦਾਨ ਦੇ ਹੋਣਹਾਰ ਚਸ਼ਮੇ ਚਿਰਾਗ ਬਰਖੁਰਦਾਰ ਸੇਠ ਰਾਮ ਪ੍ਰਕਾਸ਼ ਨੇ ਆਪਣੀ ਬਰਾਦਰੀ ਦੀ ਸੇਵਾ ਦਾ ਬੀੜਾ ਚੁੱਕਣ ਦਾ ਪੱਕਾ ਸੰਕਲਪ ਕੀਤਾ ਹੈ। ਸੇਠ ਰਾਮ ਪ੍ਰਕਾਸ਼ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਲੰਮੀ ਉਮਰ ਦੀ ਦਾਤ ਬਖਸ਼ੀ ਹੈ, ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਰੱਬ ਦਾ ਦਿੱਤਾ ਸਭ ਕੁੱਝ ਹੈ। ਸੇਠ ਬਖਸ਼ੀ ਰਾਮ ਨੇ ਐਨਾ ਧਨ ਕਮਾਇਆ ਹੈ ਕਿ ਉਹ ਚਾਹੁਣ ਤਾਂ ਉਨ੍ਹਾਂ ਦੀਆਂ ਸੱਤ ਪੁਸ਼ਤਾਂ ਆਰਾਮ ਅਤੇ ਸ਼ਾਨ ਸ਼ੌਕਤ ਨਾਲ਼ ਆਪਣਾ ਜੀਵਨ

ਗੁਜ਼ਾਰ ਸਕਦੇ ਹਨ। ਪਰ ਸੇਠ ਰਾਮ ਪ੍ਰਕਾਸ਼ ਦੇ ਮਨ ਵਿੱਚ ਧਨ ਦੌਲਤ ਦੇ ਲਈ ਕੋਈ ਮੋਹ ਮਮਤਾ ਨਹੀਂ ਹੈ। ਉਹ ਤਾਂ ਆਪਣੀ ਬਰਾਦਰੀ ਨੂੰ ਉੱਚਾ ਚੁੱਕਣਾ ਚਾਹੁੰਦੇ ਹਨ। ਆਪਣਾ ਸਮਾਂ, ਸ਼ਕਤੀ ਅਤੇ ਹੌਂਸਲਾ ਇਸ ਕੰਮ ਵਿੱਚ ਲਾਉਣਾ ਚਾਹੁੰਦੇ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਜੋ ਕੁੱਝ ਵੀ ਕਰ ਸਕਿਆ ਹਾਂ ਉਹ ਇਸ ਬਰਾਦਰੀ ਦੇ ਉੱਦਮ ਅਤੇ ਮਿਹਨਤ ਦਾ ਫਲ਼ ਹੈ। ਸੇਠ ਜੀ ਦੇ ਪਰਿਵਾਰ ਨਾਲ਼ ਮੇਰੇ ਬਹੁਤ ਪੁਰਾਣੇ ਸਬੰਧ ਹਨ। ਜਨਮ ਕਰਕੇ ਨਾ ਸਹੀ ਪਰ ਕਰਮ ਨਾਲ਼ ਮੈਂ ਵੀ ਇਸ ਬਰਾਦਰੀ ਦਾ ਇੱਕ ਹਿੱਸਾ ਹਾਂ।"

ਇੰਨੀ ਗੱਲ ਪੂਰੀ ਹੁੰਦਿਆਂ ਹੀ ਤਾੜੀਆ ਅਤੇ 'ਲਾਲਾ ਰਾਧੇ ਸ਼ਿਆਮ ਜ਼ਿੰਦਾਬਾਦ' ਦਾ ਤੂਫਾਨ ਜਿਹਾ ਛਾ ਗਿਆ। ਤਾੜੀਆਂ ਦੀ ਗੂੰਜ ਬੰਦ ਹੁੰਦਿਆਂ ਹੀ ਪੰਡਤ ਬਾਲਮੁਕੰਦ ਨੇ ਪਰਚਾ ਦੁਆਰਾ ਪੜ੍ਹਨਾ ਸ਼ੁਰੂ ਕੀਤਾ, "ਮੰਦਰ ਬਣਾਉਣ ਲਈ ਜਿੰਨੀਆਂ ਵੀ ਇੱਟਾਂ ਅਤੇ ਪੱਥਰ ਚਾਹੀਦਾ ਹੋਵੇਗਾ, ਉਸ ਦਾ ਖਰਚ ਮੈਂ ਜਾਣੀ ਕਿ ਰਾਧੇ ਸ਼ਿਆਮ ਜੀ ਦੇਵਾਂਗਾ। ਇਸ ਦੇ ਬਿਨਾਂ ਪੰਜ ਹਜ਼ਾਰ ਰੁਪਏ ਨਕਦ ਵੀ ਦੇਵਾਂਗਾ ਅਤੇ ਹੋਰ ਵੀ ਜਿੰਨੀ ਕੁ ਹੋ ਸਕਿਆ ਸੇਵਾ ਕਰਦਾ ਰਹਾਂਗਾ।"

ਇਸ ਤੋਂ ਬਾਅਦ ਸਟੇਜ 'ਤੇ ਬੈਠੇ ਹੋਰ ਲੋਕਾਂ ਨੇ ਆਪਣੀ ਆਪਣੀ ਹੈਸੀਅਤ ਦੇ ਮੁਤਾਬਕ ਦਾਨ ਦੇਣ ਦਾ ਐਲਾਨ ਕੀਤਾ ਅਤੇ ਤਾੜੀਆਂ ਦੀ ਗੂੰਜ ਵਿੱਚ ਆਪਣੀ ਆਪਣੀ ਕੁਰਸੀਆਂ 'ਤੇ ਜਾ ਬੈਠੇ। ਬਾਅਦ ਵਿੱਚ ਸਟੇਜ ਦੇ ਥੱਲੇ ਕੁਰਸੀਆਂ 'ਤੇ ਬੈਠੇ ਲੋਕਾਂ ਦੀ ਵਾਰੀ ਆਈ। ਇਹਨਾਂ ਵਿੱਚ ਬਹੁਤੇ ਚਮੜਾ ਮੰਡੀ ਦੇ ਦੁਕਾਨਦਾਰ, ਆੜ੍ਹਤੀਏ, ਠੇਕੇਦਾਰ ਅਤੇ ਕਾਰਖਾਨੇ ਦੇ ਮੁਨਸ਼ੀ, ਮੁਨੀਮ ਅਤੇ ਫੋਰਮੈਨ ਬੈਠੇ ਸਨ।

ਉਹ ਇੱਕ ਦੇ ਬਾਅਦ ਇੱਕ ਸਟੇਜ 'ਤੇ ਆ ਕੇ ਆਪਣੀ ਵਲੋਂ ਜਾਂ ਕਾਰਖਾਨੇ ਵਲੋਂ ਚੰਦੇ ਦਾ ਐਲਾਨ ਕਰਦੇ ਰਹੇ। ਜਦ ਫੋਰਮੈਨ ਸਟੇਜ 'ਤੇ ਆਇਆ ਤਾਂ ਕਾਲ਼ੀ ਅਤੇ ਹੋਰ ਲੋਕ ਹੈਰਾਨ ਰਹਿ ਗਏ। ਫੋਰਮੈਨ ਨੇ ਹੱਥ ਜੋੜ ਕੇ ਕਹਿਣਾ ਸ਼ੁਰੂ ਕੀਤਾ, "ਸਾਡੇ ਕਾਰਖਾਨੇ ਦੇ ਮਾਲਕ ਲਾਲਾ ਰਾਧੇ ਸ਼ਿਆਮ ਜੀ ਨੇ ਬਹੁਤ ਦਾਨ ਦਿੱਤਾ ਹੀ ਹੈ ਪਰ ਅਸੀਂ ... ਕਾਰਖਾਨੇ ਦੇ ਮਜ਼ਦੂਰ ਵੀ ਹਰ ਮਹੀਨੇ ਆਪਣੀ ਕਮਾਈ ਵਿੱਚੋਂ ਪੰਜ ਰੁਪਏ ਪ੍ਰਤੀ ਬੰਦਾ ਦਿਆ ਕਰਾਂਗੇ ਅਤੇ ਇਹ ਸੇਵਾ ਮੰਦਰ ਪੂਰਾ ਹੋਣ ਤੱਕ ਜਾਰੀ ਰਹੇਗੀ।"

"ਕਿਰਪੂ ਭਾਅ ਜੀ, ਆਪਾਂ ਨੂੰ ਪੁੱਛਿਆ ਵੀ ਨਹੀਂ ਅਤੇ ਫੋਰਮੈਨ ਨੇ ਆਪਾਂ ਸਾਰਿਆਂ ਦੀ ਕਮਾਈ ਵਿੱਚੋਂ ਪੰਜ ਰੁਪਏ ਪ੍ਰਤੀ ਬੰਦਾ ਹਰ ਮਹੀਨੇ ਦੇਣ ਦਾ ਐਲਾਨ ਵੀ ਕਰ ਦਿੱਤਾ।" ਕਾਲ਼ੀ ਬਹੁਤ ਹੈਰਾਨ ਅਤੇ ਪਰੇਸ਼ਾਨ ਸੀ।

"ਤੈਨੂੰ ਕਿਸ ਗੱਲ ਦੀ ਤਕਲੀਫ ਹੈ। ਧਰਮ ਦੇ ਕੰਮ ਲਈ ਹੀ ਚੰਦਾ ਦਿੱਤਾ ਹੈ। ਰੰਡੀਬਾਜ਼ੀ ਦੇ ਲਈ ਤਾਂ ਤੇਰੇ ਪੈਸੇ ਕੱਟੂਗਾ ਨਹੀਂ ?" ਵਰਿਆਮੇ ਨੇ ਜ਼ੋਰ ਦੇ ਕੇ ਕਿਹਾ।

"ਇਹਦੇ ਵਿੱਚ ਵੀ ਕੋਈ ਗੂੜ੍ਹ ਗਿਆਨ ਦੀ ਗੱਲ ਹੋਵੇਗੀ ਜੋ ਸਾਡੇ ਤੋਂ ਪੁੱਛਿਆ ਤੱਕ ਨਹੀਂ।" ਬੰਸੇ ਨੇ ਵਰਿਆਮੇ ਨੂੰ ਨਹੋਰਾ ਮਾਰਿਆ।

ਕਾਲ਼ੀ ਅਤੇ ਹੋਰ ਲੋਕ ਫੋਰਮੈਨ ਦੇ ਐਲਾਨ 'ਤੇ ਗੱਲਾਂ ਕਰਨ ਵਿੱਚ ਰੁੱਝੇ ਹੋਏ ਸਨ ਕਿ ਮਾਈਕ 'ਤੇ ਇੱਕ ਵਾਰ ਫਿਰ ਰਾਮ ਪ੍ਰਕਾਸ਼ ਦੀ ਅਵਾਜ਼ ਸੁਣਾਈ ਦਿੱਤੀ, "ਭਾਈਓ ਅਤੇ

ਭੈਣੋ ! ਅਮੀਰ ਲੋਕਾਂ ਨੇ ਤਾਂ ਨਕਦ ਜਾਂ ਇਮਾਰਤ ਦੇ ਸਮਾਨ ਦਾ ਦਾਨ ਦਿੱਤਾ ਹੈ। ਪਰ ਇਹ ਧਨ ਦੌਲਤ, ਲੋਹਾ, ਸੀਮੈਂਟ, ਇੱਟਾਂ ਅਤੇ ਪੱਥਰ ਆਪਣੇ ਆਪ ਵਿੱਚ ਕਿਸੇ ਕੰਮ ਦੇ ਨਹੀਂ ਜਦ ਤੱਕ ਕਿ ਉਨ੍ਹਾਂ ਲਈ ਮਿਹਨਤ ਦਾ ਹੱਥ ਨਹੀਂ ਲਗਦਾ। ਅਸਲੀ ਚੀਜ਼ ਤਾਂ ਮਿਹਨਤ ਹੈ ਅਤੇ ਆਪਣੇ ਕੋਲ਼ ਇਹ ਬਹੁਤ ਹੈ। ਇਸ ਮਹਾਨ ਕੰਮ ਵਿੱਚ ਸਾਰਿਆਂ ਨੇ ਰਲ਼ ਕੇ ਕੰਮ ਕਰਨਾ ਹੈ। ਧੰਨਵਾਨ ਧੰਨ ਦੇਣ ਅਤੇ ਮਿਹਨਤਕਸ਼ ਆਪਣੀ ਮਿਹਨਤ। ਜਿਹੜੇ ਲੋਕ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੁੰਦੇ ਹਨ ਉਹ ਮਾਲੀਰਾਮ ਦੇ ਕੋਲ਼ ਆਪਣਾ ਪੂਰਾ ਨਾਂ ਅਤੇ ਪਤਾ ਲਿਖਾ ਦੇਣ। ਲੋੜ ਪੈਣ 'ਤੇ ਉਨ੍ਹਾਂ ਨੂੰ ਖਬਰ ਭੇਜ ਦਿੱਤੀ ਜਾਵੇਗੀ। ਧੰਨਵਾਦ।"

'ਭਗਵਾਨ ਰਵਿਦਾਸ ਦੀ ਜੈ,' 'ਸੇਠ ਬਖਸ਼ੀ ਰਾਮ ਜ਼ਿੰਦਾਬਾਦ,' ਅਤੇ 'ਸੇਠ ਰਾਮ ਪ੍ਰਕਾਸ਼ ਜ਼ਿੰਦਾਬਾਦ' ਦੇ ਗੂੰਜਦਾਰ ਨਾਹਰਿਆਂ ਦੇ ਨਾਲ਼ ਜਲਸਾ ਖਤਮ ਹੋ ਗਿਆ ਅਤੇ ਲੋਕ ਜਾਣ ਲੱਗੇ। ਰਾਮ ਪ੍ਰਕਾਸ਼ ਨੇ ਉਨ੍ਹਾਂ ਵਿੱਚ ਇੱਕ ਨਵਾਂ ਜੋਸ਼ ਪੈਦਾ ਕਰ ਦਿੱਤਾ ਸੀ। ਉਹ ਆਪਣੀ ਹੋਂਦ ਅਤੇ ਪਛਾਣ ਦੇ ਬਾਰੇ ਸੋਚਣ ਲੱਗੇ।

ਕਾਲ਼ੀ ਅਤੇ ਉਸ ਦੇ ਕੁੱਝ ਸਾਥੀ ਜਦ ਰਾਮ ਪ੍ਰਕਾਸ਼ ਕੋਲ਼ ਗਏ ਤਾਂ ਉਸ ਨੂੰ ਸਟੇਜ ਦੇ ਕੋਲ਼ ਬਹੁਤ ਸਾਰੇ ਲੋਕਾਂ ਨੇ ਘੇਰਿਆ ਹੋਇਆ ਸੀ ਅਤੇ ਉਹ ਇੱਕ ਹੀ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਪਾਰਟੀ ਪੂਰਟੀ ਦੀ ਗੱਲ ਬਾਅਦ ਵਿੱਚ ਆਉਂਦੀ ਹੈ, ਪਹਿਲਾਂ ਬਰਾਦਰੀ ਹੈ। ਹੁਣ ਕਿਸੇ ਨੂੰ ਵੀ ਇਸ ਗੱਲ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਕਿ ਉਹ ਬਰਾਦਰੀ ਦੇ ਹਿੱਤਾਂ ਨੂੰ ਪਾਰਟੀ ਦੇ ਹਿੱਤਾਂ ਤੋਂ ਕੁਰਬਾਨ ਕਰ ਦੇਵੇ। ਚਾਹੇ ਉਹ ਆਦਮੀ ਪਗੜੀ ਵਾਲ਼ਾ ਹੋਵੇ ਜਾਂ ਟੋਪੀਵਾਲ਼ਾ। ਜੇ ਅਸੀਂ ਬਰਾਦਰੀ ਅਤੇ ਪਾਰਟੀ ਨੂੰ ਇੱਕ ਕਰ ਦੇਈਏ ਤਾਂ ਸੋਨੇ 'ਤੇ ਸੁਹਾਗਾ ਹੋ ਜਾਵੇਗਾ।

ਕਾਲ਼ੀ, ਕਿਰਪੂ, ਕਿਸ਼ਨਾ, ਬੰਸਾ ਅਤੇ ਕੁੱਝ ਹੋਰ ਲੋਕ ਪਹਿਲਾਂ ਤਾਂ ਚੁੱਪਚਾਪ ਇਸ ਗੱਲ ਦਾ ਇੰਤਜ਼ਾਰ ਕਰਦੇ ਰਹੇ ਕਿ ਰਾਮ ਪ੍ਰਕਾਸ਼ ਨੂੰ ਲੋਕਾਂ ਤੋਂ ਵਿਹਲ ਮਿਲ਼ੇ ਤਾਂ ਉਹ ਆਪਣੀ ਗੱਲ ਕਰਨ। ਪਰ ਜਦ ਲੋਕਾਂ ਦਾ ਤਾਂਤਾ ਨਾ ਮੁੱਕਾ ਤਾਂ ਕਾਲ਼ੀ ਅਤੇ ਉਸ ਦੇ ਸਾਥੀ ਭੀੜ ਦੇ ਵਿਚੀਂ ਹੁੰਦੇ ਹੋਏ ਰਾਮ ਪ੍ਰਕਾਸ਼ ਦੇ ਸਾਹਮਣੇ ਜਾ ਖੜ੍ਹੇ ਹੋਏ।

ਕਾਲ਼ੀ ਨੂੰ ਪਛਾਨਣ ਲਈ ਰਾਮ ਪ੍ਰਕਾਸ਼ ਨੂੰ ਬਹੁਤਾ ਸਮਾਂ ਨਾ ਲੱਗਾ। ਉਹ ਮੁਸਕਰਾ ਪਿਆ, "ਹੈਲੋ। ਜਲਸੇ ਵਿੱਚ ਸੀਗੇ ਤੁਸੀਂ ਸਾਰੇ ?"

"ਹਾਂ ਜੀ। ਸਾਰੇ ਇਥੇ ਹੀ ਸੀ।" ਗਰਦਨ ਪਿੱਛੇ ਘੁਮਾ ਕੇ ਕਾਲ਼ੀ ਨੇ ਆਪਣੇ ਸਾਥੀਆਂ ਵੱਲ ਇਸ਼ਾਰਾ ਕੀਤਾ।

"ਕਿਸ ਤਰ੍ਹਾਂ ਰਿਹਾ ਜਲਸਾ ?"

"ਬਹੁਤ ਹੀ ਵਧੀਆ। ਤੁਸੀਂ ਤਾਂ ਸਾਡੇ ਦਿਲ ਦਿਮਾਗ ਰੌਸ਼ਨ ਕਰ ਦਿੱਤੇ ਹਨ। ਕੁੱਸ਼ ਕੁੱਸ਼ ਆਪਣੀ ਪਛਾਣ ਹੋਣ ਲੱਗੀ ਹੈ।"

'ਹਿੰਮਤ ਤੋਂ ਕੰਮ ਲਉ। ਆਪਣੇ ਆਪ ਨੂੰ ਖੁਦ ਪਛਾਣੋਗੇ ਤਾਂ ਦੁਨੀਆਂ ਵੀ ਤੁਹਾਨੂੰ ਪਛਾਣੇਗੀ।" ਰਾਮ ਪ੍ਰਕਾਸ਼ ਨੇ ਬਾਂਹ ਘੁਮਾਈ।

"ਹਾਂ ਜੀ। ਜ਼ਰੂਰ ਪਛਾਣਾਂਗੇ।" ਕਾਲ਼ੀ ਨੇ ਵਿਸ਼ਵਾਸ ਦੁਆਇਆ। ਫਿਰ ਕਿਰਪੂ

ਦਾ ਹੱਥ ਫੜ ਕੇ ਆਪਣੇ ਨੇੜੇ ਨੂੰ ਖਿੱਚਦਾ ਹੋਇਆ ਬੋਲਿਆ, "ਸੇਠ ਜੀ, ਕਾਰਖਾਨੇ ਵਿੱਚ ਤੁਹਾਡੇ ਨਾਲ਼ ਗੱਲ ਹੋਈ ਸੀ।"

"ਕਾਹਦੇ ਬਾਰੇ ?"

"ਆਪਣੀਆਂ ਤਕਲੀਫਾਂ ਦੇ ਬਾਰੇ। ਸਾਡੀਆਂ ਕੁੱਝ ਮੰਗਾਂ ਹਨ।"

"ਹਾਂਅ ... ਹਾਂਅ। ਪਰ ਸੇਠ ਜੀ ਤਾਂ ਆ ਨਹੀਂ ਸਕੇ। ਉਨ੍ਹਾਂ ਦੇ ਬੜੇ ਜਵਾਈ ਦਾ ਐਕਸੀਡੈਂਟ ਹੋ ਗਿਆ ਹੈ। ਕਾਰ ਦਰੱਖਤ ਨਾਲ਼ ਜਾ ਟਕਰਾਈ ਇਸ ਲਈ ਉਨ੍ਹਾਂ ਨੂੰ ਅਚਾਨਕ ਜਾਣਾ ਪਿਆ। ... ਪਰ ਇੱਕ ਗੱਲ ਕਹੂੰਗਾ।" ਰਾਮ ਪ੍ਰਕਾਸ਼ ਨੇ ਸਾਰਿਆਂ ਵੱਲ ਦੇਖਿਆ। "ਸੇਠ ਰਾਧੇ ਸ਼ਿਆਮ ਦੂਸਰੀ ਬਰਾਦਰੀ ਦੇ ਸਹੀ। ... ਪਰ ਸਾਡੀ ਬਰਾਦਰੀ ਦਾ ਉਨਾਂ ਨੂੰ ਬਹੁਤ ਖਿਆਲ ਹੈ। ਦੇਖਿਆ, ਕਿੰਨਾ ਦਿਲ ਖੋਲ੍ਹ ਕੇ ਦਾਨ ਦਿੱਤਾ ਹੈ, ਬਹੁਤ ਦਿਆਲੂ ਆਦਮੀ ਹਨ।"

"ਹਾਂ ਜੀ, ਪਰ ਸਾਡੀਆਂ ਤਕਲੀਫਾਂ ਕਿਵੇਂ ਦੂਰ ਹੋਣਗੀਆਂ ?" ਕਾਲ਼ੀ ਨੇ ਸਵਾਲ਼ ਕੀਤਾ।

ਰਾਮ ਪ੍ਰਕਾਸ਼ ਇੱਕ ਪੱਲ ਚੁੱਪ ਰਿਹਾ, "ਤੁਸੀਂ ਸਾਰੇ ਮੈਨੂੰ ਇੱਕ ਚਿੱਠੀ ਲਿਖ ਕੇ ਦੇ ਦੇਵੋ। ਮੈਂ ਦੇਖਦਾ ਹਾਂ। ਪਰ ਇੱਕ ਗੱਲ ਕਹੂੰਗਾ।"

"ਕੀ ?" ਕਾਲ਼ੀ ਨੇ ਉੱਤਸੁਕਤਾ ਨਾਲ਼ ਪੁੱਛਿਆ।

"ਤੁਸੀਂ ਛੋਟੀਆਂ ਛੋਟੀਆਂ ਗੱਲਾਂ ਵਿੱਚ ਨਾ ਪਵੋ। ਵੱਡੀਆਂ ਗੱਲਾਂ ਵੱਲ ਧਿਆਨ ਦਿਉ। ਆਪਣੀਆਂ ਨਿੱਜੀ ਮੁਸ਼ਕਲਾਂ ਨੂੰ ਭੁੱਲ ਕੇ ਬਰਾਦਰੀ ਦੀਆਂ ਸਮੱਸਿਆਵਾਂ ਦਾ ਫਿਕਰ ਕਰੋ।" ਰਾਮ ਪ੍ਰਕਾਸ਼ ਨੇ ਸਲਾਹ ਦਿੱਤੀ। ਫਿਰ ਕਾਲ਼ੀ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਤੂੰ ਮਿਲ਼ਦਾ ਰਹੀਂ। ਸੜਕ ਦੇ ਪਾਰ ਵੱਡੀ ਸਾਰੀ ਬਿਲਡਿੰਗ ਹੈ ਨਾ। ... ਉਸ ਵਿੱਚ ਮੇਰਾ ਦਫਤਰ ਹੈ। ਕਿਸੇ ਕੋਲ਼ੋਂ ਵੀ ਪੁੱਛ ਲਈਂ। ਸਾਰੇ ਜਾਣਦੇ ਹਨ।"

ਰਾਮ ਪ੍ਰਕਾਸ਼ ਜਦ ਹੋਰ ਲੋਕਾਂ ਨਾਲ਼ ਗੱਲਾਂ ਵਿੱਚ ਰੁੱਝ ਗਿਆ ਤਾਂ ਕਾਲ਼ੀ ਤੇ ਉਸ ਦੇ ਸਾਥੀ ਪਿੱਛੇ ਹੱਟ ਗਏ ਅਤੇ ਵਾਤਾਵਰਣ ਵਿੱਚ ਉੱਡਦੀ ਧੂੜ ਨੂੰ ਚੱਟਦੇ ਅਤੇ ਫੇਫੜਿਆਂ ਵਿੱਚ ਭਰਦੇ ਕਾਰਖਾਨੇ ਨੂੰ ਤੁਰ ਪਏ।

"ਫੋਰਮੈਨ ਨੇ ਸਾਡੀ ਕਮਾਈ ਪੰਜ ਰੁਪਏ ਘੱਟ ਕਰ ਦਿੱਤੀ ਹੈ।" ਕਿਸ਼ਨੇ ਨੇ ਕਾਲ਼ੀ ਦੇ ਮੋਢੇ 'ਤੇ ਹੱਥ ਰੱਖਦਿਆਂ ਫਿਕਰ ਜ਼ਾਹਿਰ ਕੀਤਾ।

"ਹਾਂ, ਭਾਅ ਜੀ। ਹੁਣ ਸਮਝ ਆਇਆ ਕਿ ਫੋਰਮੈਨ ਨਾਲ਼ ਮੁਨਸ਼ੀ ਕੀ ਘੁਸਰ ਮੁਸਰ ਕਰ ਰਿਹਾ ਸੀ ?"

"ਤੁਹਾਨੂੰ ਵੀ ਇਸ ਗੱਲ ਦਾ ਦੁੱਖ ਹੈ ਨਾ ?" ਕਿਸ਼ਨੇ ਨੇ ਕਾਲ਼ੀ ਵੱਲ ਤਿੱਖੀਆਂ ਨਜ਼ਰਾਂ ਨਾਲ਼ ਦੇਖਿਆ।

"ਕਹਿ ਨਹੀਂ ਸਕਦਾ। ਫਿਰ ਵੀ ਫੋਰਮੈਨ ਨੂੰ ਸਾਡੀ ਰਾਏ ਲੈ ਲੈਣੀ ਚਾਹੀਦੀ ਸੀ। ਆਪਣੇ ਪੈਸਿਆਂ ਦਾ ਦਾਨ ਅਸੀਂ ਆਪ ਦਿੰਦੇ ਤਾਂ ਚੰਗਾ ਹੁੰਦਾ।"

"ਦਾਨ ਅਸੀਂ ਕੀਤਾ, ਫਲ਼ ਲਾਲਾ ਲੈ ਗਿਆ ਅਤੇ ਸਾਡੀਆਂ ਮੰਗਾਂ ਜਿੱਥੇ ਸਨ,

ਉੱਥੇ ਹੀ ਰਹਿ ਗਈਆਂ।" ਕਿਸ਼ਨਾ ਹੱਸਿਆ। ਫਿਰ ਕਾਲ਼ੀ ਨੂੰ ਆਪਣੇ ਵੱਲ ਖਿੱਚ ਲਿਆ, "ਪੰਜ ਉਸ ਨੇ ਲਏ, ਪੰਜ ਅਸੀਂ ਲੈਂਦੇ ਹਾਂ ਆਪਣੇ ਆਪ ਤੋਂ। ਦੁੱਖ ਨੂੰ ਭੁਲਾਉਣ ਲਈ। ਠੀਕ ਹੈ ਨਾ?"

ਜਵਾਬ ਵਿੱਚ ਕਾਲ਼ੀ ਨੇ ਹੱਸ ਪਿਆ ਅਤੇ ਉਹ ਇੱਕ ਦੂਸਰੇ ਦਾ ਹੱਥ ਫੜੀ ਸੜਕ ਦੇ ਦੂਜੇ ਪਾਸੇ ਚਲੇ ਗਏ।

## ਪੰਦਰਾਂ

ਕਾਰਖਾਨੇ ਵਿੱਚ ਕੰਮ ਕਾਜ ਹਰ ਰੋਜ਼ ਦੀ ਤਰ੍ਹਾਂ ਚੱਲ ਰਿਹਾ ਸੀ ਪਰ ਹਰ ਕੋਈ ਜਾਣਦਾ ਸੀ ਕਿ ਸਭ ਕੁੱਝ ਠੀਕ ਠਾਕ ਦਿਖਾਈ ਦੇਣ ਦੇ ਬਾਵਜੂਦ ਵੀ ਅਸਲੀਅਤ ਵਿੱਚ ਅਜਿਹਾ ਹੈ ਨਹੀਂ। ਹਰ ਕਾਮੇ ਦੇ ਦਿਲ ਵਿੱਚ ਤਣਾਅ ਹੈ। ਇੱਕ ਗੱਠ ਜਿਹੀ ਬਣੀ ਹੋਈ ਸੀ ਅਤੇ ਇਸ ਦਾ ਪਤਾ ਉਸ ਵਕਤ ਲਗਦਾ ਸੀ ਜਦ ਖਿੱਚ ਕੇ ਸਾਹ ਲੈਂਦੇ ਸਨ ਅਤੇ ਤਣਾਅ ਤੋਂ ਛੁਟਕਾਰਾ ਪਾਉਣ ਲਈ ਬਿਨਾਂ ਕਾਰਨ ਖੰਘਦੇ ਸਨ।

ਫੋਰਮੈਨ ਆਪਣੀ ਮੰਜੀ 'ਤੇ ਉੱਠਦਾ, ਬੈਠਦਾ ਅਤੇ ਲੰਮਾ ਪਿਆ ਹੁੱਕਾ ਪੀ ਰਿਹਾ ਸੀ। ਉਸ ਨੇ ਕਾਰਖਾਨੇ ਦਾ ਦੋ ਤਿੰਨ ਵਾਰ ਚੱਕਰ ਵੀ ਲਾਇਆ ਸੀ। ਕਾਰੀਗਰਾਂ ਨਾਲ਼ ਗੱਲ ਬਾਤ ਵੀ ਕੀਤੀ ਸੀ। ਉਨ੍ਹਾਂ ਨੂੰ ਭੱਬਕੀਆਂ ਅਤੇ ਧਮਕੀਆਂ ਵੀ ਦਿੱਤੀਆਂ ਸਨ ਪਰ ਅੰਦਾਜ਼ ਪਹਿਲਾਂ ਵਰਗਾ ਨਹੀਂ ਸੀ। ਉਨਾਂ ਵਿੱਚ ਪਹਿਲਾਂ ਵਰਗੀ ਸਹਿਜਤਾ ਜਾਂ ਅਧਿਕਾਰ ਨਹੀਂ ਸੀ। ਇਸ ਤਰ੍ਹਾਂ ਲਗਦਾ ਸੀ ਕਿ ਭੱਬਕੀਆਂ ਮਾਰਨ ਅਤੇ ਧਮਕੀਆਂ ਦੇਣ ਲਈ ਫੋਰਮੈਨ ਨੂੰ ਵਿਸ਼ੇਸ਼ ਯਤਨ ਕਰਨਾ ਪੈ ਰਿਹਾ ਸੀ। ਉਹ ਆਪਣੀ ਹੀ ਭੱਬਕੀ ਤੋਂ ਡਰ ਵੀ ਜਾਂਦਾ ਸੀ।

ਜਿਉਂ ਜਿਉਂ ਦਿਨ ਢਲ਼ ਰਿਹਾ ਸੀ ਅਤੇ ਪਰਛਾਵੇਂ ਲੰਮੇ ਹੋ ਰਹੇ ਸਨ, ਕੱਚੀਆ ਖੱਲਾਂ ਕਈ ਤਰ੍ਹਾਂ ਦੇ ਹੌਜਾਂ ਵਿੱਚੋਂ ਲੰਘਦੀਆਂ ਆਪਣਾ ਰੰਗ ਬਦਲ ਰਹੀਆਂ ਸਨ। ਕਾਰਖਾਨੇ ਦੇ ਮਜ਼ਦੂਰਾਂ ਦੀ ਮਨੋਸਥਿਤੀ ਵਿੱਚ ਵੀ ਤਬਦੀਲੀ ਆ ਰਹੀ ਸੀ।

ਸ਼ਾਮ ਨੂੰ ਛੱਪੜ ਦੇ ਪਾਣੀ ਵਿੱਚ ਦਰੱਖਤਾਂ ਦੇ ਪ੍ਰਛਾਵੇਂ ਸੰਘਣੇ ਹੋਣ ਲੱਗੇ ਅਤੇ ਦਲਾਨਾਂ ਦੇ ਥੰਮਾਂ ਦੇ ਪਰਛਾਵੇਂ ਦੂਰ ਤੱਕ ਵਿਛ ਗਏ ਤਾਂ ਲੋਕਾਂ ਦੇ ਮਨਾਂ ਵਿੱਚ ਫੈਲੀ ਹੋਈ ਬੇਚੈਨੀ ਕਿਸੇ ਨਾ ਕਿਸੇ ਸੂਰਤ ਵਿੱਚ ਨਿਕਲ਼ਣ ਲੱਗੀ ਤਾਂ ਉਹ ਇਸ਼ਾਰਿਆਂ ਅਤੇ ਸਰਗੋਸ਼ੀਆਂ ਨਾਲ਼ ਗੱਲਾਂ ਕਰਨ ਲੱਗੇ।

ਫੋਰਮੈਨ ਨੂੰ ਇਸ ਸਥਿਤੀ ਦਾ ਚੰਗੀ ਤਰ੍ਹਾਂ ਪਤਾ ਸੀ ਅਤੇ ਉਹ ਫਿਕਰ ਕਰਨ ਦੇ ਨਾਲ਼ ਨਾਲ਼ ਇਸ ਨਾਲ਼ ਨਿਪਟਣ ਲਈ ਮਨ ਹੀ ਮਨ ਯੋਜਨਾਵਾਂ ਵੀ ਬਣਾ ਰਿਹਾ ਸੀ।

ਫੋਰਮੈਨ ਨੇ ਘਰ ਜਾਣ ਲਈ ਸਮਾਨ ਇਕੱਠਾ ਕਰਨਾ ਸ਼ੁਰੂ ਕੀਤਾ ਤਾਂ ਕੰਮ ਕਰ ਰਹੇ ਲੋਕਾਂ ਦੀਆਂ ਨਜ਼ਰਾਂ ਉਸ ਵੱਲ ਉੱਠਣ ਲੱਗੀਆਂ। ਆਪਣੇ ਪੈਂਤੀ ਚਾਲੀ ਸਾਲ ਦੇ ਤਜਰਬੇ ਕਰਕੇ ਫੋਰਮੈਨ ਨੇ ਭਾਂਪ ਲਿਆ ਸੀ ਕਿ ਉੱਥੇ ਕੁੱਝ ਤਬਦੀਲੀ ਆਈ ਹੈ ਜਾਂ ਆ ਰਹੀ ਹੈ ਅਤੇ ਸਭ ਕੁੱਝ ਪਹਿਲਾਂ ਵਰਗਾ ਨਹੀਂ ਹੈ।

ਅਚਾਨਕ ਉਸ ਦਾ ਧਿਆਨ ਸੇਠ ਰਾਮ ਪ੍ਰਕਾਸ਼ ਵੱਲ ਚਲਾ ਗਿਆ। ਉਸ ਨੇ

ਸੋਚਿਆ ਕਿ ਪੱਚੀ ਛੱਬੀ ਸਾਲਾਂ ਦੇ ਛੋਕਰੇ ਨੇ ਕਿੰਨਾ ਵੱਡਾ ਬੀੜ੍ਹਾ ਚੁੱਕਿਆ ਹੈ। ਪਹਿਲਾਂ ਕਦੀ ਕੋਈ ਸੋਚਣ ਦੀ ਹਿੰਮਤ ਵੀ ਨਹੀਂ ਕਰ ਸਕਦਾ ਸੀ ਕਿ ਸਾਡੀ ਬਰਾਦਰੀ ਦੀ ਵੀ ਆਪਣੀ ਵੱਖਰੀ ਹੋਂਦ ਹੋ ਸਕਦੀ ਹੈ ਅਤੇ ਵੱਖਰੀ ਪਛਾਣ ਬਣ ਸਕਦੀ ਹੈ। ਕੱਲ੍ਹ ਦਾ ਛੋਕਰਾ ਵੱਡਿਆਂ ਵੱਡਿਆਂ ਦੇ ਕੰਨ ਕੁੱਤਰ ਰਿਹਾ ਹੈ। ਇਹ ਕਿੰਨੀ ਵੱਡੀ ਤਬਦੀਲੀ ਹੈ ਜੋ ਕਦੀ ਭਿਆਨਕ ਵੀ ਹੋ ਸਕਦੀ ਹੈ।

ਫੋਰਮੈਨ ਨੇ ਸੋਚਿਆ ਕਿ ਸ਼ਾਇਦ ਕਾਰਖਾਨੇ ਵਿੱਚ ਵੀ ਉਸ ਤਬਦੀਲੀ ਦਾ ਹੀ ਅਸਰ ਹੋ ਰਿਹਾ ਹੈ। ਉਸ ਦੇ ਬਾਈਕਾਟ ਦੀ ਤਿਆਰੀ ਹੋ ਰਹੀ ਹੈ। ਸਾਰਿਆਂ ਨੂੰ ਪਤਾ ਹੈ ਕਿ ਉਹ ਮਾਲਕ ਦਾ ਆਦਮੀ ਹੈ ਅਤੇ ਹਮੇਸ਼ਾਂ ਉਸ ਦਾ ਵਫਾਦਾਰ ਰਿਹਾ ਹੈ। ਪਰ ਸੂਰਜ ਦੀ ਤਰ੍ਹਾਂ ਰੌਸ਼ਨ ਅਤੇ ਸਪਸ਼ਟ ਸਚਾਈ ਹੁਣ ਇਹਨਾਂ ਨੂੰ ਚੁੱਭਣ ਕਿਉਂ ਲੱਗ ਪਈ ਹੈ। ਉਹ ਗੱਲ ਗੱਲ ’ਤੇ ਉਸ ਕੋਲ਼ੋਂ ਡਰਨ ਕਿਉਂ ਲੱਗੇ ਹਨ। ਉਸ ਨੂੰ ਪਰਾਇਆ ਸਮਝਣ ਦੀ ਕੋਸ਼ਿਸ ਕਿਉਂ ਕਰ ਰਹੇ ਹਨ।

ਫੋਰਮੈਨ ਨੇ ਕਾਰਖਾਨੇ ਦੇ ਬਾਹਰ ਜਾਣ ਲਈ ਹੁੱਕਾ ਚੁੱਕਿਆ ਅਤੇ ਹਰ ਰੋਜ਼ ਦੀ ਤਰ੍ਹਾਂ ਹਾਕ ਮਾਰ ਕੇ ਕੱਲੇ ਕੱਲੇ ਬੰਦੇ ਨੂੰ ਸਮਾਨ ਸੰਭਾਲਣ ਵਾਰੇ ਹਦਾਇਤਾਂ ਦੇਣ ਲੱਗਾ। ਉਸ ਨੂੰ ਪਹਿਲੀ ਵਾਰ ਮਹਿਸੂਸ ਹੋਣ ਲੱਗਾ ਕਿ ਕਾਮੇ ਆਪਣਾ ਆਪਣਾ ਕੰਮ ਛੱਡ ਕੇ ਉਸ ਦੀਆਂ ਗੱਲਾਂ ਧਿਆਨ ਨਾਲ਼ ਸੁਣਨ ਦੀ ਕੋਸ਼ਿਸ਼ ਕਰ ਰਹੇ ਹਨ ਜਿਵੇਂ ਉਸ ਦੀ ਹਰ ਗੱਲ ਦਾ ਸੌ ਫੀ ਸਦੀ ਮੁਕਾਬਲਾ ਕਰਨਾ ਚਾਹੁੰਦੇ ਹੋਣ।

ਫੋਰਮੈਨ ਗੇਟ ਵੱਲ ਨੂੰ ਤੁਰਦਿਆਂ ਜ਼ੋਰ ਜ਼ੋਰ ਨਾਲ਼ ਖੰਘਣ ਲੱਗਾ ਜਿਵੇਂ ਸਭ ਨੂੰ ਵੰਗਾਰ ਰਿਹਾ ਹੋਵੇ ਕਿ ਹੈ ਕੋਈ ਮਾਂ ਦਾ ਲਾਲ ਜੋ ਆਵੇ ਉਸ ਦੇ ਸਾਹਮਣੇ। ਅੱਖਾਂ ਵਿੱਚ ਅੱਖਾਂ ਪਾ ਕੇ, ਮਰਦ ਬਣ ਕੇ ਗੱਲ ਕਰ ਸਕੇ।

ਫੋਰਮੈਨ ਹੌਜ ਵਿੱਚ ਖੜ੍ਹੇ ਬੰਸੇ ਦੇ ਬਰਾਬਰ ਪਹੁੰਚਿਆ ਤਾਂ ਉਸ ਨੇ ਆਪਣਾ ਸਿਰ ਇਸ ਤਰ੍ਹਾਂ ਝਟਕਿਆ ਜਿਵੇਂ ਫੋਰਮੈਨ ਦੀ ਚੁਣੌਤੀ ਨੂੰ ਸਵੀਕਾਰ ਕਰ ਲਿਆ ਹੋਵੇ ਅਤੇ ਅੱਖਾਂ ਨਾਲ਼ ਅੱਖਾਂ ਮਿਲਾ ਕੇ ਮਰਦਾਂ ਵਾਂਗ ਗੱਲ ਕਰਨ ਲਈ ਤਿਆਰ ਹੋਵੇ।

ਫੋਰਮੈਨ ਨੂੰ ਆਪਣੀ ਵੱਲ ਆਉਂਦਾ ਦੇਖ ਕੇ ਕਾਲ਼ੀ ਹੌਜ ਤੋਂ ਬਾਹਰ ਆ ਗਿਆ। ਉਸ ਨੇ ਪੈਰਾਂ ਨੂੰ ਜ਼ਮੀਨ ’ਤੇ ਜ਼ੋਰ ਜ਼ੋਰ ਨਾਲ਼ ਮਾਰ ਕੇ ਪਾਣੀ ਛੰਡਕਿਆ ਅਤੇ ਕੱਛੇ ਨਾਲ਼ ਲੂਣ ਅਤੇ ਚੂਨੇ ਨਾਲ਼ ਲਿਬੜੇ ਹੱਥਾਂ ਨੂੰ ਪੂੰਝਦਿਆਂ ਅੱਖਾਂ ਚੌੜੀਆਂ ਕਰਕੇ ਫੋਰਮੈਨ ਵੱਲ ਦੇਖਣ ਲੱਗਾ।

ਕਾਲ਼ੀ ਦੇ ਬਰਾਬਰ ਪਹੁੰਚ ਕੇ ਫੋਰਮੈਨ ਦੇ ਪੈਰ ਆਪਣੇ ਆਪ ਹੀ ਰੁੱਕ ਗਏ। ਇੱਕ ਪੱਲ ਲਈ ਉਸ ਨੇ ਆਪਣਾ ਸਿਰ ਝੁਕਾ ਲਿਆ ਅਤੇ ਫਿਰ ਝਟਕੇ ਨਾਲ਼ ਸਿਰ ਉੱਪਰ ਚੁੱਕ ਕੇ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਣ ਲੱਗਾ।

“ਫੋਰਮੈਨ ਜੀ, ਤੁਹਾਡੇ ਨਾਲ਼ ਇੱਕ ਗੱਲ ਕਰਨੀ ਹੈ।” ਕਾਲ਼ੀ ਨੇ ਹੌਲ਼ੀ ਜਿਹੀ ਨਰਮੀ ਨਾਲ਼ ਕਿਹਾ।

“ਇੱਕ ਛੱਡ ਕੇ ਦੋ ਗੱਲਾਂ ਕਰ। ਪਰ ਗੱਲ ਕਰਨ ਤੋਂ ਪਹਿਲਾਂ ਇਹ ਦੱਸ ਦੇ ਕਿ

ਗੱਲ ਤੂੰ ਆਪਣੇ ਵਲੋਂ ਕਰਨੀ ਹੈ ਜਾਂ ਸਾਰੇ ਕੰਮ ਕਰਨ ਵਾਲਿਆਂ ਵਲੋਂ।" ਫੋਰਮੈਨ ਨੇ ਪੁੱਛਿਆ।

ਕਾਲ਼ੀ ਅਤੇ ਫੋਰਮੈਨ ਨੂੰ ਆਮਣੇ ਸਾਹਮਣੇ ਖੜ੍ਹਾ ਦੇਖ ਕੇ ਬਾਕੀ ਲੋਕ ਵੀ ਆਪਣਾ ਆਪਣਾ ਕੰਮ ਛੱਡ ਕੇ ਉਨ੍ਹਾਂ ਵੱਲ ਦੇਖਣ ਲੱਗੇ। ਕਿਰਪੂ, ਕਿਸ਼ਨਾ, ਨਿਹਾਲਾ ਅਤੇ ਭੀਮਾ ਦਲਾਨ ਵਿੱਚ ਆ ਖੜ੍ਹੇ ਹੋਏ, ਵਰਿਆਮਾ ਵੀ ਆਪਣਾ ਕੰਮ ਵਿਚੇ ਛੱਡ ਕੇ ਥੰਮ ਦੇ ਸਹਾਰੇ ਆ ਖੜ੍ਹਾ ਹੋਇਆ। ਫੋਰਮੈਨ ਨੇ ਗਰਦਨ ਘੁਮਾ ਕੇ ਸਾਰਿਆਂ ਵੱਲ ਦੇਖਿਆ। ਫਿਰ ਕਾਲ਼ੀ ਨੂੰ ਪੁੱਛਿਆ, "ਦੱਸ ਕੀ ਗੱਲ ਆ ?"

"ਮੇਰੀ ਵਲੋਂ ਹੋਵੇ ਜਾਂ ਸਾਰਿਆਂ ਵਲੋਂ ਇਹਦੇ ਨਾਲ਼ ਕੀ ਫਰਕ ਪੈਂਦਾ ਹੈ ?"

"ਬਹੁਤ ਫਰਕ ਪੈਂਦਾ ਹੈ। ਤੇਰੀ ਆਪਣੀ ਸਮੱਸਿਆ ਹੋਵੇ ਜਾਂ ਕਿਸੇ ਵੀ ਇੱਕ ਆਦਮੀ ਦਾ ਮਸਲਾ ਹੋਵੇ ਤਾਂ ਆਪਣੇ ਤੌਰ 'ਤੇ ਆਪਣੇ ਹੀ ਤਰੀਕੇ ਨਾਲ਼ ਹੱਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹਾਂ। ਜੇ ਸਾਰਿਆਂ ਦੀ ਸਮੱਸਿਆ ਹੈ ਤਾਂ ਮੈਨੂੰ ਸੋਚਣਾ ਪਵੇਗਾ। ਮਾਲਕਾਂ ਨਾਲ਼ ਗੱਲ ਕਰਨੀ ਪਵੇਗੀ।" ਫੋਰਮੈਨ ਨੇ ਇੱਕ ਇੱਕ ਸ਼ਬਦ 'ਤੇ ਜ਼ੋਰ ਦਿੱਤਾ।

"ਸਾਰਿਆਂ ਨੂੰ ਇਕੋ ਜਿਹਾ ਸੇਕ ਲੱਗਿਆ ਹੈ। ਸਮੱਸਿਆ ਸਾਰਿਆਂ ਦੀ ਸਾਂਝੀ ਹੈ।" ਕਿਰਪੂ ਵੀ ਕੋਲ਼ ਆ ਗਿਆ।

"ਹਾਂ ਬੋਲੋ। ਕੀ ਸਮੱਸਿਆ ਹੈ ਤੁਹਾਡੀ ?" ਫੋਰਮੈਨ ਨੇ ਹੁੱਕਾ ਜ਼ਮੀਨ 'ਤੇ ਰੱਖ ਕੇ ਕਿਰਪੂ ਵੱਲ ਦੇਖਿਆ, "ਕੀ ਸੇਕ ਲੱਗਿਆ ਹੈ ਤੁਹਾਨੂੰ ?"

ਕਾਲ਼ੀ ਨੇ ਸਾਰਿਆ ਵੱਲ ਨਜ਼ਰ ਮਾਰੀ ਅਤੇ ਕਿਰਪੂ, ਕਿਸ਼ਨੇ ਅਤੇ ਬਾਕੀਆਂ ਦਾ ਇਸ਼ਾਰਾ ਦੇਖ ਕੇ ਉਸ ਨੇ ਕਹਿਣਾ ਸ਼ੁਰੂ ਕੀਤਾ, "ਸਾਡੀ ਪਹਿਲੀ ਸਮੱਸਿਆ ਤਾਂ ਇਹ ਹੈ ਕਿ ਸਾਨੂੰ ਪੁੱਛੇ ਬਿਨਾਂ ਅਤੇ ਸਾਡੀ ਮਰਜ਼ੀ ਬਗੈਰ ਸਾਡੀ ਤਨਖਾਹ ਵਿੱਚੋਂ ਹਰ ਮਹੀਨੇ ਪੰਜ ਰੁਪਏ ਕੱਟ ਲਏ ਗਏ ਹਨ।"

"ਅੱਗੇ ਬੋਲ।" ਫੋਰਮੈਨ ਨੇ ਸਿਰ ਟੇਡਾ ਕਰ ਲਿਆ।

"ਇਹ ਸਰਾਸਰ ਜ਼ਿਆਦਤੀ ਹੈ।" ਕਿਰਪੂ ਦਾ ਬੋਲ ਸਖਤ ਸੀ।

"ਦਿਨ ਦਿਹਾੜੇ ਡਾਕਾ ਹੈ।" ਕਿਸ਼ਨਾ ਗੁੱਸੇ ਵਿੱਚ ਆ ਗਿਆ ਸੀ।

"ਕਿਸੇ ਹੋਰ ਨੇ ਕੁੱਝ ਕਹਿਣਾ ਹੈ ਤਾਂ ਛੇਤੀ ਕਹੋ।" ਫੋਰਮੈਨ ਨੇ ਉਨ੍ਹਾਂ ਵੱਲ ਦੇਖਿਆ।

ਬਾਰੇ ਚੁੱਪ ਰਹੇ ਤਾਂ ਫੋਰਮੈਨ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ, "ਇਹਨਾਂ ਨੂੰ ਬਹੁਤ ਚਿਰ ਦਾ ਜਾਣਦਾ ਹਾਂ। ਇਹ ਸਾਰੇ ਗੂੰਗੇ ਸਨ। ਇਹਨਾਂ ਦੇ ਸਿਰਫ ਕੰਨ ਸੀ, ਵੈਸੇ ਤਾਂ ਅੱਖਾਂ ਵੀ ਸਨ ਪਰ ਉਹ ਦੇਖਦੀਆਂ ਨਹੀਂ ਸਨ, ਜਾਂ ਦੇਖ ਕੇ ਵੀ ਅਣਡਿੱਠਾ ਕਰ ਦਿੰਦੀਆਂ ਸਨ। ਤੂੰ ਇਹਨਾਂ ਦੇ ਬੰਦ ਮੂੰਹਾਂ ਦੀ ਜ਼ੁਬਾਨ ਬਣਿਆ ਹੈ ਅਤੇ ਜ਼ੁਬਾਨ ਤਦ ਖੁੱਲ੍ਹਦੀ ਹੈ ਜਦ ਆਦਮੀ ਸੋਚਣਾ ਸ਼ੁਰੂ ਕਰਦਾ ਹੈ। ਆਦਮੀ ਸੋਚਣਾ ਉਸ ਸਮੇਂ ਸ਼ੁਰੂ ਕਰਦਾ ਹੈ ਜਦ ਉਸ ਦੇ ਕੰਡਾ ਚੁੱਭਦਾ ਹੈ। ਇੱਕ ਵਾਰ ਹੀ ਸਿਰ ਧੜ ਨਾਲ਼ੋਂ ਲਾਹ ਕੇ ਸੁੱਟ ਦਿੱਤਾ ਜਾਵੇ ਤਾਂ ਗੱਲ ਖਤਮ ਹੋ ਜਾਂਦੀ ਹੈ। ਪਰ ਦਰਦ ਅਤੇ ਚੀਸ ਦੇਰ ਤੱਕ ਮਹਿਸੂਸ ਹੁੰਦੀ ਹੈ।" ਫੋਰਮੈਨ ਅੱਖਾਂ ਅੱਧੀਆਂ ਬੰਦ ਕਰਕੇ ਇਸ ਤਰ੍ਹਾਂ ਬੋਲ ਰਿਹਾ ਸੀ ਜਿਵੇਂ ਉਸ ਵਿੱਚ ਔਲੀਏ ਦਾ ਪਰਵੇਸ਼ ਹੋ

ਗਿਆ ਹੋਵੇ। ਜਿਹੜੇ ਆਦਮੀ ਦੀ ਜ਼ੁਬਾਨ ਵਿੱਚੋਂ ਪੂਛ ਵਾਲ਼ੀਆਂ ਲੰਬੀਆਂ ਲੰਬੀਆਂ ਗਾਲ਼ਾਂ ਦੇ ਬਿਨਾਂ ਕੁੱਝ ਨਿਕਲਦਾ ਹੀ ਨਹੀਂ ਸੀ ਉਹ ਅੱਜ ਉਨ੍ਹਾਂ ਨੂੰ ਪ੍ਰਵਚਨ ਦੇ ਰਿਹਾ ਸੀ।

"ਫੋਰਮੈਨ ਜੀ, ਗੱਲ ਹੈ ਬਿਨਾਂ ਪੁੱਛੇ ਸਾਰਿਆਂ ਦੀ ਤਨਖਾਹ ਵਿੱਚੋਂ ਪੈਸੇ ਕੱਟਣ ਦੀ।" ਕਾਲ਼ੀ ਨੇ ਫੋਰਮੈਨ ਨੂੰ ਚੇਤਾ ਕਰਾਇਆ।

"ਹਾਂ। ਮੈਨੂੰ ਪਤਾ ਹੈ।" ਫੋਰਮੈਨ ਨੇ ਹੱਥ ਹਿਲਾਇਆ।

"ਇਹ ਫੈਸਲਾ ਮੇਰਾ ਨਹੀਂ ਸੀ।"

"ਤਾਂ ਫੇਰ ਇਹ ਮਾਲਕ ਦਾ ਫੈਸਲਾ ਸੀ ?"

"ਨਹੀਂ। ਮਾਲਕ ਦਾ ਵੀ ਨਹੀਂ ਸੀ।" ਫੋਰਮੈਨ ਨੇ ਧੀਰਜ ਨਾਲ਼ ਜਵਾਬ ਦਿੱਤਾ।

"ਫਿਰ ਕਿਸ ਦਾ ਸੀ ?" ਇੱਕੋ ਵਾਰ ਕਿਸ਼ਨੇ ਅਤੇ ਨਿਹਾਲੇ ਨੇ ਪੁੱਛਿਆ।

"ਫੈਸਲਾ ਬਰਾਦਰੀ ਦਾ ਸੀ।" ਫੋਰਮੈਨ ਲਗਾਤਾਰ ਠਰੰਮੇ ਨਾਲ਼ ਗੱਲ ਕਰ ਰਿਹਾ ਸੀ। ਫਿਰ ਉਸ ਨੇ ਉਨ੍ਹਾਂ ਨੂੰ ਯਾਦ ਕਰਾਇਆ, "ਤੁਹਾਨੂੰ ਯਾਦ ਹੋਵੇਗਾ ਕਿ ਉੱਥੇ ਚਮੜਾ ਮੰਡੀ ਅਤੇ ਚਮੜਾ ਕਾਰਖਾਨੇ ਦੇ ਮਾਲਕ, ਆੜ੍ਹਤੀ, ਠੇਕੇਦਾਰ, ਮੁਨਸ਼ੀ, ਮੁਨੀਮ ਸਭ ਮੌਜੂਦ ਸਨ। ਤੁਸੀਂ ਉਸ ਆਦਮੀ ਵੱਲ ਦੇਖੋ ਜਿਸ ਨੇ ਬਰਾਦਰੀ ਲਈ, ਬਰਾਦਰੀ ਦਾ ਨਾਂ ਉੱਚਾ ਕਰਨ ਲਈ ਦਸ ਹਜ਼ਾਰ ਦਾ ਨਕਦ ਦਾਨ ਦਿੱਤਾ ਹੈ, ਦਸ ਹਜ਼ਾਰ।" ਫੋਰਮੈਨ ਨੇ ਦੋਨਾਂ ਹੱਥਾਂ ਦੀਆਂ ਉਂਗਲੀਆਂ ਪੂਰੀ ਤਰ੍ਹਾਂ ਫੈਲਾ ਦਿੱਤੀਆਂ। "ਦਸ ਹਜ਼ਾਰ ਬਹੁਤ ਬੜੀ ਰਕਮ ਹੁੰਦੀ ਹੈ। ਸ਼ਹਿਰ ਵਿੱਚ ਗਿਣੇ ਮਿਥੇ ਰਈਸ ਅਤੇ ਵਿਉਪਾਰੀ ਹੋਣਗੇ ਜਿਹਨਾਂ ਦਾ ਐਨਾ ਵੱਡਾ ਦਿਲ ਹੋਵੇ। ਐਨੀ ਵੱਡੀ ਰਕਮ ਬੜਾ ਦਿਮਾਗ ਹੀ ਗਿਣ ਸਕਦਾ ਹੈ। ਮੇਰੇ ਤੇਰੇ ਬਸ ਦਾ ਕੰਮ ਨਹੀਂ ਹੈ। ... ਇੱਕ ਇੱਕ ਕਰਕੇ ਪੂਰੀ ਰਕਮ ਗਿਣਨ ਬੈਠੋ ਤਾਂ ਅੱਧਾ ਦਿਨ ਚਾਹੀਦਾ ਹੈ।"

ਆਪਣੇ ਭਾਸ਼ਨ ਦਾ ਪ੍ਰਭਾਵ ਦੇਖਣ ਲਈ ਫੋਰਮੈਨ ਕੁੱਝ ਪਲ ਖਮੋਸ਼ ਰਿਹਾ। ਉਸ ਨੇ ਵਾਰੀ ਵਾਰੀ ਸਾਰਿਆਂ ਵੱਲ ਦੇਖਿਆ। ਇਹ ਦੇਖ ਕੇ ਕਿ ਉਹ ਪੈਸਿਆਂ ਦੀ ਗਿਣਤੀ ਵਿੱਚ ਗੁਆਚ ਗਏ ਹਨ, ਫੋਰਮੈਨ ਦੀ ਅਵਾਜ਼ ਹੋਰ ਵੀ ਉੱਚੀ ਹੋ ਗਈ, "ਚਲੋ ਸੇਠ ਜੀ ਤਾਂ ਆਪਣੀ ਬਰਾਦਰੀ ਦੇ ਹਨ, ਬਲਕਿ ਬਰਾਦਰੀ ਦਾ ਨੱਕ ਹਨ। ਲਾਲਾ ਰਾਧੇ ਸ਼ਿਆਮ ਦਾ ਸਾਡੀ ਬਰਾਦਰੀ ਨਾਲ਼ ਕੀ ਲੈਣ ਦੇਣ ਹੈ ? ਇਹੀ ਨਾ ਕਿ ਉਨ੍ਹਾਂ ਦਾ ਇਥੇ ਚਮੜੇ ਦਾ ਕਾਰਖਾਨਾ ਹੈ ਅਤੇ ਚਮੜੇ ਦੀ ਆੜ੍ਹਤ ਦੀ ਦੁਕਾਨ ਹੈ। ਲਾਲਾ ਜੀ ਨੇ ਪੰਜ ਹਜ਼ਾਰ ਰੁਪਏ ਨਕਦ ਅਤੇ ਮੰਦਰ ਦੀ ਉਸਾਰੀ ਦੇ ਕੰਮ ਲਈ ਇੱਟਾਂ ਪੱਥਰ ਦਿੱਤਾ ਹੈ। ਕਦੇ ਸੋਚਿਆ ਹੈ, ਕਾਹਦੇ ਲਈ ?"

ਫੋਰਮੈਨ ਭਾਵਕ ਹੋ ਗਿਆ ਸੀ। ਖ਼ੂਨ ਦਾ ਦੌਰਾ ਅਤੇ ਦਬਾਅ ਵੱਧ ਜਾਣ ਕਰਕੇ ਉਸ ਦਾ ਚੇਹਰਾ ਲਾਲ ਸੁਰਖ ਹੋ ਗਿਆ ਸੀ ਅਤੇ ਸਾਹ ਫੁੱਲਣ ਲੱਗ ਪਿਆ ਸੀ।

"ਓਏ ਮੁੰਡਿਆ, ਮੇਰੀ ਮੰਜੀ ਚੁੱਕ ਕੇ ਇਥੇ ਲਿਆ ਦੇ।" ਫੋਰਮੈਨ ਨੇ ਜ਼ੋਰ ਨਾਲ਼ ਸਾਹ ਲਿਆ।

ਕਾਲ਼ੀ ਦੌੜ ਕੇ ਮੰਜੀ ਚੁੱਕ ਲਿਆਇਆ ਅਤੇ ਹੌਜਾਂ ਤੋਂ ਪਰ੍ਹੇ ਦਲਾਨ ਦੇ ਥੰਮਾਂ ਕੋਲ਼ ਡਾਹ ਦਿੱਤੀ ਤਾਂ ਕਿ ਫੋਰਮੈਨ ਚਾਹੇ ਤਾਂ ਥੰਮ ਨਾਲ਼ ਢੋਹ ਲਾ ਸਕੇ।

ਕਾਲ਼ੀ ਦੇ ਮੋਢਿਆਂ 'ਤੇ ਹੱਥ ਰੱਖ ਕੇ ਫੋਰਮੈਨ ਮੰਜੀ 'ਤੇ ਬੈਠ ਗਿਆ। ਉਸ ਨੇ

ਚਿਮਟੇ ਨਾਲ਼ ਚਿਲਮ ਵਿੱਚ ਅੱਗ ਨੂੰ ਹਿਲਾ ਜੁਲਾ ਕੇ ਹੁੱਕੇ ਨੂੰ ਮਘਾਇਆ ਅਤੇ ਲੰਮੇ ਲੰਮੇ ਸੂਟੇ ਖਿੱਚ ਕੇ ਨੱਕ ਅਤੇ ਮੂੰਹ ਵਿੱਚੋਂ ਧੂੰਆਂ ਛੱਡਦਾ ਰਿਹਾ। ਸਾਰੇ ਆਦਮੀਆਂ ਨੇ ਮੰਜੀ ਦੇ ਆਲ਼ੇ ਦੁਆਲ਼ੇ ਘੇਰਾ ਬਣਾ ਲਿਆ ਸੀ। ਉਨ੍ਹਾਂ ਨੂੰ ਇਸ ਤਰ੍ਹਾਂ ਖੜ੍ਹਾ ਦੇਖ ਕੇ ਫੋਰਮੈਨ ਨੂੰ ਹੁਣ ਕੋਈ ਡਰ ਮਹਿਸੂਸ ਨਹੀਂ ਹੋ ਰਿਹਾ ਸੀ। ਉਸ ਨੇ ਹੁੱਕੇ ਦੀ ਨੜੀ ਮੂੰਹ ਤੋਂ ਹਟਾ ਖੰਘਦਿਆਂ ਪੁੱਛਿਆ, "ਹੋ ਗਈ ਤਸੱਲੀ ਜਾਂ ਅਜੇ ਕੋਈ ਹੋਰ ਸਵਾਲ਼ ਬਾਕੀ ਹੈ ?"

ਜਦ ਕਿਸੇ ਨੇ ਕੋਈ ਜਵਾਬ ਨਾ ਦਿੱਤਾ ਤਾਂ ਫੋਰਮੈਨ ਬੋਲਿਆ, "ਹੁਣ ਮੈਂ ਤੁਹਾਡੇ ਨਾਲ਼ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ।" ...ਉਸ ਨੇ ਚਾਰੇ ਪਾਸੇ ਦੇਖਿਆ। ਕਾਲ਼ੀ ਦੇ ਬਿਨਾਂ ਸਾਰਿਆਂ ਦੇ ਸਿਰ ਝੁਕੇ ਹੋਏ ਸਨ, "ਤੁਸੀਂ ਸਾਰੇ ਸੱਠ ਸੱਤਰ ਤੋਂ ਲੈ ਕੇ ਸੌ ਰੁਪਏ ਮਹੀਨਾ ਕਮਾਉਂਦੇ ਹੋ, ਕਮਾਉਂਦੇ ਹੋ ਜਾਂ ਨਹੀਂ ?"

ਫੋਰਮੈਨ ਨੇ ਇੱਕ ਵਾਰ ਫਿਰ ਸਾਰਿਆਂ ਵੱਲ ਦੇਖਿਆ ਅਤੇ ਉਨ੍ਹਾਂ ਦੀ ਖਾਮੋਸ਼ੀ ਤੋਂ ਉਸ ਨੂੰ ਇਸ ਤਰ੍ਹਾਂ ਲੱਗਾ ਕਿ ਹੁਣ ਉਹ ਠੀਕ ਹਨ। ਉਸ ਨੂੰ ਆਪਣੀ ਜਿੱਤ ਮਹਿਸੂਸ ਹੋਈ, "ਤੁਹਾਨੂੰ ਦੱਸਣ ਦੀ ਜ਼ਰੂਰਤ ਨਹੀਂ ਕਿ ਤੁਸੀਂ ਆਪਣੀ ਕਮਾਈ ਕਿਸ ਤਰ੍ਹਾਂ ਖਰਚ ਕਰਦੇ ਹੋ। ਤੁਹਾਨੂੰ ਵੀ ਪਤਾ ਹੈ ਅਤੇ ਮੈਂ ਵੀ ਜਾਣਦਾ ਹਾਂ। ਮੈਂ ਕਿਉਂ ਕਹਾਂ ਕਿ ਤੁਸੀਂ ਘਰਵਾਲੀ, ਬੱਚਿਆਂ, ਬੁੱਢੇ ਮਾਂ-ਬਾਪ, ਬੇਸਹਾਰਾ ਭਾਈ-ਭੈਣਾਂ ਦੇ ਢਿੱਡ 'ਤੇ ਲੱਤ ਮਾਰ ਕੇ ਆਪਣੀ ਅਯਾਸ਼ੀ ਪੂਰੀ ਕਰਦੇ ਹੋ। ਚੱਲੋ, ਮੈਂ ਇਹ ਵੀ ਮੰਨ ਲੈਂਦਾ ਹਾਂ ਕਿ ਤੁਸੀਂ ਆਪਣੇ ਟੱਬਰ ਟੀਰ ਦਾ ਪੂਰਾ ਧਿਆਨ ਰੱਖਦੇ ਹੋ, ਪਰ ਮਹੀਨੇ ਵਿੱਚ ਤੀਹਾਂ-ਚਾਲੀਆਂ ਦਾ ਨਸ਼ਾ ਦਾਰੂ ਵੀ ਤਾਂ ਪੀ ਜਾਂਦੇ ਹੋ। ਅੱਠ ਦਸ ਰੁਪਏ ਦੀਆਂ ਸਿਗਟਾਂ ਵੀ ਫੂਕਦੇ ਹੋ। ਜੇ ਤੁਹਾਨੂੰ ਇਨ੍ਹਾਂ ਚੀਜ਼ਾਂ ਦਾ ਫਰਕ ਨਹੀਂ ਪੈਂਦਾ ਤਾਂ ਬਰਾਦਰੀ ਦੇ ਹੁਕਮ ਨਾਲ਼ ਤੁਹਾਡੀ ਕਮਾਈ ਵਿੱਚੋਂ ਧਰਮ ਦੇ ਕੰਮ ਲਈ ਪੰਜ ਰੁਪਏ ਕੱਟਣ ਕਰਕੇ ਤੁਹਾਨੂੰ ਐਨੀ ਤਕਲੀਫ ਕਿਉਂ ਹੁੰਦੀ ਹੈ। ਇਸ ਗੱਲ ਲਈ ਤੁਸੀਂ ਪੰਚਾਇਤ ਬਣਾ ਕੇ ਮੈਨੂੰ ਘੇਰਨ ਆ ਗਏ ਹੋ। ਮੇਰੇ ਨਾਲ਼ ਬਹਿਸ ਕਰਨ ਲਈ ਵਕੀਲ ਵੀ ਖੜ੍ਹਾ ਕਰ ਲਿਆ।" ਫੋਰਮੈਨ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ।

ਕਾਲ਼ੀ ਨੇ ਧਿਆਨ ਨਾਲ਼ ਫੋਰਮੈਨ ਵੱਲ ਦੇਖਿਆ। "ਫੋਰਮੈਨ ਜੀ, ਇਸ ਵਿੱਚ ਗੁੱਸਾ ਕਰਨ ਵਾਲ਼ੀ ਕਿਹੜੀ ਗੱਲ ਹੈ। ਜਿਹੜੇ ਬੰਦੇ ਨੂੰ ਦਰਦ ਹੋਊਗਾ, ਉਹ ਸੀ ਵੀ ਜ਼ਰੂਰ ਕਰੂਗਾ। ਸਾਨੂੰ ਪੁੱਛੇ ਬਿਨ੍ਹਾਂ ਸਾਡੇ ਪੈਸੇ ਕੱਟ ਲਏ ਗਏ। ਫੈਸਲਾ ਬਰਾਦਰੀ ਦਾ ਸੀ ਜਾਂ ਕਿਸੇ ਹੋਰ ਦਾ, ਸਾਨੂੰ ਦੱਸਣਾ ਤਾਂ ਚਾਹੀਦਾ ਸੀ। ਭਰੀ ਸਭਾ ਵਿੱਚ ਸਾਡੇ ਪੈਸੇ ਕੱਟਣ ਬਾਰੇ ਤੁਸੀਂ ਆਪਣੇ ਆਪ ਹੀ ਐਲਾਨ ਕਰ ਦਿੱਤਾ। ਜੇ ਆਪਣੀ ਤਸੱਲੀ ਲਈ ਤੁਹਾਨੂੰ ਪੁੱਛ ਹੀ ਲਿਆ ਹੈ ਤਾਂ ਅਸੀਂ ਕਿਹੜਾ ਗੁਨਾਹ ਕਰ ਦਿੱਤਾ ਹੈ।"

ਫੋਰਮੈਨ ਨੇ ਕਾਲ਼ੀ ਦੀ ਗੱਲ 'ਤੇ ਤੁਰੰਤ ਕੁੱਝ ਨਾ ਕਿਹਾ। ਉਹ ਸਿਰ ਨੀਵਾਂ ਕਰਕੇ ਆਰਾਮ ਨਾਲ਼ ਹੁੱਕਾ ਪੀਂਦਾ ਰਿਹਾ। ਫਿਰ ਉਸ ਨੇ ਨਿਗਾਹ ਉੱਪਰ ਕੀਤੀ, "ਤੂੰ ਪੁੱਛ ਕੇ ਕੋਈ ਗੁਨਾਹ ਨਹੀਂ ਕੀਤਾ। ਪਰ ਤੇਰੇ ਮਨ ਵਿੱਚ ਮੇਰੇ ਬਾਰੇ ਸ਼ੱਕ ਤਾਂ ਪੈਦਾ ਹੋਇਆ ਹੈ। ਤੁਸੀਂ ਸਾਰਿਆਂ ਨੇ ਸੋਚਿਆ ਕਿ ਸ਼ਾਇਦ ਫੋਰਮੈਨ ਬੇਈਮਾਨੀ ਕਰ ਗਿਆ ਹੈ।"

"ਜੇ ਤੁਸੀਂ ਸਾਨੂੰ ਆਪਣੇ ਆਪ ਦੱਸ ਦਿੰਦੇ ਤਾਂ ਸਾਡੇ ਮਨ ਵਿੱਚ ਨਾ ਤਾਂ ਸ਼ੱਕ ਪੈਦਾ

ਹੁੰਦਾ ਅਤੇ ਨਾ ਹੀ ਸਾਨੂੰ ਗੱਲ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ।" ਕਾਲ਼ੀ ਨੇ ਇਸ ਗੱਲ ਨੂੰ ਖਤਮ ਕਰਕੇ ਅੱਗੇ ਕਿਹਾ, "ਫੋਰਮੈਨ ਜੀ, ਸਾਡੀਆਂ ਬਾਕੀ ਦੀਆਂ ਤਕਲੀਫਾਂ ਬਾਰੇ ਤਾਂ ਕੁੱਸ਼ ਕਰੋ?"

"ਦੇਖ ਮੁੰਡਿਆ, ਤੂੰ ਗੱਲ ਦੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਕਰ। ... ਬਰਾਦਰੀ ਦੇ ਜਾਣੇ ਪਛਾਣੇ ਨੇਤਾਵਾਂ ਨੇ ਸਾਡੀ ... ਆਪਾਂ ਸਾਰਿਆਂ ਦੀ।" ਫੋਰਮੈਨ ਨੇ ਛਾਤੀ 'ਤੇ ਹੱਥ ਰੱਖ ਲਿਆ–"ਬੁਨਿਆਦੀ ਤਕਲੀਫ ਪਛਾਣ ਲਈ ਹੈ ਅਤੇ ਉਸ ਦਾ ਇਲਾਜ ਵੀ ਲੱਭ ਲਿਆ ਹੈ। ਤੁਸੀਂ ਹੋਰ ਕੀ ਚਾਹੁੰਦੇ ਹੋ?"

"ਇਹੀ ਕਿ ਇਥੇ ਟਿਊਬਵੈਲ ਲਾਇਆ ਜਾਵੇ। ਟਿਊਬਵੈਲ ਨਾ ਸਹੀ, ਇੱਕ ਡੂੰਘਾ ਪਾਣੀ ਖਿੱਚਣ ਵਾਲ਼ਾ ਨਲ਼ਕਾ ਹੀ ਲੁਆ ਦਿੱਤਾ ਜਾਵੇ। ਖਾਜ-ਖੁਰਕ ਦੀ ਦਵਾਈ ਦਿੱਤੀ ਜਾਵੇ।" ਕਾਲ਼ੀ ਨੇ ਹੱਥ ਮਲ਼ਦਿਆਂ ਕਿਹਾ।

"ਸੁਣ ਮੁੰਡਿਆ, ਇਹਨਾਂ ਗੱਲਾਂ ਦਾ ਮੇਰੇ ਕੋਲ਼ ਇੱਕ ਹੀ ਜਵਾਬ ਰਿਹਾ ਹੈ ਅਤੇ ਇਹ ਜਵਾਬ ਹੈ ਕਿ ਤੈਨੂੰ ਇਥੇ ਕੰਮ ਕਰਨ ਲਈ ਸੱਦਿਆ ਨਹੀਂ ਗਿਆ ਸੀ, ਸਗੋਂ ਤੁਸੀਂ ਸਾਰੇ ਕਿਸੇ ਨਾ ਕਿਸੇ ਦੀ ਫਰਮਾਇਸ਼ ਨਾਲ਼ ਇਥੇ ਆਏ ਸੀ। ਨੌਕਰੀ ਲੈਣ ਸਮੇਂ ਤੁਹਾਡੇ ਵਿੱਚੋਂ ਕਿਸੇ ਨੇ ਕੋਈ ਸ਼ਰਤ ਵੀ ਨਹੀਂ ਰੱਖੀ ਸੀ। ਬੋਲੋ, ਰੱਖੀ ਸੀ?" ਆਖਰੀ ਸ਼ਬਦ ਕਹਿੰਦਿਆਂ ਕਹਿੰਦਿਆਂ ਫੋਰਮੈਨ ਦੀ ਅਵਾਜ਼ ਬਹੁਤ ਉੱਚੀ ਹੋ ਗਈ।

ਸਭ ਖਮੋਸ਼ ਸਨ। ਫੋਰਮੈਨ ਦੀ ਗੱਲ ਕੌੜੀ ਪਰ ਸੱਚੀ ਸੀ। ਸਾਰਿਆਂ ਦੇ ਸਿਰ ਝੁਕੇ ਹੋਏ ਸਨ। ਫੋਰਮੈਨ ਨੇ ਉਨ੍ਹਾਂ ਵੱਲ ਦੇਖਿਆ ਅਤੇ ਇੱਕ ਜੇਤੂ ਦੀ ਤਰ੍ਹਾਂ ਉਸ ਦੇ ਬੁੱਲਾਂ 'ਤੇ ਮੁਸਕਰਾਹਟ ਫੈਲ ਗਈ। ਉਸ ਨੇ ਉੱਠ ਕੇ ਆਪਣਾ ਹੁੱਕਾ ਸੰਭਾਲਿਆ, "ਕੋਈ ਹੋਰ ਗੱਲ ਕਰਨੀ ਹੈ ਜਾਂ ਬਸ?"

"ਬਰਾਦਰੀ ਦੇ ਲੋਕਾਂ ਨੂੰ ਦੁੱਖ ਤਕਲੀਫ ਹੋਵੇ ਤਾਂ ਲੀਡਰਾਂ ਨੂੰ ਉਸ ਵੱਲ ਵੀ ਤਾਂ ਧਿਆਨ ਦੇਣਾ ਚਾਹੀਦਾ ਹੈ।" ਕਾਲ਼ੀ ਮਾਯੂਸ ਹੋਇਆ ਬੋਲਿਆ।

"ਕੱਲ ਨੂੰ ਤਾਂ ਤੂੰ ਕਹੇਂਗਾ ਕਿ ਬਰਾਦਰੀ ਤੇਰੇ ਹੁੱਕੇ ਦੀ ਚਿਲਮ ਵੀ ਭਰੇ।" ਫੋਰਮੈਨ ਮੂੰਹ ਘੁਮਾ ਕੇ ਇੱਕ ਪੱਲ ਲਈ ਹੱਸਿਆ। ਫਿਰ ਉਹ ਗੰਭੀਰ ਹੋ ਗਿਆ, "ਜਿਸ ਸੇਠ ਰਾਧੇ ਸ਼ਿਆਮ ਨੇ ਸਾਡੀ ਪਛਾਣ ਬਣਾਉਣ ਲਈ ਧੰਨ ਦਿੱਤਾ ਹੈ, ਤੂੰ ਚਾਹੁੰਦਾ ਹੈ ਕਿ ਬਰਾਦਰੀ ਦੇ ਲੀਡਰ ਤੁਹਾਡੀਆਂ ਕੁੱਝ ਮਾਮੂਲੀ ਸ਼ਿਕਾਇਤਾਂ ਲੈ ਕੇ ਸੇਠ ਜੀ ਨਾਲ਼ ਝਗੜਾ ਕਰਨ।"

"ਤਾਂ ਇਸ ਦਾ ਮਤਲਬ ਹੈ ਕਿ ਸਾਡੇ ਲੀਡਰ ਸਾਡੀ ਮੌਜੂਦਾ ਪਛਾਣ ਨੂੰ ਹਮੇਸ਼ਾ ਲਈ ਕਾਇਮ ਰੱਖਣਾ ਚਾਹੁੰਦੇ ਹਨ।" ਕਾਲ਼ੀ ਬਹੁਤ ਨਿਰਾਸ਼ ਸੀ।

"ਕਿਹੜੀ ਪਛਾਣ?" ਫੋਰਮੈਨ ਨੇ ਕਾਲ਼ੀ ਵੱਲ ਗੁੱਸੇ ਨਾਲ਼ ਦੇਖਿਆ।

"ਇਹੀ ... ਸਾਡੀ ਗਰੀਬੀ, ਬੇਬਸੀ, ਬੇਕਸੀ, ਬਿਮਾਰੀ ਅਤੇ ਮਾਲਕ ਦੀ ਗੁਲਾਮੀ।" ਕਾਲ਼ੀ ਨੇ ਇੱਕ ਇੱਕ ਸ਼ਬਦ 'ਤੇ ਜ਼ੋਰ ਦਿੱਤਾ। ਫਿਰ ਉਸ ਨੇ ਆਪਣੇ ਸਾਥੀਆਂ ਵੱਲ ਦੇਖਿਆ, "ਆਪਾਂ ਸੇਠ ਰਾਮ ਪ੍ਰਕਾਸ਼ ਜੀ ਨਾਲ਼ ਗੱਲ ਕਰਾਂਗੇ। ਉਹ ਬਹੁਤ ਪੜ੍ਹੇ ਲਿਖੇ ਹਨ। ਸਾਡੇ ਦੁੱਖ ਦਰਦ ਅਤੇ ਸਥਿਤੀ ਨੂੰ ਸਮਝਦੇ ਹਨ। ਉਹ ਕਿਸੇ ਤਰ੍ਹਾਂ ਸਾਡੇ ਮਾਲਕ ਦੇ ਦਬਾਅ ਥੱਲੇ ਵੀ

ਨਹੀਂ ਹਨ।"

"ਇਹ ਵੀ ਕਰਕੇ ਦੇਖ ਲਿਉ।" ਫੋਰਮੈਨ ਨੇ ਜ਼ੋਰ ਨਾਲ਼ ਸਿਰ ਝਟਕ ਦਿੱਤਾ, "ਪਰ ਇੱਕ ਗੱਲ ਸਮਝ ਲਉ, ਕੱਸ ਕੇ ਪੱਲੇ ਬੰਨ੍ਹ ਲਉ।" ਸਾਰੇ ਫੋਰਮੈਨ ਵੱਲ ਦੇਖਣ ਲੱਗੇ ਤਾਂ ਉਹ ਬਹੁਤ ਹੌਲ਼ੀ ਜਿਹੇ ਨਰਮੀ ਨਾਲ਼ ਬੋਲਿਆ, "ਬਰਾਦਰੀ ਵੱਖਰੀ ਵੱਖਰੀ ਹੋਣ ਦੇ ਬਾਵਜੂਦ ਵੀ ਸੇਠ ਬਖਸ਼ੀ ਰਾਮ, ਰਾਮ ਪ੍ਰਕਾਸ਼ ਅਤੇ ਸਾਡੇ ਮਾਲਕ ਦਾ ਮਕਸਦ ਇੱਕ ਹੈ। ਦੋਨਾਂ ਦੇ ਚਮੜੇ ਦੇ ਕਾਰਖਾਨੇ ਹਨ ਅਤੇ ਆੜ੍ਹਤ ਦੀਆਂ ਦੁਕਾਨਾਂ ਹਨ। ਤੁਹਾਨੂੰ ਸਹੂਲਤਾਂ ਦੁਆਉਣ ਤੋਂ ਪਹਿਲਾਂ ਰਾਮ ਪ੍ਰਕਾਸ਼ ਨੇ ਆਪਣੇ ਤਿੰਨ ਕਾਰਖਾਨਿਆਂ ਦੇ ਕਾਰੀਗਰਾਂ ਦਾ ਧਿਆਨ ਵੀ ਰੱਖਣਾ ਹੈ। … ਵੈਸੇ ਤੁਸੀਂ ਕੋਸ਼ਿਸ਼ ਕਰ ਕੇ ਦੇਖ ਲਉ। ਪਰ ਨਤੀਜਾ ਭੁਗਤਣ ਲਈ ਵੀ ਤਿਆਰ ਰਹਿਣਾ।"

ਸਾਰੇ ਚੁੱਪ ਰਹੇ ਤਾਂ ਫੋਰਮੈਨ ਤਹਿਮਤ ਨੂੰ ਇੱਕ ਪਾਸੇ ਤੋਂ ਚੁੱਕ ਕੇ ਹੌਲ਼ੀ ਹੌਲ਼ੀ ਤੁਰਨ ਲੱਗਾ ਜਿਵੇਂ ਜ਼ਮੀਨ 'ਤੇ ਉਸ ਦੇ ਸਰੀਰ ਦਾ ਭਾਰ ਪੈ ਰਿਹਾ ਹੋਵੇ। ਜਦ ਉਹ ਗੇਟ ਦੇ ਕੋਲ਼ ਪਹੁੰਚ ਗਿਆ ਤਾਂ ਨਿਹਾਲੇ ਨੇ ਹੱਥ ਜੋੜਦਿਆਂ ਫਰਿਆਦ ਕੀਤੀ, "ਫੋਰਮੈਨ ਜੀ, ਘਰ ਵਾਲ਼ੀ ਨੂੰ ਤਕਲੀਫ ਹੋ ਗਈ ਹੈ।"

"ਤਾਂ ਫਿਰ ?" ਫੋਰਮੈਨ ਨੇ ਖੜ੍ਹੇ ਹੋਣ ਤੋਂ ਬਿਨਾਂ ਹੀ ਕਿਹਾ।"

"ਤਾਂ ਫਿਰ ਮੈਂ ਕੀ ਕਰਾਂ ?"

"ਮਹੀਨਾ ਅੱਧੇ ਤੋਂ ਜ਼ਿਆਦਾ ਨਿਕਲ਼ ਗਿਆ ਹੈ। ਜੇ ਕੁੱਸ਼ ਰੁਪਏ ਪੇਸ਼ਗੀ ਦੁਆ ਦੇਵੋਂ।" ਨਿਹਾਲਾ ਗਿੜਗੜਾਇਆ।

"ਨਾ ਭਾਈ, ਮੈਂ ਇਸ ਹਿਸਾਬ ਕਿਤਾਬ ਵਿੱਚ ਨਹੀਂ ਪੈਣਾ। ਲਾਲਾ ਜੀ ਨੇ ਸਾਡੀ ਬਰਾਦਰੀ ਨੂੰ ਚੰਗਾ ਬਣਾਉਣ ਲਈ ਐਨਾ ਵੱਡਾ ਦਾਨ ਦਿੱਤਾ ਹੈ। ਆਪਾਂ ਨੂੰ ਤਾਂ ਹੁਣ ਤਨਖਾਹ ਲੈਂਦਿਆਂ ਵੀ ਸ਼ਰਮ ਆਉਣੀ ਚਾਹੀਦੀ ਹੈ। ਤੂੰ ਪੇਸ਼ਗੀ ਪੇਸੇ ਮੰਗਣ ਦੀ ਗੱਲ ਕਰ ਰਿਹਾ ਹੈਂ।" ਇਨਕਾਰ ਵਿੱਚ ਹੱਥ ਹਿਲਾਉਂਦਾ ਫੋਰਮੈਨ ਅੱਗੇ ਚਲੇ ਗਿਆ।

ਉਹ ਗੇਟ ਵਿੱਚ ਖੜ੍ਹੇ ਉਸ ਨੂੰ ਜਾਂਦੇ ਨੂੰ ਦੇਖਦੇ ਰਹੇ। ਜਦ ਉਹ ਸੜਕ 'ਤੇ ਪਹੁੰਚ ਕੇ ਮੋੜ ਮੁੜ ਗਿਆ ਤਾਂ ਕਿਰਪੂ ਭੜਕ ਉੱਠਿਆ, "ਸਾਲ਼ੇ, ਸਾਰੇ ਬਹੁਤ ਪਖੰਡੀ ਹਨ। ਗੁਰੂ ਲਈ ਤਾਂ ਹਜ਼ਾਰਾਂ ਰੁਪਏ ਖਰਚ ਕਰ ਦੇਣਗੇ ਪਰ ਉਸ ਹੀ ਬਰਾਦਰੀ ਦੇ ਗਰੀਬ ਮਜ਼ਦੂਰ ਨੂੰ ਬਿਮਾਰੀ ਦਾ ਇਲਾਜ ਕਰਾਉਣ ਲਈ ਪੰਜ ਰੁਪਏ ਪੇਸ਼ਗੀ ਵੀ ਨਹੀਂ ਦੇਣਗੇ।"

## ਸੋਲ੍ਹਾਂ

ਕਾਲ਼ੀ ਦਲਾਨ ਦੇ ਥੰਮਾਂ ਦੇ ਨਾਲ਼ ਢੋਹ ਲਾਈ ਆਪਣੇ ਖੱਬੇ ਹੱਥ ਦੇ ਪਿੱਛੇ ਦੋ ਉਂਗਲੀਆਂ ਦੇ ਵਿੱਚ ਚਿੱਟੇ ਰੰਗ ਦੀ ਫਿਨਸੀ ਨੂੰ ਦੇਖ ਰਿਹਾ ਸੀ। ਉਸ ਵਿੱਚੋਂ ਪਾਣੀ ਰਿਸ ਰਿਸ ਕੇ ਆਲ਼ੇ ਦੁਆਲ਼ੇ ਫੈਲ ਗਿਆ ਸੀ। ਉਸ ਵਿੱਚ ਚੀਸ ਪੈਂਦੀ ਤਾਂ ਕਾਲ਼ੀ ਦੇ ਮੂੰਹ ਵਿੱਚੋਂ ਸੀਅ ਨਿਕਲ਼ ਜਾਂਦੀ ਅਤੇ ਉਹ ਦਰਦ ਨੂੰ ਘੱਟ ਕਰਨ ਲਈ ਉਸ 'ਤੇ ਫੂਕਾਂ ਮਾਰਨ ਲਗਦਾ।

"ਕੰਮ ਮੁੱਕ ਗਿਆ ਕਾਲ਼ੀ ?" ਬੰਸੇ ਨੇ ਉਸ ਦੇ ਕੋਲ਼ ਬੈਠਦਿਆਂ ਪੁੱਛਿਆ।

"ਭਾਅ ਜੀ, ਮੈਂ ਖੁਦ ਖਤਮ ਹੋ ਰਿਹਾ ਹਾਂ।" ਕਾਲ਼ੀ ਨੇ ਆਪਣਾ ਹੱਥ ਬੰਸੇ ਦੇ ਮੋਹਰੇ

ਕਰ ਦਿੱਤਾ।

"ਕੀ ਹੋ ਗਿਆ ਹੱਥ ਨੂੰ ?" ਬੰਸੇ ਨੇ ਉਸ ਦਾ ਹੱਥ ਫੜ ਲਿਆ।

"ਇਹ ਫਿਨਸੀ ਦੇਖ। ਬਹੁਤ ਤੰਗ ਕਰ ਰਹੀ ਹੈ। ਚੀਸ ਪੈਂਦੀ ਹੈ ਤਾਂ ਸਾਰਾ ਸਰੀਰ ਹਿੱਲ ਜਾਂਦਾ ਹੈ।" ਕਾਲ਼ੀ ਨੇ ਚਿੱਟੇ ਰੰਗ ਦੀ ਫਿਨਸੀ ਵੱਲ ਇਸ਼ਾਰਾ ਕੀਤਾ।

"ਦੇਖਾਂ ਤਾਂ।" ਬੰਸੇ ਨੇ ਕਾਲ਼ੀ ਦਾ ਹੱਥ ਅੱਖਾਂ ਦੇ ਸਾਹਮਣੇ ਕਰਕੇ ਫਿਨਸੀ ਅਤੇ ਉਸ ਵਿੱਚੋਂ ਨਿਕਲ਼ ਰਹੇ ਪਾਣੀ ਨੂੰ ਧਿਆਨ ਨਾਲ਼ ਦੇਖਿਆ ਅਤੇ ਫਿਰ ਘਬਰਾ ਗਿਆ, "ਤੈਨੂੰ ਤਾਂ ਪਾਂਅ ਪੈ ਗਈ ਹੈ।"

ਬੰਸੇ ਨੇ ਕਾਲ਼ੀ ਦਾ ਹੱਥ ਛੱਡ ਦਿੱਤਾ ਅਤੇ ਉਸ ਨੂੰ ਚਿਤਾਵਨੀ ਦਿੱਤੀ, "ਬਹੁਤ ਨਾਮੁਰਾਦ ਬਿਮਾਰੀ ਹੈ। ਜਿੱਥੇ ਜਿੱਥੇ ਇਸ ਦਾ ਪਾਣੀ ਲੱਗ ਗਿਆ ਉੱਥੇ ਉੱਥੇ ਚਿੱਟੀਆਂ ਫਿਨਸੀਆਂ ਨਿਕਲ਼ ਆਉਣੀਆਂ ਹਨ। ਇੱਕ ਵਾਰ ਹੋ ਜਾਏ ਤਾਂ ਹੱਟਣ ਦਾ ਨਾਂ ਨਹੀਂ ਲੈਂਦੀ। ਰੋਟੀ ਖਾਂਦਿਆਂ ਇਹ ਪਾਣੀ ਢਿੱਡ ਵਿੱਚ ਚਲਾ ਜਾਏ ਤਾਂ ਅੰਤੜੀਆਂ ਅਤੇ ਮਿਹਦੇ ਵਿੱਚ ਵੀ ਫੋੜੇ ਹੋ ਜਾਂਦੇ ਹਨ।"

"ਇਹਦਾ ਇਲਾਜ ਹੈ ਕੋਈ ?" ਕਾਲ਼ੀ ਡਰ ਗਿਆ ਸੀ।

ਇਲਾਜ ਤਾਂ ਹੈ, ਪਰ ਆਪਾਂ ਕਰਵਾ ਨਹੀਂ ਸਕਦੇ।"

"ਕੀ ਬਹੁਤ ਮਹਿੰਗਾ ਹੈ ?"

"ਨਹੀਂ ਬਹੁਤ ਮਹਿੰਗਾ ਤਾਂ ਨਹੀਂ ਹੈ। ਪਰ ਇਲਾਜ ਲਈ ਪਰਹੇਜ਼ ਬਹੁਤ ਜ਼ਰੂਰੀ ਹੈ ਅਤੇ ਪਰਹੇਜ਼ ਆਪਾਂ ਤੋਂ ਹੋ ਨਹੀਂ ਸਕਦਾ। ਕੰਮ ਹੀ ਇਹੋ ਜਿਹਾ ਹੈ। ਚੂਨਾ, ਲੂਣ, ਤੇਜ਼ਾਬ, ਕਿੱਕਰ ਦੀਆਂ ਛਿੱਲਾਂ ਦਾ ਪਾਣੀ ਹੱਥਾਂ ਨੂੰ ਲੱਗਦਾ ਹੀ ਰਹਿੰਦਾ ਹੈ। ਪਰਹੇਜ਼ ਕਰਨ ਲਈ ਕੰਮ ਬੰਦ ਕਰਨਾ ਪਵੇਗਾ। ਕੰਮ ਬੰਦ ਕਰ ਦੇਈਏ ਤਾਂ ਭੁੱਖੇ ਮਰਾਂਗੇ।" ਬੰਸਾ ਉਦਾਸ ਹੋ ਗਿਆ।

ਕਾਲ਼ੀ ਆਪਣੇ ਹੱਥ 'ਤੇ ਫੂਕਾਂ ਮਾਰਦਾ ਰਿਹਾ। ਪਰ ਜਦ ਫਿਨਸੀ ਵਿੱਚ ਚੀਸ ਪੈਂਦੀ ਤਾਂ ਦਰਦ ਨਾਲ਼ ਉਸ ਦੇ ਚਿਹਰੇ ਦੀ ਸ਼ਕਲ ਬਦਲ ਜਾਂਦੀ। ਉਸ ਦੇ ਬੁੱਲ ਫੈਲ ਜਾਂਦੇ ਅਤੇ ਨਾਸਾਂ ਫੁੱਲ ਕੇ ਗੱਲ੍ਹਾਂ ਨੂੰ ਛੂਹਣ ਲੱਗ ਪੈਂਦੀਆਂ।

"ਇੱਕ ਕੰਮ ਕਰ।" ਬੰਸੇ ਨੂੰ ਜਿਵੇਂ ਕੋਈ ਅਚਾਨਕ ਗੱਲ ਯਾਦ ਆ ਗਈ ਹੋਵੇ।

"ਕੀ ?" ਕਾਲ਼ੀ ਨੇ ਹੱਥ ਨੂੰ ਸਾਫੇ ਦੇ ਪੱਲੇ ਨਾਲ਼ ਢੱਕ ਲਿਆ।

"ਫੋਰਮੈਨ ਨਾਲ਼ ਗੱਲ ਕਰ। ਉਹਦੇ ਕੋਲ਼ ਪਾਂਅ ਦੀ ਬਹੁਤ ਚੰਗੀ ਦਵਾਈ ਹੈ। ਜੇ ਪਰਹੇਜ਼ ਕਰ ਸਕੇਂ ਤਾਂ ਥੋੜ੍ਹੇ ਦਿਨਾਂ ਵਿੱਚ ਹੀ ਠੀਕ ਹੋ ਜਾਵੇਂਗਾ ਕਿਉਂਕਿ ਅਜੇ ਸ਼ੁਰੂ ਹੋਈ ਹੀ ਹੈ।" ਬੰਸੇ ਨੇ ਕਿਹਾ।

"ਤੈਨੂੰ ਕਿਵੇਂ ਪਤਾ ਹੈ ?"

"ਜਦ ਮੈਂ ਨਵਾਂ ਨਵਾਂ ਕਾਰਖਾਨੇ ਵਿੱਚ ਕੰਮ 'ਤੇ ਲੱਗਾ ਸੀ ਤਾਂ ਮੇਰੇ ਵੀ ਪੈਰਾਂ ਅਤੇ ਹੱਥਾਂ ਵਿਚ ਪਾਂਅ ਪੈ ਗਈ ਸੀ। ਤਦ ਫੋਰਮੈਨ ਨੇ ਮਲ੍ਹਮ ਦਿੱਤੀ ਸੀ ਪਾਂਅ ਵਾਲ਼ੀ ਜਗ੍ਹਾ 'ਤੇ ਲਾਉਣ ਵਾਸਤੇ, ਬਹੁਤ ਲਗਦੀ ਸੀ, ਇੱਕ ਵਾਰ ਤਾਂ ਚੀਕਾਂ ਨਿਕਲ਼ ਜਾਂਦੀਆਂ ਸਨ ... ਪਰ ਸੀ ਬਹੁਤ ਵਧੀਆ ... ਕੁੱਝ ਦਿਨਾਂ ਲਈ ਕੰਮ ਵੀ ਬਦਲ ਦਿੱਤਾ ਸੀ।"

"ਰਬੜ ਦੇ ਵੱਡੇ ਬੂਟ ਅਤੇ ਲੰਬੇ ਦਸਤਾਨੇ ਮਿਲ਼ ਜਾਇਆ ਕਰਨ ਤਾਂ ਬਿਮਾਰੀ ਹੋਵੇ ਹੀ ਕਿਉਂ।" ਕਾਲ਼ੀ ਨੇ ਬੰਸੇ ਵੱਲ ਦੇਖਿਆ।

"ਤੂੰ ਫੋਰਮੈਨ ਨੂੰ ਮਿਲ਼ ਤਾਂ ਸਹੀ ?" ਬੰਸੇ ਨੇ ਕਾਲ਼ੀ ਦੀ ਗੱਲ ਨੂੰ ਨਜ਼ਰ ਅੰਦਾਜ਼ ਕਰਦਿਆਂ ਸਲਾਹ ਦਿੱਤੀ।

"ਮੈਨੂੰ ਦੇਖ ਕੇ ਫੋਰਮੈਨ ਨੂੰ ਉਦਾਂ ਹੀ ਗੁੱਸੇ 'ਚ ਆ ਜਾਂਦਾ ਹੈ। ਉਹ ਖਿੱਝ ਜਾਂਦਾ ਹੈ। ਉਹਨੂੰ ਤਾਂ ਖੁਸ਼ੀ ਹੋਵੇਗੀ ਕਿ ਮੇਰੇ ਹੱਥਾਂ 'ਚ ਪਾਂਅ ਪੈ ਗਈ ਹੈ।" ਕਾਲ਼ੀ ਨੇ ਸ਼ੱਕ ਜ਼ਾਹਿਰ ਕੀਤਾ।

"ਨਾ ... ਨਾ ... ਏਦਾਂ ਦੀ ਗੱਲ ਨਹੀਂ। ਉਹ ਸਭ ਗੱਲਾਂ ਭੁੱਲ ਗਿਆ ਹੈ। ਸਗੋਂ ਤੇਰੇ ਬਾਰੇ ਉਸ ਨੇ ਮੇਰੇ ਨਾਲ਼ ਜਦ ਵੀ ਗੱਲ ਕੀਤੀ ਹੈ, ਤੇਰੀ ਤਰੀਫ ਹੀ ਕੀਤੀ ਹੈ। ਉਹ ਕਹਿ ਰਿਹਾ ਸੀ ਕਿ ਪੂਰੇ ਕਾਰਖਾਨੇ ਵਿੱਚ ਕਾਲ਼ੀ ਹੀ ਇੱਕ ਸਿਆਣਾ ਬੰਦਾ ਹੈ। ਉਸ ਨੂੰ ਗੱਲ ਕਰਨ ਦਾ ਸਲੀਕਾ ਹੈ। ਛੋਟੇ ਬੜੇ ਦੀ ਪਛਾਣ ਵੀ ਹੈ।" ਬੰਸਾ ਆਪਣਾ ਮੂੰਹ ਕਾਲ਼ੀ ਦੇ ਕੰਨ ਕੋਲ਼ ਲੈ ਗਿਆ ਜਿਵੇਂ ਕੋਈ ਬਹੁਤ ਬੜਾ ਭੇਦ ਦੱਸਣ ਲੱਗਾ ਹੋਵੇ। "ਤੂੰ ਫੋਰਮੈਨ ਨਾਲ਼ ਗੱਲ ਤਾਂ ਕਰ, ਦੇਖੀਏ ਤਾਂ ਕੀ ਜਵਾਬ ਦਿੰਦਾ ਹੈ।"

ਕਾਲ਼ੀ ਨੇ ਆਪਣੇ ਹੱਥ ਤੋਂ ਕੱਪੜਾ ਚੁੱਕ ਦਿੱਤਾ ਅਤੇ ਮੱਖੀਆਂ ਨੂੰ ਫਿਨਸੀ 'ਤੇ ਬੈਠਣ ਤੋਂ ਰੋਕਣ ਲਈ ਦੂਜਾ ਹੱਥ ਹਿਲਾਉਣ ਲੱਗਾ।

ਫੋਰਮੈਨ ਸੁਸਤ ਜਿਹਾ ਅੱਖਾਂ ਬੰਦ ਕਰੀ ਅਧਲੇਟਿਆ ਹੋਇਆ ਸੀ। ਉਸ ਨੇ ਅੱਖਾਂ ਖੋਲ੍ਹ ਕੇ ਚਾਰੇ ਪਾਸੇ ਦੇਖਿਆ। ਹੁੱਕੇ ਦੇ ਇੱਕ ਦੋ ਸੂਟੇ ਖਿੱਚੇ, ਪਰ ਹੁੱਕਾ ਠੰਡਾ ਹੋਇਆ ਪਿਆ ਸੀ।

ਫੋਰਮੈਨ ਨੇ ਇੱਕ ਵਾਰ ਫਿਰ ਚਾਰੇ ਪਾਸੇ ਗਰਦਨ ਘੁਮਾਈ। ਉਸ ਦੀਆਂ ਨਜ਼ਰਾਂ ਕਾਲ਼ੀ 'ਤੇ ਟਿਕ ਗਈਆਂ। ਉਸਨੇ ਮੰਜੀ 'ਤੇ ਸਿੱਧਾ ਬੈਠਦਿਆਂ ਹਾਕ ਮਾਰੀ, "ਉਏ ਮੁੰਡਿਆ। ਇੱਧਰ ਆ ਜਰਾ।"

ਕਾਲ਼ੀ ਨੇ ਫੋਰਮੈਨ ਦੀ ਹਾਕ ਸੁਣੀ। ਉਹ ਉਸ ਵੱਲ ਦੇਖਦਾ ਰਿਹਾ ਪਰ ਆਪਣੀ ਜਗ੍ਹਾ ਤੋਂ ਹਿੱਲਿਆ ਨਹੀਂ।

"ਉਏ ਸੁਣਿਆ ਨਹੀਂ ?" ਫੋਰਮੈਨ ਨੇ ਕਾਲ਼ੀ ਵੱਲ ਰੋਹਬ ਨਾਲ਼ ਦੇਖਿਆ।

"ਫੋਰਮੈਨ ਜੀ ਮੈਨੂੰ ਬੁਲਾਇਆ ਹੈ ?" ਕਾਲ਼ੀ ਨੇ ਹੱਥ ਆਪਣੀ ਛਾਤੀ ਨੂੰ ਲਾਉਂਦਿਆਂ ਪੁੱਛਿਆ।

"ਤਾਂ ਹੋਰ ਕੀ ਮੈਂ ਰੱਬ ਨੂੰ ਹਾਕਾਂ ਮਾਰ ਰਿਹਾ ?"

ਕਾਲ਼ੀ ਫੋਰਮੈਨ ਵੱਲ ਨੂੰ ਤੁਰ ਪਿਆ। ਉਹ ਪਰੇਸ਼ਾਨ ਹੋ ਗਿਆ ਕਿ ਇੱਕ ਤਾਂ ਪਹਿਲਾਂ ਹੀ ਉਸ ਨੂੰ ਹੱਥ ਦੀ ਤਕਲੀਫ ਹੈ। ਹੁਣ ਇਹ ਝਿੜਕਾਂ ਮਾਰੇਗਾ, ਗਾਲ੍ਹਾਂ ਕੱਢੇਗਾ। ਮੈਨੂੰ ਵੀ ਗੁੱਸਾ ਆ ਗਿਆ ਤਾਂ ਕੋਈ ਵਾਧੂ ਘਾਟੂ ਗੱਲ ਕਹਿ ਹੋ ਜਾਵੇਗੀ ... ਗੱਲ ਵਿਗੜ ਵੀ ਸਕਦੀ ਹੈ। ਕਾਲ਼ੀ ਨੂੰ ਝੁਣਝੁਣੀ ਜਿਹੀ ਆਈ ਪਰ ਅਣਮੰਨਿਆ ਜਿਹਾ ਉਹ ਫੋਰਮੈਨ ਦੇ ਕੋਲ਼ ਚਲਾ ਹੀ ਗਿਆ।

"ਲੈ, ਚਿਲਮ ਵਿੱਚ ਤਮਾਖੂ 'ਤੇ ਅੱਗ ਪਾ ਦੇ।" ਫੋਰਮੈਨ ਨੇ ਹੁੱਕੇ ਤੋਂ ਚਿਲਮ ਚੁੱਕ ਕੇ ਕਾਲ਼ੀ ਦੇ ਹੱਥ ਵਿੱਚ ਫੜ੍ਹਾ ਦਿੱਤੀ ਅਤੇ ਮੰਜੀ ਦੀ ਪੈਂਦ ਨਾਲ਼ ਬੰਨ੍ਹੀ ਪੋਟਲੀ ਖੋਲ੍ਹ ਲਈ, "ਤਮਾਖੂ ਇਹਦੇ ਵਿੱਚੋਂ ਲੈ ਲਈਂ।"

ਹੱਥ 'ਤੇ ਹੱਥ ਰੱਖੀ ਕਾਲ਼ੀ ਇੱਕ ਟੱਕ ਫੋਰਮੈਨ ਵੱਲ ਦੇਖਦਾ ਰਿਹਾ। ਉਸ ਨੇ ਵੀ ਪਾੜਵੀਆਂ ਅੱਖਾਂ ਨਾਲ਼ ਕਾਲ਼ੀ ਵੱਲ ਦੇਖਿਆ, "ਮੇਰੇ ਵੱਲ ਬਿਟਰ ਬਿਟਰ ਕਿਉਂ ਦੇਖ ਰਿਹਾਂ ?"

"ਫੋਰਮੈਨ ਜੀ, ਤੁਸੀਂ ਚਿਲਮ ਵਿੱਚ ਤਮਾਖੂ ਪਾ ਦਿਉ। ਅੱਗ ਮੈਂ ਪਾ ਦਿੰਦਾ ਹਾਂ।" ਕਾਲ਼ੀ ਨੇ ਆਪਣੇ ਆਪ ਨੂੰ ਕਾਬੂ ਵਿੱਚ ਰੱਖਦਿਆਂ ਕਿਹਾ।

"ਨਾ ਤੇਰੇ ਹੱਥਾਂ ਨੂੰ ਕੀ ਮਹਿੰਦੀ ਲੱਗੀ ਹੈ ਜਾਂ ਉਨ੍ਹਾਂ 'ਤੇ ਗੇਂਦਾ ਉੱਗ ਰਿਹਾ ਹੈ ?" ਫੋਰਮੈਨ ਦਾ ਲਹਿਜਾ ਹੋਰ ਵੀ ਜ਼ਿਆਦਾ ਵਿਅੰਗਮਈ ਹੋ ਗਿਆ ਸੀ।

"ਫੋਰਮੈਨ ਜੀ, ਨਾ ਮਹਿੰਦੀ ਲੱਗੀ ਹੈ, ਨਾ ਹੀ ਗੇਂਦੇ ਦੇ ਫੁੱਲ ਉੱਗ ਰਹੇ ਹਨ। ਪਾਂਅ ਪੈ ਗਈ ਹੈ। ਪਾਕ ਨਿਕਲ ਰਹੀ ਹੈ। ਪਾਕ ਤਮਾਖੂ ਨਾਲ਼ ਲੱਗ ਗਿਆ ਤਾਂ ਗੱੜਬੜ ਹੋ ਜਾਊਗੀ।" ਕਾਲ਼ੀ ਨੇ ਪਾਂਅ ਵਾਲ਼ੇ ਹੱਥ ਨੂੰ ਪਿੱਠ ਦੇ ਪਿੱਛੇ ਲੁਕੋਅ ਲਿਆ।

ਫੋਰਮੈਨ ਸੋਚ ਵਿੱਚ ਪੈ ਗਿਆ। ਉਸ ਨੇ ਤਲ਼ੀ 'ਤੇ ਤਮਾਖੂ ਰੱਖ ਕੇ ਉਸ ਨੂੰ ਦੋਨਾਂ ਹੱਥਾਂ ਨਾਲ਼ ਘੁੱਟ ਕੇ ਪੇੜਾ ਬਣਾਇਆ ਅਤੇ ਉਸ ਨੂੰ ਚਿਲਮ ਵਿੱਚ ਟਿਕਾ ਦਿੱਤਾ।

"ਫੋਰਮੈਨ ਜੀ ਲਿਆਓ, ਮੈਂ ਅੱਗ ਭਰ ਦਿੰਦਾ ਹਾਂ।" ਕਾਲ਼ੀ ਨੇ ਆਪਣਾ ਜਿਹੜਾ ਹੱਥ ਠੀਕ ਸੀ ਉਹ ਚਿਲਮ ਚੁੱਕਣ ਲਈ ਅੱਗੇ ਕੀਤਾ।

"ਨਹੀਂ, ਰਹਿਣ ਦੇ। ਮੈਂ ਆਪੇ ਕਰ ਲਊਂਗਾ।" ਫੋਰਮੈਨ ਇੱਕ ਹੱਥ ਨਾਲ਼ ਚਿਲਮ ਫੜ੍ਹ ਕੇ ਉੱਠਿਆ ਅਤੇ ਦੂਜੇ ਹੱਥ ਨਾਲ਼ ਤਹਿਮਤ ਨੂੰ ਫੜੀ ਇੱਕ ਖੂੰਜੇ ਵਿੱਚ ਚਲਾ ਗਿਆ ਜਿਥੇ ਪਾਥੀਆਂ ਮੱਘ ਰਹੀਆਂ ਸਨ। ਉਸ ਨੇ ਚਿਲਮ ਨਾਲ਼ ਬੰਨ੍ਹੀ ਚਿਮਟੀ ਨਾਲ਼ ਇੱਕ ਪੂਰੀ ਮਘੀ ਹੋਈ ਪਾਥੀ ਨੂੰ ਚਾਰ ਹਿੱਸਿਆਂ ਵਿੱਚ ਤੋੜਿਆ ਅਤੇ ਉਨ੍ਹਾਂ ਨੂੰ ਚਿਲਮ ਵਿੱਚ ਟਿਕਾ ਕੇ ਮੰਜੀ 'ਤੇ ਆ ਬੈਠਾ।

ਕਾਲ਼ੀ ਥੰਮ ਦਾ ਸਹਾਰਾ ਲਈ ਖੜ੍ਹਾ ਰਿਹਾ। ਚਿਲਮ ਨੂੰ ਹੁੱਕੇ ਦੇ ਉੱਪਰ ਚੰਗੀ ਤਰ੍ਹਾਂ ਟਿਕਾ ਕੇ ਫੋਰਮੈਨ ਲੰਮੇ ਲੰਮੇ ਤੇ ਡੂੰਘੇ ਸੂਟੇ ਲੈਣ ਲੱਗਾ। ਥੋੜ੍ਹੇ ਹੀ ਚਿਰ ਵਿੱਚ ਤਮਾਖੂ ਨੇ ਅੱਗ ਫੜ ਲਈ ਅਤੇ ਹੁੱਕਾ ਮੱਘ ਗਿਆ। ਫੋਰਮੈਨ ਨੇ ਛੇਤੀ ਛੇਤੀ ਤਿੰਨ ਚਾਰ ਸੂਟੇ ਲਏ ਅਤੇ ਖੰਘਦੇ ਹੋਏ ਨੇ ਕਾਲ਼ੀ ਨੂੰ ਕਿਹਾ, "ਤੇਰਾ ਅੱਜ ਦਾ ਕੰਮ ਮੁੱਕ ਗਿਆ ਹੈ ?"

"ਮੁੱਕਾ ਹੀ ਸਮਝੋ, ਫੋਰਮੈਨ ਜੀ। ਦੋ ਖੱਲਾਂ ਰਹਿੰਦੀਆਂ ਹਨ ਹੌਜ ਵਿੱਚ। ਬਸ ਕੱਢਣੀਆਂ ਹੀ ਹਨ ਸੁਕਾਉਣ ਲਈ। ਹੱਥ ਥੋੜ੍ਹਾ ਜਿਹਾ ਠੀਕ ਹੋਇਆ ਤਾਂ ਹੁਣੇ ਹੀ ਕੱਢ ਦੇਵਾਂਗਾ।" ਕਾਲ਼ੀ ਫਿਨਸੀ 'ਤੇ ਜ਼ੋਰ ਜ਼ੋਰ ਨਾਲ਼ ਫੂਕਾਂ ਮਾਰਨ ਲੱਗਾ।

"ਦੇਖਾਂ ਤਾਂ ... ਕਿਥੇ ਪਾਂਅ ਪਈ ਹੈ ?" ਫੋਰਮੈਨ ਨੇ ਹੁੱਕਾ ਪਰ੍ਹੇ ਕਰ ਦਿੱਤਾ।

ਕਾਲ਼ੀ ਮੰਜੀ ਦੇ ਨੇੜੇ ਹੋ ਗਿਆ ਅਤੇ ਆਪਣਾ ਖੱਬਾ ਹੱਥ ਫੋਰਮੈਨ ਦੇ ਸਾਹਮਣੇ ਕਰ ਦਿੱਤਾ। ਉਸ ਨੇ ਮੂਧਾ ਹੋ ਕੇ ਫਿਨਸੀ 'ਤੇ ਉਸ ਵਿੱਚੋਂ ਨਿਕਲ਼ ਰਹੇ ਪਾਣੀ ਨੂੰ ਦੇਖਿਆ। ਫਿਰ ਲੰਮੀ ਹੂੰਅ ਕਹਿ ਕੇ ਪਿੱਛੇ ਹੱਟ ਗਿਆ ਅਤੇ ਸਿੱਧਾ ਬੈਠ ਕੇ ਹੁੱਕਾ ਗੁੜਗੜਾਉਣ ਲੱਗਾ,

"ਕਿੰਨੇ ਦਿਨ ਹੋ ਗਏ ਫਿਨਸੀ ਹੋਈ ਨੂੰ ?"

"ਫੋਰਮੈਨ ਜੀ ਕਾਫੀ ਦਿਨਾਂ ਤੋਂ ਇਸ ਥਾਂ 'ਤੇ ਬਹੁਤ ਖਾਜ ਹੋ ਰਹੀ ਸੀ। ਕਈ ਵਾਰ ਤਾ ਖਾਜ ਕਰਦੇ ਕਰਦੇ ਐਨਾ ਤੰਗ ਆ ਜਾਂਦਾ ਸੀ ਕਿ ਦਿਲ ਕਰਦਾ ਸੀ ਕਿ ਹੱਥ ਹੀ ਵੱਢ ਕੇ ਸਿੱਟ ਦੇਵਾਂ। ਖਾਜ ਤੋਂ ਤਾਂ ਛੁਟਕਾਰਾ ਮਿਲ਼ ਜਾਵੇਗਾ।" ਖਾਜ ਦੀ ਸਿੱਦਤ ਨੂੰ ਯਾਦ ਕਰਕੇ ਕਾਲ਼ੀ ਤੜਫ ਉੱਠਿਆ।

"ਹੂੰ।" ਫੋਰਮੈਨ ਨੇ ਇੱਕ ਲੰਮਾ ਸੂਟਾ ਖਿੱਚਿਆ। "ਮੈਂ ਪੁੱਛ ਰਿਹਾਂ ਕਿ ਫਿਨਸੀ ਬਣੀ ਨੂੰ ਕਿੰਨੇ ਕੁ ਦਿਨ ਹੋ ਗਏ ਹਨ ?"

"ਛੇ ਸੱਤ ਦਿਨ ਤਾਂ ਹੋ ਹੀ ਗਏ ਹਨ। ਪਹਿਲਾਂ ਫਿਨਸੀ ਵਾਲ਼ੀ ਥਾਂ ਲਾਲ ਹੋਈ, ਫਿਰ ਕਾਲ਼ੇ ਮੂੰਹ ਵਾਲ਼ੀ ਲਾਲ ਫਿਨਸੀ ਹੋ ਗਈ ਅਤੇ ਉਸ ਵਿੱਚ ਪਾਕ ਪੈ ਗਈ ਤੇ ਪਾਣੀ ਰਿਸਣ ਲੱਗਾ।" ਕਾਲ਼ੀ ਨੇ ਫਿਨਸੀ ਵੱਲ ਧਿਆਨ ਨਾਲ਼ ਦੇਖਦਿਆਂ ਦੱਸਿਆ।

"ਹੂੰ। ਫਿਕਰ ਨਾ ਕਰ। ਕੰਮ ਕਾਜ ਵਿੱਚ ਬਿਮਾਰੀ ਠਿਮਾਰੀ ਹੁੰਦੀ ਹੀ ਰਹਿੰਦੀ ਹੈ। ...ਇਹ ਤਾਂ ਕੁੱਸ਼ ਵੀ ਨਹੀਂ। ਮੇਰੇ ਹੱਥਾਂ ਪੈਰਾਂ ਤੋਂ ਬਿਨ੍ਹਾਂ ਢਿੱਡ ਅਤੇ ਮੂੰਹ 'ਤੇ ਵੀ ਛਾਲੇ ਪੈ ਗਏ ਸਨ। ਇੱਕ ਸਾਲ ਤੱਕ ਬਹੁਤ ਤਕਲੀਫ ਕੱਟੀ। ਨਾ ਦਿਨ ਨੂੰ ਰਾਮ, ਨਾ ਰਾਤ ਨੂੰ ਚੈਨ। ਬੱਸ ਖਾਜ ਪਏ ਕੁੱਤੇ ਵਾਂਗ ਮੂੰਹ ਲੁਕਾਈ ਫਿਰਦਾ ਸੀ।" ਫੋਰਮੈਨ ਦੇ ਭਰਵੱਟੇ ਉੱਪਰ ਚੁੱਕ ਹੋ ਗਏ ਜਿਵੇਂ ਪੁਰਾਣੀ ਤਕਲੀਫ ਮੁੜ ਕੇ ਹੋਣ ਲੱਗ ਗਈ ਹੋਵੇ।

ਕਾਲ਼ੀ ਦਾ ਖਿਆਲ ਨੰਜੂ ਵੱਲ ਚਲੇ ਗਿਆ। ਫਿਰ ਉਸ ਦੀਆਂ ਕੁੜੀਆਂ ਦੇ ਚਿਹਰੇ ਅੱਖਾਂ ਦੇ ਸਾਹਮਣੇ ਘੁੰਮਣ ਲੱਗੇ। ਫਿਰ ਉਹ ਨੰਜੂ ਦੀ ਘਰਵਾਲੀ ਬਾਰੇ ਸੋਚਣ ਲੱਗਾ ਜਿਹੜੀ ਹਰੀ ਰਾਮ ਦੀਆਂ ਗਾਲ਼ਾਂ ਅਤੇ ਕੁੱਟ ਖਾ ਕੇ ਦਿਨ ਕੱਟੀ ਕਰ ਰਹੀ ਸੀ। ਉਨ੍ਹਾਂ ਬਾਰੇ ਸੋਚਦੇ ਸੋਚਦੇ ਕਾਲ਼ੀ ਦੀਆਂ ਅੱਖਾਂ ਦੇ ਸਾਮ੍ਹਣੇ ਪਾਂਅ ਦਾ ਮੋਟਾ ਸਾਰਾ ਛਾਲ੍ਹਾ ਰਹਿ ਗਿਆ। ਉਸ ਨੇ ਜ਼ੋਰ ਨਾਲ਼ ਆਹ ਭਰੀ ਅਤੇ ਉਸ ਦਾ ਸਾਰਾ ਸਰੀਰ ਹਿੱਲ ਗਿਆ।

"ਘਬਰਾ ਨਾ। ਅਜੇ ਬਿਮਾਰੀ ਸ਼ੁਰੂ ਹੀ ਹੋਈ ਹੈ। ਛੇਤੀ ਰਾਮ ਆ ਜਾਊਗਾ।" ਫੋਰਮੈਨ ਨੇ ਕਾਲ਼ੀ ਨੂੰ ਭਰੋਸਾ ਦਿਵਾਇਆ ਅਤੇ ਉਸ ਦੀ ਨਿਗਾਹ ਹੌਜ ਵੱਲ ਗਈ, "ਕਿੰਨੀਆਂ ਖੱਲਾਂ ਹੌਜ ਵਿੱਚ ਪਈਆਂ ਹਨ ?"

"ਦੋ ਹੋਣਗੀਆਂ। ਬਾਕੀ ਦੀਆਂ ਮੈਂ ਚੰਗੀ ਤਰ੍ਹਾਂ ਧੋ ਕੇ ਸੁੱਕਣ ਲਈ ਵਿਛਾ ਦਿੱਤੀਆਂ ਹਨ।"

ਫੋਰਮੈਨ ਨੇ ਗਰਦਨ ਘੁਮਾ ਕੇ ਚਾਰੇ ਪਾਸੇ ਦੇਖਿਆ। ਜਿੰਦਰ 'ਤੇ ਨਜ਼ਰ ਪੈਂਦਿਆਂ ਹੀ ਫੋਰਮੈਨ ਨੇ ਹਾਕ ਮਾਰ ਕੇ ਉਸ ਨੂੰ ਆਪਣੇ ਕੋਲ਼ ਸੱਦ ਲਿਆ। "ਕੀ ਕਰ ਰਿਹਾ ਤੂੰ ?"

"ਕੁੱਸ਼ ਨਹੀਂ ਫੋਰਮੈਨ ਜੀ।"

"ਹੌਜ ਵਿੱਚ ਦੋ ਖੱਲਾਂ ਪਈਆਂ ਹਨ।" ਫੋਰਮੈਨ ਨੇ ਇਸ਼ਾਰਾ ਕੀਤਾ, "ਉਨ੍ਹਾਂ ਨੂੰ ਧੋ ਕੇ ਸੁੱਕਣ ਲਈ ਵਿਛਾ ਦੇ।"

ਜਿੰਦਰ ਨੇ ਕਾਲ਼ੀ ਵੱਲ ਦੇਖਿਆ। ਫਿਰ ਬੁੱਲਾਂ ਵਿੱਚ ਹੌਲ਼ੀ ਜਿਹੀ ਮੁਸਕਰਾਇਆ, "ਅੱਛਾ ਜੀ ਕਰ ਦਿੰਦਾ ਹਾਂ।"

"ਕੱਲ ਤੋਂ ਤੂੰ ਹੌਜਾਂ 'ਤੇ ਕੰਮ ਕਰੇਂਗਾ। ਉੱਧਰ ਸਿਲਾਈ 'ਤੇ ਤੇਰਾ ਹੱਥ ਅਜੇ ਚੰਗੀ ਤਰ੍ਹਾਂ ਸਾਫ ਨਹੀਂ ਹੋਇਆ।" ਫੋਰਮੈਨ ਨੇ ਕਾਰੋਬਾਰੀ ਅੰਦਾਜ਼ ਵਿੱਚ ਕਿਹਾ ਅਤੇ ਹੁੱਕਾ ਗੁੜਗੁੜਾਉਣ ਲੱਗਾ।

"ਫੋਰਮੈਨ ਜੀ, ਮੈਂ ਹੌਜਾਂ ਵਿੱਚ ਕੰਮ ...?" ਜਿੰਦਰ ਪਰੇਸ਼ਾਨ ਹੋ ਗਿਆ

"ਦੇਖ ਮੁੰਡਿਆ। ਤੈਨੂੰ ਪਤਾ ਹੈ ਕਿ ਮੈਨੂੰ ਕਿਸੇ ਦੇ ਮੂੰਹੋਂ ਨਾਂਹ ਸੁਣਨ ਦੀ ਆਦਤ ਨਹੀਂ ਹੈ। ਤੈਨੂੰ ਉਹ ਹੀ ਕਰਨਾ ਪੈਣਾ ਹੈ ਜੋ ਮੈਂ ਚਾਹੁੰਦਾ ਹਾਂ।" ਫੋਰਮੈਨ ਨੇ ਫੈਸਲਾ ਸੁਣਾਇਆ।

"ਫੋਰਮੈਨ ਜੀ, ਮੈਂ ਨਾਂਹ ਨਹੀਂ ਕਰ ਰਿਹਾ। ... ਮੈਂ ਤਾਂ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਖੱਲਾਂ ਦੀ ਸਿਲਾਈ ਦਾ ਕੰਮ ਬਹੁਤ ਹੱਦ ਤੱਕ ਸਿੱਖ ਲਿਆ ਹੈ। ਥੋੜ੍ਹੀ ਹੀ ਕਸਰ ਬਾਕੀ ਰਹਿੰਦੀ ਹੈ। ਜੇ ਕੁੱਝ ਦਿਨ ਹੋਰ ਮੌਕਾ ਮਿਲ ਜਾਵੇ ਤਾਂ ਇਹ ਕੰਮ ਮੈਂ ਪੂਰੀ ਤਰ੍ਹਾਂ ਸਿੱਖ ਲਊਂਗਾ।" ਜਿੰਦਰ ਨੇ ਮਿੰਨਤ ਕੀਤੀ।

"ਇੱਥੇ ਹਰੇਕ ਬੰਦੇ ਨੂੰ ਸਾਰੇ ਕੰਮ ਆਉਣੇ ਚਾਹੀਦੇ ਹਨ। ਮੈਂ ਨਹੀਂ ਚਾਹੁੰਦਾ ਕਿ ਤੇਰਾ ਅੱਗਾ ਦੌੜ ਤਾਂ ਪਿੱਛਾ ਚੌੜ ਵਾਲ਼ਾ ਹਿਸਾਬ ਹੋ ਜਾਵੇ। ਅਗਲਾ ਕੰਮ ਸਿੱਖ ਲਉ ਤੇ ਪਿਛਲਾ ਭੁੱਲ ਜਾਉ।" ਫੋਰਮੈਨ ਨੇ ਜਿੰਦਰ ਨੂੰ ਡਾਂਟ ਦਿੱਤਾ, "ਜਿਹੜਾ ਕੰਮ ਮੈਂ ਦੱਸਿਆ ਹੈ, ਉਹੀ ਕਰ।"

ਜਿੰਦਰ ਕੁੱਝ ਪੱਲ ਹੱਥ ਮਲ਼ਦਾ ਉੱਥੇ ਖੜ੍ਹਾ ਰਿਹਾ। ਉਹ ਕਦੇ ਕਾਲ਼ੀ ਵੱਲ ਦੇਖਦਾ ਅਤੇ ਕਦੇ ਫੋਰਮੈਨ ਵੱਲ। ਕਾਲ਼ੀ ਜਿੰਦਰ ਦੀਆਂ ਨਜ਼ਰਾਂ ਦੀ ਤਾਬ ਨਾ ਝੱਲ ਸਕਿਆ। ਉਸ ਦੇ ਤੇਵਰ ਦੇਖ ਕੇ ਕਾਲ਼ੀ ਨੂੰ ਮਹਿਸੂਸ ਹੋਇਆ ਕਿ ਜਿੰਦਰ ਮਨ ਹੀ ਮਨ ਵਿੱਚ ਜ਼ਹਿਰ ਘੋਲ ਰਿਹਾ ਹੈ ਅਤੇ ਉਸ ਦੇ ਵਿਰੁੱਧ ਫੁੰਕਾਰ ਰਿਹਾ ਹੈ। "ਫੋਰਮੈਨ ਜੀ ਮੈਂ ਖੱਲਾਂ ਧੋ ਕੇ ਸੁੱਕਣ ਲਈ ਵਿਛਾ ਦੇਵਾਂਗਾ। ਬੱਸ ਹੱਥ ਨੂੰ ਥੋੜ੍ਹਾ ਜਿਹਾ ਰਾਮ ਆ ਜਾਵੇ।" ਕਾਲ਼ੀ ਨੇ ਸੂਰਜ ਵੱਲ ਦੇਖਿਆ, "ਅਜੇ ਬਹੁਤ ਟੈਮ ਹੈ। ਕੱਚਾ ਮਾਲ ਹੋਰ ਹੁੰਦਾ ਤਾਂ ਮੈਂ ਉਹ ਵੀ ਧੋ ਦੇਣਾ ਸੀ।"

"ਮੈਂ ਤੇਰੇ ਤੋਂ ਸਲਾਹ ਮੰਗੀ ਆ? ਤੂੰ ਵਿੱਚ ਪੰਚ ਬਣਨ ਵਾਲ਼ਾ ਕੌਣ ਹੁੰਦਾ ਆਂ?" ਫੋਰਮੈਨ ਨੇ ਕਾਲ਼ੀ ਨੂੰ ਡਾਂਟ ਦਿੱਤਾ। ਫਿਰ ਉਹ ਜਿੰਦਰ ਵੱਲ ਘੂਰ ਕੇ ਦੇਖਦਾ ਹੋਇਆ ਗਰਜਿਆ, "ਤੂੰ ਸੁਣਿਆ ਜਾਂ ਚੁੱਕਾਂ ਜੁੱਤੀ ... ਤੇਰੇ ਕੰਨਾਂ ਦੀ ਮੈਲ਼ ਕੱਢਣ ਲਈ?"

ਬਾਕੀ ਕੰਮ ਕਰਨ ਵਾਲ਼ੇ ਵੀ ਆਪਣਾ ਆਪਣਾ ਕੰਮ ਛੱਡ ਕੇ ਦਲਾਨ ਦੇ ਖੂੰਜਿਆਂ ਅਤੇ ਥਮਲਿਆਂ ਦੇ ਪਿੱਛੇ ਖੜ੍ਹੇ, ਦੇਖ ਅਤੇ ਸੁਣ ਰਹੇ ਸਨ।

"ਫੋਰਮੈਨ ਕਾਲ਼ੀ 'ਤੇ ਇਕਦਮ ਐਨਾ ਮਿਹਰਬਾਨ ਕਿਵੇਂ ਹੋ ਗਿਆ?" ਹੈਰਾਨੀ ਨਾਲ਼ ਕਿਰਪੂ ਦੀਆਂ ਅੱਖਾਂ ਫੈਲ ਗਈਆਂ।

"ਕਾਲ਼ੀ ਦੇ ਹੱਥਾਂ ਵਿੱਚ ਪਾਂਅ ਪੈ ਗਈ ਹੈ। ਫੋਰਮੈਨ ਤੋਂ ਮਲ੍ਹਮ ਮੰਗਣ ਗਿਆ ਹੋਣਾ।" ਬੰਸੇ ਨੇ ਅੰਦਾਜ਼ਾ ਲਾਇਆ।

"ਫੋਰਮੈਨ ਨੂੰ ਲੋਕਾਂ 'ਤੇ ਦਇਆ ਕਦੋਂ ਤੋਂ ਆਉਣ ਲੱਗ ਪਈ?" ਨਿਹਾਲੇ ਨੇ ਬੁੱਲ ਘੁੱਟ ਲਏ ਜਿਵੇਂ ਕੋਈ ਅਣਹੋਣੀ ਗੱਲ ਸੁਣ ਲਈ ਹੋਵੇ।

"ਇਹ ਗੱਲ ਨਹੀਂ ਹੈ। ਫੋਰਮੈਨ ਦਿਆਲ ਹੁੰਦਾ ਹੈ ਤਾਂ ਰਾਜਾ ਰਸਾਲੂ ਨੂੰ ਵੀ ਪਿੱਛੇ

ਛੱਡ ਦਿੰਦਾ ਹੈ। ਮੇਰੇ ਪਾਂਅ ਪੈ ਗਈ ਸੀ ਤਾਂ ਮੇਰੀ ਬਹੁਤ ਮਦਦ ਕੀਤੀ ਸੀ।" ਬੰਸੇ ਨੇ ਦੱਸਿਆ।

"ਨੰਜੂ ਦੀ ਮਦਦ ਤਾਂ ਕੀਤੀ ਨਹੀਂ। ਵਿਚਾਰੇ ਨੇ ਕਾਰਖਾਨੇ ਲਈ ਜਾਨ ਤੱਕ ਦੇ ਦਿੱਤੀ ਸੀ।" ਕਿਸ਼ਨੇ ਨੇ ਨੱਕ ਅਤੇ ਭਰਵੱਟੇ ਚੜ੍ਹਾ ਲਏ।

"ਨੰਜੂ ਦੇ ਨਾਲ਼ ਇਸ ਦਾ ਹੋਰ ਮਾਮਲਾ ਸੀ।" ਵਰਿਆਮੇ ਨੇ ਅੱਖ ਦੱਬੀ, "ਮਾਮਲਾ ਤਹਿ ਹੋ ਜਾਂਦਾ ਤਾਂ ਨੰਜੂ ਖਰਸ ਖਾਧੇ ਕੁੱਤੇ ਦੀ ਤਰ੍ਹਾਂ ਰੀਂਗ ਰੀਂਗ ਕੇ ਜਾਨ ਨਾ ਦਿੰਦਾ। ਫੋਰਮੈਨ ਦਾ ਸੱਜਾ ਹੱਥ ਹੁੰਦਾ। ਜਿਦ 'ਚ ਉਹਦੀ ਸਿਹਤ ਵੀ ਗਈ ਅਤੇ ਜ਼ਨਾਨੀ ਵੀ ਜਾਂਦੀ ਲੱਗੀ।"

ਵਰਿਆਮੇ ਦੀ ਗੱਲ ਸੁਣ ਕੇ ਸਾਰੇ ਖਾਮੋਸ਼ ਹੋ ਗਏ ਜਿਵੇਂ ਉਹ ਗੱਲ ਦੀ ਤਹਿ ਤੱਕ ਪਹੁੰਚ ਗਏ ਹੋਣ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਹ ਕੈਦ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦਾ ਜੀਣਾ ਮਰਨਾ ਫੋਰਮੈਨ ਦੀ ਮੁੱਠ ਵਿੱਚ ਹੈ।

ਜਦ ਫੋਰਮੈਨ ਕੜਕਿਆ ਅਤੇ ਜਿੰਦਰ ਨੂੰ ਮਾਰਨ ਲਈ ਜੁੱਤੀ ਚੁੱਕੀ ਤਾਂ ਸਾਰੇ ਦਹਿਲ ਗਏ ਅਤੇ ਆਪਣਾ ਆਪਣਾ ਕੰਮ ਛੱਡ ਕੇ ਮੂੰਹ ਅੱਡੀ ਫੋਰਮੈਨ ਵੱਲ ਦੇਖਣ ਲੱਗੇ।

"ਠੀਕ ਹੈ।" ਜਿੰਦਰ ਨੇ ਸਿਰ ਝਟਕਿਆ ਅਤੇ ਪਤੂਹੀ ਦੀਆਂ ਬਾਹਾਂ ਉੱਪਰ ਨੂੰ ਚੜਾਉਂਦਾ ਹੋਇਆ ਹੌਜ ਦੇ ਕੋਲ਼ ਜਾ ਖੜ੍ਹਾ ਹੋਇਆ।

"ਦੇਖ ਕੀ ਰਿਹਾਂ ? ਖੱਲਾਂ ਨੂੰ ਛੇਤੀ ਬਾਹਰ ਕੱਢ। ਧੁੱਪ ਜਾ ਰਹੀ ਹੈ।" ਫੋਰਮੈਨ ਨੇ ਕੜਕਦੀ ਅਵਾਜ਼ ਵਿੱਚ ਆਰਡਰ ਦਿੱਤਾ।

ਜਿੰਦਰ ਹੌਜ ਵਿੱਚ ਵੜ੍ਹ ਗਿਆ ਅਤੇ ਖੱਲਾਂ ਮਲ਼ਣ ਲਈ ਪੈਰਾਂ ਨੂੰ ਉੱਪਰ ਥੱਲੇ ਕਰਨ ਲੱਗਾ। ਫੋਰਮੈਨ ਹੁੱਕਾ ਗੁੜਗੁੜਾਉਂਦਾ ਹੋਇਆ ਜਿੰਦਰ ਵੱਲ ਨਾਸਾਂ ਫੈਲਾ ਕੇ ਦੇਖਦਾ ਰਿਹਾ ਜਿਵੇਂ ਕਿ ਕੋਈ ਛੋਟੀ ਜਿਹੀ ਗਲਤੀ ਹੋ ਗਈ ਤਾਂ ਉਹ ਉਸ ਨੂੰ ਟੁੱਟ ਕੇ ਪੈ ਜਾਵੇਗਾ ਅਤੇ ਉਸ ਦੀ ਬੋਟੀ ਬੋਟੀ ਨੋਚ ਲਵੇਗਾ।

ਜਿੰਦਰ ਨੇ ਚੂਨੇ ਵਾਲ਼ੇ ਹੌਜ ਵਿੱਚੋਂ ਖੱਲਾਂ ਕੱਢ ਕੇ ਕੋਲ਼ ਪਏ ਦੂਜੇ ਹੌਜ ਵਿੱਚ ਪਾ ਦਿੱਤੀਆਂ ਤਾਂ ਫੋਰਮੈਨ ਨੇ ਲੰਮਾ ਸਾਹ ਲਿਆ ਜਿਵੇਂ ਕਿ ਤਲਖੀ ਤੋਂ ਛੁਟਕਾਰਾ ਮਿਲ ਗਿਆ ਹੋਵੇ।

ਜਿੰਦਰ ਛੇਤੀ ਛੇਤੀ ਦੂਜੇ ਹੌਜ ਵਿੱਚ ਉੱਤਰ ਗਿਆ ਅਤੇ ਇੱਕ ਵਾਰ ਫਿਰ ਪੈਰਾਂ ਥੱਲੇ ਖੱਲਾਂ ਮਲ਼ਦਾ ਹੋਇਆ ਉਨ੍ਹਾਂ ਨੂੰ ਸਾਫ ਕਰਨ ਵਿੱਚ ਰੁੱਝ ਗਿਆ। ਜਦ ਉਸ ਨੇ ਦੋਨੋਂ ਖੱਲਾਂ ਹੌਜ ਵਿੱਚੋਂ ਕੱਢ ਕੇ ਜ਼ਮੀਨ 'ਤੇ ਸੁੱਕਣ ਲਈ ਵਿਛਾ ਦਿੱਤੀਆਂ ਤਾਂ ਫੋਰਮੈਨ ਨੇ ਆਪਣੀਆਂ ਨਜ਼ਰਾਂ ਉਸ ਵਲੋਂ ਘੁਮਾ ਲਈਆਂ। ਉਸ ਨੇ ਲੰਮਾ ਸਾਹ ਲਿਆ। ਉਸ ਦੇ ਚਿਹਰੇ 'ਤੇ ਤਣਾਅ ਨਾਲ਼ ਪਈਆਂ ਸਾਰੀਆਂ ਤਿਊੜੀਆਂ ਖਤਮ ਹੋ ਗਈਆਂ। ਉਸ ਨੇ ਅਰਾਮ ਨਾਲ਼ ਹੁੱਕੇ ਦਾ ਕਸ਼ ਲਾ ਕੇ, ਮੂੰਹ ਅਤੇ ਨੱਕ ਰਾਹੀਂ ਹੌਲ਼ੀ ਹੌਲ਼ੀ ਧੂੰਆਂ ਛੱਡਿਆ।

"ਫੋਰਮੈਨ ਜੀ ਮੈਂ ਜਾਵਾਂ ?" ਕਾਲ਼ੀ ਨੇ ਉੱਠਦਿਆਂ ਕਿਹਾ।

"ਹੈਂ ?" ਫੋਰਮੈਨ ਨੇ ਚੌਂਕ ਕੇ ਕਾਲ਼ੀ ਵੱਲ ਦੇਖਿਆ। "ਤੂੰ ਕੁੱਝ ਪੜ੍ਹਿਆ ਲਿਖਿਆ ਵੀ ਹੈ ਕਿ ਨਹੀਂ ?"

"ਪਿੰਡ ਦੇ ਸਕੂਲ ਵਿੱਚ ਚਾਰ ਜਮਾਤਾਂ ਪੜ੍ਹੀਆਂ ਸੀ। ਬੜੇ ਸਕੂਲ ਵਿੱਚ ਜਾਣ ਦੀ

ਪਹੁੰਚ ਨਹੀਂ ਸੀ। ਚਾਚਾ ਨਾ ਮਰਦਾ ਤਾਂ ਸ਼ਾਇਦ ਅੱਗੇ ਵੀ ਪੜ੍ਹਾ ਦਿੰਦਾ।" ਬੀਤੇ ਦਿਨ ਯਾਦ ਕਰਕੇ ਕਾਲ਼ੀ ਉਦਾਸ ਹੋ ਗਿਆ।

"ਹੂੰ।" ਫੋਰਮੈਨ ਨੇ ਇੱਕ ਲੰਮਾ ਕਸ਼ ਲਿਆ ਅਤੇ ਥੋੜ੍ਹੇ ਥੋੜ੍ਹੇ ਚਿਰ ਬਾਅਦ ਹੌਲ਼ੀ ਹੌਲ਼ੀ ਸਿਰ ਹਿਲਾਉਂਦਾ ਰਿਹਾ,

"ਮੇਰਾ ਅੰਦਾਜ਼ਾ ਠੀਕ ਹੀ ਸੀ। ਮੈਂ ਤੇਰੀ ਬੋਲ ਬਾਣੀ ਤੋਂ ਸਮਝ ਲਿਆ ਸੀ ਕਿ ਤੂੰ ਜ਼ਰੂਰ ਪੜ੍ਹਿਆ ਲਿਖਿਆ ਹੋਣਾ ਹੈ।

ਫੋਰਮੈਨ ਸਿਰ ਝੁਕਾਈ ਛੇਤੀ ਛੇਤੀ ਹੁੱਕਾ ਗੁੜਗੁੜਾਉਣ ਲੱਗਾ। ਫਿਰ ਉਸ ਨੇ ਲੰਮਾ ਸੂਟਾ ਲਿਆ ਅਤੇ ਅੱਖਾਂ ਚੁੱਕ ਕੇ ਕਾਲ਼ੀ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਸ ਦੇ ਮਨ ਵਿੱਚ ਉਸ ਲਈ ਬਹੁਤ ਆਦਰ ਪੈਦਾ ਹੋ ਗਿਆ ਹੋਵੇ।"ਉਸ ਜ਼ਮਾਨੇ ਵਿੱਚ ਚਾਰ ਜਮਾਤਾਂ ਵੀ ਬਹੁਤ ਹੁੰਦੀਆਂ ਸਨ। ਐਨਾ ਪੜ੍ਹੇ ਲੋਕ ਤਾਂ ਪਟਵਾਰੀ ਬਣ ਜਾਂਦੇ ਸਨ। ... ਕੋਈ ਬਹੁਤ ਹਿੰਮਤ ਕਰਦਾ ਸੀ ਤਾਂ ਦਸ ਪਾਸ ਕਰ ਲੈਂਦਾ ਸੀ। ਉਹ ਕਲੈਕਟਰ ਕਚਹਿਰੀ ਜਾਂ ਡਾਕਖਾਨੇ ਵਿੱਚ ਬਾਬੂ ਭਰਤੀ ਹੋ ਜਾਂਦਾ ਸੀ। ਮਾਸਟਰ ਬਣ ਜਾਂਦਾ ਸੀ। ... ਬੀ ਏ, ਐਮ ਏ ਪਾਸ ਕਰਨ ਦਾ ਤਾਂ ਹੁਣ ਰਿਵਾਜ ਹੋਇਆ ਹੈ।"

ਕਾਲ਼ੀ ਨੇ ਕੋਈ ਉੱਤਰ ਨਾ ਦਿੱਤਾ। ਉਹ ਸਹਿਮਿਆ ਜਿਹਾ ਗਰਦਨ ਝੁਕਾਈ ਬੈਠਾ ਰਿਹਾ। ਉਸ ਨੂੰ ਜਿੰਦਰ ਤੋਂ ਡਰ ਲੱਗ ਰਿਹਾ ਸੀ। ਉਹ ਸੋਚਣ ਲੱਗਾ ਕਿ ਜਿੰਦਰ ਨੇ ਸੋਚਣਾ ਹੈ ਕਿ ਫੋਰਮੈਨ ਨੇ ਮੈਨੂੰ ਸਹੂਲਤ ਦੇਣ ਲਈ ਜਿੰਦਰ ਨੂੰ ਖੱਲਾਂ ਦੀ ਸਫਾਈ ਦਾ ਕੰਮ ਸੌਂਪ ਦਿੱਤਾ ਹੈ। ਜਿਹੜਾ ਸਾਰਿਆਂ ਲਈ ਸਹੂਲਤਾਂ ਮੰਗ ਰਿਹਾ ਸੀ ਉਹ ਹੋਰਨਾਂ ਦੀ ਕੀਮਤ 'ਤੇ ਆਪ ਸਹੂਲਤ ਲੈ ਕੇ ਚੁੱਪ ਹੋ ਗਿਆ।

"ਇੱਕ ਕੰਮ ਕਰੇਂਗਾ ?" ਫੋਰਮੈਨ ਨੇ ਪਿਆਰ ਨਾਲ਼ ਕਾਲ਼ੀ ਵੱਲ ਦੇਖਿਆ।

"ਕੀ ਫੋਰਮੈਨ ਜੀ ?" ਅਚਾਨਕ ਸਵਾਲ਼ ਸੁਣ ਕੇ ਕਾਲ਼ੀ ਚੌਂਕ ਗਿਆ ਸੀ।

"ਹਿਸਾਬ-ਕਿਤਾਬ ਰੱਖ ਸਕਦਾ ਹੈਂ ?"

"ਕਿਸ ਚੀਜ਼ ਦਾ ?"

"ਕਾਰਖਾਨੇ ਦਾ ... ਖੱਲਾਂ ਦਾ ... ਬਾਕੀ ਸਮਾਨ ਦਾ ?"

"ਤਜਰਬਾ ਨਹੀਂ ਹੈ। ਕਦੇ ਇਹ ਕੰਮ ਕੀਤਾ ਨਹੀਂ ਹੈ।" ਕਾਲ਼ੀ ਨੇ ਡਰਦੇ ਡਰਦੇ ਨੇ ਜਵਾਬ ਦਿੱਤਾ।

"ਗਿਣਤੀ ਤਾਂ ਯਾਦ ਹੈ ਸੌ ਤੱਕ। ... ਛੋਟੀ ਮੋਟੀ ਜਮ੍ਹਾਂ-ਤਕਸੀਮ, ਜਰਬ-ਤਕਸੀਮ ਤਾਂ ਆਉਂਦੀ ਹੋਵੇਗੀ ?"

"ਹਾਂ ਜੀ, ਇਹ ਕੁੱਝ ਤਾਂ ਯਾਦ ਹੈ। ਤਜਾਰਤ ਦੇ ਸਵਾਲ਼ ਵੀ ਹੱਲ ਕਰ ਸਕਦਾ ਹਾਂ।" ਕਾਲ਼ੀ ਨੇ ਵਿਸ਼ਵਾਸ ਨਾਲ਼ ਕਿਹਾ।

"ਫਿਰ ਡਰ ਕਿਉਂ ਰਿਹਾ ਹੈਂ ? ਮੈਂ ਅਨਪੜ੍ਹ ਤੋਤਾ ਹਾਂ। ਮੁਸ਼ਕਲ ਨਾਲ਼ ਸੌ ਤੱਕ ਗਿਣਤੀ ਸਿੱਖੀ ਹੈ। ਮੁਨਸ਼ੀ ਕਿਸੇ ਕੰਮ ਬਾਹਰ ਚਲੇ ਜਾਂਦਾ ਹੈ ਤਾਂ ਮੈਂ ਆਪਣੇ ਆਪ ਹੀ ਹਿਸਾਬ ਰੱਖਦਾ ਹਾਂ। ਜਦ ਉਹ ਮੁੜ ਆਉਂਦਾ ਹੈ ਤਾਂ ਉਸ ਨੂੰ ਦੱਸ ਦਿੰਦਾ ਹਾਂ ਅਤੇ ਉਹ

ਆਪਣੇ ਬਹੀਖਾਤੇ ਵਿੱਚ ਚੜ੍ਹਾ ਲੈਂਦਾ ਹੈ। ਅੱਜ ਤੱਕ ਇੱਕ ਪੈਸੇ ਦਾ ਵੀ ਫਰਕ ਨਹੀਂ ਨਿਕਲ਼ਿਆ।" ਮਾਣ ਨਾਲ਼ ਫੋਰਮੈਨ ਦੀ ਛਾਤੀ ਚੌੜੀ ਹੋ ਗਈ।

ਹੈਰਾਨੀ ਪ੍ਰਗਟ ਕਰਨੇ ਦੇ ਲਈ ਕਾਲ਼ੀ ਨੇ ਵੀ ਆਪਣੀਆਂ ਅੱਖਾਂ ਚੌੜੀਆਂ ਕੀਤੀਆਂ ਅਤੇ ਉਸ ਦੀ ਵਡਿਆਈ ਕਰਨ ਲਈ ਹੌਲ਼ੀ ਹੌਲ਼ੀ ਸਿਰ ਹਿਲਾਉਣ ਲੱਗਾ।

"ਲਿਖਣਾ ਪੜ੍ਹਨਾ ਤਾਂ ਮੈਨੂੰ ਆਉਂਦਾ ਨਹੀਂ। ਇਸ ਕੰਮ ਵਿੱਚ ਤਾਂ ਕੋਰਾ ਕਾਗਜ਼ ਹਾਂ। ਸਾਡੇ ਸਮਿਆਂ ਵਿੱਚ ਤਾਂ ਪਿੰਡ ਵਿੱਚ ਸਿਵਾਏ ਪਟਵਾਰੀ ਦੇ ਜਾਂ ਮਦਰੱਸੇ ਦੇ ਮੁਨਸ਼ੀ ਦੇ ਹੋਰ ਕੋਈ ਪੜ੍ਹਿਆ ਲਿਖਿਆ ਹੁੰਦਾ ਹੀ ਨਹੀਂ ਸੀ। ਪਿੰਡ ਵਿੱਚ ਲਾਲਾ ਅਤੇ ਦੁਕਾਨਦਾਰ ਵੀ ਲੰਡਿਆਂ ਵਿੱਚ ਹਿਸਾਬ ਕਿਤਾਬ ਰੱਖਦੇ ਸੀ। ਅਤੇ ਉਹ ਇਲਮ ਸਿਰਫ ਉਨ੍ਹਾਂ ਤੱਕ ਹੀ ਸੀਮਤ ਰਹਿੰਦਾ ਸੀ। ਆਮ ਆਦਮੀ ਨੂੰ ਉਸ ਦੀ ਬਿਲਕੁਲ ਸਮਝ ਨਹੀਂ ਸੀ। ...ਪਤਾ ਹੈ ਮੈਂ ਆਪਣਾ ਹਿਸਾਬ ਕਿਤਾਬ ਕਿਸ ਤਰ੍ਹਾਂ ਰੱਖਦਾ ਸੀ?" ਫੋਰਮੈਨ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਦੇਖਿਆ।

ਕਾਲ਼ੀ ਨੇ ਅੱਖਾਂ ਨੀਵੀਆਂ ਕਰ ਲਈਆਂ ਜਿਵੇਂ ਉਹ ਸ਼ਰਮਾ ਗਿਆ ਹੋਵੇ। "ਕਿੱਦਾਂ ਰੱਖਦੇ ਸੀ?"

"ਮੈਂ ਦੱਸਿਆ ਨਾ ਕਿ ਮੈਨੂੰ ਸੌ ਤੱਕ ਗਿਣਤੀ ਆਉਂਦੀ ਹੈ। ਕੱਚੀਆਂ ਖੱਲਾਂ ਅਤੇ ਪੱਕੀਆਂ ਖੱਲਾਂ ਦੀਆਂ ਮੈਂ ਨਿਸ਼ਾਨੀਆਂ ਬਣਾਈਆਂ ਹੋਈਆਂ ਸਨ। ਇਸੇ ਤਰ੍ਹਾਂ ਹਰ ਦੁਕਾਨਦਾਰ ਦੀ ਵੀ ਨਿਸ਼ਾਨੀ ਰੱਖੀ ਹੋਈ ਸੀ। ਕਾਰਖਾਨੇ ਵਿੱਚ ਹਰ ਕੰਮ ਕਰਨ ਵਾਲ਼ੇ ਆਦਮੀ ਨੂੰ ਵੀ ਮੈਂ ਨਿਸ਼ਾਨੀ ਦਾ ਰੂਪ ਦਿੱਤਾ ਹੋਇਆ ਸੀ। ਬਸ ਜਿਸ ਦਾ ਜਿੰਨੇ ਰੁਪਏ ਦਾ ਹਿਸਾਬ ਕਿਤਾਬ ਹੁੰਦਾ, ਉਸ ਦੀ ਨਿਸ਼ਾਨੀ ਦੇ ਮੋਹਰੇ ਉਨੀਆਂ ਲਕੀਰਾਂ ਮਾਰ ਦਿੰਦਾ। ਅਠਿਆਨੀ, ਚਵਾਨੀ, ਦੁਆਨੀ, ਇੱਕ ਆਨਾ, ਟਕਾ, ਪੈਸਾ, ਧੇਲਾ, ਪਾਈ ਅਤੇ ਦਮੜੀ ਦੀ ਆਪਣੀ ਆਪਣੀ ਅਲੱਗ ਨਿਸ਼ਾਨੀ ਰੱਖੀ ਹੋਈ ਸੀ।" ਫੋਰਮੈਨ ਮੁਸਕਰਾਇਆ। ਫਿਰ ਲੰਮਾ ਸੂਟਾ ਲੈ ਕੇ ਮੂੰਹ ਉੱਪਰ ਚੁੱਕ ਕੇ ਧੂੰਆਂ ਛੱਡ ਦਿੱਤਾ, "ਕਾਪੀ ਵਿੱਚ ਬਸ ਪਿਨਸਲ ਨਾਲ਼ ਨਿਸ਼ਾਨੀਆਂ ਲਾਈਆਂ ਹੋਈਆਂ ਹਨ। ਕੱਚੀਆਂ ਖੱਲਾਂ ਉੱਤੇ ਮੱਖੀ ਦੀ ਨਿਸ਼ਾਨੀ ਬਣਾਈ ਹੋਈ ਹੈ ਅਤੇ ਕਮਾਈ ਹੋਈ ਖੱਲਾਂ ਉੱਤੇ ਜੁੱਤੀ ਦੀ ਤਸਵੀਰ।"

"ਅਤੇ ਆਦਮੀਆਂ ਦੀ ਨਿਸ਼ਾਨੀ ਕੀ ਹੈ?"

"ਸਾਰਿਆਂ ਦੀ ਵੱਖਰੀ ਵੱਖਰੀ ਪਛਾਣ ਹੈ। ਵਰਿਆਮੇ ਦੇ ਮੱਥੇ 'ਤੇ ਮਾਸ ਉੱਭਰਿਆ ਹੋਇਆ ਹੈ। ਉਹਦੀ ਇਹ ਹੀ ਨਿਸ਼ਾਨੀ ਹੈ। ਕਿਰਪੇ ਦੀ ਸੱਜੀ ਗਲ੍ਹ 'ਤੇ ਮੋਗਲੀ ਫੋੜੇ ਦਾ ਨਿਸ਼ਾਨ ਹੈ ਅਤੇ ਉਸ ਦੀ ਇਹ ਹੀ ਨਿਸ਼ਾਨੀ ਹੈ। ਕਿਸ਼ਨਾ ਅੱਧੀ ਬੋਤਲ ਪੀਂਦਾ ਹੈ। ਸਾਰਿਆਂ ਦੀ ਕੋਈ ਨਾ ਕੋਈ ਵੱਖਰੀ ਅਤੇ ਪੱਕੀ ਪਛਾਣ ਬਣਾਈ ਹੋਈ ਹੈ।"

ਫੋਰਮੈਨ ਦੀਆਂ ਗੱਲਾਂ ਨਾਲ਼ ਕਾਲ਼ੀ ਮੰਤਰ ਮੁਗਧ ਜਿਹਾ ਹੋ ਕੇ ਪ੍ਰਸੰਸਾ ਵਿੱਚ ਸਿਰ ਹਿਲਾ ਰਿਹਾ ਸੀ।

"ਤੂੰ ਜਦ ਕਦੀ ਘਰ ਆਇਆ ਤਾਂ ਮੈਂ ਤੈਨੂੰ ਉਹ ਕਾਪੀ ਦਿਖਾਵਾਂਗਾ। ਮੈਂ ਸੰਭਾਲ ਕੇ ਰੱਖੀ ਹੋਈ ਹੈ।" ਫੋਰਮੈਨ ਹੋਰ ਵੀ ਜ਼ਿਆਦਾ ਅਰਾਮ ਨਾਲ਼ ਹੁੱਕਾ ਪੀਣ ਲੱਗ ਪਿਆ।

"ਅੱਛਾ ਕੱਲ ਤੋਂ ਤੂੰ ਹੌਜਾਂ 'ਤੇ ਕੰਮ ਨਹੀਂ ਕਰੇਂਗਾ। ਜਦ ਤੱਕ ਮੁਨਸ਼ੀ ਮੁੜ ਕੇ ਨਹੀਂ

ਆ ਜਾਂਦਾ, ਤੂੰ ਕਾਰਖਾਨੇ ਦਾ ਹਿਸਾਬ ਕਿਤਾਬ ਰੱਖੀਂ ਅਤੇ ਸ਼ਾਮ ਨੂੰ ਕਾਰਖਾਨਾ ਬੰਦ ਹੋਣ ਤੋਂ ਪਹਿਲਾਂ ਸਾਰਾ ਵੇਰਵਾ ਮੈਨੂੰ ਦੱਸੀਂ।" ਫੋਰਮੈਨ ਨੇ ਹੁੱਕਾ ਚੁੱਕ ਲਿਆ।

ਕਾਲ਼ੀ ਵੀ ਉੱਠ ਕੇ ਖੜ੍ਹ ਗਿਆ। ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਫੋਰਮੈਨ ਦੇ ਐਲਾਨ ਬਾਰੇ ਉਹਨੂੰ ਕੀ ਕਹਿਣਾ ਚਾਹੀਦਾ ਹੈ। ਵੈਸੇ ਮਨ ਹੀ ਮਨ ਵਿੱਚ ਉਹ ਬਹੁਤ ਖੁਸ਼ ਸੀ ਕਿਉਂਕਿ ਹੁਣ ਉਹਨੇ ਲੂਣ ਅਤੇ ਚੂਨੇ ਦੇ ਪਾਣੀ ਵਿੱਚ ਹੱਥ ਪੈਰ ਪਾਉਣ ਅਤੇ ਕੱਚੀਆਂ ਖੱਲਾਂ ਨਾਲ਼ ਮੱਥਾ ਮਾਰਨ ਤੋਂ ਬੱਚ ਜਾਣਾ ਸੀ। ਪਰ ਨਾਲ਼ ਹੀ ਉਹ ਇਹ ਸੋਚ ਕੇ ਬਹੁਤ ਪ੍ਰੇਸ਼ਾਨ ਸੀ ਕਿ ਬਾਕੀ ਕੰਮ ਕਰਨ ਵਾਲ਼ੇ ਕੀ ਸੋਚਣਗੇ। ਫੋਰਮੈਨ ਦੀ ਸਖਸ਼ੀਅਤ ਦੇ ਇਸ ਪਹਿਲੂ ਬਾਰੇ ਉਸ ਨੇ ਕਦੀ ਸੁਫਨੇ ਵਿੱਚ ਵੀ ਕਲਪਨਾ ਤੱਕ ਨਹੀਂ ਕੀਤੀ ਸੀ ਕਿ ਉਹ ਇੱਕ ਦੁਖੀ ਅਤੇ ਬੇਸਹਾਰਾ ਬੱਚੇ ਦੀ ਭਾਵਨਾ ਲੈ ਕੇ ਉਸ ਨਾਲ਼ ਦੁੱਖ ਦਰਦ ਸਾਂਝਾ ਕਰੇਗਾ। ਉਸ ਦੀ ਤਕਲੀਫ ਨੂੰ ਇਸ ਹੱਦ ਤੱਕ ਮਹਿਸੂਸ ਕਰੇਗਾ ਅਤੇ ਉਸ ਦੇ ਆਰਾਮ ਲਈ ਹਰ ਸੰਭਵ ਉਪਾਅ ਕਰੇਗਾ।

ਕਾਲ਼ੀ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕਾਰਖਾਨੇ ਵਿੱਚ ਕੋਈ ਵੀ ਆਦਮੀ ਕੱਚੀਆਂ ਖੱਲਾਂ ਨੂੰ ਧੋਣ ਦਾ ਕੰਮ ਨਹੀਂ ਕਰਨਾ ਚਾਹੁੰਦਾ। ਉਹ ਆਪ ਵੀ ਇਸ ਕੰਮ ਤੋਂ ਖੁਸ਼ ਨਹੀਂ ਸੀ ਪਰ ਉਹਦੇ ਲਈ ਕੋਈ ਹੋਰ ਚਾਰਾ ਵੀ ਨਹੀਂ ਸੀ। ਉਹ ਸਾਰਿਆਂ ਤੋਂ ਨਵਾਂ ਮਜ਼ਦੂਰ ਸੀ। ਉਸ ਨੂੰ ਖੱਲਾਂ ਮਲ਼ਣ, ਛਿੱਲਣ ਅਤੇ ਸੀਣ ਦਾ ਕੰਮ ਬਿਲਕੁਲ ਨਹੀਂ ਆਉਂਦਾ ਸੀ ਅਤੇ ਨਾ ਹੀ ਕਦੀ ਫੋਰਮੈਨ ਜਾਂ ਕਿਸੇ ਹੋਰ ਕਾਰੀਗਰ ਨੇ ਉਸ ਨੂੰ ਸਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਦੂਜਾ ਇਸ ਕੰਮ ਵਿੱਚ ਸਖਤ ਮਿਹਨਤ ਅਤੇ ਬਿਮਾਰੀ ਦੇ ਖਤਰੇ ਦੇ ਬਾਵਜੂਦ ਮਜ਼ਦੂਰੀ ਸਾਰਿਆਂ ਨਾਲ਼ੋਂ ਘੱਟ ਮਿਲ਼ਦੀ ਸੀ। ਸਾਰੇ ਲੋਕ ਇਸਨੂੰ ਮੋਟਾ ਕੰਮ ਕਹਿ ਕੇ ਆਪਣੀ ਨਫਰਤ ਦਾ ਦਿਖਾਵਾ ਕਰਦੇ ਸਨ। ਉਸ ਨੂੰ ਹੌਜਾਂ ਤੋਂ ਹਟਾਏ ਜਾਣ ਦਾ ਸਿੱਧਾ ਅਤੇ ਸਾਫ ਮਤਲਬ ਹੈ ਕਿ ਪੁਰਾਣੇ ਬੰਦਿਆਂ ਵਿੱਚੋਂ ਕਿਸੇ ਨੂੰ ਕੱਚੀਆਂ ਖੱਲਾਂ ਦਾ ਕੰਮ ਸੌਂਪਿਆ ਜਾਵੇਗਾ। ਖੁਸ਼ੀ ਨਾਲ਼ ਤਾਂ ਇਸ ਕੰਮ ਨੂੰ ਕਰਨ ਲਈ ਕੋਈ ਵੀ ਤਿਆਰ ਨਹੀਂ ਹੋਵੇਗਾ ਅਤੇ ਆਪਣੀ ਬਦਕਿਸਮਤੀ ਦਾ ਸਾਰਾ ਦੋਸ਼ ਉਸ ਨੂੰ ਹੀ ਦੇਵੇਗਾ।

ਕਾਲ਼ੀ ਇਨ੍ਹਾਂ ਵਿਚਾਰਾਂ ਵਿੱਚ ਗੁਆਚਿਆ ਬਹੁਤ ਪਰੇਸ਼ਾਨ ਸੀ ਕਿ ਫੋਰਮੈਨ ਤੁਰਦਾ ਤੁਰਦਾ ਖੜ੍ਹ ਗਿਆ, "ਕੱਲ ਤੋਂ ਤੂੰ ਦਫਤਰ ਵਿੱਚ ਬੈਠੀਂ। ਸਵੇਰੇ ਆਪ ਮੰਡੀ ਜਾ ਕੇ ਦੁਕਾਨ ਤੋਂ ਕੱਚੀਆਂ ਖੱਲਾਂ ਲੈ ਕੇ ਰੇੜ੍ਹੇ 'ਤੇ ਲਦਵਾ ਕੇ ਆਪਣੀ ਨਿਗਰਾਨੀ ਵਿੱਚ ਇਥੇ ਲਿਆਵੀਂ। ਕਾਪੀ ਸਵੇਰ ਨੂੰ ਮੈਂ ਤੈਨੂੰ ਲਿਆ ਦੇਊਂਗਾ ... ਹਿਸਾਬ ਕਿਤਾਬ ਰੱਖਣ ਲਈ।"

ਫੋਰਮੈਨ ਕੁੱਝ ਪੱਲ ਸੋਚ ਵਿੱਚ ਡੁੱਬ ਗਿਆ ਜਿਵੇਂ ਕੋਈ ਭੁੱਲੀ ਗੱਲ ਯਾਦ ਕਰ ਰਿਹਾ ਹੋਵੇ। ਫਿਰ ਉਹ ਸਿਰ ਖੁਰਕਣ ਲੱਗਾ, "ਤੇਰੇ ਕੋਲ਼ ਕੁੱਝ ਪੈਸੇ ਹਨ ?"

"ਹਾਂ ਜੀ ਹੈ।" ਕਾਲ਼ੀ ਨੇ ਪਤੂਹੀ ਦੀ ਅੰਦਰਲੀ ਜੇਬ ਵਿੱਚ ਹੱਥ ਪਾਇਆ।

"ਨਹੀਂ, ਮੈਨੂੰ ਨਹੀਂ ਚਾਹੀਦੇ। ... ਬਜ਼ਾਰ ਗਿਆ ਤਾਂ ਤੂੰ ਇੱਕ ਕਾਪੀ ਖਰੀਦ ਲਈਂ। ... ਬੜੀ ਕਾਪੀ ਖਰੀਦੀਂ। ... ਪਤਾ ਨਹੀਂ ਮੁਨਸ਼ੀ ਨੂੰ ਮੁੜਨ ਵਿੱਚ ਕਿੰਨੇ ਦਿਨ ਲੱਗਣੇ ਹਨ। ਲਾਲਾ ਜੀ ਨੇ ਉਸ ਨੂੰ ਆਗਰੇ ਭੇਜਿਆ ਹੋਇਆ ਹੈ।"

"ਅੱਛਾ ਜੀ, ਲੈ ਆਊਂਗਾ।" ਕਾਲ਼ੀ ਨੇ ਹੱਥ ਜੋੜ ਦਿੱਤੇ।

"ਕੱਲ ਨੂੰ ਮੇਰੇ ਕੋਲ਼ੋਂ ਪੈਸੇ ਲੈ ਲਈਂ। ਅਲਮਾਰੀ ਦੀ ਤੇ ਉਸ ਵਿੱਚ ਰੱਖੀ ਸੰਦੂਕੜੀ ਦੀ ਕੁੰਜੀ ਵੀ ਲੈ ਲਵੀਂ। ਮੈਂ ਭੁੱਲ ਗਿਆ ਤਾਂ ਚੇਤੇ ਨਾਲ਼ ਮੰਗ ਲਈਂ ਅਤੇ ਰੋਜ਼ ਸ਼ਾਮ ਨੂੰ ਘਰ ਜਾਣ ਤੋਂ ਪਹਿਲਾਂ ਮੈਨੂੰ ਦੇ ਦਿਆ ਕਰੀਂ।" ਫੋਰਮੈਨ ਨੇ ਸਮਝਾਇਆ।

ਜਵਾਬ ਵਿੱਚ ਕਾਲ਼ੀ ਨੇ ਸਿਰ ਹਿਲਾ ਕੇ ਬਹੁਤ ਹਲੀਮੀ ਨਾਲ਼ ਪੁੱਛਿਆ, "ਫੋਰਮੈਨ ਜੀ, ਕੱਚੀਆਂ ਖੱਲਾਂ ਕਿਸ ਦੁਕਾਨ ਤੋਂ ਚੁੱਕਣੀਆਂ ਹਨ ?"

ਕਾਲ਼ੀ ਦਾ ਸਵਾਲ਼ ਸੁਣ ਕੇ ਫੋਰਮੈਨ ਖੜ੍ਹ ਗਿਆ। ਉਹ ਪੱਲ ਭਰ ਸੋਚ ਵਿੱਚ ਡੁੱਬਾ ਰਿਹਾ ਅਤੇ ਫਿਰ ਕਾਲ਼ੀ ਵੱਲ ਦੇਖਣ ਲੱਗਾ, "ਤੈਨੂੰ ਮੰਡੀ ਵਿੱਚ ਲਾਲਾ ਜੀ ਦੀ ਦੁਕਾਨ ਦਾ ਪਤਾ ਹੈ ?"

"ਕਿਸ ਮੰਡੀ ਵਿੱਚ ?"

"ਮੋਇਆਂ ਦੀ ਮੰਡੀ ਵਿੱਚ।" ਫੋਰਮੈਨ ਖਿੱਝ ਗਿਆ, "ਇਥੇ ਇੱਕ ਹੀ ਮੰਡੀ ਹੈ। ਖੱਲਾਂ ਦੀ ਮੰਡੀ।"

"ਨਾਂਹ ਜੀ।" ਸ਼ਰਮਿੰਦੇ ਹੋਏ ਕਾਲ਼ੀ ਨੇ ਨਾਂਹ ਵਿੱਚ ਸਿਰ ਹਿਲਾਇਆ।

"ਤੂੰ ਸਵੇਰੇ ਸੂਰਜ ਚੜ੍ਹਦੇ ਨੂੰ ਚੌਂਕ ਵਿੱਚ ਪਹੁੰਚ ਜਾਂਈ। ਤੈਨੂੰ ਦੁਕਾਨ ਵੀ ਦਿਖਾ ਦੇਵਾਂਗਾ ਅਤੇ ਮੁਨੀਮ ਨਾਲ਼ ਮਿਲ਼ਵਾ ਵੀ ਦੇਵਾਂਗਾ।" ਫੋਰਮੈਨ ਬੇਪ੍ਰਵਾਹੀ ਨਾਲ਼ ਅੱਗੇ ਲੰਘ ਗਿਆ।

ਸਾਰੇ ਕਾਮੇ ਸਾਹ ਰੋਕੀ ਫੋਰਮੈਨ ਨੂੰ ਗੇਟ ਤੋਂ ਬਾਹਰ ਜਾਂਦਿਆਂ ਦੇਖਦੇ ਰਹੇ। ਕਾਲ਼ੀ ਲੂਣ ਤੇ ਚੂਨੇ ਦੇ ਹੌਜ ਦੇ ਨੇੜੇ ਆਪਣੇ ਹੱਥ ਉੱਤਲੀ ਪਾਂਅ ਦੀ ਫਿਨਸੀ ਨੂੰ ਦੇਖਦਾ ਹੋਇਆ ਉਸ 'ਤੇ ਫੂਕ ਮਾਰਦਾ ਰਿਹਾ। ਉਸ ਵਿੱਚ ਇਸ ਵਕਤ ਜ਼ਿਆਦਾ ਚੀਸ ਨਹੀਂ ਪੈ ਰਹੀ ਸੀ। ਫਿਰ ਵੀ ਆਪਣੀ ਬੇਚੈਨੀ 'ਤੇ ਪਰਦਾ ਪਾਉਣ ਲਈ ਉਹ ਲਗਾਤਾਰ ਫੂਕਾਂ ਮਾਰੀ ਜਾ ਰਿਹਾ ਸੀ। ਉਹ ਚਾਹੁੰਦਾ ਸੀ ਕਿ ਬਾਕੀ ਲੋਕਾਂ ਨੂੰ ਵਿਸ਼ਵਾਸ ਹੋ ਜਾਏ ਕਿ ਉਸ ਨੂੰ ਸੱਚਮੁਚ ਹੀ ਬਹੁਤ ਤਕਲੀਫ ਹੈ।

ਲੋਕ ਆਪਣਾ ਆਪਣਾ ਸਮਾਨ ਇਕੱਠਾ ਕਰਕੇ ਗੁਦਾਮ ਵਿੱਚ ਰੱਖ ਰਹੇ ਸਨ। ਜਦ ਵੀ ਕੋਈ ਆਦਮੀ ਕਾਲ਼ੀ ਦੇ ਕੋਲ਼ ਦੀ ਲੰਘਦਾ ਤਾਂ ਉਸ ਦਾ ਦਿਲ ਦਹਿਲ ਜਾਂਦਾ। ਉਨ੍ਹਾਂ ਵਿੱਚੋਂ ਅਜੇ ਤੱਕ ਕਿਸੇ ਨੇ ਵੀ ਕੋਈ ਟਿੱਪਣੀ ਨਹੀਂ ਕੀਤੀ ਸੀ। ਉਹਦੇ ਵੱਲ ਘੂਰ ਕੇ ਵੀ ਨਹੀਂ ਦੇਖਿਆ ਸੀ। ਸਭ ਕੁੱਝ ਆਮ ਵਾਂਗ ਹੀ ਸੀ ਪਰ ਉਹ ਬਹੁਤ ਡਰਿਆ ਹੋਇਆ ਸੀ। ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਅੱਜ ਸ਼ਾਮ ਨੂੰ ਜੋ ਕੁੱਝ ਹੋਇਆ ਹੈ ਉਸ ਪ੍ਰਤੀ ਉਸ ਦੇ ਸਾਥੀਆਂ ਦਾ ਕੀ ਰਵੱਈਆ ਹੋਵੇਗਾ। ਉਸ ਨੂੰ ਡਰ ਲੱਗ ਰਿਹਾ ਸੀ ਕਿ ਉਹ ਸਭ ਉਸ ਤੋਂ ਪਰ੍ਹੇ ਹੋ ਜਾਣਗੇ ਅਤੇ ਉਹ ਕਾਰਖਾਨੇ ਵਿੱਚ ਇਕੱਲਾ ਇੱਕ ਪਾਸੇ ਰਹਿ ਜਾਵੇਗਾ।

ਸਾਰੇ ਲੋਕ ਆਪਣਾ ਆਪਣਾ ਸਮਾਨ ਸਮੇਟ ਕੇ ਹੱਥ ਪੈਰ ਧੋਣ ਲਈ ਛੱਪੜ ਦੇ ਪਰਲੇ ਕੰਢੇ ਵੱਲ ਨੂੰ ਤੁਰ ਪਏ ਤਾਂ ਕਿਰਪੂ ਨੇ ਉੱਚੀ ਅਵਾਜ਼ ਵਿੱਚ ਪੁੱਛਿਆ, "ਫੋਰਮੈਨ ਤਾਂ ਚਲਿਆ ਗਿਆ ਹੈ। ਗੋਦਾਮ ਦਾ ਜਿੰਦਾ ਕੌਣ ਲਾਵੇਗਾ ? ਕੁੰਜੀ ਕੌਣ ਰੱਖੇਗਾ ?"

"ਇਹ।" ਜਿੰਦਰ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ, "ਫੋਰਮੈਨ ਨੇ ਇਹਨੂੰ ਕਾਰਖਾਨੇ ਦਾ ਮੁਖਤਿਆਰ ਬਣਾ ਦਿੱਤਾ ਹੈ।"

"ਮੁਖਤਿਆਰ ਬਣਾ ਦਿੱਤਾ ਹੈ ?" ਕਿਰਪੂ ਅਤੇ ਹੋਰ ਬਹੁਤ ਸਾਰੇ ਲੋਕਾਂ ਦੇ ਹੈਰਾਨੀ ਨਾਲ਼ ਮੂੰਹ ਖੁੱਲੇ ਦੇ ਖੁੱਲੇ ਰਹਿ ਗਏ।

"ਹਾਂ ਜੀ।" ਜਿੰਦਰ ਨੇ ਘੂਰ ਕੇ ਕਾਲ਼ੀ ਵੱਲ ਦੇਖਿਆ।

"ਅੱਜ ਇਸ ਨੂੰ ਇਕਦਮ ਹੀ ਬਹੁਤ ਸਾਰੀਆਂ ਤਰੱਕੀਆਂ ਮਿਲ਼ ਗਈਆਂ ਹਨ। ਮੈਂ ਸਭ ਕੁੱਝ ਆਪਣੇ ਕੰਨਾਂ ਨਾਲ਼ ਸੁਣਿਆ ਹੈ।"

"ਕੀ ਸੁਣਿਆ ਹੈ ?" ਕਿਰਪੂ ਨੇ ਪੁੱਛਿਆ।

"ਕੱਲ ਤੋਂ ਇਹ ਕਾਰਖਾਨੇ ਦਾ ਮੁਖਤਿਆਰ ਹੋਵੇਗਾ। ਹੁਣ ਮਾਲ ਗੁਦਾਮ ਦਾ ਜਿੰਦਾ ਵੀ ਹਰ ਰੋਜ਼ ਇਹੀ ਲਾਇਆ ਕਰੇਗਾ। ਸਵੇਰੇ ਦੁਕਾਨ ਤੋਂ ਕੱਚੀਆਂ ਖੱਲਾਂ ਇਸ ਦੀ ਹੀ ਨਿਗਰਾਨੀ ਵਿੱਚ ਆਇਆ ਕਰਨਗੀਆਂ। ਜਦ ਤੱਕ ਮੁਨਸ਼ੀ ਮੁੜ ਕੇ ਨਹੀਂ ਆਉਂਦਾ, ਕਾਰਖਾਨੇ ਦਾ ਹਿਸਾਬ ਕਿਤਾਬ ਵੀ ਇਹੀ ਰੱਖੇਗਾ। ਹੋਰ ਦੱਸੋ ਕੀ ਕੁੱਝ ਜਾਨਣਾ ਚਾਹੁੰਦੇ ਹੋ ?" ਜਿੰਦਰ ਨੇ ਉਨ੍ਹਾਂ ਦੇ ਹੈਰਾਨ ਚੇਹਰਿਆਂ ਵੱਲ ਦੇਖਿਆ।

"ਕਿਉਂ ਕਾਲ਼ੀ, ਕੀ ਜਿੰਦਰ ਠੀਕ ਕਹਿ ਰਿਹਾ ਹੈ ?" ਕਿਰਪੂ ਨੇ ਪੁੱਛਿਆ।

ਕਾਲ਼ੀ ਨੇ ਉੱਤਰ ਵਿੱਚ ਸਿਰਫ ਸਿਰ ਹਿਲਾ ਦਿੱਤਾ। ਫਿਰ ਆਪਣਾ ਪਾਂਅ ਵਾਲ਼ਾ ਹੱਥ ਉਸ ਵੱਲ ਵਧਾਉਂਦਾ ਹੋਇਆ ਵਿਚਾਰਾ ਜਿਹਾ ਬਣ ਕੇ ਬੋਲਿਆ, "ਮੇਰੇ ਹੱਥ ਵਿੱਚ ਪਾਂਅ ਪੈ ਗਈ ਹੈ। ਬੰਸੇ ਭਾਅ ਨੇ ਦੱਸਿਆ ਸੀ ਕਿ ਫੋਰਮੈਨ ਦੇ ਕੋਲ਼ ਇਸ ਬਿਮਾਰੀ ਦੀ ਬਹੁਤ ਵਧੀਆ ਦਵਾ ਹੈ ... ਮੈਂ ਤਾਂ ਅਜੇ ਗੱਲ ਕਰਨ ਲਈ ਸੋਚ ਹੀ ਰਿਹਾ ਸੀ ਅਤੇ ਹੌਜ ਦੇ ਕੋਲ਼ ਬੈਠਾ ਚੀਸ ਨੂੰ ਘੱਟ ਕਰਨ ਲਈ ਫਿਨਸੀ 'ਤੇ ਫੂਕਾਂ ਮਾਰ ਰਿਹਾ ਸੀ ਕਿ ਫੋਰਮੈਨ ਨੇ ਮੈਨੂੰ ਸੱਦ ਲਿਆ ਅਤੇ ਪੁੱਛਿਆ ਕਿ ਹੌਜ ਵਿੱਚ ਅਜੇ ਕਿੰਨੀਆਂ ਖੱਲਾਂ ਬਾਕੀ ਹਨ।" ...

ਕਾਲ਼ੀ ਕੁੱਝ ਪੱਲ ਖਾਮੋਸ਼ ਰਿਹਾ। ਫਿਰ ਉਹ ਥੋੜ੍ਹੀ ਸਾਫ ਅਵਾਜ਼ ਵਿੱਚ ਬੋਲਿਆ, "ਇਥੋਂ ਗੱਲ ਸ਼ੁਰੂ ਹੋਈ ਸੀ।"

"ਗੱਲ ਇੱਦਾਂ ਹੀ ਸ਼ੁਰੂ ਹੁੰਦੀ ਹੈ।" ਜਿੰਦਰ ਨੇ ਵਿਅੰਗ ਕੀਤਾ, "ਅਤੇ ਫਿਰ ਰਿਸ਼ਤੇਦਾਰੀ 'ਤੇ ਜਾ ਕੇ ਮੁੱਕਦੀ ਹੈ।"

ਕਾਲ਼ੀ ਨੂੰ ਗੁੱਸਾ ਤਾਂ ਆਇਆ ਪਰ ਉਹ ਉਸ ਨੂੰ ਖਾਮੋਸ਼ੀ ਨਾਲ਼ ਪੀ ਗਿਆ, "ਜਦ ਤੁਹਾਨੂੰ ਮੇਰੇ 'ਤੇ ਵਿਸ਼ਵਾਸ ਹੀ ਨਹੀਂ ਹੈ ਤਾਂ ਗੱਲ ਕਰਨੇ ਦਾ ਕੀ ਫਾਇਦਾ ?"

"ਯਾਰ, ਤੂੰ ਗੱਲ ਤਾਂ ਪੂਰੀ ਕਰ। ... ਅਜੇ ਤਾਂ ਤੂੰ ਕੱਚੀਆਂ ਖੱਲਾਂ ਵਿੱਚ ਹੀ ਫਸਿਆ ਹੋਇਆ ਸੀ। ਮੁਖਤਿਆਰ ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ।" ਕਿਰਪੂ ਨੇ ਕਾਲ਼ੀ ਦਾ ਮੋਢਾ ਥਾਪੜਿਆ।

ਫਿਰ ਫੋਰਮੈਨ ਪੁੱਛਣ ਲੱਗਾ ਕਿ "ਮੈਂ ਕੁੱਝ ਪੜ੍ਹਿਆ ਲਿਖਿਆਂ ਵੀ ਹਾਂ। ਪਿੰਡ ਵਿੱਚ ਕੌਣ ਕੌਣ ਰਹਿੰਦਾ ਹੈ। ... ਮੇਰੀ ਕਹਾਣੀ ਸੁਣ ਕੇ ਸ਼ਾਇਦ ਉਸ ਨੂੰ ਆਪਣਾ ਬਚਪਨ ਯਾਦ ਆ ਗਿਆ ਸੀ ਜਾਂ ਮੇਰੇ 'ਤੇ ਤਰਸ ਆ ਗਿਆ। ਉਹ ਅਨਪੜ੍ਹ ਹੋਣ ਦੇ ਬਾਵਜੂਦ ਮੁਨਸ਼ੀ ਦੀ

ਗੈਰ ਹਾਜ਼ਰੀ ਵਿੱਚ ਕਾਰਖਾਨੇ ਦਾ ਹਿਸਾਬ ਕਿਤਾਬ ਕਿਵੇਂ ਰੱਖਦਾ ਹੈ ... ਇਸ ਬਾਰੇ ਦੱਸਦਾ ਰਿਹਾ।"

"ਯਾਰਾ ਇਹ ਦੱਸ ਕਿ ਗੱਲ ਮੁੱਕੀ ਕਿਥੇ ?" ਨਿਹਾਲਾ ਖਿੱਝ ਗਿਆ ਜਿਵੇਂ ਕਿ ਉਹ ਕਾਲ਼ੀ ਦੀ ਕਹਾਣੀ ਤੋਂ ਅੱਕ ਗਿਆ ਹੋਵੇ।

ਕਾਲ਼ੀ ਨੀਵੀਂ ਪਾਈ ਚੁੱਪ ਕਰਕੇ ਪਾਂਅ ਵਾਲ਼ੀ ਫਿਨਸੀ ਨੂੰ ਦੇਖਦਾ ਰਿਹਾ। ਫਿਰ ਉਸ ਨੇ ਇਕਦਮ ਗਰਦਨ ਉੱਪਰ ਚੁੱਕੀ, "ਫੋਰਮੈਨ ਨੇ ਕਿਹਾ ਕਿ ਕਾਰਖਾਨੇ ਵਿੱਚ ਕਾਰੀਗਰ ਤਾਂ ਬਹੁਤ ਚੰਗੇ ਹਨ। ਸਾਰੇ ਕੰਮ ਜਾਣਦੇ ਹਨ ਪਰ ਪੜ੍ਹਿਆ ਲਿਖਿਆ ਕੋਈ ਨਹੀਂ ਹੈ ਜੋ ਮੁਨਸ਼ੀ ਦੀ ਗੈਰਹਾਜ਼ਰੀ ਵਿੱਚ ਕਾਰਖਾਨੇ ਦਾ ਹਿਸਾਬ ਕਿਤਾਬ ਰੱਖ ਸਕੇ। ਉਹਦੇ ਵਿੱਚ ਇੰਨੀ ਹਿੰਮਤ ਨਹੀਂ ਰਹੀ ਕਿ ਦੌੜ ਭੱਜ ਕਰ ਸਕੇ, ਇਸ ਲਈ ਉਸ ਨੇ ਇਹ ਕੰਮ ਮੈਨੂੰ ਸੌਂਪ ਦਿੱਤਾ ਹੈ।"

"ਠੀਕ ਹੈ, ਇਸ ਤਰ੍ਹਾਂ ਪਾਂਅ ਦਾ ਇਲਾਜ ਵੀ ਹੋ ਜਾਏਗਾ।" ਕਿਸ਼ਨੇ ਨੇ ਗੱਲ ਖਤਮ ਕੀਤੀ। "ਚਲੋ ਹੱਥ ਪੈਰ ਧੋ ਲਈਏ। ਫਿਰ ਸਾਰੇ ਘਰਾਂ ਨੂੰ ਜਾਂਦੇ ਹਾਂ।"

ਸਾਰੇ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਛੱਪੜ ਦੇ ਪਰਲੇ ਕੰਢੇ ਵੱਲ ਨੂੰ ਤੁਰ ਪਏ। ਕਿਸ਼ਨਾ ਤੁਰਦਾ ਤੁਰਦਾ ਖੜ੍ਹ ਗਿਆ ਅਤੇ ਪਿੱਛੇ ਮੁੜਦਾ ਹੋਇਆ ਮੁਸਕਰਾਇਆ, "ਮੁਨਸ਼ੀ ਜੀ, ਤੁਸੀਂ ਵੀ ਆ ਜਾਉ।"

"ਭਾਅ ਜੀ ਤੁਸੀਂ ਤਾਂ ਮੈਨੂੰ ਸ਼ਰਮਿੰਦਾ ਨਾ ਕਰੋ।" ਕਾਲ਼ੀ ਨੇ ਹੱਥ ਜੋੜ ਦਿੱਤੇ।

"ਇਹ ਸਾਰੇ ਮਾਂ ਦੇ ਖਸਮ ਆ। ਕਿਸੇ ਦਾ ਥੋੜ੍ਹਾ ਫਾਇਦਾ ਹੋ ਜਾਏ ਤਾਂ ਇਹਨਾਂ ਦੇ ਢਿੱਡ ਵਿੱਚ ਸੂਲ ਹੋਣ ਲੱਗ ਪੈਂਦਾ ਹੈ। ਕਿਸੇ ਦਾ ਨੁਕਸਾਨ ਹੋ ਜਾਵੇ ਤਾਂ ਇਹ ਘਿਓ ਨਾਲ਼ ਰੋਟੀ ਚੋਪੜ ਕੇ ਖਾਣ ਦੀਆਂ ਗੱਲਾਂ ਕਰਦੇ ਹਨ। ਤੂੰ ਫਿਕਰ ਨਾ ਕਰ।" ਕਿਸ਼ਨੇ ਨੇ ਕਾਲ਼ੀ ਦਾ ਮੋਢਾ ਥਾਪੜ ਕੇ ਉਸ ਦਾ ਹੌਸਲਾ ਵਧਾਇਆ।

"ਭਾਅ ਜੀ ਮੇਰੇ ਹੱਥ ਨੂੰ ਤਕਲੀਫ ਹੈ। ਤੂੰ ਗੁਦਾਮ ਨੂੰ ਜਿੰਦਾ ਲਾ ਦੇ।" ਕਾਲ਼ੀ ਨੇ ਬੇਨਤੀ ਕੀਤੀ।

ਜਿੰਦਾ ਲਾ ਕੇ ਕਿਸ਼ਨੇ ਨੇ ਕੁੰਜੀ ਕਾਲ਼ੀ ਦੀ ਪਤੂਹੀ ਦੀ ਜੇਬ ਵਿੱਚ ਪਾ ਦਿੱਤੀ ਅਤੇ ਉਹ ਵੀ ਛੱਪੜ ਦੇ ਪਰਲੇ ਕੰਢੇ ਵੱਲ ਨੂੰ ਤੁਰ ਪਏ।

ਲੋਕ ਛੱਪੜ ਵਿੱਚ ਲੱਤਾਂ ਅਤੇ ਬਾਹਾਂ 'ਤੇ ਪਾਣੀ ਦੇ ਛਿੱਟੇ ਮਾਰਦੇ ਹੋਏ ਸਰਗੋਸ਼ੀਆਂ ਵਿੱਚ ਮਗਨ ਸਨ। ਕਾਲ਼ੀ ਨੂੰ ਦੇਖ ਕੇ ਭੀਮਾ ਹੱਸ ਪਿਆ, "ਹੁਣ ਤਾਂ ਕਾਲ਼ੀ ਭਾਅ ਕਾਰਖਾਨੇ ਦਾ ਮੁਖਤਿਆਰ ਬਣ ਗਿਆ ਹੈ। ਟਿਊਬਵੈਲ ਨਾ ਸਹੀ, ਘੱਟ ਤੋਂ ਘੱਟ ਡੂੰਘੇ ਪਾਣੀ ਵਾਲ਼ਾ ਨਲ਼ਕਾ ਤਾਂ ਲੁਆ ਹੀ ਦੇਵੇਗਾ।"

ਕਾਲ਼ੀ ਨੇ ਅੱਖਾਂ ਪਾੜ ਕੇ ਭੀਮੇ ਵੱਲ ਦੇਖਿਆ। ਫਿਰ ਮੁਸਕਰਾ ਪਿਆ, "ਭਾਅ ਜੀ, ਕਿਉਂ ਮਖੌਲ ਕਰ ਰਹੇ ਹੋ ? ਉਦਾਂ ਹੀ ਮੇਰੇ ਸਿਰ ਵਿੱਚ ਚਾਰ ਜੁੱਤੀਆਂ ਮਾਰ ਲਵੋ।"

"ਨਹੀਂ, ਇਹ ਚੱਕਰ ਹੋਰ ਹੀ ਹੈ।" ਵਰਿਆਮੇ ਨੇ ਕਿਰਪੂ ਦੇ ਕੰਨ ਵਿੱਚ ਕਿਹਾ।

"ਕੀ ਹੈ ?" ਕਿਰਪੂ ਆਪਣਾ ਕੰਨ ਵਰਿਆਮੇ ਦੇ ਮੂੰਹ ਕੋਲ਼ ਲੈ ਗਿਆ।"

"ਸੁਣਿਆ ਹੈ ਲਾਲਾ ਇੱਥੋਂ ਕੰਮ ਕਾਰ ਬੰਦ ਕਰਕੇ ਆਗਰੇ ਵਿੱਚ ਵਲੈਤੀ ਮਸ਼ੀਨਾਂ ਦਾ ਕਾਰਖਾਨਾ ਲਾ ਰਿਹਾ ਹੈ। ਫੋਰਮੈਨ ਨੂੰ ਹਿੱਸੇਦਾਰ ਬਣਾ ਕੇ ਇਹ ਕਾਰਖਾਨਾ ਉਸ ਦੇ ਹਵਾਲੇ ਕਰ ਦੇਵੇਗਾ।"

"ਫਿਰ ਕਾਲ਼ੀ ਦੀ ਤਾਂ ਚਾਂਦੀ ਹੀ ਹੋ ਗਈ ਸਮਝੋ।" ਕਿਰਪੂ ਨੇ ਸਿਰ ਹਿਲਾਉਂਦਿਆਂ ਕਾਲ਼ੀ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਸ ਕਰਕੇ ਉਸ ਨੂੰ ਬਹੁਤ ਨੁਕਸਾਨ ਪਹੁੰਚਿਆ ਹੋਵੇ।

"ਇਹ ਤਾਂ ਸਮਾਂ ਆਉਣ 'ਤੇ ਹੀ ਪਤਾ ਲੱਗੇਗਾ ਕਿ ਚਾਂਦੀ ਕਿਹਦੀ ਹੋਈ ਹੈ। ਨੰਜੂ ਦੀ ਹਾਲਤ ਸਾਡੇ ਸਾਰਿਆਂ ਦੇ ਸਾਹਮਣੇ ਹੀ ਹੈ। ਚਾਂਦੀ ਉਹਦੀ ਸਮਝੋ ਜਿਹਦੀ ਪਿੱਠ 'ਤੇ ਲਾਲੇ ਦਾ ਹੱਥ ਹੋਵੇ।" ਵਰਿਆਮੇ ਨੇ ਭਰਵੱਟੇ ਉੱਪਰ ਚੜ੍ਹਾ ਕੇ ਕਿਹਾ।

ਕਾਲ਼ੀ ਨੂੰ ਇਹ ਗੱਲ ਬੁਰੀ ਤਰ੍ਹਾਂ ਮਹਿਸੂਸ ਹੋਣ ਲੱਗੀ ਸੀ ਕਿ ਸਭ ਕੁੱਝ ਬਦਲ ਰਿਹਾ ਹੈ। ਬਰਾਦਰੀ ਟੁੱਟ ਰਹੀ ਹੈ। ਆਪਣੇ ਆਪ ਨੂੰ ਸੰਭਾਲਦਾ ਉਹ ਛੱਪੜ ਦੇ ਕੰਢੇ ਜਾ ਖੜ੍ਹਾ ਹੋਇਆ।

"ਹੁਣ ਤਾਂ ਤੂੰ ਪਜਾਮਾ ਕਮੀਜ਼ ਪਾਇਆ ਕਰ। ਕਾਲ਼ੇ ਰੰਗ ਦੀ ਇੱਕ ਗੋਲ਼ ਟੋਪੀ ਵੀ ਲੈ ਲਾ ਤਾਂ ਕਿ ਬਿਲਕੁਲ ਮੁਨਸ਼ੀ ਵਰਗਾ ਲੱਗੇਂ।" ਮਜ਼ਾਕ ਭਰਿਆ ਹਾਸਾ ਖਿਲਾਰਦਾ ਕਿਰਪੂ ਅੱਗੇ ਲੰਘ ਗਿਆ।

"ਕਾਲ਼ੀ ਭਾਅ, ਕੀ ਗੱਲ ਆ ?" ਕਿਸ਼ਨੇ ਨੇ ਉਸ ਦੇ ਮੋਢੇ 'ਤੇ ਜ਼ੋਰ ਨਾਲ਼ ਧੱਫਾ ਮਾਰਿਆ, "ਖੁਸ਼ੀ ਨਾਲ਼ ਤੇਰੇ ਮੂੰਹ 'ਤੇ ਲਾਲੀ ਟਪਕਣੀ ਚਾਹੀਦੀ ਹੈ। ਤੂੰ ਮੂੰਹ ਲਟਕਾਈ ਖੜ੍ਹਾ ਹੈਂ।" ...

"ਨਹੀਂ, ਏਦਾਂ ਦੀ ਗੱਲ ਨਹੀਂ ਹੈ।" ਕਾਲ਼ੀ ਫੋਕਾ ਜਿਹਾ ਮੁਸਕਰਾਇਆ।

"ਮੈਨੂੰ ਬਹੁਤ ਖੁਸ਼ੀ ਹੋਈ ਹੈ। ਇਸ ਲਈ ਦਾਰੂ ਤੇਰੇ ਸਿਰ।" ਕਿਸ਼ਨੇ ਨੇ ਕਾਲ਼ੀ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਨੂੰ ਆਪਣੇ ਨਾਲ਼ ਲਾ ਲਿਆ। "ਤੂੰ ਮੇਰੇ ਨਾਲ਼ ਚਲੇਂਗਾ। ਮੇਰਾ ਟੱਬਰ ਆ ਗਿਆ ਹੈ। ਘਰ ਦੀ ਰੋਟੀ ਖਾਣ ਨੂੰ ਮਿਲ਼ੇਗੀ। ਨਾਲ਼ੇ ਕੱਲੂ ਵੀ ਤੈਨੂੰ ਬਹੁਤ ਯਾਦ ਕਰ ਰਿਹਾ ਸੀ।"

ਕੱਲੂ ਅਤੇ ਕਿਸ਼ਨੇ ਦੇ ਟੱਬਰ ਦਾ ਜ਼ਿਕਰ ਸੁਣ ਕੇ ਕਾਲ਼ੀ ਨੂੰ ਬਹੁਤ ਸੁਹਣਾ ਲੱਗਾ। ਉਸ ਨੇ ਇਕਦਮ ਹਾਮੀ ਭਰ ਦਿੱਤੀ ਕਿਉਂਕਿ ਅੱਜ ਉਸ ਨੂੰ ਪੁਰਾਣੇ ਸਾਥੀਆਂ ਨਾਲ਼ ਰਹਿਣ ਤੋਂ ਡਰ ਮਹਿਸੂਸ ਹੋ ਰਿਹਾ ਸੀ।

"ਛੇਤੀ ਕਰ। ਨਿਆਣੇ ਰਾਹ ਦੇਖ ਰਹੇ ਹੋਣਗੇ।" ਕਿਸ਼ਨੇ ਨੇ ਜ਼ੋਰ ਦਿੱਤਾ।

"ਬਸ ਭਾਅ ਜੀ, ਕੱਪੜੇ ਬਦਲ ਲਵਾਂ। ਫਿਰ ਚਲਦੇ ਹਾਂ।" ਕਾਲ਼ੀ ਨੇ ਲੂਣ 'ਤੇ ਚੂਨੇ ਦੇ ਪਾਣੀ ਨਾਲ਼ ਲਿਬੜੀ ਆਪਣੀ ਪਤੂਹੀ ਅਤੇ ਕਛਹਿਰੇ ਵੱਲ ਇਸ਼ਾਰਾ ਕੀਤਾ।

## ਸਤਾਰਾਂ

ਕਿਸ਼ਨੇ ਦੇ ਘਰ ਨੂੰ ਜਾਣ ਵਾਲ਼ੀ ਗਲ਼ੀ ਦੇ ਮੋੜ 'ਤੇ ਪਹੁੰਚ ਕੇ ਕਾਲ਼ੀ ਰੁਕ ਗਿਆ।

"ਕੀ ਹੋਇਆ, ਕੀ ਮੇਰੇ ਘਰ ਦਾ ਰਾਹ ਭੁੱਲ ਗਿਆਂ ?" ਕਿਸ਼ਨੇ ਨੇ ਹੈਰਾਨ ਹੋ ਕੇ

ਕਾਲ਼ੀ ਵੱਲ ਦੇਖਿਆ।

"ਨਹੀਂ ਭਾਅ ਜੀ, ਰਾਹ ਤਾਂ ਨਹੀਂ ਭੁੱਲਿਆ। ਪਰ ਥੋੜ੍ਹਾ ਹੋਰ ਅੱਗੇ ਜਾਣਾ ਫਿਰ ਘਰ ਨੂੰ ਚਲਦੇ ਹਾਂ।"

ਕਾਲ਼ੀ ਨੇ ਉੱਥੋਂ ਹਲਵਾਈ ਦੀ ਦੁਕਾਨ ਦੇ ਫਾਸਲੇ ਦਾ ਅਨੁਮਾਨ ਲਾਇਆ ਅਤੇ ਕਿਸ਼ਨੇ ਦਾ ਹੱਥ ਫੜ ਕੇ ਅਗਾਂਹ ਨੂੰ ਖਿੱਚਣ ਲੱਗਾ, "ਚਲੋ ਵੀ ਭਾਅ ਜੀ, ਪੰਜ ਸੱਤ ਮਿੰਟ ਦੀ ਤਾਂ ਗੱਲ ਹੈ।"

"ਕੀ ਤੂੰ ਦਾਰੂ ਦੀ ਬੋਤਲ ਲੈਣੀ ਹੈ ?" ਕਿਸ਼ਨੇ ਨੇ ਆਪਣੇ ਸਵਾਲ਼ ਦਾ ਆਪ ਹੀ ਜਵਾਬ ਦੇ ਦਿੱਤਾ, "ਕੱਲੂ ਨੂੰ ਭੇਜ ਕੇ ਮੰਗਵਾ ਲਵਾਂਗੇ। ਬਰਫ ਲੈਣ ਜਾਵੇਗਾ ਤਾਂ ਬੋਤਲ ਵੀ ਲੈ ਆਵੇਗਾ।"

"ਨਹੀਂ ਭਾਅ ਜੀ, ਅੱਜ ਸਾਰੀਆਂ ਚੀਜ਼ਾਂ ਆਪਾਂ ਆਪ ਹੀ ਖਰੀਦਾਂਗੇ। ਕੱਲੂ ਅਜੇ ਨਿਆਣਾ ਹੈ। ਉਸ ਨੂੰ ਗਲਤ ਰਾਹ ਕਿਉਂ ਪਾਉਣਾ ਹੈ ?"

"ਤੇਰੀ ਮਰਜ਼ੀ।" ਕਿਸ਼ਨੇ ਨੇ ਮੋਢੇ ਚੁੱਕ ਦਿੱਤੇ ਜਿਵੇਂ ਕਾਲ਼ੀ ਦੀ ਗੱਲ ਵਿੱਚ ਉਸ ਨੂੰ ਕੋਈ ਵਜ਼ਨ ਨਾ ਲੱਗ ਰਿਹਾ ਹੋਵੇ।

ਕਾਲ਼ੀ ਠੇਕੇ ਦੇ ਸਾਹਮਣੇ ਜਾ ਕੇ ਖੜ੍ਹ ਗਿਆ। ਉਹਨੇ ਪਤੂਹੀ ਦੀ ਅੰਦਰਲੀ ਜੇਬ ਵਿੱਚੋਂ ਰੁਮਾਲ ਕੱਢਿਆ ਅਤੇ ਉਸ ਦੀ ਗੱਠ ਖੋਲ੍ਹ ਕੇ ਰੁਪਏ ਕਿਸ਼ਨੇ ਵੱਲ ਵਧਾ ਦਿੱਤੇ, "ਭਾਅ ਜੀ, ਤੁਸੀਂ ਦਾਰੂ ਦੀ ਬੋਤਲ ਲਵੋ, ਮੈਂ ਹੁਣੇ ਆਇਆ।"

ਕਿਸ਼ਨਾ ਹੈਰਾਨ ਹੋਇਆ ਤੁਰੇ ਜਾਂਦੇ ਕਾਲ਼ੀ ਨੂੰ ਦੇਖਦਾ ਰਿਹਾ। ਗੱਲ ਸਮਝ ਨਾ ਆਉਣ ਕਰਕੇ ਉਸ ਨੇ ਬੁੱਲ ਘੁੱਟ ਲਏ। ਜਦ ਕਾਲ਼ੀ ਉਸ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ ਤਾਂ ਕਿਸ਼ਨਾ ਮੋਢੇ ਮਾਰਦਾ ਠੇਕੇ ਦੀ ਛੋਟੀ ਖਿੜਕੀ ਦੇ ਸਾਹਮਣੇ ਜਾ ਖੜ੍ਹਾ ਹੋਇਆ।

ਕਾਲ਼ੀ ਸਿੱਧਾ ਹਲਵਾਈ ਦੀ ਦੁਕਾਨ 'ਤੇ ਗਿਆ ਅਤੇ ਥਾਲਾਂ ਵਿੱਚ ਸਜੀ ਮਠਿਆਈ ਵੱਲ ਦੇਖਣ ਲੱਗਾ। ਉਸ ਨੂੰ ਯਾਦ ਆਇਆ ਕਿ ਪਿੰਡ ਵਿੱਚ ਲੱਡੂ ਹੀ ਸੱਭ ਤੋਂ ਵਧੀਆ ਮਠਿਆਈ ਗਿਣੀ ਜਾਂਦੀ ਹੈ। ਉਸਨੇ ਲੱਡੂਆਂ ਦੇ ਥਾਲ ਨੂੰ ਬਹੁਤ ਧਿਆਨ ਨਾਲ਼ ਦੇਖਿਆ, "ਤਾਜੇ ਹਨ ?"

"ਬਿਲਕੁਲ ਤਾਜੇ। ਕੋਈ ਘੰਟਾ ਕੁ ਹੋਇਆ ਬਣਾਇਆਂ ਨੂੰ। ਅਜੇ ਥੋੜ੍ਹੇ ਗਰਮ ਹੀ ਹੋਣੇ ਹਨ।" ਹਲਵਾਈ ਨੇ ਹੱਥ ਭਰ ਲੰਮੇ ਡੰਡੇ ਨਾਲ਼ ਬੰਨੇ ਕੱਪੜੇ ਨਾਲ਼ ਲੱਡੂਆਂ ਦੇ ਥਾਲ 'ਤੇ ਬੈਠੀਆਂ ਮੱਖੀਆਂ ਨੂੰ ਉਡਾ ਦਿੱਤਾ, "ਕਿੰਨੇ ਤੋਲਾਂ।"

"ਇੱਕ ਸੇਰ।" ਕਾਲ਼ੀ ਨੇ ਪੈਸਿਆਂ ਵਾਲ਼ਾ ਰੁਮਾਲ ਕੱਢਣ ਲਈ ਹੱਥ ਪਤੂਹੀ ਦੀ ਜੇਬ ਵਿੱਚ ਪਾਇਆ।

ਲੱਡੂਆਂ ਦਾ ਲਿਫਾਫਾ ਆਪਣੇ ਮੋਢੇ ਵਾਲ਼ੇ ਸਾਫੇ ਦੇ ਪੱਲੇ ਵਿੱਚ ਬੰਨ੍ਹ ਕੇ ਕਾਲ਼ੀ ਲੰਮੀਆਂ ਲੰਮੀਆਂ ਪੁਲਾਂਘਾਂ ਭਰਦਾ ਠੇਕੇ ਵੱਲ ਤੁਰ ਪਿਆ। ਸਾਫੇ ਵਿੱਚ ਬੋਤਲ ਲਪੇਟ ਕੇ ਉਸ ਨੂੰ ਸਾਵਧਾਨੀ ਨਾਲ਼ ਫੜ੍ਹੀ ਕਿਸ਼ਨਾ ਖੜ੍ਹਾ ਕਾਲ਼ੀ ਦੀ ਰਾਹ ਦੇਖਦਾ ਅੱਕਿਆ ਜਿਹਾ ਕਦੇ ਇੱਕ ਪੈਰ 'ਤੇ ਭਾਰ ਪਾਉਂਦਾ ਕਦੇ ਦੂਜੇ 'ਤੇ।

ਕਿਸ਼ਨੇ ਦੇ ਨੇੜੇ ਪਹੁੰਚ ਕੇ ਕਾਲ਼ੀ ਮੁਸਕਰਾ ਪਿਆ, "ਚਲੋ ਭਾਅ ਜੀ।"

"ਕਿੱਥੇ ਗਿਆ ਸੀ ਤੂੰ?" ਕਾਲ਼ੀ ਦੇ ਬਰਾਬਰ ਤੁਰਦਿਆਂ ਕਿਸ਼ਨੇ ਨੇ ਪੁੱਛਿਆ।

"ਹਲਵਾਈ ਦੀ ਦੁਕਾਨ ਤੱਕ ਗਿਆ ਸੀ।"

"ਕੋਈ ਨਮਕੀਨ ਲੈ ਕੇ ਆਇਆਂ?"

"ਨਹੀਂ, ਮਿੱਠਾ।"

"ਦਾਰੂ ਦੇ ਨਾਲ਼ ਮਿੱਠੇ ਦਾ ਕੀ ਮੇਲ਼ ਹੈ?"

"ਆਪਣੇ ਲਈ ਨਹੀਂ। ਬੱਚਿਆਂ ਲਈ ਲੈ ਕੇ ਆਇਆਂ।"

"ਬੱਚਿਆਂ ਦੇ ਲਈ?" ਕਿਸ਼ਨਾ ਖੜ੍ਹ ਗਿਆ ਜਿਵੇਂ ਕਾਲ਼ੀ ਦੀ ਗੱਲ ਉਸ ਦੀ ਸਮਝ ਵਿੱਚ ਨਾ ਆਈ ਹੋਵੇ।

"ਕਿਸ਼ਨੇ ਭਾਅ, ਤੇਰੇ ਬੱਚਿਆਂ ਨੂੰ ਮੈਂ ਪਹਿਲੀ ਵਾਰ ਮਿਲ਼ ਰਿਹਾ ਹਾਂ। ਖਾਲੀ ਹੱਥ ਚਲਿਆ ਜਾਂਦਾ ਤਾਂ ਉਹ ਕੀ ਸੋਚਦੇ ਕਿ ਕਿੱਦਾਂ ਦਾ ਚਾਚਾ ਹੈ?" ਕਾਲ਼ੀ ਨੇ ਕਿਸ਼ਨੇ ਦੀਆਂ ਅੱਖਾਂ ਵਿੱਚ ਦੇਖਿਆ।

ਕਿਸ਼ਨੇ ਨੇ ਕੋਈ ਜਵਾਬ ਨਾ ਦਿੱਤਾ। ਮਨ ਹੀ ਮਨ ਵਿੱਚ ਉਹ ਬਹੁਤ ਖੁਸ਼ ਹੋਇਆ ਕਿ ਕਾਲ਼ੀ ਉਸ ਨੂੰ ਬਿਲਕੁਲ ਆਪਣਾ ਸਮਝਦਾ ਹੈ। ਉਸ ਨੂੰ ਬੱਚਿਆਂ ਦਾ ਕਿੰਨਾ ਖਿਆਲ ਹੈ।

"ਭਾਅ ਜੀ, ਬਰਫ ਦੀ ਦੁਕਾਨ ਦਾ ਚੇਤਾ ਰੱਖਿਓ। ਕਾਹਲ਼ੀ ਵਿੱਚ ਕਿਤੇ ਭੁੱਲ ਹੀ ਨਾ ਜਾਈਏ?"

"ਯਾਰਾ, ਕਾਫੀ ਦੂਰ ਹੈ ਬਰਫ ਦੀ ਦੁਕਾਨ। ਕੱਲੂ ਨੂੰ ਭੇਜ ਕੇ ਮੰਗਵਾ ਲਵਾਂਗੇ।"

"ਨਾ ਭਾਅ ਜੀ, ਆਪਾਂ ਤਾਂ ਬਜ਼ਾਰ ਵਿੱਚ ਹੀ ਹਾਂ। ਕੱਲੂ ਨੂੰ ਘਰੋਂ ਭੇਜਣਾ ਪਵੇਗਾ। ਸੌ ਦੋ ਸੌ ਗਜ਼ ਹੋਰ ਤੁਰ ਲਵਾਂਗੇ ਤਾਂ ਕੀ ਫਰਕ ਪੈਣ ਲੱਗਾ। ਨਾਲ਼ੇ ਕੱਲੂ ਨੂੰ ਆਉਣ ਜਾਣ ਦਾ ਵਾਧੂ ਗੇੜਾ ਪੈਣਾ ਹੈ।" ਕਾਲ਼ੀ ਨੇ ਸਲਾਹ ਦਿੱਤੀ।

"ਚੰਗਾ ਭਾਅ, ਤੇਰੀ ਮਰਜੀ।" ਕਿਸ਼ਨਾ ਬਰਫ ਦੀ ਦੁਕਾਨ ਵੱਲ ਨੂੰ ਤੁਰ ਪਿਆ।

ਆਪਣੀ ਜ਼ਰੂਰਤ ਦਾ ਸਾਰਾ ਸਮਾਨ ਇਕੱਠਾ ਕਰਕੇ ਉਹ ਘਰ ਵੱਲ ਨੂੰ ਮੁੜ ਪਏ। ਭੀੜੀ, ਗੰਦੀ ਅਤੇ ਕੌੜੇ ਧੂੰਏ ਨਾਲ਼ ਭਰੀਆਂ ਗਲ਼ੀਆਂ ਵਿੱਚੋਂ ਲੰਘਦਿਆਂ ਵੀ ਕਾਲ਼ੀ ਖੁਸ਼ ਸੀ ਕਿ ਉਹ ਭੀਮੇ, ਜਿੰਦਰ ਅਤੇ ਹੋਰ ਲੋਕਾਂ ਦੇ ਤਾਹਨੇ ਸੁਣਨ ਤੋਂ ਘੱਟੋ ਘੱਟ ਅੱਜ ਦੀ ਰਾਤ ਤਾਂ ਬੱਚ ਹੀ ਗਿਆ। ਹੌਲ਼ੀ ਹੌਲ਼ੀ ਉਹ ਨਵੀਂ ਸਥਿਤੀ ਦੇ ਆਦੀ ਹੋ ਜਾਣਗੇ ਅਤੇ ਉਨ੍ਹਾਂ ਦੇ ਮੇਰੇ ਨਾਲ਼ ਸਬੰਧ ਫੇਰ ਪਹਿਲਾਂ ਵਾਂਗ ਹੋ ਜਾਣਗੇ।

ਕਾਲ਼ੀ ਨੂੰ ਇਸ ਗੱਲ ਨਾਲ਼ ਖਾਸ ਸੰਤੋਖ ਹੋਇਆ ਕਿ ਕਿਸ਼ਨੇ ਨੇ ਉਸ ਦੇ ਨਵੇਂ ਕੰਮ ਨੂੰ ਨਾ ਸਿਰਫ ਖਿੜ੍ਹੇ ਮੱਥੇ ਕਬੂਲ ਕਰ ਲਿਆ ਹੈ ਸਗੋਂ ਪ੍ਰਤੱਖ ਰੂਪ ਵਿੱਚ ਉਹ ਇਸ ਗੱਲ ਤੋਂ ਖੁਸ਼ ਵੀ ਹੈ। ਇਸ ਦਾ ਹੋਰ ਵੱਡਾ ਸਬੂਤ ਕੀ ਹੋਵੇਗਾ ਕਿ ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਮਿਲ਼ਾਉਣ ਲਈ ਉਸ ਨੂੰ ਆਪਣੇ ਘਰ ਲਿਜਾ ਰਿਹਾ ਹੈ।

ਕਿਸ਼ਨੇ ਦੇ ਘਰ ਤੱਕ ਪਹੁੰਚਦਿਆਂ ਕਾਲ਼ੀ ਨੇ ਨਾ ਸਿਰਫ ਅੱਜ ਦੇ ਪੈਦਾ ਹੋਏ ਨਵੇਂ

ਡਰ, ਤਣਾਅ ਅਤੇ ਉਮੰਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਸੀ ਸਗੋਂ ਉਹ ਚਾਅ 'ਚ ਵੀ ਸੀ ਕਿ ਸ਼ਾਇਦ ਜ਼ਿੰਦਗੀ ਵਿੱਚ ਉਸ ਨੂੰ ਪਹਿਲੀ ਵਾਰ ਇੱਕ ਪੂਰੇ ਪਰਿਵਾਰ ਨਾਲ਼ ਕੁੱਝ ਸਮਾਂ ਬਿਤਾਉਣ ਦਾ ਮੌਕਾ ਮਿਲ਼ ਰਿਹਾ ਹੈ।

ਉਹ ਘਰ ਪਹੁੰਚੇ ਤਾਂ ਸੂਰਜ ਛਿਪ ਚੁੱਕਿਆ ਸੀ ਪਰ ਥੋੜ੍ਹੀ ਬਹੁਤ ਰੌਸ਼ਨੀ ਅਜੇ ਬਾਕੀ ਸੀ। ਤਖਤਾ ਖੁੱਲ੍ਹਾ ਹੋਣ ਦੇ ਬਾਵਜੂਦ ਕਿਸ਼ਨੇ ਨੇ ਜਾਣ ਬੁੱਝ ਕੇ ਕੁੰਡਾ ਖੜਕਾਇਆ ਤਾਂ ਕਿ ਉਸ ਦੀ ਪਤਨੀ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਆਉਣ ਬਾਰੇ ਪਤਾ ਲੱਗ ਜਾਵੇ।

ਤਖਤੇ ਦਾ ਖੜਕਾ ਸੁਣ ਕੇ ਕੱਲੂ ਅਤੇ ਬੱਚਿਆਂ ਨੇ ਛੱਤ ਉੱਪਰੋਂ ਅਤੇ ਕਿਸ਼ਨੇ ਦੀ ਪਤਨੀ ਨੇ ਕਮਰੇ ਦੇ ਬੂਹੇ ਵਿੱਚ ਆ ਕੇ ਬਾਹਰ ਦੇਖਿਆ। ਕਿਸ਼ਨੇ ਦੇ ਨਾਲ਼ ਇੱਕ ਅਨਜਾਣ ਆਦਮੀ ਨੂੰ ਦੇਖ ਕੇ ਉਸ ਦੀ ਪਤਨੀ ਨੇ ਛੋਟਾ ਜਿਹਾ ਘੁੰਡ ਕੱਢ ਲਿਆ ਅਤੇ ਸੁੰਗੜ ਕੇ ਦਰਵਾਜ਼ੇ ਦੇ ਪਿੱਛੇ ਹੋ ਗਈ।

ਕਾਲ਼ੀ ਨੂੰ ਦੇਖ ਕੇ ਕੱਲੂ ਖਿੜ੍ਹ ਗਿਆ ਅਤੇ ਛੱਤ ਉੱਤੋਂ ਹੀ ਕਿਹਾ, "ਭਾਅ ਜੀ, ਮੱਥਾ ਟੇਕਦਾ ਹਾਂ।" ਕੱਲੂ ਦੀ ਅਵਾਜ਼ ਸੁਣ ਕੇ ਕਾਲ਼ੀ ਦੀਆਂ ਨਜ਼ਰਾਂ ਛੱਤ ਵੱਲ ਉੱਠੀਆਂ ਅਤੇ ਉਸ ਨੂੰ ਦੇਖ ਕੇ ਵਾਛਾਂ ਖਿੜ੍ਹ ਗਈਆਂ।

ਕੱਲੂ ਇੱਕ ਨਿਆਣੇ ਨੂੰ ਚੁੱਕੀ ਕਾਹਲ਼ੀ ਨਾਲ਼ ਪੌੜੀਆਂ ਉੱਤਰਿਆ ਅਤੇ ਦੌੜ ਕੇ ਕਾਲ਼ੀ ਦੇ ਕੋਲ਼ ਆ ਗਿਆ, "ਭਾਅ ਜੀ ਮੱਥਾ ਟੇਕਦਾ ਹਾਂ।"

ਕਾਲ਼ੀ ਨੇ ਕੱਲੂ ਦੇ ਸਿਰ 'ਤੇ ਹੱਥ ਫੇਰਿਆ ਜਿਵੇਂ ਉਸ ਨੂੰ ਬਹੁਤ ਸਾਰਾ ਪਿਆਰ ਦੇਣਾ ਚਾਹੁੰਦਾ ਹੋਵੇ। ਫਿਰ ਉਹ ਉਸ ਦੇ ਕੁੱਛੜ ਚੁੱਕੇ ਨਿਆਣੇ ਨੂੰ ਦੇਖਣ ਲੱਗਾ। ਪਰ ਅਣਜਾਣੇ ਬੰਦੇ ਨੂੰ ਦੇਖ ਕੇ ਨਿਆਣੇ ਨੇ ਮੂੰਹ ਦੂਜੇ ਪਾਸੇ ਫੇਰ ਲਿਆ।

ਕਾਲ਼ੀ ਹੱਸ ਪਿਆ ਅਤੇ ਨੇੜਤਾ ਕਰਨ ਲਈ ਨਿਆਣੇ ਦੇ ਸਿਰ 'ਤੇ ਹੱਥ ਫੇਰਕੇ ਕਿਸ਼ਨੇ ਵੱਲ ਦੇਖਿਆ "ਸਾਹਿਬਜ਼ਾਦਾ ਹੈ ?"

"ਹਾਂ, ਇਸ ਦਾ ਨਾਂ ਛੋਟੂ ਹੈ।" ਕਿਸ਼ਨੇ ਨੇ ਦੱਸਿਆ, ਫਿਰ ਉਸ ਨੇ ਪੌੜੀਆਂ ਉੱਤਰ ਕੇ ਵਿਹੜੇ ਵੱਲ ਆਉਂਦੀ ਹੋਈ ਬੱਚੀ ਵੱਲ ਇਸ਼ਾਰਾ ਕੀਤਾ, "ਬੜੀ ਕੁੜੀ ਹੈ ?"

ਬੱਚੀ ਕੋਲ਼ ਆ ਗਈ ਤਾਂ ਕਾਲ਼ੀ ਨੇ ਉਸ ਨੂੰ ਬਾਹਾਂ ਤੋਂ ਚੁੱਕ ਕੇ ਉਸ ਦਾ ਚੇਹਰਾ ਆਪਣੇ ਚੇਹਰੇ ਦੇ ਬਰਾਬਰ ਕਰਕੇ ਪੁੱਛਿਆ, "ਪੁੱਤ, ਤੇਰਾ ਨਾਂ ਕੀ ਹੈ।"

"ਨਿੱਕੀ।" ਬੱਚੀ ਨੇ ਸ਼ਰਮਾ ਕੇ ਮੂੰਹ ਦੂਜੇ ਪਾਸੇ ਘੁਮਾ ਲਿਆ।

ਕਾਲ਼ੀ ਨੇ ਬਾਂਹਾਂ ਥੱਲੇ ਕਰਕੇ ਨਿੱਕੀ ਦੇ ਪੈਰ ਫਰਸ਼ 'ਤੇ ਟਿਕਾ ਕੇ ਉਸ ਦੇ ਸਿਰ 'ਤੇ ਹੱਥ ਫੇਰਿਆ। ਫਿਰ ਉਸ ਨੇ ਕੱਲੂ ਦੇ ਕੁੱਛੜ ਚੁੱਕੇ ਹੋਏ ਨਿਆਣੇ ਨੂੰ ਫੜ ਲਿਆ, "ਤੇਰਾ ਕੀ ਨਾਂ ਹੈ ਓਏ ?"

ਬੱਚੇ ਨੇ ਅਣਜਾਣ ਚਿਹਰਾ ਦੇਖ ਕੇ ਰੋਣ ਵਾਲ਼ਾ ਮੂੰਹ ਬਣਾਇਆ ਅਤੇ ਉਸ ਦੇ ਕੁੱਛੜੋਂ ਉੱਤਰਨ ਲਈ ਕੱਲੂ ਵੱਲ ਦੇਖਦਾ ਹੱਥ ਪੈਰ ਮਾਰਨ ਲੱਗਾ।

"ਮੱਲਿਆ, ਡਰਦਾ ਕਿਉਂ ਆਂ ? ਤੇਰਾ ਚਾਚਾ ਹੈ।" ਬੱਚੇ ਨੂੰ ਪਿਆਰ ਨਾਲ਼ ਝਿੜਕਦਾ ਕਿਸ਼ਨਾ ਮੁਸਕਰਾ ਪਿਆ।

"ਹੌਲ਼ੀ ਹੌਲ਼ੀ ਘੁਲ ਮਿਲ਼ ਜਾਵੇਗਾ।"

ਕੱਲੂ ਮੁਸਕਰਾਇਆ, "ਜਦੋਂ ਇੱਕ ਵਾਰ ਖੁੱਲ੍ਹ ਗਿਆ ਤਾਂ ਫਿਰ ਪਿੱਛਾ ਨਹੀਂ ਛੱਡੇਗਾ, ਕਿਉਂ ਛੋਟੂ ?"

"ਲਿਆ, ਇਹਨੂੰ ਮੇਰੇ ਕੋਲ਼ ਫੜਾ ਦੇ।" ਕਿਸ਼ਨੇ ਨੇ ਛੋਟੂ ਵੱਲ ਹੱਥ ਵਧਾਏ, "ਤੂੰ ਜਾ ਕੇ ਮੰਜੀ ਲਿਆ ਅਤੇ ਆਹ ਸਮਾਨ ਅੰਦਰ ਲੈ ਜਾ।"

ਕੱਲੂ ਦੇ ਕੁੱਛੜੋਂ ਉੱਲਰ ਕੇ ਛੋਟੂ ਕਿਸ਼ਨੇ ਦੀਆਂ ਬਾਂਹਾਂ ਵਿੱਚ ਆ ਗਿਆ ਅਤੇ ਖੁਸ਼ ਹੋ ਕੇ ਆਪਣੀਆਂ ਛੋਟੀਆਂ ਛੋਟੀਆਂ ਬਾਂਹਾਂ ਮਾਰਨ ਲੱਗਾ। ਇਹ ਦੇਖ ਕੇ ਕਾਲ਼ੀ ਦੇ ਮਨ ਵਿੱਚ ਵੀ ਉਸ ਦੇ ਲਈ ਪਿਆਰ ਉਮੱਡ ਆਇਆ ਅਤੇ ਉਸ ਨੇ ਆਪਣੀਆਂ ਬਾਂਹਾਂ ਛੋਟੂ ਨੂੰ ਫੜਨ ਲਈ ਫੈਲਾ ਦਿੱਤੀਆਂ। ਪਰ ਉਸ ਨੇ ਕਿਸ਼ਨੇ ਦੀ ਛਾਤੀ ਨਾਲ਼ ਲੱਗ ਕੇ ਬਾਂਹਾਂ ਉਸ ਦੇ ਗਲ੍ਹ ਦੁਆਲ਼ੇ ਲਪੇਟ ਦਿੱਤੀਆ ਅਤੇ ਅਣਜਾਣ ਆਦਮੀ ਸਾਮ੍ਹਣੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੋਇਆ ਕਾਲ਼ੀ ਨਾਲ਼ ਅੱਖ ਮਚੋਲੀ ਖੇਡਣ ਲੱਗਾ।

ਕਿਸ਼ਨੇ ਨੇ ਛੋਟੂ ਨੂੰ ਨਿੱਕੀ ਵੱਲ ਵਧਾ ਦਿੱਤਾ, "ਜਾਉ, ਪਿੱਛੇ ਜਾ ਕੇ ਖੇਲੋ।"

ਪਰ ਛੋਟੂ ਕਿਸ਼ਨੇ ਨਾਲ਼ ਚਿਪਕਿਆ ਰਿਹਾ ਤਾਂ ਕਿ ਘਰ ਆਏ ਅਜਨਬੀ ਨੂੰ ਦੇਖ ਸਕੇ, ਉਹਦੇ ਨਾਲ਼ ਅੱਖ ਮਚੋਲੀ ਖੇਲ ਸਕੇ।

"ਜਾ ਪੁੱਤ, ਆਪਣੀ ਮਾਂ ਤੋਂ ਚੀਜੀ ਮਿਠਆਈ ਲੈ ਲਾ। ਤੇਰਾ ਚਾਚਾ ਲਿਆਇਆ ਹੈ।" ਕਿਸ਼ਨੇ ਨੇ ਛੋਟੂ ਨੂੰ ਪੁਚਕਾਰਦਿਆਂ ਉੱਚੀ ਅਵਾਜ਼ ਵਿੱਚ ਕਿਹਾ ਤਾਂ ਕਿ ਉਸ ਦੀ ਪਤਨੀ ਨੂੰ ਵੀ ਪਤਾ ਲੱਗ ਜਾਵੇ।

ਚੀਜੀ ਦਾ ਜ਼ਿਕਰ ਸੁਣ ਕੇ ਨਿੱਕੀ ਅਤੇ ਛੋਟੂ ਕਮਰੇ ਵੱਲ ਦੌੜ ਗਏ। ਕਿਸ਼ਨੇ ਨੇ ਮੰਜੀ ਵੱਲ ਇਸ਼ਾਰਾ ਕੀਤਾ, "ਕਾਲ਼ੀ ਭਾਅ, ਬੈਠ।"

"ਭਾਅ ਜੀ, ਤੁਸੀਂ ਵੀ ਬੈਠੋ ਨਾ ?" ਕਾਲ਼ੀ ਨੇ ਮੰਜੀ 'ਤੇ ਬੈਠਦਿਆਂ ਸਾਹਮਣੇ ਪਈ ਖਾਲੀ ਮੰਜੀ ਵੱਲ ਇਸ਼ਾਰਾ ਕੀਤਾ।

ਕਿਸ਼ਨੇ ਨੇ ਮੰਜੀ 'ਤੇ ਬੈਠਦਿਆਂ ਕਮਰੇ ਵੱਲ ਦੇਖਿਆ, "ਰੱਖੀਏ, ਦੋ ਗਲਾਸ ਪਾਣੀ ਦੇ ਭੇਜੀਂ।"

ਕਮਰੇ ਵਿੱਚ ਹੰਗਾਮਾ ਜਿਹਾ ਮੱਚ ਗਿਆ ਸੀ। ਬੱਚੇ ਜ਼ਿਆਦਾ ਲੱਡੂ ਲੈਣ ਦੀ ਜ਼ਿਦ ਕਰਦੇ ਹੋਏ ਆਪਣੀ ਮਾਂ ਨਾਲ਼ ਖਿੱਚੋਤਾਣੀ 'ਤੇ ਉੱਤਰ ਆਏ ਸੀ। ਆਪਣੇ ਹਿੱਸੇ ਦੇ ਲੱਡੂ ਲੈ ਕੇ ਕੱਲੂ ਕੋਠੇ 'ਤੇ ਚਲੇ ਗਿਆ ਸੀ। ਰੱਖੀ ਨੇ ਆਪਣਾ ਸਿਰ ਚੰਗੀ ਤਰ੍ਹਾਂ ਢੱਕਦੀ ਹੋਈ ਨੇ ਪਿਆਰ ਨਾਲ਼ ਨਿੱਕੀ ਦੀ ਗੱਲ੍ਹ 'ਤੇ ਹਲਕੀ ਜਿਹੀ ਚਪੇੜ ਮਾਰੀ, "ਸਿਰਮੁਨੀਏ, ਅਜੇ ਛਟਾਂਕ ਭਰ ਹੈਂ। ਘੁਲ਼ਦੀ ਪਹਿਲਵਾਨ ਦੀ ਤਰ੍ਹਾਂ ਹੈਂ। ਚੱਲ ਹੱਟ ਪਰ੍ਹੇ। ਬਾਹਰ ਤੇਰਾ ਬਾਪੂ ਪਾਣੀ ਲਈ ਚੀਕ ਰਿਹਾ ਹੈ।"

ਰੱਖੀ ਨੇ ਲੱਡੂਆਂ ਦਾ ਲਿਫਾਫਾ ਉੱਪਰ ਛਿੱਕੇ ਵਿੱਚ ਰੱਖ ਦਿੱਤਾ ਤਾਂ ਕਿ ਅੱਡੀਆਂ ਚੁੱਕ ਕੇ ਵੀ ਬੱਚਿਆਂ ਦਾ ਹੱਥ ਉਨ੍ਹਾਂ ਤੱਕ ਨਾ ਪਹੁੰਚੇ। ਉਸ ਨੂੰ ਬਾਹਰ ਜਾਂਦੀ ਦੇਖ ਕੇ ਨਿੱਕੀ ਅਤੇ ਛੋਟੂ ਉੱਚੀ ਉੱਚੀ ਰੋਣ ਲੱਗੇ। ਉਨ੍ਹਾਂ ਨੂੰ ਚੁੱਪ ਰਹਿਣ ਲਈ ਘੂਰਦੀ ਹੋਈ ਰੱਖੀ ਬਾਹਰ

ਆ ਗਈ। ਉਸ ਨੇ ਘੜੇ ਵਿੱਚੋਂ ਦੋ ਗਲਾਸ ਪਾਣੀ ਦੇ ਭਰੇ। ਸਿਰ ਅਤੇ ਸੀਨੇ ਉੱਤੇ ਆਪਣੀ ਚੁੰਨੀ ਠੀਕ ਕੀਤੀ, ਛੋਟਾ ਜਿਹਾ ਘੁੰਡ ਕੱਢਿਆ ਅਤੇ ਦੋਨਾਂ ਹੱਥਾਂ ਵਿੱਚ ਇੱਕ ਇੱਕ ਗਲਾਸ ਫੜੀ ਵਿਹੜੇ ਵਿੱਚ ਕਿਸ਼ਨੇ ਅਤੇ ਕਾਲ਼ੀ ਵੱਲ ਚਲੇ ਗਈ ਅਤੇ ਗਲਾਸ ਉਨ੍ਹਾਂ ਨੂੰ ਫੜਾ ਦਿੱਤੇ।

ਉਸ ਦੇ ਹੱਥ ਵਿੱਚੋਂ ਗਲਾਸ ਲੈ ਕਿਸ਼ਨੇ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ, "ਰੱਖੀਏ, ਇਹ ਮੇਰਾ ਦੋਸਤ ਹੈ। ਕਾਰਖਾਨੇ ਵਿੱਚ ਮੇਰੇ ਨਾਲ਼ ਹੀ ਕੰਮ ਕਰਦਾ ਹੈ। ਬਸ ਸਮਝੋ, ਇਹ ਮੇਰਾ ਪੱਗ–ਵੱਟ ਭਰਾ ਹੈ।"

"ਛੋਟਾ ਹੈ ਜਾਂ ਬੜਾ ?" ਰੱਖੀ ਨੇ ਘੁੰਡ ਵਿੱਚੋਂ ਕਾਲ਼ੀ ਵੱਲ ਦੇਖਿਆ। "ਬੜਾ ਹੈ ਤਾਂ ਮੈਂ ਮੱਥਾ ਟੇਕਾਂ। ਛੋਟਾ ਹੈ ਤਾਂ ਇਹ ਮੱਥਾ ਟੇਕੇ, ਦਿਉਰ ਹੋਣ ਦੇ ਨਾਤੇ।"

ਕਾਲ਼ੀ ਅਤੇ ਕਿਸ਼ਨਾ ਖਿੜ ਖਿੜ ਕੇ ਹੱਸ ਪਏ। "ਕਿਉਂ ਪਹਿਲਵਾਨ, ਛੋਟਾ ਭਰਾ ਬਣਨਾ ਜਾਂ ਬੜਾ ?"

"ਭਾਅ ਜੀ ਤੁਹਾਡੀ ਮਰਜ਼ੀ ਹੈ। ਸੇਵਾ ਕਰਾਉਣੀ ਹੈ, ਰੋਹਬ ਰੱਖਣਾ ਹੈ ਤਾਂ ਛੋਟਾ ਭਰਾ ਬਣਾ ਲਉ। ਜੇ ਸੇਵਾ ਕਰਨੀ ਹੈ, ਕਦੀ ਕਦੀ ਦੱਬਕਾ ਵੀ ਸਹਿਣਾ ਹੈ, ਤਾਂ ਵੱਡਾ ਭਰਾ ਮੰਨ ਲਉ।" ਕਾਲ਼ੀ ਖੁੱਲ੍ਹ ਕੇ ਹੱਸਿਆ।

'ਯਾਰਾ, ਤੈਨੂੰ ਛੋਟਾ ਭਰਾ ਬਣਾਉਣਾ ਹੀ ਠੀਕ ਰਹੇਗਾ। ਅੱਜ ਵੀ ਤਾਂ ਸੇਵਾ ਪਾਣੀ ਤੇਰੇ ਵਲੋਂ ਹੀ ਹੈ। ਅੱਗੇ ਦਾ ਵੀ ਪ੍ਰਬੰਧ ਹੁੰਦਾ ਰਹੇਗਾ।" ਕਿਸ਼ਨਾ ਮੁਸਕਰਾਇਆ।

"ਭਾਬੀ ਮੱਥਾ ਟੇਕਦਾ ਹਾਂ।" ਕਾਲ਼ੀ ਮੰਜੀ 'ਤੇ ਬੈਠਾ ਬੈਠਾ ਹੀ ਉਸ ਦੇ ਪੈਰਾਂ ਵੱਲ ਨੂੰ ਝੁਕ ਗਿਆ।

"ਦਿਉਰ ਅਜੇ ਕੁਆਰਾ ਹੀ ਹੈ ਜਾਂ ... ?" ਰੱਖੀ ਨੇ ਘੁੰਡ ਥੋੜ੍ਹਾ ਉੱਪਰ ਖਿਸਕਾ ਲਿਆ।

"ਕੁਆਰਾ ਹੀ ਸਮਝੋ।"

"ਅੱਛਾ ਸੋਨੇ ਦੇ ਸਿਹਰੇ ਲੱਗਣ।" ਰੱਖੀ ਨੇ ਅਸੀਸਾਂ ਦਿੱਤੀਆ ਅਤੇ ਘੁੰਡ ਵਿੱਚ ਮੁਸਕਰਾਉਂਦੀ ਹੋਈ ਪਿੱਛੇ ਮੁੜ ਗਈ। ਫਿਰ ਰਾਹ ਵਿੱਚ ਹੀ ਖੜ੍ਹ ਕੇ ਉਸ ਨੇ ਕਿਸ਼ਨੇ ਵੱਲ ਦੇਖਿਆ, "ਨਿੱਕੀ ਅਤੇ ਛੋਟੂ ਨੂੰ ਆਪਣੇ ਕੋਲ਼ ਸੱਦ ਲਉ। ਦੋ ਦੋ ਲੱਡੂ ਖਾ ਚੁੱਕੇ ਹਨ। ਅਜੇ ਵੀ ਮੈਨੂੰ ਤੰਗ ਕਰ ਰਹੇ ਹਨ।"

"ਨਿਆਣੇ ਮਿੱਠੇ ਦੇ ਕੀੜੇ ਹੁੰਦੇ ਹਨ। ਮਿੱਠਾ ਦੇਖਦੇ ਹੀ ਕੁਰਬਲ ਕੁਰਬਲ ਕਰਨ ਲੱਗ ਜਾਂਦੇ ਹਨ।" ਕਾਲ਼ੀ ਹੱਸਿਆ। "ਭਾਬੀ ਲੱਡੂਆਂ ਦਾ ਲਿਫਾਫਾ ਦੇ ਕੇ ਉਨ੍ਹਾਂ ਨੂੰ ਸਾਡੇ ਕੋਲ਼ ਭੇਜ ਦਿਉ।"

"ਤੂੰ ਤਾਂ ਆਪਣੇ ਬੱਚੇ ਦਾ ਮੂੰਹ ਵੀ ਨਹੀਂ ਦੇਖ ਸਕਿਆ। ਇਹ ਸਾਰੀਆਂ ਗੱਲਾਂ ਤੈਨੂੰ ਕਿਵੇਂ ਪਤਾ ਹਨ ?" ਕਿਸ਼ਨਾ ਹੈਰਾਨ ਸੀ।

"ਤੇਰੇ ਮੇਰੇ ਕੋਲ਼ੋਂ ਸੁਣੀਆਂ ਹਨ।" ਕਾਲ਼ੀ ਨੇ ਗੱਲ ਟਾਲ਼ ਦਿੱਤੀ।

ਲੱਡੂਆਂ ਦਾ ਲਿਫਾਫਾ ਚੁੱਕੀ ਰੱਖੀ ਉਨ੍ਹਾਂ ਵੱਲ ਨੂੰ ਤੁਰੀ ਤਾਂ ਛੋਟੂ ਅਤੇ ਨਿੱਕੀ ਵੀ ਉਸ ਦੇ ਪਿੱਛੇ ਪਿੱਛੇ ਆ ਗਏ।

"ਲਿਆ ਭਾਬੀ ਲਿਫਾਫਾ ਮੈਨੂੰ ਦੇ ਦੇ। ਲੱਡੂਆਂ ਦੇ ਬਹਾਨੇ ਨਿਆਣਿਆਂ ਨਾਲ਼ ਦੋਸਤੀ ਵੀ ਹੋ ਜਾਏਗੀ।" ਕਾਲ਼ੀ ਨੇ ਹੱਥ ਵਧਾ ਕੇ ਰੱਖੀ ਕੋਲ਼ੋਂ ਲੱਡੂਆਂ ਦਾ ਲਿਫਾਫਾ ਫੜ ਲਿਆ।

ਦੋਨੋਂ ਨਿਆਣੇ ਥੋੜ੍ਹੇ ਫਰਕ ਨਾਲ਼ ਖੜ੍ਹੇ ਕਾਲ਼ੀ ਵੱਲ ਬਿਟਰ ਬਿਟਰ ਦੇਖਣ ਲੱਗੇ "ਆ ਬੇਟੇ, ਮੇਰੇ ਕੋਲ਼ ਆ।" ਕਾਲ਼ੀ ਨੇ ਨਿੱਕੀ ਅਤੇ ਛੋਟੂ ਨੂੰ ਪਿਆਰ ਨਾਲ਼ ਪੁਚਕਾਰਿਆ।

ਥੋੜ੍ਹੇ ਪਲਾਂ ਦੀ ਝਿਜਕ ਅਤੇ ਸੰਗ ਦੇ ਬਾਅਦ ਨਿੱਕੀ ਕਾਲ਼ੀ ਦੇ ਕੋਲ਼ ਆ ਗਈ। ਉਸ ਨੂੰ ਚੁੱਕ ਕੇ ਕਾਲ਼ੀ ਨੇ ਸੱਜੇ ਪੱਟ 'ਤੇ ਬਿਠਾ ਲਿਆ ਅਤੇ ਲਿਫਾਫੇ ਵਿੱਚੋਂ ਇੱਕ ਲੱਡੂ ਕੱਢ ਕੇ ਉਸ ਦੇ ਹੱਥ ਫੜਾ ਦਿੱਤਾ।

ਇਹ ਦੇਖ ਕੇ ਛੋਟੂ ਮਚਲ ਉੱਠਿਆ। ਉਹ ਰੌਲ਼ਾ ਪਾਉਣ ਲੱਗਾ ਤਾਂ ਕਾਲ਼ੀ ਨੇ ਲਿਫਾਫੇ ਵਿੱਚੋਂ ਇੱਕ ਹੋਰ ਲੱਡੂ ਕੱਢ ਕੇ ਉਹਦੀ ਵੱਲ ਕੀਤਾ। ਛੋਟੂ ਲਲਚਾਈਆਂ ਨਜ਼ਰਾਂ ਨਾਲ਼ ਲੱਡੂ ਵੱਲ ਦੇਖਦਾ ਰਿਹਾ। ਫਿਰ ਝੱਪਟਕੇ ਉਸ ਨੇ ਖੋਹਣ ਦੀ ਕੋਸ਼ਿਸ਼ ਕੀਤੀ ਪਰ ਕਾਲ਼ੀ ਨੇ ਫੁਰਤੀ ਨਾਲ਼ ਲੱਡੂ ਮੰਜੀ 'ਤੇ ਰੱਖ ਕੇ ਛੋਟੂ ਨੂੰ ਬਾਂਹ ਤੋਂ ਫੜ ਕੇ ਆਪਣੀ ਵੱਲ ਖਿੱਚ ਲਿਆ ਅਤੇ ਉਸ ਨੂੰ ਪੱਟਾਂ 'ਤੇ ਬਿਠਾ ਕੇ ਲੱਡੂ ਉਸ ਦੇ ਹੱਥ ਵਿੱਚ ਦੇ ਦਿੱਤਾ।

ਕਾਲ਼ੀ ਵੱਲ ਚੋਰੀ ਚੋਰੀ ਦੇਖਦੇ ਹੋਏ ਦੋਨੋਂ ਬੱਚੇ ਲੱਡੂ ਖਾਣ ਲੱਗੇ। ਜਦ ਲੱਡੂ ਮੁੱਕ ਗਏ ਤਾਂ ਨਿੱਕੀ ਅਤੇ ਛੋਟੂ ਨੇ ਇੱਕ ਦੂਸਰੇ ਵੱਲ ਦੇਖ ਕੇ ਨਜ਼ਰਾਂ ਕਾਲ਼ੀ ਵੱਲ ਕਰ ਲਈਆਂ।

"ਹੋਰ ਲੈਣਾ ?" ਕਾਲ਼ੀ ਨੇ ਹੱਸਦਿਆਂ ਛੋਟੂ ਵੱਲ ਦੇਖਿਆ। ਛੋਟੂ ਨੇ ਹਾਂ ਵਿੱਚ ਜ਼ੋਰ ਨਾਲ਼ ਸਿਰ ਹਿਲਾ ਦਿੱਤਾ।

"ਪਹਿਲਾਂ ਪੱਪੀ ਦਿਉ। ਫਿਰ ਲੱਡੂ ਦੇਊਂਗਾ।"

ਛੋਟੂ ਨੇ ਚੇਹਰਾ ਉੱਪਰ ਚੁੱਕ ਕੇ ਆਪਣੀ ਗੱਲ੍ਹ ਕਾਲ਼ੀ ਵੱਲ ਕਰ ਦਿੱਤੀ। ਉਸ ਨੇ ਹਲਕਾ ਜਿਹਾ ਚੁੰਮਣ ਲਿਆ, "ਦੂਜੇ ਪਾਸੇ ਵੀ।"

ਛੋਟੂ ਨੇ ਗਰਦਨ ਘੁਮਾ ਕੇ ਦੂਜੀ ਗੱਲ੍ਹ ਵੀ ਕਾਲ਼ੀ ਵੱਲ ਕਰ ਦਿੱਤੀ। ਉਹ ਖਿੜਖਿੜਾ ਕੇ ਹੱਸਦਾ ਹੋਇਆ ਕਿਸ਼ਨੇ ਵੱਲ ਦੇਖਣ ਲੱਗਾ, "ਮੈਂ ਕਿਹਾ ਨਈਂ ਸੀ ਕਿ ਬੱਚੇ ਮਿੱਠੇ ਦੇ ਕੀੜੇ ਹੁੰਦੇ ਹਨ। ਮਿੱਠਾ ਦੇਖਦੇ ਹੀ ਪਿਘਲ ਜਾਂਦੇ ਹਨ। ਸਭ ਕੁੱਝ ਭੁੱਲ ਕੇ ਆਪ ਵੀ ਮਿੱਠਾ ਹੀ ਬਣ ਜਾਂਦੇ ਹਨ। "

ਕਾਲ਼ੀ ਨੇ ਛੋਟੂ ਅਤੇ ਨਿੱਕੀ ਨੂੰ ਇੱਕ ਇੱਕ ਹੋਰ ਲੱਡੂ ਦਿੱਤਾ। ਫਿਰ ਦੋਨਾਂ ਦੇ ਸਿਰਾਂ ਨੂੰ ਚੁੰਮਿਆ ਅਤੇ ਉਨ੍ਹਾਂ ਨੂੰ ਆਪਣੇ ਪੱਟਾਂ ਤੋਂ ਥੱਲੇ ਲਾਹ ਦਿੱਤਾ, "ਜਾਉ ਹੁਣ ਹੋਰ ਲੱਡੂ ਨਾ ਮੰਗਿਉ, ਨਹੀਂ ਤਾਂ ਢਿੱਡ ਵਿੱਚ ਕੀੜੇ ਪੈ ਜਾਣਗੇ ਅਤੇ ਹਰ ਵੇਲੇ ਮਿੱਠਾ ਮੰਗਿਆ ਕਰਨਗੇ।"

ਨਿਆਣੇ ਆਪਣਾ ਆਪਣਾ ਲੱਡੂ ਖਾਂਦੇ ਕਮਰੇ ਵੱਲ ਚਲੇ ਗਏ ਤਾਂ ਕਾਲ਼ੀ ਨੇ ਲਿਫਾਫਾ ਕਿਸ਼ਨੇ ਵੱਲ ਕਰ ਦਿੱਤਾ, "ਭਾਅ ਜੀ, ਭਾਬੀ ਨੂੰ ਦੇ ਦਿਉ। ਇਹਦੇ ਵਿੱਚ ਉਸ ਦਾ ਹਿੱਸਾ ਵੀ ਤਾਂ ਹੈ।"

"ਤੂੰ ਵੀ ਲੈ ਲਾ ?"

"ਭਾਅ ਜੀ, ਮੈਂ ਕੋਈ ਨਿਆਣਾ ਹਾਂ।" ਕਾਲ਼ੀ ਹੱਸਿਆ।

ਲਿਫਾਫਾ ਸੰਭਾਲਦਾ ਕਿਸ਼ਨਾ ਮੰਜੀ ਤੋਂ ਉਠਿਆ। ਫਿਰ ਉਸ ਨੇ ਕਾਲ਼ੀ ਵੱਲ ਦੇਖਿਆ, "ਆਪਾਂ ਵੀ ਆਪਣਾ ਕੰਮ ਸ਼ੁਰੂ ਕਰੀਏ ?"

"ਭਾਅ ਜੀ ਥੋੜ੍ਹਾ ਹੋਰ ਹਨੇਰਾ ਹੋ ਲੈਣ ਦਿਉ। ਹੁਣੇ ਲੱਗ ਪਏ ਤਾਂ ਆਂਢ ਗੁਆਂਢ ਕੀ ਕਹੇਗਾ।"

"ਤਿਆਰੀ ਤਾਂ ਕਰੀਏ। ਬਰਫ ਉੱਦਾਂ ਹੀ ਖੁਰੀ ਜਾਂਦੀ ਹੈ।"

ਕਿਸ਼ਨਾ ਕਮਰੇ ਵੱਲ ਚਲੇ ਗਿਆ। ਕਾਲ਼ੀ ਮੰਜੀ 'ਤੇ ਲੰਮਾ ਪੈ ਗਿਆ। ਉਸ ਨੂੰ ਇੱਕ ਅਜੀਬ ਜਿਹੇ ਸੁੱਖ ਦਾ ਅਹਿਸਾਸ ਹੋ ਰਿਹਾ ਸੀ। ਉਸ ਨੇ ਪਾਸਾ ਬਦਲ ਕੇ ਜੀਭ ਦੰਦਾਂ ਥੱਲੇ ਘੁੱਟ ਲਈ ਤਾਂ ਕਿ ਸੁੱਖ ਦੇ ਇਹਨਾਂ ਪਲਾਂ ਨੂੰ ਉਸ ਦੀ ਆਪਣੀ ਹੀ ਨਜ਼ਰ ਨਾ ਲੱਗ ਜਾਵੇ।

ਕਿਸ਼ਨੇ ਨੇ ਲੱਡੂਆਂ ਦਾ ਲਿਫਾਫਾ ਰੱਖੀ ਦੇ ਹੱਥ ਵਿੱਚ ਦੇ ਦਿੱਤਾ, "ਲੈ ਤੂੰ ਵੀ ਖਾ ਲੈ। ਸੁਹਣੇ ਨਰਮ ਹਨ। ਲਗਦਾ ਹੈ ਤਾਜ਼ੇ ਹੀ ਬਣੇ ਹੋਏ ਹਨ।"

ਕਿਸ਼ਨੇ ਨੇ ਲਿਫਾਫੇ ਵਿੱਚੋਂ ਇੱਕ ਲੱਡੂ ਕੱਢ ਕੇ ਆਪਣੇ ਮੂੰਹ ਵਿੱਚ ਪਾ ਲਿਆ, "ਨਿਆਣਿਆਂ ਨੂੰ ਨਾ ਹੋਰ ਦੇਈਂ, ਜ਼ਿਆਦਾ ਲੱਡੂ ਖਾਣ ਨਾਲ਼ ਢਿੱਡ ਖਰਾਬ ਹੋ ਸਕਦਾ। ਮੈਂ ਇਹਨਾਂ ਲਈ ਕਿੱਥੇ ਦਵਾ ਦਾਰੂ ਲਿਆਉਂਦਾ ਫਿਰੂੰ।"

ਰੱਖੀ ਨੇ ਲਿਫਾਫਾ ਲੈ ਕੇ ਛਿੱਕੇ ਵਿੱਚ ਰੱਖ ਦਿੱਤਾ। "ਤੂੰ ਵੀ ਤਾਂ ਖਾ ਲੈ। ਬਹੁਤ ਸੁਆਦ ਹਨ।" ਕਿਸ਼ਨੇ ਨੇ ਜ਼ੋਰ ਦਿੱਤਾ।

ਇੱਕ ਲੱਡੂ ਕੱਢ ਕੇ ਉਸ ਦੀ ਛੋਟੀ ਜਿਹੀ ਬੁਰਕੀ ਮੂੰਹ ਵਿੱਚ ਪਾ ਕੇ ਰੱਖੀ ਹੌਲ਼ੀ ਹੌਲ਼ੀ ਖਾਣ ਲੱਗੀ, "ਸੱਚੀਂ ਬਹੁਤ ਸੁਆਦ ਹੈ।"

ਉਸ ਨੇ ਸਾਰਾ ਲੱਡੂ ਮੂੰਹ ਵਿੱਚ ਪਾ ਲਿਆ ਅਤੇ ਲਿਫਾਫੇ ਵਿੱਚੋਂ ਇੱਕ ਲੱਡੂ ਹੋਰ ਕੱਢ ਕੇ ਲਿਫਾਫਾ ਮੁੜ ਛਿੱਕੇ ਵਿੱਚ ਰੱਖ ਦਿੱਤਾ।

"ਇਸ ਘਰ ਵਿੱਚ ਆਉਣ ਵਾਲ਼ੇ ਤੇਰੇ ਸਾਰੇ ਦੋਸਤਾਂ ਵਿੱਚੋਂ ਮੈਨੂੰ ਤੇਰਾ ਇਹ ਦੋਸਤ ਚੰਗਾ ਲੱਗਾ ਹੈ। ਬਾਕੀ ਸਾਰੇ ਤਾਂ ਖਾਲੀ ਹੱਥ ਲਟਕਾਈ ਆ ਧਮਕਦੇ ਹਨ ਅਤੇ ਦਾਰੂ ਪੀ ਕੇ, ਖੱਪ ਪਾ ਕੇ ਚਲੇ ਜਾਂਦੇ ਹਨ।" ਰੱਖੀ ਨੇ ਲੱਡੂ ਖਾਂਦਿਆਂ ਕਿਹਾ।

"ਇਹ ਪੜ੍ਹਿਆ ਲਿਖਿਆ ਹੈ। ਚਾਰ ਜਮਾਤਾਂ ਪਾਸ ਹੈ। ਇਸ ਦੀ ਲਿਆਕਤ ਦੇਖ ਕੇ ਫੋਰਮੈਨ ਨੇ ਅੱਜ ਚੂਨੇ, ਲੂਣ ਦੇ ਹੌਜਾਂ ਵਿੱਚ ਖੱਲਾਂ ਦੀ ਸਫਾਈ ਦੇ ਕੰਮ ਤੋਂ ਹਟਾ ਕੇ ਇਸ ਨੂੰ ਮੁਨਸ਼ੀ ਬਣਾ ਦਿੱਤਾ ਹੈ। ਬਾਕੀ ਸਾਰੇ ਤਾਂ ਜਲ਼ ਭੁੱਜ ਗਏ ਪਰ ਮੈਨੂੰ ਬਹੁਤ ਖੁਸ਼ੀ ਹੋਈ। ਹੋਣੀ ਵੀ ਚਾਹੀਦੀ ਹੈ। ਇਸ ਕਾਰਖਾਨੇ ਵਿੱਚ ਇਹਨੂੰ ਮੈਂ ਲੁਆਇਆ ਸੀ।" ਕਿਸ਼ਨੇ ਦੀ ਛਾਤੀ ਮਾਣ ਨਾਲ਼ ਫੁੱਲ ਗਈ।

"ਨਿੱਕੀ ਦੇ ਭਾਈਆ, ਤੂੰ ਇਸ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ ?" ਰੱਖੀ ਨੇ ਹੈਰਾਨ ਹੋ ਕੇ ਪੁੱਛਿਆ।

"ਨਾ ... ਨਾ ... ਇਸ ਦਾ ਪਿੰਡ ਤਾਂ ਬਹੁਤ ਦੂਰ ਹੈ। ਇਥੋਂ ਤੀਹ ਚਾਲ਼ੀ ਕੋਹ ਦੂਰ ਦੱਸਦਾ ਸੀ। ... ਮਾਂਝਾ ਹੈ ਨਾ ਆਪਣੇ ਪਿੰਡ ਦਾ ..."

ਰੱਖੀ ਨੂੰ ਉਸ ਦਾ ਚੇਤਾ ਨਾ ਆਇਆ ਤਾਂ ਕਿਸ਼ਨਾ ਥੋੜ੍ਹੀ ਉੱਚੀ ਅਵਾਜ਼ ਵਿੱਚ ਬੋਲਿਆ, "ਉਹੀ ਤਾਏ ਨੱਥੂ ਦਾ ਪੁੱਤ ਜਿਸ ਦਾ ਘਰ ਗਲ਼ੀ ਦੇ ਮੋੜ ਦੇ ਨੇੜੇ ਹੈ। ਕੱਤੀ ਦੇ ਘਰ ਵਾਲ਼ਾ।"

"ਇੱਦਾਂ ਦੱਸ ਨਾ! ਮੈਨੂੰ ਪਰਾਏ ਆਦਮੀ ਦੇ ਨਾਂ ਦਾ ਕੀ ਪਤਾ ਹੈ।"

"ਇਹ ਉਹਦੇ ਰਾਹੀਂ ਇੱਥੇ ਮੇਰੇ ਕੋਲ਼ ਆਇਆ ਸੀ। ਕੁੱਝ ਦਿਨ ਉਨ੍ਹਾਂ ਦੇ ਨਾਲ਼ ਦਾਣਾ ਮੰਡੀ ਵਿੱਚ ਰੇੜ੍ਹਾ ਖਿੱਚਦਾ ਰਿਹਾ ਸੀ।"

"ਇਹਦਾ ਵਿਆਹ ਕਿਉਂ ਨਹੀਂ ਹੋਇਆ ਅਜੇ ਤੱਕ ?"

"ਵਿਆਹ ਹੋਇਆ ਸੀ। ਦੱਸਦਾ ਸੀ ਕਿ ਨਿਆਣਾ-ਨਿੱਕਾ ਹੋਣ ਸਮੇਂ ਦੋਨੋਂ ਮਰ ਗਏ ਸੀ। ਘਰ ਵਿੱਚ ਕੋਈ ਨਹੀਂ ਸੀ। ਨਾ ਮਾਂ ਨਾ ਬਾਪ। ਨਾ ਤਾਇਆ ਨਾ ਚਾਚਾ, ਨਾ ਤਾਈ-ਚਾਚੀ, ਨਾ ਕੋਈ ਭਰਾ-ਭੈਣ। ਬਸ ਇਕੱਲੀ ਜਾਨ ਹੈ।" ਕਿਸ਼ਨੇ ਨੇ ਕਾਲ਼ੀ ਦੇ ਬਾਰੇ ਜੋ ਜਾਣਦਾ ਸੀ ਰੱਖੀ ਨੂੰ ਦੱਸ ਦਿੱਤਾ।

ਉਹ ਚੁੱਪ ਹੋ ਕੇ ਕੁੱਝ ਉਦਾਸ ਹੋ ਗਈ। ਕਿਸ਼ਨਾ ਉਸ ਵੱਲ ਇੱਕ ਟੱਕ ਦੇਖਦਾ ਰਿਹਾ, "ਕੀ ਹੋਇਆ ?"

"ਕੁੱਝ ਨਹੀਂ।" ਰੱਖੀ ਚੌਂਕ ਗਈ।

ਕਾਲ਼ੀ ਦੀ ਕਹਾਣੀ ਨੂੰ ਲੈ ਕੇ ਰੱਖੀ ਦਾ ਰਵੱਈਆ ਕਿਸ਼ਨੇ ਨੂੰ ਚੰਗਾ ਨਾ ਲੱਗਾ। ਉਹ ਖਿੱਝ ਗਿਆ ਕਿ ਗੱਲ ਲੱਡੂਆਂ ਤੋਂ ਸ਼ੁਰੂ ਹੋ ਕੇ ਕਿੱਥੇ ਦੀ ਕਿੱਥੇ ਪਹੁੰਚ ਗਈ ਹੈ। ਆਪਣੇ ਮਨ ਵਿੱਚ ਪੈਦਾ ਹੋਈ ਸ਼ੱਕ ਤੋਂ ਮੁਕਤ ਹੋਣ ਲਈ ਕਿਸ਼ਨੇ ਨੇ ਰੱਖੀ ਦੀ ਗੱਲ੍ਹ 'ਤੇ ਚੂੰਡੀ ਭਰੀ ਤਾਂ ਉਸ ਨੇ ਉਸ ਦਾ ਹੱਥ ਝਟਕ ਦਿੱਤਾ, "ਕੁਸ਼ ਸ਼ਰਮ ਕਰ। ਬਾਹਰ ਤੇਰਾ ਦੋਸਤ ਬੈਠਾ ਹੈ।"

"ਅੱਛਾ, ਰਾਤ ਨੂੰ ਆਪਾਂ ਦੋਨੋਂ ਕੋਠੇ 'ਤੇ ਸੌਂਵਾਂਗੇ।" ਚੇਹਰੇ 'ਤੇ ਹੱਥ ਫੇਰ ਕਿਸ਼ਨਾ ਮੁਸਕਰਾਇਆ। ਜਵਾਬ ਵਿੱਚ ਰੱਖੀ ਵੀ ਮੁਸਕਰਾ ਪਈ, "ਰੱਬ ਦਾ ਸ਼ੁਕਰ ਹੈ। ਤੈਨੂੰ ਮੇਰਾ ਵੀ ਚੇਤਾ ਹੈ।"

"ਚੇਤਾ ਤਾਂ ਹਰ ਵਕਤ ਰਹਿੰਦਾ ਹੈ। ਤੇਰਾ ਹੀ ਇੱਥੇ ਦਿਲ ਨਹੀਂ ਲਗਦਾ। ਹਰ ਤੀਜੇ ਦਿਨ ਪੇਕੇ ਜਾਂ ਸਹੁਰੇ ਦੌੜ ਜਾਂਦੀ ਆਂ।" ਜਾਂਦੇ ਜਾਂਦੇ ਕਿਸ਼ਨੇ ਨੇ ਰੱਖੀ ਦੀ ਗੱਲ੍ਹ 'ਤੇ ਇੱਕ ਹੋਰ ਚੂੰਡੀ ਵੱਢੀ।

ਕਮਰੇ ਦੇ ਬਾਹਰ ਆ ਕੇ ਉਸ ਨੇ ਚਾਰੇ ਪਾਸੇ ਨਜ਼ਰ ਮਾਰੀ। ਵਿਹੜੇ ਵਿੱਚ ਕਾਲ਼ੀ ਦੇ ਬਿਨਾਂ ਹੋਰ ਕਿਸੇ ਨੂੰ ਨਾ ਦੇਖ ਕੇ ਉਸ ਨੇ ਰੱਖੀ ਨੂੰ ਪੁੱਛਿਆ, "ਕੱਲੂ ਕਿੱਥੇ ਗਿਆ ?"

"ਨਿੱਕੀ ਅਤੇ ਛੋਟੂ ਦੇ ਨਾਲ਼ ਛੱਤ 'ਤੇ ਖੇਲ੍ਹਦਾ ਹੋਣਾ, ਜਾਂ ਫਿਰ ਉਨ੍ਹਾਂ ਨੂੰ ਗਲ਼ੀ ਵਿੱਚ ਲੈ ਗਿਆ ਹੋਣਾ।"

"ਗਲ਼ੀ ਵਿੱਚ ਕੋਈ ਕੰਪਨੀ ਬਾਗ ਹੈ ?" ਕਿਸ਼ਨਾ ਹੱਸਿਆ। "ਅੱਛਾ, ਮੈਂ ਬਰਫ ਦਿੰਦਾ ਹਾਂ। ਲੈ ਫੜ, ਧੋ ਕੇ ਛੋਟੀ ਬਾਲਟੀ ਵਿੱਚ ਪਾ ਕੇ ਥੋੜ੍ਹਾ ਪਾਣੀ ਪਾ ਦੇਵੀਂ। ਦੋ ਚਾਰ ਪਿਆਜ ਕੱਟ ਦੇ। ਕੌਲੀ ਵਿੱਚ ਅੰਬ ਦਾ ਅਚਾਰ ਵੀ ਰੱਖ ਦੇ। ਕਾਲ਼ੀ ਅੱਜ ਕਾਰਖਾਨੇ ਦਾ ਮੁਨਸ਼ੀ ਬਣਿਆ ਹੈ। ਥੋੜ੍ਹੀ ਖੁਸ਼ੀ ਮਨਾ ਲਈਏ।"

"ਧਿਆਨ ਨਾਲ਼ ਪੀਈਂ। ਏਦਾਂ ਨਾ ਹੋਵੇ ਕਿ ਸਾਰੀ ਰਾਤ ਘੁਰਾੜੇ ਮਾਰਦਾ ਰਹੇਂ ਅਤੇ ਮੈਂ ਸਾਰੀ ਰਾਤ ਸੌਂ ਹੀ ਨਾ ਸਕਾਂ।" ਰੱਖੀ ਨੇ ਤਾਗੀਦ ਕੀਤੀ।

ਰੱਖੀ ਵਲੋਂ ਪੂਰੀ ਤਰ੍ਹਾਂ ਸੰਤੁਸ਼ਟ ਹੋ ਕੇ ਕਿਸ਼ਨੇ ਨੇ ਜ਼ੋਰ ਨਾਲ਼ ਅੰਗੜਾਈ ਲਈ। ਹੱਥਾਂ ਪੈਰਾਂ ਨੂੰ ਝਟਕਿਆ ਅਤੇ ਕਾਲ਼ੀ ਕੋਲ਼ ਆ ਗਿਆ, "ਕਿਉਂ ਪਹਿਲਵਾਨ, ਕੀ ਨੀਂਦ ਆ ਰਹੀ ਹੈ ?"

"ਨਹੀਂ ਭਾਅ ਜੀ। ਕੱਲਾ ਸੀ। ਮੈਂ ਸੋਚਿਆ ਥੋੜ੍ਹਾ ਚਿਰ ਲੰਮਾ ਪੈ ਲੈਂਦਾ ਹਾਂ। ਮੰਜੀ ਤੋਂ ਉੱਠ ਕੇ ਬੈਠਦਿਆਂ ਕਾਲ਼ੀ ਮੁਸਕਰਾਇਆ।

"ਕਰੀਏ ਸ਼ੁਰੂ ? ਹਨੇਰਾ ਹੋ ਹੀ ਗਿਆ ਹੈ।"

"ਮਰਜ਼ੀ ਹੈ ਤੁਹਾਡੀ ਭਾਅ ਜੀ।"

"ਅੱਛਾ, ਮੈਂ ਸਮਾਨ ਲਿਆਉਂਦਾ ਹਾਂ। ਤੂੰ ਬੋਤਲ ਨੂੰ ਸਾਫੇ ਵਿੱਚੋਂ ਕੱਢ ਕੇ ਮੰਜੀ 'ਤੇ ਰੱਖ।" ਕਿਸ਼ਨਾ ਕਮਰੇ ਵੱਲ ਨੂੰ ਚਲੇ ਗਿਆ।

ਤਖਤੇ 'ਤੇ ਹਲਕੀ ਜਿਹੀ ਅਵਾਜ਼ ਸੁਣ ਕਾਲ਼ੀ ਉੱਧਰ ਨੂੰ ਦੇਖਣ ਲੱਗਾ। ਕੱਲੂ ਦਾ ਹੱਥ ਫੜੀ ਨਿੱਕੀ ਅਤੇ ਛੋਟੂ ਕਾਲ਼ੀ ਵੱਲ ਨੂੰ ਤੁਰੇ ਆ ਰਹੇ ਸਨ ਅਤੇ ਉਹ ਕਾਲ਼ੀ ਦੇ ਕੋਲ਼ ਆ ਕੇ ਖੜ੍ਹ ਗਏ।

"ਕਿੱਥੇ ਸੈਰ ਕਰਕੇ ਆਏ ਆਂ ?" ਕਾਲ਼ੀ ਨੇ ਨਿਆਣਿਆਂ ਨੂੰ ਪਿਆਰ ਨਾਲ਼ ਪੁੱਛਿਆ।

"ਲੱਡੂ ਪਚਾਉਣ ਗਏ ਸੀ, ਚੂਰਨ ਦੀਆਂ ਗੋਲ਼ੀਆਂ ਖਾ ਕੇ।" ਕੱਲੂ ਨੇ ਦੱਸਿਆ।

"ਹੋਰ ਲੱਡੂ ਖਾਣੇ ਹਨ ?" ਕਾਲ਼ੀ ਨੇ ਨਿੱਕੀ ਅਤੇ ਛੋਟੂ ਦੀ ਗੱਲ੍ਹ ਨੂੰ ਹੌਲ਼ੀ ਜਿਹੀ ਥਾਪੜਿਆ

ਦੋਨਾਂ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ ਤਾਂ ਕਾਲ਼ੀ ਖਿੜਖਿੜਾ ਕੇ ਹੱਸ ਪਿਆ, "ਮੇਰੇ ਕੋਲ਼ ਨਹੀਂ ਹਨ। ਆਪਣੀ ਮਾਂ ਤੋਂ ਲੈ ਲਉ।"

"ਨਹੀਂ, ਤੂੰ ਦੇ।" ਨਿੱਕੀ ਅਤੇ ਛੋਟੂ ਕਾਲ਼ੀ ਨੂੰ ਚੁੰਬੜ ਗਏ।

ਉਨ੍ਹਾਂ ਨੂੰ ਛਾਤੀ ਨਾਲ਼ ਲਾ ਕੇ ਕਾਲ਼ੀ ਨੂੰ ਬਹੁਤ ਸੁੱਖ ਮਹਿਸੂਸ ਹੋਇਆ। ਲੱਡੂਆਂ ਕਰਕੇ ਨਿਆਣਿਆਂ ਵਿੱਚ ਮਿੱਠੀ ਜਿਹੀ ਬਹਿਸ ਚੱਲ ਰਹੀ ਸੀ। ਕਿਸ਼ਨਾ ਸੱਜੇ ਹੱਥ ਵਿੱਚ ਬਾਲਟੀ, ਖੱਬੇ ਹੱਥ ਵਿੱਚ ਅਚਾਰ ਦੀ ਕੌਲੀ ਫੜੀ ਅਤੇ ਕੱਛ ਵਿੱਚ ਐਲਮੀਨੀਅਮ ਦੇ ਦੋ ਗਲਾਸ ਲਈ ਕਾਲ਼ੀ ਦੇ ਕੋਲ਼ ਆ ਖੜ੍ਹਾ ਹੋਇਆ।

"ਪਹਿਲਵਾਨ, ਇਹਨਾਂ ਨੂੰ ਸਿਰ ਨਾ ਚੜ੍ਹਾ। ਤੇਰਾ ਉਠਣਾ ਬੈਠਣਾ ਹਰਾਮ ਕਰ ਦੇਣਗੇ।" ਕਿਸ਼ਨੇ ਨੇ ਪਾਣੀ ਦੀ ਬਾਲਟੀ ਫਰਸ਼ 'ਤੇ ਅਤੇ ਕੌਲੀ ਮੰਜੀ 'ਤੇ ਰੱਖ ਦਿੱਤੀ। ਫਿਰ ਉਸ ਨੇ ਬੱਚਿਆਂ ਨੂੰ ਪਿਆਰ ਨਾਲ਼ ਡਾਂਟਿਆ, "ਚਲੋ, ਦੌੜੋ ਇੱਥੋਂ।"

ਬੱਚੇ ਫਿਰ ਵੀ ਕਾਲ਼ੀ ਨਾਲ਼ ਚੁੰਬੜੇ ਰਹੇ ਤਾਂ ਕਿਸ਼ਨੇ ਨੇ ਉਨ੍ਹਾਂ ਨੂੰ ਡਰਾਉਣ ਲਈ ਹੱਥ ਉਠਾਇਆ। ਇਹ ਦੇਖ ਕੇ ਨਿੱਕੀ ਤਾਂ ਕਾਲ਼ੀ ਦੀ ਗੋਦ ਵਿੱਚ ਵੜ ਗਈ ਪਰ ਛੋਟੂ ਲੱਡੂਆਂ ਦੀ ਜ਼ਿਦ ਕਰਦਾ ਉਸ ਦੇ ਵਾਲ਼ਾਂ ਨੂੰ ਝੰਜੋੜਦਾ ਰਿਹਾ।

ਕਿਸ਼ਨੇ ਨੇ ਛੋਟੂ ਨੂੰ ਜ਼ਬਰਦਸਤੀ ਫੜ ਕੇ ਫਰਸ਼ 'ਤੇ ਖੜ੍ਹਾ ਕਰ ਦਿੱਤਾ। ਫਿਰ ਉਸ ਨੇ ਕਮਰੇ ਵੱਲ ਦੇਖਿਆ, "ਰੱਖੀਏ, ਲੈ ਜਾ ਨਿਆਣਿਆਂ ਨੂੰ। ਤੇਰੇ ਦਿਉਰ ਨੂੰ ਬਹੁਤ ਤੰਗ ਕਰ ਰਹੇ ਹਨ।"

ਰੱਖੀ ਛੋਟਾ ਜਿਹਾ ਘੁੰਡ ਕੱਢੀ, ਉਨ੍ਹਾਂ ਵੱਲ ਆਈ, ਦੋਹਾਂ ਨਿਆਣਿਆਂ ਨੂੰ ਬਾਹਾਂ ਤੋਂ ਫੜ ਕੇ ਕਮਰੇ ਵੱਲ ਘਸੀਟਣ ਲੱਗੀ, "ਬਾਪੂ ਤਾਂ ਤੰਗ ਕਰਨ ਨਹੀਂ ਦਿੰਦਾ, ਚਾਚੇ ਨੂੰ ਹੀ ਕਰਨਗੇ।" ਪਿੱਛੇ ਮੁੜ ਰੱਖੀ ਮੁਸਕਰਾ ਪਈ।

ਮੰਜੀ 'ਤੇ ਚੌਂਕੜੀ ਮਾਰ ਕਿਸ਼ਨੇ ਨੇ ਕਾਲ਼ੀ ਵੱਲ ਦੇਖਿਆ, "ਬੋਤਲ ਕਿੱਥੇ ਹੈ ?"

ਕਾਲ਼ੀ ਨੇ ਖੱਬੇ ਪਾਸੇ ਝੁੱਕ ਕੇ ਮੰਜੀ ਦੇ ਥੱਲਿਉਂ ਸਾਫਾ ਚੁੱਕਿਆ ਅਤੇ ਉਸ ਵਿੱਚ ਲਪੇਟੀ ਬੋਤਲ ਖੋਲ੍ਹ ਕੇ ਕਿਸ਼ਨੇ ਨੂੰ ਫੜ੍ਹਾ ਦਿੱਤੀ।

"ਮਸਾਲੇਦਾਰ ਹੈ ...ਸੌਂਫੀਆ। ਠੇਕੇਦਾਰ ਕਹਿ ਰਿਹਾ ਸੀ ਕਿ ਸੰਤਰੇ ਨਾਲ਼ੋਂ ਵਧੀਆ ਹੈ।"

ਕਿਸ਼ਨੇ ਨੇ ਬੋਤਲ ਦਾ ਢੱਕਣ ਖੋਲ੍ਹ ਕੇ ਜ਼ੋਰ ਨਾਲ਼ ਸੁੰਘਿਆ ਅਤੇ ਖੁਸ਼ ਹੋ ਗਿਆ, "ਖੁਸ਼ਬੂ ਤਾਂ ਵਧੀਆ ਹੈ, ਹੋਣੀ ਵੀ ਮਜ਼ੇਦਾਰ ਹੈ। ਸੰਤਰੇ ਵਾਲ਼ੀ ਨਾਲ਼ੋਂ ਅੱਠ ਆਨੇ ਮਹਿੰਗੀ ਹੈ।"

"ਕੰਪਨੀ ਵੀ ਕੋਈ ਦੂਸਰੀ ਲਗਦੀ ਹੈ।" ਕਾਲ਼ੀ ਨੇ ਬੋਤਲ ਨੂੰ ਧਿਆਨ ਨਾਲ਼ ਦੇਖਿਆ। "ਬੋਤਲ ਵਿੱਚ ਵੀ ਫਰਕ ਹੈ।"

"ਅੰਦਰ ਜਾਣ ਦੇ। ਫਰਕ ਦਾ ਆਪਣੇ ਆਪ ਪਤਾ ਲੱਗ ਜਾਊ।" ਕਿਸ਼ਨੇ ਨੇ ਦੋਨੋਂ ਗਲਾਸ ਅੱਧੇ ਅੱਧੇ ਭਰ ਦਿੱਤੇ।

"ਲੈ ਚੁੱਕ, ਰੱਬ ਦਾ ਨਾਂ ਲੈ ਕੇ। ਕਿਸ਼ਨੇ ਨੇ ਗਲਾਸ ਵਿੱਚ ਉਂਗਲੀ ਡੋਬ ਕੇ ਕੁੱਝ ਬੂੰਦਾਂ ਫਰਸ਼ 'ਤੇ ਛਿੜਕ ਦਿੱਤੀਆਂ।

ਕਾਲ਼ੀ ਨੇ ਵੀ ਉਸ ਦੀ ਦੇਖਾ ਦੇਖੀ ਉਸ ਤਰ੍ਹਾਂ ਹੀ ਕੀਤਾ। ਕਿਸ਼ਨੇ ਨੇ ਅੱਧਾ ਗਲਾਸ ਪੀ ਕੇ ਡਕਾਰ ਮਾਰਿਆ, "ਸੌਂਫ ਦਾ ਸਵਾਦ ਕਰਾਰਾ ਆ।" ਫਿਰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਉਸ ਨੇ ਜੇਬ ਵਿੱਚ ਹੱਥ ਪਾਇਆ ਅਤੇ ਪਿਆਜ਼ ਦੇ ਬੜੇ ਬੜੇ ਟੁੱਕੜੇ ਕੱਢ ਕੇ ਮੰਜੀ 'ਤੇ ਰੱਖ ਦਿੱਤੇ। ਕਾਲ਼ੀ ਨੇ ਚੁੱਕ ਕੇ ਇੱਕ ਟੁੱਕੜਾ ਮੂੰਹ ਵਿੱਚ ਪਾ ਲਿਆ ਅਤੇ ਹੌਲ਼ੀ ਹੌਲ਼ੀ ਉਸ ਨੂੰ ਚੂਸਣ ਲੱਗਾ।

"ਕੀ ਜੁਗਾਲੀ ਕਰੀ ਜਾਂਦਾ ਆਂ ?" ਕਿਸ਼ਨੇ ਨੇ ਕਾਲ਼ੀ ਦੇ ਮੂੰਹ ਵੱਲ ਦੇਖ ਕੇ ਠਹਾਕਾ ਮਾਰਿਆ।

"ਪਿਆਜ਼ ਜ਼ਿਆਦਾ ਕੌੜ੍ਹਾ ਨਹੀਂ ਹੈ। ਇਸ ਲਈ ਸਵਾਦ ਨਾਲ਼ ਖਾ ਰਿਹਾ ਹਾਂ।" ਕਾਲ਼ੀ ਨੇ ਚੁਸਕੀ ਲੈਂਦਿਆਂ ਕਿਹਾ।

"ਰੱਖੀ ਪਿੰਡੋਂ ਲੈ ਕੇ ਆਈ ਹੈ।"

ਪਿੰਡ ਦਾ ਜ਼ਿਕਰ ਸੁਣ ਕੇ ਕਾਲ਼ੀ ਉਦਾਸ ਹੋ ਗਿਆ। ਉਸ ਨੇ ਗਲਾਸ ਚੁੱਕ ਕੇ ਇੱਕੋ ਵਾਰੀ ਚਾਰ ਪੰਜ ਘੁੱਟ ਭਰ ਲਏ ਅਤੇ ਅੰਬ ਦੇ ਅਚਾਰ ਦੀ ਫਾੜੀ ਮੂੰਹ ਵਿੱਚ ਪਾ ਲਈ,

"ਅਚਾਰ ਵੀ ਬਹੁਤ ਸਵਾਦ ਹੈ।"

"ਇਹ ਵੀ ਰੱਖੀ ਪਿੰਡੋਂ ਹੀ ਲਿਆਈ ਹੈ। ਪਹਿਲਾ ਮੁੱਕ ਗਿਆ ਸੀ। ਗੁੜ ਸ਼ੱਕਰ ਵੀ ਲਿਆਈ ਸੀ। ਆਪਾਂ ਰੋਟੀ ਨਾਲ਼ ਖਾਵਾਂਗੇ।"

ਕਾਲ਼ੀ ਦੀ ਉਦਾਸੀ ਹੋਰ ਵੀ ਡੂੰਘੀ ਹੋਣ ਲੱਗੀ ਤਾਂ ਉਸ ਨੇ ਆਪਣਾ ਗਲਾਸ ਪੂਰਾ ਖਾਲੀ ਕਰਕੇ ਪਹਿਲਾਂ ਬੁੱਲਾਂ 'ਤੇ ਜੀਭ ਫੇਰੀ ਅਤੇ ਫਿਰ ਹੱਥ ਫੇਰਿਆ।

"ਪਹਿਲਵਾਨ, ਅੱਜ ਤਾਂ ਤੂੰ ਫਰਾਟੇ ਮਾਰੀ ਜਾਨਾਂ।" ਕਿਸ਼ਨਾ ਹੱਸਿਆ। ਫਿਰ ਉਸ ਨੂੰ ਖਿੱਝ ਆ ਗਈ ਕਿ ਕਾਲ਼ੀ ਸ਼ਾਇਦ ਇਸ ਲਈ ਛੇਤੀ ਛੇਤੀ ਪੀ ਰਿਹਾ ਹੈ, ਕਿਉਂਕਿ ਬੋਤਲ ਉਸ ਨੇ ਖਰੀਦੀ ਹੈ। ਇਸ ਸ਼ੱਕ ਕਰਕੇ ਕਿਸ਼ਨਾ ਅੰਦਰੋ ਅੰਦਰੀ ਤਿਲਮਿਲਾ ਉੱਠਿਆ। "ਪਹਿਲਵਾਨ, ਸਬਰ ਕਰ। ਅਰਾਮ ਨਾਲ਼ ਪੀ। ਮੁੱਕ ਗਈ ਤਾਂ ਮੈਂ ਹੋਰ ਲੈ ਆਉਂਗਾ।"

ਕਾਲ਼ੀ ਹੈਰਾਨ ਰਹਿ ਗਿਆ। ਕਿਸ਼ਨੇ ਦੇ ਕਹਿਣ ਦਾ ਮਤਲਬ ਸਮਝ ਕੇ ਉਸ ਨੂੰ ਅਫਸੋਸ ਹੋਇਆ ਪਰ ਉਸ ਨੇ ਜ਼ਾਹਿਰ ਨਾ ਹੋਣ ਦਿੱਤਾ। ਕਿਸ਼ਨੇ ਦੇ ਮੋਢੇ 'ਤੇ ਹੱਥ ਰੱਖ ਕੇ ਹੌਲ਼ੀ ਜਿਹੀ ਬੋਲਿਆ, "ਭਾਅ ਜੀ, ਤੂੰ ਕੀ ਕਹਿ ਰਿਹਾਂ। ਮੈਂ ਇੱਕ ਛੱਡ ਕੇ ਦੋ ਬੋਤਲਾਂ ਲੈ ਆਉਂਦਾ ਹਾਂ। ਮੈਂ ਤਾਂ ਉਦਾਂ ਹੀ ਗਟਾਗਟ ਪੀ ਗਿਆ ਸੀ।"

ਕਿਸ਼ਨੇ ਦੀ ਤਸੱਲੀ ਹੋ ਗਈ ਅਤੇ ਉਹ ਮੁਸਕਰਾ ਪਿਆ, "ਚੱਲ, ਭਰ ਦੇ ਦੋਨੋ ਗਲਾਸ। ਖੁਸ਼ੀ ਦਾ ਮੌਕਾ ਹੈ ਤਾਂ ਹੱਥ ਘੁੱਟਣਾ ਵੀ ਨਹੀਂ ਚਾਹੀਦਾ।"

ਗਲਾਸਾਂ ਵਿੱਚ ਸ਼ਰਾਬ ਪਾ ਕੇ ਕਾਲ਼ੀ ਪਾਣੀ ਪਾਉਣ ਲੱਗਾ ਤਾਂ ਕਿਸ਼ਨੇ ਨੇ ਉਸ ਦਾ ਹੱਥ ਫੜ ਲਿਆ, "ਪਾਣੀ ਰਹਿਣ ਦੇ। ਦਾਰੂ ਦਾ ਸੁਆਦ ਕਾਇਮ ਰਹਿੰਦਾ ਹੈ।"

ਕਿਸ਼ਨੇ ਨੇ ਦੋ ਤਿੰਨ ਬੜੇ ਬੜੇ ਘੁੱਟ ਭਰੇ ਅਤੇ ਕਾਲ਼ੀ ਦਾ ਮੋਢਾ ਥਾਪੜਿਆ, "ਪਹਿਲਵਾਨ, ਖੁਸ਼ ਤਾਂ ਹੈਂ ਨਾ।"

"ਹਾਂ ਭਾਅ ਜੀ, ਮੈਂ ਤਾਂ ਖੁਸ਼ ਹਾਂ। ਤੁਸੀਂ ਦੱਸੋ ?"

"ਮੈਂ।" ਕਿਸ਼ਨੇ ਨੇ ਹੱਥ ਆਪਣੀ ਛਾਤੀ 'ਤੇ ਮਾਰਿਆ, "ਮੈਂ ਬਹੁਤ ਖੁਸ਼ ਹਾਂ।"

"ਪਰ ਆਪਣੇ ਬਾਕੀ ਦੇ ਸਾਥੀ ... ਮੇਰਾ ਮਤਲਬ ਹੈ ... ਕਿਰਪੂ ਭਾਅ ਜੀ, ਬੰਸਾ, ਭੀਮਾ, ਜਿੰਦਰ ਭਾਅ ... ਉਹ ਸ਼ਾਇਦ ਖੁਸ਼ ਨਹੀਂ।"

"ਉਹ। ਉਹ ਸਾਰੇ ਤਾਂ ਆਪਣੀ ਮਾਂ ਦੇ ਖਸਮ ਹਨ। ਮੈਂ ਤੈਨੂੰ ਦੱਸਿਆ ਸੀ ਨਾ, ਕਿ ਕਿਸੇ ਦਾ ਭਲਾ ਹੋਵੇ, ਕਿਸੇ ਦਾ ਫਾਇਦਾ ਹੋਵੇ ਤਾਂ ਉਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਦੁੱਧ ਮੱਝ ਦਿੰਦੀ ਹੈ, ਰੱਸਾ ਕੱਟੂ ਤੜਵਾਉਂਦਾ ਹੈ।" ਗੁੱਸੇ ਵਿੱਚ ਆ ਕੇ ਕਿਸ਼ਨੇ ਨੇ ਆਪਣਾ ਗਲਾਸ ਅੱਧਾ ਖਾਲੀ ਕਰ ਦਿੱਤਾ।

"ਭਾਅ ਜੀ, ਮੈਨੂੰ ਡਰ ਲਗਦਾ ਹੈ।"

"ਡਰ ਕਿਉਂ ਲਗਦਾ ਹੈ ?"

"ਇਸ ਲਈ ਕਿ ਆਪਾਂ ਇਕੱਠੇ ਰਹਿੰਦੇ ਹਾਂ। ਆਪਣਾ ਚੌਵੀ ਘੰਟਿਆਂ ਦਾ ਸਾਥ ਹੈ। ਅਜੇ ਮੈਨੂੰ ਕੋਈ ਖਾਸ ਫਾਇਦਾ ਹੋਇਆ ਨਹੀਂ। ਹੱਥਾਂ ਵਿੱਚ ਪਾਂਅ ਪੈਣ ਕਰਕੇ ਲੂਣ ਅਤੇ ਚੂਨੇ ਦੇ ਪਾਣੀ ਤੋਂ ਸ਼ਾਇਦ ਕੁੱਝ ਦਿਨਾਂ ਲਈ ਛੁੱਟੀ ਮਿਲ਼ੀ ਹੈ ਪਰ ਉਨ੍ਹਾਂ ਨੇ ਜ਼ਹਿਰ ਘੋਲਣਾ

ਸ਼ੁਰੂ ਕਰ ਦਿੱਤਾ ਹੈ। ਗੱਲ ਗੱਲ 'ਤੇ ਲੜਨ ਨੂੰ ਤਿਆਰ ਹਨ।" ਕਾਲ਼ੀ ਸੱਚਮੁੱਚ ਚਿੰਤਿਤ ਸੀ। "ਕੱਲ ਨੂੰ ਮੇਰਾ ਬਾਈਕਾਟ ਵੀ ਕਰ ਸਕਦੇ ਹਨ। ਸਾਰਿਆਂ ਦੇ ਹੁੰਦੇ ਹੋਏ ਵੀ ਮੈਂ ਇਕੱਲਾ ਰਹਿ ਜਾਵਾਂਗਾ।"

"ਤੂੰ ਆਪਣੀ ਦਾਰੂ ਖਰਾਬ ਨਾ ਕਰ। ਜ਼ਿਆਦਾ ਔਖੇ ਹੋਣਗੇ ਤਾਂ ਉਨ੍ਹਾਂ ਨੂੰ ਵੀ ਦੇਖ ਲਵਾਂਗੇ। ਉਨ੍ਹਾਂ ਸਾਰਿਆਂ ਦੇ ਪਿਉ, ਫੋਰਮੈਨ ਦਾ ਹੱਥ ਤਾਂ ਤੇਰੀ ਪਿੱਠ 'ਤੇ ਹੈ ਨਾ ?" ਕਿਸ਼ਨੇ ਨੇ ਕਾਲ਼ੀ ਦਾ ਹੌਸਲਾ ਵਧਾਇਆ।

"ਮੇਰੀ ਸਮੱਸਿਆ ਤਾਂ ਕਾਰਖਾਨਾ ਬੰਦ ਹੋਣ ਦੇ ਬਾਅਦ ਹੋਰ ਵੀ ਜ਼ਿਆਦਾ ਗੰਭੀਰ ਹੋ ਜਾਇਆ ਕਰੇਗੀ, ਜਦ ਤੁਸੀਂ ਸਾਰੇ ਜਣੇ ਚਲੇ ਜਾਇਆ ਕਰੋਗੇ। ਮੈਂ ਤਾਂ ਗੱਲ ਕਰਨ ਲਈ ਵੀ ਤਰਸ ਜਾਇਆ ਕਰੂੰ। ਬਾਕੀ ਰਹੀ ਗੱਲ ਫੋਰਮੈਨ ਦੀ। ਉਹ ਉਨ੍ਹਾਂ ਨੂੰ ਗਾਲ਼ਾਂ ਕੱਢ ਸਕਦਾ ਹੈ। ਡਰਾ ਧਮਕਾ ਵੀ ਲਵੇਗਾ ਪਰ ਮੇਰੇ ਪ੍ਰਤੀ ਉਨ੍ਹਾਂ ਦੇ ਮਨ ਨੂੰ ਤਾਂ ਬਦਲ ਨਹੀਂ ਸਕੇਗਾ। ਫਿਰ ਉਹ ਗੱਲ ਗੱਲ 'ਤੇ ਅਹਿਸਾਨ ਜਤਾਵੇਗਾ। ਘੱਟ ਮਜ਼ਦੂਰੀ ਦੇ ਕੇ ਜ਼ਿਆਦਾ ਕੰਮ ਲਵੇਗਾ। ਮੈਂ ਤਾਂ ਦੋਨਾਂ ਪਾਸਿਆਂ ਤੋਂ ਮਾਰਿਆ ਗਿਆ।" ਕਾਲ਼ੀ ਹੋਰ ਵੀ ਜ਼ਿਆਦਾ ਘਬਰਾ ਗਿਆ ਅਤੇ ਕਿਸ਼ਨੇ ਦੇ ਦੋਨੋ ਗੋਡੇ ਫੜ ਲਏ, "ਭਾਅ ਜੀ, ਮੇਰੇ ਬਾਰੇ ਸੋਚੋ।"

"ਯਾਰਾ, ਕੀ ਹੋ ਗਿਆ ਤੈਨੂੰ ? ਇਹ ਵੀ ਤਾਂ ਤੇਰਾ ਘਰ ਹੈ। ਜਦ ਵੀ ਮਨ ਉਦਾਸ ਹੋਵੇ, ਇਥੇ ਆ ਜਾਇਆ ਕਰੀਂ" ਕਿਸ਼ਨੇ ਨੇ ਕਾਲ਼ੀ ਦਾ ਮੋਢਾ ਘੁੱਟਿਆ, "ਚੱਲ ਹੁਣ, ਦਾਰੂ ਖਰਾਬ ਨਾ ਕਰ।"

ਕਿਸ਼ਨਾ ਮਸਤੀ ਵਿੱਚ ਆ ਕੇ ਸ਼ੇਖੀ ਮਾਰਨ ਲੱਗਦਾ ਤਾਂ ਕਾਲ਼ੀ ਨੂੰ ਇਹ ਯਕੀਨ ਕਰਾ ਦਿੰਦਾ ਕਿ ਉਹ ਫਿਕਰ ਨਾ ਕਰੇ। ਜ਼ਰੂਰਤ ਪਈ ਤਾਂ ਇੱਕ ਇੱਕ ਨੂੰ ਛੱਪੜ ਵਿੱਚ ਗੋਤੇ ਦੇ ਦੇਵੇਗਾ। ਫੇਰ ਉਹ ਫੋਰਮੈਨ ਦਾ ਨਾਂ ਲੈ ਕੇ ਉਸ ਨੂੰ ਗਾਲ਼ਾਂ ਕੱਢਣ ਲੱਗਦਾ, "ਸਾਲ਼ਾ, ਉਹ ਦੋਗਲੀ ਚਾਲ ਵੀ ਖੇਡ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਤੇਰੇ ਖਿਲਾਫ ਭੜਕਾਉਣ ਲਈ ਤੈਨੂੰ ਮੁਖਤਿਆਰ ਬਣਾ ਦਿੱਤਾ ਹੋਵੇ ਤਾਂ ਕਿ ਉਹ ਕੰਮ ਭੀਮਾ ਜਾਂ ਜਿੰਦਰ ਹੀ ਕਰ ਦੇਣ ਜੋ ਉਹ ਖੁਦ ਨਹੀਂ ਕਰਨਾ ਚਾਹੁੰਦਾ ਹੋਵੇ।"

ਕਾਲ਼ੀ ਸ਼ਸ਼ੋਪੰਜ ਵਿੱਚ ਫਸਿਆ ਕਿਸ਼ਨੇ ਵੱਲ ਲਗਾਤਾਰ ਦੇਖੀ ਜਾ ਰਿਹਾ ਸੀ। ਉਹ ਸੋਚਣ ਲੱਗਾ ਕਿ ਕਾਰਖਾਨੇ ਦੇ ਛੱਪੜ ਵਾਂਗ ਕਿਸ਼ਨੇ ਦੇ ਵੀ ਕਈ ਰੰਗ ਹਨ।

ਰੱਖੀ ਨੇ ਉਨ੍ਹਾਂ ਦੇ ਨੇੜੇ ਆ ਕੇ ਜਦ ਰੋਟੀ ਬਾਰੇ ਪੁੱਛਿਆ ਤਾਂ ਦੋਨੋ ਚੌਂਕ ਗਏ। "ਕੀ ਬਣਾਇਆ ਅੱਜ ?"

"ਸਾਬਤ ਮਸਰਾਂ ਦੀ ਦਾਲ਼। ਬਾਕੀ ਅਚਾਰ, ਪਿਆਜ ਅਤੇ ਗੁੜ ਤਾਂ ਹੈ ਹੀ।"

"ਅੱਛਾ, ਤੂੰ ਤਿਆਰੀ ਕਰ। ਹੁਣੇ ਖਾ ਲੈਂਦੇ ਹਾਂ।" ਕਿਸ਼ਨੇ ਨੇ ਰੱਖੀ ਦੇ ਜਾਣ ਤੋਂ ਬਾਅਦ ਕਾਲ਼ੀ ਤੋਂ ਪੁੱਛਿਆ,

"ਬੋਤਲ ਵਿੱਚ ਕੁੱਸ਼ ਮਾਲ ਬਚਿਆ ਵੀ ਹੈ ਕਿ ਨਹੀਂ ?"

ਕਾਲ਼ੀ ਨੇ ਬੋਤਲ ਉੱਪਰ ਚੁੱਕ ਕੇ ਮੱਧਮ ਰੌਸ਼ਨੀ ਵਿੱਚ ਉਸ ਨੂੰ ਹਿਲਾ ਜੁਲਾ ਕੇ ਦੇਖਿਆ, "ਹਾਂ ਭਾਅ ਜੀ ਥੋੜ੍ਹੀ ਹੈ।"

"ਤਾਂ ਪਾ ਦੇ ਮੇਰੇ ਗਲਾਸ ਵਿੱਚ। ਤੈਨੂੰ ਤਾਂ ਹੋਰ ਚਾਹੀਦੀ ਨਹੀਂ ਹੋਣੀ ?"

"ਨਾ ਭਾਅ ਜੀ, ਮੈਂ ਸਵੇਰੇ ਛੇਤੀ ਉੱਠਣਾ ਹੈ, ਫੋਰਮੈਨ ਨੂੰ ਮਿਲ਼ ਕੇ ਕੱਚੀਆਂ ਖੱਲਾਂ ਚੁੱਕਣੀਆਂ ਹਨ।

"ਅੱਛਾ! ਅੱਛਾ!" ਕਿਸ਼ਨੇ ਨੇ ਸਿਰ ਹਿਲਾਇਆ ਜਿਵੇਂ ਉਸ ਨੂੰ ਕੋਈ ਭੁੱਲੀ ਹੋਈ ਗੱਲ ਯਾਦ ਆ ਗਈ ਹੋਵੇ।

"ਰੱਖੀਏ, ਲੈ ਆ ਰੋਟੀ। ਇੱਥੇ ਹੀ ਦੇ ਜਾ।" ਕਿਸ਼ਨੇ ਨੇ ਗਲਾਸ ਖਾਲੀ ਕਰਕੇ ਮੰਜੀ 'ਤੇ ਸਿੱਟ ਦਿੱਤਾ। ਫਿਰ ਡਕਾਰ ਮਾਰਦਾ ਹੋਇਆ ਖ਼ੁਸ਼ ਹੋ ਗਿਆ, "ਪਹਿਲਵਾਨ, ਮਜ਼ਾ ਆ ਗਿਆ। ਦਾਰੂ ਪੀਣ ਦਾ ਤੇਰੇ ਨਾਲ਼ ਹੀ ਸੁਆਦ ਆਉਂਦਾ ਹੈ। ਬਾਕੀ ਲੋਕ ਤਾਂ ਨਸ਼ਾ ਚੜ੍ਹਣ ਹੀ ਨਹੀਂ ਦਿੰਦੇ। ਜ਼ਹਿਰਮਾਰ ਕਰ ਦਿੰਦੇ ਹਨ।"

ਰੱਖੀ ਦੋ ਥਾਲੀਆਂ ਵਿੱਚ ਰੋਟੀ ਲੈ ਆਈ ਤਾਂ ਕਾਲ਼ੀ ਮੰਜੀ ਤੋਂ ਉੱਠ ਖੜ੍ਹਾ ਹੋਇਆ, "ਭਾਬੀ, ਤੂੰ ਹਾਕ ਮਾਰ ਦਿੰਦੀ। ਮੈਂ ਲੈ ਆਉਂਦਾ। ਕੱਲੂ ਦੇ ਹੱਥ ਭੇਜ ਦਿੰਦੀ।"

"ਜਵਾਬ ਵਿੱਚ ਰੱਖੀ ਸਿਰਫ ਮੁਸਕਰਾ ਪਈ ਅਤੇ ਦੋਨੋ ਥਾਲੀਆਂ ਕਾਲ਼ੀ ਦੇ ਹੱਥ ਫੜਾ ਕੇ ਮੁੜ ਗਈ।

"ਭਾਅ ਜੀ ਹੱਥ ਧੋਣੇ ਹਨ ?"

"ਨਾ ... ਨਾ ਮੈਂ ਕਿਹੜਾ ਖੱਲਾਂ ਦੀ ਛਿਲਾਈ ਕਰ ਰਿਹਾ ਹਾਂ।" ਕਿਸ਼ਨਾ ਹੱਸਿਆ ਅਤੇ ਉਸ ਦੇ ਹੱਥੋਂ ਥਾਲੀ ਫੜ ਕੇ ਛੇਤੀ ਛੇਤੀ ਰੋਟੀ ਖਾਣ ਲੱਗਾ।

"ਰੋਟੀ ਹੋਰ ਲਿਆਵਾਂ ?" ਰੱਖੀ ਨੇ ਚੁੱਲੇ ਕੋਲ਼ ਖੜ੍ਹੀ ਨੇ ਹੀ ਪੁੱਛਿਆ।

"ਕਿਉਂ ਪਹਿਲਵਾਨ ? ਰੋਟੀ ਹੋਰ ਆਵੇ ?"

"ਨਾ ਭਾਅ ਜੀ। ਢਿੱਡ ਭਰ ਗਿਆ।" ਕਾਲ਼ੀ ਨੇ ਹੱਥ ਹਿਲਾ ਕੇ ਇਨਕਾਰ ਕਰ ਦਿੱਤਾ।

ਮੈਨੂੰ ਇੱਕ ਦੇ ਦੇ। ਅਜੇ ਥੋੜ੍ਹੀ ਜਿਹੀ ਭੁੱਖ ਬਾਕੀ ਲਗਦੀ ਹੈ।" ਕਿਸ਼ਨੇ ਨੇ ਢਿੱਡ 'ਤੇ ਹੱਥ ਫੇਰਦਿਆਂ ਕਿਹਾ।

ਰੱਖੀ ਨੇ ਕਿਸ਼ਨੇ ਦੇ ਨਾਲ਼ ਕਾਲ਼ੀ ਦੀ ਪਲੇਟ ਵਿੱਚ ਵੀ ਰੋਟੀ ਰੱਖ ਦਿੱਤੀ ਤਾਂ ਉਹ ਚੌਂਕ ਗਿਆ, "ਮੇਰਾ ਤਾਂ ਢਿੱਡ ਭਰ ਗਿਆ ਹੈ।"

"ਪਹਿਲਵਾਨ, ਖਾ ਲੈ। ਖਾਂਦਿਆਂ ਪੀਂਦਿਆਂ ਅੱਜ ਤੱਕ ਕੋਈ ਨਹੀਂ ਮਰਿਆ।" ਕਿਸ਼ਨੇ ਨੇ ਜ਼ੋਰ ਨਾਲ਼ ਕਿਹਾ।

"ਜਿਹਨੂੰ ਢਾਬੇ-ਤੰਦੂਰ ਦੀ ਆਦਤ ਪੈ ਜਾਵੇ, ਉਸ ਨੂੰ ਘਰ ਦੀ ਰੋਟੀ ਦਾ ਘੱਟ ਹੀ ਸੁਆਦ ਆਉਂਦਾ ਹੈ।" ਰੱਖੀ ਕਹਿ ਕੇ ਘੁੰਡ ਵਿੱਚ ਹੀ ਖਿੜ ਖਿੜਾ ਕੇ ਹੱਸ ਪਈ।

ਕਾਲ਼ੀ ਨੇ ਪਹਿਲੀ ਵਾਰ ਚੰਗੀ ਤਰ੍ਹਾਂ ਗੌਰ ਨਾਲ਼ ਰੱਖੀ ਵੱਲ ਦੇਖਿਆ। ਮੱਧਮ ਰੌਸ਼ਨੀ ਵਿੱਚ ਉਹ ਉਸ ਨੂੰ ਤੰਦਰੁਸਤ ਮਲੂਮ ਹੋਈ ਅਤੇ ਉਸ ਦੇ ਚਿਹਰੇ ਦੀ ਹਲਕੀ ਜਿਹੀ ਝਲਕ ਦੇਖ ਕੇ ਉਸ ਨੇ ਅਨੁਮਾਨ ਲਾਇਆ ਕਿ ਨੈਣ ਨਕਸ਼ ਵੀ ਚੰਗੇ ਹਨ।

ਰੋਟੀ ਖਾ ਕੇ ਦੋਨੋਂ ਮੰਜੀ ਤੋਂ ਉਠੇ ਅਤੇ ਬਾਲਟੀ ਵਿੱਚੋਂ ਪਾਣੀ ਲੈ ਕੇ ਹੱਥ ਧੋਤੇ।

ਕਾਲ਼ੀ ਕਾਰਖਾਨੇ ਬਾਰੇ ਸੋਚ ਕੇ ਮੁੜ ਭੈ-ਭੀਤ ਹੋਣ ਲੱਗਾ। "ਬਹੁਤ ਲੇਟ ਹੋ ਗਏ ਹਾਂ। ਸਵੇਰੇ ਉੱਠਣਾ ਵੀ ਛੇਤੀ ਹੈ। ... ਫੇਰ ਪਤਾ ਨਹੀਂ ਉੱਥੇ ਕੀ ਹਾਲ ਹੋਵੇਗਾ।"

"ਕਿੱਥੇ ?"

"ਉੱਥੇ, ਕਾਰਖਾਨੇ ਵਿੱਚ। ਗੇਟ ਨਾ ਖੋਲ੍ਹਿਆ ਤਾਂ ਚੋਰਾਂ ਵਾਂਗ ਕੰਧ ਟੱਪਣੀ ਪਵੇਗੀ।" ਕਾਲ਼ੀ ਘਬਰਾ ਗਿਆ।

"ਤਾਂ ਤੂੰ ਇਥੇ ਹੀ ਸੌਂ ਜਾ।" ਕਿਸ਼ਨੇ ਨੇ ਗੱਲ ਖਤਮ ਕਰਕੇ ਰੱਖੀ ਨੂੰ ਹਾਕ ਮਾਰੀ, "ਪਹਿਲਵਾਨ ਲਈ ਇੱਕ ਚਾਦਰ ਤਾਂ ਦਰੀ ਦੇ ਦੇ। ਉਹ ਅੱਜ ਇਥੇ ਹੀ ਸੌਂਵੇਗਾ।"

ਕਾਲ਼ੀ ਦੇ ਮਨ ਤੋਂ ਬਹੁਤ ਬੜਾ ਬੋਝ ਹੱਟ ਗਿਆ ਸੀ। ਉਹ ਉੱਚੀ ਉੱਚੀ ਬੋਲ ਕੇ ਆਪਣੀ ਖੁਸ਼ੀ ਜ਼ਾਹਿਰ ਕਰਨੀ ਚਾਹੁੰਦਾ ਸੀ ਪਰ ਉਸ ਨੇ ਆਪਣੇ ਆਪ ਨੂੰ ਕਾਬੂ ਵਿੱਚ ਹੀ ਰੱਖਿਆ। ਪਰ ਉਸ ਦਾ ਲਹਿਜਾ ਇਕਦਮ ਬਦਲ ਗਿਆ ਅਤੇ ਉਸ ਦੀ ਅਵਾਜ਼ ਟੁਣਕਣ ਲੱਗੀ ਸੀ।

ਰੱਖੀ ਨੇ ਚਾਦਰ, ਦਰੀ ਅਤੇ ਸਿਰਾਹਣਾ ਮੰਜੀ 'ਤੇ ਰੱਖ ਦਿੱਤਾ, ਪਾਣੀ ਦਾ ਗਲਾਸ ਵੀ ਦੇਵਾਂ ?"

"ਨਹੀਂ ਭਾਬੀ, ਪਾਣੀ ਹੈ।" ਕਾਲ਼ੀ ਨੇ ਬਾਲਟੀ ਵੱਲ ਇਸ਼ਾਰਾ ਕੀਤਾ।

ਕਿਸ਼ਨਾ ਅਤੇ ਰੱਖੀ ਅੱਗੇ ਪਿੱਛੇ ਕਮਰੇ ਵੱਲ ਚਲੇ ਗਏ, "ਕੱਲੂ ਕਿੱਥੇ ਹੈ ?" "ਉੱਪਰ ਛੱਤ 'ਤੇ ... ਬੱਚਿਆਂ ਦੇ ਨਾਲ਼।"

"ਕੀ ਉਹ ਸੌਂ ਗਏ ਹਨ ?"

"ਹਾਂ ਕਾਫੀ ਚਿਰ ਹੋ ਗਿਆ ਹੈ।

"ਤਾਂ ਚੱਲ, ਆਪਾਂ ਵੀ ਸੌਂਦੇ ਹਾਂ।" ਕਿਸ਼ਨੇ ਨੇ ਰੱਖੀ ਵੱਲ ਮੁਸਕਰਾ ਕੇ ਦੇਖਿਆ, "ਆਪਾਂ ਕਮਰੇ ਵਿੱਚ ਹੀ ਸੌਂਵਾਂਗੇ।"

"ਅੰਦਰ ਤਾਂ ਗਰਮੀ ਹੋਣੀ ਹੈ।

"ਫਿਕਰ ਨਾ ਕਰ। ਬਾਹਰ ਦੀ ਗਰਮੀ ਨੂੰ ਅੰਦਰ ਦੀ ਗਰਮੀ ਮਾਰ ਦੇਵੇਗੀ।" ਕਿਸ਼ਨੇ ਨੇ ਰੱਖੀ ਨੂੰ ਮੋਢੇ ਤੋਂ ਫੜ ਕੇ ਕਮਰੇ ਦੇ ਅੰਦਰ ਧੱਕ ਦਿੱਤਾ।

"ਬੂਹਾ ਬੰਦ ਹੋਇਆ ਤਾਂ ਕਾਲ਼ੀ ਦੀਆਂ ਅੱਖਾਂ ਦੇ ਸਾਹਮਣੇ ਪੱਲ ਭਰ ਲਈ ਰੱਖੀ ਘੁੰਮ ਗਈ। ਉਸ ਨੇ ਸਿਰ ਝਟਕ ਦਿੱਤਾ ਅਤੇ ਸਿੱਧਾ ਪੈ ਕੇ ਤਾਰੇ ਦੇਖਣ ਲੱਗਾ। ਉਸ ਨੂੰ ਮਹਿਸੂਸ ਹੋਇਆ ਕਿ ਬਹੁਤ ਲੰਮੇ ਸਮੇਂ ਦੇ ਬਾਅਦ ਉਸ ਨੂੰ ਅੱਜ ਥੋੜ੍ਹਾ ਸੁੱਖ ਮਿਲਿਆ ਹੈ। ਭਾਬੀ, ਬੱਚਿਆਂ ਦਾ ਪਿਆਰ, ਘਰ ਦੀ ਰੋਟੀ ... ਆਪਣਾਪਨ ...।

ਉਹ ਪੂਰੀ ਤਰ੍ਹਾਂ ਅੱਖਾਂ ਖੋਲ੍ਹ ਕੇ ਸੁਫਨੇ ਦੇਖਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਨੂੰ ਮਹਿਸੂਸ ਹੋਇਆ ਕਿ ਇਸ ਸ਼ਹਿਰ ਵਿੱਚ ਉਸ ਦੇ ਪੈਰ ਜੰਮ ਰਹੇ ਹਨ। ਛੇਤੀ ਹੀ ਉਹ ਕਿਰਾਏ 'ਤੇ ਆਪਣਾ ਵੱਖਰਾ ਮਕਾਨ ਲੈ ਲਵੇਗਾ ਅਤੇ ਰਾਤ ਨੂੰ ਪਿੰਡ ਜਾ ਕੇ ਗਿਆਨੋ ਨੂੰ ਆਪਣੇ ਨਾਲ਼ ਲੈ ਆਵੇਗਾ ਅਤੇ ਫਿਰ ਉਹ। ਕਾਲ਼ੀ ਦਾ ਇਸ ਤੋਂ ਅੱਗੇ ਸੋਚਣ ਨੂੰ ਮਨ ਨਾ ਕੀਤਾ।

ਉਸ ਨੇ ਆਪਣੇ ਉੱਤੇ ਚਾਦਰ ਤਾਣ ਲਈ ਅਤੇ ਗਿਆਨੋ ਦੀ ਯਾਦ ਨੂੰ ਤਾਰਿਆਂ

ਤੋਂ ਵੀ ਲੁਕੋਅ ਕੇ ਰੱਖਣ ਲਈ ਪਾਸਾ ਵੱਟ ਲਿਆ।

**ਅਠਾਰਾਂ**

ਕੱਚੀਆਂ ਖੱਲਾਂ ਨਾਲ਼ ਲੱਦੇ ਰੇੜ੍ਹੇ ਦੇ ਪਿੱਛੇ ਨੱਕ ਨੂੰ ਖੱਬੇ ਹੱਥ ਨਾਲ਼ ਘੁੱਟੀ ਕਾਲ਼ੀ ਕਾਰਖਾਨੇ ਵਿੱਚ ਦਾਖ਼ਲ ਹੋਇਆ। ਰੇੜ੍ਹਾ ਖੜ੍ਹ ਗਿਆ ਤਾਂ ਉਸ ਨੇ ਕੰਧ ਵੱਲ ਇਸ਼ਾਰਾ ਕੀਤਾ, "ਖੱਲਾਂ ਟਿਕਾ ਦਿਉ।"

ਰੇੜ੍ਹੇ ਵਾਲ਼ਾ ਖੱਲਾਂ ਖਿੱਚ ਕੇ ਲਾਹ ਰਿਹਾ ਸੀ ਅਤੇ ਕਾਲ਼ੀ ਉਂਗਲੀਆਂ 'ਤੇ ਉਨ੍ਹਾਂ ਦੀ ਗਿਣਤੀ ਕਰਦਾ ਹੋਇਆ ਮੂੰਹ ਵਿੱਚ ਹੀ ਬੁੜ-ਬੁੜ ਕਰ ਰਿਹਾ ਸੀ।

ਜਦ ਪੂਰੀਆਂ ਬੱਤੀ ਖੱਲਾਂ ਰੇੜ੍ਹੇ ਤੋਂ ਲਾਹ ਲਈਆਂ ਤਾਂ ਕਾਲ਼ੀ ਨੇ ਰੇੜ੍ਹੇ ਵਾਲ਼ੇ ਨੂੰ ਇਸ਼ਾਰਾ ਕੀਤਾ, "ਠੀਕ ਹੈ। ਹੁਣ ਤੂੰ ਜਾ। ਤਕਾਲ਼ਾਂ ਨੂੰ ਕਮਾਇਆ ਹੋਇਆ ਮਾਲ ਚੁੱਕ ਕੇ ਲੈ ਜਾਂਈਂ। ਮੁਨੀਮ ਜੀ ਨੂੰ ਦੱਸ ਦੇਈਂ ਕਿ ਫੋਰਮੈਨ ਜੀ ਨਾਲ਼ ਗੱਲ ਕਰਕੇ ਮੈਂ ਸ਼ਾਮ ਨੂੰ ਹਿਸਾਬ ਦੇ ਜਾਊਂਗਾ।"

ਰੇੜ੍ਹਾ ਚਲਾ ਗਿਆ ਤਾਂ ਗੇਟ ਬੰਦ ਕਰਕੇ ਕਾਲ਼ੀ ਦਫ਼ਤਰ ਵਿੱਚ ਆ ਗਿਆ। ਉਸ ਨੇ ਪਜਾਮੇ ਦੇ ਨੇਫੇ ਵਿੱਚ ਫਸਾਈ ਹੋਈ ਕਾਪੀ ਕੱਢੀ ਅਤੇ ਮੇਜ਼ 'ਤੇ ਰੱਖ ਕੇ ਉਸ ਨੂੰ ਖੋਲ੍ਹਿਆ ਅਤੇ ਸਵੇਰ ਦੀ ਕੀਤੀ ਲਿਖਤ ਪੜ੍ਹਤ ਨੂੰ ਧਿਆਨ ਨਾਲ਼ ਦੇਖਿਆ। ਉਸ ਨੇ ਕਾਪੀ ਬੰਦ ਕਰਕੇ ਮੇਜ਼ ਦੇ ਦਰਾਜ ਵਿੱਚ ਰੱਖ ਦਿੱਤੀ।

ਭੀਮੇ, ਜਿੰਦਰ, ਨਿਹਾਲੇ ਅਤੇ ਬੰਸੇ ਨੂੰ ਖਿੜਕੀ ਵਿੱਚੋਂ ਦਲਾਨਾਂ ਦੇ ਪਾਰ ਖੁੱਲੀ ਜਗ੍ਹਾ ਵਿੱਚ ਖੜ੍ਹੇ ਦੇਖ ਕੇ ਕਾਲ਼ੀ ਨੂੰ ਰਾਤ ਦੀ ਘਟਨਾ ਚੇਤੇ ਆ ਗਈ। ਅੱਧੀ ਰਾਤ ਦੇ ਬਾਅਦ ਚੰਗੀ ਤਰ੍ਹਾਂ ਨੀਂਦ ਨਾ ਆਉਣ ਦੇ ਕਾਰਨ ਉਸ ਦੇ ਮਨ ਵਿੱਚ ਇਕਦਮ ਥਕਾਵਟ ਦਾ ਅਹਿਸਾਸ ਹੋਇਆ। ਉਸ ਨੇ ਜ਼ੋਰ ਨਾਲ਼ ਉਬਾਸੀ ਲਈ ਅਤੇ ਨਾਲ਼ ਹੀ ਉਸ ਨੂੰ ਝੁਣਝੁਣੀ ਆ ਗਈ।

ਉਨ੍ਹਾਂ ਤੋਂ ਡਰਿਆ ਹੋਇਆ ਅਤੇ ਡੂੰਘੀ ਸੋਚ ਵਿੱਚ ਡੁੱਬਿਆ, ਕਾਲ਼ੀ ਠੋਡੀ ਖੁਰਕਣ ਲੱਗਾ ਜਿਵੇਂ ਅੱਧੀ ਰਾਤ ਵਾਲ਼ੀਆਂ ਘਟਨਾਵਾਂ ਦੀ ਗੁੱਥੀ ਸੁਲਝਾਉਣਾ ਚਾਹੁੰਦਾ ਹੋਵੇ। ਭੀਮੇ ਹੋਰਾਂ ਨੂੰ ਦਲਾਨ ਵੱਲ ਆਉਂਦਿਆਂ ਦੇਖ ਕੇ ਉਹ ਦਹਿਲ ਗਿਆ। ਕਾਲ਼ੀ ਦੌੜ ਕੇ ਦਫਤਰ ਵਿੱਚੋਂ ਬਾਹਰ ਆ ਗਿਆ ਅਤੇ ਜਿੰਦਾ ਲਾ ਕੇ ਗੇਟ ਤੋਂ ਬਾਹਰ ਨਿਕਲ਼ ਗਿਆ। ਉਹ ਕਾਹਲ਼ੀ ਕਾਹਲ਼ੀ ਤੁਰਦਾ ਗਲ਼ੀ ਦੇ ਮੋੜ 'ਤੇ ਜਾ ਕੇ ਖੜ੍ਹ ਗਿਆ ਅਤੇ ਪਿੱਛੇ ਮੁੜ ਕੇ ਦੇਖਣ ਲੱਗਾ। ਭੀਮਾ, ਜਿੰਦਰ, ਨਿਹਾਲਾ ਅਤੇ ਬੰਸਾ ਗੇਟ ਬੰਦ ਕਰ ਰਹੇ ਸਨ।

ਕਾਲ਼ੀ ਨੇ ਹਿਸਾਬ ਲਾਇਆ ਕਿ ਉਨ੍ਹਾਂ ਚੌਹਾਂ ਦੇ ਬਾਹਰ ਆਉਣ ਬਾਅਦ ਹੋਰ ਕੋਈ ਵੀ ਕਾਰਖਾਨੇ ਵਿੱਚ ਨਹੀਂ ਹੋਣਾ ਅਤੇ ਬੱਤੀ ਕੱਚੀਆਂ ਖੱਲਾਂ ਉੱਦਾਂ ਹੀ ਬਾਹਰ ਪਈਆਂ ਹਨ। ਰਾਤ ਦੀਆਂ ਘਟਨਾਵਾਂ ਇੱਕ ਵਾਰ ਫਿਰ ਉਸ ਨੂੰ ਯਾਦ ਆ ਗਈਆਂ ਅਤੇ ਉਹ ਸਹਿਮ ਗਿਆ ਕਿ ਜਿਹੜਾ ਚੋਰ ਰਾਤ ਦੇ ਹਨੇਰੇ ਵਿੱਚ ਆਇਆ ਸੀ, ਉਹ ਦਿਨ ਦਿਹਾੜੇ ਵੀ ਚੋਰੀ ਦਾ ਹੌਸਲਾ ਕਰ ਸਕਦਾ ਹੈ। ਫਿਰ ਉਹ ਸਾਰੇ ਰਲ਼ ਕੇ ਚੋਰੀ ਦਾ ਇਲਜ਼ਾਮ ਉਸ 'ਤੇ ਲਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।

ਉਨ੍ਹਾਂ ਨੂੰ ਗਲ਼ੀ ਵਿੱਚ ਆਉਂਦਿਆਂ ਦੇਖ ਕੇ ਕਾਲ਼ੀ ਘਬਰਾ ਗਿਆ ਅਤੇ ਆਪਣੇ ਖੱਬੇ ਪਾਸੇ ਮੁੜ ਕੇ ਦੂਜੀ ਗਲ਼ੀ ਵਿੱਚ ਵੜ੍ਹ ਗਿਆ। ਉਹ ਪਿਸ਼ਾਬ ਕਰਨ ਦੇ ਬਹਾਨੇ ਕੰਧ ਨਾਲ਼ ਲੱਗ ਕੇ ਖੜ੍ਹਾ ਉਨ੍ਹਾਂ ਦੀ ਉਡੀਕ ਕਰਨ ਲੱਗਾ।

ਆਪਸ ਵਿੱਚ ਗੱਲਾਂ ਕਰਦੇ, ਬਾਹਾਂ ਮਾਰਦੇ ਅਤੇ ਇੱਕ ਦੂਜੇ ਨਾਲ਼ ਮੋਢੇ ਰਗੜਦੇ ਉਹ ਸੱਜੇ ਹੱਥ ਤੰਦੂਰ ਵੱਲ ਨੂੰ ਮੁੜ ਗਏ ਤਾਂ ਕਾਲ਼ੀ ਨੇ ਸੁੱਖ ਦਾ ਸਾਹ ਲਿਆ। ਉਹ ਗਰਦਨ ਝੁਕਾਈ, ਪਰ ਉਨ੍ਹਾਂ 'ਤੇ ਟੇਡੀ ਜਿਹੀ ਨਜ਼ਰ ਟਿਕਾਈ ਕਾਰਖਾਨੇ ਵੱਲ ਨੂੰ ਤੁਰ ਪਿਆ।

ਕਾਹਲ਼ੀ ਨਾਲ਼ ਗੇਟ ਖੋਲ੍ਹ ਕੇ ਉਸ ਨੇ ਕੱਚੀਆਂ ਖੱਲਾਂ ਦੇ ਢੇਰ ਵੱਲ ਨਿਗਾਹ ਮਾਰੀ। ਖੱਲਾਂ ਨੂੰ ਉੱਥੇ ਉਸੇ ਤਰ੍ਹਾਂ ਪਈਆਂ ਦੇਖ ਕੇ ਉਹ ਦਲਾਨਾਂ ਵੱਲ ਨੂੰ ਚਲੇ ਗਿਆ। ਉੱਥੇ ਵੀ ਕਿੱਕਰ ਦੀਆਂ ਛਿੱਲਾਂ ਦੇ ਪਾਣੀ ਨਾਲ਼ ਭਰੀਆਂ ਖੱਲਾਂ ਉਸੇ ਤਰ੍ਹਾਂ ਲਟਕ ਰਹੀਆਂ ਸਨ। ਵਿਹੜੇ ਵਿੱਚ ਸੁੱਕਣ ਲਈ ਪਾਈਆਂ ਖੱਲਾਂ ਦੀ ਗਿਣਤੀ ਕਰਕੇ ਉਹ ਬੇਫਿਕਰ ਹੋ ਗਿਆ ਅਤੇ ਸੁੱਖ ਦਾ ਸਾਹ ਲੈਂਦਿਆਂ ਅਣਜਾਣੇ ਵਿੱਚ ਮੱਥੇ 'ਤੇ ਹੱਥ ਫੇਰਨ ਲੱਗਾ। ਉਸ ਨੇ ਕੰਧ ਦੇ ਪਾਰ ਦੂਰ ਦੂਰ ਤੱਕ ਦੇਖਿਆ। ਖੇਤ ਸੁੰਨੇ ਪਏ ਸਨ। ਉਸ ਨੇ ਦੋਨੋ ਹੱਥ ਚਿਹਰੇ 'ਤੇ ਫੇਰ ਕੇ ਸਿਰ ਨੂੰ ਖੁਰਕਿਆ ਅਤੇ ਹੌਲ਼ੀ ਹੌਲ਼ੀ ਪੈਰ ਚੁੱਕਦਾ ਹੋਇਆ ਦਲਾਨਾਂ ਵਿਚੀਂ ਹੋ ਕੇ ਦਫਤਰ ਵੱਲ ਆ ਗਿਆ। ਉਸ ਨੇ ਬੰਦ ਜਿੰਦਾ ਖਿੱਚ ਕੇ ਆਪਣੀ ਤਸੱਲੀ ਕੀਤੀ ਕਿ ਸਭ ਕੁੱਝ ਠੀਕ ਠਾਕ ਹੈ।

ਕਾਲ਼ੀ ਨੇ ਖੜ੍ਹੇ ਖੜ੍ਹੇ ਨੇ ਪਿੱਠ ਬੂਹੇ ਨਾਲ਼ ਲਾ ਲਈ ਅਤੇ ਸੋਚਣ ਲੱਗਾ ਕਿ ਮੁਨਸ਼ੀ ਬਣ ਕੇ ਉਹ ਕਿੰਨੀਆਂ ਹੀ ਮੁਸੀਬਤਾਂ ਵਿੱਚ ਫਸ ਗਿਆ ਹੈ। ਉਸ ਨੂੰ ਅਚਾਨਕ ਆਪਣੇ ਮੋਢਿਆਂ 'ਤੇ ਬਹੁਤ ਭਾਰ ਮਹਿਸੂਸ ਹੋਣ ਲੱਗਾ। ਉਹ ਪਰੇਸ਼ਾਨ ਸੀ ਕਿ ਫੋਰਮੈਨ ਨੇ ਉਸ ਨੂੰ ਝੂਠੀ ਜਿਹੀ ਤਰੱਕੀ ਦੇ ਕੇ ਇੱਕ ਫਰਜ਼ੀ ਹਵਾ ਬਣਾ ਕੇ ਸਾਰਿਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ ਅਤੇ ਉਹ ਵੀ ਹੁਣ ਉਸ ਨਾਲ਼ ਖੁੰਦਕ ਖਾਣ ਲੱਗ ਪਏ ਹਨ। ਉਸ ਨੂੰ ਆਪਣੇ ਦੁਸ਼ਮਣ ਸਮਝਦੇ ਹਨ। ਉਹ ਇਸ ਤਰੱਕੀ ਨਾਲ਼ ਹੋਣ ਵਾਲ਼ੇ ਨਫੇ-ਨੁਕਸਾਨ ਦਾ ਲੇਖਾ ਜੋਖਾ ਕਰਨ ਲੱਗਾ।

ਉਸ ਨੂੰ ਸਿਰਫ ਐਨਾ ਹੀ ਨਫਾ ਸਮਝ ਵਿੱਚ ਆਇਆ ਕਿ ਉਹ ਕੱਚੀਆਂ ਖੱਲਾਂ ਨੂੰ ਲੂਣ ਅਤੇ ਚੂਨੇ ਦੇ ਪਾਣੀ ਨਾਲ਼ ਧੋਣ ਤੋਂ ਬੱਚ ਗਿਆ ਹੈ। ਉਹ ਦੋਨੋ ਹੱਥ ਫੈਲਾ ਕੇ ਉਨ੍ਹਾਂ 'ਤੇ ਹੋਈਆਂ ਪਾਂਅ ਦੀਆਂ ਫਿੰਨਸੀਆਂ ਵੱਲ ਦੇਖਣ ਲੱਗਾ। ਉਹ ਸੁੱਕ ਰਹੀਆਂ ਸਨ ਅਤੇ ਉਨ੍ਹਾਂ ਵਿੱਚ ਚੀਸ ਦੀ ਥਾਂ ਹੁਣ ਹਲਕੀ ਹਲਕੀ ਖਾਜ ਹੁੰਦੀ ਸੀ।

ਨੁਕਸਾਨ ਦਾ ਅੰਦਾਜ਼ਾ ਲਾ ਕੇ ਉਸ ਦੀਆਂ ਅੱਖਾਂ ਪਾਟ ਗਈਆਂ। ਮਜ਼ਦੂਰੀ ਵਿੱਚ ਅਜੇ ਕੋਈ ਫਰਕ ਨਹੀਂ ਪਿਆ ਸੀ ਪਰ ਜ਼ੁੰਮੇਦਾਰੀ ਬਹੁਤ ਵੱਧ ਗਈ ਸੀ। ਉਸ ਦਾ ਕੰਮ ਬਾਕੀਆਂ ਦੇ ਕੰਮ ਨਾਲ਼ੋਂ ਇੱਕ-ਡੇਢ ਘੰਟਾ ਪਹਿਲਾਂ ਸ਼ੁਰੂ ਹੁੰਦਾ ਸੀ ਅਤੇ ਕਾਰਖਾਨਾ ਬੰਦ ਹੋਣ ਦੇ ਬਾਅਦ ਵੀ ਇੱਕ-ਡੇਢ ਘੰਟਾ ਹੋਰ ਲੱਗ ਜਾਂਦਾ ਸੀ। ਫੋਰਮੈਨ ਵੀ ਸਾਰੀ ਦਿਹਾੜੀ ਉਸ ਦੀ ਦੌੜ ਲੁਆਈ ਰੱਖਦਾ ਸੀ।

ਫੋਰਮੈਨ ਲਈ ਬਜ਼ਾਰ ਤੋਂ ਵਧੀਆ ਤਮਾਖੂ ਲਿਆਉਣ ਤੋਂ ਲੈ ਕੇ ਕੱਚੀਆਂ ਖੱਲਾਂ,

ਲੂਣ, ਚੂਨੇ, ਕਿੱਕਰ ਦੀਆਂ ਛਿੱਲਾਂ, ਸੇਬੇ, ਰੱਸੀਆਂ, ਰੰਬੀ, ਖੁਰਪੀ, ਤੇਜ਼ਾਬ ਆਦਿ ਦੀ ਖਰੀਦਦਾਰੀ ਕਰਨੀ ਵੀ ਉਸ ਦੀ ਹੀ ਜ਼ੁੰਮੇਦਾਰੀ ਸੀ। ਉਸ ਦੇ ਨਾਲ਼ ਹਰ ਚੀਜ਼ ਦੀ ਪਾਈ ਪਾਈ ਦਾ ਹਿਸਾਬ ਵੀ ਰੱਖਣਾ ਪੈਂਦਾ ਸੀ।

ਕਾਲ਼ੀ ਇਸ ਹੀ ਉਧੇੜ ਬੁਣ ਵਿੱਚ ਫਸਿਆ ਹੋਇਆ ਸੀ ਕਿ ਗਲ਼ੀ ਵਿੱਚ ਉਸ ਨੂੰ ਪੈਰਾਂ ਦੀ ਅਵਾਜ਼ ਸੁਣਾਈ ਦਿੱਤੀ। ਉਹ ਇਕਦਮ ਘਬਰਾ ਗਿਆ ਅਤੇ ਪਰੇਸ਼ਾਨੀ ਵਿੱਚ ਦਫਤਰ ਦਾ ਬੂਹਾ ਖੋਲ੍ਹ ਕੇ ਅੰਦਰ ਵੜ ਗਿਆ ਉਸ ਨੇ ਕਾਹਲ਼ੀ ਨਾਲ਼ ਅੱਧਾ ਕੁ ਬੂਹਾ ਬੰਦ ਕਰਕੇ ਆਪ ਕੰਧ ਨਾਲ਼ ਲੱਗ ਕੇ ਖੜ੍ਹ ਗਿਆ।

ਗੇਟ ਦੇ ਕੁੰਡੇ ਦੀ ਅਵਾਜ਼ ਸੁਣ ਕੇ ਉਸ ਦਾ ਦਿਲ ਦਹਿਲ ਗਿਆ। ਉਸ ਨੇ ਸਾਹ ਰੋਕ ਲਿਆ। ਗੇਟ ਬੰਦ ਕਰਕੇ ਉਹ ਕੱਚੀਆਂ ਖੱਲਾਂ ਦੇ ਕੋਲ਼ ਆ ਕੇ ਖੜ੍ਹ ਗਏ।

"ਚਲੋ ਯਾਰ, ਹੁੱਕੇ ਦਾ ਸੂਟਾ ਸੂਟਾ ਲਾਈਏ। ਅਜੇ ਟੈਮ ਹੈਗਾ।" ਨਿਹਾਲਾ ਬੋਲਿਆ।

"ਜਦ ਤੱਕ ਫੋਰਮੈਨ ਨਹੀਂ ਆਉਂਦਾ, ਟੈਮ ਹੀ ਟੈਮ ਹੈ।" ਬੰਸਾ ਹੱਸਿਆ।

"ਉਸ ਦਾ ਚਮਚਾ ਜੋ ਇਥੇ ਬੈਠਾ ਹੈ, ਆਪਾਂ 'ਤੇ ਜਸੂਸੀ ਕਰਨ ਲਈ।" ਭੀਮੇ ਦਾ ਲਹਿਜਾ ਨਫ਼ਰਤ ਭਰਿਆ ਸੀ।

"ਅੱਜ ਸਵੇਰ ਦਾ ਮੁਨਸ਼ੀ ਕਿਤੇ ਰੜਕਿਆ ਨਹੀਂ।" ਜਿੰਦਰ ਦੂਰ ਤੱਕ ਦੇਖਣ ਲੱਗਾ।

"ਸਾਲ਼ਾ, ਇਥੇ ਹੀ ਕਿਤੇ ਹੋਣਾ। ਕਾਰਖਾਨੇ ਨੂੰ ਚਿੱਚੜ ਦੀ ਤਰ੍ਹਾਂ ਚੁੰਬੜਿਆ ਹੋਇਆ ਹੈ।" ਭੀਮੇ ਨੇ ਦਫਤਰ ਵੱਲ ਝਾਕਿਆ।

ਕਾਲ਼ੀ ਹੋਰ ਵੀ ਡਰ ਗਿਆ ਅਤੇ ਕੰਧ ਨਾਲ਼ ਲੱਗ ਕੇ ਸੁੰਗੜ ਗਿਆ। ਉਸ ਨੂੰ ਭੈਅ ਆਉਣ ਲੱਗਾ ਕਿ ਉਹ ਦਫਤਰ ਵਿੱਚ ਆ ਕੇ ਉਸ ਦਾ ਗਲ਼ ਘੁੱਟ ਦੇਣਗੇ। ਉਹ ਹੋਣ ਵਾਲ਼ੇ ਹਮਲੇ ਦਾ ਸਾਹਮਣਾ ਕਰਨ ਲਈ ਜ਼ੋਰ ਜ਼ੋਰ ਨਾਲ਼ ਸਾਹ ਲੈਣ ਲੱਗਾ।

"ਸਾਲ਼ਾ, ਮਾਲ ਮੂੰਹ ਹਨੇਰੇ ਹੀ ਲੈ ਆਉਂਦਾ ਹੈ।" ਭੀਮੇ ਨੇ ਕੱਚੀਆਂ ਖੱਲਾਂ ਦੇ ਢੇਰ 'ਤੇ ਪੈਰ ਨਾਲ਼ ਠੋਕਰ ਮਾਰੀ।

"ਠੋਕਰ ਨਾ ਮਾਰ ਮੁੰਡਿਆ। ਇਹ ਖੱਲਾਂ ਨਹੀਂ, ਆਪਾਂ ਲਈ ਰੋਟੀਆਂ ਹਨ।" ਨਿਹਾਲੇ ਨੇ ਸਮਝਾਇਆ।

ਜਦ ਉਹ ਦਲਾਨਾਂ ਦੇ ਪਾਰ ਚਲੇ ਗਏ ਤਾਂ ਕਾਲ਼ੀ ਦੱਬੇ ਪੈਰੀਂ ਕਮਰੇ ਤੋਂ ਬਾਹਰ ਆ ਗਿਆ। ਉਸ ਨੇ ਛੇਤੀ ਛੇਤੀ ਜਿੰਦਾ ਲਾਇਆ ਅਤੇ ਹੌਲ਼ੀ ਜਿਹੀ ਗੇਟ ਖੋਲ੍ਹ ਕੇ ਬਾਹਰ ਨਿਕਲ਼ਿਆ ਅਤੇ ਫਿਰ ਗੇਟ ਬੰਦ ਕਰਕੇ ਗਲ਼ੀ ਵਿੱਚ ਆ ਗਿਆ।

ਕਾਲ਼ੀ ਇਸ ਆਸ ਨਾਲ਼ ਹੌਲ਼ੀ ਹੌਲ਼ੀ ਸੜਕ ਦੇ ਕੰਢੇ ਤੁਰਦਾ ਰਿਹਾ ਕਿ ਰਾਹ ਵਿੱਚ ਕਿਸ਼ਨਾ ਮਿਲ਼ ਜਾਵੇ ਤਾਂ ਉਸ ਨਾਲ਼ ਰਾਤ ਦੀ ਘਟਨਾ ਬਾਰੇ ਗੱਲ ਕਰ ਸਕੇ। ਪਰ ਸਾਹਮਣੇ ਦੂਰ ਤੱਕ ਉਸ ਨੂੰ ਕਿਸ਼ਨਾ ਕਿਤੇ ਵੀ ਦਿਖਾਈ ਨਾ ਦਿੱਤਾ ਤਾਂ ਉਸ ਨੇ ਸਿਰ ਝਟਕ ਦਿੱਤਾ ਕਿ ਸ਼ਾਇਦ ਉਹ ਗਲ਼ੀਆਂ ਦੇ ਵਿਚੀਂ ਹੁੰਦਾ ਹੋਇਆ ਹੀ ਕਾਰਖਾਨੇ ਚਲੇ ਗਿਆ ਹੋਵੇ।

ਕਾਲ਼ੀ ਇੱਕ ਢਾਬੇ ਵਿੱਚ ਜਾ ਪਹੁੰਚਾ ਅਤੇ ਖਾਲ਼ੀ ਬੈਂਚ 'ਤੇ ਬੈਠ ਕੇ ਤੰਦੂਰੀਏ ਨੂੰ ਦੋ

ਪਰੌਂਠੇ ਅਤੇ ਮਿੱਠੀ ਲੱਸੀ ਦੇਣ ਲਈ ਕਿਹਾ। ਜਦ ਪਰੌਂਠੇ ਉਸ ਦੇ ਮੋਹਰੇ ਰੱਖ ਦਿੱਤੇ ਗਏ ਤਾਂ ਉਹ ਛੋਟੀਆਂ ਛੋਟੀਆਂ ਬੁਰਕੀਆਂ ਤੋੜ ਕੇ ਅਰਾਮ ਨਾਲ਼ ਚਿੱਥਣ ਲੱਗਾ। ਉਹ ਚਾਹੁੰਦਾ ਸੀ ਕਿ ਉਹਦੇ ਕਾਰਖਾਨੇ ਪਹੁੰਚਣ ਤੋਂ ਪਹਿਲਾਂ ਕਿਸ਼ਨਾ ਉੱਥੇ ਪਹੁੰਚ ਚੁੱਕਾ ਹੋਵੇ। ਲੈ ਦੇ ਕੇ ਸਾਰੇ ਕਾਰਖਾਨੇ ਵਿੱਚ ਇੱਕ ਉਹ ਹੀ ਬੰਦਾ ਹੈ ਜਿਹਦੇ ਨਾਲ਼ ਉਹ ਦਿਲ ਦੀ ਗੱਲ ਕਰ ਸਕਦਾ ਹੈ। ਪਰ ਇਹ ਖਿਆਲ ਆਉਂਦਿਆਂ ਹੀ ਉਹ ਘਬਰਾ ਗਿਆ ਕਿ ਕਾਰਖਾਨੇ ਵਿੱਚ ਦੇਰ ਨਾਲ਼ ਪਹੁੰਚਣ ’ਤੇ ਫੋਰਮੈਨ ਆਪਣੇ ਮਜ਼ਾਕਾਂ ਅਤੇ ਗਾਲ਼ਾਂ ਨਾਲ਼ ਉਸ ਦਾ ਬੁਰਾ ਹਾਲ ਕਰ ਦੇਵੇਗਾ। ਮੁਨਸ਼ੀ ਦਾ ਕੰਮ ਮੈਨੂੰ ਸੌਂਪਣ ਦੇ ਬਾਵਜੂਦ ਫੋਰਮੈਨ ਮੈਨੂੰ ਕੱਚਾ ਕਾਰੀਗਰ ਹੀ ਸਮਝਦਾ ਹੈ। ਕਾਲ਼ੀ ਨੇ ਦੂਜੇ ਪਰੌਂਠੇ ਨੂੰ ਚਾਰ ਹਿੱਸਿਆਂ ਵਿੱਚ ਤੋੜ ਲਿਆ ਅਤੇ ਛੇਤੀ ਛੇਤੀ ਚਿੱਥਦਾ ਹੋਇਆ ਉਹਨਾਂ ਨੂੰ ਲੱਸੀ ਦੇ ਘੁੱਟਾਂ ਨਾਲ਼ ਸੰਘ ਤੋਂ ਥੱਲੇ ਉੱਤਾਰਨ ਲੱਗਾ।

ਤੰਦੂਰੀਏ ਨੂੰ ਪੈਸੇ ਦੇ ਕੇ ਕਾਲ਼ੀ ਢਾਬੇ ਤੋਂ ਬਾਹਰ ਆ ਖੜ੍ਹਾ ਹੋਇਆ। ਹੁਣ ਉਸ ਨੂੰ ਆਪਣੇ ਸਾਥੀਆਂ ਦਾ ਡਰ ਛੱਡ ਕੇ ਫੋਰਮੈਨ ਦਾ ਭੈਅ ਖਾਈ ਜਾ ਰਿਹਾ ਸੀ।

ਦੇਰ ਨਾਲ਼ ਪਹੁੰਚਣ ਦਾ ਬਹਾਨਾ ਬਣਾਉਣ ਲਈ ਕਾਲ਼ੀ ਕੱਚੀਆਂ ਖੱਲਾਂ ਦੀ ਦੁਕਾਨ ’ਤੇ ਚਲੇ ਗਿਆ।

“ਆ ਮੁਨਸ਼ੀ, ਖੱਲਾਂ ਤਾਂ ਤੂੰ ਸੂਰਜ ਨਿਕਲਣ ਤੋਂ ਪਹਿਲਾਂ ਹੀ ਲਦਵਾ ਕੇ ਲੈ ਗਿਆ ਸੀ ?”

“ਹਾਂ ਸ਼ਾਹ ਜੀ।” ਕਾਲ਼ੀ ਨੇ ਦੁਕਾਨ ਦੇ ਮੁਨੀਮ ਦੀ ਖੁਸ਼ਾਮਦ ਕੀਤੀ।

“ਤਾਂ ਹੁਣ ਕਿਸ ਤਰ੍ਹਾਂ ਆਉਣਾ ਹੋਇਆ ?”

“ਸ਼ਾਹ ਜੀ ਮੈਂ ਸੋਚਿਆ, ਕੱਲ੍ਹ ਬਾਰੇ ਪਤਾ ਕਰ ਜਾਵਾਂ।ਮਾਲ ਕਿਸ ਵਕਤ ਮਿਲ਼ੇਗਾ।” ਕਾਲ਼ੀ ਆਪਣੀ ਬੇਮਤਲਬ ਜਿਹੀ ਗੱਲ ’ਤੇ ਹੱਥ ਮਲ਼ਣ ਲੱਗਾ।

“ਸਾਡਾ ਮਾਲ ਤਾਂ ਤੜਕੇ ਹੀ ਪਹੁੰਚ ਜਾਂਦਾ ਹੈ। ਜਦੋਂ ਜੀਅ ਚਾਹੇ ਆ ਜਾਂਈਂ, ਮੈਂ ਨਾ ਵੀ ਹੋਇਆ ਤਾਂ ਕਲਿਆਣ ਇਥੇ ਹੀ ਹੋਵੇਗਾ। ਇਹ ਕਿਹੜਾ ਨਵਾਂ ਕੰਮ ਹੈ, ਰੋਜ਼ ਦਾ ਧੰਦਾ ਹੈ।” ਮੁਨੀਮ ਹੱਸਿਆ।

ਛੋਟੀ ਕੇਤਲੀ ਵਿੱਚ ਚਾਹ ਲਈ ਦੁਕਾਨ ਵਿੱਚ ਇੱਕ ਛੋਟੇ ਮੁੰਡੇ ਨੂੰ ਵੜ੍ਹਦਿਆਂ ਦੇਖ ਕੇ ਮੁਨੀਮ ਬੋਲਿਆ, “ਕਿੰਨੀ ਚਾਹ ਲੈ ਕੇ ਆਇਆਂ ?”

“ਇਸ ਵਿੱਚ ਦੋ ਬੰਦਿਆਂ ਦੀ ਚਾਹ ਹੈ।” ਮੁੰਡੇ ਨੇ ਕੇਤਲੀ ਵੱਲ ਦੇਖਿਆ।

“ਦੋਨੋ ਦੇ ਜਾ।”

“ਇੱਕ ਚਾਹ ਨਾਲ਼ ਵਾਲ਼ੀ ਦੁਕਾਨ ਦੀ ਹੈ।”

“ਉੱਥੇ ਬਾਅਦ ਵਿੱਚ ਦੇ ਜਾਂਈਂ। ਇਹ ਵਿਉਪਾਰ ਦਾ ਅਸੂਲ ਹੈ ਕਿ ਹੱਥ ਆਇਆ ਗਾਹਕ ਕਦੀ ਨਹੀਂ ਛੱਡਣਾ ਚਾਹੀਦਾ।” ਮੁਨੀਮ ਨੇ ਮੁੰਡੇ ਨੂੰ ਸਮਝਾਇਆ।

ਮੁੰਡੇ ਨੇ ਦੂਜੇ ਹੱਥ ਦੀਆਂ ਉਂਗਲਾਂ ਵਿੱਚ ਪਰੋਏ ਦੋ ਕੱਪਾਂ ਵਿੱਚ ਚਾਹ ਪਾ ਦਿੱਤੀ, “ਪਰਚੀ ਦੇ ਦਿਓ।”

“ਖਾਲੀ ਕੱਪਾਂ ਦੇ ਨਾਲ਼ ਲੈ ਜਾਂਈਂ।” ਮੁਨੀਮ ਨੇ ਮੁੰਡੇ ਨੂੰ ਦੁਕਾਨ ਤੋਂ ਬਾਹਰ ਜਾਣ

ਦਾ ਇਸ਼ਾਰਾ ਕੀਤਾ।

"ਲੈ, ਚਾਹ ਪੀ।" ਮੁਨੀਮ ਨੇ ਕਾਲ਼ੀ ਵੱਲ ਦੇਖ ਕੇ ਕੱਪ ਵੱਲ ਇਸ਼ਾਰਾ ਕੀਤਾ।

"ਸ਼ਾਹ ਜੀ, ਜ਼ਰੂਰਤ ਨਹੀਂ ਸੀ। ਹੁਣੇ ਲੱਸੀ ਪੀ ਕੇ ਆਇਆ ਸੀ।"

"ਦੇਖ, ਲੱਸੀ ਨਾ ਪੀਆ ਕਰ। ਇਸ ਮੰਡੀ ਦਾ ਜਲਵਾਯੂ ਬਹੁਤਾ ਚੰਗਾ ਨਹੀਂ ਹੈ। ਇਥੇ ਚਾਹ ਪੀਣੀ ਹੀ ਠੀਕ ਹੈ।" ਮੁਨੀਮ ਨੇ ਸਮਝਾਇਆ।

ਕਾਲ਼ੀ ਮਨ ਹੀ ਮਨ ਬਹੁਤ ਪ੍ਰਸੰਨ ਸੀ ਕਿ ਇਸ ਸ਼ਹਿਰ ਵਿੱਚ ਪਹਿਲੀ ਵਾਰ ਕਿਸੇ ਨੇ ਉਸ ਨੂੰ ਚਾਹ ਪਿਲ਼ਾ ਕੇ ਉਸ ਦਾ ਆਦਰ ਸਤਿਕਾਰ ਕੀਤਾ ਹੈ। ਉਸ ਨੇ ਗੱਲ ਬਾਤ ਸ਼ੁਰੂ ਕਰਨ ਲਈ ਮੁਨੀਮ ਨੂੰ ਪੁੱਛਿਆ, "ਸਾਡੇ ਕਾਰਖਾਨੇ ਦੇ ਮੁਨਸ਼ੀ ਜੀ ਕਦੋਂ ਮੁੜ ਕੇ ਆਉਣਗੇ ?"

"ਗਿਆ ਤਾਂ ਦਸਾਂ ਬਾਰਾਂ ਦਿਨਾਂ ਲਈ ਹੀ ਸੀ ਪਰ ਟਾਇਮ ਕੁੱਸ਼ ਜ਼ਿਆਦਾ ਹੀ ਲੱਗ ਗਿਆ ਹੈ। ਲਾਲਾ ਜੀ ਵੀ ਆਗਰੇ ਹੀ ਹਨ। ਵਿਚਾਲੇ ਦੋ ਦਿਨਾਂ ਲਈ ਆਏ ਸਨ, ਫਿਰ ਵਾਪਿਸ ਚਲੇ ਗਏ।" ਬੇਭਰੋਸਗੀ ਵਿੱਚ ਮੁਨੀਮ ਨੇ ਸਿਰ ਹਿਲਾ ਦਿੱਤਾ। ਫਿਰ ਉਸ ਨੇ ਕਾਲ਼ੀ ਵੱਲ ਦੇਖਿਆ, "ਕਾਰਖਾਨੇ ਦਾ ਕੰਮ ਤਾਂ ਚੱਲ ਹੀ ਰਿਹਾ ਹੈ। ਮੁਨਸ਼ੀ ਦੀ ਗੈਰਹਾਜ਼ਰੀ ਵਿੱਚ ਅਨਪੜ੍ਹ-ਪੱਥਰ ਫੁੰਮਣ ਰਾਮ ਕੰਮ ਚਲਾ ਲੈਂਦਾ ਸੀ। ਤੂੰ ਤਾਂ ਫਿਰ ਵੀ ਕੁੱਝ ਪੜ੍ਹਿਆ ਲਿਖਿਆ ਹੈਂ।"

ਮੁਨੀਮ ਤੋਂ ਆਪਣੀ ਵਡਿਆਈ ਸੁਣ ਕੇ ਕਾਲ਼ੀ ਖਿੜ੍ਹ ਗਿਆ, "ਸ਼ਾਹ ਜੀ, ਕਿਸੇ ਨਾ ਕਿਸੇ ਤਰ੍ਹਾਂ ਕੰਮ ਚਲਾਈ ਜਾਂਦਾ ਹਾਂ। ਇਹ ਤਾਂ ਰੱਬ ਹੀ ਜਾਣੇ ਜਾਂ ਤੁਸੀਂ ਲੋਕ ਕਿ ਧੰਦਾ ਕਿਸ ਤਰ੍ਹਾਂ ਜਾ ਰਿਹਾ ਹੈ।"

ਮੁਨੀਮ ਦੁਕਾਨ 'ਤੇ ਆਏ ਗਾਹਕ ਨਾਲ਼ ਗੱਲਾਂ ਵਿੱਚ ਰੁੱਝ ਗਿਆ ਸੀ। ਚਾਹ ਮੁਕਾ ਕੇ ਕਾਲ਼ੀ ਨੇ ਕੱਪ ਤਖ਼ਤਪੋਸ਼ ਦੇ ਇੱਕ ਸਿਰੇ 'ਤੇ ਰੱਖ ਦਿੱਤਾ ਅਤੇ ਮੁਨੀਮ ਵੱਲ ਦੇਖਦਾ ਹੋਇਆ ਉਡੀਕ ਕਰਨ ਲੱਗਾ ਕਿ ਉਸ ਦਾ ਧਿਆਨ ਇੱਧਰ ਹੋਵੇ ਤਾਂ ਉਹ ਬੰਦਗੀ ਕਰਕੇ ਉਸ ਤੋਂ ਛੁੱਟੀ ਲਵੇ।

ਜਦ ਮੁਨੀਮ ਗੱਲਬਾਤ ਵਿੱਚ ਹੋਰ ਵੀ ਜ਼ਿਆਦਾ ਮਗਨ ਹੋ ਗਿਆ ਤਾਂ ਕਾਲ਼ੀ ਦੁਕਾਨ ਦੇ ਬੂਹੇ ਵਿੱਚ ਜਾ ਖੜ੍ਹਾ ਹੋਇਆ ਅਤੇ ਮੁਨੀਮ ਵੱਲ ਹੱਥ ਜੋੜ ਦਿੱਤੇ ਅਤੇ ਬੰਦਗੀ ਵਿੱਚ ਗਰਦਨ ਝੁਕਾ ਦਿੱਤੀ। ਮੁਨੀਮ ਨੇ ਕਾਲ਼ੀ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਉਹ ਦੱਬਵੇਂ ਪੈਰੀਂ ਦੁਕਾਨ ਤੋਂ ਬਾਹਰ ਆ ਗਿਆ ਅਤੇ ਫਿਰ ਕਾਹਲ਼ੀ ਕਾਹਲ਼ੀ ਕਾਰਖਾਨੇ ਵੱਲ ਨੂੰ ਤੁਰ ਪਿਆ।

ਫੋਰਮੈਨ ਦਾ ਡਰ ਉਸ 'ਤੇ ਸਵਾਰ ਹੋ ਰਿਹਾ ਸੀ। ਸੂਰਜ ਵੱਲ ਦੇਖ ਕੇ ਉਸ ਨੇ ਅੰਦਾਜ਼ਾ ਲਾਇਆ ਕਿ ਕਾਰਖਾਨੇ ਵਿੱਚ ਕੰਮ ਸ਼ੁਰੂ ਹੋ ਗਿਆ ਹੋਵੇਗਾ। ਫੋਰਮੈਨ ਵੀ ਆਪਣਾ ਹੁੱਕਾ ਹੱਥ ਵਿੱਚ ਫੜੀ ਦਲਾਨਾਂ, ਹੌਜਾਂ ਅਤੇ ਖੁੱਲ੍ਹੇ ਮੈਦਾਨ ਦਾ ਚੱਕਰ ਲਗਾ ਰਿਹਾ ਹੋਵੇਗਾ। ਉਸ ਦੀ ਗੈਰਹਾਜ਼ਰੀ ਦਾ ਫਾਇਦਾ ਉਠਾ ਕੇ ਕੁੱਝ ਬੰਦੇ ਉਸ ਦੀ ਸ਼ਿਕਾਇਤ ਵੀ ਕਰ ਸਕਦੇ ਹਨ।

ਜਿਉਂ ਜਿਉਂ ਉਸ ਦੇ ਮਨ ਵਿੱਚ ਫੌਰਮੈਨ ਦਾ ਡਰ ਜ਼ੋਰ ਫੜ ਰਿਹਾ ਸੀ, ਕਾਲ਼ੀ ਦੀ

ਰਫਤਾਰ ਆਪਣੇ ਆਪ ਕਾਹਲ਼ੀ ਹੁੰਦੀ ਜਾਂਦੀ ਸੀ। ਗਲ਼ੀ ਵਿੱਚ ਵੜ੍ਹਦਿਆਂ ਹੀ ਉਸ ਨੇ ਤਕਰੀਬਨ ਦੌੜਣਾ ਸ਼ੁਰੂ ਕਰ ਦਿੱਤਾ। ਗੇਟ ਦੇ ਸਾਹਮਣੇ ਪਹੁੰਚ ਕੇ ਉਸ ਦੇ ਪੈਰ ਰੁਕ ਗਏ। ਉਹ ਕੰਨ ਲਾ ਕੇ ਕਾਰਖਾਨੇ ਦੇ ਅੰਦਰੋਂ ਆ ਰਹੀ ਅਵਾਜ਼ ਨੂੰ ਸੁਣਨ ਲੱਗਾ। ਮਾਹੌਲ ਠੀਕ ਦੇਖ ਕੇ ਉਸ ਨੇ ਗੇਟ ਖੋਲ੍ਹਿਆ, ਅੰਦਰ ਵੜ੍ਹ ਕੇ ਫਿਰ ਬਹੁਤ ਹੀ ਸਾਵਧਾਨੀ ਨਾਲ਼ ਬੰਦ ਕਰ ਦਿੱਤਾ। ਉਸਨੇ ਦਫਤਰ ਦਾ ਜਿੰਦਾ ਖੋਲ੍ਹ ਕੇ ਚਾਰੇ ਪਾਸੇ ਦੇਖਿਆ। ਫਿਰ ਉਹ ਖਿੜਕੀ ਦੇ ਕੋਲ਼ ਜਾ ਕੇ ਦਲਾਨਾਂ ਵੱਲ ਦੇਖਣ ਲੱਗਾ। ਫੋਰਮੈਨ ਨੂੰ ਦਲਾਨਾਂ ਤੋਂ ਬਾਹਰ ਨਿਕਲ਼ਦਾ ਦੇਖ ਕੇ ਕਾਲ਼ੀ ਖਿੜਕੀ ਤੋਂ ਪਿੱਛੇ ਹੱਟ ਗਿਆ ਅਤੇ ਹੌਜਾਂ ਵਿੱਚ ਕੱਚੀਆਂ ਖੱਲਾਂ ਧੋਣ ਦੀ ਸ਼ੜੱਪ ... ਸ਼ੜੱਪ ਦੀ ਆਵਾਜ਼ ਨੂੰ ਧਿਆਨ ਨਾਲ਼ ਸੁਣਨ ਲੱਗਾ। ਉਸ ਨੂੰ ਲੱਗਾ ਕਿ ਜਿਵੇਂ ਉਹ ਅਵਾਜ਼ ਉਸ ਨੂੰ ਦਿੱਤੀਆਂ ਜਾ ਰਹੀਆਂ ਗਾਲ਼੍ਹਾਂ ਦੀ ਹੈ।

ਫੋਰਮੈਨ ਆਪਣੀ ਮੰਜੀ 'ਤੇ ਬੈਠਾ ਹੁੱਕਾ ਗੁੜਗੁੜਾਉਂਦਾ ਹੋਇਆ ਸੱਜੇ ਹੱਥ ਨਾਲ਼ ਟਿੰਡ 'ਤੇ ਬਚੇ ਖੁਚੇ ਵਾਲ਼ਾਂ ਨੂੰ ਸਹਿਲਾ ਰਿਹਾ ਸੀ। ਫੋਰਮੈਨ ਦਾ ਹਾਵ ਭਾਵ ਠੀਕ ਦੇਖ ਕੇ ਕਾਲ਼ੀ ਦੱਬੇ ਪੈਰੀਂ ਉਸ ਵੱਲ ਨੂੰ ਵੱਧ ਗਿਆ।

ਹੌਜਾਂ ਤੇ ਬੰਸਾ ਅਤੇ ਜਿੰਦਰ ਕੱਚੀਆਂ ਖੱਲਾਂ ਦੀ ਧੁਆਈ ਕਰ ਰਹੇ ਸਨ। ਲੂਣ ਅਤੇ ਚੂਨੇ ਦੇ ਪਾਣੀ ਦੇ ਛਿੱਟਿਆਂ ਤੋਂ ਬੱਚਣ ਲਈ ਕਾਲ਼ੀ ਨੇ ਕਾਪੀ ਕੱਛ ਵਿੱਚ ਦੇ ਲਈ ਅਤੇ ਦੋਨਾਂ ਹੱਥਾਂ ਨਾਲ਼ ਪਜਾਮੇ ਨੂੰ ਉੱਪਰ ਚੁੱਕ ਲਿਆ। ਉਹ ਹੌਜਾਂ ਤੋਂ ਕੁੱਝ ਦੂਰ ਰਹਿ ਕੇ ਫੋਰਮੈਨ ਵੱਲ ਨੂੰ ਜਾ ਰਿਹਾ ਸੀ।

ਬੰਸੇ ਅਤੇ ਜਿੰਦਰ ਨੇ ਕਾਲ਼ੀ ਵੱਲ ਦੇਖਿਆ। ਉਸ ਨੂੰ ਮਹਿਸੁਸ ਹੋਇਆ ਕਿ ਉਹ ਬਹੁਤ ਗੁੱਸੇ ਵਿੱਚ ਸਨ। ਉਸ ਦੇ ਕੰਨਾਂ ਵਿੱਚ ਧੀਮੀ ਜਿਹੀ ਅਵਾਜ਼ ਪਈ, "ਕਿੰਨੇ ਦਿਨ ਮੁਨਸ਼ੀਗਿਰੀ ਕਰੇਂਗਾ। ਇੱਕ ਦਿਨ ਤਾਂ ਫਿਰ ਇਨ੍ਹਾਂ ਹੌਜਾਂ ਵਿੱਚ ਹੱਥ ਪੈਰ ਮਾਰੇਂਗਾ।"

ਕਾਲ਼ੀ ਨੇ ਹੌਜਾਂ ਵਲੋਂ ਨਜ਼ਰ ਮੋੜ ਕੇ ਦਲਾਨਾਂ ਵੱਲ ਦੇਖਿਆ। ਕਿਸ਼ਨਾ ਖੱਲ ਦੀ ਛਿਲਾਈ ਵਿੱਚ ਰੁੱਝਾ ਹੋਇਆ ਸੀ। ਉਸ ਦੇ ਮਨ ਵਿੱਚ ਆਇਆ ਕਿ ਇਸ਼ਾਰੇ ਨਾਲ਼ ਸੱਦ ਕੇ ਉਸ ਨੂੰ ਬਾਹਰ ਲੈ ਜਾਵੇ ਅਤੇ ਰਾਤ ਦੀ ਘਟਨਾ ਦੇ ਬਾਰੇ ਗੱਲ ਬਾਤ ਕਰੇ। ਪਰ ਫੋਰਮੈਨ ਨੂੰ ਮੰਜੀ 'ਤੇ ਬੈਠਾ ਦੇਖ ਕੇ ਉਸ ਦਾ ਹੌਂਸਲਾ ਨਾ ਪਿਆ।

ਕਾਲ਼ੀ ਨੂੰ ਆਪਣੀ ਵੱਲ ਆਉਂਦਾ ਦੇਖ ਕੇ ਫੋਰਮੈਨ ਹੁੱਕਾ ਗੁੜਗੜਾਉਂਦਾ ਹੋਇਆ ਉਹਦੀ ਵੱਲ ਧਿਆਨ ਨਾਲ਼ ਦੇਖਣ ਲੱਗਾ ਜਿਵੇਂ ਉਸ ਦੇ ਹਰ ਕਦਮ ਨੂੰ ਨਾਪ ਤੋਲ ਰਿਹਾ ਹੋਵੇ। ਕਾਲ਼ੀ ਨੇ ਪਜਾਮਾ ਅਤੇ ਕਮੀਜ਼ ਪਾਈ ਹੋਈ ਸੀ। ਖੱਬੇ ਮੋਢੇ 'ਤੇ ਇੱਕ ਸਾਫ ਸੁਥਰਾ ਸਾਫਾ ਲਟਕ ਰਿਹਾ ਸੀ। ਪੈਰਾਂ ਵਿੱਚ ਦੇਸੀ ਜੁੱਤੀ ਦੀ ਬਜਾਏ ਕੱਪੜੇ ਦੇ ਬੂਟ ਪਾਏ ਹੋਏ ਸਨ। ਫੋਰਮੈਨ ਨੇ ਸੋਚਿਆ ਕਿ ਜੇ ਉਹ ਸਿਰ 'ਤੇ ਗੋਲ਼ ਟੋਪੀ ਲੈ ਲੈਂਦਾ ਤਾਂ ਉਹਨੇ ਬਿਲਕੁਲ ਮੁਨਸ਼ੀ ਹੀ ਲੱਗਣਾ ਸੀ।

ਉਸ ਨੂੰ ਕਾਲ਼ੀ ਨਾਲ਼ ਈਰਖਾ ਮਹਿਸੂਸ ਹੋਣ ਲੱਗੀ। ਉਸ ਨੂੰ ਡਰ ਲੱਗਣ ਲੱਗਾ ਕਿ ਕਿਸੇ ਦਿਨ ਉਸ ਦੇ ਆਪਣੇ ਹੱਥਾਂ ਨਾਲ਼ ਖੜ੍ਹਾ ਕੀਤਾ ਹੋਇਆ ਇਹ ਪੁਤਲਾ ਉਸ ਉੱਤੇ ਵੀ ਹਾਵੀ ਨਾ ਹੋ ਜਾਵੇ। ਮੰਡੀ ਵਿੱਚ ਘੁੰਮਣ ਫਿਰਨ ਵਾਲ਼ਾ ਬੰਦਾ ਵਪਾਰ ਦਾ ਭੇਦ ਪਾ ਕੇ

ਹੁਸ਼ਿਆਰ ਹੋ ਜਾਂਦਾ ਹੈ ਅਤੇ ਫਿਰ ਉਹ ਦੂਸਰਿਆਂ ਦੇ ਕੰਨ ਵੀ ਕੁਤਰ ਸਕਦਾ ਹੈ।

ਫੋਰਮੈਨ ਦੇ ਨੇੜੇ ਪਹੁੰਚ ਕੇ ਕਾਲ਼ੀ ਨੇ ਮੱਥੇ ਨੂੰ ਹੱਥ ਲਾ ਕੇ ਬਹੁਤ ਨਿਮਰ ਹੋ ਕੇ ਬੰਦਗੀ ਕੀਤੀ।

"ਕਿੱਥੇ ਰਹਿ ਗਿਆ ਸੀ ?" ਫੋਰਮੈਨ ਨੇ ਨੱਕ ਤੋਂ ਧੂੰਆਂ ਛੱਡਦਿਆਂ, ਕੁੱਝ ਰੁੱਖੇ ਲਹਿਜੇ ਨਾਲ਼ ਪੁੱਛਿਆ।

"ਫੋਰਮੈਨ ਜੀ, ਮੰਡੀ ਵਿੱਚ ਆੜ੍ਹਤੀ ਦੀ ਦੁਕਾਨ 'ਤੇ ਗਿਆ ਸੀ।"

"ਕਿਉਂ ਸਵੇਰੇ ਨਹੀਂ ਗਿਆ ਸੀ ?" ਫੋਰਮੈਨ ਦੇ ਭਰਵੱਟੇ ਤਣ ਗਏ।

"ਸਵੇਰੇ ਵੀ ਗਿਆ ਸੀ। ਉਦੋਂ ਮੁਨੀਮ ਜੀ ਉੱਥੇ ਨਹੀਂ ਸਨ। ਉਨਾਂ ਨੂੰ ਮਿਲ਼ਣ ਅਤੇ ਮੰਡੀ ਦਾ ਭਾਅ ਪੱਤਾ ਪਤਾ ਕਰਨ ਦੁਆਰਾ ਚਲੇ ਗਿਆ ਸੀ।" ਕਾਲ਼ੀ ਹੱਥ ਮਲ਼ਣ ਲੱਗਾ, "ਮੁਨੀਮ ਜੀ ਨੇ ਚਾਹ ਮੰਗਵਾ ਲਈ। ਚਾਹ ਪੀਂਦਿਆਂ ਅਤੇ ਗੱਲ ਬਾਤ ਕਰਦਿਆਂ ਕੁੱਝ ਟਾਇਮ ਲੱਗ ਹੀ ਗਿਆ।"

"ਹੂੰਅ।" ਸਿਰ ਹਿਲਾ ਕੇ ਫੋਰਮੈਨ ਹੁੱਕਾ ਗੁੜਗੜਾਉਂਦਾ ਰਿਹਾ। ਫਿਰ ਉਸ ਨੇ ਕਾਲ਼ੀ ਵੱਲ ਨਜ਼ਰਾਂ ਘੁਮਾਈਆਂ। "ਮੰਡੀ ਵਿੱਚ ਬਹੁਤਾ ਮੇਲ਼ ਜੋਲ਼ ਵਧਾਉਣਾ ਠੀਕ ਨਹੀਂ ਹੈ। ਪਰ ਇੱਕ ਗੱਲ ਦਾ ਧਿਆਨ ਰੱਖੀਂ ਕਿ ਕਾਰਖਾਨੇ ਦਾ ਕੋਈ ਭੇਦ ਬਾਹਰ ਨਾ ਨਿਕਲ਼ੇ। ਲੋਕ ਲੋਲੋ ਪੋਪੋ ਕਰਕੇ ਸਾਰਾ ਕੁੱਝ ਪਤਾ ਕਰ ਲੈਂਦੇ ਹਨ। ਹੁਸ਼ਿਆਰ ਰਹਿਣਾ।"

"ਅੱਛਾ ਜੀ। ਪੂਰਾ ਧਿਆਨ ਰੱਖੂੰਗਾ। ਵੈਸੇ ਮੈਂ ਮੁਨੀਮ ਜੀ ਅਤੇ ਰੇੜ੍ਹੇ ਵਾਲ਼ੇ ਦੇ ਬਿਨ੍ਹਾਂ ਕਿਸੇ ਹੋਰ ਨਾਲ਼ ਗੱਲ ਕੀਤੀ ਹੀ ਨਹੀਂ।" ਕਾਲ਼ੀ ਨੇ ਵਿਸ਼ਵਾਸ ਦੁਆਇਆ।

"ਠੀਕ ਹੈ। ਬਸ ਖਿਆਲ ਰੱਖੀਂ। ਸਾਰਾ ਹਿਸਾਬ ਕਿਤਾਬ ਤਾਂ ਠੀਕ ਹੈ ਨਾ ?"

"ਹਾਂ ਜੀ, ਕੱਚੀਆਂ ਤੇ ਕਮਾਈਆਂ ਹੋਈਆਂ ਖੱਲਾਂ ਦਾ ਹਿਸਾਬ ਬਿਲਕੁਲ ਤਿਆਰ ਹੈ। ਦੁਕਾਨ 'ਤੇ ਜਾ ਕੇ ਵੀ ਚੈਕ ਕਰ ਲਿਆ ਹੈ। ਲੂਣ ਤੇ ਚੂਨੇ ਆਦਿ ਦੀਆਂ ਦੁਕਾਨਾਂ 'ਤੇ ਵੀ ਹਿਸਾਬ ਕਰ ਆਇਆਂ ਹਾਂ। ਧੇਲੇ ਦਾ ਵੀ ਫਰਕ ਨਹੀਂ ਨਿਕਲਿਆ।"

"ਗੱਲੇ ਵਿੱਚ ਵੀ ਰੋਕੜਾ ਠੀਕ ਹੈ। ਕੋਈ ਘਾਟਾ-ਵਾਧਾ ਤਾਂ ਨਹੀਂ ਹੈ ?"

"ਨਾ ਜੀ, ਪਾਈ ਪਾਈ ਦਾ ਹਿਸਾਬ ਦਰਜ ਹੈ।" ਕਾਲ਼ੀ ਨੇ ਫੋਰਮੈਨ ਵੱਲ ਕਾਪੀ ਵਧਾ ਦਿੱਤੀ।

"ਮੈਂ ਇਹਨੂੰ ਕੀ ਕਰਨਾ ਹੈ। ਮੇਰੇ ਲਈ ਤਾਂ ਕਾਲ਼ਾ ਅੱਖਰ ਭੈਂਸ ਬਰਾਬਰ ਹੈ।" ਆਪਣੀ ਸੰਤੁਸ਼ਟੀ ਕਰਕੇ ਫੋਰਮੈਨ ਹੁੱਕਾ ਪੀਣ ਲੱਗਾ।

"ਫੋਰਮੈਨ ਜੀ, ਮੈਂ ਮੁਨੀਮ ਜੀ ਤੋਂ ਪੁੱਛਿਆ ਸੀ ਕਿ ਮੁਨਸ਼ੀ ਜੀ ਕਦੋਂ ਮੁੜ ਕੇ ਆਉਣਗੇ ?"

"ਕੀ ਕਿਹਾ ਉਸ ਨੇ ?"

"ਉਸ ਨੂੰ ਕੁੱਝ ਪੱਕਾ ਪਤਾ ਨਹੀਂ ਹੈ। ਐਨਾ ਹੀ ਦੱਸਿਆ ਕਿ ਦਸ-ਬਾਰਾਂ ਦਿਨਾਂ ਲਈ ਗਿਆ ਸੀ। ਲਾਲਾ ਜੀ ਵੀ ਆਗਰੇ ਹੀ ਹੈ। ਵਿਚਾਲੇ ਸਿਰਫ ਦੋ ਦਿਨਾਂ ਲਈ ਆਇਆ ਸੀ।"

"ਹੂੰਅ, ਲਗਦਾ ਹੈ, ਮੁਨਸ਼ੀ ਹੁਣ ਉੱਥੇ ਹੀ ਰਹੂਗਾ। ਮਹਿੰਗਾ ਆਦਮੀ ਹੈ। ਇੱਥੇ ਉਹਨੂੰ ਕੰਮ ਹੀ ਕੀ ਸੀ। ਲਾਲਾ ਜੀ ਨੇ ਕੰਮ ਤੋਂ ਬਿਨ੍ਹਾਂ ਤਾਂ ਤਨਖਾਹ ਦੇਣੀ ਨਹੀਂ। ਫੇਰ ਜੇ ਇਥੇ ਸਸਤੇ ਵਿੱਚ ਕੰਮ ਚੱਲ ਰਿਹਾ ਹੈ ਤਾਂ ਮੁਨਸ਼ੀ ਨੂੰ ਮੋੜ ਕੇ ਭੇਜਣ ਦਾ ਕੀ ਫਾਇਦਾ।" ਫੋਰਮੈਨ ਨੇ ਗੱਲ ਖਤਮ ਕਰਕੇ ਹੁੱਕਾ ਆਪਣੇ ਵੱਲ ਖਿੱਚ ਲਿਆ।

ਕਾਲ਼ੀ ਫਿਰ ਵੀ ਖੜ੍ਹਾ ਰਿਹਾ ਤਾਂ ਫੋਰਮੈਨ ਨੇ ਹੁੱਕੇ ਦੀ ਨਲ਼ੀ ਨੂੰ ਪਾਸੇ ਵੱਲ ਕਰ ਦਿੱਤਾ, "ਕਿਉਂ ਕੋਈ ਹੋਰ ਗੱਲ ਕਰਨੀ ਹੈ ?"

"ਹਾਂ ਜੀ।"

"ਬੋਲ।" ਫੋਰਮੈਨ ਨੇ ਹੁੱਕਾ ਥੋੜ੍ਹਾ ਪਰ੍ਹੇ ਸਰਕਾ ਦਿੱਤਾ।

"ਫੋਰਮੈਨ ਜੀ, ਕੱਲ ਰਾਤੀਂ ... ਸ਼ਾਇਦ ਤੀਜਾ ਪਹਿਰ ਹੋ ਚੁੱਕਾ ਸੀ। ਟੈਮ ਅੱਧੀ ਰਾਤ ਤੋਂ ਕੁੱਝ ਉੱਪਰ ਹੀ ਹੋਣਾ ਹੈ।" ਹੌਜਾਂ ਵੱਲ ਦੇਖ ਕੇ ਕਾਲ਼ੀ ਫੋਰਮੈਨ ਕੋਲ਼ ਨੂੰ ਮੂਧਾ ਹੋ ਗਿਆ।"

"ਕੀ ਹੋਇਆ ਸੀ ?" ਫੋਰਮੈਨ ਵੀ ਹੈਰਾਨ ਹੋ ਗਿਆ।

"ਸ਼ਾਇਦ ਦੋ ਆਦਮੀ ਸਨ। ਜ਼ਿਆਦਾ ਵੀ ਹੋ ਸਕਦੇ ਹਨ। ਮੈਂ ਤਾਕੀ ਵਿੱਚੋਂ ਦੋਂਹ ਨੂੰ ਦਲਾਨਾਂ ਵੱਲ ਜਾਂਦੇ ਦੇਖਿਆ ਸੀ। ਉਹ ਕਾਰਖਾਨੇ ਵਿੱਚ ਘੁੰਮ ਰਹੇ ਸੀ। ਗੁਦਾਮ ਦਾ ਜਿੰਦਾ ਖੋਲ੍ਹਣ ਦੀ ਵੀ ਕੋਸ਼ਿਸ਼ ਕੀਤੀ ਸੀ।"

"ਅੱਛਾ।" ਫੋਰਮੈਨ ਦੇ ਮੂੰਹ ਵਿੱਚੋਂ ਚੀਕ ਨਿਕਲ ਗਈ।

"ਪਰ ਮੈਂ ਮੰਜੇ ਤੋਂ ਉੱਠ ਕੇ ਜ਼ੋਰ ਜ਼ੋਰ ਨਾਲ਼ ਪੈਰ ਥਪਥਪਾਏ ਅਤੇ ਉੱਚੀ ਅਵਾਜ਼ ਵਿੱਚ ਰੱਬ ਨੂੰ ਯਾਦ ਕੀਤਾ। ਉਨ੍ਹਾਂ ਨੇ ਜਦ ਸੁਣਿਆ ਕਿ ਕੋਈ ਜਾਗ ਰਿਹਾ ਹੈ ਤਾਂ ਉਹ ਚਲੇ ਗਏ ... ਦਲਾਨ ਵੱਲ ਨੂੰ। ... ਦਲਾਨ ਵਿੱਚ ਉਨ੍ਹਾਂ ਨੂੰ ਵੜ੍ਹਦਿਆਂ ਮੈਂ ਆਪਣੀ ਅੱਖੀਂ ਦੇਖਿਆ ਹੈ।"

"ਕੋਈ ਨੁਕਸਾਨ ਤਾਂ ਨਹੀਂ ਹੋਇਆ ?" ਫੋਰਮੈਨ ਨੇ ਫਿਕਰ ਜ਼ਾਹਿਰ ਕੀਤਾ।

"ਨਹੀਂ ਜੀ। ਬਚਾਅ ਹੋ ਗਿਆ। ਲਾਲਟੈਣ ਜਗਾ ਕੇ ਮੈਂ ਸੰਮਾਂ ਵਾਲ਼ੀ ਲਾਠੀ ਚੁੱਕ ਲਈ ਅਤੇ ਦਲਾਨਾਂ ਵਿਚੀਂ ਹੋ ਕੇ ਵਿਹੜੇ ਦਾ ਚੱਕਰ ਲਾਇਆ। ਸਾਰੇ ਪਾਸੀਂ ਹਰ ਚੀਜ਼ ਆਪਣੀ ਜਗ੍ਹਾ 'ਤੇ ਠੀਕ ਸੀ।" ਕਾਲ਼ੀ ਨੇ ਵੇਰਵੇ ਨਾਲ਼ ਦੱਸਿਆ, "ਪਰ ਇਸ ਘਟਨਾ ਤੋਂ ਬਾਅਦ ਮੈਨੂੰ ਨੀਂਦ ਨਹੀਂ ਆਈ।"

"ਹੂੰ।" ਫੋਰਮੈਨ ਡੂੰਘੀ ਚਿੰਤਾ ਵਿੱਚ ਡੁੱਬ ਗਿਆ। ਉਸ ਨੇ ਉੱਪਰ ਥੱਲੇ ਕਈ ਕਸ਼ ਖਿੱਚੇ ਅਤੇ ਮੂੰਹ ਅਤੇ ਨੱਕ ਰਾਹੀਂ ਧੂੰਆਂ ਛੱਡਦਿਆਂ ਬੁੜਬੜਾਇਆ, "ਇਸ ਦਾ ਮਤਲਬ ਹੈ ਕਿ ਖੱਲਾਂ ਦੇ ਚੋਰ ਵੀ ਪੈਦਾ ਹੋ ਗਏ ਹਨ।"

ਫੋਰਮੈਨ ਨੂੰ ਬਹੁਤ ਫਿਕਰ ਹੋ ਗਿਆ ਸੀ। ਉਸ ਨੇ ਕਾਲ਼ੀ ਨੂੰ ਆਪਣੇ ਕੋਲ਼ ਬੈਠਣ ਦਾ ਇਸ਼ਾਰਾ ਕੀਤਾ, "ਰਾਤ ਨੂੰ ਇਥੇ ਕੌਣ ਕੌਣ ਸੌਂਦੇ ਹਨ ?"

"ਮੈਂ ਸੌਂਦਾ ਹਾਂ। ਦਫ਼ਤਰ ਵਿੱਚ। ... ਬਾਕੀ ਨਿਹਾਲਾ, ਭੀਮਾ, ਬੰਸਾ ਅਤੇ ਜਿੰਦਰ ਕੋਠੜੀ ਵਿੱਚ ਸੌਂਦੇ ਹਨ।" ਕਾਲ਼ੀ ਨੇ ਚੋਰ ਅੱਖੀਂ ਹੌਜਾਂ ਵੱਲ ਦੇਖਿਆ।

"ਹੂੰ, ਤੈਨੂੰ ਕਿਸੇ 'ਤੇ ਸ਼ੱਕ ਹੈ ?"

ਕਾਲ਼ੀ ਖਾਮੋਸ਼ ਰਿਹਾ ਤਾਂ ਫੋਰਮੈਨ ਸੋਚ ਵਿੱਚ ਡੁੱਬਿਆ ਸਿਰ ਹਿਲਾਉਂਦਾ ਰਿਹਾ, "ਬਾਹਰ ਦੇ ਆਦਮੀ ਦਾ ਤਾਂ ਇਹ ਕੰਮ ਹੋ ਨਹੀਂ ਸਕਦਾ। ਛੱਪੜ ਵਾਲ਼ੇ ਪਾਸਿਉਂ ਤਾਂ ਕੋਈ ਆਉਣ ਤੋਂ ਰਿਹਾ। ਗੇਟ ਬੰਦ ਹੁੰਦਾ ਹੈ। ਪਰਲੀ ਕੰਧ ਟੱਪਣਾ ਵੀ ਕੋਈ ਸੌਖਾ ਨਹੀਂ। ਆਪਣੇ ਹੀ ਆਦਮੀ ਹੋ ਸਕਦੇ ਹਨ।"

ਫੋਰਮੈਨ ਦੀਆਂ ਨਾਸਾਂ ਫਰਕਣ ਲੱਗੀਆਂ ਜਿਵੇਂ ਉਸ ਦੇ ਅੰਦਰ ਗੁੱਸਾ ਉਬਾਲੇ ਖਾ ਰਿਹਾ ਹੋਵੇ। ਉਹ ਮੰਜੀ ਨੂੰ ਛੱਡ ਕੇ ਹੌਜਾਂ ਦੇ ਕੋਲ਼ ਚਲੇ ਗਿਆ। ਉਸ ਨੇ ਜਿੰਦਰ ਅਤੇ ਬੰਸੇ ਵੱਲ ਘੂਰ ਕੇ ਦੇਖਿਆ, "ਕੀ ਤੁਸੀਂ ਰਾਤ ਨੂੰ ਕਾਰਖਾਨੇ ਵਿੱਚ ਲੁੱਕਣ ਮੀਟੀ ਖੇਲ੍ਹਦੇ ਆਂ ?"

ਬੰਸਾ ਅਤੇ ਜਿੰਦਰ ਹੌਜਾਂ ਵਿੱਚ ਖੜ੍ਹੇ ਪਾਟੀਆਂ ਅੱਖਾਂ ਨਾਲ਼ ਫੋਰਮੈਨ ਵੱਲ ਦੇਖਣ ਲੱਗੇ।

"ਬੋਲਦੇ ਕਿਉਂ ਨਹੀਂ ?"

"ਫੋਰਮੈਨ ਜੀ, ਮੈਂ ਤੁਹਾਡੀ ਗੱਲ ਸਮਝਿਆ ਨਹੀਂ।" ਬੰਸੇ ਨੇ ਹੱਥ ਜੋੜੇ।

"ਤੇਰੀ ਸਮਝ ਵਿੱਚ ਗੱਲ ਚਾਰ ਛਿੱਤਰ ਲੱਗਣ ਦੇ ਬਾਅਦ ਹੀ ਆਉਂਦੀ ਹੈ।" ਫੋਰਮੈਨ ਨੇ ਆਪਣੇ ਪੈਰਾਂ ਵਿੱਚੋਂ ਮੋਟੇ ਤਲੇ ਵਾਲ਼ੀ ਦੇਸੀ ਜੁੱਤੀ ਲਾਹ ਲਈ।

ਹੋਰ ਲੋਕ ਵੀ ਆਪਣਾ ਆਪਣਾ ਕੰਮ ਛੱਡ ਕੇ ਦਲਾਨ ਵਿੱਚ ਆ ਗਏ।

"ਨਿਹਾਲਿਆ, ਜਿੰਦਰ ਅਤੇ ਭੀਮਿਆ, ਤੁਸੀਂ ਵੀ ਇੱਧਰ ਆਉ।" ਫੋਰਮੈਨ ਨੇ ਆਪਣੇ ਹੱਥ ਵਿੱਚ ਫੜੀ ਜੁੱਤੀ ਨਾਲ਼ ਹੀ ਉਨ੍ਹਾਂ ਨੂੰ ਇਸ਼ਾਰਾ ਕੀਤਾ।

ਉਹ ਵੀ ਹੌਜਾਂ ਦੇ ਕੋਲ਼ ਆ ਖੜ੍ਹੇ ਹੋਏ। ਫੋਰਮੈਨ ਨੇ ਚੌਹਾਂ 'ਤੇ ਨਜ਼ਰ ਘੁਮਾਈ, "ਤੁਸੀਂ ਅੱਧੀ ਰਾਤ ਨੂੰ ਗੁਦਾਮ ਅਤੇ ਦਲਾਨਾਂ ਵਿੱਚ ਕਿਉਂ ਘੁੰਮ ਰਹੇ ਸੀ। ਕੀ ਤੁਹਾਡਾ ਚੋਰੀ ਕਰਨ ਦਾ ਇਰਾਦਾ ਸੀ ? ਜਿਸ ਥਾਲੀ ਵਿੱਚ ਖਾਂਦੇ ਹੋ ਉਸ ਵਿੱਚ ਹੀ ਮੋਰੀ ਕਰਨੀ ਚਾਹੁੰਦੇ ਸੀ।"

"ਫੋਰਮੈਨ ਜੀ, ਇਹ ਤੁਸੀਂ ਕੀ ਕਹਿੰਦੇ ਆਂ ?" ਬੰਸਾ ਹੌਜ ਵਿੱਚੋਂ ਬਾਹਰ ਆ ਗਿਆ।

"ਮੈਂ ਜੋ ਵੀ ਕਹਿ ਰਿਹਾ ਹਾਂ, ਉਹ ਠੀਕ ਹੈ।" ਫੋਰਮੈਨ ਨੇ ਆਪਣਾ ਫੈਸਲਾ ਸੁਣਾਇਆ, "ਤੁਹਾਨੂੰ ਕੋਠੜੀ ਇਸ ਲਈ ਦਿੱਤੀ ਹੈ ਕਿ ਇੱਥੇ ਮੁਫਤ ਵਿੱਚ ਰਹਿ ਸਕੋਂ ਅਤੇ ਉਸ ਦੇ ਬਦਲੇ ਕਾਰਖਾਨੇ ਦੀ ਚੌਂਕੀਦਾਰੀ ਕਰੋ। ਚੌਂਕੀਦਾਰੀ ਅਤੇ ਚੋਰੀ ਦੋਨੋਂ ਨਹੀਂ ਹੋ ਸਕਦੀਆਂ। ਮੈਂ ਸਿਰਫ ਤੁਹਾਨੂੰ ਕੋਠੜੀ ਵਿੱਚੋਂ ਹੀ ਨਹੀਂ ਕੱਢੂੰਗਾ ਬਲਕਿ ਕਾਰਖਾਨੇ ਵਿੱਚੋਂ ਵੀ ਛੁੱਟੀ ਕਰ ਦਿਆਂਗਾ।"

"ਫੋਰਮੈਨ ਜੀ ਤੁਹਾਨੂੰ ਕਿਸੇ ਨੇ ਗਲਤ ਦੱਸਿਆ ਹੈ।"

"ਜਿਸ ਆਦਮੀ ਨੇ ਤੁਹਾਨੂੰ ਆਪਣੀਆਂ ਅੱਖਾਂ ਨਾਲ਼ ਦੇਖਿਆ ਹੈ, ਉਹ ਝੂਠਾ ਹੈ ਅਤੇ ਤੁਸੀਂ ਸੱਚੇ ਹੋ।" ਫੋਰਮੈਨ ਗਰਜਿਆ, "ਇੱਕ ਗੱਲ ਕੰਨ ਖੋਲ੍ਹ ਕੇ ਸੁਣ ਲਉ, ਜੇ ਕਾਰਖਾਨੇ ਵਿੱਚ ਸੂਈ ਵੀ ਚੋਰੀ ਹੋ ਗਈ ਤਾਂ ਜੁੰਮੇਦਾਰੀ ਤੁਹਾਡੀ ਹੋਵੇਗੀ। ਹੁਣ ਮੈਂ ਤੁਹਾਡੀ ਸਾਰਿਆਂ ਦੀ ਇੱਕ ਇੱਕ ਮਹੀਨੇ ਦੀ ਮਿਹਨਤ ਆਪਣੇ ਕੋਲ਼ ਰੱਖਾਂਗਾ।"

ਕਾਲ਼ੀ ਬਹੁਤ ਪਰੇਸ਼ਾਨ ਹੋ ਗਿਆ ਸੀ। ਉਸ ਨੂੰ ਡਰ ਲੱਗਣ ਲੱਗਾ ਕਿ ਇਸ ਘਟਨਾ ਤੋਂ ਬਾਅਦ ਉਹ ਸਾਰਿਆਂ ਨਾਲ਼ੋਂ ਬੁਰੀ ਤਰ੍ਹਾਂ ਟੁੱਟ ਜਾਵੇਗਾ। ਉਸ ਨੂੰ ਆਪਣੇ ਉੱਤੇ ਗੁੱਸਾ ਆਉਣ ਲੱਗਾ ਕਿ ਉਸ ਨੂੰ ਫੋਰਮੈਨ ਨਾਲ਼ ਇਸ ਬਾਰੇ ਗੱਲ ਹੀ ਨਹੀਂ ਕਰਨੀ ਚਾਹੀਦੀ ਸੀ।

ਫੋਰਮੈਨ ਨੇ ਕਾਲ਼ੀ ਨੂੰ ਆਪਣੇ ਕੋਲ਼ ਸੱਦ ਕੇ ਹੁਕਮ ਦਿੱਤਾ, "ਅਗਲੇ ਮਹੀਨੇ ਇਹਨਾਂ ਚਾਰਾਂ ਨੂੰ ਹੀ ਅੱਧੀ ਅੱਧੀ ਮਿਹਨਤ ਦਾ ਭੁਗਤਾਨ ਕਰਨਾ ਹੈ।"

ਕਾਲ਼ੀ ਅੰਦਰ ਹੀ ਅੰਦਰ ਕੰਬਦਾ ਹੋਇਆ ਅੱਖਾਂ ਝੁਕਾਈ ਖਾਮੋਸ਼ ਖੜ੍ਹਾ ਰਿਹਾ। ਉਸ ਨੇ ਆਪਣੇ ਆਪ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ ਕਿ ਉਸ ਨੇ ਜੋ ਦੇਖਿਆ, ਉਹ ਹੀ ਦੱਸਿਆ ਹੈ। ਜੇ ਉਹ ਨਾ ਦੱਸਦਾ ਤਾਂ ਫੋਰਮੈਨ ਦੀਆਂ ਨਜ਼ਰਾਂ ਵਿੱਚ ਚੋਰ ਬਣਦਾ। ਹੁਣ ਦੱਸਣ ਨਾਲ਼ ਉਹ ਬਾਕੀਆਂ ਦੀਆਂ ਨਜ਼ਰਾਂ ਵਿੱਚ ਚੁਗਲਖੋਰ ਹੋ ਗਿਆ ਹੈ।

"ਚਲੋ, ਆਪਣਾ ਆਪਣਾ ਕੰਮ ਕਰੋ।" ਫੋਰਮੈਨ ਆਪਣੀ ਮੰਜੀ ਵੱਲ ਨੂੰ ਮੁੜ ਪਿਆ।

ਸਾਰਿਆਂ ਨੇ ਕਾਲ਼ੀ ਵੱਲ ਘੂਰ ਕੇ ਦੇਖਿਆ ਜਿਵੇਂ ਉਸ ਨੂੰ ਕੱਚਾ ਹੀ ਖਾ ਜਾਣਾ ਚਾਹੁੰਦੇ ਹੋਣ।

"ਕਿਹੋ ਜਿਹੇ ਆਦਮੀ ਨੂੰ ਤੂੰ ਭਰਤੀ ਕਰਾਇਆ ਸੀ ?" ਕਿਰਪੂ ਨੇ ਕਿਸ਼ਨੇ ਨੂੰ ਮਿਹਣਾ ਮਾਰਿਆ, "ਸਾਨੂੰ ਸਾਰਿਆਂ ਨੂੰ ਚੋਰ ਬਣਾ ਦਿੱਤਾ।"

ਕਿਸ਼ਨੇ ਨੇ ਕੋਈ ਜਵਾਬ ਨਾ ਦਿੱਤਾ ਤਾਂ ਨਿਹਾਲੇ ਨੇ ਉਸ ਨੂੰ ਬਾਂਹ ਤੋਂ ਫੜ ਲਿਆ, "ਬੋਲਦਾ ਕਿਉਂ ਨਹੀਂ ?"

"ਯਾਰਾ ਮੈਨੂੰ ਕੀ ਪਤਾ ਸੀ। ਮੇਰੇ ਪਿੰਡ ਦਾ ਮਾਂਝਾ ਇਹਨੂੰ ਇੱਥੇ ਲੈ ਕੇ ਆਇਆ ਸੀ। ਮੈਂ ਅੰਤਰਜਾਮੀ ਤਾਂ ਹੈ ਨਹੀਂ।" ਕਿਸ਼ਨੇ ਨੇ ਸਫਾਈ ਦਿੱਤੀ।

"ਸਭ ਨਾਲ਼ੋਂ ਜ਼ਿਆਦਾ ਇਸ ਦੀ ਤੇਰੇ ਨਾਲ਼ ਹੀ ਯਾਰੀ ਹੈ। ਆਪਣਾ ਬੁਰਾ ਭਲਾ ਸਮਝ ਲਈਂ।" ਬੰਸੇ ਨੇ ਚਿਤਾਵਨੀ ਦਿੱਤੀ।

"ਯਾਰ ! ਉਸ ਨੇ ਕਿਸੇ ਦਾ ਨਾਂ ਤਾਂ ਲਿਆ ਨਹੀਂ। ਚੋਰ ਬਾਹਰੋਂ ਹੀ ਆਏ ਹੋਣਗੇ।" ਕਿਸ਼ਨੇ ਨੇ ਕਾਲ਼ੀ ਦੀ ਤਰਫਦਾਰੀ ਕਰਨ ਦੀ ਕੋਸ਼ਿਸ਼ ਕੀਤੀ।

"ਹੋਰ ਕੀ ਉਹ ਸਾਡੇ ਖਿਲਾਫ ਥਾਣੇ ਵਿੱਚ ਰਿਪੋਰਟ ਲਿਖਾਉਂਦਾ ? ਫੋਰਮੈਨ ਨੂੰ ਕੋਈ ਸੁਫਨਾ ਤਾਂ ਨਹੀਂ ਆਇਆ ਹੋਣਾ। ਇਹਨੇ ਹੀ ਕਿਹਾ ਹੋਵੇਗਾ।" ਜਿੰਦਰ ਬੋਲਿਆ।

"ਫੋਰਮੈਨ ਦੇ ਮੰਜੇ ਦੀ ਪੈਂਦੀ ਬੈਠਾ ਕਾਲ਼ੀ ਬਹੁਤ ਦੇਰ ਤੱਕ ਖੁਸਰ ਫੁਸਰ ਕਰਦਾ ਰਿਹਾ।" ਭੀਮੇ ਨੇ ਅੱਖਾਂ ਘੁਮਾ ਲਈਆਂ।

"ਕੱਲ ਨੂੰ ਸਾਰਿਆਂ ਦੀ ਮਹੀਨੇ ਦੀ ਅੱਧੀ ਕਮਾਈ ਕੱਟੀ ਜਾਵੇਗੀ ਤਾਂ ਸੇਕ ਲੱਗੇਗਾ ਹੀ, ਫਿਰ ਵੀ ਤਾਂ ਕੁੱਸ਼ ਸੋਚਾਂਗੇ ਹੀ।"

"ਯਾਰ, ਕੀ ਸੋਚਣਾ ਹੈ। ਜਦ ਤੱਕ ਉਸ ਦੀ ਪਿੱਠ 'ਤੇ ਫੋਰਮੈਨ ਦਾ ਹੱਥ ਹੈ, ਸਭ ਕੁੱਝ ਸਹਿਣਾ ਪੈਣਾ ਹੈ।" ਕਿਰਪੂ ਬਹੁਤ ਨਿਰਾਸ਼ ਸੀ, "ਮੁਸ਼ਕਲ ਨਾਲ਼ ਸੁਖ ਦਾ ਸਾਹ ਲੈਣ

ਲਗਦੇ ਹਾਂ ਤਾਂ ਸਾਹਮਣੇ ਕੋਈ ਨਾ ਕੋਈ ਬਿਪਤਾ ਆ ਖੜ੍ਹੀ ਹੁੰਦੀ ਹੈ।"

"ਜਿਥੇ ਚਾਰ ਭਾਂਡੇ ਕੱਠੇ ਪਏ ਹੋਣਗੇ, ਕਦੇ ਨਾ ਕਦੇ ਤਾਂ ਆਪਸ ਵਿੱਚ ਖੜ੍ਹਕਣਗੇ ਹੀ। ਚਲੋ, ਆਪਣੇ ਆਪਣੇ ਕੰਮ 'ਤੇ ਲੱਗੀਏ। ਫੋਰਮੈਨ ਨੇ ਦੇਖ ਲਿਆ ਤਾਂ ਸਿੱਧੀਆਂ ਜੁੱਤੀਆਂ ਵਰ੍ਹਾਏਗਾ। ਪੈਰਾਂ 'ਚੋਂ ਲਾਹ ਕੇ ਦਿਖਾ ਤਾਂ ਚੁੱਕਿਆ ਹੀ ਹੈ।" ਕਿਸ਼ਨੇ ਨੇ ਸਲਾਹ ਦਿੱਤੀ, "ਕਾਰਖਾਨਾ ਬੰਦ ਹੋਣ ਤੋਂ ਬਾਅਦ ਕਿਤੇ ਬਾਹਰ ਬੈਠ ਕੇ ਗੱਲ ਕਰਾਂਗੇ।"

ਸਾਰੇ ਲੋਕ ਆਪਣੇ ਆਪਣੇ ਕੰਮ ਵਿੱਚ ਰੁੱਝ ਗਏ। ਕੰਮ ਕਾਜ ਦਾ ਰੌਲ਼ਾ ਰੱਪਾ ਪਹਿਲਾਂ ਵਾਂਗ ਹੀ ਹੋ ਗਿਆ ਸੀ। ਫੋਰਮੈਨ ਨੇ ਵੀ ਆਪਣੀ ਮੰਜੀ ਸਾਂਭ ਲਈ ਸੀ ਅਤੇ ਅਰਾਮ ਨਾਲ਼ ਹੁੱਕਾ ਪੀ ਰਿਹਾ ਸੀ।

ਕਾਲ਼ੀ ਦਲਾਨ ਅਤੇ ਹੌਜਾਂ ਦੇ ਵਿੱਚਕਾਰ ਖਾਲ਼ੀ ਥਾਂ ਵਿੱਚ ਖੜ੍ਹਾ ਸੋਚ ਰਿਹਾ ਸੀ ਕਿ ਉਹ ਕਿੱਧਰ ਜਾਵੇ। ਇਸ ਕਾਰਖਾਨੇ ਵਿੱਚ ਆਉਣ ਦੇ ਬਾਅਦ ਉਹ ਪਹਿਲੀ ਵਾਰ ਅਜਿਹੀ ਮੁਸੀਬਤ ਵਿੱਚ ਫਸਿਆ ਸੀ ਜਿਸ ਵਿੱਚੋਂ ਬਾਹਰ ਨਿਕਲ਼ਣ ਲਈ ਉਸ ਨੂੰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਸੀ। ਇਹ ਖਿਆਲ ਆਉਂਦਿਆਂ ਹੀ ਉਹ ਹੋਰ ਵੀ ਜ਼ਿਆਦਾ ਸਹਿਮ ਗਿਆ ਕਿ ਦਿਨ ਤਾਂ ਕਿਸੇ ਨਾ ਕਿਸੇ ਤਰ੍ਹਾਂ ਨਿਕਲ਼ ਹੀ ਜਾਂਦਾ ਹੈ। ਰਾਤ ਨੂੰ ਉਹ ਬਿਲਕੁਲ ਇਕੱਲਾ ਰਹਿ ਜਾਂਦਾ ਹੈ। ਉਹ ਹੋਰ ਵੀ ਜ਼ਿਆਦਾ ਪਰੇਸ਼ਾਨ ਹੋ ਗਿਆ ਕਿ ਮੁਨਸ਼ੀ ਦੇ ਆਉਂਦਿਆਂ ਹੀ ਉਸ ਨੂੰ ਇੱਕ ਵਾਰ ਫਿਰ ਹੌਜਾਂ ਵਿੱਚ ਵੜ ਕੇ ਖੱਲਾਂ ਦੀ ਧੁਆਈ ਕਰਨੀ ਪਵੇਗੀ। ਪੁਰਾਣਾ ਕੰਮ ਉਹ ਹੁਣ ਤੋਂ ਹੀ ਕਿਉਂ ਨਾ ਸ਼ੁਰੂ ਕਰ ਦੇਵੇ ਤਾਂ ਕਿ ਬਾਕੀ ਦੇ ਲੋਕ ਤਾਂ ਉਸ ਨੂੰ ਫਿਰ ਤੋਂ ਅਪਣਾ ਸਕਣ। ਉਸ ਨੇ ਦੋਨੋ ਹੱਥ ਆਪਣੇ ਸਾਹਮਣੇ ਫੈਲਾ ਕੇ ਉਨ੍ਹਾਂ ਨੂੰ ਪੁੱਠਾ ਕਰ ਲਿਆ ਅਤੇ ਪਾਂਅ ਦੀਆਂ ਫਿਨਸੀਆਂ ਨੂੰ ਧਿਆਨ ਨਾਲ਼ ਦੇਖਣ ਲੱਗਾ। ਉਹ ਕਾਫੀ ਹੱਦ ਤੱਕ ਸੁੱਕ ਗਈਆਂ ਸਨ। ਉਸ ਨੇ ਫੈਸਲਾ ਕਰ ਲਿਆ ਕਿ ਪਾਂਅ ਘਟੇ ਜਾਂ ਵਧੇ, ਭਾਂਵੇ ਉਸ ਦੇ ਢਿੱਡ ਵਿੱਚ ਉੱਤਰ ਜਾਵੇ, ਕੱਲ ਤੋਂ ਉਹ ਇੱਕ ਵਾਰ ਫਿਰ ਲੂਣ ਅਤੇ ਚੂਨੇ ਦੇ ਪਾਣੀ ਨਾਲ਼ ਕੱਚੀਆਂ ਖੱਲਾਂ ਨੂੰ ਧੋਏਗਾ ਅਤੇ ਪੁਰਾਣੇ ਸਾਥੀਆ ਦੇ ਨਾਲ਼ ਕੋਠੜੀ ਵਿੱਚ ਹੀ ਰਹੇਗਾ।

ਹੌਜਾਂ ਵਿੱਚ ਖੱਲਾਂ ਨੂੰ ਸਾਫ ਕਰਦੇ ਜਿੰਦਰ ਅਤੇ ਬੰਸੇ ਵੱਲ ਦੇਖ ਕੇ ਕਾਲ਼ੀ ਮੁਸਕਰਾਇਆ ਪਰ ਦੋਨਾਂ ਨੇ ਹੀ ਮੂੰਹ ਫੇਰ ਲਿਆ। ਉਸ ਨੇ ਕਿਸ਼ਨੇ ਵੱਲ ਦੇਖਿਆ। ਉਹ ਵੀ ਖੱਲ ਦੀ ਸਿਲਾਈ ਵਿੱਚ ਲੱਗਾ ਰਿਹਾ ਅਤੇ ਕਾਲ਼ੀ ਵੱਲ ਧਿਆਨ ਨਾ ਦਿੱਤਾ।

ਹੁੱਕਾ ਗੁੜਗੜਾਉਂਦਾ ਫੋਰਮੈਨ ਵੀ ਸੋਚ ਵਿੱਚ ਡੁੱਬਾ ਹੋਇਆ ਸੀ। ਉਸ ਨੂੰ ਬਹੁਤ ਸੰਤੋਖ ਦਾ ਅਨੁਭਵ ਹੋਇਆ ਕਿ ਕਾਲ਼ੀ ਬਾਕੀ ਸਾਰੇ ਲੋਕਾਂ ਨਾਲ਼ੋਂ ਟੁੱਟ ਕੇ ਉਸ 'ਤੇ ਨਿਰਭਰ ਹੋ ਗਿਆ ਹੈ। ਉਹ ਉਸ ਨੂੰ ਹਰ ਪਾਸਿਉਂ ਤਾੜਨ ਲੱਗਾ। ਤੰਦਰੁਸਤ ਹੈ, ਜਵਾਨ ਹੈ, ਬਰਾਦਰੀ ਵੀ ਠੀਕ ਹੈ। ਕੁੱਝ ਪੜ੍ਹਿਆ ਲਿਖਿਆ ਵੀ ਹੈ। ਵੱਡਿਆਂ ਨਾਲ਼ ਗੱਲ ਬਾਤ ਕਰਨ ਦਾ ਸਲੀਕਾ ਵੀ ਹੈ। ਮਿਹਨਤੀ ਅਤੇ ਇਮਾਨਦਾਰ ਵੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸ ਦੇ ਸਿਰ 'ਤੇ ਨਾ ਛੱਤ ਹੈ ਨਾ ਹੀ ਸੁਰੱਖਿਆ ਦਾ ਕੋਈ ਹੋਰ ਚਾਰਾ। ਪੂਰੀ ਤਰ੍ਹਾਂ ਜ਼ਰੂਰਤਮੰਦ ਅਤੇ ਬੇਸਹਾਰਾ।

"ਕਾਲੀਦਾਸ।" ਹਾਕ ਮਾਰ ਕੇ ਫੋਰਮੈਨ ਨੇ ਹੁੱਕਾ ਪਰ੍ਹੇ ਸਰਕਾ ਦਿੱਤਾ ਅਤੇ ਆਪ ਮੰਜੀ 'ਤੇ ਪੈ ਗਿਆ।

ਕਾਲ਼ੀ ਮੰਜੀ ਦੇ ਨੇੜੇ ਆ ਗਿਆ ਤਾਂ ਉਸ ਨੇ ਹੱਥ ਹਿਲਾ ਕੇ ਉਸ ਨੂੰ ਆਪਣੀ ਪੈਂਦੀ ਬੈਠਣ ਦਾ ਇਸ਼ਾਰਾ ਕੀਤਾ।

"ਮੈਂ ਬਹੁਤ ਥੱਕ ਗਿਆ ਹਾਂ। ਲੱਤਾਂ ਵਿੱਚ ਥੋੜ੍ਹਾ ਦਰਦ ਮਹਿਸੂਸ ਹੋ ਰਿਹਾ ਹੈ। ਤੂੰ ਮੇਰੇ ਪੁੱਤਾਂ ਵਰਗਾ ਹੈਂ। ਥੋੜ੍ਹੀਆਂ ਲੱਤਾਂ ਘੁੱਟ ਦੇ ਤਾਂ ਕਿ ਕੁੱਝ ਚੈਨ ਮਿਲੇ।" ਫੋਰਮੈਨ ਦਾ ਲਹਿਜਾ ਨਰਮ ਅਤੇ ਪਿਆਰ ਭਰਿਆ ਸੀ।

ਹੱਥ ਵਿੱਚ ਫੜੀ ਕਾਪੀ ਇੱਕ ਪਾਸੇ ਰੱਖ ਕੇ ਕਾਲ਼ੀ ਫੋਰਮੈਨ ਦੀਆਂ ਲੱਤਾਂ ਘੁੱਟਣ ਲੱਗਾ।

"ਗੱਭਰੂ ਮੁੰਡਿਆਂ ਦਾ ਬੜਾ ਸੁਖ ਹੁੰਦਾ ਹੈ।" ਫੋਰਮੈਨ ਨੇ ਸਰੀਰ ਨੂੰ ਢਿੱਲਾ ਛੱਡ ਦਿੱਤਾ। "ਪ੍ਰਮਾਤਮਾ ਨੇ ਪੁੱਤ ਤਾਂ ਚਾਰ ਦਿੱਤੇ ਸਨ, ਪਰ ਸਭ ਉਸ ਨੂੰ ਹੀ ਪਿਆਰੇ ਹੋ ਗਏ।"

ਫੋਰਮੈਨ ਦੀ ਭਰੜਾਈ ਅਵਾਜ਼ ਸੁਣ ਕੇ ਕਾਲ਼ੀ ਵੀ ਉਦਾਸ ਹੋ ਗਿਆ।

"ਇੱਕ ਵੀ ਜਿਉਂਦਾ ਹੁੰਦਾ ਤਾਂ ਅੱਜ ਮੇਰੇ ਬਰਾਬਰ ਖੜ੍ਹਾ ਹੁੰਦਾ। ਮੇਰਾ ਭਾਰ ਵੰਡਾਉਂਦਾ। ਬੁਢਾਪੇ ਵਿੱਚ ਮੇਰਾ ਸਹਾਰਾ ਬਣਦਾ। ਮੇਰਾ ਵਾਰਿਸ ਹੁੰਦਾ। ਪਰ ਰੱਬ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਇੱਕ ਧੀ ਨੂੰ ਛੱਡ ਕੇ ਉਸ ਨੇ ਸਾਰੇ ਨਿਆਣੇ ਚੁੱਕ ਲਏ। ਸੁੱਖ ਨਾਲ਼ ਕੁੱਲ ਸੱਤ ਨਿਆਣੇ ਸਨ। ਸਾਰੇ ਜਿੰਦਾ ਹੁੰਦੇ ਤਾਂ ਅੱਜ ਘਰ ਵਿੱਚ ਚਹਿਲ ਪਹਿਲ ਹੋਣੀ ਸੀ। ਪਰ ਰਹਿ ਗਏ ਬਾਪ-ਬੇਟੀ। ਆਪਣੀ ਆਪਣੀ ਮੰਜੀ 'ਤੇ ਪਏ ਕੰਧਾਂ ਨਾਲ਼ ਗੱਲਾਂ ਕਰਦੇ ਰਹਿੰਦੇ ਹਾਂ।" ਫੋਰਮੈਨ ਬਹੁਤ ਉਦਾਸ ਅਤੇ ਭਾਵਕ ਹੋ ਗਿਆ ਸੀ।

ਕਾਲ਼ੀ ਵੀ ਆਪਣੀ ਸਮੱਸਿਆਵਾਂ ਨੂੰ ਭੁੱਲ ਕੇ ਫੋਰਮੈਨ ਦੀਆਂ ਗੱਲਾਂ ਵਿੱਚ ਪੂਰੀ ਤਰ੍ਹਾਂ ਖੁੱਭ ਕੇ ਉਦਾਸ ਹੋ ਗਿਆ ਅਤੇ ਬਹੁਤ ਸ਼ਰਧਾ ਅਤੇ ਤਮੰਨਾ ਨਾਲ਼ ਉਸ ਦੀਆਂ ਲੱਤਾਂ ਘੁੱਟਦਾ ਰਿਹਾ।

ਵੱਖਰੀ ਵੱਖਰੀ ਥਾਂਈਂ ਕੰਮ ਕਰ ਰਹੇ ਕਾਰੀਗਰ ਚੋਰੀ ਛਿੱਪੇ ਕਾਲ਼ੀ ਨੂੰ ਫੋਰਮੈਨ ਦੀਆਂ ਲੱਤਾਂ ਘੁੱਟਦੇ ਨੂੰ ਦੇਖ ਰਹੇ ਸਨ।

"ਕਿਸ਼ਨਿਆ, ਦੇਖਿਆ ਤੈਂ ?" ਨਿਹਾਲੇ ਨੇ ਸਵਾਲ਼ੀਆ ਨਜ਼ਰਾਂ ਨਾਲ਼ ਉਸ ਵੱਲ ਦੇਖਿਆ।

"ਹਾਂ ਯਾਰ, ਦੇਖ ਰਿਹਾਂ।" ਧਿਆਨ ਕਿਤੇ ਹੋਰ ਹੋਣ ਕਰਕੇ ਸੂਈ ਕਿਸ਼ਨੇ ਦੀ ਉਂਗਲੀ ਵਿੱਚ ਖੁੱਭ ਗਈ ਸੀ ਅਤੇ ਖ਼ੂਨ ਬੰਦ ਕਰਨ ਲਈ ਉਹ ਉਂਗਲੀ ਮੂੰਹ ਵਿੱਚ ਪਾਕੇ ਚੂਸ ਰਿਹਾ ਸੀ।

ਆਰਾਮ ਮਹਿਸੂਸ ਹੁੰਦਿਆਂ ਹੀ ਫੋਰਮੈਨ ਨੇ ਅੱਖਾਂ ਮੀਟ ਲਈਆਂ। ਉਹ ਸੋਚਣ ਲੱਗਾ ਕਿ ਕਾਲ਼ੀ ਵਰਗੇ ਚੰਗੇ ਮੁੰਡੇ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਲੋੜਵੰਦ ਹੋਣ ਦੇ ਕਾਰਨ ਉਹ ਬਹੁਤੀ ਆਨਾ ਕਾਨੀ ਵੀ ਨਹੀਂ ਕਰੇਗਾ। ਫੋਰਮੈਨ ਕਦੀ ਕਦੀ ਅੱਖਾਂ ਪੂਰੀ ਤਰ੍ਹਾਂ ਖੋਲ੍ਹ ਕੇ ਕਾਲ਼ੀ ਨੂੰ ਨਿਹਾਰਨ ਲਗਦਾ ਜਿਵੇਂ ਉਸ ਦੇ ਬਾਰੇ ਪੂਰੀ ਤਸੱਲੀ ਕਰ ਲੈਣੀ ਚਾਹੁੰਦਾ ਹੋਵੇ।

ਫੋਰਮੈਨ ਨੂੰ ਸ਼ਾਂਤ ਦੇਖ ਕੇ ਕਾਲ਼ੀ ਨੇ ਵੀ ਉਸ ਵੱਲ ਅੱਖਾਂ ਚੁੱਕ ਕੇ ਦੇਖਿਆ। ਉਸ

ਦੀਆਂ ਦੋਨਾਂ ਲੱਤਾਂ ਨੂੰ ਫੜੀ ਉਹ ਥੋੜ੍ਹਾ ਮੋਹਰ ਨੂੰ ਮੂਧਾ ਹੋ ਗਿਆ, "ਫੋਰਮੈਨ ਜੀ, ਤੁਹਾਨੂੰ ਇੱਕ ਬੇਨਤੀ ਕਰਨੀ ਸੀ।"

"ਬੋਲ, ਕੀ ਕਹਿਣਾ ਹੈ ?" ਫੋਰਮੈਨ ਨੇ ਆਸ ਭਰੀਆ ਨਜ਼ਰਾਂ ਨਾਲ਼ ਕਾਲ਼ੀ ਵੱਲ ਦੇਖਿਆ।

"ਤੁਸੀਂ ਮੈਨੂੰ ਕਾਰਖਾਨੇ ਦਾ ਹਿਸਾਬ ਕਿਤਾਬ ਰੱਖਣ ਦੇ ਨਾਲ਼ ਨਾਲ਼ ਹੌਜਾਂ ਵਿੱਚ ਵੀ ਕੰਮ ਕਰ ਲੈਣ ਦਿਓ। ਮੇਰੇ ਹੱਥ ਕਾਫੀ ਹੱਦ ਤੱਕ ਠੀਕ ਹੋ ਗਏ ਹਨ।"

"ਤੇਰਾ ਦਿਮਾਗ ਤਾਂ ਠੀਕ ਹੈ ?" ਫੋਰਮੈਨ ਮੰਜੀ ਤੋਂ ਉੱਠ ਖੜ੍ਹਾ ਹੋਇਆ।

"ਫੋਰਮੈਨ ਜੀ, ਦਿਮਾਗ ਤਾਂ ਮੇਰਾ ਠੀਕ ਹੈ ਇਸ ਲਈ ਬੇਨਤੀ ਕੀਤੀ ਹੈ।" ਕਾਲ਼ੀ ਨੇ ਅੱਖਾਂ ਚੁੱਕ ਕੇ ਉਹਦੀ ਵੱਲ ਦੇਖਿਆ ਅਤੇ ਫਿਰ ਨਜ਼ਰਾਂ ਨੀਵੀਆਂ ਕਰ ਲਈਆਂ। "ਜਿੰਦਰ ਅਤੇ ਬੰਸਾ ਮੇਰੇ ਨਾਲ਼ ਇਸ ਲਈ ਨਾਰਾਜ਼ ਹਨ ਕਿ ਮੇਰੇ ਕਰਕੇ ਉਨ੍ਹਾਂ ਨੂੰ ਦੁਆਰਾ ਹੌਜਾਂ 'ਤੇ ਕੰਮ ਕਰਨਾ ਪਿਆ ਹੈ। ਬਾਕੀ ਕਾਮੇ ਇਸ ਲਈ ਮੇਰੇ ਨਾਲ਼ ਖੁਸ਼ ਨਹੀਂ ਹਨ ਕਿਉਂਕਿ ਉਹ ਸੋਚਦੇ ਹਨ ਕਿ ਮੁਨਸ਼ੀ ਦਾ ਕੰਮ ਕਰਨ ਦੀ ਮੈਨੂੰ ਜ਼ਿਆਦਾ ਤਨਖਾਹ ਮਿਲੂਗੀ। ਕਾਰਖਾਨੇ ਵਿੱਚ ਮੈਂ ਬਿਲਕੁਲ ਕੱਲਾ ਰਹਿ ਗਿਆ ਹਾਂ।"

ਹੁੱਕਾ ਆਪਣੇ ਕੋਲ਼ ਖਿੱਚ ਕੇ ਫੋਰਮੈਨ ਲੰਮੇ ਲੰਮੇ ਸੂਟੇ ਲੈਣ ਲੱਗਾ। ਉਸ ਨੇ ਹੁੱਕੇ ਦੀ ਨੜੀ ਥੋੜ੍ਹੀ ਘੁਮਾ ਦਿੱਤੀ ਅਤੇ ਕਾਲ਼ੀ ਦੀਆਂ ਅੱਖਾਂ ਵਿੱਚ ਦੇਖਣ ਲੱਗਾ, "ਦੇਖ ਬੱਲਿਆ।"

ਕਾਲ਼ੀ ਨੇ ਫੋਰਮੈਨ ਵੱਲ ਦੇਖਿਆ ਤਾਂ ਉਹ ਇੱਕ ਇੱਕ ਸ਼ਬਦ ਨੂੰ ਚਬਾਉਂਦਾ ਹੋਇਆ ਬੋਲਿਆ, "ਤੂੰ ਜਾਣਦਾ ਹੀ ਹੈਂ ਕਿ ਮੈਂ ਇਕੱਲਾ ਹੀ ਇਹਨਾਂ ਲਈ ਕਾਫੀ ਹਾਂ। ਮੈਂ ਸਾਰਿਆਂ ਨੂੰ ਹੁਣੇ, ਇਸ ਹੀ ਵਕਤ ਨੌਕਰੀ ਤੋਂ ਕੱਢ ਦੇਵਾਂਗਾ। ਕਾਰਖਾਨਾ ਬੰਦ ਕਰ ਦੇਵਾਂ ਤਾਂ ਵੀ ਲਾਲਾ ਮੈਨੂੰ ਕੁੱਸ਼ ਨਹੀਂ ਕਹੇਗਾ। ਜਦ ਤੱਕ ਲਾਲੇ ਨੂੰ ਮੇਰੇ 'ਤੇ ਭਰੋਸਾ ਹੈ, ਇਸ ਕਾਰਖਾਨੇ ਵਿੱਚ ਮੇਰਾ ਹੀ ਹੁਕਮ ਚੱਲੂਗਾ, ਸਮਝਿਆ।"

"ਹਾਂ ਜੀ।" ਕਾਲ਼ੀ ਨੇ ਹੌਲ਼ੀ ਜਿਹੀ ਸਿਰ ਹਿਲਾਇਆ।

"ਜਦ ਮੈਂ ਤੇਰੇ ਨਾਲ਼ ਹਾਂ ਤਾਂ ਤੈਨੂੰ ਇਹਨਾਂ ਤੋਂ ਡਰ ਕਿਉਂ ਲਗਦਾ ਹੈ ?" ਫੋਰਮੈਨ ਨੇ ਨਫ਼ਰਤ ਨਾਲ਼ ਚਾਰੇ ਪਾਸੇ ਦੇਖਿਆ।

ਕਾਲ਼ੀ ਦੇ ਕੋਲ਼ ਫੋਰਮੈਨ ਦੀ ਕਹੀ ਗੱਲ ਦਾ ਕੋਈ ਜਵਾਬ ਨਹੀਂ ਸੀ। ਉਸ ਦੀ ਗੱਲ ਠੀਕ ਹੋਣ ਦੇ ਬਾਵਜੂਦ ਉਹ ਉਸ 'ਤੇ ਯਕੀਨ ਕਰਨ ਲਈ ਤਿਆਰ ਨਹੀਂ ਸੀ।

"ਜਵਾਬ ਕਿਉਂ ਨਹੀਂ ਦਿੰਦਾ ?" ਫੋਰਮੈਨ ਦੀ ਅਵਾਜ਼ ਉੱਚੀ ਹੋ ਗਈ।

ਕਾਲ਼ੀ ਚੌਂਕ ਗਿਆ ਅਤੇ ਉਸ ਦਾ ਹਾਵ ਭਾਵ ਬਦਲਣ ਲੱਗਾ, "ਫੋਰਮੈਨ ਜੀ, ਦਿਨ ਨੂੰ ਤਾਂ ਮੈਨੂੰ ਕੋਈ ਫਰਕ ਨਹੀਂ ਪੈਂਦਾ। ਰਾਤ ਨੂੰ ਮੈਂ ਕੱਲਾ ਰਹਿ ਜਾਂਦਾ ਹਾਂ।"

"ਮੈਂ ਇਸ ਦਾ ਵੀ ਇੰਤਜ਼ਾਮ ਕਰ ਦਿਆਂਗਾ। ਇੱਕ ਗੱਲ ਯਾਦ ਰੱਖੀਂ।" ਫੋਰਮੈਨ ਨੇ ਕਾਲ਼ੀ ਦੇ ਮੌਢੇ 'ਤੇ ਹੱਥ ਰੱਖ ਦਿੱਤਾ, "ਜੇ ਕੋਈ ਤੇਰੇ ਵੱਲ ਬੁਰੀ ਨਿਗ੍ਹਾ ਨਾਲ਼ ਦੇਖੂਗਾ ਤਾਂ ਮੈਂ ਉਸ ਦੀਆਂ ਅੱਖਾਂ ਕੱਢ ਦਿਆਂਗਾ।"

ਕਾਲ਼ੀ ਨੇ ਕੋਈ ਜਵਾਬ ਨਾ ਦਿੱਤਾ। ਫੋਰਮੈਨ ਦੇ ਕੌੜੇ ਲਫਜ਼ ਸੁਣ ਕੇ ਉਹ ਹੋਰ ਵੀ

ਸਹਿਮ ਗਿਆ ਸੀ।

"ਅੱਜ ਕਿੰਨੀਆਂ ਖੱਲਾਂ ਲੈ ਕੇ ਆਇਆਂ ?"

"ਬੱਤੀ।"

"ਕੱਲ ਤੋਂ ਚਾਰ ਘੱਟ ਚਾਲ੍ਹੀ ਖੱਲਾਂ ਲਿਆਈਂ। ਮੈਂ ਇਹਨਾਂ ਨੂੰ ਕੰਨ ਖੁਰਕਣ ਦਾ ਵੀ ਵਿਹਲ ਨਹੀਂ ਦੇਣਾ।" ਫੋਰਮੈਨ ਨੇ ਦੰਦ ਪੀਹੇ, "ਇੱਕ ਇੱਕ ਦੀ ਬਦਮਾਸ਼ੀ ਕੱਢ ਦਿਆਂਗਾ। ਐਸੀ ਸਜ਼ਾ ਦਿਆਂਗਾ ਕਿ ਰੋਣਾ ਚਾਹੁੰਦਿਆਂ ਹੋਇਆ ਵੀ ਰੋ ਨਾ ਸਕਣ।"

ਫੋਰਮੈਨ ਦੀਆਂ ਭਬਕੀਆਂ ਸਾਰੇ ਸੁਣ ਰਹੇ ਸਨ। ਭੈ-ਭੀਤ ਹੋਏ ਉਹ ਇੱਕ ਦੂਸਰੇ ਵੱਲ ਨੂੰ ਦੇਖਣ ਲੱਗੇ।

"ਯਾਰਾ, ਗੱਲ ਕੁੱਝ ਜ਼ਿਆਦਾ ਹੀ ਵਿਗੜ ਰਹੀ ਹੈ।" ਬੰਸਾ ਬੁੜਬੜਾਇਆ।

"ਦੇਖੋ, ਰੱਬ ਭਲੀ ਕਰੇਗਾ।" ਜਿੰਦਰ ਨੇ ਸਰਗੋਸ਼ੀ ਕੀਤੀ।

ਜਦ ਫੋਰਮੈਨ ਥੋੜ੍ਹਾ ਸ਼ਾਂਤ ਹੋ ਗਿਆ ਤਾਂ ਕਾਲ਼ੀ ਨੇ ਮੰਜੀ ਤੋਂ ਕਾਪੀ ਚੁੱਕ ਲਈ, "ਮੈਂ ਦੁਕਾਨ 'ਤੇ ਜਾ ਕੇ ਮੁਨੀਮ ਜੀ ਨੂੰ ਕੱਲ ਲਈ ਕੱਚੀਆਂ ਖੱਲਾਂ ਦਾ ਆਡਰ ਲਿਖਾ ਆਵਾਂ।"

"ਕਾਰਖਾਨਾ ਬੰਦ ਹੋਣ ਤੋਂ ਬਾਅਦ ਚਲੇ ਜਾਈਂ। ਦਿਨ ਭਰ ਦਾ ਹਿਸਾਬ ਕਿਤਾਬ ਭੁਗਤਾਨ ਲਈ ਮੁਨੀਮ ਕਾਫੀ ਲੇਟ ਤੱਕ ਬੈਠਾ ਹੁੰਦਾ ਹੈ।"

"ਬਹੁਤ ਅੱਛਾ ਜੀ।" ਕਾਲ਼ੀ ਨੇ ਸਿਰ ਝੁਕਾ ਦਿੱਤਾ।

"ਅਤੇ ਮੁਨੀਮ ਨੂੰ ਮਿਲ਼ ਕੇ ਮੇਰੇ ਘਰ ਆ ਜਾਈਂ। ਪਤਾ ਹੈ ਨਾ ਘਰ ਦਾ ?"

"ਥੋੜ੍ਹਾ ਪਤਾ ਹੈ। ਬਾਕੀ ਪੁੱਛ ਲਵਾਂਗਾ।"

"ਠੀਕ ਹੈ, ਯਾਦ ਨਾਲ਼ ਪਹੁੰਚ ਜਾਈਂ।" ਫੋਰਮੈਨ ਨੇ ਤਕੀਦ ਕੀਤੀ।

"ਅੱਛਾ ਜੀ, ਪਹੁੰਚ ਜਾਉਂਗਾ।" ਕਾਲ਼ੀ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਦਫਤਰ ਵੱਲ ਨੂੰ ਤੁਰ ਪਿਆ।

ਜਦ ਉਹ ਹੌਜਾਂ ਦੇ ਨੇੜੇ ਗਿਆ ਤਾਂ ਜਿੰਦਰ ਅਤੇ ਬੰਸੇ ਨੇ ਉਸ ਵੱਲ ਨਾ ਦੇਖਿਆ। ਉਹ ਗਰਦਨਾਂ ਝੁਕਾਈ ਆਪਣਾ ਕੰਮ ਕਰਦੇ ਰਹੇ। ਦਲਾਨਾਂ ਵਿੱਚ ਖੱਲਾਂ ਦੀ ਸਿਲਾਈ, ਮਲ਼ਾਈ ਅਤੇ ਛਿਲਾਈ ਵਿੱਚ ਲੱਗੇ ਹੋਏ ਕਾਰੀਗਰਾਂ ਨੇ ਵੀ ਕਾਲ਼ੀ ਵੱਲ ਕੋਈ ਧਿਆਨ ਨਾ ਦਿੱਤਾ। ਸਿਰਫ ਕਿਸ਼ਨੇ ਨੇ ਅੱਖ ਭਰ ਕੇ ਉਸ ਵੱਲ ਦੇਖਿਆ ਜਿਵੇਂ ਉਹ ਪਤਾ ਕਰਨਾ ਚਾਹੁੰਦਾ ਹੋਵੇ ਕਿ ਕਾਲ਼ੀ ਕਿਸ ਹੱਦ ਤੱਕ ਬਦਲ ਗਿਆ ਹੈ।

ਕਾਲ਼ੀ ਨੀਵੀਂ ਪਾਈ ਦਫਤਰ ਵਿੱਚ ਆ ਗਿਆ। ਕੁਰਸੀ ਦੀ ਥਾਂ ਉਹ ਬੈਂਚ 'ਤੇ ਬੈਠ ਕੇ ਸੋਚਣ ਲੱਗਾ ਕਿ ਕਾਰਖਾਨੇ ਦਾ ਮਾਹੌਲ ਕਿਸ ਤਰ੍ਹਾਂ ਇਕਦਮ ਬਦਲ ਗਿਆ ਹੈ। ਸਹੂਲਤਾਂ ਅਤੇ ਮੰਗਾਂ ਤਾਂ ਇੱਕ ਪਾਸੇ ਰਹਿ ਗਈਆਂ, ਨੌਕਰੀ ਨੂੰ ਵੀ ਖਤਰਾ ਬਣ ਗਿਆ ਹੈ। ਉਸ ਨੂੰ ਇਹ ਖਿਆਲ ਆਉਂਦਿਆਂ ਹੀ ਧੱਕਾ ਜਿਹਾ ਲੱਗਾ ਕਿ ਫੋਰਮੈਨ ਇੱਕ ਵਾਰ ਫਿਰ ਉਨ੍ਹਾਂ ਸਾਰਿਆਂ ਦੀ ਤਕਦੀਰ ਦਾ ਮਾਲਕ ਬਣ ਬੈਠਾ ਹੈ।

## ਉੱਨੀ

ਕਾਲ਼ੀ ਨੇ ਡਰਦਿਆਂ ਡਰਦਿਆਂ ਬੂਹਾ ਖੜਕਾਇਆ ਅਤੇ ਇੱਕ ਕਦਮ ਪਿੱਛੇ ਹਟ ਕੇ ਸਾਹ ਰੋਕ ਕੇ ਜਵਾਬ ਦੀ ਉਡੀਕ ਕਰਨ ਲੱਗਾ।

ਬੂਹੇ ਦੇ ਪਿੱਛੇ ਕਿਸੇ ਆਦਮੀ ਦੇ ਖੰਘਣ ਦੀ ਅਵਾਜ਼ ਆ ਰਹੀ ਸੀ ਅਤੇ ਖੰਘ ਨਾਲ਼ ਕਦੀ ਕਦੀ ਠੱਕ ਠੱਕ ਦੀ ਅਵਾਜ਼ ਵੀ ਰਲ਼ ਜਾਂਦੀ ਜਿਵੇਂ ਲੱਕੜੀ ਨੂੰ ਜ਼ਮੀਨ ਵਿੱਚ ਗੱਡਣ ਲਈ ਹਥੌੜੇ ਨਾਲ਼ ਠੋਕਣ ਦੀ ਅਵਾਜ਼ ਹੋਵੇ।

ਕਾਲ਼ੀ ਨੂੰ ਅੰਦਰੋਂ ਕੋਈ ਜਵਾਬ ਨਾ ਮਿਲਿਆ ਤਾਂ ਉਹ ਘਬਰਾ ਗਿਆ। ਉਸ ਨੇ ਸੋਚਿਆ ਕਿ ਸ਼ਾਇਦ ਉਹ ਗਲਤ ਜਗ੍ਹਾ 'ਤੇ ਆ ਗਿਆ ਹੋਵੇ। ਪਰ ਮੁਹੱਲੇ ਦਾ ਜਿਹੜਾ ਆਦਮੀ ਉਸ ਨੂੰ ਇਥੇ ਛੱਡ ਗਿਆ ਸੀ ਉਹ ਫੋਰਮੈਨ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਫਿਰ ਉਸ ਦਾ ਮਕਾਨ ਵੀ ਆਪਣਾ ਹੈ। ਕਿਰਾਏ ਦਾ ਮਕਾਨ ਤਾਂ ਬਦਲਿਆ ਵੀ ਜਾ ਸਕਦਾ ਹੈ ਪਰ ਆਪਣਾ ਮਕਾਨ ਤਾਂ ਕੋਈ ਛੱਡ ਕੇ ਨਹੀਂ ਜਾ ਸਕਦਾ।

ਕਾਲ਼ੀ ਨੇ ਹੌਸਲਾ ਕਰਕੇ ਇੱਕ ਵਾਰ ਫਿਰ ਥੋੜ੍ਹਾ ਜ਼ੋਰ ਨਾਲ਼ ਬੂਹਾ ਖੜਕਾਇਆ ਅਤੇ ਦੋ ਕੁ ਪੈਰ ਪਿੱਛੇ ਹੱਟ ਕੇ ਜਵਾਬ ਦੀ ਉਡੀਕ ਕਰਨ ਲੱਗਾ। ਖੰਘ ਅਤੇ ਠੋਕਾ ਠਾਕੀ ਦੀ ਅਵਾਜ਼ ਬੰਦ ਹੋ ਗਈ ਅਤੇ ਬੂਹੇ ਦੇ ਪਿੱਛੇ ਪੂਰੀ ਖਾਮੋਸ਼ੀ ਛਾਅ ਗਈ ਸੀ। ਕਾਲ਼ੀ ਨੇ ਠੱਪ ਠੱਪ ਦੀ ਅਵਾਜ਼ ਸੁਣੀ ਜਿਵੇਂ ਕੋਈ ਕਾਹਲ਼ੀ ਕਾਹਲ਼ੀ ਪੱਕੀ ਪੌੜੀ ਉੱਤਰ ਰਿਹਾ ਹੋਵੇ।

ਜਦ ਠੱਪ-ਠੱਪ ਦੀ ਅਵਾਜ਼ ਹੋਰ ਵੀ ਨੇੜੇ ਆ ਗਈ ਤਾਂ ਕਾਲ਼ੀ ਨੇ ਦੌੜ ਕੇ ਇੱਕ ਵਾਰ ਫਿਰ ਜ਼ੋਰ ਨਾਲ਼ ਬੂਹਾ ਖੜ੍ਹਕਾਇਆ ਅਤੇ ਤਿੰਨ ਕਦਮ ਪਿੱਛੇ ਹੋ ਕੇ ਖੜ੍ਹ ਗਿਆ।

ਬੂਹੇ ਦੇ ਪਿੱਛਿਉਂ ਖੰਘਣ ਦੀ ਅਵਾਜ਼ ਸੁਣ ਕੇ ਉਹ ਚੁਕੰਨਾ ਹੋ ਗਿਆ। ਕੁੰਢਾ ਖੁੱਲ੍ਹਣ ਦਾ ਖੜਕਾ ਸੁਣ ਕੇ ਕਾਲ਼ੀ ਦਾ ਸਾਹ ਰੁਕ ਜਿਹਾ ਗਿਆ ਅਤੇ ਉਸ ਨੇ ਗਲ਼ੀ ਵਿੱਚ ਖੜ੍ਹੇ ਖੜ੍ਹੇ ਨੇ ਆਪਣੇ ਆਪ ਨੂੰ 'ਕੱਠਾ ਜਿਹਾ ਕੀਤਾ।

ਬੂਹਾ ਖੁੱਲ੍ਹਿਆ ਤਾਂ ਕਾਲ਼ੀ ਦੇ ਸਾਹਮਣੇ ਫੋਰਮੈਨ ਖੜ੍ਹਾ ਸੀ। ਉਸ ਨੇ ਲੱਕ ਦੁਆਲ਼ੇ ਸਿਰਫ ਸਾਫਾ ਲਪੇਟਿਆ ਹੋਇਆ ਸੀ ਅਤੇ ਬਾਕੀ ਸਰੀਰ ਨੰਗਾ ਸੀ। ਉਹਦੇ ਢਿੱਡ ਦਾ ਵਧਿਆ ਹੋਇਆ ਮਾਸ ਥੱਲੇ ਨੂੰ ਢਿਲਕਿਆ ਹੋਇਆ ਸੀ ਜਿਸ ਥੱਲੇ ਉਸ ਦੇ ਬੰਨ੍ਹੇ ਹੋਏ ਸਾਫੇ ਦੀ ਗੰਢ ਲੁਕੀ ਹੋਈ ਸੀ।

"ਮੱਥਾ ਟੇਕਦਾ ਹਾਂ।" ਅੱਗੇ ਹੋ ਕੇ ਕਾਲ਼ੀ ਫੋਰਮੈਨ ਦੇ ਪੈਰਾਂ 'ਤੇ ਝੁਕ ਗਿਆ।

"ਸੁਖੀ ਰਹਿ।" ਫੋਰਮੈਨ ਨੇ ਬੂਹੇ ਵਿੱਚ ਖੜ੍ਹੇ ਖੜ੍ਹੇ ਨੇ ਹੀ ਅਸ਼ੀਰਵਾਦ ਦਿੱਤਾ।

"ਕਦੋਂ ਆਇਆ ਤੂੰ ?"

"ਥੋੜ੍ਹੀ ਦੇਰ ਹੀ ਹੋਈ ਹੈ।"

"ਤੂੰ ਬੂਹਾ ਤਾਂ ਖੜ੍ਹਕਾਉਂਦਾ ?"

"ਬੂਹਾ ਤਾਂ ਤਿੰਨ ਵਾਰ ਖੜ੍ਹਕਾਇਆ ਸੀ। ਸ਼ਾਇਦ ਤੁਹਾਨੂੰ ਅੰਦਰ ਸੁਣਿਆ ਨਹੀਂ।"

"ਅੱਛਾ !" ਫੋਰਮੈਨ ਹੈਰਾਨ ਰਹਿ ਗਿਆ, "ਆ, ਅੰਦਰ ਆ।"

ਫੋਰਮੈਨ ਦੇ ਪਿੱਛੇ ਪਿੱਛੇ ਕਾਲ਼ੀ ਵਿਹੜੇ ਵਿੱਚ ਆ ਗਿਆ। ਫੋਰਮੈਨ ਨੇ ਹਾਕ ਮਾਰੀ, "ਭੋਲੀਏ ... ਨੀ ਭੋਲੀਏ ?"

ਰਸੋਈ ਦੇ ਬੂਹੇ ਵਿੱਚ ਇੱਕ ਕੁੜੀ ਸਾਹਮਣੇ ਆਈ। ਉੱਥੇ ਰੌਸ਼ਨੀ ਥੋੜ੍ਹੀ ਅਤੇ ਧੂੰਆਂ ਘੱਟ ਹੋਣ ਦੇ ਕਾਰਨ, ਕਾਲ਼ੀ ਉਸ ਦੀ ਸ਼ਕਲ ਸੁਰਤ ਚੰਗੀ ਤਰ੍ਹਾਂ ਨਾ ਦੇਖ ਸਕਿਆ।

"ਤੂੰ ਕਿੱਥੇ ਸੀ ? ਕਾਲ਼ੀ ਨੇ ਤਿੰਨ ਵਾਰ ਬੂਹਾ ਖੜਕਾਇਆ ਸੀ ਪਰ ਤੂੰ ਧਿਆਨ ਹੀ ਨਹੀਂ ਦਿੱਤਾ। ਬੂਹਾ ਨਹੀਂ ਖੋਲ੍ਹਿਆ।"

"ਭਾਈਆ, ਅਵਾਜ਼ ਸੁਣੀ ਤਾਂ ਸੀ ਪਰ ਮੈਂ ਸਮਝੀ ਕਿ ਕੋਈ ਗੁਆਂਢੀਆਂ ਦਾ ਬੂਹਾ ਖੜ੍ਹਕਾ ਰਿਹਾ ਹੈ। ਮੈਨੂੰ ਕੀ ਪਤਾ ਸੀ ਕਿ ਇਹ ਸਾਡੇ ਹੀ ਬੂਹੇ ਦੀ ਅਵਾਜ਼ ਸੀ।" ਭੋਲੀ ਨੇ ਸਫਾਈ ਦਿੱਤੀ।

"ਝੱਲੀ ਨਾ ਹੋਵੇ ਤਾਂ। ਆਪਣੇ ਬੂਹੇ ਦੇ ਖੜ੍ਹਕੇ ਨੂੰ ਗੁਆਂਢੀਆਂ ਦਾ ਬੂਹਾ ਸਮਝਦੀ ਹੈ।" ਫੋਰਮੈਨ ਹੱਸਿਆ।

"ਨਹੀਂ ਭਾਈਆ। ਮੇਰੇ ਨਾਲ਼ ਕਈ ਵਾਰ ਏਦਾਂ ਹੋਇਆ ਹੈ।"

"ਕਿੱਦਾਂ ?"

"ਕੋਈ ਗੁਆਂਢੀਆਂ ਦਾ ਬੂਹਾ ਖੜ੍ਹਕਾ ਰਿਹਾ ਸੀ ਪਰ ਬੂਹਾ ਮੈਂ ਖੋਲ੍ਹ ਦਿੱਤਾ।"

"ਚੱਲ ਰਹਿਣ ਦੇ, ਝੱਲੀ।" ਫੋਰਮੈਨ ਨੇ ਪਿਆਰ ਨਾਲ਼ ਝਿੜਕਿਆ, "ਐਨੀ ਛੇਤੀ ਬੂਹੇ ਦਾ ਕੁੰਡਾ ਕਿਉਂ ਲਾ ਦਿੰਦੀ ਆਂ ?"

"ਭਾਈਆ, ਬੂਹਾ ਖੁੱਲ੍ਹਾ ਦੇਖ ਕੇ ਕੁੱਤੇ ਅੰਦਰ ਆ ਜਾਂਦੇ ਹਨ। ਪੂਰੇ ਘਰ ਵਿੱਚ ਦੌੜੇ ਫਿਰਦੇ ਚਾਰੇ ਪਾਸੇ ਸਭ ਕੁੱਝ ਸੁੰਘਦੇ ਫਿਰਦੇ ਹਨ। ਮੈਂ ਘਰ ਦਾ ਕੰਮ ਕਰਾਂ ਜਾਂ ਉਨ੍ਹਾਂ ਦੇ ਮਗਰ ਸੋਟਾ ਲੈ ਕੇ ਫਿਰਾਂ।"

"ਚੱਲ ਰਹਿਣ ਦੇ, ਜਾ ਕੰਮ ਕਰ ਆਪਣਾ।" ਫੋਰਮੈਨ ਨੇ ਪਿਆਰ ਨਾਲ਼ ਝਿੜਕਿਆ, "ਨਾਂ ਦੀ ਭੋਲੀ ਨਹੀਂ, ਸਚਮੁੱਚ ਹੀ ਭੋਲ਼ੀ ਹੈ। ਸਿੱਧੀ ਸਾਦੀ ਅਤੇ ਨਿਰਛੱਲ।"

ਭੋਲੀ ਮੁੜ ਕੇ ਰਸੋਈ ਵਿੱਚ ਚਲੀ ਗਈ ਤਾਂ ਫੋਰਮੈਨ ਕਾਲ਼ੀ ਵੱਲ ਨੂੰ ਵਧਿਆ, ਸੁਣਾ, ਘਰ ਲੱਭਣ ਵਿੱਚ ਕੋਈ ਔਖਿਆਈ ਤਾਂ ਨਹੀਂ ਆਈ ?"

"ਨਹੀਂ ਜੀ, ਗਲ਼ੀ ਤੱਕ ਤਾਂ ਅਰਾਮ ਨਾਲ਼ ਪਹੁੰਚ ਗਿਆ ਸੀ। ਫੇਰ ਘਰ ਕਿਸੇ ਤੋਂ ਪੁੱਛ ਲਿਆ। ਕੋਈ ਭਲਾ ਆਦਮੀ ਸੀ। ਉਹ ਮੈਨੂੰ ਬੂਹੇ ਤੱਕ ਛੱਡ ਗਿਆ। ਤੁਹਾਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ।"

ਕਾਲ਼ੀ ਤੋਂ ਆਪਣੀ ਸਿਫਤ ਸੁਣ ਕੇ ਫੋਰਮੈਨ ਖੁਸ਼ ਹੋ ਗਿਆ, "ਮੈਂ ਇਸ ਮੁਹੱਲੇ ਵਿੱਚ ਕਿਤੇ ਹੁਣ ਤੋਂ ਰਹਿੰਦਾ ਹਾਂ ? ਜਦ ਮੈਂ ਇਸ ਘਰ ਵਿੱਚ ਆਇਆ ਸੀ ਤਾਂ ਆਲ਼ੇ ਦੁਆਲ਼ੇ ਸਭ ਤੌੜ ਹੀ ਤੌੜ ਸਨ। ਕਿਤੇ ਕਿਤੇ ਕੋਠਾ ਦਿਖਾਈ ਦਿੰਦਾ ਸੀ। ਇਹ ਘਰ ਵੀ ਇਹੋ ਜਿਹਾ ਨਹੀਂ ਸੀ। ਬਸ, ਇਹ ਹੀ ਇੱਕ ਕੋਠਾ ਸੀ ਜਿਥੇ ਮੱਝ ਬੰਨ੍ਹੀ ਹੋਈ ਹੈ।" ਫੋਰਮੈਨ ਨੇ ਗਰਦਨ ਘੁਮਾ ਕੇ ਇਸ਼ਾਰਾ ਕੀਤਾ।

ਮੱਝ ਦਾ ਨਾਂ ਸੁਣ ਕੇ ਕਾਲ਼ੀ ਨੂੰ ਸੱਜਰੇ ਗੋਹੇ ਅਤੇ ਪਿਸ਼ਾਬ ਦਾ ਮੁਸ਼ਕ ਆਉਣ ਲੱਗਾ ਅਤੇ ਉਹ ਵਿਹੜੇ ਵਿੱਚ ਚਾਰੇ ਪਾਸੇ ਦੇਖਣ ਲੱਗਾ। ਉਸ ਦੀਆਂ ਨਜ਼ਰਾਂ ਇੱਕ ਕਿੱਲੇ 'ਤੇ ਟਿਕ ਗਈਆਂ।

"ਜਦ ਤੂੰ ਪਹਿਲੀ ਵਾਰ ਕੁੰਡਾ ਖੜਕਾਇਆ ਸੀ ਤਾਂ ਸ਼ਾਇਦ ਮੈਂ ਇਹ ਕਿੱਲਾ ਠੋਕ ਰਿਹਾ ਸੀ।" ਫੋਰਮੈਨ ਨੇ ਅੰਦਾਜ਼ਾ ਲਾਇਆ।

"ਹਾਂ ਜੀ, ਬਾਹਰ ਗਲ਼ੀ ਵਿੱਚ ਵੀ ਠੱਕ ਠੱਕ ਦੀ ਅਵਾਜ਼ ਸੁਣਦੀ ਸੀ।"

"ਅਸਲ ਵਿੱਚ ਇਸ ਕਿੱਲੇ ਨਾਲ਼ ਮੱਝ ਨੂੰ ਬੰਨ੍ਹਦੇ ਹਾਂ। ਮਿੱਟੀ ਪੋਲੀ ਹੋ ਜਾਣ ਕਰਕੇ ਉਹ ਦੂਜੇ ਚੌਥੇ ਦਿਨ ਕਿੱਲਾ ਪੱਟ ਕੇ ਕੱਟਡੂ ਦੇ ਕੋਲ਼ ਚਲੇ ਜਾਂਦੀ ਸੀ। ਹੁਣੇ ਹੁਣੇ ਸੂਈ ਹੈ ਨਾ। ਕੱਟਡੂ ਨਾਲ਼ ਬਹੁਤ ਮੋਹ ਕਰਦੀ ਹੈ ਤੇ ਉਹ ਸਾਰਾ ਦੁੱਧ ਚੁੰਘ ਜਾਂਦਾ ਹੈ। ਹੁਣ ਮੈਂ ਰੋੜੇ ਪਾ ਕੇ ਕਿੱਲੇ ਨੂੰ ਮਜ਼ਬੂਤੀ ਨਾਲ਼ ਗੱਡ ਦਿੱਤਾ ਹੈ।" ਫੋਰਮੈਨ ਆਪਣੀਆਂ ਬਾਹਾਂ 'ਤੇ ਹੱਥ ਫੇਰਨ ਲੱਗਾ।

ਫੋਰਮੈਨ ਅਤੇ ਕਾਲ਼ੀ ਕੁੱਝ ਪੱਲ ਚੁੱਪ ਰਹੇ। ਫੋਰਮੈਨ ਨੂੰ ਜਿਵੇਂ ਕੁੱਝ ਅਚਾਨਕ ਯਾਦ ਆ ਗਿਆ ਹੋਵੇ। ਉਹ ਹੜਬੜਾਇਆ, "ਮੈਂ ਤਾਂ ਗੱਲਾਂ ਗੱਲਾਂ ਵਿੱਚ ਪੁੱਛਣਾ ਹੀ ਭੁੱਲ ਗਿਆ। ਲੱਸੀ ਪਾਣੀ ਦਾ ਦੱਸ। ਮਿੱਠਾ ਪਾਉਣਾ ਜਾਂ ਲੂਣ ਵਾਲ਼ੀ ?"

"ਨਾ ਜੀ। ਮੈਂ ਖਾ ਪੀ ਕੇ ਆਇਆਂ। ਅਜੇ ਥਿਆਹ ਨਹੀਂ।" ਕਾਲ਼ੀ ਨੇ ਨਾਂਹ ਵਿੱਚ ਹੱਥ ਖੜ੍ਹੇ ਕਰ ਦਿੱਤੇ।

"ਨਹੀਂ, ਸ਼ਰਮਾਉਣ ਵਾਲ਼ੀ ਕਿਹੜੀ ਗੱਲ ਆ। ਇਹਨੂੰ ਆਪਣਾ ਹੀ ਘਰ ਸਮਝ।" ਫੋਰਮੈਨ ਨੇ ਜ਼ੋਰ ਪਾਇਆ।

"ਨਾ ਜੀ, ਜ਼ਰੂਰਤ ਹੁੰਦੀ ਤਾਂ ਮੈਂ ਮੰਗ ਕੇ ਪੀ ਲੈਣੀ ਸੀ।" ਕਾਲ਼ੀ ਨੇ ਆਪਣਾਪਨ ਦਿਖਾਉਂਦਿਆਂ ਕਿਹਾ।

"ਚੰਗਾ ਭਾਈ, ਤੇਰੀ ਮਰਜ਼ੀ। ਮਿੰਟ ਇੱਕ ਲੱਗਣਾ ਹੈ।" ਫੋਰਮੈਨ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਦੇਖਿਆ। ਫਿਰ ਉਸ ਵੱਲ ਨੂੰ ਪੱਖਾ ਕਰ ਦਿੱਤਾ, "ਤੂੰ ਦੋ ਮਿੰਟ ਅਰਾਮ ਕਰ ਲੈ। ਮੈਂ ਪਿੰਡੇ 'ਤੇ ਪਾਣੀ ਪਾ ਆਵਾਂ। ਬਹੁਤ ਗਰਮੀ ਲੱਗ ਰਹੀ ਹੈ।"

ਫੋਰਮੈਨ ਰਸੋਈ ਦੇ ਨੇੜੇ ਲੱਗੇ ਨਲ਼ਕੇ ਕੋਲ਼ ਚਲਾ ਗਿਆ ਅਤੇ ਹੈਂਡਲ ਉੱਤੇ ਥੱਲੇ ਹਿਲਾਉਂਦਾ ਹੋਇਆ ਬਾਲਟੀ ਭਰਨ ਲੱਗਾ।

ਕਾਲ਼ੀ ਗਰਦਨ ਘੁਮਾ ਕੇ ਆਪਣੇ ਚਾਰੇ ਪਾਸੇ ਦੇਖਦਾ ਰਿਹਾ। ਘਰ ਦਾ ਵਿਹੜਾ ਕਾਫੀ ਖੁੱਲ੍ਹਾ ਸੀ। ਲੰਮੇ ਦਲਾਨ ਦੇ ਇੱਕ ਪਾਸੇ ਰਸੋਈ ਸੀ ਦੂਜੇ ਪਾਸੇ ਮੱਝ ਦਾ ਕੋਠਾ ਸੀ। ਉਹਦੇ ਨਾਲ਼ ਹੀ ਇੱਕ ਹੋਰ ਛੋਟਾ ਜਿਹਾ ਕਮਰਾ ਸੀ ਜਿਸ ਵਿੱਚ ਤੂੜੀ, ਪੱਠੇ ਆਦਿ ਰੱਖੇ ਹੋਏ ਸਨ। ਇੱਕ ਪਾਸੇ ਪੱਠੇ ਕੁੱਤਰਨ ਵਾਲ਼ੀ ਮਸ਼ੀਨ ਪਈ ਸੀ।

ਕਾਲ਼ੀ ਦੀਆਂ ਨਜ਼ਰਾਂ ਰਸੋਈ ਵੱਲ ਗਈਆਂ ਜਿਸ ਦਾ ਬੂਹਾ ਵਿਹੜੇ ਵਿੱਚ ਨੂੰ ਖੁੱਲ੍ਹਦਾ ਸੀ। ਬਾਰੀ ਕੋਈ ਨਹੀਂ ਸੀ। ਅੰਦਰ ਅੱਗ ਬਾਲਣ ਨਾਲ਼ ਧੂੰਆਂ ਹੋ ਗਿਆ ਸੀ ਅਤੇ ਹਵਾ ਦੇ ਬੁੱਲੇ ਨਾਲ਼ ਰਸੋਈ ਤੋਂ ਬਾਹਰ ਵੀ ਫੈਲ ਗਿਆ ਸੀ। ਰਸੋਈ ਵਿੱਚ ਧੂੰਆਂ ਹੋਣ ਦੇ ਕਾਰਨ ਲਾਲਟੈਣ ਦੀ ਮੱਧਮ ਰੌਸ਼ਨੀ ਹੋਰ ਵੀ ਮੱਧਮ ਹੋ ਗਈ ਸੀ। ਰਸੋਈ ਵਿੱਚੋਂ ਕਦੀ ਕਦੀ ਭਾਂਡਿਆਂ ਦੀ ਖੜ੍ਹ ਖੜ੍ਹ ਅਤੇ ਜ਼ੋਰ ਨਾਲ਼ ਨੱਕ ਦੇ ਸੁੜ੍ਹਾਕੇ ਮਾਰਨ ਦੀ ਅਵਾਜ਼ ਸੁਣਾਈ ਦਿੰਦੀ ਸੀ।

ਪਾਣੀ ਦੀ ਬਾਲਟੀ ਭਰ ਕੇ ਫੋਰਮੈਨ ਨੇ ਆਪਣੇ ਸਾਮ੍ਹਣੇ ਰੱਖ ਲਈ ਅਤੇ ਲੋਹੇ ਦੇ ਡੱਬੇ ਨਾਲ਼ ਆਪਣੇ ਸਿਰ ਅਤੇ ਸਰੀਰ 'ਤੇ ਛੇਤੀ ਛੇਤੀ ਪਾਣੀ ਪਾਉਣ ਲੱਗਾ। ਜਦ ਉਹ ਦੋਨਾਂ ਹੱਥਾਂ ਨਾਲ਼ ਸਰੀਰ ਨੂੰ ਮਲ਼ਦਾ ਤਾਂ ਚਪੜ–ਚਪੜ ਦੀ ਅਜੀਬ ਜਿਹੀ ਅਵਾਜ਼ ਪੈਦਾ ਹੁੰਦੀ। ਕਾਲ਼ੀ ਨੂੰ ਫੋਰਮੈਨ ਨਾਲ਼ ਈਰਖਾ ਹੋਣ ਲੱਗੀ ਕਿ ਉਹ ਨਲ਼ਕੇ ਦੇ ਸਾਫ ਅਤੇ ਠੰਡੇ ਪਾਣੀ ਨਾਲ਼ ਨਹਾਉਂਦਾ ਹੈ ਜਦ ਕਿ ਉਹ ਸਾਰੇ ਛੱਪੜ ਦੇ ਪਾਣੀ ਨਾਲ਼ ਹੱਥ ਪੈਰ ਧੋਂਦੇ ਹਨ ਅਤੇ ਸੌ ਕੋਸ਼ਿਸ਼ਾਂ ਕਰਨ ਦੇ ਬਾਅਦ, ਹਫਤੇ ਦਸਾਂ ਦਿਨਾਂ ਵਿੱਚ ਇੱਕ ਅੱਧੀ ਵਾਰ ਹੀ ਤਾਜ਼ੇ ਪਾਣੀ ਨਾਲ਼ ਨਾਉਣ ਦਾ ਮੌਕਾ ਮਿਲਦਾ ਹੈ।

ਕਾਲ਼ੀ ਨੇ ਫੈਸਲਾ ਕੀਤਾ ਕਿ ਉਹ ਇੱਥੋਂ ਜਾਣ ਤੋਂ ਪਹਿਲਾਂ, ਕਾਰਖਾਨੇ ਵਿੱਚ ਘੱਟੋ ਘੱਟ ਨਲ਼ਕਾ ਲੁਆਉਣ ਲਈ ਫੋਰਮੈਨ ਨੂੰ ਰਾਜ਼ੀ ਕਰਨ ਦੀ ਕੋਸ਼ਿਸ਼ ਕਰੂਗਾ। ਉਹ ਸਾਫ ਪਾਣੀ ਨਾਲ਼ ਨਾਉਣ ਵਾਲ਼ੇ ਆਨੰਦ ਦੀ ਕਲਪਨਾ ਕਰਕੇ ਹੀ ਪ੍ਰਫੁਲਿਤ ਹੋ ਗਿਆ ਸੀ।

ਫੋਰਮੈਨ ਨੇ ਨਹਾ ਕੇ ਲੱਕ ਦੁਆਲ਼ੇ ਸਾਫਾ ਲਪੇਟਿਆ ਅਤੇ ਸਰੀਰ 'ਤੇ ਪਤੂਹੀ ਪਹਿਨ ਲਈ। ਤਾਜ਼ਾ ਦਮ ਹੋ ਕੇ ਉਹ ਹੱਥ ਵਿੱਚ ਹੁੱਕਾ ਫੜੀ ਕਾਲ਼ੀ ਦੇ ਕੋਲ਼ ਆ ਗਿਆ। ਉਸ ਨੇ ਹੁੱਕਾ ਫਰਸ਼ 'ਤੇ ਰੱਖ ਦਿੱਤਾ ਅਤੇ ਮੱਝ ਦੇ ਕੋਠੇ ਦੀ ਕੰਧ ਨਾਲ਼ ਖੜ੍ਹੀ ਮੰਜੀ ਲਿਆਉਣ ਲਈ ਤੁਰ ਪਿਆ।

"ਫੋਰਮੈਨ ਜੀ ਤੁਸੀਂ ਬੈਠੋ। ਮੰਜੀ ਮੈਂ ਲੈ ਕੇ ਆਉਂਦਾ ਹਾਂ।"

"ਨਾ ਭਾਈ, ਰੱਬ ਦਾ ਨਾਂ ਲੈ। ਤੂੰ ਸਾਡਾ ਮਹਿਮਾਨ ਹੈ। ਮਹਿਮਾਨ ਤੋਂ ਕੰਮ ਕਰਾਉਣਾ ਨਰਕ ਦੇ ਭਾਗੀਦਾਰ ਬਣਨਾ ਹੈ।" ਫੋਰਮੈਨ ਨੇ ਕਾਲ਼ੀ ਨੂੰ ਮਨ੍ਹਾ ਕਰ ਦਿੱਤਾ। ਉਸ ਨੇ ਮੰਜੀ ਲਿਆ ਕੇ ਕਾਲੀ ਵਾਲ਼ੀ ਮੰਜੀ ਦੇ ਕੋਲ਼ ਡਾਹ ਲਈ ਅਤੇ ਉਸ 'ਤੇ ਚੌਕੜੀ ਮਾਰ ਕੇ ਹੁੱਕਾ ਗੁੜਗੜਾਉਣ ਲੱਗਾ।

"ਘਰ ਕਾਫੀ ਖੁੱਲ੍ਹਾ ਹੈ।" ਗੱਲ ਬਾਤ ਸ਼ੁਰੂ ਕਰਨ ਲਈ ਕਾਲ਼ੀ ਨੇ ਚਾਰੇ ਪਾਸੇ ਦੇਖ ਕੇ ਕਿਹਾ।

ਫੋਰਮੈਨ ਨੇ ਲੰਮਾ ਕਸ਼ ਖਿੱਚਿਆ ਅਤੇ ਹੋਲ਼ੀ ਹੋਲ਼ੀ ਧੂੰਆਂ ਛੱਡਦਾ, ਖੰਘਦਾ ਹੋਇਆ ਬੋਲਿਆ, "ਠੀਕ ਹੀ ਹੈ। ...ਮੈਂ ਤਾਂ ਉੱਪਰ ਚੁਬਾਰਾ ਵੀ ਪਾਉਣਾ ਚਾਹੁੰਦਾ ਸੀ। ਪਰ ਇਹ ਸੋਚ ਕੇ ਹਟ ਗਿਆ ਕਿ ਮੇਰਾ ਕਿਹੜਾ ਬਹੁਤ ਬੜਾ ਟੱਬਰ ਹੈ। ਸਿਰਫ ਪਿਉ–ਧੀ ਹੀ ਤਾਂ ਹਾਂ। ਹੁਣ ਇਸ ਘਰ ਦੀ ਸਫਾਈ ਦਾ ਕੰਮ ਹੀ ਬਹੁਤ ਮੁਸ਼ਕਲ ਹੋ ਰਿਹਾ ਹੈ, ਚੁਬਾਰੇ ਬਣਾਉਣ ਨਾਲ਼ ਤਾਂ ਹੋਰ ਵੀ ਔਖਾ ਹੋ ਜਾਣਾ ਸੀ।"

ਹੁੱਕਾ ਪੀਂਦਾ, ਫੋਰਮੈਨ ਬਹੁਤ ਹੀ ਧਿਆਨ ਨਾਲ਼ ਕਾਲ਼ੀ ਵੱਲ ਦੇਖਦਾ ਰਿਹਾ। ਮਕਾਨ ਵਿੱਚ ਕਾਲ਼ੀ ਦੀ ਦਿਲਚਸਪੀ ਦਾ ਖਿਆਲ ਆਉਂਦਿਆਂ ਹੀ ਫੋਰਮੈਨ ਚੌਂਕ ਗਿਆ ਅਤੇ ਉਸ ਦੇ ਨਾਲ਼ ਆਪਣੇ ਨਵੇਂ ਰਿਸ਼ਤੇ ਦੀ ਕਲਪਨਾ ਕਰਕੇ ਉਸ ਨੇ ਕਾਲ਼ੀ ਨੂੰ ਬਹੁਤ ਹੀ ਧਿਆਨ ਨਾਲ਼ ਦੇਖਿਆ ਅਤੇ ਉਸ ਨੂੰ ਹਰ ਤਰ੍ਹਾਂ ਨਾਲ਼ ਯੋਗ ਸਮਝ ਕੇ ਮੰਜੀ ਤੋਂ ਉੱਠ ਖੜ੍ਹਾ ਹੋਇਆ। ਫੋਰਮੈਨ ਨੇ ਕਾਲ਼ੀ ਦਾ ਹੱਥ ਫੜ ਲਿਆ, "ਬਰਖੁਰਦਾਰ, ਆ ਜਾ ਤੈਨੂੰ ਆਪਣਾ ਘਰ ਦਿਖਾਵਾਂ।"

ਕਾਲ਼ੀ ਨੂੰ ਵਿਹੜੇ ਵਿੱਚ ਹੀ ਛੱਡ ਕੇ ਫੋਰਮੈਨ ਰਸੋਈ ਵਿੱਚ ਵੜ੍ਹ ਗਿਆ, "ਭੋਲੀਏ, ਐਨਾ ਧੂੰਆਂ ਕਿਉਂ ਕੀਤਾ ਹੋਇਆ ?"

"ਭਾਈਆ, ਲੱਕੜੀਆਂ ਅਤੇ ਪਾਥੀਆਂ ਦੋਨੋ ਗਿੱਲੀਆਂ ਹਨ।" ਭੋਲੀ ਨੇ ਬਹੁਤ ਜ਼ੋਰ ਨਾਲ਼ ਸੁੜ੍ਹਾਕਾ ਮਾਰਿਆ।

"ਲਿਆ, ਲਾਲਟੈਣ ਮੈਨੂੰ ਦੇ ਦੇ। ਤੂੰ ਦੂਜੀ ਲਾਲਟੈਣ ਬਾਲ ਲੈ।" ਫੋਰਮੈਨ ਨੇ ਹੱਥ ਅੱਗੇ ਵਧਾ ਦਿੱਤਾ।

"ਭਾਈਆ, ਦੂਜੀ ਲਾਲਟੈਣ ਦਾ ਸ਼ੀਸ਼ਾ ਟੁੱਟ ਗਿਆ ਹੈ।"

"ਸ਼ੀਸ਼ਾ ਟੁੱਟ ਗਿਆ ਹੈ ?" ਹੈਰਾਨੀ ਨਾਲ਼ ਫੋਰਮੈਨ ਚੀਕ ਹੀ ਪਿਆ। "ਅਜੇ ਪਰਸੋਂ ਹੀ ਤਾਂ ਨਵਾਂ ਸ਼ੀਸ਼ਾ ਪੁਆਇਆ ਸੀ।"

"ਭਾਈਆ, ... ਦੋ ਬਿੱਲੀਆਂ ਆਪਸ ਵਿੱਚ ਲੜਦੀਆਂ, ਲਾਲਟੈਣ 'ਤੇ ਆ ਕੇ ਡਿੱਗ ਗਈਆਂ ਅਤੇ ਲਾਲਟੈਣ ਥੱਲੇ ਸਿੱਟ ਦਿੱਤੀ। ਸ਼ੀਸ਼ਾ ਤਾਂ ਟੁੱਟਣਾ ਹੀ ਸੀ।" ਭੋਲੀ ਨੇ ਹੋਰ ਵੀ ਜ਼ੋਰ ਦਾ ਸੁੜ੍ਹਾਕਾ ਮਾਰਦਿਆਂ ਕਿਹਾ।

"ਰੱਬ ਦਾ ਸ਼ੁਕਰ ਕਰ, ਕਿਤੇ ਤੇਰੇ 'ਤੇ ਨਹੀਂ ਡਿੱਗ ਗਈਆਂ ਬਿੱਲੀਆਂ। ਕੋਈ ਹੱਡ ਪੈਰ ਟੁੱਟ ਜਾਂਦਾ ਤਾਂ ਪਤਾ ਨਹੀਂ ਕਿੰਨੀ ਵੱਡੀ ਮੁਸੀਬਤ ਆਉਂਦੀ।" ਫੋਰਮੈਨ ਨੇ ਨਹੋਰਾ ਮਾਰਿਆ। ਉਹ ਖਿੱਝ ਗਿਆ, "ਸ਼ੀਸ਼ਾ ਟੁੱਟ ਗਿਆ ਸੀ ਤਾਂ ਮੈਨੂੰ ਦੱਸ ਦਿੰਦੀ, ਮੈਂ ਦੁਕਾਨ ਤੋਂ ਹੋਰ ਲੈ ਆਉਂਦਾ।"

"ਭਾਈਆ, ਤੂੰ ਹੁਣ ਲਾਲਟੈਣ ਦੀ ਗੱਲ ਕੀਤੀ ਤਾਂ ਮੈਨੂੰ ਚੇਤਾ ਆਇਆ। ਮੈਂ ਤਾਂ ਭੁੱਲ ਹੀ ਗਈ ਸੀ।"

"ਭੋਲੀਏ, ਤੂੰ ਸੱਚੀਂ ਬਹੁਤ ਕਮਲ਼ੀ ਏਂ।" ਫੋਰਮੈਨ ਖਿੱਝ ਗਿਆ, "ਲਿਆ, ਲਾਲਟੈਣ ਮੈਨੂੰ ਦੇ। ਤੂੰ ਦੀਵਾ ਜਗਾ ਲੈ।"

"ਲੈ, ਤੂੰ ਲਾਲਟੈਣ ਲੈ ਜਾ, ਮੈਂ ਸਾਰ ਲਊਂਗੀ।" ਭੋਲੀ ਨੇ ਲਾਲਟੈਣ ਫੋਰਮੈਨ ਨੂੰ ਫੜਾ ਦਿੱਤੀ।

ਲਾਲਟੈਣ ਚੁੱਕੀ ਫੋਰਮੈਨ ਕਾਲ਼ੀ ਦੇ ਕੋਲ਼ ਆ ਗਿਆ।

'ਬਰਖੁਰਦਾਰ, ਆ ਤੈਨੂੰ ਮਕਾਨ ਦਿਖਾਵਾਂ।"

ਕਾਲ਼ੀ ਇਕਦਮ ਉੱਠਿਆ ਅਤੇ ਲੱਠ ਵਾਂਗ ਸਿੱਧਾ ਖੜ੍ਹਾ ਹੋ ਗਿਆ। ਲਾਲਟੈਣ ਦੀ ਪੀਲੀ ਰੌਸ਼ਨੀ ਵਿੱਚ ਫੋਰਮੈਨ ਨੂੰ ਕਾਲ਼ੀ ਬਹੁਤ ਸੁਹਣਾ ਅਤੇ ਤੰਦਰੁਸਤ ਲੱਗਾ। ਉਹ ਕੁੱਝ ਪੱਲ ਮੰਤਰ ਮੁਗਧ ਹੋਇਆ ਉਸ ਵੱਲ ਦੇਖਦਾ ਰਿਹਾ। ਕਾਲ਼ੀ ਨੂੰ ਉਹ ਹੁਣ ਹੋਰ ਹੀ ਰੂਪ ਵਿੱਚ ਦੇਖਣ ਲੱਗਿਆ ਸੀ। "ਆ ਜਾ, ਮੇਰੇ ਪਿੱਛੇ ਪਿੱਛੇ।" ਫੋਰਮੈਨ ਲਾਲਟੈਣ ਹੱਥ ਵਿੱਚ ਫੜੀ ਦਲਾਨ ਵੱਲ ਨੂੰ ਤੁਰ ਪਿਆ। ਕਾਲ਼ੀ ਵੀ ਪਿੱਛੇ ਪਿੱਛੇ ਤੁਰ ਪਿਆ।

ਉਹ ਦਲਾਨ ਵਿੱਚ ਵੜ੍ਹ ਗਏ ਜਿਹੜਾ ਕਿ ਕਾਫੀ ਵੱਡਾ ਸੀ। ਕਾਲ਼ੀ ਨੂੰ ਉਸ ਦੀ ਲੰਬਾਈ ਚੌੜਾਈ ਦੱਸਣ ਲਈ ਫੋਰਮੈਨ ਲਾਲਟੈਣ ਨੂੰ ਹੱਥ ਨਾਲ਼ ਅੱਗੇ ਪਿੱਛੇ ਲਹਿਰਾਉਣ ਲੱਗਾ ਤਾਂ ਕਿ ਰੌਸ਼ਨੀ ਦੋਹੀਂ ਪਾਸੀਂ ਕੰਧਾਂ ਤੱਕ ਪੈ ਸਕੇ।

ਦਲਾਨ ਵਿੱਚ ਇੱਕ ਪਾਸੇ ਨਵਾਰੀ ਪਲੰਘ ਡੱਠਾ ਹੋਇਆ ਸੀ ਅਤੇ ਉਸ ਤੋਂ ਥੋੜ੍ਹੇ ਫਾਸਲੇ 'ਤੇ ਇੱਕ ਬੜੀ ਸੂਤਲੀ ਦੀ ਮੰਜੀ ਰੱਖੀ ਹੋਈ ਸੀ। ਇੱਕ ਖੁੱਲੀ ਅਲਮਾਰੀ ਵਿੱਚ ਚੀਨੀ ਅਤੇ ਸ਼ੀਸ਼ੇ ਦੇ ਕੁੱਝ ਬਰਤਨ ਸਜਾਏ ਹੋਏ ਸਨ। ਇੱਕ ਖੂੰਜੇ ਵਿੱਚ ਆਟਾ ਪੀਹਣ ਵਾਲ਼ੀ ਚੱਕੀ ਸੀ ਜੋ ਬਹੁਤ ਲੰਮੇ ਸਮੇਂ ਤੋਂ ਵਰਤੀ ਨਹੀਂ ਗਈ ਸੀ ਅਤੇ ਉਸ ਦੇ ਉੱਪਰ ਬੋਰੀ ਵਿਛਾ ਕੇ ਹੋਰ ਸਮਾਨ ਰੱਖਿਆ ਹੋਇਆ ਸੀ।

ਦਲਾਨ ਦੀ ਪਿਛਲੀ ਕੰਧ ਵਿੱਚ ਤਿੰਨ ਬੂਹੇ ਸਨ। ਫੋਰਮੈਨ ਨੇ ਉਨ੍ਹਾਂ ਵੱਲ ਇਸ਼ਾਰਾ ਕੀਤਾ, "ਹਰ ਬੂਹੇ ਦੇ ਪਿੱਛੇ ਕੋਠੜੀ ਹੈ। ਇੱਕ ਕੋਠੜੀ ਵਿੱਚ ਘਰ ਦਾ ਸਮਾਨ – ਕਣਕ, ਰਜਾਈਆਂ ਤੇ ਕੱਪੜੇ ਆਦਿ ਰੱਖੇ ਹੋਏ ਹਨ। ਬਾਕੀ ਦੋ ਵਿੱਚ ਮੰਜੀਆਂ ਹਨ। ਅਸੀਂ ਸਰਦੀਆਂ ਨੂੰ ਉਨ੍ਹਾਂ ਵਿੱਚ ਸੌਂਦੇ ਹਾਂ।"

"ਬਹੁਤ ਖੁੱਲ੍ਹਾ ਘਰ ਹੈ।" ਕਾਲ਼ੀ ਨੇ ਪਿੰਡ ਵਿੱਚ ਆਪਣੀ ਕੋਠੜੀ ਅਤੇ ਡਿਓੜ੍ਹੀ ਨਾਲ਼ ਮੁਕਾਬਲਾ ਕੀਤਾ।

"ਬਸ, ਗੁਜ਼ਾਰਾ ਸੁਹਣਾ ਚੱਲੀ ਜਾ ਰਿਹਾ ਹੈ।" ਫੋਰਮੈਨ ਨੇ ਹਲੀਮੀ ਨਾਲ਼ ਕਿਹਾ, "ਛੱਤ ਵਿੱਚ ਛੇ ਛਤੀਰ ਅਤੇ ਚਾਰ ਸੌ ਬਾਲੇ ਹਨ।"

"ਹਾਂ ਜੀ, ਬਹੁਤ ਬੜਾ ਮਕਾਨ ਹੈ। ਇਹਦੇ ਵਿੱਚ ਤਾਂ ਛੋਟੀ ਮੋਟੀ ਜਨੇਤ ਵੀ ਬੜੀ ਅਸਾਨੀ ਨਾਲ਼ ਸਮਾ ਸਕਦੀ ਹੈ।" ਕਾਲ਼ੀ ਨੇ ਚਾਰੇ ਪਾਸੇ ਘੁੰਮ ਕੇ ਫੋਰਮੈਨ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਮਕਾਨ ਦੀ ਲੰਬਾਈ ਚੌੜਾਈ ਅਤੇ ਖੁੱਲ੍ਹੇਪਨ ਦਾ ਉਸ ਨੂੰ ਪੂਰੀ ਤਰ੍ਹਾਂ ਅਹਿਸਾਸ ਹੋ ਗਿਆ ਹੋਵੇ।

"ਤੈਨੂੰ ਪਸੰਦ ਹੈ ?" ਮੂੰਹ ਤੋਂ ਸਹਿ ਸੁਭਾਅ ਨਿਕਲੇ ਸ਼ਬਦਾਂ ਦੀ ਪ੍ਰਤੀਕ੍ਰਿਆ ਜਾਨਣ ਲਈ ਫੋਰਮੈਨ ਕਾਲ਼ੀ ਵੱਲ ਦੇਖਣ ਲੱਗਾ।

ਜਵਾਬ ਵਿੱਚ ਕਾਲ਼ੀ ਮੁਸਕਰਾ ਪਿਆ ਅਤੇ ਅੱਖਾਂ ਨੀਵੀਆਂ ਕਰ ਲਈਆਂ।

"ਦੱਸਦਾ ਕਿਉਂ ਨਹੀਂ। ਤੈਨੂੰ ਮਕਾਨ ਪਸੰਦ ਹੈ ਕਿ ਨਹੀਂ ?" ਫੋਰਮੈਨ ਨੇ ਜ਼ੋਰ ਨਾਲ਼ ਪੁੱਛਿਆ।

"ਫੋਰਮੈਨ ਜੀ, ਮੈਂ ਕੀ ਜਵਾਬ ਦੇਵਾਂ। ... ਮੈਨੂੰ ਤਾਂ ਬਹੁਤ ਪਸੰਦ ਹੈ।" ਕਾਲ਼ੀ ਆਪਣੀ ਕੋਠੜੀ ਯਾਦ ਕਰਕੇ ਉਦਾਸ ਜਿਹਾ ਹੋ ਗਿਆ।

ਕਾਲ਼ੀ ਅਤੇ ਫੋਰਮੈਨ ਵਿਹੜੇ ਵਿੱਚ ਮੰਜੀਆਂ 'ਤੇ ਆ ਬੈਠੇ। ਫੋਰਮੈਨ ਨੇ ਲਾਲਟੈਣ ਇੱਕ ਪਾਸੇ ਰੱਖ ਦਿੱਤੀ। ਫਿਰ ਉਹ ਉਸ ਨੂੰ ਚੁੱਕ ਕੇ ਰਸੋਈ ਵੱਲ ਨੂੰ ਤੁਰ ਪਿਆ।

"ਭੋਲੀਏ, ਕਿਥੇ ਹੈ ਲਾਲਟੈਣ, ਜਿਹਦਾ ਸ਼ੀਸ਼ਾ ਟੁੱਟ ਗਿਆ ਹੈ ?"

"ਭਾਈਆ, ਗੱਭਲੀ ਅਲਮਾਰੀ ਵਿੱਚ ਰੱਖੀ ਹੈ।"

"ਤੇਲ ਹੈ ਉਸ ਵਿੱਚ ?"

"ਪਤਾ ਨਹੀਂ। ਲਾਲਟੈਣ ਡਿੱਗੀ ਸੀ ਤਾਂ ਤੇਲ ਵੀ ਜ਼ਰੂਰ ਡੁੱਲਿਆ ਹੋਊ।" ਭੋਲੀ ਨੇ ਨੱਕ ਦੀ ਸੜੂੰ ਸੜੂੰ ਵਿੱਚ ਜਵਾਬ ਦਿੱਤਾ।

ਫੋਰਮੈਨ ਅਲਮਾਰੀ ਵਿੱਚੋਂ ਦੂਜੀ ਲਾਲਟੈਣ ਚੁੱਕ ਲਿਆਇਆ ਅਤੇ ਜੱਗਦੀ ਹੋਈ

ਲਾਲਟੈਣ ਭੋਲੀ ਨੂੰ ਮੋੜ ਆਇਆ, "ਭੋਲੀਏ, ਲੈ ਇਹ ਲਾਲਟੈਣ ਤੂੰ ਰੱਖ ਲੈ। ... ਧਿਆਨ ਨਾਲ਼ ਰੋਟੀ ਬਣਾਈਂ। ਨ੍ਹੇਰੇ ਵਿੱਚ ਬੈਂਗਣ ਦੀ ਥਾਂ ਸਾਬਤਾ ਚੂਹਾ ਹੀ ਨਾ ਤਲ਼ ਦੇਈਂ।"

ਫੋਰਮੈਨ ਹੱਥ ਵਿੱਚ ਟੁੱਟੇ ਸ਼ੀਸ਼ੇ ਵਾਲ਼ੀ ਲਾਲਟੈਣ ਲਈ ਕਾਲ਼ੀ ਦੇ ਕੋਲ਼ ਆਇਆ, "ਬਰਖ਼ੁਰਦਾਰ, ਮੈਂ ਦੋ ਮਿੰਟਾਂ ਵਿੱਚ ਆਇਆ। ਲਾਲਟੈਣ ਦਾ ਟੁੱਟਾ ਸ਼ੀਸ਼ਾ ਪੁਆ ਹੀ ਲਿਆਵਾਂ। ਰਾਤ ਬਰਾਤੇ ਲੋੜ ਪੈ ਸਕਦੀ ਹੈ।"

"ਮੈਂ ਵੀ ਤੁਹਾਡੇ ਨਾਲ਼ ਚਲਦਾ ਹਾਂ।" ਕਾਲ਼ੀ ਵੀ ਉੱਠ ਖੜ੍ਹਾ ਹੋਇਆ।

"ਨਾ, ਨਾ, ਤੂੰ ਬੈਠ। ਮੈਂ ਬਸ ਗਿਆ ਤਾਂ ਆਇਆ। ਗਲ਼ੀ ਦੇ ਸਿਰੇ 'ਤੇ ਹੀ ਦੁਕਾਨ ਹੈ।" ਫੋਰਮੈਨ ਨੇ ਕਾਲ਼ੀ ਨੂੰ ਮਨ੍ਹਾ ਕਰ ਦਿੱਤਾ।

ਕਾਲ਼ੀ ਲਚਾਰ ਹੋਇਆ ਮੰਜੀ 'ਤੇ ਬੈਠ ਗਿਆ ਅਤੇ ਫੋਰਮੈਨ ਨੂੰ ਬੂਹੇ ਤੋਂ ਬਾਹਰ ਜਾਂਦਾ ਦੇਖਦਾ ਰਿਹਾ। ਉਸ ਦੇ ਜਾਣ ਤੋਂ ਬਾਅਦ ਕਾਲ਼ੀ ਨੇ ਆਪਣੀਆਂ ਨਜ਼ਰਾਂ ਬੂਹੇ ਤੋਂ ਘੁਮਾ ਲਈਆਂ। ਭੋਲੀ ਦੀ ਸੜੂੰ ... ਸੜੂੰ, ਭਾਂਡਿਆਂ ਦੀ ਟੱਣ ਟੱਣ ਅਤੇ ਪੱਠੇ ਖਾਂਦੀ ਮੱਝ ਦੀ ਹਿਲ ਜੁਲ ਦੇ ਕਾਰਨ ਘਰ ਵਿੱਚ ਛਾਈ ਹੋਈ ਖਾਮੋਸ਼ੀ ਕਿਸੇ ਹੱਦ ਤੱਕ ਭੰਗ ਹੁੰਦੀ ਸੀ।

ਕਾਲ਼ੀ ਬਹੁਤ ਹੈਰਾਨ ਸੀ ਕਿ ਦਲਾਨ ਵਿੱਚ ਛੇ ਸ਼ਤੀਰ ਅਤੇ ਇੱਕ ਸੌ ਚਾਰ ਕੜੀਆਂ ਹਨ। ਉਸ ਨੇ ਦਲਾਨ ਦੀ ਲੰਬਾਈ ਚੌੜਾਈ ਦਾ ਹਿਸਾਬ ਕਿਤਾਬ ਲਾਇਆ ਤਾਂ ਹੋਰ ਵੀ ਹੈਰਾਨ ਹੋ ਗਿਆ। ਉਸ ਨੂੰ ਖਿਆਲ ਆਇਆ ਕਿ ਪਿੰਡ ਵਿੱਚ ਐਨੇ ਖੁੱਲ੍ਹੇ ਮਕਾਨ ਸਿਰਫ ਕੁੱਝ ਕੁ ਚੌਧਰੀਆਂ ਦੇ ਹੀ ਸਨ। ਬਾਕੀ ਚਮਾਰਲ਼ੀ ਵਿੱਚ ਤਾਂ ਇੱਕ ਸ਼ਤੀਰ ਅਤੇ ਵੱਧ ਤੋਂ ਵੱਧ ਦੋ ਸ਼ਤੀਰਾਂ ਵਾਲ਼ੇ ਕੋਠੇ ਹੀ ਸਨ।

ਕਾਲ਼ੀ ਮਕਾਨ ਦੇ ਖੁੱਲ੍ਹੇਪਨ ਵਿੱਚ ਹੀ ਗੁਆਚਿਆ ਹੋਇਆ ਸੀ ਕਿ ਉਸ ਨੂੰ ਬੂਹੇ ਦੇ ਬਾਹਰ ਰੌਸ਼ਨੀ ਦਿਖਾਈ ਦਿੱਤੀ। ਬੂਹਾ ਖੋਲ੍ਹ ਕੇ ਫੋਰਮੈਨ ਬਲਦੀ ਲਾਲਟੈਣ ਹੱਥ ਵਿੱਚ ਫੜੀ ਅੰਦਰ ਆਇਆ ਤਾਂ ਵਿਹੜਾ ਰੌਸ਼ਨੀ ਨਾਲ਼ ਭਰ ਗਿਆ। ਪੱਠੇ ਖਾਂਦੀ ਮੱਝ ਅਤੇ ਕੱਟੜੂ ਨੇ ਵੀ ਗਰਦਨ ਘੁਮਾ ਕੇ ਵਿਹੜੇ ਵੱਲ ਦੇਖਿਆ ਅਤੇ ਲਾਲਟੈਣ ਦੀ ਰੌਸ਼ਨੀ ਵਿੱਚ ਉਨ੍ਹਾਂ ਦੀਆਂ ਬਲੌਰੀ ਅੱਖਾਂ ਚਮਕ ਉੱਠੀਆਂ।

ਫੋਰਮੈਨ ਨੇ ਲਾਲਟੈਣ ਨੂੰ ਵਿਚਕਾਰਲੇ ਬੂਹੇ ਦੇ ਕੋਲ਼ ਕਿੱਲੀ ਨਾਲ਼ ਟੰਗ ਦਿੱਤਾ ਅਤੇ ਆਪ ਮੰਜੀ 'ਤੇ ਆ ਬੈਠਾ। ਉਸ ਨੇ ਚਾਰੇ ਪਾਸੇ ਧਿਆਨ ਨਾਲ਼ ਦੇਖਿਆ ਅਤੇ ਪੂਰੇ ਵਿਹੜੇ ਨੂੰ ਰੌਸ਼ਨ ਦੇਖ ਕੇ ਗੱਦਗੱਦ ਹੋ ਉਠਿਆ, "ਹੁਣ ਗੱਲਬਾਤ ਦਾ ਮਜ਼ਾ ਆਵੇਗਾ। ਜਦ ਇੱਕ ਦੂਸਰੇ ਦਾ ਚੇਹਰਾ ਨਜ਼ਰ ਨਾ ਆਵੇ ਤਾਂ ਏਦਾਂ ਲਗਦਾ ਹੈ ਕਿ ਗੱਲਬਾਤ ਦੀ ਥਾਂ ਜੁਗਾਲੀ ਹੋ ਰਹੀ ਹੋਵੇ।"

ਜਵਾਬ ਵਿੱਚ ਕਾਲ਼ੀ ਵੀ ਮੁਸਕਰਾ ਪਿਆ ਅਤੇ ਲਾਲਟੈਣ ਦੇ ਸਾਫ ਸੁਥਰੇ ਸ਼ੀਸ਼ੇ ਵਿੱਚੋਂ ਛਣ ਰਹੀ ਰੌਸ਼ਨੀ ਨੂੰ ਦੇਖਣ ਲੱਗਾ।

"ਮੇਰਾ ਖਿਆਲ ਹੈ ਇੱਕ ਇੱਕ ਗਲਾਸ ਲੱਸੀ ਦਾ ਹੋ ਜਾਵੇ।" ਫੋਰਮੈਨ ਨੇ ਸਲਾਹ ਦਿੱਤੀ।

"ਲੋੜ ਤਾਂ ਨਹੀਂ। ਅੱਗੇ ਤੁਸੀਂ ਮਾਲਕ ਹੋ"

"ਨਮਕੀਨ ਲੱਸੀ ਪੀਣੀ ਹੈ ਜਾਂ ਮਿੱਠੀ ?"

ਕਾਲ਼ੀ ਸ਼ਸ਼ੋਪੰਜ ਵਿੱਚ ਪੈ ਗਿਆ। ਮੰਡੀ ਦੇ ਬਾਹਰ ਹਲਵਾਈ ਦੀ ਦੁਕਾਨ ਦੀ ਮਿੱਠੀ ਲੱਸੀ, ਜਿਸ ਵਿੱਚ ਰੂਹ-ਕੇਵੜਾ ਵੀ ਰਲ਼ਾਇਆ ਸੀ, ਦਾ ਸਵਾਦ ਉਸ ਦੇ ਮੂੰਹ ਵਿੱਚ ਭਰ ਗਿਆ ਅਤੇ ਉਸ ਦੇ ਮਨ ਵਿੱਚ ਆਇਆ ਕਿ ਉਹ ਉਸ ਸਵਾਦ ਨੂੰ ਗਲ਼ੇ ਦੇ ਥੱਲੇ ਉੱਤਾਰ ਲਵੇ।

"ਬੋਲ ਵੀ। ਮਿੱਠੀ ਲੱਸੀ ਪੀਂਵੇਗਾ ਜਾਂ ਨਮਕੀਨ ?"

"ਫੋਰਮੈਨ ਜੀ, ਜੋ ਵੀ ਤੁਹਾਨੂੰ ਠੀਕ ਲਗਦੀ ਹੈ।"

"ਮੈਂ ਕਿਹੜਾ ਬਜ਼ਾਰੋਂ ਲੈਣ ਜਾਣੀ ਹੈ। ਘਰ ਲੱਸੀ ਵੀ ਹੈ, ਸ਼ੱਕਰ ਤੇ ਲੂਣ ਵੀ। ਲੂਣ ਛੇਤੀ ਘੁਲ ਜਾਂਦਾ ਹੈ। ਸ਼ੱਕਰ ਘੋਲਣ ਵਿੱਚ ਥੋੜ੍ਹਾ ਟੈਮ ਲੱਗ ਜਾਂਦਾ ਹੈ।"

"ਤੁਸੀਂ ਲੱਸੀ ਅਤੇ ਸ਼ੱਕਰ ਇਥੇ ਲੈ ਆਉ। ਮੈਂ ਆਪ ਹੀ ਘੋਲ ਲਵਾਂਗਾ।" ਕਾਲ਼ੀ ਨੇ ਪੇਸ਼ਕਸ਼ ਕੀਤੀ।

"ਭੋਲੀ ਕਰ ਦੇਵੇਗੀ।" ਫੋਰਮੈਨ ਨੇ ਕਾਲ਼ੀ ਨੂੰ ਝਿੜਕਿਆ ਜਿਵੇਂ ਉਸ ਨੇ ਉਸ ਦਾ ਅਪਮਾਨ ਕਰ ਦਿੱਤਾ ਹੋਵੇ। ਫੋਰਮੈਨ ਨੇ ਗਰਦਨ ਪਿੱਛੇ ਘੁਮਾ ਕੇ ਹਾਕ ਮਾਰੀ, "ਭੋਲੀ !"

ਕੁੱਝ ਹੀ ਪਲਾਂ ਵਿੱਚ ਭੋਲੀ ਰਸੋਈ ਦੇ ਬੂਹੇ ਵਿੱਚ ਆਈ, "ਹਾਂ ਭਾਈਆ !"

"ਪੁੱਤ, ਦੋ ਗਲਾਸ ਲੱਸੀ ਦੇ ਬਣਾ ਦੇ। ਮਿੱਠੀ।"

"ਅੱਛਾ ਭਾਈਆ।" ਭੋਲੀ ਮੁੜ ਕੇ ਰਸੋਈ ਵਿੱਚ ਚਲੇ ਗਈ।"

"ਠਹਿਰ ਪੁੱਤ। ਮਿੱਠੀ ਲੱਸੀ ਕਰਮੰਡਲ ਵਿੱਚ ਬਣਾ ਲਈਂ। ਨਾਲ਼ ਖਾਲ਼ੀ ਗਲਾਸ ਦੇ ਦੇ।"

ਫੋਰਮੈਨ ਨੇ ਤਕੀਦ ਕੀਤੀ ਤਾਂ ਕਿ ਜੇ ਲੱਸੀ ਵਿੱਚ ਸ਼ੱਕਰ ਜ਼ਿਆਦਾ ਹੋ ਜਾਵੇ ਤਾਂ ਉਸ ਵਿੱਚ ਹੋਰ ਪਾਣੀ ਜਾਂ ਲੱਸੀ ਰਲਾ ਕੇ ਮਿਠਾਸ ਨੂੰ ਮਰਜ਼ੀ ਮੁਤਾਬਕ ਕੀਤਾ ਜਾ ਸਕੇ।

"ਅੱਛਾ ਭਾਈਆ।" ਭੋਲੀ ਨੇ ਰਸੋਈ ਵਿੱਚੋਂ ਜਵਾਬ ਦਿੱਤਾ।

ਫੋਰਮੈਨ ਮੰਜੀ 'ਤੇ ਅਰਾਮ ਨਾਲ਼ ਬੈਠ ਕੇ ਹੁੱਕਾ ਗੁੜਗੁੜਾਉਣ ਲੱਗਾ। ਕਾਲ਼ੀ ਨੇ ਵੀ ਸਰੀਰ ਨੂੰ ਢਿੱਲਾ ਛੱਡ ਦਿੱਤਾ।

ਥੋੜ੍ਹੇ ਚਿਰ ਬਾਅਦ ਭੋਲੀ ਨੇ ਹਾਕ ਮਾਰੀ, "ਭਾਈਆ ਲੱਸੀ ਲੈ ਜਾ।"

"ਪੁੱਤ, ਇੱਥੇ ਹੀ ਦੇ ਜਾ। ਮੈਂ ਹੁਣ ਅਰਾਮ ਨਾਲ਼ ਬੈਠਾ ਹਾਂ। ਉਠਣ ਨੂੰ ਅੱਧਾ ਦਿਨ ਲਾ ਦੇਊਂਗਾ।" ਫੋਰਮੈਨ ਮੰਜੀ 'ਤੇ ਹੋਰ ਵੀ ਜ਼ਿਆਦਾ ਚੌੜਾ ਹੋ ਕੇ ਬੈਠ ਗਿਆ।

"ਮੈਂ ਲੈ ਆਉਂਦਾ ਹਾਂ।" ਕਾਲ਼ੀ ਸਿੱਧਾ ਹੋ ਕੇ ਬੈਠ ਗਿਆ।

"ਤੂੰ ਲੈ ਆ।" ਫੋਰਮੈਨ ਨੇ ਮੰਜੀ 'ਤੇ ਲੰਮੇ ਪੈਂਦਿਆਂ ਕਿਹਾ।

ਕਾਲ਼ੀ ਰਸੋਈ ਵੱਲ ਨੂੰ ਤੁਰ ਪਿਆ ਅਤੇ ਬੂਹੇ ਕੋਲ਼ ਜਾ ਖੜ੍ਹਾ ਹੋਇਆ। ਫਰਸ਼ 'ਤੇ ਪਏ ਕਰਮੰਡਲ ਨੂੰ ਚੁੱਕਣ ਲਈ ਭੋਲੀ ਮੂਧੀ ਹੋਈ ਅਤੇ ਫਿਰ ਕਾਲ਼ੀ ਦੇ ਸਾਮ੍ਹਣੇ ਆ ਖੜ੍ਹੀ ਹੋਈ।

ਭੋਲੀ ਦਾ ਚੇਹਰਾ ਮਾਤਾ ਦੇ ਦਾਗਾਂ ਨਾਲ਼ ਭਰਿਆ ਹੋਇਆ ਸੀ। ਇੱਕ ਅੱਖ ਵੀ

ਮਾਤਾ ਨੇ ਖਾ ਲਈ ਸੀ। ਭੋਲੀ ਦੀਆਂ ਨਾਸਾਂ ਵਿੱਚੋਂ ਸੀਂਢ ਵੱਗ ਕੇ ਉਸ ਦੇ ਉੱਪਰਲੇ ਬੁੱਲ 'ਤੇ ਆਇਆ ਹੋਇਆ ਸੀ ਅਤੇ ਅੱਖਾਂ ਵਿੱਚੋਂ ਪਾਣੀ ਨਿਕਲ਼ ਕੇ ਗੱਲ੍ਹਾਂ 'ਤੇ ਵਹਿ ਰਿਹਾ ਸੀ। ਕਾਲ਼ੀ ਨੂੰ ਦੇਖ ਕੇ ਭੋਲੀ ਨੇ ਜ਼ੋਰ ਦਾ ਸੁੜ੍ਹਾਕਾ ਮਾਰਿਆ ਅਤੇ ਸਾਰਾ ਸੀਂਢ ਨੱਕ ਦੇ ਵਿੱਚ ਨੂੰ ਖਿੱਚ ਲਿਆ।

ਭੋਲੀ ਨੇ ਦੋ ਗਲਾਸ ਅਤੇ ਲੱਸੀ ਦਾ ਕਰਮੰਡਲ ਕਾਲ਼ੀ ਦੇ ਹੱਥ ਫੜਾ ਦਿੱਤਾ। ਸਾਰਾ ਸਮਾਨ ਦੋਨਾਂ ਹੱਥਾਂ ਵਿੱਚ ਫੜੀ ਉਹ ਫੋਰਮੈਨ ਦੇ ਕੋਲ਼ ਆ ਗਿਆ। ਕਾਲ਼ੀ ਬਹੁਤ ਪ੍ਰੇਸ਼ਾਨ ਸੀ ਕਿ ਰੱਬ ਲੋਕਾਂ ਨਾਲ਼ ਕਿਹੋ ਜਿਹੀਆਂ ਜ਼ਿਆਦਤੀਆਂ ਕਰਦਾ ਹੈ।

ਦੋਨਾਂ ਗਲਾਸਾਂ ਵਿੱਚ ਲੱਸੀ ਪਾ ਕੇ ਉਹ ਦੋਨੋ ਆਪਣੀ ਆਪਣੀ ਮੰਜੀ 'ਤੇ ਇੱਕ ਦੂਜੇ ਦੇ ਆਮਣੇ ਸਾਮ੍ਹਣੇ ਬੈਠ ਗਏ।

"ਲੱਸੀ ਸਵਾਦ ਹੈ ਨਾ ?" ਫੋਰਮੈਨ ਨੇ ਇੱਕ ਬੜਾ ਸਾਰਾ ਘੁੱਟ ਭਰਿਆ।

"ਬਹੁਤ ਸਵਾਦ ਹੈ।"

"ਹੂੰ। ਭੋਲੀ ਅਕਲ ਸ਼ਕਲ ਤੋਂ ਸੱਚੀਂ ਭੋਲ਼ੀ ਹੈ ਬਲਕਿ ਝੱਲੀ ਹੈ। ਪਰ ਘਰ ਦੇ ਕੰਮ ਕਾਰ ਵਿੱਚ ਬਹੁਤ ਹੁਸ਼ਿਆਰ ਹੈ।" ਫੋਰਮੈਨ ਨੇ ਗਲਾਸ ਥੱਲੇ ਫਰਸ਼ 'ਤੇ ਰੱਖ ਦਿੱਤਾ ਅਤੇ ਹੁੱਕਾ ਕੋਲ਼ ਨੂੰ ਖਿੱਚ ਲਿਆ।

ਫੋਰਮੈਨ ਆਪਣੇ ਖਿਆਲਾਂ ਵਿੱਚ ਡੁੱਬਿਆ ਹੁੱਕਾ ਪੀਂਦਾ ਰਿਹਾ ਅਤੇ ਕਾਲ਼ੀ ਕਦੀ ਮੂੰਹ ਵਿੱਚ ਮਿੱਠੀ ਲੱਸੀ ਦੇ ਸਵਾਦ ਨੂੰ ਮਹਿਸੂਸ ਕਰਨ ਲਗਦਾ ਅਤੇ ਕਦੀ ਮਕਾਨ ਦੇ ਖੁੱਲ੍ਹੇਪਨ ਨੂੰ ਦੇਖ ਕੇ ਮਨ ਹੀ ਮਨ ਵਿੱਚ ਫੋਰਮੈਨ ਦੀ ਖੁਸ਼ਕਿਸਮਤੀ ਅਤੇ ਖੁਸ਼ਹਾਲੀ ਦੇ ਕਾਰਨ ਉਸ ਨਾਲ਼ ਈਰਖਾ ਵਿੱਚ ਡੁੱਬ ਜਾਂਦਾ।

ਫੋਰਮੈਨ ਹੁੱਕਾ ਪਰ੍ਹੇ ਧੱਕ ਕੇ ਸਿੱਧਾ ਹੋ ਕੇ ਬੈਠ ਗਿਆ। ਉਸ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ ਅਤੇ ਥੋੜ੍ਹਾ ਜਿਹਾ ਹਿਲ ਜੁਲ ਕੇ ਆਪਣਾ ਮੂੰਹ ਬਿਲਕੁਲ ਉਸ ਦੇ ਮੂੰਹ ਦੇ ਸਾਹਮਣੇ ਕਰ ਲਿਆ, ਬਰਖੁਰਦਾਰ, ਤੇਰੇ ਪਿੰਡ ਦਾ ਨਾਂ ਕੀ ਹੈ ?"

ਫੋਰਮੈਨ ਦਾ ਸਵਾਲ਼ ਸੁਣ ਕੇ ਕਾਲ਼ੀ ਇਕਦਮ ਘਬਰਾ ਗਿਆ ਜਿਵੇਂ ਕਿਸੇ ਨੇ ਉਸ ਦੇ ਗਲ਼ ਵਿੱਚ ਜ਼ਹਿਰੀਲਾ ਸੱਪ ਸੁੱਟ ਦਿੱਤਾ ਹੋਵੇ। "ਬੰਸੇ ਅਤੇ ਕਿਸ਼ਨੇ ਨੇ ਤੇਰੇ ਪਿੰਡ ਦਾ ਨਾਂ ਦੱਸਿਆ ਤਾਂ ਸੀ ਪਰ ਮੈਨੂੰ ਭੁੱਲ ਗਿਆ ਹੈ।"

ਕਾਲ਼ੀ ਨੂੰ ਕੰਬਣੀ ਜਿਹੀ ਛਿੜ ਗਈ ਅਤੇ ਚਿਹਰੇ ਦਾ ਰੰਗ ਬਦਲ ਗਿਆ ਸੀ।

"ਕੀ ਤੈਨੂੰ ਵੀ ਆਪਣੇ ਪਿੰਡ ਦਾ ਨਾਂ ਭੁੱਲ ਗਿਆ ਹੈ ?" ਫੋਰਮੈਨ ਹੱਸਿਆ।

"ਬਲਗੜ੍ਹਾਂ।" ਕਾਲ਼ੀ ਨੇ ਇਕਦਮ ਕਿਹਾ ਤਾਂ ਕਿ ਫੋਰਮੈਨ ਦੇ ਮਨ ਵਿੱਚ ਕੋਈ ਸ਼ੱਕ ਪੈਦਾ ਨਾ ਹੋ ਜਾਵੇ।

'ਹਾਂ ਹਾਂ ...ਠੀਕ ਹੈ। ਯਾਦ ਆ ਗਿਆ। ਕਾਫੀ ਦੂਰ ਹੈ ਇਥੋਂ।" ਫੋਰਮੈਨ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ।

"ਹਾਂ ਜੀ, ਦਸੂਹੇ ਤੋਂ ਪਰ੍ਹੇ ਹੈ ... ਪਹਾੜ ਦੀ ਝੋਲੀ ਵਿੱਚ।" ਕਾਲ਼ੀ ਨੇ ਮੂੰਹ ਘੁਮਾ ਲਿਆ ਤਾਂ ਕਿ ਫੋਰਮੈਨ ਉਸ ਦੀ ਪ੍ਰੇਸ਼ਾਨੀ ਨੂੰ ਤਾੜ ਨਾ ਸਕੇ।

"ਪਿੰਡ ਵਿੱਚ ਕੋਈ ਸਾਕ ਸਬੰਧੀ ਹੈ ?"

"ਨਾ ਜੀ, ਇੱਕ ਚਾਚੀ ਸੀ। ਉਹ ਵੀ ਮਰ ਗਈ ਹੈ। ਕੱਚਾ ਕੋਠਾ ਸੀ ਉਸ ਨੂੰ ਚੋਅ ਦੀ ਢਾਅ ਨੇ ਖਾ ਲਿਆ। ਹੁਣ ਤਾਂ ਪਿੰਡ ਵਿੱਚ ਸਾਡਾ ਨਾਂ ਨਿਸ਼ਾਨ ਹੀ ਮਿਟ ਗਿਆ ਹੈ।" ਕਾਲ਼ੀ ਦਾ ਗਲ਼ ਭਰ ਆਇਆ ਜਿਵੇਂ ਪਿੰਡ ਦੀ ਯਾਦ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਹੋਵੇ।

"ਹੋਰ ਕੋਈ ਮਾਸੀ-ਮਾਸੜ ... ਭੂਆ-ਫੁੱਫੜ ?"

"ਨਾ ਜੀ, ਇਹ ਸਮਝੋ ਕਿ ਜੜ੍ਹ ਹੀ ਕੱਟੀ ਗਈ ਹੈ। ਇੱਕ ਮੈਂ ਹੀ ਬਚਿਆਂ ਹਾਂ। ਚਾਚੀ ਦੱਸਦੀ ਹੁੰਦੀ ਸੀ ਕਿ ਟੱਬਰ ਤਾਂ ਬਹੁਤ ਵੱਡਾ ਸੀ। ਮੇਰੇ ਬਾਬੇ ਹੋਰੀਂ ਸੱਤ ਭਰਾ ਸਨ। ਮੇਰੇ ਪਿਉ ਦੇ ਨੌਂ ਭੈਣ-ਭਰਾ ਸਨ ... ਲੇਕਿਨ ਸਾਰਿਆਂ ਨੂੰ ਪਲੇਗ, ਹੈਜ਼ੇ ਨੇ ਖਾ ਲਿਆ। ਜਿਹੜੇ ਬਿਮਾਰੀ ਤੋਂ ਬੱਚ ਗਏ ਉਨ੍ਹਾਂ ਨੂੰ ਗਰੀਬੀ ਅਤੇ ਤੰਗੀ ਨੇ ਸਮੇਂ ਤੋਂ ਬਹੁਤ ਪਹਿਲਾਂ ਹੀ ਨਿਗਲ਼ ਲਿਆ।" ਕਾਲ਼ੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਸੀ ਜਿਵੇਂ ਸਾਰਾ ਟੱਬਰ ਉਸ ਦੀਆਂ ਅੱਖਾਂ ਦੇ ਸਾਮ੍ਹਣੇ ਉੱਜੜ ਗਿਆ ਸੀ।

ਕਾਲ਼ੀ ਦੀ ਕਹਾਣੀ ਸੁਣ ਕੇ ਫੋਰਮੈਨ ਵੀ ਉਦਾਸ ਹੋ ਗਿਆ ਸੀ। ਉਹ ਨੱਕ 'ਤੇ ਖਾਜ ਕਰਦਾ ਅਤੇ ਸਰੀਰ ਦੇ ਵੱਖਰੇ ਵੱਖਰੇ ਅੰਗਾਂ ਨੂੰ ਹੌਲ਼ੀ ਹੌਲ਼ੀ ਖੁਰਕਦਾ ਹੋਇਆ ਡੂੰਘੀ ਸੋਚ ਵਿੱਚ ਡੁੱਬ ਗਿਆ ਸੀ। ਕਦੀ ਕਦੀ ਉਹ ਥੋੜ੍ਹਾ ਉੱਪਰ ਨੂੰ ਉੱਠ ਕੇ "ਹੇ ਰੱਬ ਜੀ" ਕਹਿੰਦਾ ਜਿਵੇਂ ਰੁਕੇ ਹੋਏ ਸਾਹ ਨੂੰ ਧੱਕਾ ਦੇ ਕੇ ਬਾਹਰ ਕੱਢ ਰਿਹਾ ਹੋਵੇ।

"ਮੇਰੇ ਮਨ ਵਿੱਚ ਵੀ ਮੇਰੇ ਪਿੰਡ ਦੀ ਮਾੜੀ ਜਿਹੀ ਹੀ ਯਾਦ ਬਾਕੀ ਹੈ। ... ਮੈਂ ਬਹੁਤ ਛੋਟਾ ਸੀ ... ਹੁੱਕੇ ਤੋਂ ਵੀ ਛੋਟਾ, ਜਦ ਮੈਨੂੰ ਪਿੰਡ ਦਾ ਇੱਕ ਆਦਮੀ ਇਸ ਸ਼ਹਿਰ ਵਿੱਚ ਲਿਆਇਆ ਸੀ। ਅਜੇ ਮੈਂ ਪੂਰੀ ਤਰ੍ਹਾਂ ਹੋਸ਼ ਵੀ ਨਹੀਂ ਸੰਭਾਲੀ ਸੀ ਕਿ ਉਹ ਆਦਮੀ ਮੇਰਾ ਹੱਥ ਆਪਣੇ ਕਿਸੇ ਦੋਸਤ ਦੇ ਹੱਥ ਵਿੱਚ ਦੇ ਕੇ ਮਰ ਗਿਆ। ਉਸ ਦਾ ਨਾਂ ਮੇਲਾ ਰਾਮ ਸੀ। ਬੱਸ, ਉਹਦੇ ਨਾਲ਼ ਹੀ ਰਿਹਾ। ਉਹਦੇ ਕੋਲ਼ੋਂ ਹੀ ਕੰਮ ਸਿੱਖਿਆ। ਮੇਰੇ ਕੋਲ਼ ਜੋ ਵੀ ਹੁਨਰ, ਗੁਣ, ਅਵਗੁਣ ਹਨ, ਸਭ ਉਸ ਦੀ ਹੀ ਦੇਣ ਹਨ। ਮੈਂ ਉਸ ਦੀ ਬਹੁਤ ਸੇਵਾ ਕੀਤੀ। ਕੁੱਟ ਵੀ ਬਹੁਤ ਖਾਧੀ। ਗਾਲ਼ਾਂ ਦਾ ਤਾਂ ਕੋਈ ਹਿਸਾਬ ਹੀ ਨਹੀਂ। ਮੇਰੇ ਕੋਲ਼ ਜਿਹੜਾ ਗਾਲ਼ਾਂ ਦਾ ਖਜ਼ਾਨਾ ਹੈ ਉਹ ਸਾਰਾ ਉਸ ਦਾ ਹੀ ਦਿੱਤਾ ਹੋਇਆ ਹੈ। ਉਸ ਨੇ ਮੈਨੂੰ ਪਿਆਰ ਵੀ ਬਹੁਤ ਦਿੱਤਾ। ... ਮੈਨੂੰ ਆਪਣਾ ਘਰ ਜੁਆਈ ਵੀ ਬਣਾ ਲਿਆ। ਇਹ ਮਕਾਨ ਵੀ ਮੈਨੂੰ ਦੇ ਦਿੱਤਾ। ਮੈਂ ਤਾਂ ਇਸ ਵਿੱਚ ਆਪਣੇ ਹੱਥ ਨਾਲ਼ ਇੱਕ ਇੱਟ ਵੀ ਨਹੀਂ ਲਾਈ।" ਫੋਰਮੈਨ ਪੂਰੀ ਤਰ੍ਹਾਂ ਅਤੀਤ ਵਿੱਚ ਗੁਆਚ ਗਿਆ ਸੀ।

ਕਾਲ਼ੀ ਵੀ ਗੋਡਿਆਂ 'ਤੇ ਠੋਡੀ ਟਿਕਾਈ ਪਿੱਛੇ ਬਾਰੇ ਸੋਚਣ ਲੱਗਾ। ਚਾਚੀ ਅਤੇ ਗਿਆਨੋ ਦੀ ਯਾਦ ਵਿੱਚ ਉਹ ਤੜਫ ਉੱਠਿਆ ਅਤੇ ਗਲ਼ ਵਿੱਚ ਉੱਭਰ ਰਹੀ ਚੀਕ ਨੂੰ ਦਬਾਉਣ ਲਈ ਉਸ ਨੇ ਆਪਣਾ ਮੂੰਹ ਜ਼ੋਰ ਨਾਲ਼ ਘੁੱਟ ਕੇ ਉਸ 'ਤੇ ਹੱਥ ਰੱਖ ਲਿਆ। ਉਸ ਨੂੰ ਮਹਿਸੂਸ ਹੋਇਆ ਕਿ ਉਸ ਦਾ ਅਤੀਤ ਚੂਨੇ ਅਤੇ ਲੂਣ ਦੇ ਪਾਣੀ ਵਾਂਗ ਖਾਰਾ ਅਤੇ ਕੌੜਾ ਹੈ। ਉਸ ਤੋਂ ਬਚਣ ਲਈ ਉਹ ਸਿਰ ਝਟਕਣ ਲੱਗਾ।

"ਕੀ ਹੋਇਆ। ਤੇਰੀ ਤਬੀਅਤ ਤਾਂ ਠੀਕ ਹੈ ?" ਕਾਲ਼ੀ ਦਾ ਹਾਵ ਭਾਵ ਦੇਖ ਕੇ

ਫੋਰਮੈਨ ਕੁਛ ਚਿੰਤਿਤ ਹੋ ਗਿਆ।

"ਹਾਂ ਜੀ, ਠੀਕ ਹਾਂ। ਬਿਲਕੁਲ ਠੀਕ ਹਾਂ।" ਕਾਲ਼ੀ ਸ਼ਰਮਿੰਦਾ ਜਿਹਾ ਹੋ ਕੇ ਮੁਸਕਰਾਇਆ।

"ਜਦ ਆਪਣਾ ਪਿਛੋਕੜ ਯਾਦ ਆਉਂਦਾ ਹੈ ਤਾਂ ਅਜੇਹੀ ਹਾਲਤ ਹੋ ਹੀ ਜਾਂਦੀ ਹੈ। ਆਦਮੀ ਡੂੰਘੀ ਸੋਚ ਵਿੱਚ ਡੁੱਬ ਜਾਂਦਾ ਹੈ। ਆਪਣੇ ਆਪ ਹੀ ਹੱਸਦਾ ਹੈ, ਰੋਂਦਾ ਹੈ, ਖਿੱਝਦਾ ਹੈ, ਮਰਦਾ ਹੈ, ਜੀਂਦਾ ਹੈ, ਡਰਦਾ ਹੈ, ਲੜਦਾ ਹੈ।" ਫੋਰਮੈਨ ਭਾਵਕ ਹੋ ਗਿਆ।

ਉਸ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ ਜਿਵੇਂ ਇਹ ਪਤਾ ਕਰਨਾ ਚਾਹੁੰਦਾ ਹੋਵੇ ਕਿ ਕੀ ਉਹ ਹੁਣ ਆਪਣੇ ਅਤੀਤ ਵਿੱਚੋਂ ਪੂਰੀ ਤਰ੍ਹਾਂ ਬਾਹਰ ਨਿਕਲ਼ਿਆ ਹੈ ਕਿ ਨਹੀਂ। ਫਿਰ ਉਹ ਕਾਲ਼ੀ ਨੂੰ ਸਮਝਾਉਣ ਲੱਗਾ, "ਬਰਖ਼ੁਰਦਾਰ, ਆਦਮੀ ਅਤੀਤ ਤੋਂ ਤਾਂ ਹੀ ਛੁਟਕਾਰਾ ਪਾਉਂਦਾ ਹੈ ਜਦ ਉਹ ਭਵਿੱਖ ਬਾਰੇ ਸੋਚਣਾ ਸ਼ੁਰੂ ਕਰ ਦੇਵੇ। ਹੁਣ ਤੂੰ ਵੀ ਆਪਣੇ ਭਵਿੱਖ ਬਾਰੇ ਸੋਚਿਆ ਕਰ।"

ਕਾਲ਼ੀ ਨੇ ਫੋਰਮੈਨ ਵੱਲ ਗੌਰ ਨਾਲ਼ ਦੇਖਿਆ ਪਰ ਕੋਈ ਜਵਾਬ ਨਾ ਦਿੱਤਾ। ਫੋਰਮੈਨ ਵੀ ਅਰਾਮ ਨਾਲ਼ ਹੁੱਕਾ ਪੀਂਦਾ ਰਿਹਾ। "ਤੇਰੇ ਹੱਥਾਂ ਦੀ ਪਾਂਅ ਦਾ ਕੀ ਹਾਲ ਹੈ ? ਮੈਂ ਤਾਂ ਪੁੱਛਣਾ ਹੀ ਭੁੱਲ ਗਿਆ ਸੀ।" ਫੋਰਮੈਨ ਨੇ ਧੂੰਆਂ ਕਾਲ਼ੀ ਵੱਲ ਨੂੰ ਛੱਡਿਆ।

"ਪਹਿਲਾਂ ਨਾਲ਼ੋਂ ਤਾਂ ਬਹੁਤ ਠੀਕ ਹੈ।" ਉਸ ਨੇ ਆਪਣਾ ਖੱਬਾ ਹੱਥ ਫੈਲਾ ਦਿੱਤਾ, "ਪਾਕ ਨਿਕਲਣੀ ਬੰਦ ਹੋ ਗਈ ਹੈ। ਫਿਨਸੀ ਸੁੱਕ ਗਈ ਹੈ।"

"ਚੀਸ ਤਾਂ ਨਹੀਂ ਪੈਂਦੀ ?"

"ਨਾ ਜੀ, ਬਸ ਚਮੜੀ ਅਜੇ ਕੁੱਝ ਨਰਮ ਹੈ।" ਕਾਲ਼ੀ ਨੇ ਆਪਣਾ ਹੱਥ ਫੋਰਮੈਨ ਦੇ ਸਾਹਮਣੇ ਕਰਕੇ ਉਸ ਨੂੰ ਦਿਖਾਇਆ।

ਉਸ ਨੇ ਕਾਲ਼ੀ ਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਅਤੇ ਫਿਨਸੀ ਵਾਲ਼ੀ ਥਾਂ ਨੂੰ ਦਬਾਉਂਦਿਆਂ ਪੁੱਛਿਆ, "ਮਲ੍ਹਮ ਹੈ ਜਾਂ ਹੁਣ ਮੁੱਕ ਗਈ ਹੈ ?"

"ਮੁੱਕੀ ਹੀ ਸਮਝੋ ਜੀ।"

"ਬਸ, ਹੁਣ ਲਾਉਣ ਦੀ ਜ਼ਰੂਰਤ ਵੀ ਨਹੀਂ। ਦੋ ਤਿੰਨ ਦਿਨਾਂ ਵਿੱਚ ਖਰਿੰਡ ਆ ਜਾਵੇਗਾ। ਸ਼ੁਕਰ ਹੈ ਰੱਬ ਦਾ। ਪਾਂਅ ਬੜੀ ਨਾਮੁਰਾਦ ਬਿਮਾਰੀ ਹੈ। ਜਿਹਨੂੰ ਹੋ ਜਾਵੇ ਉਹ ਮੌਤ ਤੋਂ ਹੀ ਪਨਾਹ ਮੰਗਦਾ ਹੈ। ਮੈਂ ਇਹ ਸਭ ਕੁੱਝ ਦੇਖ ਚੁੱਕਿਆਂ ਹਾਂ। ਘੱਟੋ ਘੱਟ ਇੱਕ ਸਾਲ ਤੱਕ।" ਫੋਰਮੈਨ ਨੇ ਕੰਨਾਂ ਨੂੰ ਛੂਹਿਆ, "ਉਸਤਾਦ ਦੀ ਮੇਹਰਬਾਨੀ ਹੋਈ ਤਾਂ ਮੈਂ ਠੀਕ ਹੋਇਆ।"

"ਮਲ੍ਹਮ ਲਾਉਣ ਨਾਲ਼ ਇੱਕ ਵਾਰ ਤਾਂ ਬਹੁਤ ਦਰਦ ਪੈਂਦਾ ਹੈ। ਆਦਮੀ ਚੀਕਦਾ ਹੈ, ਚਿਲਾਉਂਦਾ ਹੈ ਜਿਵੇਂ ਜ਼ਖਮ ਵਿੱਚ ਚਾਕੂ ਚੁੱਭ ਗਿਆ ਹੋਵੇ। ਪਰ ਹੈ ਬਹੁਤ ਕਾਰਗਰ। ਪਾਂਅ ਨੂੰ ਜੜ੍ਹੋਂ ਵੱਢਦੀ ਹੈ।"

ਕਾਲ਼ੀ ਦੇ ਮੂੰਹੋਂ ਮਲ੍ਹਮ ਦੀ ਤਰੀਫ ਸੁਣ ਕੇ ਫੋਰਮੈਨ ਗੱਦਗੱਦ ਹੋ ਗਿਆ, "ਇਹ ਮਲ੍ਹਮ ਮੈਨੂੰ ਉਸਤਾਦ ਨੇ ਹੀ ਦਿੱਤੀ ਸੀ। ਬਸ ਥੋੜ੍ਹੀ ਹੀ ਬਚੀ ਹੈ। ਇਸ ਲਈ ਮੈਂ ਇਹ ਮਲ੍ਹਮ ਬਹੁਤ ਹੀ ਖਾਸ ਅਤੇ ਆਪਣੇ ਨਜ਼ਦੀਕੀ ਆਦਮੀਆਂ ਨੂੰ ਹੀ ਦਿੰਦਾ ਹਾਂ।"

"ਮੈਨੂੰ ਤਾ ਮਲੂਮ ਬਾਰੇ ਬੰਸੇ ਨੇ ਦੱਸਿਆ ਸੀ।"

ਇਹ ਸੁਣ ਕੇ ਫੋਰਮੈਨ ਨੇ ਕਾਲ਼ੀ ਵੱਲ ਬਹੁਤ ਧਿਆਨ ਨਾਲ਼ ਦੇਖਿਆ, "ਬੰਸੇ ਨੇ ਹੋਰ ਕੀ ਦੱਸਿਆ ਸੀ ?"

"ਨਾ ਜੀ, ਹੋਰ ਕੁੱਸ਼ ਨਹੀਂ ਦੱਸਿਆ।" ਕਾਲ਼ੀ ਸਹਿਮ ਗਿਆ।

ਫੋਰਮੈਨ ਨੇ ਅਰਾਮ ਨਾਲ਼ ਲੰਮਾ ਸਾਹ ਲਿਆ ਅਤੇ ਹੁੱਕਾ ਪੀਣ ਲੱਗਾ। ਫਿਰ ਕਾਲ਼ੀ ਵੱਲ ਧਿਆਨ ਨਾਲ਼ ਦੇਖਦਿਆਂ ਚਿਤਾਵਨੀ ਦਿੱਤੀ, ਉਸ ਨਾਲ਼ ਬਹੁਤਾ ਮੇਲ਼ ਜੋਲ਼ ਨਾ ਰੱਖੀਂ। ਇੱਕ ਨੰਬਰ ਦਾ ਝੂਠਾ ਅਤੇ ਮਕਾਰ ਹੈ। ਤਿੰਨਾਂ ਨਿਆਣਿਆਂ ਦਾ ਪਿਉ ਹੈ ਅਤੇ ਲੋਕਾਂ ਨੂੰ ਦੱਸਦਾ ਹੈ ਕਿ ਉਹ ਅਜੇ ਕੁਆਰਾ ਹੈ।"

"ਸਾਰਾ ਟੋਲਾ ਹੀ ਬੇਈਮਾਨ ਹੈ। ਤੂੰ ਉਸ ਦਿਨ ਮੇਰੇ ਸਾਹਮਣੇ ਸੇਠ ਰਾਮ ਪ੍ਰਕਾਸ਼ ਨਾਲ਼ ਮੰਗਾਂ ਦੀ ਗੱਲ ਕੀਤੀ ਸੀ ਤਾਂ ਮੈਂ ਸਮਝ ਗਿਆ ਸੀ ਕਿ ਤੂੰ ਉਨ੍ਹਾਂ ਦੇ ਬਹਿਕਾਵੇ ਵਿੱਚ ਆ ਗਿਆ ਹੈਂ। ਤੂੰ ਆਪਣੇ ਕੰਮ ਨਾਲ਼ ਮਤਲਬ ਰੱਖ। ਬਾਕੀ ਇਹਨਾਂ ਨਾਲ਼ ਮੈਂ ਨਿਪਟਣਾ ਜਾਣਦਾ ਹਾਂ।"

"ਫੋਰਮੈਨ ਜੀ, ਕਾਰਖਾਨੇ ਵਿੱਚ ਨਲ਼ਕਾ ਤਾਂ ਲੱਗਣਾ ਹੀ ਚਾਹੀਦਾ।" ਕਾਲ਼ੀ ਨੇ ਬੇਨਤੀ ਕੀਤੀ।

ਇਹ ਸੁਣ ਕੇ ਫੋਰਮੈਨ ਭੜਕ ਉੱਠਿਆ, "ਤੂੰ ਫੇਰ ਉਨ੍ਹਾਂ ਦੀ ਬੋਲੀ ਬੋਲਣ ਲੱਗ ਪਿਆ। ਹੁਣ ਤੂੰ ਮੁਨਸ਼ੀ ਦਾ ਕੰਮ ਕਰਦਾ ਆਂ। ਤੇਰਾ ਫਰਜ਼ ਲਾਲੇ ਅਤੇ ਫੇਰ ਆਪਣੇ ਭਲੇ ਬਾਰੇ ਸੋਚਣਾ ਹੈ। ਤੂੰ ਲਾਲੇ ਨੂੰ ਦਸ ਰੁਪਏ ਕਮਾ ਕੇ ਦੇਵੇਂਗਾ ਤਾਂ ਤੈਨੂੰ ਰੁਪਇਆ–ਦੋ ਰੁਪਏ ਮਿਹਨਤ ਮਿਲ਼ੇਗੀ। ਸਮਝਿਆ ?"

ਕਾਲ਼ੀ ਨੀਵੀਂ ਪਾਈ ਬੈਠਾ ਰਿਹਾ। ਉਸ ਨੂੰ ਕੁੱਝ ਵੀ ਸਮਝ ਨਹੀਂ ਆ ਰਿਹਾ ਸੀ। ਉਹ ਲਾਲਟੈਣ ਦੇ ਦੁਆਲ਼ੇ ਘੁੰਮਦੇ ਅਤੇ ਸ਼ੀਸ਼ੇ ਨਾਲ਼ ਟਕਰਾਉਂਦੇ ਭਵੱਕੜਾਂ ਅਤੇ ਕੀੜੇ ਮਕੌੜਿਆਂ ਨੂੰ ਦੇਖਦਾ ਰਿਹਾ।

"ਕੀ ਸੋਚਿਆ, ਬਰਖੁਰਦਾਰ, ?" ਫੋਰਮੈਨ ਨੇ ਹੁੱਕਾ ਪਰ੍ਹੇ ਕਰਦਿਆਂ ਪੁੱਛਿਆ।

"ਕਾਹਦੇ ਬਾਰੇ ? ਕਾਲ਼ੀ ਸਿਰ ਝਟਕ ਕੇ ਸੁਚੇਤ ਹੋ ਗਿਆ।

"ਤੇਰੇ ਸੋਚਣੇ ਦੀ ਇੱਕ ਹੀ ਗੱਲ ਹੈ। ...ਆਪਣੇ ਭਵਿੱਖ ਬਾਰੇ ?"

"ਫੋਰਮੈਨ ਜੀ, ਮੈਨੂੰ ਤਾਂ ਭਵਿੱਖ ਕਿਤੇ ਨਜ਼ਰ ਨਹੀਂ ਆਉਂਦਾ। ਸੋਚਾਂ ਕੀ ? ਫਿਰ ਗਰੀਬ ਆਦਮੀ ਦਾ ਭਵਿੱਖ ਹੋ ਵੀ ਕੀ ਸਕਦਾ ਹੈ। ਨੰਗਾ ਨਹਾਊਗਾ ਕੀ ਅਤੇ ਨਿਚੋੜੂਗਾ ਕੀ ?" ਕਾਲ਼ੀ ਖੋਖਲਾ ਜਿਹਾ ਹੱਸਿਆ।

"ਬਰਖੁਰਦਾਰ, ਤੂੰ ਅਜੇ ਤੱਕ ਆਪਣੇ ਅਤੀਤ ਵਿੱਚ ਹੀ ਫਸਿਆ ਹੋਇਆ ਹੈਂ। ਉਸ ਤੋਂ ਛੁਟਕਾਰਾ ਪਾਉਣਾ ਹੈ ਤਾਂ ਭਵਿੱਖ ਬਾਰੇ ਸੋਚ।" ਫੋਰਮੈਨ ਨੇ ਜ਼ੋਰ ਦਿੱਤਾ।

"ਫੋਰਮੈਨ ਜੀ, ਸੋਚਣ ਦੀ ਹਿੰਮਤ ਹੀ ਨਹੀਂ ਹੈ। ਕਾਹਦੇ ਸਹਾਰੇ ਸੋਚਾਂ।" ਕਾਲ਼ੀ ਬਹੁਤ ਹੀ ਉਦਾਸ ਹੋ ਗਿਆ।

ਫੋਰਮੈਨ ਨੇ ਇੱਕ ਵਾਰ ਫਿਰ ਹੁੱਕਾ ਆਪਣੇ ਕੋਲ਼ ਖਿੱਚ ਲਿਆ ਅਤੇ ਲੰਮੇ ਲੰਮੇ ਕਸ਼

ਲੈ ਕੇ ਖੰਘਦਾ ਰਿਹਾ ਜਿਵੇਂ ਦਿਲ ਦੀਆਂ ਗਹਿਰਾਈਆਂ ਵਿੱਚ ਡੁੱਬੀ ਗੱਲ ਨੂੰ ਜਬਾਨ 'ਤੇ ਲਿਆਉਣਾ ਚਾਹੁੰਦਾ ਹੋਵੇ।

"ਸ਼ਾਦੀ ਵਿਆਹ ਹੋ ਜਾਵੇ। ਬੱਚੇ ਹੋਣ। ਕਾਰੋਬਾਰ ਚੰਗਾ ਹੋਵੇ। ਜ਼ਮੀਨ ਜਾਇਦਾਦ ਬਣ ਜਾਵੇ ਤਾਂ ਭਵਿੱਖ ਆਪਣੇ ਆਪ ਚਮਕ ਜਾਂਦਾ ਹੈ।" ਫੋਰਮੈਨ ਨੇ ਕਾਲ਼ੀ ਦੀਆਂ ਅੱਖਾਂ ਵਿੱਚ ਝਾਕਦਿਆਂ ਸਮਝਾਇਆ।

"ਪਰ ਮੇਰੇ ਸੋਚਣ ਜਾਂ ਚਾਹੁਣ ਨਾਲ਼ ਤਾਂ ਇਹ ਸਭ ਕੁੱਝ ਹੋ ਨਹੀਂ ਜਾਣਾ।" ਕਾਲ਼ੀ ਹੱਥ ਮਲ਼ਣ ਲੱਗਾ।

ਤੂੰ ਚਾਹੇਂ ਤਾਂ ਸੱਭ ਕੁੱਝ ਹੋ ਸਕਦਾ ਹੈ। ਕੰਮ ਤੇਰੇ ਕੋਲ਼ ਹੈ ਹੀ। ਮਜ਼ਦੂਰੀ ਵੱਧ ਹੀ ਜਾਏਗੀ। ਕੰਮ ਵੀ ਸਾਫ ਸੁਥਰਾ ਹੈ। ਮੁਨਸ਼ੀਗੀਰੀ ਕਰਦਾ ਆਂ। ਸ਼ਾਦੀ ਹੋ ਜਾਵੇ ਤਾਂ ਮਕਾਨ ਵੀ ਤੇਰਾ ਹੋ ਸਕਦਾ ਹੈ। ਇਹ ਸਭ ਚੀਜ਼ਾਂ ਹੋਣ ਤਾਂ ਭਵਿੱਖ ਬਣਿਆ ਸਮਝੋ।" ਫੋਰਮੈਨ ਨੇ ਨਜ਼ਰਾਂ ਦਲਾਨ ਵੱਲ ਨੂੰ ਘੁਮਾ ਲਈਆਂ, "ਭੋਲੀ ਨੂੰ ਮਾਤਾ ਨੇ ਦਾਗਦਾਰ ਕਰ ਦਿੱਤਾ ਹੈ ਪਰ ਉਹ ਦਿਲ ਅਤੇ ਸੁਭਾਅ ਦੀ ਬਹੁਤ ਅੱਛੀ ਹੈ। ਉਹਦੇ ਨਾਲ਼ ਵਿਆਹ ਕਰ ਲੈ, ਤੈਨੂੰ ਬੀਵੀ, ਬਾਪ ਅਤੇ ਮਕਾਨ ਮਿਲ਼ ਜਾਵੇਗਾ ਅਤੇ ਮੈਨੂੰ ਪੁੱਤ। ਤੇਰਾ ਭਵਿੱਖ ਬਣ ਜਾਵੇਗਾ ਅਤੇ ਮੇਰੀ ਜ਼ੁੰਮੇਵਾਰੀ ਨਿੱਭ ਜਾਵੇਗੀ।"

ਫੋਰਮੈਨ ਦੀ ਗੱਲ ਸੁਣ ਕੇ ਕਾਲ਼ੀ ਸੁੰਨ ਹੋ ਗਿਆ। ਉਸ ਦੀਆਂ ਅੱਖਾਂ ਦੇ ਸਾਹਮਣੇ ਭੋਲੀ ਘੁੰਮ ਗਈ ਅਤੇ ਉਸਨੇ ਅੱਖਾਂ ਮੀਚ ਲਈਆਂ। ਗਿਆਨੋ ਦੀ ਯਾਦ ਆਉਂਦਿਆਂ ਹੀ ਕਾਲ਼ੀ ਵਿਆਕੁਲ ਹੋ ਗਿਆ।

"ਤੂੰ ਸੋਚ ਲੈ। ਮੈਨੂੰ ਇੱਕ ਦੋ ਦਿਨਾਂ ਵਿੱਚ ਦੱਸ ਦੇਈਂ। ਵੈਸੇ ਤੇਰੇ ਵਰਗੇ ਮੁੰਡੇ ਲਈ ਮੇਰੀ ਗੱਲ ਔਲੀਆ-ਪੀਰ ਦੇ ਹੁਕਮ ਬਰਾਬਰ ਹੋਣੀ ਚਾਹੀਦੀ ਹੈ। ਸੱਚ ਪੁੱਛੇਂ ਤਾਂ ਮੇਰਾ ਸੁਝਾਅ ਤੇਰੇ ਲਈ ਮੂੰਹ ਮੰਗੀ ਮੁਰਾਦ ਤੋਂ ਵੀ ਵੱਧ ਹੈ।"

ਕਾਲ਼ੀ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਗਰਦਨ ਝੁਕਾਈ ਹਨੇਰੇ ਵਿੱਚ ਡੁੱਬਾ ਰਿਹਾ।

"ਮੈਨੂੰ ਪਤਾ ਹੈ ਤੂੰ ਸੰਗ ਰਿਹਾ ਹੈਂ। ਜਦ ਉਸਤਾਦ ਨੇ ਮੇਰੇ ਨਾਲ਼ ਭੋਲੀ ਦੀ ਮਾਂ ਬਾਰੇ ਗੱਲ ਕੀਤੀ ਸੀ ਤਾਂ ਮੈਂ ਵੀ ਕਈ ਦਿਨ ਸੰਗਦਾ ਰਿਹਾ ਸੀ। ਉਸਤਾਦ ਜੀ ਦੇ ਸਾਮ੍ਹਣੇ ਜਾਣ ਤੋਂ ਕੰਨੀ ਕਤਰਾਉਂਦਾ ਸੀ।" ਫੋਰਮੈਨ ਮੁਸਕਰਾਇਆ।

ਥੋੜ੍ਹੇ ਚਿਰ ਪਿਛੋਂ ਕਾਲ਼ੀ ਉੱਠ ਕੇ ਖੜ੍ਹ ਗਿਆ ਅਤੇ ਫੋਰਮੈਨ ਮੋਹਰੇ ਦੋਨੋ ਹੱਥ ਜੋੜ ਦਿੱਤੇ, "ਚੰਗਾ ਜੀ, ਮੈਂ ਚਲਦਾ ਹਾਂ।"

"ਰੋਟੀ ਖਾ ਕੇ ਜਾਈਂ। ਤਿਆਰ ਹੋ ਰਹੀ ਹੈ।"

"ਨਾ ਜੀ, ਰੋਟੀ ਫਿਰ ਕਿਸੇ ਹੋਰ ਦਿਨ ਖਾਉਂਗਾ।" ਕਾਲ਼ੀ ਨੇ ਇੱਕ ਵਾਰ ਫਿਰ ਹੱਥ ਜੋੜ ਦਿੱਤੇ।

ਫੋਰਮੈਨ ਬੂਹੇ ਤੱਕ ਕਾਲ਼ੀ ਦੇ ਨਾਲ਼ ਆਇਆ ਅਤੇ ਹੱਥ ਉਸ ਦੇ ਮੋਢੇ 'ਤੇ ਰੱਖ ਕੇ ਬੋਲਿਆ, "ਤੂੰ ਆਪਣਾ ਸਮਾਨ ਦਫਤਰ ਤੋਂ ਲੈ ਆਇਆ ਸੀ ਨਾ ?"

"ਹਾਂ ਜੀ।"

"ਚੰਗਾ ਕੀਤਾ। ਬਾਕੀ ਬੰਦਿਆਂ ਨਾਲ਼ ਮੇਲ ਜੋਲ ਬਿਲਕੁਲ ਬੰਦ ਕਰ ਦੇ। ਹੁਣ ਤੇਰਾ ਰੁਤਬਾ ਉਨ੍ਹਾਂ ਨਾਲ਼ੋਂ ਉੱਚਾ ਹੈ।" ਫੋਰਮੈਨ ਨੇ ਕਾਲ਼ੀ ਨੂੰ ਜ਼ੋਰ ਨਾਲ਼ ਸਮਝਾਇਆ।

"ਪਰ ਬਰਾਦਰੀ ਤਾਂ ਇੱਕ ਹੀ ਹੈ ?"

"ਬਰਾਦਰੀ ਇੱਕ ਕਿਵੇਂ ਹੋ ਗਈ ? ਤੂੰ ਕਾਰਖਾਨੇ ਦਾ ਮੁਨਸ਼ੀ, ਉਹ ਸਾਰੇ ਕਾਮੇ ਹਨ।" ਫੋਰਮੈਨ ਨੇ ਕਾਲ਼ੀ ਨੂੰ ਘੂਰਿਆ। ਫਿਰ ਹੱਥ ਮਾਰ ਮਾਰ ਕੇ ਉਸ ਨੂੰ ਸਮਝਾਉਣ ਲੱਗਾ, "ਬਰਾਦਰੀ ਦੀਆਂ ਕਈ ਤੈਹਾਂ ਹੁੰਦੀਆਂ ਹਨ। ਸੇਠ ਬਖਸ਼ੀ ਰਾਮ ਨੂੰ ਹੀ ਲੈ ਲਉ। ਜਨਮ ਕਰਕੇ ਤਾਂ ਉਹ ਆਪਣੀ ਬਰਾਦਰੀ ਦਾ ਹੀ ਹੈ। ਪਰ ਕਰਮ ਤੋਂ ਉਸਦੀ ਅਤੇ ਆਪਣੇ ਮਾਲਕ ਲਾਲਾ ਰਾਧੇਸ਼ਿਆਮ ਦੀ ਬਰਾਦਰੀ ਇੱਕ ਹੀ ਹੈ। ਸੇਠ ਬਖਸ਼ੀ ਰਾਮ ਤੇਰੇ ਮੇਰੇ ਘਰ ਸ਼ਾਇਦ ਹੀ ਆਵੇ ਪਰ ਸੇਠਾਂ, ਲਾਲਿਆਂ ਦੇ ਘਰੀਂ ਸਭ ਤੋਂ ਪਹਿਲਾਂ ਪਹੁੰਚੇਗਾ। ਸਮਝ ਗਿਆ ਮੇਰੀ ਗੱਲ ?"

ਗਰਦਨ ਝੁਕਾਈ ਕਾਲ਼ੀ ਚੁੱਪ ਕਰਕੇ ਖੜ੍ਹਾ ਰਿਹਾ। ਫਿਰ ਫੋਰਮੈਨ ਮੋਹਰੇ ਹੱਥ ਜੋੜ ਕੇ ਬੂਹੇ ਵੱਲ ਨੂੰ ਵੱਧ ਗਿਆ।

"ਤੈਨੂੰ ਇੱਕ ਗੱਲ ਹੋਰ ਦੱਸ ਦਿੰਦਾ ਹਾਂ।" ਫੋਰਮੈਨ ਨੇ ਕਾਲ਼ੀ ਨੂੰ ਮੋਢੇ ਤੋਂ ਫੜ ਕੇ ਰੋਕ ਲਿਆ।

"ਤੈਨੂੰ ਆਪਣੀ ਧੀ ਦਾ ਰਿਸ਼ਤਾ ਦੇ ਕੇ ਮੈਂ ਤੇਰਾ ਰੁਤਬਾ ਹੋਰ ਵੀ ਉੱਚਾ ਕਰ ਰਿਹਾ ਹਾਂ। ਤੈਨੂੰ ਅਤੀਤ ਦੇ ਹਨੇਰੇ ਵਿੱਚੋਂ ਕੱਢ ਕੇ ਭਵਿੱਖ ਦੇ ਉਜਾਲੇ ਵਿੱਚ ਬਿਠਾ ਰਿਹਾ ਹਾਂ।"

ਫੋਰਮੈਨ ਦੀ ਗੱਲ ਸੁਣ ਕੇ ਕਾਲ਼ੀ ਦੰਗ ਰਹਿ ਗਿਆ ਅਤੇ ਅੱਖਾਂ ਪਾੜ੍ਹ ਕੇ ਉਸ ਵੱਲ ਦੇਖਿਆ।

ਕਾਲ਼ੀ ਦਾ ਇਸ ਤਰ੍ਹਾਂ ਦੇਖਣਾ ਫੋਰਮੈਨ ਨੂੰ ਚੰਗਾ ਨਾ ਲੱਗਾ। ਉਹ ਉਸ ਨੂੰ ਚਿਤਾਵਨੀ ਜਿਹੀ ਦਿੰਦਾ ਬੋਲਿਆ, "ਮੈਂ ਜਿੰਨਾ ਨਰਮ ਦਿਲ ਹਾਂ, ਉਨਾ ਹੀ ਪੱਥਰ ਦਿਲ ਵੀ ਹਾਂ। ਸੱਪ ਦਾ ਡੰਗਿਆ ਤਾਂ ਪਾਣੀ ਮੰਗ ਸਕਦਾ ਹੈ, ਮੇਰਾ ਡੰਗਿਆ ਤਾਂ ਜਹਾਨ ਤੋਂ ਜਾਂਦਾ ਹੈ। ਸਮਝ ਗਿਆ ਨਾ।"

"ਹਾਂ ਜੀ" ਕਾਲ਼ੀ ਨੇ ਡਰ ਦੇ ਮਾਰੇ ਮੋਢੇ ਇਕੱਠੇ ਕੀਤੇ, ਅਤੇ ਸਿਰ ਹਿਲਾ ਦਿੱਤਾ।

ਬੂਹਾ ਬੰਦ ਕਰਨ ਦਾ ਖੜਕਾ ਹੋਇਆ ਤਾਂ ਕਾਲ਼ੀ ਨੇ ਕਾਹਲ਼ੀ ਨਾਲ਼ ਪਿੱਛੇ ਮੁੜ ਕੇ ਦੇਖਿਆ। ਗਲ਼ੀ ਖਾਲੀ ਸੀ। ਕਾਲ਼ੀ ਐਨਾ ਜ਼ਿਆਦਾ ਡਰ ਗਿਆ ਸੀ ਕਿ ਮੁਹੱਲੇ ਵਿੱਚੋਂ ਬਾਹਰ ਨਿਕਲ਼ਣ ਲਈ ਦੌੜਨ ਲੱਗਾ। ਦੋ-ਤਿੰਨ ਵਾਰ ਉਸ ਨੂੰ ਠੋਕਰ ਵੀ ਲੱਗੀ ਅਤੇ ਉਹ ਡਿੱਗਦਾ ਡਿੱਗਦਾ ਮਸੀਂ ਬਚਿਆ। ਪਰ ਉਹ ਫਿਰ ਵੀ ਦੌੜੀ ਗਿਆ।

ਗਲ਼ੀ ਦਾ ਮੋੜ ਮੁੜਦਿਆਂ ਹੀ ਕਾਲ਼ੀ ਨੇ ਦੌੜਨਾ ਬੰਦ ਕਰ ਦਿੱਤਾ। ਉਹ ਕਾਹਲ਼ੀ ਕਾਹਲ਼ੀ ਤੁਰਦਾ ਹੋਇਆ ਸੜਕ ਵੱਲ ਨੂੰ ਜਾ ਰਿਹਾ ਸੀ। ਗਿਆਨੋ ਦੇ ਵੱਖਰੇ ਵੱਖਰੇ ਰੂਪ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮ ਰਹੇ ਸਨ। ਭੋਲੀ ਦੀ ਸ਼ਕਲ ਯਾਦ ਆਉਂਦਿਆਂ ਹੀ ਉਸ ਨੂੰ ਝੁਣਝੁਣੀ ਆ ਗਈ। ਉਸ ਨੇ ਜ਼ੋਰ ਨਾਲ਼ ਸਿਰ ਹਿਲਾਇਆ ਕਿ ਉਹ ਇੱਕ ਵਾਰ ਗਿਆਨੋ

ਨਾਲ਼ ਵਿਸ਼ਵਾਸਘਾਤ ਕਰ ਚੁੱਕਾ ਹੈ, ਹੁਣ ਦੁਬਾਰਾ ਇਹ ਗਲਤੀ ਨਹੀਂ ਕਰੇਗਾ।

ਸੜਕ 'ਤੇ ਪਹੁੰਚ ਕੇ ਕਾਲ਼ੀ ਰੁਕ ਗਿਆ। ਉਹ ਆਪਣਾ ਸਾਹ ਠੀਕ ਕਰਨ ਲਈ ਇੱਕ ਬੰਦ ਦੁਕਾਨ ਦੇ ਥੜ੍ਹੇ 'ਤੇ ਜਾ ਬੈਠਾ। ਉਸ ਨੂੰ ਨਾ ਤਾਂ ਕੱਚੀਆਂ ਖੱਲਾਂ ਦੀ ਬਦਬੂ ਆ ਰਹੀ ਸੀ ਅਤੇ ਨਾ ਹੀ ਮੱਛਰ ਮੱਖੀਆਂ ਤੋਂ ਪਰੇਸ਼ਾਨ ਸੀ। ਉਹ ਵਾਰ ਵਾਰ ਸੋਚਣ ਦੀ ਕੋਸ਼ਿਸ਼ ਕਰਦਾ ਪਰ ਉਸ ਦੀ ਸੋਚ ਦਾ ਸਿਲਸਿਲਾ ਗਿਆਨੋ 'ਤੇ ਆ ਕੇ ਠਹਿਰ ਜਾਂਦਾ ਅਤੇ ਫਿਰ ਹੌਲ਼ੀ ਹੌਲ਼ੀ ਉਸ ਦੇ ਫੁੱਲ ਵਰਗੇ ਚਿਹਰੇ 'ਤੇ ਭੋਲੀ ਦੀ ਮਾਤਾ ਦੇ ਦਾਗਾਂ ਭਰੀ ਸੂਰਤ ਛਾਉਣ ਲਗਦੀ। ਉਹ ਆਪਣੇ ਹੀ ਖਿਆਲਾਂ ਤੋਂ ਛੁਟਕਾਰਾ ਪਾਉਣ ਲਈ ਸਿਰ ਫੜ੍ਹ ਕੇ ਜ਼ੋਰ ਜ਼ੋਰ ਨਾਲ਼ ਸਿਰ ਨੂੰ ਠੋਕਦਾ।

ਕਾਲ਼ੀ ਨੂੰ ਮਹਿਸੂਸ ਹੋਣ ਲੱਗਾ ਕਿ ਉਹ ਇੱਕ ਵਾਰ ਫਿਰ ਬਿਖਰ ਰਿਹਾ ਹੈ। ਉਸ ਦੇ ਪੈਰ ਉੱਖੜ ਰਹੇ ਹਨ। ਉਹ ਬਹੁਤ ਬੜੀ ਮੁਸ਼ਕਲ ਵਿੱਚ ਫਸ ਗਿਆ ਹੈ। ਫੋਰਮੈਨ ਨੇ ਉਸ ਨੂੰ ਅਜਿਹੀ ਜਗ੍ਹਾ ਲਿਆ ਖੜ੍ਹਾ ਕੀਤਾ ਹੈ ਕਿ ਹਰ ਪਾਸੇ ਬਰਬਾਦੀ ਹੀ ਬਰਬਾਦੀ ਹੈ। ਉਸ ਨੂੰ ਕਾਰਖਾਨੇ ਦਾ ਹਿਸਾਬ ਕਿਤਾਬ ਸੌਂਪ ਕੇ ਉਸ ਦੇ ਸਾਥੀਆਂ ਤੋਂ ਅਲੱਗ ਕਰ ਦਿੱਤਾ ਹੈ। ਉਨ੍ਹਾਂ ਦੇ ਨਾਲ਼ ਉਸ ਦੀ ਪਹਿਚਾਣ ਹੀ ਖਤਮ ਹੋ ਗਈ ਹੈ। ਉਹ ਉਸ ਨਾਲ਼ ਗੱਲ ਕਰਨ ਤੋਂ ਵੀ ਕੰਨੀਂ ਕੁਤਰਾਉਂਦੇ ਹਨ। ਉਸ ਨੂੰ ਦੇਖ ਕੇ ਆਪਣੀ ਗੱਲਬਾਤ ਵੀ ਬੰਦ ਕਰ ਦਿੰਦੇ ਹਨ ਜਿਵੇਂ ਉਨ੍ਹਾਂ ਦਾ ਦੁਸ਼ਮਨ ਆ ਧਮਕਿਆ ਹੋਵੇ।

ਫੋਰਮੈਨ ਦੀ ਗੱਲ ਮੰਨਣ ਦਾ ਮਤਲਬ ਹੈ ਕਿ ਗਿਆਨੋ ਨੂੰ ਹਮੇਸ਼ਾਂ ਲਈ ਆਪਣੀ ਜ਼ਿੰਦਗੀ 'ਚੋਂ ਕੱਢਣਾ। ਉਸ ਦੀ ਯਾਦ ਤੋਂ ਵੀ ਪੱਕੀ ਤਰ੍ਹਾਂ ਆਪਣਾ ਰਿਸ਼ਤਾ ਤੋੜਨਾ ਪਵੇਗਾ। ਅੱਜ ਤੱਕ ਤਾਂ ਮੈਂ ਲੋਕਾਂ ਦੀਆਂ ਨਜ਼ਰਾਂ ਵਿੱਚ ਹੀ ਗਿਰਿਆ ਸੀ ਫਿਰ ਮੈਂ ਆਪਣੀਆਂ ਨਜ਼ਰਾਂ ਵਿੱਚੋਂ ਵੀ ਗਿਰ ਜਾਵਾਂਗਾ ਅਤੇ ਆਪਣੇ ਆਪ ਨੂੰ ਵੀ ਮੂੰਹ ਦਿਖਾਉਣ ਦੇ ਯੋਗ ਨਹੀਂ ਰਹਾਂਗਾ।

ਕਾਲ਼ੀ ਸੋਚ ਸੋਚ ਕੇ ਥੱਕ ਗਿਆ। ਉਸ ਦੇ ਦਿਲ ਦਿਮਾਗ 'ਤੇ ਘੁੱਪ ਹਨੇਰਾ ਛਾ ਰਿਹਾ ਸੀ। ਉਸ ਨੇ ਥੜ੍ਹੇ 'ਤੇ ਬੈਠੇ ਬੈਠੇ ਨੇ ਹੀ ਕੰਧ ਨਾਲ਼ ਢੋਹ ਲਾ ਲਿਆ ਅਤੇ ਇੱਕ ਵਾਰ ਫਿਰ ਇਸ ਸਥਿਤੀ ਨਾਲ਼ ਨਿਪਟਣ ਲਈ ਰਾਹ ਲੱਭਣ ਦੀ ਕੋਸ਼ਿਸ਼ ਕਰਨ ਲੱਗਾ।

ਕਾਰਖਾਨੇ ਵਿੱਚ ਬੰਸਾ, ਭੀਮਾ ਅਤੇ ਜਿੰਦਰ ਵਗੈਰਾ ਉਸ ਦਾ ਡੱਟ ਕੇ ਵਿਰੋਧ ਕਰਦੇ ਸਨ। ਕਈ ਵਾਰ ਤਾਂ ਨਾਂ ਲੈ ਕੇ ਗਾਲ਼ਾਂ ਦੀ ਬਰਸਾਤ ਕਰਦੇ ਸਨ। ਉਸ 'ਤੇ ਤਰ੍ਹਾਂ ਤਰ੍ਹਾਂ ਦੀਆਂ ਤੁਹਮਤਾਂ ਲਾਉਂਦੇ ਸਨ। ਕਿਰਪੂ ਅਤੇ ਬਾਕੀ ਲੋਕ ਵੀ ਉਸ ਤੋਂ ਪਾਸਾ ਵੱਟਣ ਲੱਗ ਪਏ ਸਨ। ਉਨ੍ਹਾਂ ਨੇ ਜਿੰਦਰ ਅਤੇ ਭੀਮੇ ਹੋਰਾਂ ਨੂੰ ਕਦੀ ਨਹੀਂ ਰੋਕਿਆ ਸੀ ਕਿ ਉਹ ਉਸ ਨੂੰ ਗਾਲ਼ਾਂ ਨਾ ਕੱਢਣ। ਉਹ ਸਭ ਕੁੱਝ ਚੁੱਪ ਚਾਪ ਸੁਣਦੇ ਰਹਿੰਦੇ, ਜਿਵੇਂ ਕਿ ਜੋ ਹੋ ਰਿਹਾ ਸੀ, ਸਭ ਠੀਕ ਸੀ, ਅਤੇ ਹੋਣਾ ਵੀ ਚਾਹੀਦਾ ਸੀ।

ਲੈ ਦੇ ਕੇ ਕਿਸ਼ਨਾ ਹੀ ਰਹਿ ਗਿਆ ਸੀ ਜਿਹੜਾ ਉਸ ਨਾਲ਼ ਗੱਲ ਕਰਦਾ ਸੀ ਪਰ ਉਸ ਵਿੱਚ ਵੀ ਪਹਿਲਾਂ ਵਾਲ਼ੀ ਗਰਮਜੋਸ਼ੀ ਅਤੇ ਅਪਣੱਤ ਨਹੀਂ ਰਹੀ ਸੀ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਉਹ ਸਿਰਫ ਵਕਤ ਹੀ ਟਪਾ ਰਿਹਾ ਹੈ।

ਕਿਸ਼ਨੇ ਨੇ ਕਾਲ਼ੀ ਨੂੰ ਘਰ ਸੱਦਣਾ ਬੰਦ ਕਰ ਦਿੱਤਾ ਸੀ। ਇੱਕ ਦੋ ਵਾਰ ਉਹ

ਆਪਣੇ ਆਪ ਗਿਆ ਵੀ, ਪਰ ਕਿਸ਼ਨੇ ਨੇ ਉਸ ਨੂੰ ਖਿੜ੍ਹੇ ਮੱਥੇ ਨਹੀਂ ਬੁਲਾਇਆ। ਗੱਲਬਾਤ ਵਿੱਚ ਵੀ ਓਪਰਾਪਨ ਸੀ। ਆਪਣੀ ਘਰ ਵਾਲ਼ੀ ਨੂੰ ਵੀ ਨਹੀਂ ਕਿਹਾ ਸੀ ਕਿ ਉਸ ਦਾ ਦਿਉਰ ਆਇਆ ਹੈ ਉਸ ਨੂੰ ਰਾਮਸੱਤ ਕਹੇ। ਫਿਰ ਵੀ ਉਹ ਕੱਲੂ ਕਰਕੇ ਉੱਥੇ ਜਾਂਦਾ ਰਿਹਾ ਸੀ। ਕਿਸ਼ਨੇ ਦੇ ਨਿਆਣਿਆਂ ਨਾਲ਼ ਬੈਠ ਕੇ ਉਹ ਕੁੱਝ ਸਮੇਂ ਲਈ ਆਪਣੀ ਤਨਹਾਈ ਅਤੇ ਇਕੱਲਤਾ ਨੂੰ ਭੁੱਲ ਕੇ ਟੱਬਰ ਦਾ ਅੰਗ ਬਣ ਜਾਂਦਾ ਸੀ।

ਕਾਲ਼ੀ ਨੇ ਠੰਡੀ ਆਹ ਭਰੀ। ਫਿਰ ਲੰਮਾ ਸਾਹ ਲਿਆ ਅਤੇ ਫੋਰਮੈਨ ਬਾਰੇ ਸੋਚਦਾ ਹੋਇਆ ਸੜਕ ਦੇ ਵਿਚਕਾਰ ਆ ਖੜ੍ਹਾ ਹੋਇਆ। ਉਸ ਨੇ ਸੜਕ ਦੇ ਦੋਹੀਂ ਪਾਸੀਂ ਦੁਕਾਨਾਂ ’ਤੇ ਨਜ਼ਰ ਮਾਰੀ ਤਾਂ ਕਿ ਅੰਦਾਜ਼ਾ ਲਾ ਸਕੇ ਕਿ ਉਹ ਸੜਕ ’ਤੇ ਕਿੱਥੇ ਕੁ, ਕਿਸ ਥਾਂ ਹੈ।

ਥਾਂ ਬਾਰੇ ਤਸੱਲੀ ਕਰਕੇ ਉਹ ਖੱਬੇ ਪਾਸੇ ਮੁੜ ਗਿਆ। ਕੁੱਝ ਦੂਰੀ ’ਤੇ ਦੇਸੀ ਸ਼ਰਾਬ ਦਾ ਠੇਕਾ ਸੀ। ਆਲ਼ੇ ਦੁਆਲ਼ੇ ਚਾਟ ਵਗੈਰਾ ਦੀਆਂ ਰੇੜ੍ਹੀਆਂ ਸਨ। ਭੁੰਨੇ ਹੋਏ ਛੋਲੇ, ਦਾਲ਼ ਮੋਠ ਵੇਚਦੇ ਛਾਬੜੀ ਵਾਲ਼ੇ ਵੀ ਸਨ। ਉੱਥੇ ਖੜ੍ਹੇ ਲੋਕ ਬਹੁਤ ਉੱਚੀ ਅਵਾਜ਼ ਵਿੱਚ ਗੱਲਾਂ ਕਰ ਰਹੇ ਸਨ। ਕੁੱਝ ਆਦਮੀਆਂ ਦੇ ਬੋਲ ਥਥਲਾ ਰਹੇ ਸਨ ਅਤੇ ਲੱਤਾਂ ਲੜਖੜਾ ਰਹੀਆਂ ਸਨ। ਉਨ੍ਹਾਂ ਵਿੱਚੋਂ ਕਦੀ ਕਦੀ ਕੋਈ ਜਣਾ ਬੜ੍ਹਕ ਵੀ ਮਾਰ ਦਿੰਦਾ ਸੀ।

ਕਾਲ਼ੀ ਨੇ ਆਪਣੀ ਜੇਬ ਵਿਚਲੇ ਪੈਸਿਆਂ ਦਾ ਅੰਦਾਜ਼ਾ ਲਾਇਆ। ਜਦ ਠੇਕੇ ਦੀ ਖਿੜਕੀ ਤੋਂ ਸਭ ਲੋਕ ਪਰ੍ਹੇ ਹਟ ਗਏ ਤਾਂ ਉਹ ਦੌੜ ਕੇ ਉਸ ਦੇ ਸਾਮ੍ਹਣੇ ਜਾ ਖੜ੍ਹਾ ਹੋਇਆ ਅਤੇ ਪੰਜ ਰੁਪਏ ਦਾ ਨੋਟ ਅੰਦਰ ਧੱਕ ਦਿੱਤਾ, “ਇੱਕ ਬੋਤਲ ਮਸਾਲੇਦਾਰ।”

ਸ਼ਰਾਬ ਦੀ ਬੋਤਲ ਨੂੰ ਕਾਲ਼ੀ ਨੇ ਸਿਰ ’ਤੇ ਬੰਨ੍ਹੇ ਸਾਫੇ ਵਿੱਚ ਲਪੇਟ ਲਿਆ ਅਤੇ ਮੁੜ ਕੇ ਸੜਕ ’ਤੇ ਆ ਗਿਆ। ਫਿਰ ਉਹ ਹਲਵਾਈ ਦੀ ਦੁਕਾਨ ’ਤੇ ਗਿਆ ਅਤੇ ਇੱਕ ਸੇਰ ਲੱਡੂ ਖਰੀਦੇ ਕਿਉਂਕਿ ਕਿਸ਼ਨੇ ਦੇ ਨਿਆਣੇ ਉਸ ਨੂੰ “ਲੱਡੂ ਵਾਲ਼ੇ ਚਾਚਾ” ਦੇ ਨਾਂ ਨਾਲ਼ ਬੁਲਾਉਂਦੇ ਸਨ।

ਉਸ ਨੇ ਲੱਡੂਆਂ ਵਾਲ਼ੇ ਲਿਫਾਫੇ ਨੂੰ ਸਾਫੇ ਦੇ ਦੂਜੇ ਲੜ ਨਾਲ਼ ਬੰਨ੍ਹਿਆ ਅਤੇ ਬੋਤਲ ਦੇ ਦੁਆਲ਼ੇ ਲਪੇਟ ਕੇ ਕੱਛ ਵਿੱਚ ਦੇ ਲਿਆ। ਉਸ ਨੂੰ ਮਹਿਸੂਸ ਹੋਇਆ ਕਿ ਉਹ ਕਿਸੇ ਹੱਦ ਤੱਕ ਸੰਭਲ ਗਿਆ ਹੈ ਅਤੇ ਉਸ ਦੇ ਦਿਲ ਅਤੇ ਦਿਮਾਗ ਤੋਂ ਹਨੇਰਾ ਘੱਟ ਰਿਹਾ ਹੈ।

ਮੁਹੱਲੇ ਦੀ ਵੱਡੀ ਗਲ਼ੀ ਵਿੱਚ ਵੜ੍ਹਦਿਆਂ ਨਾ ਤਾਂ ਉਸ ਨੂੰ ਗਲ਼ਾ ਘੋਟੂ ਧੂੰਏਂ ਦਾ ਖਿਆਲ ਆਇਆ ਅਤੇ ਨਾ ਹੀ ਧੂੰਏਂ ਵਿੱਚ ਬੰਨ੍ਹੇ ਹੋਏ ਪਸ਼ੂਆਂ, ਜਾਂ ਕਿੱਲ੍ਹਿਆਂ ਦਾ। ਉਹ ਗਲ਼ੀ ਵਿੱਚ ਇਸ ਤਰ੍ਹਾਂ ਜਾ ਰਿਹਾ ਸੀ ਜਿਵੇਂ ਉਸ ਦੇ ਪੈਰ ਇਸ ਰਾਹ ਦੇ ਪੂਰੀ ਤਰ੍ਹਾਂ ਜਾਣੂ ਹੋਣ।

ਕਿਸ਼ਨੇ ਦੇ ਘਰ ਦੇ ਸਾਹਮਣੇ ਖੜ੍ਹਾ ਹੋ ਕੇ ਉਹ ਗਰਦਨ ਵਧਾ ਕੇ ਬੂਹੇ ਦੇ ਅੰਦਰ ਝਾਕਣ ਲੱਗਾ। ਵਿਹੜੇ ਵਿੱਚ ਕੋਠੇ ਦੇ ਪਰਲੇ ਪਾਸਿਉਂ ਨਿਆਣਿਆਂ ਦਾ ਰੌਲ਼ਾ ਸੁਣ ਰਿਹਾ ਸੀ ਪਰ ਕੱਲੂ ਕਿਤੇ ਦਿਖਾਈ ਨਹੀਂ ਦੇ ਰਿਹਾ ਸੀ। ਕਾਲ਼ੀ ਦੇ ਕੋਲ਼, ਸ਼ਰਾਬ ਦੀ ਬੋਤਲ ਹੋਣ ਦੇ ਕਾਰਨ ਉਸ ਦਾ ਅੰਦਰ ਜਾਣ ਦਾ ਹੌਂਸਲਾ ਨਾ ਪਿਆ। ਕੱਲੂ ਜਾਂ ਬੱਚੇ ਸਾਮ੍ਹਣੇ ਹੁੰਦੇ ਤਾਂ ਉਹ ਉਸ ਨੂੰ ਦੇਖਦਿਆਂ ਹੀ ਬੁਲਾ ਲੈਂਦੇ ਅਤੇ ਉਸ ਨੂੰ ਅੰਦਰ ਵੜ੍ਹਨ ਦਾ ਉਚਿੱਤ ਬਹਾਨਾ ਮਿਲ਼ ਜਾਂਦਾ।

ਕਾਲ਼ੀ ਦੁਚਿੱਤੀ ਜਿਹੀ ਵਿੱਚ ਬੂਹੇ ਦੇ ਸਾਮ੍ਹਣੇ ਖੜ੍ਹਾ ਸੀ ਕਿ ਅੰਦਰੋਂ ਕਿਸ਼ਨੇ ਦੀ ਘਰਵਾਲੀ ਰੱਖੀ, ਬੂਹੇ ਵਿੱਚ ਆ ਗਈ। ਹਨੇਰੇ ਵਿੱਚ ਉਹ ਕਾਲ਼ੀ ਨੂੰ ਇਕਦਮ ਪਹਿਚਾਣ ਨਾ ਸਕੀ ਕਿਉਂਕਿ ਲਾਲਟੈਣ ਦੀ ਚਿਮਨੀ ਬਹੁਤ ਕਾਲ਼ੀ ਹੋ ਜਾਣ ਦੇ ਕਾਰਨ ਰੌਸ਼ਨੀ ਬਹੁਤ ਘੱਟ ਸੀ।

ਰੱਖੀ ਕੁੱਝ ਘਬਰਾ ਗਈ ਅਤੇ ਕੱਲੂ ਨੂੰ ਹਾਕਾਂ ਮਾਰਨ ਲੱਗੀ। ਕੱਲੂ ਵਲੋਂ ਕੋਈ ਜਵਾਬ ਨਾ ਆਇਆ ਤਾਂ ਉਸ ਨੇ ਨਿਆਣਿਆਂ ਨੂੰ ਹਾਕਾਂ ਮਾਰੀਆਂ, "ਨਿੱਕੋ ... ਨੀ ਨਿੱਕੋ .... ਛੋਟੂ .... ਵੇ ਛੋਟੂ।"

ਨਿਆਣੇ ਰੌਲ਼ਾ ਪਾਉਂਦੇ ਇੱਕ ਦੂਜੇ ਦੇ ਪਿੱਛੇ ਦੌੜਦੇ ਹੋਏ ਆਪਣੀ ਮਾਂ ਦੇ ਕੋਲ਼ ਆ ਗਏ, "ਕੀ ਗੱਲ ਹੈ ਬੀਬੀ, ਰੋਟੀ ਬਣ ਗਈ ?"

"ਰੋਟੀ ਵੀ ਬਣਾਉਂਦੀ ਹਾਂ। ... ਪਹਿਲਾਂ ਦੇਖੋ ... ਬੂਹੇ ਵਿੱਚ ਕੌਣ ਖੜ੍ਹਾ ਹੈ ? ਪਤਾ ਨਹੀਂ ਤੁਹਾਡਾ ਕੱਲੂ ਚਾਚਾ ਕਿੱਥੇ ਚਲਾ ਗਿਆ ਹੈ ?" ਰੱਖੀ ਨੇ ਬੂਹੇ ਵੱਲ ਇਸ਼ਾਰਾ ਕੀਤਾ।

ਨਿੱਕੀ ਅਤੇ ਛੋਟੂ ਬੂਹੇ ਵੱਲ ਦੌੜੇ ਅਤੇ ਕਿਲਕਾਰੀਆਂ ਮਾਰਨ ਲੱਗੇ, "ਲੱਡੂਆਂ ਵਾਲ਼ਾ ਚਾਚਾ ਆਇਆ ਹੈ।"

ਰੱਖੀ ਨੇ ਛੋਟਾ ਜਿਹਾ ਘੁੰਡ ਕੱਢਿਆ ਅਤੇ ਬੂਹੇ ਵੱਲ ਨੂੰ ਜਾਂਦੀ ਹੋਈ ਬੋਲੀ, "ਤੂੰ ਬਾਹਰ ਕਿਉਂ ਖੜ੍ਹਾ ਆਂ ?"

ਕਾਲ਼ੀ ਬੂਹਾ ਖੋਲ੍ਹਕੇ ਅੰਦਰ ਆ ਗਿਆ। ਕਾਲ਼ੀ ਦੀ ਕੱਛ ਵਿੱਚ ਦਿੱਤੇ ਹੋਏ ਸਾਫੇ ਨੂੰ ਦੇਖ ਕੇ ਨਿਆਣੇ ਗਿੱਧਾ ਪਾਉਣ ਲੱਗੇ।

"ਇਹ ਤਾਂ ਮਿੱਠੇ ਦੇ ਕੀੜੇ ਹਨ। ਮਿੱਠੇ ਦਾ ਮੁਸ਼ਕ ਆਇਆ ਨਹੀਂ ਅਤੇ ਇਹ ਲੱਗ ਜਾਂਦੇ ਹਨ ਗਿੱਧਾ ਪਾਉਣ।"

ਰੱਖੀ ਨੇ ਘੁੰਡ ਥੋੜ੍ਹਾ ਜਿਹਾ ਉੱਪਰ ਚੁੱਕਿਆ ਅਤੇ ਖੁੱਲ੍ਹ ਕੇ ਹੱਸ ਪਈ। ਮੱਧਮ ਰੌਸ਼ਨੀ ਵਿੱਚ ਵੀ ਉਹਦੇ ਦੰਦ ਚਮਕ ਰਹੇ ਸਨ।

"ਆਪਣੇ ਚਾਚੇ ਨੂੰ ਪਹਿਲਾਂ ਬੈਠਣ ਤਾਂ ਦੇਵੋ," ਰੱਖੀ ਨੇ ਨਿੱਕੀ ਅਤੇ ਛੋਟੂ ਨੂੰ ਬਾਂਹਾਂ ਤੋਂ ਫੜ ਕੇ ਪਿੱਛੇ ਖਿੱਚਿਆ।

"ਨਾ, ਛੱਡ ਦੇ ਇਹਨਾਂ ਨੂੰ।" ਕਾਲ਼ੀ ਨੇ ਅੱਖ ਭਰ ਕੇ ਰੱਖੀ ਵੱਲ ਦੇਖਿਆ ਅਤੇ ਭੋਲੀ ਦਾ ਚੇਤਾ ਆਉਂਦਿਆਂ ਹੀ ਉਸ ਨੇ ਮੂੰਹ ਦੂਜੇ ਪਾਸੇ ਕਰ ਲਿਆ।

ਦੋਨੋ ਨਿਆਣੇ ਕਾਲ਼ੀ ਦੇ ਸੱਜੇ ਅਤੇ ਖੱਬੇ ਪਾਸੇ ਖੜ੍ਹੇ ਰੌਲ਼ਾ ਪਾ ਰਹੇ ਸਨ ਅਤੇ ਉਸ ਦੀ ਕੱਛ ਵਿੱਚ ਦਿੱਤੇ ਸਾਫੇ ਵੱਲ ਲਲਚਾਈਆਂ ਨਜ਼ਰਾਂ ਨਾਲ਼ ਦੇਖ ਰਹੇ ਸਨ। ਰੱਖੀ ਵੀ ਇਸ ਉਡੀਕ ਵਿੱਚ ਖੜ੍ਹੀ ਸੀ ਕਿ ਜੇ ਕਾਲੀ ਨੇ ਉਸ ਨੂੰ ਕੋਈ ਚੀਜ਼ ਦੇਣੀ ਹੋਵੇ ਤਾਂ ਉਹ ਲੈ ਕੇ ਹੀ ਜਾਵੇ। ਪਰ ਕਾਲ਼ੀ ਨਹੀਂ ਚਾਹੁੰਦਾ ਸੀ ਕਿ ਉਹ ਸਾਰਿਆਂ ਦੇ ਸਾਹਮਣੇ ਸਾਫੇ ਵਿੱਚੋਂ ਪਹਿਲਾਂ ਬੋਤਲ ਤੇ ਫਿਰ ਲੱਡੂਆਂ ਦਾ ਲਫਾਫਾ ਕੱਢੇ।

"ਅੱਛਾ, ਤੁਸੀਂ ਦੋਨੋ ਪਹਿਲਾਂ ਮੇਰੇ ਲਈ ਪਾਣੀ ਲੈ ਕੇ ਆਉ। ਫਿਰ ਲੱਡੂ ਮਿਲਣਗੇ।" ਕਾਲ਼ੀ ਨੇ ਸਾਫਾ ਕੱਛ ਵਿੱਚੋਂ ਕੱਢ ਕੇ ਪੱਟਾਂ 'ਤੇ ਰੱਖ ਲਿਆ।

"ਮੈਂ ਲਿਆਉਂਦੀ ਹਾਂ ਪਾਣੀ।" ਰੱਖੀ ਰਸੋਈ ਵੱਲ ਨੂੰ ਚਲੇ ਗਈ।

"ਅੱਛਾ, ਤੁਸੀਂ ਦੋਨੋ ਮੇਰੀ ਵੱਲ ਨੂੰ ਪਿੱਠ ਕਰਕੇ ਅੱਖਾਂ ਬੰਦ ਕਰੋ।" ਕਾਲ਼ੀ ਨੇ ਦੋਨਾਂ ਦੇ ਮੋਢੇ ਫੜਕੇ ਉਨ੍ਹਾਂ ਨੂੰ ਘੁਮਾ ਦਿੱਤਾ ਅਤੇ ਉੱਚੀ ਅਵਾਜ਼ ਵਿੱਚ ਬੋਲਿਆ, "ਅੱਖਾਂ ਬੰਦ ਕਰੋ।"

ਕਾਲ਼ੀ ਨੇ ਕਾਹਲ਼ੀ ਕਾਹਲ਼ੀ ਤਹਿ ਕੀਤਾ ਸਾਫਾ ਖੋਲ੍ਹਿਆਂ। ਲੱਡੂਆਂ ਦਾ ਲਫਾਫਾ ਕੱਢ ਕੇ ਬਾਹਰ ਰੱਖ ਲਿਆ ਅਤੇ ਬੋਤਲ ਨੂੰ ਮੁੜ ਕੇ ਸਾਫੇ ਵਿੱਚ ਲਪੇਟ ਕੇ ਮੰਜੀ ਦੇ ਪਾਵੇ ਨਾਲ਼ ਰੱਖ ਦਿੱਤੀ। ਕਾਲ਼ੀ ਹੌਲ਼ੀ ਜਿਹੀ ਉਠਿਆ ਅਤੇ ਲੱਡੂਆਂ ਦਾ ਲਫਾਫਾ ਰੱਖੀ ਕੋਲ਼ ਲੈ ਗਿਆ, "ਆਹ ਲੈ। ਨਿਆਣਿਆਂ ਨੂੰ ਦੇ ਦੇ।"

"ਤੂੰ ਜਦ ਵੀ ਆਉਂਦਾ, ਇਹ ਤਕਲੀਫ ਜ਼ਰੂਰ ਕਰਦਾ ਹੈਂ। ਪਿਉ ਤਾਂ ਇਨ੍ਹਾਂ ਨੂੰ ਲੱਡੂ ਖਲਾਉਂਦਾ ਨਹੀਂ। ਚਾਚਾ ਆਦਤਾਂ ਵਿਗਾੜ ਰਿਹਾ ਹੈ। ਕੱਲ ਨੂੰ ਜੇ ਤੂੰ ਆਉਣੋਂ ਹਟ ਗਿਆ ਤਾਂ ਇਹਨਾਂ ਨੇ ਮੇਰੀਆਂ ਬੋਟੀਆਂ ਤੋੜਨੀਆਂ ਹਨ।" ਰੱਖੀ ਨੇ ਘੁੰਡ ਵਿੱਚੋਂ ਕਾਲ਼ੀ ਵੱਲ ਦੇਖਦਿਆਂ ਸ਼ਿਕਾਇਤ ਕੀਤੀ।

"ਨਹੀਂ ਤੋੜਦੇ ਤੇਰੀਆਂ ਬੋਟੀਆਂ।" ਕਾਲ਼ੀ ਨੇ ਹੌਲ਼ੀ ਜਿਹੀ ਅਵਾਜ਼ ਵਿੱਚ ਵਿਸ਼ਵਾਸ ਦੁਆਇਆ।

"ਲੈ, ਪਾਣੀ।" ਰੱਖੀ ਨੇ ਗਲਾਸ ਕਾਲ਼ੀ ਵੱਲ ਵਧਾਇਆ।

"ਨਹੀਂ, ਲੋੜ ਨਹੀਂ।"

"ਮੈਂ ਤਾਂ ਹੁਣ ਲੈ ਆਈ ਹਾਂ।"

"ਅੱਛਾ। ਤਾਂ ਪੀ ਲੈਂਦਾ ਹਾਂ।" ਰੱਖੀ ਤੋਂ ਗਲਾਸ ਫੜ ਕੇ ਕਾਲ਼ੀ ਗਟਾਗਟ ਪੀ ਗਿਆ।

ਕਾਲ਼ੀ ਨਿਆਣਿਆਂ ਦੇ ਕੋਲ਼ ਆ ਬੈਠਾ ਅਤੇ ਉਨ੍ਹਾਂ ਨੂੰ ਮੋਢਿਆਂ ਤੋਂ ਫੜ ਕੇ ਝੰਜੋੜਿਆ, ਤੁਸੀਂ ਅਜੇ ਤੱਕ ਅੱਖਾਂ ਬੰਦ ਕਰਕੇ ਖੜ੍ਹੇ ਆਂ। ਕਾਂ ਸਾਰੇ ਲੱਡੂ ਖਾ ਗਿਆ।" ਕਾਲ਼ੀ ਨੇ ਹੱਸਦਿਆਂ ਤਾੜੀ ਮਾਰੀ।

ਦੋਨਾਂ ਨਿਆਣਿਆਂ ਨੇ ਅੱਖਾਂ ਖੋਲ੍ਹ ਦਿੱਤੀਆਂ ਅਤੇ ਕਾਲ਼ੀ ਨੂੰ ਚੁੰਬੜ ਕੇ ਉਸ ਦੀ ਤਲਾਸ਼ੀ ਲੈਣ ਲੱਗੇ। ਉਹ ਦੋਨੋ ਹੱਥ ਉੱਪਰ ਚੁੱਕ ਕੇ ਹੱਸ ਪਿਆ, "ਦੇਖ ਲਉ। ਮੇਰੇ ਕੋਲ਼ ਤਾਂ ਕੁਸ਼ ਵੀ ਨਹੀਂ ਹੈ।"

"ਲੱਡੂ ਕਿੱਥੇ ਹਨ ?" ਨਿਆਣੇ ਜ਼ਿਦ ਕਰਨ ਲੱਗੇ।

"ਕਿਹਾ ਤਾਂ ਹੈ ਕਿ ਕਾਂ ਖਾ ਗਿਆ। ਹੁਣ ਤੱਕ ਤਾਂ ਕਾਂ ਬਹੁਤ ਦੂਰ ਉੱਡ ਗਿਆ ਹੋਣਾ।" ਕਾਲ਼ੀ ਮੁਸਕਰਾਇਆ।

ਰੱਖੀ ਚੁੱਲੇ ਦੇ ਕੋਲ਼ ਬੈਠੀ ਦਾਲ਼ ਬਣਾ ਰਹੀ ਸੀ। ਉਨ੍ਹਾਂ ਵੱਲ ਦੇਖਦੀ ਉਹ ਵੀ ਹੱਸਦੀ ਤੇ ਫਿਰ ਮੂੰਹ ਫੇਰ ਲੈਂਦੀ। ਜਦ ਨਿਆਣੇ ਕਾਲ਼ੀ ਨੂੰ ਤੰਗ ਕਰਨ ਲੱਗੇ ਤਾਂ ਰੱਖੀ ਨੇ ਉਨ੍ਹਾਂ ਨੂੰ ਝਿੜਕਿਆ, "ਕੀ ਕਰਦੀ ਆਂ ਨਿੱਕੀ ? ਤੂੰ ਵੀ ਹਟ ਛੋਟੂ। ਇੱਕ ਤਾਂ ਤੁਹਾਡਾ ਚਾਚਾ ਤੁਹਾਡੇ ਲਈ ਚੀਜੀ ਲੈ ਕੇ ਆਇਆ, ਉਪਰੋਂ ਤੁਸੀਂ ਉਹਦੇ ਤੂੰਬੇ ਤੋੜਨ ਲੱਗੇ ਹੋਏ ਆਂ।"

ਰੱਖੀ ਦੀ ਗੱਲ ਸੁਣ ਕੇ ਨਿਆਣੇ ਹੋਰ ਵੀ ਚਾਮਲ੍ਹ ਗਏ ਅਤੇ ਲੱਡੂ ਲੱਭਣ ਲਈ ਕਾਲ਼ੀ ਦੀਆਂ ਕੱਛਾਂ ਵਿੱਚ ਕੁਤਕੁਤਾੜੀਆਂ ਕੱਢਣ ਲੱਗੇ। ਉਨ੍ਹਾਂ ਤੋਂ ਪਿੱਛਾ ਛੁਡਾਉਣ ਲਈ ਉਹ ਉੱਠ ਖੜ੍ਹਾ ਹੋਇਆ।

"ਇੱਧਰ ਆਵੋ। ਚੀਜੀ ਮੇਰੇ ਕੋਲ਼ ਹੈ।" ਰੱਖੀ ਨੇ ਨਿਆਣਿਆਂ ਨੂੰ ਹਾਕ ਮਾਰੀ।

ਨਿੱਕੀ ਅਤੇ ਛੋਟੂ ਆਪਣੀ ਮਾਂ ਵੱਲ ਦੌੜ ਗਏ ਅਤੇ ਉਸ ਨਾਲ਼ ਖਿੱਚੋਤਾਣੀ ਕਰਨ ਲੱਗੇ। ਹੱਥੋਪਾਈ ਵਿੱਚ ਰੱਖੀ ਦੇ ਸਿਰ ਤੋਂ ਚੁੰਨੀ ਖਿਸਕ ਗਈ ਅਤੇ ਉਸ ਦਾ ਭਰਿਆ ਹੋਇਆ ਸਰੀਰ ਮੱਧਮ ਰੌਸ਼ਨੀ ਨਾਲ਼ ਭਰ ਗਿਆ। ਕਾਲ਼ੀ ਨੇ ਇੱਕ ਪੱਲ ਉਸ ਨੂੰ ਧਿਆਨ ਨਾਲ਼ ਦੇਖਿਆ ਅਤੇ ਅੱਖਾਂ ਫੇਰ ਲਈਆਂ।

ਰੱਖੀ ਨੇ ਕਾਹਲ਼ੀ ਨਾਲ਼ ਚੁੰਨੀ ਚੁੱਕ ਕੇ ਸਿਰ ਅਤੇ ਛਾਤੀ ਨੂੰ ਚੰਗੀ ਤਰ੍ਹਾਂ ਢੱਕਦਿਆਂ ਦੋਨਾਂ ਨਿਆਣਿਆਂ ਦੇ ਇੱਕ ਇੱਕ ਚਪੇੜ ਮਾਰੀ, "ਮੋਏ, ਧਿੰਗੋਜੋਰੀ ਦੀ ਵੀ ਕੋਈ ਹੱਦ ਹੁੰਦੀ ਹੈ। ਤੁਹਾਡਾ ਬੱਸ ਚਲੇ ਤਾਂ ਤਨ ਦੇ ਕੱਪੜੇ ਵੀ ਪਾੜ ਦੇਵੋਂ।"

ਨਿਆਣੇ ਰੋਣ ਲੱਗੇ ਤਾਂ ਰੱਖੀ ਨੇ ਇੱਕ ਇੱਕ ਲੱਡੂ ਉਨ੍ਹਾਂ ਦੇ ਹੱਥਾਂ ਵਿੱਚ ਦੇ ਦਿੱਤਾ, "ਲਉ, ਖਾ ਲਉ।"

"ਬੀਬੀ ਇੱਕ ਹੋਰ ?" ਨਿੱਕੀ ਅਤੇ ਛੋਟੂ ਇਕੋ ਵਾਰ ਬੋਲੇ।

ਰੱਖੀ ਤੋਂ ਇੱਕ ਇੱਕ ਹੋਰ ਲੱਡੂ ਲੈ ਕੇ ਉਹ ਖੁਸ਼ੀ ਖੁਸ਼ੀ ਕਾਲ਼ੀ ਦੇ ਕੋਲ਼ ਆ ਗਏ।
"ਤੁਹਾਡਾ ਕੱਲੂ ਚਾਚਾ ਕਿੱਥੇ ਹੈ ?" ਕਾਲ਼ੀ ਨੇ ਨਿੱਕੀ ਅਤੇ ਛੋਟੂ ਤੋਂ ਪੁੱਛਿਆ।

"ਪਤਾ ਨਹੀਂ ...।" ਨਿੱਕੀ ਚਹਿਕਦੀ ਹੋਈ ਬੋਲੀ।

"ਦੁਕਾਨ ਤੱਕ ਗਿਆ ਸੀ ... ਚਾਹ ਪੱਤੀ ਅਤੇ ਸ਼ੱਕਰ ਲੈਣ। ਆਉਣਾ ਚਾਹੀਦਾ ਸੀ ਹੁਣ ਤੱਕ ...।" ਰੱਖੀ ਨੇ ਚੁੱਲ੍ਹੇ ਦੇ ਕੋਲ਼ ਬੈਠੀ ਬੈਠੀ ਨੇ ਕਿਹਾ, "ਸ਼ਾਇਦ ਕਿਤੇ ਹੋਰ ਚਲਾ ਗਿਆ ਹੋਣਾ। ਫੇਰੇ ਤੋਰੇ ਦਾ ਤਾਂ ਸ਼ੋਕੀਨ ਹੈ ਹੀ ...।"

"ਕਿਸ਼ਨਾ ਭਾਅ ਕਿੱਥੇ ਹੈ ?"

"ਬੈਠਾ ਹੋਊ ਕਿਤੇ ਮੱਤ ਮਾਰਨ।" ਰੱਖੀ ਦੀ ਅਵਾਜ਼ ਵਿੱਚ ਖਿੱਝ ਅਤੇ ਸ਼ਿਕਾਇਤ ਸੀ। "ਅੱਧੀ ਰਾਤ ਨੂੰ ਆਊਗਾ। ਅਵਾ ਤਵਾ ਬੋਲੂਗਾ। ਸਾਰਿਆਂ ਨੂੰ ਪਰੇਸ਼ਾਨ ਕਰੂਗਾ। ਸਾਡੀ ਨੀਂਦ ਖਰਾਬ ਕਰਕੇ ਆਪ ਸੁਹਾਗੇ ਦੀ ਤਰ੍ਹਾਂ ਲਮਲੇਟ ਹੋ ਜਾਊ।"

ਕਾਲ਼ੀ ਪਰੇਸ਼ਾਨ ਹੋ ਗਿਆ ਕਿ ਉਸਦੇ ਕੋਲ਼ ਵੀ ਸ਼ਰਾਬ ਦੀ ਬੋਤਲ ਹੈ। ਜਦ ਰੱਖੀ ਨੂੰ ਪਤਾ ਲੱਗਾ ਤਾਂ ਉਹ ਕੀ ਸੋਚੇਗੀ। ਕਾਲ਼ੀ ਨੇ ਅੱਖ ਬਚਾ ਕੇ ਬੋਤਲ ਵੱਲ ਦੇਖਿਆ ਅਤੇ ਉਸ ਨੂੰ ਚੁੱਕ ਕੇ ਪਿੱਠ ਪਿੱਛੇ ਲੁਕੋ ਲਿਆ ਤਾਂ ਕਿ ਕੋਈ ਦੇਖ ਨਾ ਲਵੇ।

ਕਾਲ਼ੀ ਬੋਤਲ ਨੂੰ ਆਪਣੀ ਵੱਖੀ ਨਾਲ਼ ਚੰਗੀ ਤਰ੍ਹਾਂ ਘੁੱਟ ਕੇ ਲੰਮਾ ਪੈ ਗਿਆ। ਉਸ ਦਾ ਮਨ ਥੋੜ੍ਹਾ ਜਿਹਾ ਹੌਲਾ ਹੋ ਗਿਆ ਸੀ। ਉਸ ਨੇ ਆਪਣੇ ਸਰੀਰ ਨੂੰ ਢਿੱਲਾ ਛੱਡ ਦਿੱਤਾ ਅਤੇ ਅਰਾਮ ਨਾਲ਼ ਸਾਹ ਲੈਂਦਾ ਹੋਇਆ ਸੁੱਖ ਮਹਿਸੂਸ ਕਰਨ ਲੱਗਾ। ਉਸ ਨੇ ਸੋਚਿਆ ਕਿਸ਼ਨੇ ਭਾਅ ਨਾਲ਼ ਸਲਾਹ ਕਰਕੇ ਹੀ ਉਹ ਆਪਣਾ ਅਗਲਾ ਪ੍ਰੋਗ੍ਰਾਮ ਬਣਾਵੇਗਾ। ਹੁਣ ਉਹ ਸ਼ਹਿਰ ਲਈ ਐਨਾ ਅਜਨਬੀ ਨਹੀਂ ਹੈ ਕਿ ਆਪਣੀ ਪਛਾਣ ਬਿਲਕੁਲ ਗਵਾ ਦੇਵੇ। ਕਿਸ਼ਨਾ,

ਮਾਂਝਾ, ਛਿੱਬੂ, ਕਾਲੂ, ਕੁੱਝ ਹੋਰ ਜਾਣ ਪਛਾਣ ਵਾਲ਼ੇ ਲੋਕ ਅਤੇ ਖਾਸ ਕਰਕੇ ਸੇਠ ਰਾਮ ਪ੍ਰਕਾਸ਼ ਬਾਰੇ ਸੋਚ ਕੇ ਉਸ ਨੂੰ ਹੌਸਲਾ ਹੋ ਗਿਆ। ਉਸ ਨੂੰ ਯਕੀਨ ਹੋਣ ਲੱਗਾ ਕਿ ਉਹ ਫੋਰਮੈਨ ਦੀ ਪੈਦਾ ਕੀਤੀ ਹੋਈ ਸਥਿਤੀ ਨਾਲ਼ ਚੰਗੀ ਤਰ੍ਹਾਂ ਨਿਪਟ ਸਕੇਗਾ।

ਚੁੱਲੇ ਵਿੱਚ ਬਲ਼ ਰਹੀਆਂ ਛਿੱਟੀਆਂ ਦੀ ਹੋ ਰਹੀ ਤੱੜ ਤੱੜ ਦੀ ਅਵਾਜ਼ ਸੁਣ ਕੇ ਕਾਲ਼ੀ ਦਾ ਧਿਆਨ ਉੱਧਰ ਚਲਾ ਗਿਆ। ਉਸ ਨੂੰ ਪਰੇਸ਼ਾਨੀ ਹੋਣ ਲੱਗੀ ਕਿ ਘਰ ਵਿੱਚ ਨਾ ਕਿਸ਼ਨਾ ਹੈ ਤੇ ਨਾ ਕੱਲੂ। ਕਿਸ਼ਨੇ ਦੀ ਜੁਆਨ ਵਹੁਟੀ ਅਤੇ ਦੋ ਛੋਟੇ ਛੋਟੇ ਬੱਚੇ ਤੇ ਉਹ ਆਪ ਹੈ।

ਜਿਉਂ ਜਿਉਂ ਸਮਾਂ ਗੁਜ਼ਰ ਰਿਹਾ ਸੀ, ਕਾਲ਼ੀ ਦੀ ਪਰੇਸ਼ਾਨੀ ਵੱਧ ਰਹੀ ਸੀ। ਉਸ ਨੂੰ ਰਹਿ ਰਹਿ ਕੇ ਕੱਲੂ ’ਤੇ ਗੁੱਸਾ ਆ ਰਿਹਾ ਸੀ ਕਿ ਉਹ ਉਸ ਨੂੰ ਮਿਲ਼ਣ ਇਥੇ ਆਇਆ ਹੈ। ਬੱਚਿਆਂ ਨੂੰ ਖੁਸ਼ ਕਰਨ ਲਈ ਲੱਡੂ ਵੀ ਲਿਆਇਆ ਤੇ ਉਹ ਘਰ ਹੀ ਨਹੀਂ ਹੈ। ਫਿਰ ਉਹ ਕਿਸ਼ਨੇ ਦੇ ਬਾਰੇ ਸੋਚਣ ਲੱਗਾ ਕਿ ਜੇ ਉਹ ਘਰ ਹੁੰਦਾ ਤਾਂ ਦੋਨੋ ਮਿਲ਼ ਕੇ ਦਾਰੂ ਪੀਂਦੇ। ਉਹ ਆਪਣਾ ਗਮ ਦੂਰ ਕਰਦਾ ਤੇ ਕਿਸ਼ਨਾ ਆਪਣਾ।

ਕਾਲ਼ੀ ਨੂੰ ਖਿਆਲ ਆਇਆ ਕਿ ਕਿਸ਼ਨੇ ਨੂੰ ਕੀ ਗਮ ਹੋ ਸਕਦਾ ਹੈ। ਉਸ ਦੀ ਵਹੁਟੀ ਜੁਆਨ ਅਤੇ ਤੰਦਰੁਸਤ ਹੈ। ਦੋ ਬੱਚੇ ਹਨ। ਨੌਕਰੀ ਹੈ। ਘਰ ਬਾਰ ਹੈ। ਪਰਿਵਾਰ ਹੈ। ਭਰਾ ਹਨ, ਬਾਂਹਾਂ ਹਨ। ਕਿਸ਼ਨੇ ਨੂੰ ਤਾਂ ਕੋਈ ਗਮ ਨਹੀਂ ਹੋਣਾ ਚਾਹੀਦਾ। ਇਸ ਲਈ ਕਿਸ਼ਨੇ ਦਾ ਐਨਾ ਦਾਰੂ ਪੀਣ ਦਾ ਕਾਰਨ ਕਾਲ਼ੀ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ। ਅੰਤ ਵਿੱਚ ਉਸ ਨੇ ਇਹ ਸੋਚ ਕੇ ਆਪਣੇ ਆਪ ਨੂੰ ਤਸੱਲੀ ਦੇ ਲਈ ਕਿ ਸ਼ਾਇਦ ਉਹ ਸ਼ੌਕ ਲਈ ਹੀ ਪੀਂਦਾ ਹੋਵੇ।

ਕਾਲ਼ੀ ਬਹੁਤ ਨਿਰਾਸ਼ ਹੋ ਕੇ ਕਾਰਖਾਨੇ ਨੂੰ ਮੁੜ ਜਾਣ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਨੂੰ ਬੂਹੇ ਦੇ ਪਿੱਛੇ ਕੱਲੂ ਦਿਖਾਈ ਦਿੱਤਾ। ਉਹ ਇਕਦਮ ਉੱਠਿਆ ਅਤੇ ਸੁੱਖ ਦਾ ਸਾਹ ਲਿਆ ਜਿਵੇਂ ਮਨ ਤੋਂ ਬਹੁਤ ਬੜਾ ਬੋਝ ਲਹਿ ਗਿਆ ਹੋਵੇ।

“ਭਾਅ ਜੀ, ਮੱਥਾ ਟੇਕਦਾ ਹਾਂ।” ਕਾਲ਼ੀ ਦੇ ਕੋਲ਼ ਆਕੇ ਕੱਲੂ ਉਸ ਦੇ ਪੈਰਾਂ ਵੱਲ ਝੁੱਕ ਗਿਆ।

ਕਾਲ਼ੀ ਨੇ ਪਿਆਰ ਨਾਲ਼ ਉਸ ਦੀ ਪਿੱਠ ’ਤੇ ਹੱਥ ਫੇਰਿਆ।

“ਭਾਅ ਜੀ, ਮੈਂ ਹੁਣੇ ਆਇਆ। ਭਾਬੀ ਨੂੰ ਸਮਾਨ ਫੜਾ ਆਵਾਂ।” ਕੱਲੂ ਚੁੱਲ੍ਹੇ ਦੇ ਕੋਲ਼ ਚਲੇ ਗਿਆ।

“ਲੈ ਭਾਬੀ, ਆਪਣਾ ਸੌਦਾ ਪੱਤਾ।” ਕੱਲੂ ਨੇ ਹੱਥ ਵਿੱਚ ਫੜੀਆਂ ਚੀਜ਼ਾਂ ਰੱਖੀ ਦੇ ਸਾਹਮਣੇ ਟਿਕਾ ਦਿੱਤੀਆਂ।

“ਸ਼ੁਕਰ ਹੈ ਤੂੰ ਆ ਗਿਆ। ਮੈਂ ਤਾਂ ਸੋਚਿਆ ਕਿ ਹੁਣ ਮੁਕਲਾਵਾ ਲੈ ਕੇ ਹੀ ਮੁੜੇਂਗਾ।” ਰੱਖੀ ਨੇ ਨਹੋਰਾ ਮਾਰਿਆ।

ਜਵਾਬ ਵਿੱਚ ਕੱਲੂ ਹੱਸ ਪਿਆ ਤਾਂ ਰੱਖੀ ਥੋੜ੍ਹੀ ਖਿੱਝੀ ਹੋਈ ਅਵਾਜ਼ ਵਿੱਚ ਬੋਲੀ, “ਤੈਨੂੰ ਥੋੜ੍ਹਾ ਖਿਆਲ ਰੱਖਣਾ ਚਾਹੀਦਾ। ਰਾਤ ਦਾ ਸਮਾਂ ਹੈ। ਉਜਾੜ ਵਿੱਚ ਘਰ ਹੈ। ਇਥੇ

ਤੇਰੀ ਭਾਬੀ ਅਤੇ ਦੋ ਛੋਟੇ ਛੋਟੇ ਨਿਆਣੇ ਇਕੱਲੇ ਹਨ। ਉਹ ਤੇਰੇ ਭਰਾ ਦਾ ਦੋਸਤ ਤਾਂ ਹੈ ਪਰ ਹੈ ਤਾਂ ਪਰਾਇਆ ਆਦਮੀ। ਆਂਢ ਗੁਆਂਢ ਦੇਖੇਗਾ ਤਾਂ ਕੀ ਸੋਚੇਗਾ ... ਇਹੀ ਕਿ ਪਰਾਏ ਆਦਮੀ ਨੂੰ ਘਰ ਬਿਠਾਲ ਕੇ ਦੋਨੋ ਭਰਾ ਆਪਣੀ ਆਪਣੀ ਮੌਜ ਕਰਨ ਬਾਹਰ ਚਲੇ ਗਏ। ਗਲ਼ੀ ਮੁਹੱਲੇ ਵਿੱਚ ਕਿਸੇ ਨੇ ਉੱਚੀ ਨੀਵੀਂ ਗੱਲ ਕਹਿ ਦਿੱਤੀ ਤਾ ਤੇਰਾ ਭਰਾ ਮੇਰੀ ਖੱਲ ਖਿੱਚਣ ਨੂੰ ਪਵੇਗਾ।"

"ਭਾਬੀ ਤੂੰ ਚਿੰਤਾ ਨਾ ਕਰ।" ਕੱਲੂ ਨੇ ਪਿੱਛੇ ਨੂੰ ਮੂੰਹ ਘੁਮਾਇਆ। ਕਾਲ਼ੀ ਅਤੇ ਬੱਚਿਆਂ ਨੂੰ ਆਪਸ ਵਿੱਚ ਗੱਲਾਂ ਕਰਦਿਆਂ ਦੇਖ ਕੇ ਉਹ ਜਰਾ ਦੱਬਵੀਂ ਪਰ ਸਖ਼ਤ ਅਵਾਜ਼ ਵਿੱਚ ਬੋਲਿਆ, "ਕਿਉਂ ਐਨੀ ਲਾਲ ਪੀਲੀ ਹੋ ਰਹੀ ਆਂ ?" ਕੱਲੂ ਨੇ ਉਸ ਦੀ ਗੱਲ੍ਹ ਵੱਲ ਹੱਥ ਵਧਾਇਆ, "ਛੋਟਾ ਦਿਉਰ ਭਾਬੀਆਂ ਦਾ ਗਹਿਣਾ, ਪੱਟਾਂ ਵਿੱਚ ਖੇਲ੍ਹਦਾ ਫਿਰੇ।"

"ਹੱਟ ਪਰ੍ਹੇ।" ਰੱਖੀ ਨੇ ਉਸ ਦਾ ਹੱਥ ਝੱਟਕ ਦਿੱਤਾ, "ਆਇਆ ਬੜਾ ਪਿਆਰ ਜਿਤਾਉਣ।"

ਚੁੱਲੇ ਕੋਲ਼ੋਂ ਉੱਠ ਕੇ ਕੱਲੂ ਕਾਲ਼ੀ ਦੇ ਕੋਲ਼ ਆ ਗਿਆ ਅਤੇ ਨਿਆਣਿਆਂ ਵੱਲ ਦੇਖਣ ਲੱਗਾ, "ਕੀ ਖਾ ਰਹੇ ਹੋ ?"

"ਲੱਡੂ।" ਨਿੱਕੀ ਨੇ ਆਪਣਾ ਹੱਥ ਉਸ ਨੂੰ ਦਿਖਾਉਂਦਿਆਂ ਕਿਹਾ।

ਕੱਲੂ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ, "ਭਾਅ ਜੀ, ਤੁਸੀਂ ਇਹਨਾਂ ਦੀਆਂ ਆਦਤਾਂ ਵਿਗਾੜ ਦੇਣੀਆਂ ਹਨ ਅਤੇ ਬਾਅਦ ਵਿੱਚ ਮੁਸ਼ਕਲ ਕਿਸ਼ਨੇ ਭਾਅ ਜੀ ਨੂੰ ਹੋਵੇਗੀ।"

"ਕੋਈ ਮੁਸ਼ਕਲ ਨਹੀਂ ਬਣਦੀ, ਤੂੰ ਜੋ ਹੈ। ਨਾਲ਼ੇ ਜਦ ਤੱਕ ਨਿਆਣਿਆਂ ਦੇ ਦੁੱਧ ਦੇ ਦੰਦ ਹੁੰਦੇ ਹਨ ਉਨ੍ਹਾਂ ਨੂੰ ਮਿੱਠਾ ਬਹੁਤ ਪਿਆਰਾ ਹੁੰਦਾ ਹੈ। ਦੁੱਧ ਦੇ ਦੰਦ ਨਿਕਲਦਿਆਂ ਹੀ ਮਿੱਠੇ ਦਾ ਸੁਆਦ ਵੀ ਖਤਮ ਹੋ ਜਾਂਦਾ ਹੈ।"

ਕੱਲੂ ਨੇ ਮੰਜੀ ਦੇ ਪਾਵੇ ਨਾਲ਼ ਸਾਫਾ ਪਿਆ ਦੇਖ ਕੇ ਉੱਧਰ ਹੱਥ ਮਾਰਿਆ, "ਇਹ ਕੀ ਹੈ ?"

"ਕੁੱਛ ਨਹੀਂ।" ਕਾਲ਼ੀ ਨੇ ਕਾਹਲ਼ੀ ਨਾਲ਼ ਸਾਫਾ ਚੁੱਕ ਲਿਆ।

ਕੱਲੂ ਸਮਝ ਗਿਆ ਕਿ ਸਾਫੇ ਵਿੱਚ ਬੋਤਲ ਲਪੇਟੀ ਹੋਈ ਹੈ। ਉਹ ਮੁਸਕਰਾਇਆ, "ਭਾਅ ਜੀ, ਤੁਸੀਂ ਆਪਣੀ ਮੌਜ ਕਰੋ। ਕਿਸ਼ਨੇ ਭਾਅ ਦੀ ਉਡੀਕ ਕਰਨਾ ਫਜ਼ੂਲ ਹੈ।"

"ਕਿਉਂ ?"

"ਕਿਸ਼ਨਾ ਭਾਅ ਕਾਰਖਾਨੇ ਦੇ ਕੁੱਝ ਬੰਦਿਆਂ ਨਾਲ਼ ਹੈ।" ਕੱਲੂ ਨੇ ਦੱਸਿਆ।

"ਕੌਣ ਕੌਣ ਸੀ ?"

"ਪੰਜ ਜਣੇ ਸਨ। ਨਾਂ ਤਾਂ ਮੈਨੂੰ ਪਤਾ ਨਹੀਂ। ਹੁਲੀਆ ਦੱਸ ਸਕਦਾ ਹਾਂ।"

ਕੱਲੂ ਤੋਂ ਹੁਲੀਆ ਸੁਣ ਕੇ ਕਾਲ਼ੀ ਨੇ ਅੰਦਾਜ਼ਾ ਲਾਇਆ ਕਿ ਕਿਸ਼ਨੇ ਦੇ ਨਾਲ਼ ਬੰਸਾ, ਜਿੰਦਰ, ਭੀਮਾ, ਨਾਥੀ ਅਤੇ ਕਿਰਪੂ ਹੋਣਗੇ। ਕਾਲ਼ੀ ਦਾ ਦਿਲ ਬੈਠ ਗਿਆ ਅਤੇ ਉਸ ਦੀ ਪਰੇਸ਼ਾਨੀ ਵੱਧਣ ਲੱਗੀ। ਕਾਲ਼ੀ ਨੂੰ ਯਾਦ ਆਇਆ ਕਿ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਫੋਰਮੈਨ ਦੇ ਘਰ ਜਾਣਾ ਸੀ। ਬੰਸੇ ਅਤੇ ਜਿੰਦਰ ਨੇ ਫੋਰਮੈਨ ਦੀ ਉਸ ਨਾਲ਼ ਹੋ ਰਹੀ ਗੱਲ ਬਾਤ ਸੁਣੀ

ਸੀ। ਕਿਸ਼ਨੇ ਨੂੰ ਉਹ ਦੱਸ ਨਹੀਂ ਸੀ ਸਕਿਆ।

"ਭਾਅ ਜੀ, ਤੁਸੀਂ ਕਿਹੜੇ ਖਿਆਲਾਂ ਵਿੱਚ ਗੁਆਚ ਗਏ?" ਕੱਲੂ ਥੋੜ੍ਹਾ ਚਿੰਤਿਤ ਹੋ ਗਿਆ।

"ਕੁੱਝ ਨਹੀਂ।" ਕਾਲ਼ੀ ਨੇ ਸਿਰ ਹਿਲਾਇਆ।

"ਮੈਨੂੰ ਆਉਣ ਲਈ ਚਿਰ ਇਸ ਕਰਕੇ ਲੱਗ ਗਿਆ ਕਿਉਂਕਿ ਕਿਸ਼ਨੇ ਭਾਅ ਨੇ ਮੈਨੂੰ ਠੇਕੇ ਨੂੰ ਭੇਜ ਦਿੱਤਾ ਸੀ।" ਕੱਲੂ ਬੋਲਿਆ, "ਤੁਸੀਂ ਆਪਣਾ ਕੰਮ ਕਰੋ। ਮੈਂ ਗਲਾਸ ਤਾਂ ਪਾਣੀ ਲਿਆ ਦਿੰਦਾ ਹਾਂ।"

"ਨਾ, ਮੈਂ ਚਲਦਾ ਹਾਂ।" ਕਾਲ਼ੀ ਨੇ ਉਠਦਿਆਂ ਕਿਹਾ, ਜਿਵੇਂ ਉਹਦੇ ਲਈ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੋਵੇ।

"ਵੇ ਕੱਲੂ।" ਰੱਖੀ ਨੇ ਹਾਕ ਮਾਰੀ।

"ਹਾਂ ਭਾਬੀ।" ਉਹ ਰੱਖੀ ਵੱਲ ਨੂੰ ਦੌੜਿਆ।

"ਆਪਣੇ ਭਾਅ ਨੂੰ ਰੋਕ, ਰੋਟੀ ਖਾ ਕੇ ਜਾਵੇ। ਬੱਸ ਤਿਆਰ ਹੈ।" ਰੱਖੀ ਨੇ ਜ਼ੋਰ ਪਾ ਕੇ ਕਿਹਾ।

"ਨਹੀਂ, ਮੈਂ ਚਲਦਾ ਹਾਂ। ਕਿਸ਼ਨਾ ਭਾਅ ਪਤਾ ਨਹੀਂ ਕਦੋਂ ਆਵੇਗਾ।"

"ਭਾਅ ਜੀ, ਬੈਠੋ ... ਤੁਸੀਂ ਆਪਣਾ ਸ਼ੁਗਲ ਮੇਲਾ ਕਰੋ। ਤਦ ਤੱਕ ਕਿਸ਼ਨਾ ਭਾਅ ਵੀ ਆ ਹੀ ਜਾਵੇਗਾ।" ਕੱਲੂ ਨੇ ਕਾਲ਼ੀ ਦੇ ਹੱਥ ਫੜ ਲਏ।

ਕਾਲ਼ੀ ਮੰਜੀ 'ਤੇ ਬੈਠ ਗਿਆ ਤਾਂ ਕੱਲੂ ਬੋਲਿਆ, ਮੈਂ ਗਲਾਸ ਤੇ ਪਾਣੀ ਲੈ ਕੇ ਆਉਂਦਾ ਹਾਂ।"

"ਕੱਲੂ, ਰਹਿਣ ਦੇ।" ਕਾਲ਼ੀ ਨੇ ਮਨ੍ਹਾ ਕਰ ਦਿੱਤਾ, "ਚੰਗਾ ਨਹੀਂ ਲਗਦਾ।"

"ਕੀ ਚੰਗਾ ਨਹੀਂ ਲਗਦਾ?" ਕੱਲੂ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ।

"ਕਿਸ਼ਨਾ ਭਾਅ ਜੀ ਘਰ ਹੁੰਦਾ ਤਾਂ ਤੁਸੀਂ ਦੋਨਾਂ ਨੇ ਇਹ ਕੰਮ ਕਰਨਾ ਹੀ ਸੀ। ਉਹ ਕਿਤੇ ਹੋਰ ਕਰ ਰਿਹਾ ਹੈ, ਤੁਸੀਂ ਇਥੇ ਕਰ ਲਵੋ। ਬਾਅਦ ਵਿੱਚ ਰੋਟੀ ਕੱਠੇ ਖਾ ਲਿਉ।"

ਕੱਲੂ ਨੇ ਗਲਾਸ ਅਤੇ ਪਾਣੀ ਦੀ ਬਾਲਟੀ ਕਾਲ਼ੀ ਦੇ ਕੋਲ਼ ਰੱਖ ਦਿੱਤੀ ਅਤੇ ਫਿਰ ਇੱਕ ਕੌਲੀ ਵਿੱਚ ਅੰਬ ਦਾ ਅਚਾਰ ਲੈ ਆਇਆ। ਨਿਆਣੇ ਛੱਤ 'ਤੇ ਸੌਂ ਗਏ ਸੀ ਅਤੇ ਰੱਖੀ ਵੀ ਚੌਂਕੇ ਦਾ ਕੰਮ ਮੁਕਾ ਕੇ ਨਿਆਣਿਆਂ ਨਾਲ਼ ਲੰਮੀ ਪੈ ਗਈ।

ਕਾਲ਼ੀ ਨੇ ਬੋਤਲ ਖੋਲ੍ਹੀ ਅਤੇ ਅੱਧਾ ਕੁ ਗਲਾਸ, ਨੱਕ ਬੰਦ ਕਰਕੇ ਗਟਾਗਟ ਪੀ ਗਿਆ। ਕਾਲ਼ੀ ਨੇ ਅੰਬ ਦਾ ਅਚਾਰ ਮੂੰਹ ਵਿੱਚ ਪਾ ਕੇ ਲਿਬੜਿਆ ਹੱਥ ਮੰਜੀ ਦੇ ਪਾਵੇ ਨਾਲ਼ ਪੂੰਝ ਦਿੱਤਾ।

"ਹਾਂ ਕੱਲੂ। ਕੋਈ ਗੱਪ ਸ਼ੱਪ ਸੁਣਾ?"

"ਭਾਅ ਜੀ, ਅੱਜ ਮੈਂ ਸ਼ਹਿਰ ਵਿੱਚ ਨਵੀਂ ਸਵਾਰੀ ਦੇਖੀ।" ਕੱਲੂ ਦੀਆਂ ਅੱਖਾਂ ਹੈਰਾਨੀ ਨਾਲ਼ ਚੌੜੀਆਂ ਹੋ ਗਈਆਂ।

"ਕਿੱਦਾਂ ਦੀ ਸਵਾਰੀ?"

"ਸੈਕਲ ਰਿਕਸ਼ਾ।"

"ਸੈਕਲ ਰਿਕਸ਼ਾ ?" ਕਾਲ਼ੀ ਚੌਂਕ ਗਿਆ, ਕਿਉਂਕਿ ਇਹ ਸਵਾਰੀ ਉਸ ਲਈ ਵੀ ਬਿਲਕੁਲ ਨਵੀਂ ਸੀ।

"ਹਾਂ, ਭਾਅ ਜੀ। ਸੈਕਲ ਦੇ ਪਿੱਛੇ ਰਿਕਸ਼ਾ ਜੋੜਿਆ ਹੋਇਆ ਸੀ।"

"ਰਿਕਸ਼ਾ ਕੀ ਹੁੰਦਾ ਹੈ ?"

"ਇਹ ਤਾਂ ਮੈਨੂੰ ਪਤਾ ਨਹੀਂ ਪਰ ਉਹਨੂੰ ਰਿਕਸ਼ਾ ਹੀ ਕਹਿੰਦੇ ਹਨ। ਮੋਹਰਲਾ ਹਿੱਸਾ ਸੈਕਲ ਦਾ ਹੈ। ਹੈਂਡਲ, ਪਹੀਆ, ਕਾਠੀ, ਲੱਠ ਪੈਡਲ ਸਭ ਹਨ। ਪਿੱਛੇ ਦੋ ਪਹੀਏ ਹਨ। ਉੱਪਰ ਚੌੜੀ ਥਾਂ ਹੈ, ਬੈਠਣ ਲਈ ਗੱਦੇਦਾਰ ਸੀਟ। ਥੱਲੇ ਪੈਰ ਰੱਖਣ ਲਈ ਵੀ ਜਗ੍ਹਾ ਹੈ। ਪੈਡਲਾਂ ਦੇ ਪਿੱਛਲੇ ਦੋ ਪਹੀਆਂ ਦੇ ਵਿਚਾਲੇ ਛੋਟਾ ਜਿਹਾ ਗੋਲ਼ ਚੱਕਾ ਹੈ। ਉਸ ਵਿੱਚ ਕੁੱਤਾ ਪੈਂਦਾ ਹੈ, ਲੰਮੀ ਸਾਰੀ ਚੇਨ ਨਾਲ਼ ਜੋੜਿਆ ਹੋਇਆ ਹੈ। ਦੋ ਆਦਮੀ ਅਰਾਮ ਨਾਲ਼ ਬੈਠਦੇ ਹਨ। ਚੰਗੀ ਕਾਹਲ਼ੀ ਦੌੜਦੀ ਹੈ।"

"ਤੂੰ ਕਿੱਥੇ ਦੇਖੀ ਹੈ ਇਹ ਸਵਾਰੀ ?" ਕਾਲ਼ੀ ਨੇ ਗਲਾਸ ਨੂੰ ਦੁਆਰਾ ਭਰਦਿਆਂ ਪੁੱਛਿਆ।

"ਬਜ਼ਾਰ ਵਿੱਚ। ਹੈਂਡਲ 'ਤੇ ਘੰਟੀ ਵੀ ਲੱਗੀ ਹੋਈ ਹੈ। ਰੋਜ਼ ਅੱਠ ਆਨੇ ਕਿਰਾਏ 'ਤੇ ਠੇਕੇਦਾਰ ਤੋਂ ਮਿਲ਼ ਜਾਂਦੀ ਹੈ। ਬੱਸ ਸਿਫਾਰਸ਼ ਚਾਹੀਦੀ ਹੈ। ਫੇਰ ਸਾਰਾ ਦਿਨ ਚਲਾਉ। ਰਾਤ ਨੂੰ ਠੇਕੇਦਾਰ ਦੇ ਵਿਹੜੇ ਵਿੱਚ ਖੜ੍ਹੀ ਕਰ ਦਿਉ।" ਕੱਲੂ ਨੇ ਚਟਖਾਰਾ ਮਾਰਿਆ।

"ਹੂੰ।" ਕਾਲ਼ੀ ਬੁੜਬੜਾਇਆ, "ਤੂੰ ਕੀ ਕਰੇਂਗਾ ਰਿਕਸ਼ੇ ਦਾ ?"

"ਚਲਾਉਂਗਾ। ਸੁਣਿਆ ਹੈ ਕਾਫੀ ਜ਼ੋਰ ਲਗਦਾ ਹੈ ਪਰ ਕਮਾਈ ਵੀ ਚੰਗੀ ਹੋ ਜਾਂਦੀ ਹੈ।"

"ਤੇਰੇ ਵਲੈਤ ਜਾਣ ਦਾ ਕੀ ਬਣੇਗਾ ?"

"ਉਹ ਤਾਂ ਹੈ ਹੀ। ਸਾਰਾ ਦਿਨ ਕੁੱਤੇ ਖੱਸੀ ਕਰਨੇ, ਭਾਅ ਅਤੇ ਭਾਬੀ ਦੀਆਂ ਝਿੜਕਾਂ ਖਾਣ ਤੋਂ ਤਾਂ ਬਿਹਤਰ ਹੈ ਕਿ ਰਿਕਸ਼ਾ ਹੀ ਚਲਾ ਲਿਆ ਕਰਾਂ। ਚਾਰ ਪੈਸੇ ਕਮਾਉਂਗਾ। ਕੁੱਸ਼ ਖਾਉਂਗਾ, ਕੁੱਸ਼ ਬਚਾਉਂਗਾ।" ਕੱਲੂ ਸਾਈਕਲ ਰਿਕਸ਼ਾ ਨਾਲ਼ ਜੁੜੇ ਆਪਣੇ ਭਵਿੱਖ ਦੀ ਕਲਪਣਾ ਕਰਕੇ ਖ਼ੁਸ਼ ਹੋ ਰਿਹਾ ਸੀ।

ਕਾਲ਼ੀ ਅਤੇ ਕੱਲੂ ਗੱਲਾਂ ਵਿੱਚ ਮਗਨ ਸਨ ਜਦ ਗਲ਼ੀ ਵਿੱਚ ਕਿਸ਼ਨੇ ਦੀ ਅਵਾਜ਼ ਸੁਣਾਈ ਦਿੱਤੀ। ਉਹ ਕਿਸੇ ਨਾਲ਼ ਗੱਲਾਂ ਕਰ ਰਿਹਾ ਸੀ। ਕਾਲ਼ੀ ਅਤੇ ਕੱਲੂ ਆਪਣੀ ਗੱਲ ਬਾਤ ਵਿਚੇ ਛੱਡ ਕੇ ਬੂਹੇ ਵੱਲ ਦੇਖਣ ਲੱਗੇ।

ਕਿਸ਼ਨੇ ਦੀ ਅਵਾਜ਼ ਸੁਣ ਕੇ ਰੱਖੀ ਵੀ ਕੋਠੇ ਤੋਂ ਥੱਲੇ ਆ ਗਈ ਅਤੇ ਬੂਹੇ ਵਿੱਚ ਖੜ੍ਹ ਕੇ ਉਸ ਦੀ ਉਡੀਕ ਕਰਨ ਲੱਗੀ।

ਕਿਸ਼ਨੇ ਨੇ ਬੂਹੇ ਨੂੰ ਠੁੱਡ ਮਾਰ ਕੇ ਖੋਲ੍ਹਿਆ ਅਤੇ ਲੜਖੜਾਉਂਦਾ ਅੰਦਰ ਆ ਗਿਆ।

"ਕਿਸ਼ਨੇ ਭਾਅ, ਬਹੁਤ ਚਿਰ ਲਾ ਦਿੱਤਾ।" ਕਾਲ਼ੀ ਮੰਜੀ ਤੋਂ ਉੱਠ ਕੇ ਖੜ੍ਹਾ ਹੋ

ਗਿਆ।

ਕਿਸ਼ਨਾ ਉਸ ਦੇ ਸਾਮ੍ਹਣੇ ਖੜ੍ਹਾ ਹੋ ਗਿਆ, "ਤੂੰ ਕਦੋਂ ਆਇਆਂ ?"

"ਮੈਨੂੰ ਆਏ ਨੂੰ ਬਹੁਤ ਦੇਰ ਹੋ ਗਈ ਹੈ।"

"ਹੂੰ।" ਕਿਸ਼ਨੇ ਨੇ ਕਾਲ਼ੀ ਵੱਲ ਘੂਰ ਕੇ ਦੇਖਿਆ ਅਤੇ ਅੱਗੇ ਚਲੇ ਗਿਆ।

ਕਾਲ਼ੀ ਅਤੇ ਕੱਲੂ ਹੈਰਾਨ ਹੋਏ ਪਹਿਲਾਂ ਕਿਸ਼ਨੇ ਵੱਲ ਅਤੇ ਫਿਰ ਇੱਕ ਦੂਸਰੇ ਵੱਲ ਦੇਖਣ ਲੱਗੇ। ਕਿਸ਼ਨਾ ਸਿਰ ਦਾ ਸਾਫਾ ਲਾਹ ਕੇ ਝੂਲਦਾ ਹੋਇਆ ਕਮਰੇ ਵੱਲ ਨੂੰ ਚਲਾ ਗਿਆ। ਉਸ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਰੱਖੀ ਬੂਹੇ ਤੋਂ ਇੱਕ ਪਾਸੇ ਨੂੰ ਹੱਟ ਗਈ ਅਤੇ ਉਸ ਨੂੰ ਧਿਆਨ ਨਾਲ਼ ਦੇਖਦੀ ਰਹੀ।

ਕਿਸ਼ਨੇ ਨੇ ਸਾਫਾ ਮੰਜੀ 'ਤੇ ਸਿੱਟ ਦਿੱਤਾ ਅਤੇ ਲੱਡੂਆਂ ਦਾ ਲਿਫਾਫਾ ਚੁੱਕ ਕੇ ਰੱਖੀ ਨੂੰ ਪੁੱਛਿਆ, "ਇਹ ਕੀ ਹੈ ?"

"ਲੱਡੂ ਆ।"

"ਕੌਣ ਲਿਆਇਆ ?"

"ਤੇਰਾ ਦੋਸਤ। ਨਿਆਣਿਆਂ ਲਈ।" ਰੱਖੀ ਨੇ ਬਾਹਰ ਮੰਜੀ 'ਤੇ ਬੈਠੇ ਕਾਲ਼ੀ ਵੱਲ ਇਸ਼ਾਰਾ ਕੀਤਾ।

"ਨਿਆਣਿਆਂ ਲਈ ਲਿਆਇਆ ਜਾਂ ਤੇਰੇ ਲਈ ?" ਕਿਸ਼ਨੇ ਨੇ ਰੱਖੀ ਵੱਲ ਘੂਰ ਕੇ ਦੇਖਿਆ। ਫਿਰ ਉਸ ਨੂੰ ਬਾਂਹ ਤੋਂ ਫੜ ਕੇ ਮੰਜੀ ਵੱਲ ਨੂੰ ਧੱਕਾ ਦਿੰਦਾ ਬੋਲਿਆ, "ਯਰਾਨੇ ਪਾਲ ਰਹੀ ਆਂ। ਪਰਾਏ ਆਦਮੀ ਦੇ ਲੱਡੂ ਖਾਂਦੀ ਆਂ।"

ਕਿਸ਼ਨੇ ਨੇ ਮਾਰਨ ਲਈ ਹੱਥ ਚੁੱਕਿਆ ਤਾਂ ਰੱਖੀ ਦੀ ਚੀਕ ਨਿਕਲ਼ ਗਈ।

"ਕੀ ਹੋ ਗਿਆ ?" ਕਾਲ਼ੀ ਬਹੁਤ ਘਬਰਾ ਗਿਆ।

"ਭਾਅ ਨੂੰ ਦੌਰਾ ਪੈ ਗਿਆ ਹੈ।" ਕੱਲੂ ਕਮਰੇ ਵੱਲ ਨੂੰ ਦੌੜਿਆ ਅਤੇ ਜਾ ਕੇ ਕਿਸ਼ਨੇ ਦੀ ਬਾਂਹ ਫੜ ਲਈ।

"ਹੱਟ ਜਾ।" ਕਿਸ਼ਨੇ ਨੇ ਕੱਲੂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕੀਤੀ। "ਘਰ ਨੂੰ ਕੰਜਰਖਾਨਾ ਬਣਾ ਰੱਖਿਆ ਹੈ। ਯਾਰ ਲੱਡੂ ਲੈ ਕੇ ਆਉਂਦੇ ਹਨ।"

"ਭਾਅ, ਕੀ ਬੋਲ ਰਿਹਾ ਹੈਂ ਤੂੰ ?" ਕੱਲੂ ਪਰੇਸ਼ਾਨ ਹੋ ਗਿਆ।

"ਹੱਟ ਜਾ ਪਿੱਛੇ। ਦੱਲਾ ਕਿਤੋਂ ਦਾ। ਲੱਡੂ ਖਾਂਦਾ ਹੈ ਅਤੇ ਭਾਬੀ ਦੀ ਦਲਾਲੀ ਕਰਦਾ ਹੈ। ਮੈਂ ਸਭ ਜਾਣਦਾ ਹਾਂ। ਮੈਨੂੰ ਸਭ ਕੁੱਝ ਪਤਾ ਹੈ। ਮੈਂ ਸਾਰਿਆਂ ਦਾ ਖ਼ੂਨ ਕਰ ਦੇਊਂਗਾ।" ਕਿਸ਼ਨਾ ਆਪਣੇ ਆਪ ਨੂੰ ਕੱਲੂ ਦੇ ਕਲਾਵੇ ਚੋਂ ਛੁਡਾਉਣ ਲਈ ਹੱਥ ਪੈਰ ਮਾਰਨ ਲੱਗਾ।

ਕਿਸ਼ਨਾ ਹੱਥ ਪੈਰ ਮਾਰਦਾ ਜੋ ਮੂੰਹ ਆਉਂਦਾ ਬੋਲੀ ਜਾ ਰਿਹਾ ਸੀ। ਰੱਖੀ ਕਮਰੇ ਦੇ ਇੱਕ ਕੋਨੇ ਵਿੱਚ ਸਹਿਮੀ ਖੜ੍ਹੀ ਸੀ। ਉਹ ਬਹੁਤ ਡਰ ਗਈ ਸੀ ਅਤੇ ਮੂੰਹ ਵਿੱਚ ਚੁੰਨੀ ਦੇਈ ਰੋ ਰਹੀ ਸੀ। ਕਾਲ਼ੀ ਵਿਹੜੇ ਵਿੱਚ ਇੱਕ ਪੈਰ ਮੰਜੀ 'ਤੇ ਰੱਖੀ ਸਹਿਮਿਆ ਖੜ੍ਹਾ ਸੀ ਕਿ ਇਹ ਕੀ ਹੋ ਗਿਆ ਹੈ।

"ਇਹ ਕਾਲ਼ੀ ਇੱਕ ਨੰਬਰ ਦਾ ਬਦਮਾਸ਼ ਹੈ। ...ਮੈਨੂੰ ਸਭ ਪਤਾ ਹੈ। ਮੈਨੂੰ ਕੀ ਪਤਾ

ਸੀ ਕਿ ਆਪਣੇ ਘਰ ਸੱਪ ਲੈ ਕੇ ਆਇਆ ਸੀ।" ਕਿਸ਼ਨਾ ਫੁੰਕਾਰ ਮਾਰ ਕੇ ਕੱਲੂ ਦੇ ਕਲ਼ਾਵੇ ਵਿੱਚੋਂ ਨਿਕਲ਼ਣ ਦੀ ਕੋਸ਼ਿਸ਼ ਕਰਦਾ ਹੋਇਆ ਗਰਜਿਆ, "ਛੱਡ ਦੇ ਮੈਨੂੰ। ਪਹਿਲਾਂ ਮੈਂ ਇਸ ਕਾਲ਼ੇ ਨਾਗ ਦਾ ਫਾਹਾ ਵੱਢਦਾ ਹਾਂ। ਫੇਰ ਇਸ ਦੋਮੂੰਹੀ ਸਪਨੀ ਦਾ।" ਉਸ ਨੇ ਰੱਖੀ ਵੱਲ ਘੂਰ ਕੇ ਦੇਖਿਆ।

ਜਦ ਕਾਲ਼ੀ ਲਈ ਕਿਸ਼ਨੇ ਦੀਆਂ ਗੱਲਾਂ ਸੁਣਨੀਆਂ ਅਸਹਿ ਹੋ ਗਈਆਂ ਤਾਂ ਉਸ ਨੇ ਹੱਥ ਵਿੱਚ ਫੜਿਆ ਗਲਾਸ ਮੰਜੀ 'ਤੇ ਰੱਖ ਦਿੱਤਾ। ਬੋਤਲ ਚੁੱਕ ਕੇ ਕੰਧ ਦੇ ਪਿੱਛੇ ਖੇਤ ਵਿੱਚ ਸੁੱਟ ਦਿੱਤੀ ਅਤੇ ਆਪਣਾ ਸਾਫਾ ਲੈ ਕੇ ਬਾਹਰ ਨਿਕਲ਼ ਗਿਆ।

ਕਾਰਖਾਨੇ ਵੱਲ ਜਾਂਦੇ ਕਾਲ਼ੀ ਨੂੰ ਹਰ ਚੀਜ਼ ਅਜੀਬ ਜਿਹੀ ਲਗਦੀ ਸੀ।

## ਵੀਹ

ਰਾਤ ਨੂੰ ਬਿਨਾਂ ਕੁੱਝ ਖਾਧੇ ਪੀਤੇ ਹੀ ਕਾਲ਼ੀ ਦਫਤਰ ਆ ਗਿਆ। ਉਸ ਨੇ ਗੇਟ ਬੰਦ ਕਰਕੇ ਅੰਦਰੋਂ ਜਿੰਦਾ ਲਾ ਦਿੱਤਾ ਅਤੇ ਹੌਜਾਂ ਤੋਂ ਬੱਚਦਾ ਬਚਾਉਂਦਾ ਅਜੇਹੇ ਥਾਂ ਪਹੁੰਚ ਗਿਆ ਜਿਥੋਂ ਖੁੱਲੇ ਦਲਾਨਾਂ ਤੋਂ ਪਰ੍ਹੇ ਕੋਠੜੀ ਦਿਖਾਈ ਦੇ ਰਹੀ ਸੀ। ਅੱਧੇ ਚੰਦ ਦੀ ਰਾਤ ਹੋਣ ਕਰਕੇ ਪੂਰੇ ਵਾਤਾਵਰਣ ਤੇ ਫਿੱਕੀ ਜਿਹੀ ਰੌਸ਼ਨੀ ਪੈ ਰਹੀ ਸੀ। ਉਸ ਨੇ ਧਿਆਨ ਨਾਲ਼ ਆਲ਼ੇ ਦੁਆਲ਼ੇ ਦੇਖਿਆ। ਬਹੁਤ ਸੁੰਨਸਾਨ ਸੀ, ਕਿਸੇ ਵੀ ਕਿਸਮ ਦੀ ਕੋਈ ਅਵਾਜ਼ ਨਹੀਂ ਆ ਰਹੀ ਸੀ।

"ਸ਼ਾਇਦ ਉਹ ਸਾਰੇ ਸੌਂ ਗਏ ਹਨ ਜਾਂ ਫਿਰ ਅਜੇ ਆਏ ਹੀ ਨਹੀਂ।" ਕਾਲ਼ੀ ਬੁੜਬੁੜਾਇਆ।

ਉਨ੍ਹਾਂ ਦੇ ਉੱਥੇ ਨਾ ਹੋਣ ਦੀ ਸੰਭਾਵਨਾ ਕਰਕੇ ਕਾਲ਼ੀ ਨੂੰ ਚਿੰਤਾ ਹੋਣ ਲੱਗੀ। ਉਹ ਹੌਲ਼ੀ ਹੌਲ਼ੀ ਤੁਰਦਾ ਦਫਤਰ ਦੇ ਮੋਹਰੇ ਜਾ ਖੜ੍ਹਾ ਹੋਇਆ।

"ਇੱਕ ਆਦਮੀ ਨੂੰ ਤਾਂ ਕਾਰਖਾਨੇ ਵਿੱਚ ਜ਼ਰੂਰ ਰਹਿਣਾ ਚਾਹੀਦਾ ਸੀ। ਕਾਇਦਾ ਕਾਨੂੰਨ ਤਾਂ ਇਹ ਹੀ ਹੈ।" ਕਾਲ਼ੀ ਨੂੰ ਚੇਤਾ ਆਇਆ। ਫਿਰ ਉਸ ਨੇ ਸਿਰ ਹਿਲਾਇਆ, "ਸਭ ਕੁੱਝ ਚਲਦਾ ਹੈ। ਕੌਣ ਪੁੱਛਦਾ ਹੈ। ਕਦੇ ਚੋਰੀ ਜਾਂ ਕੋਈ ਨੁਕਸਾਨ ਹੋਇਆ ਤਾਂ ਪੁੱਛ ਪੜਤਾਲ ਹੋਵੇਗੀ।"

ਉਸ ਨੂੰ ਹੈਰਾਨੀ ਹੋਈ ਕਿ ਸਭ ਪਾਸਿਉਂ ਦੁਰਕਾਰੇ ਜਾਣ ਦੇ ਬਾਵਜੂਦ ਉਹ ਕਾਰਖਾਨੇ ਬਾਰੇ ਸੋਚ ਰਿਹਾ ਹੈ। ਦਫਤਰ ਵਿੱਚ ਜਾ ਕੇ ਉਸਨੇ ਤਾਕੀ ਖੋਲ੍ਹ ਦਿੱਤੀ ਅਤੇ ਬਾਹਾਂ ਦਾ ਸਿਰਾਹਣਾ ਬਣਾ ਕੇ ਬੈਂਚ 'ਤੇ ਪੈ ਗਿਆ। ਉਸ ਦੇ ਚਾਰੇ ਪਾਸੇ ਅਜੀਬ ਜਿਹੀ ਅਵਾਜ਼ ਪੈਦਾ ਕਰਦੇ ਮੱਛਰ ਮੰਡਰਾ ਰਹੇ ਸਨ। ਉਨ੍ਹਾਂ ਨੂੰ ਦੂਰ ਰੱਖਣ ਲਈ ਉਹ ਲੋੜ ਪੈਣ 'ਤੇ ਹੱਥ ਪੈਰ ਮਾਰ ਰਿਹਾ ਸੀ।

ਕਾਲ਼ੀ ਨੂੰ ਆਪਣੇ ਆਪ 'ਤੇ ਹੈਰਾਨੀ ਹੋ ਰਹੀ ਸੀ ਕਿ ਐਨਾ ਕੁੱਝ ਹੋਣ ਦੇ ਬਾਵਜੂਦ ਵੀ ਉਹ ਸ਼ਾਂਤ ਕਿਉਂ ਹੈ। ਉਸ ਨੂੰ ਤਾਂ ਭੁੱਬਾਂ ਮਾਰ ਕੇ ਰੋਣਾ ਚਾਹੀਦਾ ਹੈ ਕਿ ਇੰਨੀ ਮਿਹਨਤ ਨਾਲ਼ ਇਸ ਸ਼ਹਿਰ ਵਿੱਚ ਥੋੜ੍ਹੇ ਪੈਰ ਜਮਾਏ ਸਨ। ਸਿਰਨਾਵਾਂ ਵੀ ਬਣ ਗਿਆ ਸੀ। ਘਰ ਨਾ ਸੀ, ਘਾਟ ਤਾਂ ਮਿਲ਼ ਹੀ ਗਿਆ ਸੀ। ਪਰ ਇੱਕ ਹੀ ਸ਼ਾਮ ਵਿੱਚ ਸਭ ਕੁੱਝ ਖਤਮ ਹੋ ਗਿਆ ਹੈ।

ਕਮਰੇ ਵਿੱਚ ਕਾਲ਼ੀ ਦਾ ਦਮ ਘੁੱਟਣ ਲੱਗਾ ਤਾਂ ਉਹ ਬਾਹਰ ਆ ਗਿਆ। ਹੌਜਾਂ ਅਤੇ ਦਲਾਨਾਂ ਦਾ ਚੱਕਰ ਲਾ ਕੇ ਉਹ ਕੋਠੜੀ ਦੇ ਨੇੜੇ ਪਹੁੰਚ ਗਿਆ। ਪਰ ਉਹਨੀਂ ਪੈਰੀਂ ਮੁੜ ਆਇਆ ਕਿ ਭੀਮਾ, ਜਿੰਦਰ, ਬੰਸਾ ਅਤੇ ਕਿਰਪੂ ਉੱਥੇ ਹੋਏ ਤਾਂ ਉਹ ਸੋਚਣਗੇ ਕਿ ਸ਼ਾਇਦ ਉਨ੍ਹਾਂ ਦੀ ਜਸੂਸੀ ਹੋ ਰਹੀ ਹੈ।

ਕਾਲ਼ੀ ਦਫਤਰ ਦੇ ਸਾਹਮਣੇ ਹੀ ਚੱਕਰ ਕੱਢਣ ਲੱਗਾ। ਨਾ ਚਾਹੁੰਦਿਆਂ ਹੋਇਆਂ ਵੀ ਸ਼ਾਇਦ ਉਹ ਬੰਸੇ ਹੋਰਾਂ ਦੀ ਉਡੀਕ ਕਰ ਰਿਹਾ ਸੀ। ਗਲ਼ੀ ਵਿੱਚ ਕੁੱਝ ਆਵਾਜ਼ਾਂ ਸੁਣ ਕੇ ਉਹ ਰੁਕ ਗਿਆ ਅਤੇ ਉਨ੍ਹਾਂ ਨੂੰ ਪਛਾਨਣ ਦੀ ਕੋਸ਼ਿਸ਼ ਕਰਨ ਲੱਗਾ। ਫਿਰ ਉਹ ਇੱਕ ਦਮ ਘਬਰਾ ਗਿਆ ਕਿਉਂਕਿ ਇਸ ਹਾਲਤ ਵਿੱਚ ਉਹ ਉਨ੍ਹਾਂ ਦਾ ਸਾਮ੍ਹਣਾ ਨਹੀਂ ਕਰਨਾ ਚਾਹੁੰਦਾ ਸੀ।

ਆਵਾਜ਼ਾਂ ਨੇੜੇ ਆ ਗਈਆਂ ਸਨ। ਕਾਲ਼ੀ ਨੇ ਕਮਰੇ ਵਿੱਚ ਵੜ੍ਹਦਿਆਂ ਹੀ ਬੂਹਾ ਬੰਦ ਕਰ ਲਿਆ ਅਤੇ ਇੱਕ ਖੂੰਜੇ ਵਿੱਚ ਜਾ ਖੜ੍ਹਾ ਹੋ ਗਿਆ। ਗੇਟ ਦਾ ਕੁੰਡਾ ਖੱੜਕਣ ਦੀ ਅਵਾਜ਼ ਸੁਣ ਕੇ ਉਸ ਦਾ ਸਾਹ ਰੁਕ ਗਿਆ ਸੀ।

"ਗੇਟ ਤਾਂ ਅੰਦਰੋਂ ਬੰਦ ਹੈ ?" ਭੀਮਾ ਕੁੰਡਾ ਛੱਡ ਕੇ ਪਰ੍ਹੇ ਹੋ ਗਿਆ।

"ਇਸ ਦਾ ਮਤਲਬ ਹੈ ਕਿ ਕਾਲ਼ੀ ਆ ਗਿਆ ਹੈ।" ਭੀਮੇ ਨੇ ਅੰਦਾਜ਼ਾ ਲਾਇਆ। ਫਿਰ ਉਹ ਬੰਸੇ ਦੇ ਕੰਨ ਵਿੱਚ ਬੋਲਿਆ, "ਤੂੰ ਤਾਂ ਕਹਿੰਦਾ ਸੀ ਕਿ ਉਹ ਫੋਰਮੈਨ ਦੇ ਘਰ ਗਿਆ ਹੈ। ਰੋਟੀ ਪਾਣੀ ਖਾ ਕੇ ਹੀ ਮੁੜੇਗਾ।"

"ਮੈਨੂੰ ਤਾਂ ਫੋਰਮੈਨ ਤੇ ਉਸ ਦੀ ਗੱਲ ਬਾਤ ਤੋਂ ਅਜਿਹਾ ਹੀ ਲੱਗਾ ਸੀ। ਅੱਗੇ ਰੱਬ ਹੀ ਜਾਣੇ।" ਬੰਸਾ ਸੋਚ ਵਿੱਚ ਪੈ ਗਿਆ।

"ਤੈਨੂੰ ਕਿਹਾ ਵੀ ਸੀ ਕਿ ਇੱਥੇ ਹੀ ਬੈਠ ਜਾਂਦੇ ਹਾਂ। ਜਿਦ ਵਿੱਚ, ਮੇਰੀ ਵੀ ਨੌਕਰੀ ਦਾਅ 'ਤੇ ਲਾ ਦਿੱਤੀ। ਪਹਿਲਾਂ ਚੋਰੀ ਦੀ ਤੁਹਮੱਤ ਲੱਗ ਹੀ ਚੁੱਕੀ ਹੈ। ਹੁਣ ਗੈਰਹਾਜ਼ਰੀ ਦੀ ਸ਼ਿਕਾਇਤ ਲੱਗੇਗੀ।" ਕਿਰਪੂ ਪਰੇਸ਼ਾਨ ਹੋ ਗਿਆ।

"ਪਹਿਲਾਂ ਅੰਦਰ ਤਾਂ ਚੱਲੋ।"

"ਕਿੱਦਾਂ ਜਾਈਏ। ਗੇਟ ਨੂੰ ਤਾਂ ਅੰਦਰੋਂ ਜਿੰਦਾ ਲੱਗਾ ਹੋਇਆ ਹੈ।"

"ਜ਼ੋਰ ਨਾਲ਼ ਖੜ੍ਹਕਾ। ਉਹ ਖੋਲ੍ਹ ਦੇਵੇਗਾ।"

"ਭੀਮੇ, ਤੂੰ ਚੰਗੀ ਤਰ੍ਹਾਂ ਸਾਨੂੰ ਮਰਵਾਏਂਗਾ। ਪਿਛਲੀ ਕੰਧ ਟੱਪ ਕੇ ਹੀ ਅੰਦਰ ਜਾਣਾ ਠੀਕ ਰਹੇਗਾ। ਝੂਠ ਸੱਚ ਦੀ ਕੋਈ ਤਾਂ ਗੁੰਜਾਇਸ਼ ਰੱਖੋ।" ਕਿਰਪੇ ਨੇ ਹੌਲ਼ੀ ਜਿਹੀ ਅਵਾਜ਼ ਵਿੱਚ ਕਿਹਾ।

"ਲਗਦਾ ਹੈ ਇੱਕ ਦਿਨ ਚੂਨੇ ਵਾਲ਼ੇ ਹੌਜ ਵਿੱਚ ਸਿੱਟ ਕੇ ਉਸ ਦੀ ਮੁਰੰਮਤ ਕਰਨੀ ਪਵੇਗੀ।" ਜਿੰਦਰ ਨੇ ਦੰਦ ਪੀਂਹਦਿਆਂ ਕਿਹਾ।

"ਕਿਹਦੀ ਮੁਰੰਮਤ ਕਰੇਂਗਾ ?"

"ਉਸੇ, ਮੁਨਸ਼ੀ ਦੇ ਸਾਲ਼ੇ ਦੀ। ਅਸੀਂ ਉਸ ਨੂੰ ਬਿੱਲੀ ਬਣਾਇਆ ਉਹ ਸਾਨੂੰ ਹੀ ਮਿਆਉਂ ਕਰਨ ਲੱਗ ਪਿਆ।" ਜਿੰਦਰ ਨੇ ਗੁੱਸੇ ਵਿੱਚ ਆਪਣਾ ਥੱਲੇ ਵਾਲ਼ਾ ਬੁੱਲ ਘੁੱਟਿਆ।

"ਲਗਦਾ ਹੈ ਇਸ ਕਾਰਖਾਨੇ ਵਿੱਚ ਸਾਡਾ ਅੰਨਜਲ ਖਤਮ ਹੋਣ ਵਾਲ਼ਾ ਹੈ।" ਕਿਰਪੂ ਨੇ ਬੁਝੀ ਹੋਈ ਅਵਾਜ਼ ਵਿੱਚ ਕਿਹਾ।

"ਜੇ ਇਹ ਗੱਲ ਹੈ ਤਾਂ ਗੇਟ ਟੱਪ ਕੇ ਚਲਦੇ ਹਾਂ।" ਜਿੰਦਰ ਨੇ ਚੁਨੌਤੀ ਦਿੱਤੀ।

"ਪੱਕੇ ਕਾਗਜ਼ 'ਤੇ ਆਪਣਾ ਅੰਗੂਠਾ ਅਤੇ ਉਹਦੀ ਤਸਦੀਕ ਯਾਦ ਹੈ। ਦਬਕਾ ਮਾਰਨ ਤੋਂ ਪਹਿਲਾਂ ਆਪਣੀ ਹੈਸੀਅਤ ਅਤੇ ਅਸਲੀਅਤ ਨੂੰ ਵੀ ਚੇਤੇ ਕਰ ਲਿਆ ਕਰੋ ?" ਕਿਰਪੂ ਨੇ ਉਨ੍ਹਾਂ ਨੂੰ ਸਾਵਧਾਨ ਕੀਤਾ।

ਕੋਨੇ ਵਿੱਚ ਖੜ੍ਹਾ ਕਾਲ਼ੀ ਉਨ੍ਹਾਂ ਦੀ ਗੱਲਬਾਤ ਬਹੁਤ ਧਿਆਨ ਨਾਲ਼ ਸੁਣ ਰਿਹਾ ਸੀ।

"ਤੁਸੀਂ ਘਬਰਾਉਂਦੇ ਕਿਉਂ ਹੋ। ਇਸ ਕਾਰਖਾਨੇ ਵਿੱਚ ਅੰਨਜਲ ਤਾਂ ਮੇਰਾ ਖਤਮ ਹੋ ਰਿਹਾ ਹੈ।" ਕਾਲ਼ੀ ਨੇ ਉਨ੍ਹਾਂ ਨੂੰ ਦੱਸਣਾ ਚਾਹਿਆ ਪਰ ਉਸ ਦਾ ਗਲ਼ ਭਰ ਆਇਆ।

ਅੱਧੀ ਰਾਤ ਤੱਕ ਕਾਲ਼ੀ ਕਮਰੇ ਦੇ ਅੰਦਰ ਬਾਹਰ ਚੱਕਰ ਲਾਉਂਦਾ ਰਿਹਾ। ਉਸ ਦੇ ਮਨ 'ਤੇ ਨਾ ਤਾਂ ਕੋਈ ਬੋਝ ਸੀ ਅਤੇ ਨਾ ਹੀ ਪਛਤਾਵਾ। ਫਿਰ ਵੀ ਉਸ ਨੂੰ ਨੀਂਦ ਨਹੀਂ ਆ ਰਹੀ ਸੀ।

ਅੱਧਾ ਚੰਦ ਛਿਪਦੇ ਹੀ ਦਲਾਨ ਅਤੇ ਮੈਦਾਨ ਹਨੇਰੇ ਵਿੱਚ ਡੁੱਬ ਗਏ। ਕਮਰੇ ਵਿੱਚ ਜਾ ਕੇ ਕਾਲ਼ੀ ਨੇ ਦਰਵਾਜ਼ਾ ਬੰਦ ਕਰ ਲਿਆ ਅਤੇ ਕੁੰਡਾ ਲਾ ਦਿੱਤਾ। ਬੈਂਚ 'ਤੇ ਪੈ ਕੇ ਉਸ ਨੇ ਡੂੰਘਾ ਸਾਹ ਲਿਆ ਅਤੇ ਪਿਛਲੇ ਦਿਨਾਂ ਦੀਆਂ ਘਟਨਾਵਾਂ ਦੀਆਂ ਲੜੀਆਂ ਜੋੜਨ ਦੀ ਕੋਸ਼ਿਸ਼ ਕਰਨ ਲੱਗਾ।

"ਕਿੱਥੇ ਨੂੰ ਚੱਲੇ ਸੀ ਅਤੇ ਕਿੱਥੇ ਪਹੁੰਚ ਗਏ।" ਕਾਲ਼ੀ ਨੇ ਖਿੱਝ ਕੇ ਸਿਰ ਝਟਕਿਆ, "ਗਰੀਬ ਆਦਮੀ ਲਈ ਤਾਂ ਬਿਹਤਰ ਜ਼ਿੰਦਗੀ ਦਾ ਸੁਫਨਾ ਦੇਖਣਾ ਵੀ ਪਾਪ ਹੁੰਦਾ ਹੈ। ਕਿੰਨੀ ਬੜੀ ਕੀਮਤ ਮੰਗੀ ਜਾਂਦੀ ਹੈ ਇੱਕ ਛੋਟੀ ਜਿਹੀ ਮਾਸੂਮ ਖਾਹਿਸ਼ ਲਈ।"

ਕਿਸ਼ਨੇ ਦੇ ਰਵੱਈਏ ਨੂੰ ਲੈ ਕੇ ਕਾਲ਼ੀ ਬੇਚੈਨ ਹੋ ਗਿਆ। ਥੋੜ੍ਹਾ ਜਿਹਾ ਪਿਆਰ ਪਾਉਣ ਲਈ ਉਸ ਨੇ ਆਪਣੇ ਲਈ ਸਹਾਰਾ ਬਣਾਉਣਾ ਚਾਹਿਆ ਸੀ ਪਰ ਕਿਸ਼ਨੇ ਨੇ ਅੱਖ ਝਮਕਣ ਵਾਂਗ ਉਸ ਨੂੰ ਤੋੜ ਮਰੋੜ ਕੇ ਸਿੱਟ ਦਿੱਤਾ। ਉਸ ਨੂੰ ਕਿਸ਼ਨੇ ਦੀ ਪਤਨੀ ਰੱਖੀ 'ਤੇ ਤਰਸ ਆਉਣ ਲੱਗਾ ਕਿ ਉਸ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਹੈ।

ਕਾਲ਼ੀ ਦਾ ਦਿਲ ਕੀਤਾ ਕਿ ਉਸ ਹੀ ਵਕਤ ਆਪਣਾ ਸਮਾਨ ਉੱਥੋਂ ਚੁੱਕੇ ਤੇ ਚਲਾ ਜਾਵੇ ... ਹਨੇਰੇ ਵਿੱਚ ਇਹ ਕਾਰਖਾਨਾ ਤੇ ਉਸ ਨਾਲ਼ ਜੁੜੀਆਂ ਯਾਦਾਂ ਛੱਡ ਦੇਵੇ। ਪਰ ਉਸ ਨੇ ਇਰਾਦਾ ਬਦਲ ਲਿਆ ਕਿ ਉਹ ਚੋਰਾਂ ਵਾਂਗ ਹਨੇਰੇ ਦਾ ਫਾਇਦਾ ਲੈ ਕੇ ਦੌੜੇਗਾ ਨਹੀਂ। ਦਿਨ ਵੇਲੇ ਚੜ੍ਹੀ ਧੁੱਪ ਦੀ ਰੌਸ਼ਨੀ ਵਿੱਚ ਸਾਰਿਆਂ ਦੇ ਸਾਹਮਣੇ ਜਾਵੇਗਾ।

ਆਪਣੇ ਇਸ ਆਤਮ ਵਿਸ਼ਵਾਸ ਉੱਤੇ ਕਾਲ਼ੀ ਖੁਦ ਵੀ ਹੈਰਾਨ ਰਹਿ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਅੱਜ ਤੱਕ ਨਾ ਤਾਂ ਉਸ ਨੂੰ ਕੋਈ ਚੱਜ ਦੀ ਜ਼ਿੰਦਗੀ ਮਿਲ਼ੀ ਹੈ ਅਤੇ ਨਾ ਹੀ ਸਨਮਾਨ ਵਾਲ਼ੀ ਮੌਤ। ਪਤਾ ਨਹੀਂ ਦੋਨੋ ਕਿਉਂ ਉਸ ਕੋਲ਼ੋਂ ਮੂੰਹ ਛੁਪਾਉਂਦੀਆਂ ਰਹੀਆਂ ਹਨ। ਉਹਦੇ ਕੋਲ਼ੋਂ ਦੂਰ ਦੌੜਦੀਆਂ ਰਹੀਆਂ ਹਨ।

ਕਾਲ਼ੀ ਨੇ ਆਉਣ ਵਾਲ਼ੇ ਕੱਲ ਬਾਰੇ ਸੋਚਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਕਿਤੇ ਕੁੱਝ ਨਜ਼ਰ ਨਹੀਂ ਆ ਰਿਹਾ ਸੀ। ਬੇਕਾਰ ਅਤੇ ਬੇਸਹਾਰਾ ਹੋਣ ਦੇ ਬਾਵਜੂਦ ਉਹ ਚਿੰਤਿਤ ਜਾਂ ਉਦਾਸ ਨਹੀਂ ਸੀ। ਸ਼ਹਿਰ ਨਾ ਤਾਂ ਉਸ ਨੂੰ ਆਪਣਾ ਲਗਦਾ ਸੀ ਅਤੇ ਨਾ ਹੀ ਪਰਾਇਆ।

ਸੇਠ ਰਾਮ ਪ੍ਰਕਾਸ਼ ਦਾ ਖਿਆਲ ਆਉਂਦਿਆਂ ਹੀ ਉਸ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਅਤੇ ਉਸ ਦੀਆਂ ਅੱਖਾਂ ਦੇ ਅੱਗੋਂ ਹਨੇਰਾ ਹੱਟਣ ਲੱਗਾ। ਉਹ ਜ਼ਰੂਰ ਮਦਦ ਕਰੇਗਾ ਕਿਉਂਕਿ ਆਪਣੀ ਬਰਾਦਰੀ ਦੇ ਬਾਰੇ ਸੱਚੇ ਦਿਲੋਂ ਫਿਕਰਮੰਦ ਹੈ ਅਤੇ ਤਨੋਂ ਮਨੋਂ ਸੇਵਾ ਕਰਦਾ ਹੈ।

ਕਾਲ਼ੀ ਨੇ ਬੈਂਚ 'ਤੇ ਪਏ ਨੇ ਪਾਸਾ ਬਦਲਿਆ ਅਤੇ ਸਰੀਰ ਨੂੰ ਢਿੱਲਾ ਛੱਡ ਕੇ ਲੰਮਾ ਅਤੇ ਡੂੰਘਾ ਸਾਹ ਲਿਆ। ਗਿਆਨੋ ਦੀ ਯਾਦ ਆਉਂਦਿਆਂ ਹੀ ਉਹ ਮੁਸਕਰਾ ਪਿਆ ਕਿ ਆਪਣੀ ਪ੍ਰੀਤ ਨਿਭਾਉਣ ਦੇ ਲਈ ਉਸ ਨੇ ਮੁਨਸ਼ੀਗੀਰੀ ਦੇ ਨਾਲ਼ ਨਾਲ਼ ਛੇ ਸ਼ਤੀਰਾਂ ਅਤੇ ਇੱਕ ਸੌ ਚਾਰ ਕੜੀਆਂ ਦਾ ਦਲਾਨ, ਤਿੰਨ ਕੋਠੜੀਆਂ ਅਤੇ ਖੁੱਲ੍ਹਾ ਵਿਹੜਾ ਠੁਕਰਾ ਦਿੱਤਾ ਹੈ।

ਸਵੇਰੇ ਉੱਠਿਆ ਤਾਂ ਕਾਲ਼ੀ ਦੇ ਮਨ ਵਿੱਚ ਆਤਮ ਵਿਸ਼ਵਾਸ ਦੀ ਥਾਂ ਡਰ ਨੇ ਲੈ ਲਈ ਸੀ। ਸਵੇਰੇ ਸਵੇਰੇ ਉਸ ਨੂੰ ਆਉਣ ਵਾਲ਼ੀ ਰਾਤ ਦੀ ਚਿੰਤਾ ਸਤਾਉਣ ਲੱਗੀ ਸੀ। ਉਸ ਨੇ ਆਪਣਾ ਮਨ ਕਰੜਾ ਕਰੀ ਰੱਖਣ ਲਈ ਪੂਰੇ ਕਾਰਖਾਨੇ ਦਾ ਚੱਕਰ ਲਾ ਕੇ ਗੇਟ ਦਾ ਜਿੰਦਾ ਖੋਲ੍ਹ ਦਿੱਤਾ। ਉਸ ਨੇ ਘੜੇ ਦੇ ਬੇਹੇ ਪਾਣੀ ਨਾਲ਼ ਕੁਰਲੀ ਕੀਤੀ ਅਤੇ ਹੱਥ ਮੂੰਹ ਧੋਤਾ। ਦਫਤਰ ਵਿੱਚ ਬੈਠ ਕੇ ਆਪਣੇ ਪੈਸੇ ਗਿਣੇ। ਸਾਰਾ ਸਰਮਾਇਆ ਅੱਸੀ ਰੁਪਏ ਅਤੇ ਬਾਰ੍ਹਾਂ ਆਨੇ ਸੀ। ਉਸ ਨੇ ਤੀਹ ਰੁਪਏ ਕਿਸ਼ਨੇ ਤੋਂ ਵੀ ਲੈਣੇ ਸਨ। ਉਸ ਨੇ ਇਸ ਮਹੀਨੇ ਵਿੱਚ ਜਿੰਨੇ ਦਿਨ ਕੰਮ ਕੀਤਾ ਸੀ, ਉਸ ਦਾ ਹਿਸਾਬ ਵੀ ਲਾਇਆ। ਚਾਲ੍ਹੀ ਰੁਪਏ ਅਤੇ ਛੇ ਆਨੇ ਬਣਦੇ ਸਨ। ਉਸ ਨੇ ਸੁੱਖ ਦਾ ਸਾਹ ਲਿਆ ਕਿ ਉਹ ਬੇਕਾਰ ਰਹਿ ਕੇ ਵੀ ਕੁੱਝ ਦਿਨ ਸੌਖ ਨਾਲ਼ ਗੁਜ਼ਾਰ ਸਕਦਾ ਹੈ।

ਕੱਪੜੇ ਬਦਲ ਅਤੇ ਕਾਪੀ ਚੁੱਕ ਕੇ ਕਾਲ਼ੀ ਕੱਚੀਆਂ ਖੱਲਾਂ ਲਦਾਉਣ ਲਈ ਦੁਕਾਨ 'ਤੇ ਚਲਾ ਗਿਆ। ਉਸ ਨੇ ਆਪਣੇ ਸਾਮ੍ਹਣੇ ਖੱਲਾਂ ਰੇੜ੍ਹੇ 'ਤੇ ਲਦਵਾਈਆਂ ਅਤੇ ਗਿਣ ਕੇ ਆਪ ਉੱਤਰਵਾਈਆਂ। ਰੇੜ੍ਹੇ ਵਾਲ਼ੇ ਤੋਂ ਉਸ ਦਾ ਪਤਾ ਟਿਕਾਣਾ ਵੀ ਪੁੱਛਿਆ ਤਾਂ ਕਿ ਜ਼ਰੂਰਤ ਪੈਣ 'ਤੇ ਉਸ ਨੂੰ ਮਿਲ਼ ਸਕੇ।

ਮੁਨਸ਼ੀ ਦੀ ਕੁਰਸੀ 'ਤੇ ਬੈਠ ਕੇ ਕਾਲ਼ੀ ਨੇ ਕਾਪੀ 'ਤੇ ਪੂਰਾ ਹਿਸਾਬ ਕਿਤਾਬ ਲਿਖ ਕੇ ਲੇਖਾ ਜੋਖਾ ਤਿਆਰ ਕੀਤਾ। ਅਲਮਾਰੀ ਵਿੱਚੋਂ ਸੰਦੂਕੜੀ ਕੱਢ ਕੇ ਨਕਦ ਪੈਸੇ ਗਿਣੇ ਅਤੇ ਕਾਪੀ ਵਿੱਚ ਲਿਖੇ ਹਿਸਾਬ ਨਾਲ਼ ਮਿਲ਼ਾਇਆ। ਉਸ ਨੇ ਆਪਣਾ ਸਮਾਨ ਬੰਨ ਕੇ ਇੱਕ ਖੂੰਜੇ ਵਿੱਚ ਰੱਖ ਦਿੱਤਾ ਅਤੇ ਦਫਤਰ ਨੂੰ ਜਿੰਦਾ ਲਾ ਕੇ ਬਜ਼ਾਰ ਨੂੰ ਤੁਰ ਪਿਆ।

ਖਾਣਾ ਖਾ ਕੇ ਕਾਲ਼ੀ ਕਾਰਖਾਨੇ ਵਿੱਚ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੜ ਆਇਆ ਅਤੇ ਪੂਰਾ ਦਰਵਾਜ਼ਾ ਖੋਲ੍ਹ ਕੇ ਮੁਨਸ਼ੀ ਦੀ ਕੁਰਸੀ 'ਤੇ ਬੈਠ ਗਿਆ। ਕਾਰੀਗਰ ਇੱਕ ਪੱਲ ਬੂਹੇ ਦੇ ਸਾਮ੍ਹਣੇ ਖੜ੍ਹ ਕੇ, ਕਾਲ਼ੀ ਵੱਲ ਦੇਖਦੇ ਅਤੇ ਡਰਦੇ ਹੋਏ ਕਾਹਲ਼ੀ ਕਾਹਲ਼ੀ

ਅੱਗੇ ਲੰਘ ਜਾਂਦੇ।

ਕਿਸ਼ਨਾ ਵੀ ਕੁੱਝ ਪੱਲ ਰੁਕਿਆ ਫਿਰ ਨੀਂਵੀ ਪਾਈ ਅੱਗੇ ਲੰਘ ਗਿਆ। ਕਾਲੀ ਨੇ ਹਾਕ ਮਾਰ ਕੇ ਉਸ ਨੂੰ ਰੋਕ ਲਿਆ ਅਤੇ ਕੁਰਸੀ ਤੋਂ ਉੱਠ ਕੇ ਉਹਦੇ ਕੋਲ਼ ਚਲੇ ਗਿਆ।

"ਕਿਸ਼ਨੇ ਭਾਅ, ਮੈਂ ਤੇਰੇ ਕੋਲ਼ੋਂ ਮਾਫੀ ਮੰਗਦਾ ਹਾਂ। ਕੱਲ ਮੈਂ ਤੇਰੀ ਗੈਰਹਾਜ਼ਰੀ ਵਿੱਚ ਤੇਰੇ ਘਰ ਚਲੇ ਗਿਆ। ਇਹ ਮੇਰੀ ਗਲਤੀ ਸੀ। ਪਰ ਮੈਂ ਬਹੁਤ ਮਜਬੂਰ ਸੀ ... ਆਪਣੀ ਪਰੇਸ਼ਾਨੀ ਦੀ ਵਜ੍ਹਾ ਕਰਕੇ। ਖੈਰ, ਤੁਸੀਂ ਮੇਰਾ ਥਾਂ ਮੈਨੂੰ ਛੇਤੀ ਹੀ ਦਿਖਾ ਦਿੱਤਾ, ਇਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।" ਕਾਲ਼ੀ ਨੇ ਹੱਥ ਜੋੜ ਦਿੱਤੇ।

ਕੋਈ ਜਵਾਬ ਦਿੱਤੇ ਬਿਨਾਂ ਹੀ ਕਿਸ਼ਨਾ ਅੱਗੇ ਤੁਰਨ ਲੱਗਾ ਤਾਂ ਕਾਲ਼ੀ ਨੇ ਉਸ ਨੂੰ ਫੇਰ ਰੋਕ ਲਿਆ, "ਤੇਰੇ ਨਾਲ਼ ਮੇਰਾ ਕੁੱਝ ਲੈਣ ਦੇਣ ਹੈ। ਉਸ ਦਾ ਫਿਕਰ ਨਾ ਕਰਨਾ। ਕੱਲੂ ਨੂੰ ਮੈਂ ਛੋਟਾ ਭਰਾ ਮੰਨਿਆ ਹੈ। ਤੇਰੀ ਘਰ ਵਾਲ਼ੀ ਨੂੰ ਭਾਬੀ ਅਤੇ ਤੇਰੇ ਨਿਆਣਿਆਂ ਨੂੰ ਭਤੀਜੇ। ਸ਼ਾਇਦ ਮੇਰੀ ਭੁੱਲ ਸੀ। ਕਸੂਰ ਮੇਰਾ ਸੀ, ਉਨ੍ਹਾਂ ਦਾ ਨਹੀਂ।"

ਕਿਸ਼ਨੇ ਨੇ ਕਾਲ਼ੀ ਵੱਲ ਧਿਆਨ ਨਾਲ਼ ਦੇਖਿਆ ਅਤੇ ਗਰਦਨ ਝੁਕਾ ਕੇ ਅੱਗੇ ਤੁਰ ਪਿਆ।

ਕਾਰਖਾਨੇ ਵਿੱਚ ਕੰਮ ਸ਼ੁਰੂ ਹੋ ਗਿਆ ਸੀ। ਕਾਲ਼ੀ ਨੇ ਹੌਜਾਂ ਅਤੇ ਦਲਾਨਾਂ ਦਾ ਚੱਕਰ ਲਾਇਆ। ਹਰ ਕਾਰੀਗਰ ਵੱਲ ਧਿਆਨ ਨਾਲ਼ ਦੇਖਿਆ ਪਰ ਕਿਹਾ ਕੁੱਝ ਨਹੀਂ। ਕਾਲ਼ੀ ਅੱਗੇ ਲੰਘ ਜਾਂਦਾ ਤਾਂ ਉਹ ਹੈਰਾਨ ਹੋ ਕੇ ਇੱਕ ਦੂਸਰੇ ਵੱਲ ਦੇਖ ਕੇ ਨਜ਼ਰਾਂ ਹੀ ਨਜ਼ਰਾਂ ਵਿੱਚ ਪੁੱਛਦੇ ਕਿ ਕਿਤੇ ਉਹ ਸੱਚੀਂ ਕਾਰਖਾਨੇ ਦਾ ਕਰਤਾ ਧਰਤਾ ਹੀ ਤਾਂ ਨਹੀਂ ਬਣ ਗਿਆ ਹੈ।

ਫੋਰਮੈਨ ਗੇਟ ਰਾਹੀਂ ਅੰਦਰ ਆਇਆ ਤਾਂ ਕਾਲ਼ੀ ਮੁਨਸ਼ੀ ਦੀ ਕੁਰਸੀ 'ਤੇ ਬੈਠਾ ਖੁੱਲੀ ਕਾਪੀ 'ਤੇ ਝੁੱਕਿਆ ਹੋਇਆ ਸੀ। ਉਸ ਨੂੰ ਦੇਖ ਕੇ ਫੋਰਮੈਨ ਖੜ੍ਹ ਗਿਆ। ਉਸ ਦਾ ਚੇਹਰਾ ਇਕਦਮ ਖਿੜ੍ਹ ਗਿਆ ਕਿ ਕਾਲ਼ੀ ਨੇ ਉਸ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਹੈ। ਇਸੇ ਕਰਕੇ ਮੁਨਸ਼ੀ ਦੀ ਕੁਰਸੀ 'ਤੇ ਡੱਟ ਕੇ ਬੈਠਾ ਹੈ। ਉਹ ਕਮਰੇ ਵਿੱਚ ਕਾਲ਼ੀ ਦੇ ਸਾਮ੍ਹਣੇ ਜਾ ਖੜ੍ਹਾ ਹੋਇਆ। ਉਸ 'ਤੇ ਨਜ਼ਰ ਪੈਂਦਿਆਂ ਹੀ ਕਾਲ਼ੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਅਤੇ ਹੱਥ ਜੋੜ, ਗਰਦਨ ਝੁਕਾ ਕੇ ਫੋਰਮੈਨ ਦਾ ਸੁਆਗਤ ਕੀਤਾ।

"ਮੈਂ ਤੁਹਾਡੀ ਹੀ ਉਡੀਕ ਕਰ ਰਿਹਾ ਸੀ।" ਕਾਲ਼ੀ ਕੁਰਸੀ ਤੋਂ ਪਰ੍ਹੇ ਹੱਟ ਗਿਆ, "ਆਉ ਬੈਠੋ।"

"ਨਹੀਂ ਬਰਖੁਰਦਾਰ, ਇਸ ਕੁਰਸੀ 'ਤੇ ਤੇਰਾ ਹੱਕ ਹੈ।" ਫੋਰਮੈਨ ਬੈਂਚ 'ਤੇ ਬੈਠ ਗਿਆ।

ਫੋਰਮੈਨ ਅਤੇ ਕਾਲ਼ੀ ਨੂੰ ਦਫਤਰ ਵਿੱਚ ਇਕੱਠਿਆਂ ਦੇਖ ਕੇ ਸਾਰਿਆਂ ਦੇ ਪਸੀਨੇ ਛੁੱਟਣ ਲੱਗੇ। ਕਿਰਪੂ ਬੇਹੱਦ ਪਰੇਸ਼ਾਨ ਸੀ ਕਿ ਕਾਲ਼ੀ ਤੋਂ ਸ਼ਿਕਾਇਤਾਂ ਸੁਣਦਿਆਂ ਹੀ ਫੋਰਮੈਨ ਉਸ ਨੂੰ ਧੱਕੇ ਦੇ ਕੇ ਕਾਰਖਾਨੇ ਤੋਂ ਬਾਹਰ ਕੱਢ ਦੇਵੇਗਾ।

ਫੋਰਮੈਨ ਵੱਲ ਝੁਕ ਕੇ ਕਾਲ਼ੀ ਨੇ ਕਾਪੀ ਉਸ ਦੇ ਸਾਮ੍ਹਣੇ ਖੋਲ੍ਹ ਦਿੱਤੀ ਅਤੇ ਉਸ

ਨੂੰ ਸਵੇਰ ਤੱਕ ਦਾ ਪੂਰਾ ਹਿਸਾਬ ਦੱਸਿਆ। ਫਿਰ ਉਸ ਨੇ ਸੰਦੂਕੜੀ ਖੋਲ੍ਹ ਕੇ ਰੁਪਏ, ਆਨੇ, ਪੈਸੇ ਤੱਕ ਗਿਣ ਦਿੱਤੇ।

"ਕਾਲ਼ੀਦਾਸ ਇਹ ਕੀ ਕਰ ਰਿਹਾਂ। ਕੋਈ ਬੇਇਤਬਾਰੀ ਥੋੜ੍ਹੋ ਹੈ ?" ਪਿਆਰ ਨਾਲ਼ ਉਲ੍ਹਮਾ ਦੇ ਕੇ ਫੋਰਮੈਨ ਉੱਠ ਖੜ੍ਹਾ ਹੋਇਆ।

"ਫੋਰਮੈਨ ਜੀ, ਇੱਕ ਮਿੰਟ ਹੋਰ ਬੈਠੋ। ਮੇਰੀ ਗੱਲ ਅਜੇ ਖਤਮ ਨਹੀਂ ਹੋਈ।" ਕਾਲ਼ੀ ਨੇ ਹੱਥ ਦੇ ਇਸ਼ਾਰੇ ਨਾਲ਼ ਉਸ ਨੂੰ ਬੈਠੇ ਰਹਿਣ ਲਈ ਜ਼ੋਰ ਦਿੱਤਾ।

ਫੋਰਮੈਨ ਬੈਂਚ 'ਤੇ ਬੈਠਾ ਹੈਰਾਨ ਹੋਇਆ ਕਾਲ਼ੀ ਵੱਲ ਦੇਖਣ ਲੱਗਾ, "ਕੀ ਗੱਲ ਹੈ ?"

"ਫੋਰਮੈਨ ਜੀ, ਮੈਂ ਇਸ ਮਹੀਨੇ ਕੱਲ ਤੱਕ ਕੰਮ ਕੀਤਾ ਹੈ। ਦੋ ਰੁਪਏ ਦਿਹਾੜੀ ਦੇ ਹਿਸਾਬ ਨਾਲ਼ ਮੇਰੀ ਮਿਹਨਤ ਚਾਲ੍ਹੀ ਰੁਪਏ ਬਣਦੀ ਹੈ। ਛੇ ਆਨੇ ਮੇਰਾ ਬਕਾਇਆ ਹੈ।" ਕਾਲ਼ੀ ਨੇ ਆਪਣੇ ਹਿਸਾਬ ਦਾ ਖੁਲਾਸਾ ਕੀਤਾ।

"ਤੈਨੂੰ ਪੇਸ਼ਗੀ ਚਾਹੀਦੀ ਹੈ ਤਾਂ ਦੋ-ਚਾਰ ਸੌ ਰੁਪਏ ਮੈਂ ਦੇ ਦੇਊਂਗਾ। ਬਾਅਦ ਵਿੱਚ ਹਿਸਾਬ ਕਿਤਾਬ ਹੁੰਦਾ ਰਹੇਗਾ।" ਫੋਰਮੈਨ ਨੇ ਖੁੱਲ੍ਹੇ ਦਿਲ ਨਾਲ਼ ਕਾਲ਼ੀ ਨੂੰ ਵਿਸ਼ਵਾਸ ਦੁਆਇਆ ਕਿਉਂਕਿ ਉਸ ਦੇ ਕੰਨਾਂ ਵਿੱਚ ਤਾਂ ਬੈਂਡ ਵੱਜਣ ਲੱਗ ਪਏ ਸਨ।

"ਫੋਰਮੈਨ ਜੀ, ਪੇਸ਼ਗੀ ਲੈਣ ਦੀ ਗੱਲ ਨਹੀਂ ਹੈ, ਮੈਂ ਆਪਣਾ ਹਿਸਾਬ ਕਿਤਾਬ ਕਰਨਾ ਚਾਹੁੰਦਾ ਹਾਂ।"

"ਕੀ ਮਤਲਬ ?" ਫੋਰਮੈਨ ਹੈਰਾਨ ਰਹਿ ਗਿਆ।

"ਮੇਰਾ ਅੰਨਜਲ ਇਸ ਕਾਰਖਾਨੇ ਵਿੱਚ ਖਤਮ ਹੋ ਗਿਆ ਹੈ। ਏਦਾਂ ਸਮਝ ਲਉ, ਕਿ ਹਾਲਾਤ ਨੇ ਖਤਮ ਕਰਾ ਦਿੱਤਾ।" ਕਾਲ਼ੀ ਨੇ ਕਾਪੀ, ਸੰਦੂਕੜੀ ਅਤੇ ਅਲਮਾਰੀ ਦੀ ਕੁੰਜੀ ਫੋਰਮੈਨ ਵੱਲ ਖਿਸਕਾ ਦਿੱਤੀ।

ਫੋਰਮੈਨ ਕੁੱਝ ਪੱਲ ਬੁੱਤ ਬਣਿਆ ਕਾਲ਼ੀ ਵੱਲ ਦੇਖਦਾ ਰਿਹਾ। ਹੌਲ਼ੀ ਹੌਲ਼ੀ ਉਹ ਪੂਰੀ ਸਥਿਤੀ ਨੂੰ ਸਮਝ ਗਿਆ। ਉਸ ਨੇ ਕਾਲ਼ੀ ਵੱਲ ਦੇਖਿਆ, "ਤਾਂ ਤੈਨੂੰ ਦੇਸੀ ਘਿਉ ਦੀ ਚੂਰੀ ਅਤੇ ਘਿਉ ਵਾਲ਼ਾ ਦੁੱਧ ਹਜ਼ਮ ਨਹੀਂ ਹੋਇਆ।"

"ਫੋਰਮੈਨ ਜੀ, ਗਰੀਬ ਆਦਮੀ ਦਾ ਹਾਜ਼ਮਾ ਤਾਂ ਬਹੁਤ ਮਜਬੂਤ ਹੁੰਦਾ ਹੈ। ਜੇ ਘਿਉ ਅਤੇ ਦੁੱਧ ਵਿੱਚ ਖੋਟ ਹੋਵੇ ਤਾਂ ਉਸ ਨੂੰ ਕਿਵੇਂ ਪਚਾਇਆ ਜਾ ਸਕਦਾ ਹੈ।"

ਫੋਰਮੈਨ ਭੜਕ ਉੱਠਿਆ। ਉਹ ਇਕਦਮ ਬੈਂਚ ਤੋਂ ਉੱਛਲਿਆ ਪਰ ਫਿਰ ਬੈਠ ਗਿਆ। ਉਹ ਹੁੱਕੇ ਦੇ ਤੇਜ਼ ਤੇਜ਼ ਕਸ਼ ਲੈਂਦਾ ਰਿਹਾ ਜਿਵੇਂ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਨੇ ਕਾਲ਼ੀ ਵੱਲ ਝਾਕਿਆ, "ਤਾਂ ਤੂੰ ਫੈਸਲਾ ਕਰ ਲਿਆ ?"

"ਜੀ, ਫੋਰਮੈਨ ਜੀ, ਮੇਰੇ ਲਈ ਹੋਰ ਕੋਈ ਰਸਤਾ ਨਹੀਂ ਰਿਹਾ।" ਕਾਲ਼ੀ ਨੇ ਬਹੁਤ ਸੰਕੋਚ ਨਾਲ਼ ਜਵਾਬ ਦਿੱਤਾ।

"ਖੈਰ, ਤੇਰੀ ਮਰਜ਼ੀ ਹੈ। ਮੈਂ ਤਾਂ ਦੂਹਰਾ ਫਾਇਦਾ ਸੋਚਿਆ ਸੀ। ਦੋਨੋ ਹੋ ਜਾਂਦੇ ਤਾਂ ਕਿੰਨਾ ਚੰਗਾ ਹੁੰਦਾ। ਇੱਕ ਤਾਂ ਹੋਣਾ ਹੀ ਸੀ।" ਫੋਰਮੈਨ ਬੈਂਚ ਤੋਂ ਉੱਠ ਖੜ੍ਹਾ ਹੋਇਆ।

"ਫੋਰਮੈਨ ਜੀ, ਇਸ ਮਹੀਨੇ ਦੀ ਮੇਰੀ ਮਿਹਨਤ ?"

"ਇਸ ਦਾ ਫੈਸਲਾ ਤਾਂ ਮੁਨਸ਼ੀ ਦੇ ਆਉਣ 'ਤੇ ਹੀ ਹੋਵੇਗਾ। ਪੇਸ਼ਗੀ ਰਕਮ ਦਾ ਹਿਸਾਬ ਅਤੇ ਪੱਕੇ ਕਾਗਜ਼ 'ਤੇ ਅੰਗੂਠੇ ਉਸ ਦੇ ਕੋਲ਼ ਹਨ।" ਫੋਰਮੈਨ ਹੁੱਕਾ ਸੰਭਾਲ ਕੇ ਉੱਠ ਗਿਆ।

"ਫੋਰਮੈਨ ਜੀ, ਤੁਹਾਡੀ ਮਰਜ਼ੀ ਹੈ। ਤੁਹਾਨੂੰ ਪਤਾ ਹੀ ਹੈ ਕਿ ਮੈਂ ਨਾ ਤਾਂ ਕਦੀ ਪੇਸ਼ਗੀ ਰਕਮ ਲਈ ਹੈ ਅਤੇ ਨਾ ਹੀ ਪੱਕੇ ਕਾਗਜ਼ 'ਤੇ ਦਸਤਖਤ ਕੀਤੇ ਹਨ। ਮੁਨਸ਼ੀ ਜੀ ਨੇ ਇੱਕ ਵਾਰ ਪੁੱਛਿਆ ਤਾਂ ਸੀ ਪਰ ਮੈਂ ਇਨਕਾਰ ਕਰ ਦਿੱਤਾ ਸੀ।" ਕਾਲ਼ੀ ਨੇ ਦੱਸਿਆ।

"ਤੇਰੀਆਂ ਸਾਰੀਆਂ ਗੱਲਾਂ ਠੀਕ ਹੋਣਗੀਆਂ। ਪਰ ਕਾਇਦੇ ਦੇ ਮੁਤਾਬਕ ਮਿਹਨਤ ਹਰ ਮਹੀਨੇ ਦੀ ਦਸ ਤਰੀਕ ਨੂੰ ਹੀ ਮਿਲ਼ਦੀ ਹੈ। ਅਗਲੇ ਮਹੀਨੇ ਦੀ ਦਸ ਤਰੀਕ ਨੂੰ ਆ ਜਾਂਈਂ ਅਤੇ ਆਪਣਾ ਹਿਸਾਬ ਕਰ ਲੈਣਾ।" ਫੋਰਮੈਨ ਨੇ ਫੈਸਲਾ ਸੁਣਾਇਆ।

"ਤੁਹਾਡੀ ਮਰਜ਼ੀ ਹੈ।" ਨਿਰਾਸ਼ ਹੋ ਕੇ ਕਾਲ਼ੀ ਦੀ ਅਵਾਜ਼ ਬੁੱਝ ਗਈ।

ਹੌਜਾਂ ਅਤੇ ਦਲਾਨਾਂ ਵਿੱਚ ਲੋਕ ਸਾਹ ਰੋਕੀ ਲਗਾਤਾਰ ਦਫਤਰ 'ਤੇ ਨਿਗਾਹਾਂ ਟਿਕਾਈ ਬੈਠੇ ਸਨ। ਫੋਰਮੈਨ ਅਤੇ ਕਾਲ਼ੀ ਦੀ ਗੱਲ ਬਾਤ ਉਨ੍ਹਾਂ ਦੇ ਕੰਨਾਂ ਤੱਕ ਪਹੁੰਚ ਨਹੀਂ ਰਹੀ ਸੀ। ਉਹ ਹੋਰ ਵੀ ਜ਼ਿਆਦਾ ਡਰ ਗਏ ਸਨ।

ਦਫਤਰ ਵਿੱਚੋਂ ਫੋਰਮੈਨ ਅਤੇ ਕਾਲ਼ੀ ਇੱਕ ਦੂਸਰੇ ਦੇ ਅੱਗੇ ਪਿੱਛੇ ਹੀ ਨਿਕਲ਼ੇ। ਪਰ ਉਹ ਵੱਖਰੇ ਵੱਖਰੇ ਪਾਸਿਆਂ ਨੂੰ ਚਲੇ ਗਏ। ਕਾਰੀਗਰਾਂ ਨੂੰ ਹੌਜਾਂ ਅਤੇ ਦਲਾਨਾਂ ਵਿੱਚ ਖੜ੍ਹੇ ਦੇਖ ਕੇ ਫੋਰਮੈਨ ਭੜਕ ਉੱਠਿਆ, "ਉਏ, ਆਪਣੀ ਮਾਂ ਦਿਉ ਖਸਮੋ, ਕੁੱਤੇ ਦੇ ਪੁੱਤੋ ! ਕੋਈ ਤਮਾਸ਼ਾ ਹੋ ਰਿਹਾ ਹੈ ਜਿਹੜੇ ਹੱਥ 'ਤੇ ਹੱਥ ਧਰੀ ਅਰਾਮ ਨਾਲ਼ ਖੜ੍ਹੇ ਆਂ ? ਚਲੋ ਆਪਣੇ ਆਪਣੇ ਕੰਮ 'ਤੇ, ਨਹੀਂ ਤਾਂ ਸਾਰਿਆਂ ਦੀ ਖੱਲ ਲਾਹ ਦੇਵਾਂਗਾ।"

ਆਪਣੀ ਮੰਜੀ 'ਤੇ ਬੈਠਦਿਆਂ ਫੋਰਮੈਨ ਨੂੰ ਮਹਿਸੂਸ ਹੋਇਆ ਕਿ ਆਪਣੇ ਕਰਿੰਦਿਆਂ 'ਤੇ ਉਸ ਦੀ ਪਕੜ ਦੁਆਰਾ ਮਜ਼ਬੂਤ ਹੋ ਗਈ ਹੈ। ਉਸ ਨੇ ਅਰਾਮ ਨਾਲ਼ ਹੁੱਕੇ ਦੇ ਲੰਮੇ ਲੰਮੇ ਸੂਟੇ ਲਏ। ਫਿਰ ਤਹਿਮਤ ਦੇ ਇੱਕ ਸਿਰੇ ਨੂੰ ਸੱਜੇ ਹੱਥ ਦੀਆਂ ਦੋ ਉਂਗਲੀਆਂ ਨਾਲ਼ ਫੜੀ ਹੌਜਾਂ ਅਤੇ ਦਲਾਨਾਂ ਦਾ ਚੱਕਰ ਲਾ ਕੇ ਆਪਣੇ ਦਬਦਬਾ ਦਾ ਜਾਇਜ਼ਾ ਲਿਆ।

ਕਾਲ਼ੀ ਸਿੱਧਾ ਸੇਠ ਰਾਮ ਪ੍ਰਕਾਸ਼ ਦੇ ਦਫਤਰ ਚਲਾ ਗਿਆ। ਉੱਥੇ ਖਮੋਸ਼ੀ ਛਾਈ ਹੋਈ ਸੀ। ਕਾਲ਼ੀ ਨਿਰਾਸ਼ ਹੋ ਗਿਆ। ਪਰ ਇੱਕ ਆਦਮੀ ਨੂੰ ਚੁਬਾਰੇ ਤੋਂ ਥੱਲੇ ਆਉਂਦਿਆਂ ਦੇਖ ਕੇ ਕਾਲ਼ੀ ਨੂੰ ਹੌਸਲਾ ਹੋ ਗਿਆ।

"ਸੇਠ ਰਾਮ ਪ੍ਰਕਾਸ਼ ਨੂੰ ਮਿਲ਼ਣਾ ਸੀ।" ਕਾਲ਼ੀ ਦੇ ਹੱਥ ਆਪਣੇ ਆਪ ਜੁੜ ਗਏ।

"ਸੇਠ ਸਾਹਿਬ ਤਾਂ ਦਿੱਲੀ ਗਏ ਹੋਏ ਹਨ। ਪੰਜਾਂ ਸੱਤਾਂ ਦਿਨਾਂ ਬਾਅਦ ਮੁੜਣਗੇ। ਜੇ ਅੱਗੇ ਆਗਰੇ ਵੱਲ ਚਲੇ ਗਏ ਤਾਂ ਆਉਣ ਨੂੰ ਹੋਰ ਵੀ ਦਿਨ ਲੱਗ ਸਕਦੇ ਹਨ।"

ਕਾਲ਼ੀ ਦਾ ਰੰਗ ਪੀਲਾ ਪੈ ਗਿਆ ਅਤੇ ਲੱਤਾਂ ਲੜਖੜਾਉਣ ਲੱਗੀਆਂ ਜਿਵੇਂ ਸ਼ਹਿਰ ਵਿੱਚ ਉਸ ਦਾ ਸਭ ਤੋਂ ਬੜਾ ਅਤੇ ਮਜ਼ਬੂਤ ਸਹਾਰਾ ਵੀ ਟੁੱਟ ਗਿਆ ਹੋਵੇ। ਪਰ ਉਸ ਨੇ ਆਪਣੇ ਆਪ ਨੂੰ ਸੰਭਾਲਣ ਲਈ ਤਿਣਕੇ ਦਾ ਸਹਾਰਾ ਲੈਣ ਬਾਰੇ ਸੋਚਿਆ। "ਮਾਲੀਰਾਮ

ਕਿੱਥੇ ਮਿਲ ਸਕਦਾ ਹੈ?"

"ਜਦ ਲੀਡਰ ਬਾਹਰ ਗਏ ਹੋਏ ਹੋਣ ਤਾਂ ਚਮਚੇ ਵੀ ਗਾਇਬ ਹੋ ਜਾਂਦੇ ਹਨ।" ਉਹ ਹੱਸਿਆ, "ਜਦ ਗੁੜ ਹੀ ਨਹੀਂ ਹੈ ਤਾਂ ਮੱਖੀਆਂ ਕਿਉਂ ਆਉਣਗੀਆਂ।"

ਕਾਲ਼ੀ ਬਹੁਤ ਉਦਾਸ ਸੀ। ਉਸ ਦੀ ਸਮਝ ਵਿੱਚ ਕੁੱਝ ਨਹੀਂ ਆ ਰਿਹਾ ਸੀ। ਉਸ ਦਾ ਦਿਲ ਕੀਤਾ ਕਿ ਫੈਂਟਨਗੰਜ ਮੰਡੀ ਵਿੱਚ ਆਪਣੇ ਪੁਰਾਣੇ ਸਾਥੀਆਂ ਕੋਲ਼ ਚਲਾ ਜਾਵੇ। ਪਰ ਕਿਸ਼ਨੇ ਦਾ ਖਿਆਲ ਆਉਂਦਿਆਂ ਹੀ ਉਹ ਸਹਿਮ ਗਿਆ। ਉਹ ਭਾਵੇਂ ਲੱਖ ਸੱਚਾ ਹੋਵੇ ਪਰ ਲੋਕ ਉਸ ਦੀ ਗੱਲ ਦਾ ਵਿਸ਼ਵਾਸ ਨਹੀਂ ਕਰਨਗੇ।

ਸੇਠ ਰਾਮ ਪ੍ਰਕਾਸ਼ ਦੇ ਦਫਤਰ ਦੇ ਕੋਲ਼ ਹੀ ਇੱਕ ਦਰੱਖਤ ਦੇ ਨੇੜੇ, ਨਕੋਦਰ ਸੜਕ 'ਤੇ ਆਉਂਦੇ ਜਾਂਦੇ ਤਾਂਗੇ ਖੜ੍ਹਦੇ ਸਨ। ਹੌਲ਼ੀ ਹੌਲ਼ੀ ਤੁਰਦਾ ਕਾਲ਼ੀ ਉੱਥੇ ਪਹੁੰਚ ਗਿਆ। ਉਸ ਨੇ ਦਰੱਖਤ ਦੇ ਦੁਆਲ਼ੇ ਬਣੇ ਕੱਚੇ ਗੋਲ਼ ਥੜ੍ਹੇ 'ਤੇ ਸਾਫ ਥਾਂ ਦੇਖ ਕੇ ਥਾਂ ਮੱਲ ਲਿਆ। ਉਹ ਦਰੱਖਤ ਦੇ ਤਣੇ ਨਾਲ਼ ਪਿੱਠ ਲਾ ਕੇ ਅਤੇ ਆਪਣਾ ਸਮਾਨ ਲੱਤਾਂ ਥੱਲੇ ਘੁੱਟ ਕੇ ਬੈਠ ਗਿਆ।

ਦਿਨ ਚੜ੍ਹਨ ਦੇ ਨਾਲ਼ ਨਾਲ਼ ਸੜਕ ਉੱਤੇ ਲੋਕਾਂ ਦਾ ਆਉਣ ਜਾਣ ਵੱਧ ਰਿਹਾ ਸੀ ਅਤੇ ਨਾਲ਼ ਹੀ ਕਾਲ਼ੀ ਦੀ ਪਰੇਸ਼ਾਨੀ ਵੀ ਵੱਧ ਰਹੀ ਸੀ। ਉਸ 'ਤੇ ਇੱਕ ਵਾਰ ਫਿਰ ਉਹ ਹੀ ਮੁਸੀਬਤ ਆ ਪਈ ਸੀ ਜਿਸ ਦਾ ਸਾਮ੍ਹਣਾ ਉਸ ਨੂੰ ਇਸ ਸ਼ਹਿਰ ਵਿੱਚ ਆਉਣ ਸਮੇਂ ਕਰਨਾ ਪਿਆ ਸੀ। ਪੁਰਾਣੇ ਸਾਥੀਆਂ ਬਾਰੇ ਸੋਚ ਕੇ ਮਨ ਵਿੱਚ ਪੈਦਾ ਹੁੰਦੀਆਂ ਖੁਸ਼ ਫਹਿਮੀਆਂ ਛੇਤੀ ਹੀ ਦਮ ਤੋੜ ਦਿੰਦੀਆਂ ਤੇ ਉਹ ਉਦਾਸੀ ਦਾ ਸ਼ਿਕਾਰ ਹੋ ਕੇ ਬੁਰੀ ਤਰ੍ਹਾਂ ਦਿਲ ਛੱਡ ਦਿੰਦਾ।

ਕਾਲ਼ੀ ਸ਼ਸ਼ੋਪੰਜ ਵਿੱਚ ਫਸਿਆ ਬੇਯਕੀਨੀ ਦੀ ਦਲਦਲ ਵਿੱਚੋਂ ਨਿਕਲ਼ਣ ਦੀ ਜਿੰਨੀ ਵੀ ਕੋਸ਼ਿਸ਼ ਕਰਦਾ ਉਹ ਉਨਾ ਹੀ ਹੋਰ ਜ਼ਿਆਦਾ ਉਸ ਵਿੱਚ ਡੂੰਘਾ ਧੱਸ ਜਾਂਦਾ। ਉਸ ਦੀ ਇਹ ਹਾਲਤ ਹੋ ਗਈ ਸੀ ਕਿ ਉਹਦੇ ਲਈ ਕੁੱਝ ਸੋਚਣਾ ਵੀ ਮੁਸ਼ਕਲ ਹੋ ਗਿਆ ਸੀ। ਤੰਗ ਆ ਕੇ ਕਾਲ਼ੀ ਨੇ ਅੱਖਾਂ ਬੰਦ ਕਰ ਲਈਆਂ ਅਤੇ ਦਰੱਖਤ ਦੇ ਤਣੇ ਨਾਲ਼ ਢਾਸਣਾ ਲਾ ਕੇ ਨਿਢਾਲ ਜਿਹਾ ਅਧਲੇਟਿਆ ਹੋ ਗਿਆ।

ਸੜਕ ਦੇ ਕੰਢੇ ਇੱਕ ਤਾਂਗਾ ਆ ਖੜ੍ਹਿਆ ਅਤੇ ਉਸ ਵਿੱਚ ਬੈਠੀ ਇੱਕ ਸਵਾਰੀ ਨੇ ਪਹਿਲਾਂ ਸਰਸਰੀ ਜਿਹਾ ਦਰੱਖਤ ਵੱਲ ਦੇਖਿਆ। ਫਿਰ ਉਹ ਸਵਾਰੀ ਦਰੱਖਤ ਨਾਲ਼ ਲੱਗ ਕੇ ਪਏ ਕਾਲ਼ੀ ਵੱਲ ਧਿਆਨ ਨਾਲ਼ ਦੇਖਣ ਲੱਗੀ।

"ਲਗਦਾ ਤਾਂ ਉਹ ਹੀ ਹੈ। ਮੂੰਹ ਮੱਥਾ ਤਾਂ ਉਸ ਵਰਗਾ ਹੀ ਲਗਦਾ ਹੈ।" ਨੰਦ ਸਿੰਘ ਬੁੜਬੜਾਇਆ ਅਤੇ ਫਿਰ ਤਾਂਗੇ ਵਿੱਚ ਬੈਠੇ ਬੈਠੇ ਨੇ ਕਾਲ਼ੀ ਨੂੰ ਹਾਕ ਮਾਰੀ।

ਕਾਲ਼ੀ ਊਂਘ ਰਿਹਾ ਸੀ। ਹਾਕ ਸੁਣ ਕੇ ਉਹ ਚੌਂਕ ਗਿਆ ਅਤੇ ਸੋਚਣ ਲੱਗਾ ਕਿ ਸ਼ਾਇਦ ਕਿਸੇ ਨੇ ਉਸ ਨੂੰ ਬੁਲਾਇਆ ਹੈ। ਅੱਖਾਂ ਪਾੜ ਪਾੜ ਕੇ ਉਹ ਚਾਰੇ ਪਾਸੇ ਦੇਖਣ ਲੱਗਾ ਤਾਂ ਕਿ ਪਤਾ ਲੱਗ ਸਕੇ ਕਿ ਉਸ ਦਾ ਨਾਂ ਲੈ ਕੇ ਕਿਸ ਨੇ ਹਾਕ ਮਾਰੀ ਹੈ।

"ਹੈ ਤਾਂ ਉਹ ਹੀ।" ਕਾਲ਼ੀ ਨੂੰ ਚੰਗੀ ਤਰ੍ਹਾਂ ਪਛਾਣ ਕੇ ਨੰਦ ਸਿੰਘ ਦੀ ਚੀਕ ਨਿਕਲ਼ ਗਈ। ਉਸ ਨੇ ਤਾਂਗੇ ਵਾਲ਼ੇ ਨੂੰ ਹਾਕ ਮਾਰੀ, "ਭਾਈ ਰੋਕ ਦੇ। ਮੈਨੂੰ ਇਥੇ ਹੀ ਉਤਾਰ ਦੇ।"

ਨੰਦ ਸਿੰਘ ਲੋਕਾਂ ਦੇ ਪੈਰਾਂ ਵਿੱਚ ਫਸਿਆ ਬੈਠਾ ਸੀ। ਉੱਥੋਂ ਉੱਠਣ ਲਈ ਉਸ ਨੇ ਕਿਸੇ ਦਾ ਮੋਢਾ ਤੇ ਕਿਸੇ ਸਵਾਰੀ ਦੇ ਸਿਰ ਦਾ ਸਹਾਰਾ ਲਿਆ।

"ਭਰਾ, ਸਬਰ ਨਾਲ਼ ਬੈਠਾ ਰਹਿ। ਸੌ-ਦੋ ਸੌ ਕਦਮ 'ਤੇ ਤਾਂ ਅੱਡਾ ਹੈ। ਪਹਿਲਾਂ ਤੂੰ ਸੁੱਤਾ ਪਿਆ ਸੀ।"

"ਹੁਣ ਸਬਰ ਕਰ, ਸਾਰੇ ਇਕੋ ਵਾਰ ਅਰਾਮ ਨਾਲ਼ ਉੱਤਰਣਗੇ। ਅੱਡਾ ਆ ਲੈਣ ਦੇ।" ਇੱਕ ਹੋਰ ਸਵਾਰੀ ਨੇ ਨੰਦ ਸਿੰਘ ਨੂੰ ਸਮਝਾਇਆ।

"ਨਾ ਭਾਈ, ਮੈਂ ਤਾਂ ਇੱਥੇ ਹੀ ਉੱਤਰਨਾ ਹੈ। ਨਹੀਂ ਤਾਂ ਮੇਰਾ ਆਦਮੀ ਫਿਰ ਦੌੜ ਜਾਏਗਾ।" ਨੰਦ ਸਿੰਘ ਨੇ ਉੱਠਣ ਲਈ ਚਾਰੇ ਪਾਸੇ ਹੱਥ ਪਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਘਰੋਂ ਦੌੜਿਆ ਹੋਇਆ ਹੈ ?" ਇੱਕ ਸਵਾਰੀ ਨੇ ਮੂੰਹ ਉਸ ਵੱਲ ਘੁਮਾ ਕੇ ਪੁੱਛਿਆ।

"ਹਾਂ ਜੀ, ਇੱਕ ਸਾਲ ਤੋਂ ਜ਼ਿਆਦਾ ਹੋ ਗਿਆ ਹੈ। ਅੱਜ ਪਹਿਲੀ ਵਾਰ ਦਿਸਿਆ ਹੈ।" ਨੰਦ ਸਿੰਘ ਨੇ ਤਾਂਗੇ ਦੀ ਬਾਂਕ ਤੋਂ ਥੱਲੇ ਛਾਲ ਮਾਰ ਦਿੱਤੀ ਕਿਉਂਕਿ ਪਾਏਦਾਨ ਦੇ ਕੋਲ਼ ਦੋ ਸਵਾਰੀਆਂ ਫਸ ਕੇ ਬੈਠੀਆਂ ਸਨ। ਉਸ ਨੇ ਲੋਕਾਂ ਦੇ ਪੈਰਾਂ ਥੱਲੇ ਫਸੀ ਆਪਣੀ ਚਾਦਰ ਨੂੰ ਜ਼ੋਰ ਨਾਲ਼ ਖਿੱਚਿਆ। ਚਾਦਰ ਨਿਕਲ ਤਾਂ ਆਈ ਪਰ ਇੱਕ ਪਾਸਿਉਂ ਪਾਟ ਗਈ।

"ਇਹਨੂੰ ਬਹੁਤੀ ਹੀ ਕਾਹਲ਼ੀ ਹੈ।" ਤਾਂਗੇ ਵਾਲ਼ੇ ਨੇ ਦੋ-ਫਾੜ ਹੋਈ ਚਾਦਰ ਨੂੰ ਦੇਖਦਿਆਂ ਕਿਹਾ।

ਤਾਂਗੇ ਵਾਲ਼ੇ ਨੂੰ ਪੈਸੇ ਦੇ ਕੇ ਨੰਦ ਸਿੰਘ ਦਰੱਖਤ ਵੱਲ ਨੂੰ ਦੌੜ ਪਿਆ। ਜਦ ਉਹ ਨੇੜੇ ਪਹੁੰਚਿਆ ਤਾਂ ਕਾਲ਼ੀ ਨੇ ਉਸ ਨੂੰ ਪਛਾਣ ਲਿਆ। ਉਹਦਾ ਸਾਹ ਬੰਦ ਹੋ ਗਿਆ ਅਤੇ ਅੱਖਾਂ ਮੋਹਰੇ ਹਨੇਰਾ ਛਾ ਗਿਆ। ਡਰ ਦੇ ਮਾਰੇ ਕਾਲ਼ੀ ਨੂੰ ਕੰਬਣੀ ਛਿੜ ਗਈ ਅਤੇ ਘਿੱਗੀ ਬੱਝ ਗਈ। ਉਹ ਆਪਣਾ ਸਮਾਨ ਉੱਥੇ ਹੀ ਛੱਡ ਕੇ ਦੌੜ ਪਿਆ ਪਰ ਨੰਦ ਸਿੰਘ ਨੇ ਦੌੜ ਕੇ ਉਸ ਨੂੰ ਬਾਂਹ ਤੋਂ ਫੜ ਲਿਆ ਅਤੇ ਉਸ ਦੇ ਮੂੰਹ 'ਚੋਂ ਚੀਕ ਨਿਕਲ ਗਈ, "ਤੂੰ ਕਾਲ਼ੀ ਹੈ ਨਾ ?"

ਕਾਲ਼ੀ ਦੀਆਂ ਅੱਖਾਂ ਚੌੜੀਆਂ ਹੋ ਗਈਆਂ ਅਤੇ ਮੂੰਹ ਪੀਲਾ ਪੈ ਗਿਆ। ਹੱਥ ਪੈਰ ਕੰਬ ਰਹੇ ਸਨ ਅਤੇ ਜ਼ੁਬਾਨ ਜਿਵੇਂ ਗੂੰਗੀ ਹੋ ਗਈ ਹੋਵੇ। ਜਵਾਬ ਵਿੱਚ ਉਹ ਸਿਰਫ ਆਪਣਾ ਸਿਰ ਹੀ ਹਿਲਾ ਸਕਿਆ।

"ਕਾਲ਼ੀ ਤੂੰ ਮਰਿਆ ਨਹੀਂ ਸੀ ?" ਨੰਦ ਸਿੰਘ ਦੇ ਮੂੰਹੋ ਇੱਕ ਵਾਰ ਫਿਰ ਚੀਕ ਨਿਕਲ਼ ਗਈ।

ਕਾਲ਼ੀ ਕੁੱਝ ਨਾ ਬੋਲ ਸਕਿਆ। ਇੱਕ ਵਾਰ ਫਿਰ ਹਾਂ ਵਿੱਚ ਸਿਰ ਹਿਲਾ ਦਿੱਤਾ।

"ਤੂੰ ਜੀਂਦਾ ਹੀ ਆਂ ?" ਨੰਦ ਸਿੰਘ ਆਪਣਾ ਹੱਥ ਉਸ ਦੇ ਸਰੀਰ 'ਤੇ ਫੇਰਨ ਲੱਗਾ ਤਾਂ ਕਿ ਉਸ ਦੇ ਸਰੀਰ ਦੀ ਹਰਕਤ ਨੂੰ ਮਹਿਸੂਸ ਕਰ ਸਕੇ।

ਕਾਲ਼ੀ ਨੇ ਜ਼ੋਰ ਜ਼ੋਰ ਨਾਲ਼ ਸਿਰ ਹਿਲਾਇਆ, "ਹਾਂ ਚਾਚਾ।"

"ਸ਼ੁਕਰ ਹੈ ਰੱਬ ਦਾ। ਪਿੰਡ ਵਾਲਿਆਂ ਨੇ ਤਾਂ ਤੈਨੂੰ ਮਾਰ ਹੀ ਦਿੱਤਾ ਹੈ।" ਨੰਦ ਸਿੰਘ

ਲਗਾਤਾਰ ਕਾਲ਼ੀ ਦੇ ਮੂੰਹ, ਸਿਰ ਅਤੇ ਮੋਢਿਆਂ 'ਤੇ ਹੱਥ ਫੇਰ ਰਿਹਾ ਸੀ ਤਾਂ ਕਿ ਆਪਣਾ ਸ਼ੱਕ ਪੱਕਾ ਕਰ ਸਕੇ।

ਕਾਲ਼ੀ ਹੁਣ ਥੋੜ੍ਹਾ ਹੋਸ਼ ਵਿੱਚ ਆਉਣ ਲੱਗਾ ਅਤੇ ਉਸ ਦੀ ਸੋਚਣ ਸ਼ਕਤੀ ਵੀ ਠੀਕ ਹੋਣ ਲੱਗੀ। ਉਸ ਨੇ ਨੰਦ ਸਿੰਘ ਵੱਲ ਦੇਖਿਆ ਅਤੇ ਨੀਵੀਂ ਪਾ ਲਈ।

"ਕਾਲ਼ੀ, ਪਿੰਡ ਵਾਲਿਆਂ ਨੇ ਤਾਂ ਤੈਨੂੰ ਮਰਿਆ ਸਮਝਿਆ ਹੋਇਆ ਹੈ। ਇੱਕ ਵਾਰ ਖ਼ਬਰ ਫੈਲੀ ਸੀ ਕਿ ਤੂੰ ਪੰਡੋਰੀ ਦੇ ਬਾਹਰ ਛੱਪੜ ਦੇ ਕੰਢੇ ਅੰਨ੍ਹੇ ਖੂਹ ਵਿੱਚ ਡਿੱਗ ਕੇ ਮਰ ਗਿਆ ਹੈਂ। ... ਫਿਰ ਖ਼ਬਰ ਆਈ ਕਿ ਉਹ ਲਾਸ਼ ਤਾਂ ਇੱਕ ਮੰਗਤੇ ਦੀ ਸੀ। ਤੇਰੀ ਲਾਸ਼ ਸਨੌਰੇ ਦੇ ਰੇਲਵੇ ਸਟੇਸ਼ਨ ਕੋਲ਼ੋਂ ਮਿਲ਼ੀ ਸੀ। ...ਸ਼ੁਕਰ ਹੈ ਰੱਬ ਦਾ ਤੂੰ ਜੀਂਦਾ ਹੈ ਅਤੇ ਠੀਕ ਠਾਕ ਹੈਂ।" ਕਾਲੀ ਦੇ ਸਿਰ 'ਤੇ ਹੱਥ ਫੇਰ ਕੇ ਨੰਦ ਸਿੰਘ ਉਸ ਨੂੰ ਦੁਲਾਰਦਾ ਰਿਹਾ।

ਜਦ ਕਾਲ਼ੀ ਦੇ ਹੋਸ਼ ਚੰਗੀ ਤਰ੍ਹਾਂ ਠੀਕ ਹੋ ਗਏ ਅਤੇ ਸੁਰਤ ਪੂਰੀ ਤਰ੍ਹਾਂ ਕਾਇਮ ਹੋ ਗਈ ਤਾਂ ਪਿੰਡ ਬਾਰੇ ਉਸ ਦੇ ਮਨ ਵਿੱਚ ਬਹੁਤ ਸਾਰੇ ਸਵਾਲ਼ ਪੈਦਾ ਹੋ ਗਏ। ਸਭ ਤੋਂ ਪਹਿਲਾ ਅਤੇ ਬੜਾ ਸਵਾਲ਼ ਗਿਆਨੋ ਬਾਰੇ ਸੀ। ਪਰ ਉਸ ਨੂੰ ਉਹ ਜ਼ੁਬਾਨ 'ਤੇ ਨਹੀਂ ਲਿਆ ਸਕਦਾ ਸੀ। ਕਾਲ਼ੀ ਐਨਾ ਭਾਵੁਕ ਹੋ ਗਿਆ ਕਿ ਉਸ ਦੀਆਂ ਅੱਖਾਂ ਵਿੱਚੋਂ ਟਿੱਪ ਟਿੱਪ ਹੰਝੂ ਡਿੱਗਣ ਲੱਗੇ ਅਤੇ ਸਾਹ ਬੰਦ ਜਿਹਾ ਹੋ ਗਿਆ।

"ਤੂੰ ਕਦੋਂ ਦਾ ਇਥੇ ਸੀ ?"

"ਚਾਚਾ, ਜਦੋਂ ਦਾ ਪਿੰਡ ਛੱਡਿਆ ਸੀ, ਇਥੇ ਹੀ ਹਾਂ।" ਬਹੁਤ ਮੁਸ਼ਕਲ ਨਾਲ਼ ਕਾਲ਼ੀ ਦੇ ਮੂੰਹ ਤੋਂ ਇਹ ਸ਼ਬਦ ਨਿਕਲ਼ੇ।

ਕਾਲ਼ੀ ਨੂੰ ਜਿਵੇਂ ਕੁੱਝ ਅਚਾਨਕ ਯਾਦ ਆਇਆ। ਉਸ ਨੇ ਆਪਣਾ ਮੱਥਾ ਨੰਦ ਸਿੰਘ ਦੇ ਪੈਰਾਂ 'ਤੇ ਰੱਖ ਦਿੱਤਾ, "ਚਾਚਾ ਮੱਥਾ ਟੇਕਦਾ ਹਾਂ। ਮੈਨੂੰ ਮਾਫ ਕਰ ਦੇ। ਮੇਰੀ ਅਕਲ, ਸੋਚ, ਸਮਝ ਸਭ ਜਵਾਬ ਦੇ ਗਈਆਂ ਸਨ।"

ਨੰਦ ਸਿੰਘ ਨੇ ਕਾਲ਼ੀ ਨੂੰ ਠੋਡੀ ਤੋਂ ਫੜ ਕੇ ਹੌਲ਼ੀ ਜਿਹੀ ਉੱਪਰ ਚੁੱਕਿਆ, "ਮੇਰੀ ਤਾਂ ਇੱਧਰ ਨੂੰ ਅਚਾਨਕ ਹੀ ਨਿਗ੍ਹਾ ਪੈ ਗਈ। ਤੈਨੂੰ ਦੇਖਿਆ ਤਾਂ ਖਿਆਲ ਆਇਆ ਕਿ ਦੇਖਣ ਨੂੰ ਨੈਣ ਨਕਸ਼ ਤਾਂ ਆਪਣੇ ਕਾਲ਼ੀ ਦੇ ਲਗਦੇ ਹਨ। ਮੈਂ ਇਥੇ ਹੀ ਛੇਤੀ ਨਾਲ਼ ਤਾਂਗੇ ਤੋਂ ਉੱਤਰ ਗਿਆ। ਉੱਤਰਨ ਸਮੇਂ ਖਿੱਚੋਤਾਣੀ ਵਿੱਚ ਨਵੀਂ ਚਾਦਰ ਵੀ ਪਾਟ ਗਈ।"

"ਚਾਚੀ, ਪਾਸ਼ੋ ਤੇ ਛੋਟੂ ਦਾ ਕੀ ਹਾਲ ਹੈ ?"

"ਸਾਰੇ ਠੀਕ ਹਨ, ਚਾਚੀ ਤੇਰੀ ਤਾਂ ਬਿਮਾਰ-ਠਮਾਰ ਹੀ ਰਹਿੰਦੀ ਹੈ ?"

"ਕਿਉਂ, ਕੀ ਹੋ ਗਿਆ ਚਾਚੀ ਨੂੰ ?" ਕਾਲ਼ੀ ਚਿੰਤਿਤ ਹੋ ਗਿਆ।

"ਹੋਣਾ ਕੀ ਹੈ। ਕੁੱਝ ਉਮਰ ਹੀ ਹੈ। ਕੁੱਝ ਗੋਡਿਆਂ ਗਿੱਟਿਆ ਵਿੱਚ ਦਰਦ। ਢਿੱਡ ਵਿੱਚ ਪੱਥਰੀ ਦਾ ਦਰਦ ਤਾਂ ਬਹੁਤ ਚਿਰ ਦਾ ਹੈ। ਦਿਨ ਕੱਟ ਰਹੀ ਹੈ।" ਨੰਦ ਸਿੰਘ ਨੇ ਬੁਝੀ ਹੋਈ ਅਵਾਜ਼ ਵਿੱਚ ਦੱਸਿਆ।

ਦੋ ਸਵਾਲ਼ ਵਾਰ ਵਾਰ ਕਾਲ਼ੀ ਦੇ ਹੋਠਾਂ 'ਤੇ ਆ ਜਾਂਦੇ। ਉਹ ਅੱਖ ਚੁੱਕ ਕੇ ਨੰਦ ਸਿੰਘ ਵੱਲ ਦੇਖਦਾ ਪਰ ਪੁੱਛਣ ਦਾ ਹੌਸਲਾ ਨਾ ਹੋਣ ਕਰਕੇ ਨੀਵੀਂ ਪਾ ਲੈਂਦਾ, "ਤਾਏ ਫੱਤੂ ਦਾ

ਕੀ ਹਾਲ ਹੈ ?"

"ਤਾਈ ਤਾਂ ਰੱਬ ਨੂੰ ਪਿਆਰੀ ਹੋ ਗਈ ਸੀ। ਤੇਰੇ ਪਿੰਡ ਛੱਡਣ ਤੋਂ ਥੋੜ੍ਹੇ ਦਿਨ ਬਾਅਦ ਹੀ। ਬਿਮਾਰ ਹੋ ਗਈ ਸੀ। ਮੰਜੀ ਤੋਂ ਹਿੱਲ ਵੀ ਨਹੀਂ ਸਕਦੀ ਸੀ। ਗਰੀਬ ਆਦਮੀ ਨੂੰ ਬਚਪਨ, ਜਵਾਨੀ, ਬੁਢਾਪਾ ਸਭ ਤੰਗ ਕਰਦੇ ਹਨ। ਬੁਢਾਪਾ ਖਾਸ ਤੌਰ 'ਤੇ ਕਿਉਂਕਿ ਬਹੁਤ ਲੰਮਾ ਹੁੰਦਾ ਹੈ। ਛੋਟੀ ਉਮਰ ਵਿੱਚ ਹੀ ਸ਼ੁਰੂ ਹੋ ਜਾਂਦਾ ਹੈ ਨਾ।" ਨੰਦ ਸਿੰਘ ਨੇ ਕਿਹਾ।

ਦੋਨੋ ਕੁੱਝ ਦੇਰ ਚੁੱਪ ਕਰਕੇ ਬੈਠੇ ਰਹੇ। ਫਿਰ ਕਾਲ਼ੀ ਨੰਦ ਸਿੰਘ ਦੀਆਂ ਅੱਖਾਂ ਵਿੱਚ ਦੇਖਣ ਲੱਗਾ, "ਚਾਚਾ, ਮੇਰੇ ਕੋਠੇ ਦੀ ਹਾਲਤ ਕਿਹੋ ਜਿਹੀ ਹੈ ?"

"ਠੀਕ ਹੀ ਹੋਣੀ ਹੈ। ਉਸ ਤੇ ਮੰਗੂ ਨੇ ਕਬਜਾ ਕਰ ਲਿਆ ਸੀ। ਸਿਆਲਾਂ ਵਿੱਚ ਆਪਣੀ ਮੱਝ ਬੰਨ੍ਹਦਾ ਸੀ। ਤੂੜੀ ਵਗੈਰਾ ਵੀ ਉੱਥੇ ਹੀ ਰੱਖਦਾ ਸੀ। ਚਮਾਰਲੀ ਦਾ ਲੰਬੜਦਾਰ ਬਣਿਆ ਹੋਇਆ ਹੈ। ਜੋ ਜੀਅ ਆਉਂਦਾ ਕਰਦਾ ਹੈ। ਕੋਈ ਰੋਕਣ ਟੋਕਣ ਵਾਲ਼ਾ ਨਹੀਂ ਹੈ।" ਨੰਦ ਸਿੰਘ ਬਹੁਤ ਮਾਯੂਸ ਅਤੇ ਖਿੱਝਿਆ ਹੋਇਆ ਸੀ।

"ਚਾਚਾ ... ਗਿਆਨੋ ...।" ਸ਼ਬਦ ਕਾਲ਼ੀ ਦੇ ਬੁੱਲਾਂ ਵਿੱਚ ਹੀ ਰਹਿ ਗਏ।

"ਤੈਨੂੰ ਨਹੀਂ ਪਤਾ ?" ਨੰਦ ਸਿੰਘ ਬਹੁਤ ਹੈਰਾਨ ਹੋ ਗਿਆ।

"ਨਾ ਚਾਚਾ।" ਕਾਲ਼ੀ ਨੇ ਨਾਂਹ ਵਿੱਚ ਕਈ ਵਾਰ ਸੱਜੇ ਖੱਬੇ ਸਿਰ ਹਿਲਾਇਆ।

"ਅੱਛਾ! ਪਿੰਡ ਵਿੱਚ ਤਾਂ ਖਬਰ ਸੀ ਕਿ ਤੈਨੂੰ ਗਿਆਨੋ ਦੇ ਸਿਵੇ ਕੋਲ਼ ਰੋਂਦਾ ਦੇਖਿਆ ਗਿਆ ਸੀ।"

"ਗਿਆਨੋ ਦਾ ਸਿਵਾ ?" ਕਾਲ਼ੀ ਦੇ ਮੂੰਹੋ ਚੀਕ ਨਿਕਲ ਗਈ।

"ਹਾਂ ... ਕਾਲੀ। ਗਿਆਨੋ ਮਰ ਗਈ ਹੈ। ਬਲਕਿ ਉਸ ਨੂੰ ਮਾਰ ਦਿੱਤਾ ਗਿਆ ਹੈ। ਕਹਿੰਦੇ ਹਨ ਕਿ ਉਹ ਦੀ ਮਾਂ ਨੇ ਉਹਨੂੰ ਸੰਖੀਆ ਦੇ ਦਿੱਤਾ ਸੀ। ਉਸ ਦੇ ਢਿੱਡ ਵਿੱਚ ਨਜਾਇਜ਼ ਔਲਾਦ ਸੀ।" ਨੰਦ ਸਿੰਘ ਨੇ ਘੂਰ ਕੇ ਕਾਲ਼ੀ ਵੱਲ ਦੇਖਿਆ।

ਕਾਲ਼ੀ ਨੇ ਆਪਣਾ ਮੂੰਹ ਸਾਫੇ ਵਿੱਚ ਲੁਕਾ ਲਿਆ ਅਤੇ ਸਿਸਕੀਆਂ ਭਰਦਾ ਹੋਇਆ ਬਹੁਤ ਦੇਰ ਤੱਕ ਰੋਂਦਾ ਰਿਹਾ। ਨੰਦ ਸਿੰਘ ਪਹਿਲਾਂ ਤਾਂ ਖਮੋਸ਼ ਬੈਠਾ ਰਿਹਾ। ਪਰ ਜਦ ਕਾਲੀ ਦੀਆਂ ਸਿਸਕੀਆਂ ਹਿਚਕੀ ਵਿੱਚ ਬਦਲ ਗਈਆਂ ਤਾਂ ਉਹ ਉਸ ਨੂੰ ਹੌਸਲਾ ਦੇਣ ਲਈ ਉਸ ਦੇ ਸਿਰ 'ਤੇ ਹੱਥ ਫੇਰਨ ਲੱਗਾ, "ਹੌਂਸਲਾ ਰੱਖ। ... ਜੋ ਰੱਬ ਨੂੰ ਮਨਜ਼ੂਰ ਹੋਵੇ, ਉਹ ਜ਼ਰੂਰ ਹੁੰਦਾ ਹੈ। ਆਦਮੀ ਤਾਂ ਸਿਰਫ ਬਹਾਨਾ ਬਣਦਾ ਹੈ। ਗਿਆਨੋ ਦੀ ਮੌਤ ਸ਼ਾਇਦ ਇਸ ਤਰ੍ਹਾਂ ਹੀ ਲਿਖੀ ਸੀ।"

ਕਾਲ਼ੀ ਦੀਆਂ ਹਿਚਕੀਆਂ ਬੰਦ ਨਾ ਹੋਈਆਂ ਤਾਂ ਨੰਦ ਸਿੰਘ ਉਸ ਨੂੰ ਸਮਝਾਉਣ ਲੱਗਾ, "ਕਾਲ਼ੀ, ਹਰ ਆਦਮੀ ਨੇ ਇੱਕ ਨਾ ਇੱਕ ਦਿਨ ਮਰਨਾ ਹੀ ਹੈ। ਮੌਤ ਕਿਸ ਤਰ੍ਹਾਂ ਤੇ ਕਦੋਂ ਹੋਣੀ ਹੈ, ਇਹ ਵੀ ਰੱਬ ਜੀ ਨੇ ਪਹਿਲਾਂ ਹੀ ਤਹਿ ਕੀਤਾ ਹੁੰਦਾ ਹੈ। ਆਦਮੀ ਦੇ ਰੋਣ ਧੋਣ ਨਾਲ਼ ਕੁੱਝ ਨਹੀਂ ਹੁੰਦਾ। ਜੇ ਰੋਣ ਨਾਲ਼ ਮੌਤ ਟਲ਼ ਜਾਵੇ ਜਾਂ ਮਰਿਆ ਬੰਦਾ ਮੁੜ ਕੇ ਆ ਜਾਵੇ ਤਾਂ ਦੁਨੀਆਂ 'ਤੇ ਕਦੇ ਕੋਈ ਨਾ ਮਰੇ।"

ਹੌਲ਼ੀ ਹੌਲ਼ੀ ਕਾਲ਼ੀ ਦੀਆਂ ਹਿਚਕੀਆਂ ਬੰਦ ਹੋ ਗਈਆਂ। ਉਹਨੂੰ ਮਹਿਸੂਸ ਹੋਣ

ਲੱਗਾ ਕਿ ਉਸ ਦੇ ਸਭ ਰਿਸ਼ਤੇ ਟੁੱਟ ਗਏ ਹਨ। ਨਾ ਕਿਸੇ ਨਾਲ਼ ਲਗਾਅ ਹੈ ਨਾ ਨਫ਼ਰਤ ਹੈ। ਨਾ ਦਿਲ ਵਿੱਚ ਚਾਹ ਹੈ ਨਾ ਹੀ ਵੈਰ ਭਾਵਨਾ। ਉਸ ਨੂੰ ਲੱਗਾ ਕਿ ਉਹ ਇਕਦਮ ਬੁੱਢਾ ਹੋ ਗਿਆ ਹੈ। ਸਰੀਰ ਵਿੱਚ ਕੰਬਣੀ, ਪੈਰਾਂ ਵਿੱਚ ਲੜਖੜਾ ਅਤੇ ਜ਼ੁਬਾਨ ਵਿੱਚ ਥਲਥਲਾਹਟ ਆ ਗਈ ਹੈ।

"ਤੂੰ ਇਥੇ ਕਿਉਂ ਬੈਠਾ ਹੈਂ। ਤੇਰਾ ਘਰ ਕਿੱਥੇ ਹੈ?"

ਨੰਦ ਸਿੰਘ ਦੀ ਗੱਲ ਸੁਣ ਕੇ ਕਾਲ਼ੀ ਨੇ ਉਸ ਵੱਲ ਡੌਰ ਭੌਰ ਜਿਹਾ ਦੇਖਿਆ। ਫਿਰ ਉਹ ਪਾਗਲਾਂ ਵਾਂਗ ਗੱਲਾਂ ਕਰਨ ਲੱਗਾ, "ਇਹ ਸਾਰੇ ਆਪਣੇ ਹੀ ਘਰ ਹਨ। ਜਿਸ ਦਾ ਕੋਈ ਘਰ ਨਹੀਂ ਹੁੰਦਾ, ਉਸ ਲਈ ਸਾਰੇ ਘਰ ਉਸ ਦੇ ਹੀ ਹੁੰਦੇ ਹਨ।"

ਕਾਲ਼ੀ ਦੀਆਂ ਗੱਲਾਂ ਸੁਣ ਕੇ ਨੰਦ ਸਿੰਘ ਪਰੇਸ਼ਾਨ ਹੋ ਗਿਆ। ਉਸ ਨੇ ਕਾਲ਼ੀ ਨੂੰ ਕੁੱਝ ਨਾ ਕਿਹਾ। ਇੱਕ ਟੱਕ ਉਸ ਵੱਲ ਦੇਖਦਾ ਰਿਹਾ। ਉਸ ਨੂੰ ਚੁੰਬੜ ਕੇ ਕਾਲ਼ੀ ਫੁੱਟ ਫੁੱਟ ਕੇ ਰੋਣ ਲੱਗਾ। ਨੰਦ ਸਿੰਘ ਥੋੜ੍ਹਾ ਚਿਰ ਉਸ ਦੇ ਸਿਰ 'ਤੇ ਹੱਥ ਫੇਰਦਾ ਰਿਹਾ। ਉਹਦੇ ਵਾਲ਼ਾਂ ਨੂੰ ਸਲਾਹੁੰਦਾ ਰਿਹਾ। ਪੁਰਕਾਰਦਾ ਰਿਹਾ। ਦਿਲਾਸਾ ਦਿੰਦਾ ਰਿਹਾ।

ਜਦ ਰਾਹ ਜਾਂਦੇ ਰਾਹੀ ਕਾਲ਼ੀ ਨੂੰ ਫੁੱਟ ਫੁੱਟ ਕੇ ਰੋਂਦਾ ਦੇਖ ਕੇ ਖੜ੍ਹੇ ਹੋਣ ਲੱਗ ਪਏ ਤਾਂ ਨੰਦ ਸਿੰਘ ਭੜਕ ਉੱਠਿਆ, "ਕੀ ਤੂੰ ਪਾਗਲ ਹੋ ਗਿਆ ਹੈਂ? ਸਿਆਣਾ ਬਣ। ਤੇਰਾ ਵਿਆਹ ਹੋਇਆ ਹੁੰਦਾ ਤਾਂ ਅੱਧੀ ਦਰਜਨ ਨਿਆਣੇ ਹੁੰਦੇ ਤੇਰੇ।"

"ਕੀ ਹੋਇਆ ਇਹਨੂੰ?" ਇੱਕ ਰਾਹਗੀਰ ਨੇ ਕਾਲ਼ੀ ਵੱਲ ਇਸ਼ਾਰਾ ਕੀਤਾ।

"ਭਾਈ ਜੀ, ਕੁੱਸ਼ ਨਹੀਂ ਹੋਇਆ। ਘਰੋਂ ਦੌੜ ਆਇਆ ਸੀ। ਅੱਜ ਸਾਲ ਬਾਅਦ ਮਿਲ਼ਿਆ ਹੈ।" ਨੰਦ ਸਿੰਘ ਨੇ ਦੱਸਿਆ।

"ਕੀ ਇਹ ਤੇਰਾ ਰਿਸ਼ਤੇਦਾਰ ਹੈ?"

"ਹਾਂ, ਮੇਰਾ ਭਤੀਜਾ ਹੈ।"

ਰਾਹਗੀਰ ਚਲਾ ਗਿਆ ਤਾਂ ਨੰਦ ਸਿੰਘ ਨੇ ਕਾਲ਼ੀ ਨੂੰ ਝਿੜਕਿਆ, "ਬਸ ਕਰ ਹੁਣ। ਨਿਆਣਿਆਂ ਵਾਂਗ ਕਰੀ ਜਾਨਾ। ਤੂੰ ਪਹਿਲਾਂ ਹੀ ਦੁਨੀਆਂ ਨੂੰ ਬਹੁਤ ਤਮਾਸ਼ਾ ਦਿਖਾ ਚੁੱਕਿਆਂ।"

ਕਾਲ਼ੀ ਨੇ ਸਿਸਕੀਆਂ ਲੈਂਦੇ ਨੇ ਨੰਦ ਸਿੰਘ ਵੱਲ ਦੇਖਿਆ। ਉਸ ਦੀਆਂ ਅੱਖਾਂ ਵੀ ਨਮ ਹੋ ਗਈਆਂ ਸਨ। ਕਾਲ਼ੀ ਨੂੰ ਅਹਿਸਾਸ ਹੋਇਆ ਕਿ ਅੱਜ ਉਸ ਦੀ ਜ਼ਿੰਦਗੀ ਵਿੱਚ ਪਹਿਲੀ ਵਾਰ ਕਿਸੇ ਨੇ ਉਸ ਨੂੰ ਆਪਣਾ ਸਮਝ ਕੇ ਝਿੜਕਿਆ ਹੈ। ਉਹ ਨੰਦ ਸਿੰਘ ਦੇ ਪੱਟਾਂ 'ਤੇ ਸਿਰ ਰੱਖ ਕੇ ਫਿਰ ਰੋਣ ਲੱਗ ਪਿਆ। ਹੌਲ਼ੀ ਹੌਲ਼ੀ ਕਾਲ਼ੀ ਦੇ ਹੰਝੂ ਬੰਦ ਹੋ ਗਏ। ਉਸ ਨੇ ਆਪਣਾ ਸਿਰ ਨੰਦ ਸਿੰਘ ਦੇ ਪੱਟਾਂ ਤੋਂ ਚੁੱਕਿਆ ਅਤੇ ਸਾਫੇ ਨਾਲ਼ ਹੰਝੂ ਪੂੰਝੇ। ਫਿਰ ਮੂੰਹ ਸਾਫ ਕੀਤਾ।

"ਤੂੰ ਇਥੇ ਕਿੱਥੇ ਰਹਿੰਦਾ ਹੈਂ?" ਕੰਮ ਕਿੱਥੇ ਕਰਦਾ?" ਨੰਦ ਸਿੰਘ ਨੇ ਪੁੱਛਿਆ।

"ਚਾਚਾ, ਕੱਲ ਤੱਕ ਤਾਂ ਮੇਰੇ ਕੋਲ਼ ਕੰਮ ਵੀ ਸੀ, ਰਹਿਣ ਲਈ ਥਾਂ ਵੀ ਸੀ। ਇਸ ਸਮੇਂ ਕੁੱਝ ਵੀ ਨਹੀਂ ਹੈ।" ਕਾਲ਼ੀ ਨੇ ਥਿੜਕਦੀ ਅਵਾਜ਼ ਵਿੱਚ ਕਿਹਾ ਅਤੇ ਨੰਦ ਸਿੰਘ ਨੂੰ

ਸੰਖੇਪ ਵਿੱਚ ਆਪਣੀ ਪੂਰੀ ਕਹਾਣੀ ਦੱਸ ਕੇ ਭਰੀ ਹੋਈ ਅਵਾਜ਼ ਵਿੱਚ ਬੋਲਿਆ, "ਚਾਚਾ, ਤੂੰ ਮੈਨੂੰ ਉਸ ਵਕਤ ਮਿਲ਼ਿਆਂ ਜਦ ਮੇਰੇ ਕੋਲ਼ ਕੁੱਝ ਵੀ ਨਹੀਂ ਰਿਹਾ।"

"ਨਾ ਕਾਕਾ, ਤੇਰਾ ਸਭ ਕੁੱਝ ਹੈ। ਮੈਂ ਜੋ ਹਾਂ।" ਨੰਦ ਸਿੰਘ ਨੇ ਕਾਲ਼ੀ ਦੇ ਸਿਰ 'ਤੇ ਹੱਥ ਫੇਰਿਆ, "ਪਿੰਡ ਵਿੱਚ ਤਾਂ ਮਜਬੂਰ ਸੀ। ਮੇਰਾ ਬਸ ਨਹੀਂ ਸੀ ਚਲਦਾ।"

"ਚਾਚਾ ?" ਕਾਲ਼ੀ ਹੈਰਾਨ ਹੋ ਕੇ ਨੰਦ ਸਿੰਘ ਵੱਲ ਦੇਖਣ ਲੱਗਾ।

"ਹੁਣ ਉਹ ਗੱਲ ਨਹੀਂ। ਮੈਂ ਵੀ ਪਿੰਡ ਛੱਡ ਦਿੱਤਾ ਹੈ।"

"ਕਿਉਂ ?"

"ਪਿੰਡ ਵਿੱਚ ਕੁੱਝ ਵੀ ਹੋ ਜਾਵੇ, ਕਸੂਰ ਗਰੀਬ ਆਦਮੀ ਦਾ ਹੀ ਹੁੰਦਾ ਹੈ। ਸਜ਼ਾ ਵੀ ਉਸ ਨੂੰ ਹੀ ਦਿੱਤੀ ਜਾਂਦੀ ਹੈ। ਤੂੰ ਗਲਤੀ ਕੀਤੀ। ਤੈਨੂੰ ਪਿੰਡ ਛੱਡਣਾ ਪਿਆ ਕਿਉਂਕਿ ਤੂੰ ਗਰੀਬ ਸੀ। ਆਪਣੀ ਗਲਤੀ ਸੰਭਾਲ ਨਹੀਂ ਸਕਦਾ ਸੀ ...। ।" ਨੰਦ ਸਿੰਘ ਬਹੁਤ ਉਦਾਸ ਹੋ ਗਿਆ।

"ਪਰ ਚਾਚਾ, ਤੂੰ ਪਿੰਡ ਕਿਉਂ ਛੱਡ ਦਿੱਤਾ ?"

"ਕਿਉਂਕਿ ਮੈਂ ਵੀ ਗਰੀਬ ਸੀ। ਕਸੂਰ ਬੜੇ ਆਦਮੀ ਨੇ ਕੀਤਾ ਸੀ। ਉਸ ਦੀ ਜ਼ਿੰਦਗੀ ਅਤੇ ਇੱਜ਼ਤ ਬਚਾਉਣ ਲਈ ਮੈਨੂੰ ਪਿੰਡੋਂ ਦੌੜਣਾ ਪਿਆ।"

"ਹੁਣ ਕਿੱਥੇ ਰਹਿੰਦਾ ?" ਕਾਲ਼ੀ ਨੇ ਡਰਦੇ ਡਰਦੇ ਨੇ ਪੁੱਛਿਆ।

"ਇਥੋਂ ਛੇ-ਸੱਤ ਕੋਹ 'ਤੇ ਅੱਡਾ ਹੈ, ਇਸ ਹੀ ਸੜਕ ਦੇ ਕੰਢੇ 'ਤੇ। ਪਿੰਡ ਥੋੜ੍ਹਾ ਪਰ੍ਹੇ ਹੈ। ਅੱਡੇ 'ਤੇ ਦੁਕਾਨਾਂ ਹਨ। ਉੱਥੇ ਜੁੱਤੀਆਂ ਸੀਂਦਾ ਹਾਂ। ਰਿਹਾਇਸ਼ ਵੀ ਉੱਥੇ ਹੀ ਬਣਾ ਲਈ ਹੈ।"

ਕਾਲ਼ੀ ਚੁੱਪ ਹੋ ਕੇ ਸੋਚ ਵਿੱਚ ਡੁੱਬ ਗਿਆ ਤਾਂ ਨੰਦ ਸਿੰਘ ਨੇ ਪੁੱਛਿਆ, "ਤੇਰਾ ਸਮਾਨ ਕਿੱਥੇ ਹੈ ?"

ਕਾਲ਼ੀ ਨੇ ਛੋਟੇ ਜਿਹੇ ਬਿਸਤਰੇ ਅਤੇ ਸੰਦੂਕੜੀ ਵੱਲ ਇਸ਼ਾਰਾ ਕੀਤਾ।

"ਬਸ ਇਹ ਹੀ ਹੈ ?"

"ਹਾਂ ਚਾਚਾ। ਕੁਸ਼ ਪੈਸੇ ਜੇਬ ਵਿੱਚ ਹੈਗੇ ਆ।" ਕਾਲ਼ੀ ਨੇ ਜੇਬ ਵਿੱਚੋਂ ਰੁਮਾਲ ਕੱਢ ਕੇ ਨੰਦ ਸਿੰਘ ਵੱਲ ਕਰ ਦਿੱਤਾ।

"ਨਾ, ਤੂੰ ਆਪਣੀ ਜੇਬ ਵਿੱਚ ਹੀ ਰੱਖ।" ਨੰਦ ਸਿੰਘ ਨੇ ਪਿਆਰ ਨਾਲ਼ ਕਾਲ਼ੀ ਦਾ ਮੋਢਾ ਥਾਪੜਿਆ। "ਚੱਲ ਉੱਠ, ਚੱਲੀਏ।"

"ਕਿੱਥੇ ?" ਕਾਲ਼ੀ ਦੁਚਿੱਤੀ ਵਿੱਚ ਪੈ ਗਿਆ।

"ਮੇਰੇ ਨਾਲ਼।" ਨੰਦ ਸਿੰਘ ਇੱਕ ਟੱਕ ਕਾਲ਼ੀ ਵੱਲ ਦੇਖਦਾ ਰਿਹਾ।

ਕਾਲ਼ੀ ਨੂੰ ਦੁਬਿਧਾ ਵਿੱਚ ਫਸਿਆ ਦੇਖ ਕੇ ਨੰਦ ਸਿੰਘ ਨੇ ਉਸ ਦੇ ਸਿਰ 'ਤੇ ਹੱਥ ਫੇਰਿਆ। "ਮੈਂ ਬਿਲਕੁਲ ਕੱਲਾ ਰਹਿ ਗਿਆ ਹਾਂ। ਤੂੰ ਕੋਲ਼ ਰਹੇਂਗਾ ਤਾਂ ਮੇਰੀਆਂ ਬਾਂਹਾਂ ਵਿੱਚ ਵੀ ਤਾਕਤ ਆਵੇਗੀ। ਦਿਲ ਮਜ਼ਬੂਤ ਹੋਵੇਗਾ। ਸੁਖ ਦੁੱਖ ਵਿੱਚ ਇੱਕ ਦੂਜੇ ਦਾ ਸਹਾਰਾ ਬਣਾਂਗੇ।"

ਕਾਲ਼ੀ ਨੇ ਆਪਣਾ ਸਮਾਨ ਚੁੱਕ ਲਿਆ, "ਚੱਲ ਚਾਚਾ, ਕਿਸੇ ਦਾ ਬਸ ਨਹੀਂ ਚਲਦਾ। ਸਭ ਕੁੱਝ ਅੰਨਜਲ ਦੇ ਅਖਤਿਆਰ ਹੈ।"

ਨੰਦ ਸਿੰਘ ਦੇ ਮਗਰ ਮਗਰ ਕਾਲ਼ੀ ਵੀ ਅੱਡੇ ਵੱਲ ਨੂੰ ਤੁਰ ਪਿਆ।

*****

# ਜਗਦੀਸ਼ ਚੰਦਰ

(23 ਨਵੰਬਰ, 1927 10 ਅਪ੍ਰੈਲ, 1996) : ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਘੋੜੇਵਾਹਾ ਵਿੱਚ ਜਨਮੇ ਜਗਦੀਸ਼ ਚੰਦਰ ਨੇ ਅਰਥਸ਼ਾਸ਼ਤਰ ਵਿੱਚ ਐਮ. ਏ. ਕਰਨ ਤੋਂ ਬਾਅਦ ਪਹਿਲਾਂ ਅਕਾਸ਼ਬਾਣੀ ਅਤੇ ਫਿਰ ਪ੍ਰੈਸ ਇਨਫਰਮੇਸ਼ਨ ਬਿਊਰੋ ਵਿੱਚ ਨੌਕਰੀ ਕੀਤੀ। 1978 ਵਿੱਚ ਉਹ ਦੂਰਦਰਸ਼ਨ ਦੇ ਖ਼ਬਰਾਂ ਦੇ ਵਿਭਾਗ ਨਾਲ਼ ਜੁੜੇ ਅਤੇ ਉੱਥੋਂ ਹੀ ਰਿਟਾਇਰ ਹੋਏ। ਜਗਦੀਸ਼ ਚੰਦਰ ਦੀਆਂ ਰਚਨਾਵਾਂ ਸਮਾਜ ਦੇ ਅਣਗੋਲ੍ਹੇ ਲੋਕਾਂ ਦੇ ਜੀਵਨ ਨੂੰ ਪੇਸ਼ ਕਰਦੀਆਂ ਹਨ। ਅਰਥਸ਼ਾਸ਼ਤਰ ਦੇ ਵਿਦਿਆਰਥੀ ਰਹੇ ਹੋਣ ਕਰਕੇ ਜਗਦੀਸ਼ ਚੰਦਰ ਸਮਾਜ ਦੇ ਔਗੁਣਾਂ ਦੇ ਪਿੱਛੇ ਲੁਕੇ ਆਰਥਿਕ ਕਾਰਨਾਂ ਨੂੰ ਜਾਣਦੇ ਹਨ। ਇਸੇ ਲਈ ਉਹ ਆਪਣੇ ਪਾਤਰਾਂ ਨਾਲ਼ ਭਾਵੁਕ ਸਾਂਝ ਨਹੀਂ ਪਾਉਂਦੇ ਸਗੋਂ ਉਨ੍ਹਾਂ ਤੋਂ ਇਕ ਦੂਰੀ ਬਣਾ ਕੇ ਸਾਹਿਤ ਰਚਨਾ ਕਰਦੇ ਹਨ। ਬਿਨਾਂ ਸ਼ੱਕ ਉਨ੍ਹਾਂ ਦੀ ਹਮਦਰਦੀ ਸਮਾਜ ਦੇ ਦੱਬੇ-ਕੁਚਲ਼ੇ ਲੋਕਾਂ ਨਾਲ਼ ਹੈ। ਉਨ੍ਹਾਂ ਕੋਲ਼ ਆਪਣੇ ਆਲ਼ੇ-ਦੁਆਲ਼ੇ ਦੇ ਯਥਾਰਥ ਨੂੰ ਫੜਨ ਦੀ ਬਰੀਕ ਸਮਝ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਆਪਣੇ ਦੌਰ ਦੇ ਇਤਿਹਾਸਕ ਦਸਤਾਵੇਜ਼ ਹਨ। ਜਗਦੀਸ਼ ਚੰਦਰ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਹਰੇ ਇਨਕਲਾਬ ਤੋਂ ਪਹਿਲਾਂ ਪੰਜਾਬ ਦੀ ਕਿਸਾਨੀ ਜੀਵਨ ਨੂੰ ਪੇਸ਼ ਕਰਦੀ "ਕਬਹੂ ਨਾ ਛਾਡੇ ਖੇਤ" (1976) ਅਤੇ ਭਾਰਤ ਦੀ ਅਜ਼ਾਦੀ ਤੋਂ ਬਾਅਦ ਦੇ ਚਾਰ ਦਹਾਕਿਆਂ ਵਿਚ ਪੰਜਾਬ ਦੇ ਦਲਿਤਾਂ ਦੇ ਜੀਵਨ ਵਿੱਚ ਆ ਰਹੇ ਬਦਲਾਅ ਦਾ ਦਸਤਾਵੇਜ਼ੀਕਰਨ ਕਰਦੇ ਨਾਵਲਾਂ ਦੀ ਤਿੱਕੜੀ "ਧਰਤੀ ਧਨ ਨਾ ਆਪਣਾ" (1972), "ਨਰਕਕੁੰਡ ਮੇਂ ਬਾਸ" (1994) ਅਤੇ "ਜ਼ਮੀਨ ਅਪਨੀ ਹੀ ਤੋਂ ਥੀ" (2001) ਸ਼ਾਮਲ ਹੈ। •

# ਜਗਦੀਸ਼ ਬਿਨਿੰਗ

ਜਗਦੀਸ਼ ਬਿਨਿੰਗ 1967 ਤੋਂ ਕਨੇਡਾ ਦੇ ਵੈਨਕੂਵਰ ਦੇ ਇਲਾਕੇ ਵਿਚ ਰਹਿ ਰਹੀ ਹੈ॥1973 ਵਿੱਚ ਉਸ ਦਾ ਵਿਆਹ ਸਾਧੂ ਬਿਨਿੰਗ ਨਾਲ਼ ਹੋਇਆ। ਉਸ ਨੇ 1977 ਤੋਂ ਲੈ ਕੇ 1983 ਤੱਕ ਵੈਨਕੂਵਰ ਤੋਂ ਨਿਕਲ਼ਣ ਵਾਲ਼ੇ ਮੈਗਜ਼ੀਨ 'ਵਤਨੋਂ ਦੂਰ' ਵਿੱਚ ਆਪਣੀ ਹੱਥ ਲਿਖਤ ਰਾਹੀਂ ਯੋਗਦਾਨ ਪਾਇਆ। 1983 ਤੋਂ ਲੈ ਕੇ 1995 ਤੱਕ ਵੈਨਕੂਵਰ ਸੱਥ ਨਾਲ਼ ਰੰਗਮੰਚ ਵਿਚ ਸਰਗਰਮੀ ਨਾਲ਼ ਕੰਮ ਕੀਤਾ ਅਤੇ ਸੱਥ ਦੇ ਨਾਟਕਾਂ ਵਿੱਚ ਅਦਾਕਾਰੀ ਰਾਹੀਂ ਆਪਣੀ ਜ਼ਿਕਰਯੋਗ ਥਾਂ ਬਣਾਉਣ ਦੇ ਨਾਲ਼ ਨਾਲ਼ ਉਸ ਨੇ ਕੁਝ ਨਾਟਕਾਂ ਨੂੰ ਲਿਖਣ ਵਿੱਚ ਵੀ ਹਿੱਸਾ ਪਾਇਆ। ਵੈਨਕੂਵਰ ਸੱਥ ਵਲੋਂ ਕੀਤੇ ਨਾਟਕਾਂ – 'ਹਵਾਈ ਗੋਲ਼ੇ', 'ਪਿਕਟ ਲਾਈਨ' (ਅੰਗ੍ਰੇਜ਼ੀ ਤੇ ਪੰਜਾਬੀ), 'ਜਗੀਰੂ ਲੰਬੜ', 'ਤੂਤਾਂ ਵਾਲਾ ਖੂਹ', 'ਲੱਤਾਂ ਦੇ ਭੂਤ', 'ਕਿਹਦਾ ਵਿਆਹ', 'ਹਰ ਉਮਰ ਦਾ ਇੱਕੋ ਰੋਣਾ'/'ਡਿਫਰਿੰਟ ਏਜ ਸੇਮ ਕੇਜ' (ਅੰਗ੍ਰੇਜ਼ੀ ਤੇ ਪੰਜਾਬੀ) 'ਨਿੱਕੀ ਜਿਹੀ ਗੱਲ ਨਹੀਂ'/'ਨੌਟ ਏ ਸਮਾਲ ਮੈਟਰ' (ਅੰਗ੍ਰੇਜ਼ੀ ਤੇ ਪੰਜਾਬੀ) 'ਸ਼ਹੀਦ ਦੀ ਵਾਪਸੀ' ਤੇ 'ਅਹਿਸਾਸ' – ਤੋਂ ਇਲਾਵਾ ਉਹ 'ਬੋਤਲ ਦਾ ਟੁੱਟਣਾ', 'ਨਿੱਕੀ ਜਿਹੀ ਗੱਲ ਨਹੀਂ' ਅਤੇ ਕੁਝ ਹੋਰ ਵਿਦਿਅਕ ਵੀਡੀਓ ਫਿਲਮਾਂ ਅਤੇ ਦੋ ਕਮਰਸ਼ੀਅਲ ਫ਼ਿਲਮਾਂ ਵਿੱਚ ਵੀ ਅਦਾਕਾਰੀ ਕੀਤੀ ਹੈ।।

ਹਥਲੇ ਨਾਵਲ 'ਨਰਕ ਕੁੰਡ ਵਿੱਚ ਵਾਸਾ' ਤੋਂ ਇਲਾਵਾ ਉਸ ਨੇ ਜਗਦੀਸ਼ ਚੰਦਰ ਦੇ ਇੱਕ ਹੋਰ ਨਾਵਲ 'ਕਭੀ ਨਾ ਛੋੜੇ ਖੇਤ' ਦਾ ਵੀ ਪੰਜਾਬੀ ਅਨੁਵਾਦ ਕੀਤਾ ਹੈ।•

**ਜਗਦੀਸ਼ ਚੰਦਰ** (23 ਨਵੰਬਰ, 1927 10 ਅਪ੍ਰੈਲ, 1996) : ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਘੋੜੇਵਾਹਾ ਵਿੱਚ ਜਨਮੇ ਜਗਦੀਸ਼ ਚੰਦਰ ਨੇ ਅਰਥਸ਼ਾਸ਼ਤਰ ਵਿੱਚ ਐਮ. ਏ. ਕਰਨ ਤੋਂ ਬਾਅਦ ਪਹਿਲਾਂ ਅਕਾਸ਼ਬਾਣੀ ਅਤੇ ਫਿਰ ਪ੍ਰੈਸ ਇਨਫਰਮੇਸ਼ਨ ਬਿਊਰੋ ਵਿੱਚ ਨੌਕਰੀ ਕੀਤੀ। 1978 ਵਿੱਚ ਉਹ ਦੂਰਦਰਸ਼ਨ ਦੇ ਖ਼ਬਰਾਂ ਦੇ ਵਿਭਾਗ ਨਾਲ਼ ਜੁੜੇ ਅਤੇ ਉੱਥੋਂ ਹੀ ਰਿਟਾਇਰ ਹੋਏ। ਜਗਦੀਸ਼ ਚੰਦਰ ਦੀਆਂ ਰਚਨਾਵਾਂ ਸਮਾਜ ਦੇ ਅਣਗੌਲ਼ੇ ਲੋਕਾਂ ਦੇ ਜੀਵਨ ਨੂੰ ਪੇਸ਼ ਕਰਦੀਆਂ ਹਨ। ਅਰਥਸ਼ਾਸ਼ਤਰ ਦੇ ਵਿਦਿਆਰਥੀ ਰਹੇ ਹੋਣ ਕਰਕੇ ਜਗਦੀਸ਼ ਚੰਦਰ ਸਮਾਜ ਦੇ ਔਗੁਣਾਂ ਦੇ ਪਿੱਛੇ ਲੁਕੇ ਆਰਥਿਕ ਕਾਰਨਾਂ ਨੂੰ ਜਾਣਦੇ ਹਨ। ਇਸੇ ਲਈ ਉਹ ਆਪਣੇ ਪਾਤਰਾਂ ਨਾਲ਼ ਭਾਵੁਕ ਸਾਂਝ ਨਹੀਂ ਪਾਉਂਦੇ ਸਗੋਂ ਉਨ੍ਹਾਂ ਤੋਂ ਇਕ ਦੂਰੀ ਬਣਾ ਕੇ ਸਾਹਿਤ ਰਚਨਾ ਕਰਦੇ ਹਨ। ਬਿਨਾਂ ਸ਼ੱਕ ਉਨ੍ਹਾਂ ਦੀ ਹਮਦਰਦੀ ਸਮਾਜ ਦੇ ਦੱਬੇ-ਕੁਚਲ਼ੇ ਲੋਕਾਂ ਨਾਲ਼ ਹੈ। ਉਨ੍ਹਾਂ ਕੋਲ਼ ਆਪਣੇ ਆਲ਼ੇ-ਦੁਆਲ਼ੇ ਦੇ ਯਥਾਰਥ ਨੂੰ ਫੜਨ ਦੀ ਬਰੀਕ ਸਮਝ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਆਪਣੇ ਦੌਰ ਦੇ ਇਤਿਹਾਸਕ ਦਸਤਾਵੇਜ਼ ਹਨ। ਜਗਦੀਸ਼ ਚੰਦਰ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਹਰੇ ਇਨਕਲਾਬ ਤੋਂ ਪਹਿਲਾਂ ਪੰਜਾਬ ਦੀ ਕਿਸਾਨੀ ਜੀਵਨ ਨੂੰ ਪੇਸ਼ ਕਰਦੀ "ਕਬਹੂ ਨਾ ਛਾਡੇ ਖੇਤ" (1976) ਅਤੇ ਭਾਰਤ ਦੀ ਅਜ਼ਾਦੀ ਤੋਂ ਬਾਅਦ ਦੇ ਚਾਰ ਦਹਾਕਿਆਂ ਵਿਚ ਪੰਜਾਬ ਦੇ ਦਲਿਤਾਂ ਦੇ ਜੀਵਨ ਵਿੱਚ ਆ ਰਹੇ ਬਦਲਾਅ ਦਾ ਦਸਤਾਵੇਜ਼ੀਕਰਨ ਕਰਦੇ ਨਾਵਲਾਂ ਦੀ ਤਿੱਕੜੀ "ਧਰਤੀ ਧਨ ਨਾ ਆਪਣਾ" (1972), "ਨਰਕਕੁੰਡ ਮੇਂ ਬਾਸ" (1994) ਅਤੇ "ਜ਼ਮੀਨ ਅਪਨੀ ਹੀ ਤੋਂ ਥੀ" (2001) ਸ਼ਾਮਲ ਹੈ।

**ਅਨੁਵਾਦਕ ਬਾਰੇ :** ਜਗਦੀਸ਼ ਬਿਨਿੰਗ 1967 ਤੋਂ ਕਨੇਡਾ ਦੇ ਵੈਨਕੂਵਰ ਦੇ ਇਲਾਕੇ ਵਿੱਚ ਰਹਿ ਰਹੀ ਹੈ॥ 1983 ਤੋਂ ਲੈ ਕੇ 1995 ਤੱਕ ਵੈਨਕੂਵਰ ਸੱਥ ਨਾਲ਼ ਰੰਗਮੰਚ ਵਿੱਚ ਸਰਗਰਮੀ ਨਾਲ਼ ਕੰਮ ਕੀਤਾ ਅਤੇ ਸੱਥ ਦੇ ਨਾਟਕਾਂ ਵਿੱਚ ਅਦਾਕਾਰੀ ਰਾਹੀਂ ਆਪਣੀ ਜ਼ਿਕਰਯੋਗ ਥਾਂ ਬਣਾਉਣ ਦੇ ਨਾਲ਼ ਨਾਲ਼ ਉਸ ਨੇ ਕੁਝ ਨਾਟਕਾਂ ਨੂੰ ਲਿਖਣ ਵਿੱਚ ਵੀ ਹਿੱਸਾ ਪਾਇਆ। ਹਥਲੇ ਨਾਵਲ 'ਨਰਕ ਕੁੰਡ ਵਿੱਚ ਵਾਸਾ' ਤੋਂ ਇਲਾਵਾ ਉਸ ਨੇ ਜਗਦੀਸ਼ ਚੰਦਰ ਦੇ ਇੱਕ ਹੋਰ ਨਾਵਲ 'ਕਭੀ ਨਾ ਛੋੜੇ ਖੇਤ' ਦਾ ਵੀ ਪੰਜਾਬੀ ਅਨੁਵਾਦ ਕੀਤਾ ਹੈ।

**ਦਸਤਕ ਪ੍ਰਕਾਸ਼ਨ, ਲੁਧਿਆਣਾ**

**ਕੀਮਤ:** 230 ਰੁ